ੴ ਸਤਿਗੁਰ ਪ੍ਰਸਾਦਿ ॥

# ਨਿਰਮਲ ਪੰਥ ਦੀ ਗੌਰਵ ਗਾਥਾ

**ਜਿਸ ਵਿਚ**
**ਨਿਰਮਲ ਭੇਖ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੀਰਵਾਦ,**
**ਦਸ ਬਖਸ਼ੀਸ਼ਾਂ ਦੀ ਬਖਸ਼,**
**ਪੰਥ ਦੇ ਸੰਕਟ ਕਾਲ ਅਤੇ ਮਿਸ਼ਲਾ ਸਮੇਂ ਗੁਰਮਤਿ ਪ੍ਰਚਾਰ,**
**ਨਿਰਮਲ ਪੰਚਾਇਤੀ ਅਖਾੜੇ ਦੀ ਸ੍ਰਿਜਨਾ, ਸ੍ਰੀ ਮਹੰਤਾਂ ਦੀਆਂ ਜੀਵਨੀਆਂ,**
**ਸਰਬਪੱਖੀ ਸਾਹਿਤਕ ਸੇਵਾ, ਸ਼ਾਸਤ੍ਰਾਰਥ ਮੰਡਲੀਆਂ ਅਤੇ ਰਮਤ ਦੁਆਰਾ ਧਰਮ ਪ੍ਰਚਾਰ,**
**ਸੇਵਾ ਸਿਮਰਨ, ਤਪ ਤਿਆਗ ਦਾ ਪੂਰਨ ਇਤਿਹਾਸ ਅੰਕਿਤ ਹੈ।**

ਲੇਖਕ :
**ਗਿਆਨੀ ਬਲਵੰਤ ਸਿੰਘ ਕੋਠਾ ਗੁਰੂ**

ਪ੍ਰਕਾਸ਼ਕ :
**ਸ੍ਰੀਮਾਨ ਮਹੰਤ ਬਲਵੰਤ ਸਿੰਘ ਸੈਕਟਰੀ**
ਸੁਕਦੇਵ ਕੁਟੀ-ਰਤਨ ਬਾਗ ਕਨਖਲ (ਹਰਿਦਵਾਰ, ਉਤਰਾਂਚਲ)

# Nirmal Panth Di Gourav Gatha

*By :*
***Giani Balwant Singh Kotha Guru***
*Village & P. O. Kotha Guru,*
*Distt. Bhathinda-151206*
*Ph.: 01651-258222, 259111*

ਪਹਿਲਾ ਸੰਸਕਰਣ : ੨੦੦੯

ਭੇਟਾ : ੩੨੫/-

ਪ੍ਰਕਾਸ਼ਕ :
**ਸ੍ਰੀਮਾਨ ੧੦੮ ਮਹੰਤ ਬਲਵੰਤ ਸਿੰਘ ਸੈਕਟਰੀ**
ਸੁਕਦੇਵ ਕੁਟੀ-ਰਤਨ ਬਾਗ ਕਨਖਲ (ਹਰਿਦਵਾਰ, ਉਤਰਾਂਚਲ)

ਵਿਕ੍ਰੇਤਾ :
**ਸਿੰਘ ਬ੍ਰਦਰਜ਼**
ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਛਾਪਕ :
**ਪ੍ਰਿੰਟਵੈੱਲ**
146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ।
ਫੋਨ : 0183-2587036, 2583382

# ਸਮਰਪਣ

ਗੁਰਬਾਣੀ ਦੇ ਧੁਰੰਧਰ ਵਿਦਵਾਨ

ਸਰਬ ਸ਼ਾਸਤ੍ਰ ਨਿਸ਼ਣਾਤ ਵਿਆਖਿਆਨ ਵਾਚਸਪਤੀ

ਸੱਚਖੰਡਵਾਸੀ ਪ੍ਰਾਤਹ ਸਿਮ੍ਰਣੀ ਅਨੰਤ ਸ੍ਰੀ ਵਿਭੂਸ਼ਤ

ਨੌਂਵੇਂ ਸ੍ਰੀ ਮਹੰਤ ਪੰਡਿਤ ਬਲਬੀਰ ਸਿੰਘ ਜੀ ਮਹਾਰਾਜ

ਸ਼ਾਸਤ੍ਰੀ ਵੇਦਾਂਤਾਚਾਰਯ ਨੂੰ

ਅਤਿ ਸ਼ਰਧਾ ਸਤਿਕਾਰ ਸਹਿਤ

*ਬਲਵੰਤ ਸਿੰਘ ਕੋਠਾ ਗੁਰੂ*

# ਵਿਸ਼ਾ ਸੂਚੀ


**ਪ੍ਰੇਮ ਭਰੀ ਮਹਾਨ ਸੇਵਾ** ੫
**ਪ੍ਰਾਕਥਨ** ੬
**ਕਰਤਗਯਤਾ ਕਥਨ** ੭
**ਸ੍ਰੀਮਾਨ ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ** ੮
**ਨਿਰਮਲ ਪੰਥ ਦੀ ਗੌਰਵ ਗਾਥਾ** ੧੩
**ਨਾਮ ਕਰਣ-'ਨਿਰਮਲ ਪੰਥ'** ੧੭
**ਪੰਜ ਸੰਤਾਂ ਨੂੰ ਵਿਦਿਆ ਪ੍ਰਾਪਤੀ**
**ਵਾਸਤੇ ਕਾਸ਼ੀ ਭੇਜਣਾ** ੨੪
**ਦਸ ਬਖਸ਼ੀਸ਼ਾਂ** ੨੮
**ਵਿਦਿਆ ਅਤੇ ਬ੍ਰਹਮਵਿਦਿਆ**
**ਨਿਰਮਲ ਪੰਥ ਨੂੰ ਬਖਸ਼ ਦਿਤੀ** ੩੫
**ਨਿਰਮਲੇ ਮਹਾਂਪੁਰਖਾਂ ਦੇ ਉਪਕਾਰ...** ੩੯
ਕਥਾ ਵਿਆਖਿਆਨ ੩੯
ਰਾਗ ਕੀਰਤਨ ੪੧
ਮੰਡਲੀਆਂ ੪੪
ਸ਼ਾਸ਼ਤ੍ਰਾਰਥ ੪੫
ਦਮਦਮੀ ਗੁਰਮੁਖੀ ਦੇ ਲਿਖਾਰੀਆਂ ਦੀ ਟਕਸਾਲ ੪੮
ਧਾਰਮਿਕ ਵਿਦਿਆ ੫੧
**ਦਮਦਮੀ ਅਰਥਾਂ ਦੀ ਸੰਪ੍ਰਦਾਇ** ੫੨
**ਚਕਿਤਸਾ ਦੁਆਰਾ ਸੇਵਾ** ੫੫
**ਸਾਹਿਤਕ ਸੇਵਾ** ੬੦
ਪੰਡਿਤ ਗੁਲਾਬ ਸਿੰਘ ਜੀ ੬੦
ਪੰਡਿਤ ਸ਼ੇਰ ਸਿੰਘ ਜੀ ਨੌਰੰਗਾਬਾਦ ਵਾਲੇ ੬੫
ਠਾਕਰ ਨਿਹਾਲ ਸਿੰਘ ਜੀ ੬੫
ਪੰਡਿਤ ਤਾਰਾ ਸਿੰਘ ਜੀ 'ਨਰੋਤਮ' ੬੬
ਗਿਆਨੀ ਗਿਆਨ ਸਿੰਘ ਜੀ ੭੧
ਸੰਤ ਨਿਹਾਲ ਸਿੰਘ ਜੀ ਕਵੀਂਦ੍ਰ ੭੭
ਪੰਡਿਤ ਸਾਧੂ ਸਿੰਘ ਜੀ ਪਟਿਆਲੇ ਵਾਲੇ ੮੨
ਗਿਆਨੀ ਬਦਨ ਸਿੰਘ ਜੀ ਸੇਖਵਾਂ ਵਾਲੇ ੮੩
ਪੰਡਿਤ ਦੇਵਾ ਸਿੰਘ ਜੀ ਦੇਵਪੁਰਾ ੮੩
ਸੰਤ ਵਿਹਾਰ ਵ੍ਰਿੰਦਾਵਨ ਸਿੰਘ ਜੀ ੮੫
ਮਹੰਤ ਗਨੇਸ਼ਾ ਸਿੰਘ ਜੀ ੮੬
ਸੰਤ ਸੰਪੂਰਨ ਸਿੰਘ ਜੀ ੮੬
ਸੰਤ ਹਰਿਭਜਨ ਸਿੰਘ ਜੀ ੮੮
ਗਿਆਨੀ ਮੁਖਤਿਆਰ ਸਿੰਘ ਜੀ 'ਸਾਰੰਗ' ੮੮
ਸੰਤ ਗੁਰਦਿੱਤ ਸਿੰਘ ਜੀ ਆਲੋਮੁਹਾਲ ਵਾਲੇ ੮੮
ਮਹੰਤ ਬਿਸ਼ਨ ਸਿੰਘ 'ਕ੍ਰੀਟ' ਗਿਆਨੀ ੯੧
ਸੰਤ ਵਿਸਾਖਾ ਸਿੰਘ ਕਿਸ਼ਨਪੁਰਾ ਕਲਾਂ ੯੩
ਮਹੰਤ ਦਿਆਲ ਸਿੰਘ ਜੀ ੯੪
ਪੰਡਿਤ ਈਸ਼੍ਵਰ ਸਿੰਘ ਜੀ ਕਾਂਸ਼ੀ ੯੯
ਸ੍ਰੀ ਮਹੰਤ ਪੰਡਿਤ ਊਧਵ ਸਿੰਘ ਜੀ ੧੦੧
ਪੰਡਿਤ ਗੋਬਿੰਦ ਸਿੰਘ ਜੀ ੧੦੨
ਪੰਡਿਤ ਗੁਰਦਿੱਤ ਸਿੰਘ ਜੀ ੧੦੪
ਪੰਡਿਤ ਅਰਜਨ ਸਿੰਘ ਜੀ 'ਮੁਨੀ' ੧੦੬
ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ ੧੦੮
ਪੰਡਿਤ ਹਕੀਕਤ ਸਿੰਘ ਜੀ 'ਅਰਵਿੰਦ' ੧੧੦
ਪੱਤਰਕਾਰੀ ਵਿਚ ਯੋਗਦਾਨ ੧੧੨
ਗੁਰਦ੍ਵਾਰਿਆਂ ਦੀ ਕਾਰ-ਸੇਵਾ ੧੧੩
ਤੇਗ ਦੇ ਧਨੀ ੧੧੫
**ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ** ੧੧੭
**ਬਾਬਾ ਮਹਾਰਾਜ ਸਿੰਘ ਜੀ** ੧੩੬
**ਬਾਬਾ ਖੁਦਾ ਸਿੰਘ ਜੀ** ੧੫੭
**ਨਿਰਮਲੇ ਸੰਤਾਂ ਦੀ ਨੇਪਾਲ ਵਿਚ ਨਾਦੀ ਬੰਸ** ੧੬੩
ਗੁਰਦੁਆਰਾ ਸੁਧਾਰ ਵਿਚ ਸੇਵਾ ੧੬੮
**ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੀ ਸਥਾਪਨਾ** ੧੭੧
**ਸ੍ਰੀ ਮਹੰਤ ਬਾਬਾ ਮਹਿਤਾਬ ਸਿੰਘ ਜੀ ਮਹਾਰਾਜ** ੧੭੮
**ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਕਥੇਰੀਏ** ੧੯੧
**ਸ੍ਰੀ ਮਹੰਤ ਪੰਡਿਤ ਤਾਰਾ ਸਿੰਘ ਜੀ 'ਨਰੋਤਮ'** ੨੨੪
**ਸ੍ਰੀ ਮਹੰਤ ਪੰਡਿਤ ਦੀਵਾਨ ਸਿੰਘ ਜੀ ਠੀਕਰੀ ਵਾਲੇ** ੨੨੬
**ਸ੍ਰੀ ਮਹੰਤ ਪੰਡਿਤ ਊਧਵ ਸਿੰਘ ਜੀ ਨਯਾਯਕ** ੨੩੧
**ਸ੍ਰੀ ਮਹੰਤ ਪੰਡਿਤ ਸਾਧੂ ਸਿੰਘ ਜੀ ਪਟਿਆਲੇ ਵਾਲੇ** ੨੩੫
**ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਹਰੀਕੇ ਵਾਲੇ** ੨੩੭
**ਸ੍ਰੀ ਮਹੰਤ ਪੰਡਿਤ ਮੋਹਰ ਸਿੰਘ ਜੀ ਪਟਿਆਲੇ ਵਾਲੇ** ੨੪੧
**ਸ੍ਰੀ ਮਹੰਤ ਪੰਡਿਤ ਦਇਆ ਸਿੰਘ ਜੀ ਉਗੋ** ੨੪੨
**ਸ੍ਰੀ ਮਹੰਤ ਪੰਡਿਤ ਜੀਵਨ ਸਿੰਘ ਜੀ ਕਾਂਸ਼ੀ ਵਾਲੇ** ੨੪੩
**ਸ੍ਰੀ ਮਹੰਤ ਪੰਡਿਤ ਸੁੱਚਾ ਸਿੰਘ ਜੀ ਪਿੰਡੀਘੇਬ ਵਾਲੇ** ੨੪੮
**ਸ੍ਰੀ ਮਹੰਤ ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ** ੨੫੪
**ਸ੍ਰੀ ਮਹੰਤ ਪੰਡਿਤ ਗਿਆਨਦੇਵ ਸਿੰਘ ਜੀ** ੨੫੭
**ਸੰਪ੍ਰਦਾਇ ਭਾਗ** ੨੫੯
**ਮਹੰਤ ਬਲਵੰਤ ਸਿੰਘ ਜੀ ਸੈਕਟਰੀ ਦੀ ਨਾਦੀ ਬੰਸ** ੨੬੧
**ਪੂਜਯ ਸ੍ਰੀ ਮਹੰਤ ਜੀ ਮਹਾਰਾਜ** ੨੬੪
**ਨਿਰਮਲ ਆਸ਼੍ਰਮ ਰਿਸ਼ੀਕੇਸ਼ ਦਾ**
**ਪਰਉਪਕਾਰੀ ਇਤਿਹਾਸ** ੨੬੬
**ਸੂਾਮੀ ਨਿੱਕਾ ਸਿੰਘ ਜੀ ਦਾ ਤਪ ਸਥਾਨ**
**ਰਿਸ਼ੀਕੇਸ਼ ਦੀ ਸ਼ਾਖਾ ਨਿਰਮਲ ਕੁਟੀਆ ਕਰਨਾਲ** ੨੭੫
**ਨਿਰਮਲ ਆਸ਼੍ਰਮ ਮੁਰਾਦਾਬਾਦ ਦੀ ਪਰਉਪਕਾਰੀ ਸੇਵਾ** ੨੭੭
**ਡੇਰਾ ਸੰਤ ਬਾਬਾ ਭਾਗ ਸਿੰਘ ਸੰਤਪੁਰਾ ਜਬੜ** ੨੮੦
**ਸੰਤ ਬਲਬੀਰ ਸਿੰਘ ਜੀ ਸੀਚੇਵਾਲ ਵਾਲੇ** ੨੮੬

# ਪ੍ਰੇਮ ਭਰੀ ਮਹਾਨ ਸੇਵਾ

ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਵਾਲਿਆਂ ਨੇ ਨਿਰਮਲ ਭੇਖ ਦੇ ਇਤਿਹਾਸ ਬਾਰੇ ਬਹੁਤ ਡੂੰਘਾ ਅਧਿਐਨ ਕੀਤਾ ਹੋਇਆ ਹੈ। ਆਪ ਜੀ ਨਿਰਮਲ ਭੇਖ ਬਾਰੇ ਸਰਬ ਪੱਖੀ ਗਿਆਨ ਰੱਖਦੇ ਹਨ। ਸੰਨ ੧੯੭੬ ਈਃ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਨਿਰਮਲ ਭੇਖ ਤੇ ਗੁਰੂ ਨਾਨਕ ਵਿਭਾਗ ਵੱਲੋਂ ਸੈਮੀਨਾਰ ਕਰਾਇਆ ਗਿਆ ਸੀ। ਉਸ ਵਿਚ ਗਿਆਨੀ ਜੀ ਨੇ ਨਿਰਮਲ ਭੇਖ ਦੀ ਪ੍ਰਤੀਨਿਧਤਾ ਕੀਤੀ ਸੀ। ਸੈਮੀਨਾਰ ਵਿਚ ਪੜ੍ਹੇ ਪਤ੍ਰਾਂ ਵਿਚ ਆਪ ਜੀ ਦਾ ਪਤ੍ਰ ਇਸ ਦਾ ਪ੍ਰਮਾਣ ਹੈ। ੧੯੯੮ ਵਿਚ ਆਪ ਜੀ ਨੇ ਨਿਰਮਲ ਭੇਖ ਬਾਰੇ ਸਰਬ ਪੱਖੀ ਵੱਡ ਅਕਾਰੀ ਗ੍ਰੰਥ 'ਨਿਰਮਲ ਪੰਥ ਬੋਧ' ਪ੍ਰਕਾਸ਼ਤ ਕੀਤਾ। ਇਸ ਦੇ ਆਕਾਰ ਅਤੇ ਖੋਜ ਤੋਂ ਪਤਾ ਲੱਗਦਾ ਹੈ ਕਿ ਆਪ ਜੀ ਨੂੰ ਕਿਤਨਾ ਸਮਾਂ ਘਾਲਣਾ ਅਤੇ ਪਰਿਸ਼੍ਰਮ ਕਰਨਾ ਪਿਆ ਹੋਵੇਗਾ।

ਹੁਣ ਆਪ ਜੀ ਨੇ 'ਨਿਰਮਲ ਪੰਥ ਦੀ ਗੌਰਵ ਗਾਥਾ' ਲਿਖ ਕੇ ਸੱਚ ਮੁੱਚ ਨਿਰਮਲ ਭੇਖ ਦੇ ਗੌਰਵ ਨੂੰ, ਗੌਰਵਸ਼ਾਲੀ ਸਿਧ ਕਰ ਦਿੱਤਾ ਹੈ। ਨਿਰਮਲ ਪੰਥ ਇਸ ਗੌਰਵ ਦਾ ਅਧਿਕਾਰੀ ਵੀ ਹੈ। ਇਸ ਗੌਰਵ ਨੂੰ ਗਿਆਨੀ ਜੀ ਨੇ ਪ੍ਰਕਾਸ਼ ਵਿਚ ਲਿਆਂਦਾ। ਇਸ ਤਰ੍ਹਾਂ ਗਿਆਨੀ ਜੀ ਨੇ ਨਿਰਮਲ ਭੇਖ ਦੀ ਉਲੇਖਨੀਯ ਸੇਵਾ ਕੀਤੀ ਹੈ। ਇਸ ਗ੍ਰੰਥ ਵਿਚ ਨਿਰਮਲ ਭੇਖ ਦੇ ਮਹਾਂਪੁਰਖਾਂ ਦੀ ਤਿੰਨ ਸਦੀਆਂ ਦੀ ਤਪ ਤਿਆਗ ਦੀ ਸਰਬ ਪੱਖੀ ਸੇਵਾ ਵਰਣਨ ਕੀਤੀ ਹੈ। ਇਹ ਨਿਰਮਲ ਭੇਖ ਦੀ ਸੇਵਾ ਦਾ ਅਨੂਠਾ ਗੁਲਦਸਤਾ ਹੈ, ਸਰਬ ਪੱਖੀ ਸੇਵਾ ਦਾ ਇਕ ਥਾਂ ਸੰਗ੍ਰਹਿ ਹੋਣ ਕਰਕੇ ਇਹ ਨਿਰਮਲ ਭੇਖ ਦੀ ਮਨੋਹਰ ਡਿਕਸ਼ਨਰੀ ਬਣ ਗਈ।

ਇਸ ਖੋਜ ਪੂਰਤ ਗ੍ਰੰਥ ਦੇ ਲਿਖਣ ਤੇ ਮੈਂ ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਨਿਰਮਲ ਭੇਖ ਦੀ ਗੁਪਤੀ ਬਾਣੀ ਅਤੇ ਘਾਲਣਾ ਪ੍ਰਗਟ ਕਰਕੇ ਮਹਾਨ ਸੇਵਾ ਕੀਤੀ ਹੈ। ਸਾਡੀ ਗੁਰੂ ਨਾਨਕ ਦੇਵ ਜੀ ਅੱਗੇ ਅਰਦਾਸ ਹੈ, ਗਿਆਨੀ ਜੀ ਨੂੰ ਦੀਰਘ ਅਰੋਗ ਜੀਵਨ ਬਖਸ਼ਣ ਤਾਂ ਕਿ ਗਿਆਨੀ ਜੀ ਗੁਰੂ ਕੀ ਅਤੇ ਗੁਰੂ ਕੀ ਸੰਗਤ ਦੀ ਕਲਮ ਨਾਲ ਇਸੀ ਤਰ੍ਹਾਂ ਸੇਵਾ ਕਰਦੇ ਰਹਿਣ।

ਕਨਖਲ (ਹਰਿਦਵਾਰ)
੫/੫/੨੦੦੯

***ਮਹੰਤ ਬਲਵੰਤ ਸਿੰਘ ਸੈਕਟਰੀ***
***ਰਤਨ ਬਾਗ ਕਨਖਲ***

# ਪ੍ਰਾਕਥਨ

ਸਿੱਖ ਪੰਥ ਵਿਚ ਅਤੇ ਖਟ ਦਰਸ਼ਨ ਸਾਧੂ ਸਮਾਜ ਵਿਚ ਨਿਰਮਲ ਭੇਖ ਨੂੰ ਵਿਦਵਾਨਾਂ ਦੀ ਸੰਪ੍ਰਦਾਇ ਮੰਨਿਆ ਗਿਆ ਹੈ। ਇਸ ਸੰਪ੍ਰਦਾਇ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਦਵਤਾ ਦਾ ਵਰਦਾਨ ਪ੍ਰਾਪਤ ਹੈ। ਸੰਨ ੧੯੭੬ ਈ: ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ 'ਗੁਰੂ ਨਾਨਕ ਦੇਵ ਅਧਿਐਨ ਵਿਭਾਗ' ਦੇ ਮੁਖੀ ਪ੍ਰੋਫੈਸਰ ਪ੍ਰੀਤਮ ਸਿੰਘ ਜੀ ਨੇ 'ਨਿਰਮਲ ਪੰਥ ਦੀ ਪੰਜਾਬ ਦੇ ਧਰਮ ਦਰਸ਼ਨ ਤੇ ਸਹਿਤ ਨੂੰ ਦੇਣ।' ਦੇ ਵਿਸ਼ੇ ਤੇ ੨੮-੨੯-੩੦ ਮਾਰਚ ੧੯੭੬ ਨੂੰ ਸੈਮੀਨਾਰ ਕਰਾਇਆ ਸੀ। ਪ੍ਰੋਫੈਸਰ ਸਾਹਿਬ ਜੀ ਨੇ ਦਾਸ ਨੂੰ ਸੈਮੀਨਾਰ ਵਾਸਤੇ ਪਤ੍ਰ (ਪੇਪਰ) ਤਿਆਰ ਕਰਨ ਦੀ ਆਗਿਆ ਕੀਤੀ, ਨਾਲ ਹੀ ਨਿਰਮਲ ਭੇਖ ਦੇ ਵਿਦਵਾਨਾਂ ਦੀ ਸੂਚੀ ਵੀ ਮੰਗੀ, ਜਿਨ੍ਹਾਂ ਨੂੰ ਇਸ ਸੈਮੀਨਾਰ ਵਿਚ ਨਿਮੰਤ੍ਰਤ ਕੀਤਾ ਜਾਵੇ ਅਤੇ ਇਹ ਵੀ ਕਿਹਾ ਉਹ ਵਿਦਵਾਨ ਗੋਸ਼ਟੀ ਵਿਚ ਲਿਖ ਕੇ ਪਤ੍ਰ ਪੜ ਸਕਣ ਅਤੇ ਗੈਰ ਨਿਰਮਲਿਆਂ ਦੀ ਸ਼ੰਕਾ ਦਾ ਸਮਾਧਾਨ ਕਰਨ ਦੀ ਸਮੱਰਥਾ ਵੀ ਰੱਖਦੇ ਹੋਣ। ਮੈਂ ਪ੍ਰੋਫੈਸਰ ਸਾਹਿਬ ਦੀ ਆਗਿਆ ਦਾ ਪਾਲਣ ਕੀਤਾ। ਇਸ ਤਰ੍ਹਾਂ ਇਸ ਸੈਮੀਨਾਰ ਵਿਚ ਨਿਮਾਣਾ ਜਿਹਾ ਯੋਗਦਾਨ ਪਾਉਣ ਦਾ ਮੈਨੂੰ ਵੀ ਮਾਣ ਪ੍ਰਾਪਤ ਹੋਇਆ ਹੈ। ਇਹ ਸੈਮੀਨਾਰ ਸਫਲਤਾ ਪੂਰਬਕ ਸੰਪੰਨ ਹੋਇਆ। ਦਾਸ ਨੇ ਇਸ ਸੈਮੀਨਾਰ ਵਿਚੋਂ ਇਹ ਸਿਖਿਆ ਕਿ ਨਿਰਮਲ ਭੇਖ ਦੇ ਇਤਿਹਾਸ ਦਾ ਦੀਰਘ ਦ੍ਰਿਸ਼ਟੀ ਨਾਲ ਅਧਿਐਨ ਕੀਤਾ ਜਾਵੇ ਅਤੇ ਗੰਭੀਰਤਾ ਨਾਲ ਅਧਿਐਨ ਆਰੰਭ ਕਰ ਦਿੱਤਾ। ਜਿਸ ਦਾ ਫਲ ਸਰੂਪ ੧੬ ਵਰਸ ਦੀ ਅਣਥੱਕ ਮਿਹਨਤ ਨਾਲ ੧੦੭੫ ਪੰਨੇ ਦਾ 'ਨਿਰਮਲ ਪੰਥ ਬੋਧ' ਗ੍ਰੰਥ ਲਿਖਕੇ ਪ੍ਰਕਾਸ਼ਤ ਕੀਤਾ।

ਇਹ ਗ੍ਰੰਥ ਯੂਨੀਵਰਸਿਟੀਆਂ, ਕਾਲਜਾਂ ਅਤੇ ਵਿਦਵਾਨਾਂ ਦੇ ਪੁਸਤਕਾਲਯ ਦਾ ਸ਼ਿੰਗਾਰ ਬਣਿਆ। ਪਰ ਨਾਲ ਹੀ ਬਹੁਤ ਸਾਰੇ ਬੁੱਧੀਜੀਵੀਆਂ ਨੇ ਸੁਝਾਉ ਦਿੱਤੇ ਕਿ ਤੁਹਾਡਾ ਪਰਿਸ਼੍ਰਮ ਪ੍ਰਸੰਸਾ ਯੋਗ ਹੈ, ਪਰ ਅੱਜ ਦਾ ਸਮਾਂ ਵਿਸਤਾਰ ਦੀ ਮੰਗ ਨਹੀਂ ਕਰਦਾ ਕੇਵਲ ਭਾਵ ਪੂਰਤ ਨਿਰਮਲ ਪੰਥ ਦੀ ਵਿਦਵਤਾ, ਸਾਹਿਤਕ ਸੇਵਾ, ਮੰਡਲੀਆਂ ਦੁਆਰਾ ਧਰਮ ਪ੍ਰਚਾਰ, ਕਥਾ, ਕੀਰਤਨ, ਆਯੁਰਵੈਦਕ, ਸ਼ਾਸਤ੍ਰਾਰਥ ਦੁਆਰਾ ਜਿਤਾਂ ਦੀ ਪ੍ਰਾਪਤੀ ਗੁਰਦਵਾਰਿਆਂ ਦੀ ਸੇਵਾ ਆਦਿਕ ਨਿਰਮਲ ਪੰਥ ਦੇ ਕੀਤੇ ਪ੍ਰਉਪਕਾਰਾਂ ਉਪਰ ਸੰਖੇਪਤਾ ਨਾਲ ਲਿਖਿਆ ਜਾਵੇ ਤਾਂ ਬਹੁਤ ਚੰਗਾ ਰਹੇਗਾ। ਇਹ ਇਕ ਇਤਿਹਾਸਿਕ ਸਾਹਿਤਜਕ ਕ੍ਰਿਤ ਬਣ ਜਾਵੇਗੀ। ਇਸ ਚੋਂ ਨਵੀਨ ਪੱਛਮੀ ਵਿਦਿਆ ਦੇ ਜਾਣੂ ਵੀ ਲਾਭ ਪ੍ਰਾਪਤ ਕਰ ਸਕਣ। ਪੀ.ਐਚ.ਡੀ. ਦੇ ਵਿਸ਼ੇ ਵਾਲੇ ਵਿਦਿਆਰਥੀ ਸੋਧ ਪਤ੍ਰਾਂ ਵਾਸਤੇ ਬੋਧ ਵੀ ਪ੍ਰਾਪਤ ਕਰ ਸਕਣ। ਵਿਦਵਾਨਾਂ ਦੀ ਇਸ ਸੰਮਤੀ ਅਨੁਸਾਰ ਇਸ ਗ੍ਰੰਥ ਨੂੰ ਸੰਖੇਪ ਸ਼ਬਦਾਂ ਵਿਚ ਅੰਕਿਤ ਕੀਤਾ ਹੈ।

ਬੁਧੀਜੀਵੀ ਚਿੰਤਕਾਂ ਦੇ ਵਿਚਾਰ ਅਨੁਸਾਰ ਨਿਰਮਲ ਪੰਥ ਦੇ ਇਤਿਹਾਸ ਅਤੇ ਗੁਣ ਭਰਪੂਰ ਕਾਰਨਾਮੇ ਲਿਖਣ ਵਿਚ ਮੈਂ ਕਿਤਨਾ ਕੁ ਸਫਲ ਹੋਇਆ ਹਾਂ, ਇਹ ਤਾਂ ਇਤਿਹਾਸ ਦੇ ਵਿਸ਼ੇਸ਼ਗਜ ਹੀ ਦਸਣਗੇ। ਪੰਜਾਬ ਦੀ ਸਰਬਪੱਖੀ ਸੇਵਾ ਕਰਨ ਵਾਲੇ ਪੁਰਾਤਨ ਮਹਾਂ ਪੁਰਖਾਂ ਦੀ ਘਾਲਣਾ ਨੂੰ ਪੰਜਾਬੀ ਸਾਹਿਤਜ ਇਤਿਹਾਸ ਦੇ ਪਾਰਖੂਆਂ ਦੇ ਸਮਰਪਣ ਕਰਨ ਦੀ ਪ੍ਰਸੰਨਤਾ ਲੈ ਰਿਹਾ ਹਾਂ। ਜੇਕਰ ਪੰਜਾਬੀ ਪਿਆਰਿਆਂ ਨੇ ਇਹ ਸ੍ਵੀਕ੍ਰਿਤੀ ਦਿਤੀ ਕਿ ਇਹ ਪੁਸਤਕ ਲਾਭਦਾਇਕ ਹੈ ਤਾਂ ਮੈਂ ਆਪਣੇ ਪਰਿਸ਼੍ਰਮ ਨੂੰ ਸਫਲ ਸਮਝਾਂਗਾ।

ਕੋਠਾ ਗੁਰੂ
੯/੯/੨੦੦੯

***ਬਲਵੰਤ ਸਿੰਘ ਕੋਠਾ ਗੁਰੂ***

# ਕਰਤਗਿਤਾ ਕਥਨ

ਮੇਰੇ ਪਰਮ ਹਿਤੈਸ਼ੀ ਮਹਾਨ ਭਾਵ ਜੋ ਸਦਾ ਹੀ ਮੈਨੂੰ ਚੰਗੀ ਉਸਾਰੂ ਸੇਧ ਦੇ ਕੇ ਮੇਰੀ ਅਗਵਾਈ ਕਰ ਰਹੇ ਹਨ, ਮੈਂ ਇਨ੍ਹਾਂ ਸਤਿਪੁਰਖਾਂ ਅਤੇ ਵਿਦਵਾਨਾਂ ਦਾ ਸਦੈਵ ਰਿਣੀ ਰਹਾਂਗਾ।

(੧) ਸ੍ਰੀਮਾਨ ੧੦੮ ਮਹੰਤ ਬਲਵੰਤ ਸਿੰਘ ਜੀ ਸੈਕਟਰੀ ਪੰਚਾਇਤੀ ਅਖਾੜਾ ਨਿਰਮਲਾ ਕਨਖਲ (ਹਰਿਦਵਾਰ) ਜਿਨ੍ਹਾਂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਇਹ ਗ੍ਰੰਥ ਪਾਠਕਾਂ ਦੇ ਕਰ ਕਮਲਾਂ ਵਿਚ ਸੁਭਾਇਮਾਨ ਹੋ ਰਿਹਾ ਹੈ।

(੨) ਸ੍ਰੀਮਾਨ ਸੰਤ ਜੋਧ ਸਿੰਘ ਜੀ ਨਿਰਮਲ ਆਸ਼੍ਰਮ ਰਿਸ਼ੀਕੇਸ ਵਾਲਿਆਂ ਨੇ ਪੜ੍ਹ ਕੇ ਪ੍ਰਸ਼ੰਸਾ ਕਰਦੇ ਹੋਏ ਇਸ ਗ੍ਰੰਥ ਨੂੰ ਹਿੰਦੀ ਵਿਚ ਅਨੁਵਾਦ ਕਰਕੇ ਪ੍ਰਕਾਸ਼ਤ ਕਰਨ ਦੀ ਪ੍ਰੇਰਨਾ ਦਿੱਤੀ।

(੩) ਮਾਨਯੋਗ ਡਾ. ਗੁਰਮੁਖ ਸਿੰਘ ਜੀ ਪਟਿਆਲੇ ਵਾਲੇ, ਸਰਬ ਪੱਖੀ ਵਿਦਵਾਨ, ਅਣਥੱਕ ਲੇਖਕ, ਨਾਲ ਹੀ ਸਾਧੂ ਸੰਪ੍ਰਦਾਵਾਂ ਦੇ ਇਤਿਹਾਸ ਦੇ ਅਪੂਰਵ ਗਿਆਤਾ, ਜਿਨ੍ਹਾਂ ਨੇ ਪੂਰਾ ਸਮਾਂ ਕੱਢ ਕੇ, ਇਸ ਗ੍ਰੰਥ ਨੂੰ ਪੜ੍ਹ-ਸ਼ੋਧ ਕੇ ਅਨੇਕ ਸੁਝਾਉ ਦੇ ਕੇ ਨਿਵਾਜਿਆ।

(੪) ਡਾ. ਸੁਰਜੀਤ ਸਿੰਘ ਜੀ 'ਭੱਟੀ' ਪ੍ਰਿੰਸੀਪਲ ਪੰਜਾਬੀ ਯੂਨੀਵਰਸਿਟੀ ਨੇਬਰਹੁੱਡ ਕੈਂਪਸ ਰਾਮਪੁਰਾ ਫੂਲ ਨੇ ਗ੍ਰੰਥ ਪੜ੍ਹ ਕੇ ਅਕਹਿ ਪ੍ਰਸ਼ੰਸਾ ਕੀਤੀ। ਨਾਲ ਹੀ ਸ਼ਬਦ-ਜੋੜ ਸ਼ੋਧਨ ਵਿਚ ਪੂਰਨ ਸਹਿਯੋਗ ਦਿੱਤਾ।

(੫) ਡਾ. ਮਹਿੰਦਰ ਸਿੰਘ ਜੀ 'ਵਿਰਦੀ' ਫਰੀਦਕੋਟ ਵਾਲਿਆਂ ਨੇ ਵੱਡਮੁੱਲੇ ਸੁਝਾਉ ਦੇ ਕੇ ਨਿਵਾਜਿਆ।

(੬) ਪ੍ਰਸਿੱਧ ਸਾਹਿੱਤਕਾਰ ਸ੍ਰ. ਸਤਿੰਦਰ ਸਿੰਘ ਜੀ 'ਨੰਦਾ' (ਭਾਸ਼ਾ ਵਿਭਾਗ) ਪਟਿਆਲਾ ਨੇ ਵੀ ਇਸ ਗ੍ਰੰਥ ਬਾਰੇ ਆਪਣੀ ਵਡਮੁੱਲੀ ਰਾਏ ਦੇ ਕੇ ਨਿਵਾਜਿਆ।

(੭) ਬੀਬੀ (ਡਾ.) ਬਲਜਿੰਦਰ ਕੌਰ ਜੀ 'ਜੋਸ਼ੀ' ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ ਪਟਿਆਲਾ ਨੇ ਵੀ ਗ੍ਰੰਥ ਦੇ ਸੁਹਪਣ ਵਿਚ ਵਾਧਾ ਕਰਨ ਵਾਲੇ ਕਈ ਅਮੋਲ ਸੁਝਾਉ ਦਿੱਤੇ।

(੮) ਪ੍ਰੋ. ਗੁਰਬਚਨ ਸਿੰਘ ਜੀ ਨਰੂਆਣਾ ਨੇ ਇਸ ਗ੍ਰੰਥ ਨੂੰ ਪੜ੍ਹ ਕੇ ਇਸ ਦੀ ਇਤਿਹਾਸਕ ਮਹਾਨਤਾ ਦੀ ਅਕਹਿ ਪ੍ਰਸੰਸਾ ਕੀਤੀ।

(੯) ਮਾਨਯੋਗ ਗਿਆਨੀ ਅਜਮੇਰ ਸਿੰਘ ਜੀ ਐਮ.ਏ. ਲੋਹਗੜ੍ਹ ਵਾਲਿਆਂ ਨੇ ਦਾਸ ਦੀ ਸੰਖੇਪ ਜੀਵਨੀ ਲਿਖ ਕੇ ਨਿਵਾਜਿਆ।

(੯) ਮਾਨਯੋਗ ਸ੍ਰ. ਗੁਰਮੇਲ ਸਿੰਘ ਜੀ ਨਾਇਬ ਤਹਿਸੀਲਦਾਰ ਸਾਹਿਬ ਭਗਤਾ ਨੇ ਵੀ ਵਡਮੁੱਲੇ ਸੁਝਾਉ ਦਿੱਤੇ।

(੧੦) ਗਿਆਨੀ ਕੌਰ ਸਿੰਘ ਜੀ ਕੋਠਾ ਗੁਰੂ ਨੇ ਪਰੂਫ ਸ਼ੋਧਨ ਦੀ ਅਣਥੱਕ ਸੇਵਾ ਕੀਤੀ ਹੈ।

ਇਨ੍ਹਾਂ ਸਾਰੇ ਮਹਾਨ ਭਾਵਾਂ ਦਾ ਅਤਿਅੰਤ ਰਿਣੀ ਹਾਂ ਜਿਨ੍ਹਾਂ ਨੇ ਅਨੇਕ ਨਿੱਜੀ ਰੁਝੇਵਿਆਂ ਨੂੰ ਤਿਆਗ ਕੇ ਦਾਸ ਦੀ ਇਸ ਰਚਨਾ ਨੂੰ ਪੜ੍ਹਨ ਸ਼ੋਧਨ ਲਈ ਅਪਣਾ ਕੀਮਤੀ ਸਮਾਂ ਕੱਢਿਆ। ਸਮੂਹ ਸਹਿਯੋਗੀਆਂ ਦਾ ਮਨ ਬਾਣੀ ਕਰਕੇ ਧੰਨਵਾਦ ਕਰਦਾ ਹਾਂ।

ਕੋਠਾ ਗੁਰੂ
੧੪/੯/੨੦੦੯

***ਬਲਵੰਤ ਸਿੰਘ ਕੋਠਾ ਗੁਰੂ***

## ਪ੍ਰਸਿੱਧ ਵਿਦਵਾਨ/ਇਤਿਹਾਸਕਾਰ

# ਸ੍ਰੀਮਾਨ ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ

*-ਗਿਆਨੀ ਅਜਮੇਰ ਸਿੰਘ ਜੀ (ਐਮ.ਏ. ਲੋਹਗੜ੍ਹ)*

ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਨੇ ਨਿਰਮਲ ਪੰਥ ਬੋਧ ਗ੍ਰੰਥ ਵਿਚ ਸਾਰੇ ਦੇਸ਼ ਦੇ ਨਿਰਮਲੇ ਮਹਾਂਪੁਰਖਾਂ/ਸੰਤਾਂ ਦੇ ਜੀਵਨ ਅਤੇ ਪਰਉਪਕਾਰੀ ਕੰਮਾਂ ਦਾ ਵੇਰਵਾ ਦਿੱਤਾ ਹੈ। ਸਮੂਹ ਸੰਤਾਂ ਦੇ ਜੀਵਨ ਲਿਖਣ ਵਾਲੇ ਗਿਆਨੀ ਬਲਵੰਤ ਸਿੰਘ ਜੀ ਦੇ ਜੀਵਨ ਤੋਂ ਵੀ ਪਾਠਕਾਂ ਦਾ ਜਾਣੂ ਹੋਣਾ ਜ਼ਰੂਰੀ ਹੈ। ਮੈਂ ਸੰਖੇਪ ਵਿਚ ਗਿਆਨੀ ਜੀ ਦਾ ਪਰਿਚਯ ਲਿਖਣ ਦਾ ਯਤਨ ਕਰਦਾ ਹਾਂ। ਜਿਸ ਤੋਂ ਪਾਠਕਾਂ ਨੂੰ ਗਿਆਨੀ ਜੀ ਬਾਰੇ ਵੀ ਲਾਭਦਾਇਕ ਜਾਣਕਾਰੀ ਪ੍ਰਾਪਤ ਹੋਵੇਗੀ।

ਦੇਸ਼ ਦੇ ਪ੍ਰਸਿੱਧ ਵਿਦਵਾਨ ਸ੍ਰੀ ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਵਾਲੇ ਪ੍ਰਸਿੱਧ ਲੇਖਕ ਖੋਜੀ ਇਤਿਹਾਸਕਾਰ ਅਤੇ ਵਿਆਖਿਆਨ ਦਾਤਾ ਹਨ। ਉੱਚੇ ਸੁੱਚੇ ਜੀਵਨ ਵਾਲੇ, ਨਿਰਮਲ ਆਤਮਾ, ਸਾਧੂ-ਪਰਸ਼ ਹਨ। ਪ੍ਰਸਿੱਧੀ ਦੇ ਸੁਵਾਮੀ ਹੁੰਦੇ ਹੋਏ ਵੀ ਅਤੀ ਨਿਰਮਾਣ, ਕੋਮਲ ਚਿਤ, ਸ਼ੀਲ, ਕਹਿਣੀ ਕਰਨੀ ਵਿਚ ਪੂਰੇ ਸਤਿਪੁਰਖ ਹਨ। ਆਪ ਸਰਵ ਭਾਰਤੀਯ ਦਰਸ਼ਨ ਦੇ ਅਪੂਰਵ ਗਿਆਤਾ/ਦਰਸ਼ਨਾਚਾਰਯ ਹਨ।

ਪੂਰਵ ਪੁੰਨਕਰਮਾਂ ਦੇ ਕਾਰਣ ਬਚਪਨ ਤੋਂ ਹੀ ਆਪ ਜੀ ਦੀ ਲਗਨ ਵਿਦਿਆ ਗ੍ਰਹਿਣ ਕਰਨ ਵੱਲ ਲੱਗ ਗਈ। ਇਹ ਆਪ ਜੀ ਦੀ ਮਹਾਨ ਘਾਲਣਾ ਹੈ ਕਿ ਸਰਵ ਪ੍ਰਕਾਰ ਦਾ ਗਿਆਨ ਆਪ ਜੀ ਦੇ ਹਿਰਦੇ ਵਿੱਚ ਸੰਚਿਤ ਹੈ। ਅਕਸਮਾਤ ਕਿਸੇ ਸਮੇਂ ਵੀ ਕਿਸੇ ਵੀ ਤਰ੍ਹਾਂ ਦੀ ਸ਼ੰਕਾ ਦਾ ਸਮਾਧਾਨ ਆਪ ਜੀ ਕੋਲੋਂ ਕੀਤਾ ਜਾ ਸਕਦਾ ਹੈ। ਆਪ ਤੁਰਦੀ ਫਿਰਦੀ ਡਿਕਸ਼ਨਰੀ ਹਨ। ਆਪ ਬਹੁਤ ਵਧੀਆ ਵਿਆਖਿਆਨਦਾਤਾ (ਲੈਕਚਰਾਰ) ਹਨ। ਆਪ ਜੀ ਦੇ ਦਾਰਸ਼ਨਕ ਭਾਸ਼ਨ ਮਧਰ ਰਸਦਾਇਕ ਰੋਚਕ ਅਤੇ ਗਿਆਨ ਭਰਪੂਰ ਹੁੰਦੇ ਹਨ।

ਇਹ ਸ਼ੁਭ ਗੁਣਾਂ ਦੀ ਦਾਤ ਗੁਰੂ ਕੀ ਕਾਸੀ (ਸ੍ਰੀ ਦਮਦਮਾ ਸਾਹਿਬ) ਵਿਚੋਂ ਪ੍ਰਾਪਤ ਹੋਈ ਹੈ। ਗੁਰੂ ਕੀ ਕਾਸ਼ੀ ਵਿਚੋਂ ਹੀ ਵਿਦਿਆ ਦੀ ਪ੍ਰਾਪਤੀ ਹੋਈ। ਗੁਰੂ ਕੀ ਕਾਸ਼ੀ ਵਿਚੋਂ ਹੀ ਗੁਰੂ ਕਲਗੀਧਰ ਪਿਤਾ ਦੀਆਂ ਲਿਖਣ ਸਰ ਵਿਚ ਪ੍ਰਵਾਹੀਆਂ ਕਲਮਾਂ ਵਿਚੋਂ ਕਲਮ ਦੀ ਪ੍ਰਾਪਤੀ ਹੋਈ। ਅਗੰਮੀ ਆਵਾਜ਼ ਗੂੰਜੀ 'ਲੈ ਫੜ ਕਲਮ ਗੁਰੂ ਕਾ ਅਤੇ ਗੁਰੂ ਦੀ ਕਾਸੀ ਕਾ ਜਸ ਲਿਖ'

ਇਸ ਹੁਕਮ ਅਨੁਸਾਰ ਤਖ਼ਤ ਦਮਦਮਾ ਸਾਹਿਬ ਗੁਰੂ ਕੀ ਕਾਸੀ ਬਾਰੇ ਪੰਜ ਗ੍ਰੰਥ, ਅਨਜ ਗ੍ਰੰਥਾਂ ਵਿਚ ਅਨੇਕ ਪ੍ਰਕਰਣ ਅਤੇ ਅਖ਼ਬਾਰਾਂ ਰਸਾਲਿਆਂ ਵਿਚ ੫੦-੫੨ ਲੇਖ ਪ੍ਰਕਾਸ਼ਤ ਕੀਤੇ ਹਨ। ਗੁਰੂ ਕੀ ਕਾਸੀਂ ਦੇ ਜਸ ਵਾਸਤੇ ਗੁਰੂ ਕੀ ਬਖਸ਼ੀ ਕਲਮ ਅਖੰਡ ਚੱਲ ਰਹੀ ਹੈ। ਗਿਆਨੀ ਬਲਵੰਤ ਸਿੰਘ ਜੀ ਨੇ ਦਸਿਆ ਕਿ 'ਪੁਰਾਤਨ ਕਾਲ ਵਿਚ ਲਿਖਣ ਸਰ ਸੱਚ ਮੁੱਚ ਲਿਖਣ ਸਰ ਸੀ।' ਆਪ ਜੀ ਲਿਖਣ ਸਰ ਦੇ ਵੇਹੜੇ ਵਿਚ ਧਰਤੀ ਤੇ ਉਂਗਲੀ ਨਾਲ ਗੁਰਮੁਖੀ ਦੀ ਵਰਣ ਮਾਲਾ (ਪੈਂਤੀ) ਅਤੇ ਮੁਹਾਰਨੀ ਲਿਖਦੇ ਰਹਿੰਦੇ ਸਨ। ਕਿਤਨਾ ਕਿਤਨਾ ਚਿਰ ਅਰਦਾਸ ਵਿਚ ਜੁੜੇ ਰਹਿੰਦੇ ਸਨ। ਅਰਦਾਸ ਦੀ ਇਕਾਗਰਤਾ ਵਿਚ ਹੀ ਉੱਪਰ ਕਥਨ ਕੀਤਾ ਚਮਤਕਾਰ ਹੋਇਆ।

ਗਿਆਨੀ ਜੀ ਨੇ ਪੁਰਾਤਨ ਲਿਖਣ ਸਰ ਦਾ ਸ਼ਬਦ ਚਿਤ੍ਰ ਇਸ ਤਰ੍ਹਾਂ ਦਸਿਆ ਕਿ ਕੱਚੀ ਤਲਾਈ ਦੇ ਰੂਪ ਵਿਚ ਸੂਛ ਜਲ ਨਾਲ ਭਰਿਆ ਹੋਇਆ ਤਾਲ ਅਤਿਅੰਤ ਸੁੰਦਰ ਸੀ। ਕੱਚੇ ਮਕਾਨ ਸਨ, ਬਹੁਤ ਵੱਡਾ ਵੇਹੜਾ ਸੀ। ਕੱਚੀਆਂ ਇੱਟਾਂ, ਡਲਿਆ ਦੀਆਂ ਕੱਚੀਆਂ ਕੰਧਾਂ/ਕਮਰਿਆਂ ਦਾ ਆਨੰਦ ਹੀ ਹੋਰ ਸੀ। ਲਿਖਣ ਸਰ ਵਿਚ ਪਹੁੰਚ ਕੇ ਮਨ ਪ੍ਰਸੰਨ, ਇਕਾਗਰ, ਆਨੰਦ ਅਤੇ ਖੇੜੇ ਵਿਚ ਰਹਿੰਦਾ ਸੀ।

ਗਿਆਨੀ ਬਲਵੰਤ ਸਿੰਘ ਜੀ ਦੇ ਬਜ਼ੁਰਗ 'ਭਾਈ ਖਮਾਰੀ' ਨੂੰ ੧੫੧੫ ਈ: ਵਿਖੇ ਗੁਰੂ ਨਾਨਕ ਦੇਵ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਸ ਸਮੇਂ ਭਾਈ ਖਮਾਰੀ ਨੇ ਗੁਰੂ ਜੀ ਤੋਂ ਸਿੱਖੀ ਧਾਰਨ ਕੀਤੀ ਸੀ। (ਚੌਥੇ ਥਾਂ) ਭਾਈ ਖਮਾਰੀ ਦਾ ਪੋਤ੍ਰਾ ਭਾਈ ਭਾਗਾ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੂਰਮਿਆਂ ਵਿਚੋਂ ਇਕ ਸੀ, ਜਿਸ ਨੇ ਮੁਗਲਾਂ (ਲਾਲਾ ਬੇਗ ਕਮਰ ਬੇਗ ਦੀਆਂ ਫੌਜਾਂ) ਨਾਲ ਜੂਝ ਕੇ ਮਰਾੜ (ਜ਼ਿਲ੍ਹਾ ਬਠਿੰਡਾ) ਦੇ ਜੰਗ ਵਿਚ ਸ਼ਹੀਦੀ ਪਾਈ ਸੀ।

ਭਾਈ ਭਾਗਾ ਜੀ ਦੇ ਸਪੁਤ੍ਰ ਭਾਈ ਧਰਮ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਸ੍ਰੀ ਅਨੰਦਪੁਰ ਵਿਖੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਭਾਈ ਧਰਮ ਸਿੰਘ ਜੀ ਦੇ ਸਪੁਤ੍ਰ ਭਾਈ ਦਇਆ ਸਿੰਘ ਜੀ ਨੇ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਬਾਬਾ ਦੀਪ ਸਿੰਘ ਜੀ ਦੇ ਜੱਥੇ ਤੋਂ ਅੰਮ੍ਰਿਤ ਪਾਨ ਕੀਤਾ ਸੀ। ਸਿੰਘਾਂ ਦੇ ਸੰਕਟ ਕਾਲ (੧੭੧੦ ਤੋਂ ੧੭੯੯) ਸਮੇਂ ਕਾਹਨੂਵਾਨ ਦੇ ਛੋਟੇ ਘਲੂਘਾਰੇ ਦੇ ਕਾਰਣ ੧੭੪੬ ਈ: ਵਿਚ ਸਿੰਘ ਮਾਲਵੇ 'ਚ ਆਏ। ੨-੩ ਸੌ ਸਿੰਘਾਂ ਦਾ ਜੱਥਾ ਭਾਈ ਦਇਆ ਸਿੰਘ ਜੀ ਨੇ ਕੋਠਾ ਗੁਰੂ ਦੇ ਜੰਗਲ ਵਿਚ ਉਤਾਰ ਕੇ ਸੇਵਾ ਸੰਭਾਲ ਕੀਤੀ ਸੀ। ਇਸ ਥਾਂ ਦਾ ਨਾਮ ਅੱਜ ਵੀ 'ਖਾਲਸੇ ਵਾਲਾ' ਹੈ। ਇਹ ਜ਼ਿਕਰ ਸ੍ਰ. ਰਤਨ ਸਿੰਘ ਜੀ 'ਭੰਗੂ' ਨੇ 'ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਵੀ ਕੀਤਾ ਹੈ। ਗਿਆਨੀ ਬਲਵੰਤ ਸਿੰਘ ਜੀ ਦਾ ਇਤਿਹਾਸਕ ਬੰਸ ਹੈ, ਜਿਸ ਦਾ ਇਤਿਹਾਸ ਵਿਚ ਗੁਰੂ ਕੀ ਸੇਵਾ ਕਰਨ ਵਿਚ ਸਤਿਕਾਰ ਯੋਗ ਸਥਾਨ ਹੈ। ਬੰਸ ਪਰੰਪਰਾ ਅਨੁਸਾਰ ਗਿਆਨੀ ਜੀ ਵੀ ਆਪਣੇ ਬਜ਼ੁਰਗਾਂ ਵਾਲੇ ਸਾਰੇ ਗੁਣਾਂ ਵਿਚ ਭਰਪੂਰ ਹਨ।

ਆਪ ਜੀ ਦਾ ਜਨਮ ਕੋਠਾ ਗੁਰੂ ਜ਼ਿਲ੍ਹਾ ਬਠਿੰਡਾ ਵਿਖੇ ੨੫ ਜੂਨ ੧੯੩੩ ਈ: ਨੂੰ (ਪਿਤਾ ਸ੍ਰ. ਬੁੱਘਾ ਸਿੰਘ ਮਾਨ-ਮਾਤਾ ਵੀਰ ਕੌਰ ਦੇ ਘਰ) ਪ੍ਰਤਿਸ਼ਠਤ ਜੱਟ ਪਰਿਵਾਰ ਵਿੱਚ ਹੋਇਆ। ਬੰਸ ਪਰੰਪਰਾ ਦੇ ਕਾਰਣ ਬਚਪਨ ਤੋਂ ਹੀ ਧਾਰਮਿਕ ਵਿਦਿਆ ਵੱਲ ਰੁਚੀ ਸੀ। ਪ੍ਰਾਚੀਨ ਧਾਰਮਿਕ ਸਾਧੂ ਆਸ਼੍ਰਮਾਂ (ਡੇਰਿਆਂ) ਵਿੱਚ ਜੋ ਪੁਰਾਤਨ ਸ਼ੈਲੀ ਦੀ ਵਿਦਿਆ ਬ੍ਰਜ ਭਾਸ਼ਾ ਅਤੇ ਧਾਰਮਿਕ ਵਿੱਦਿਆ ਪੜ੍ਹਾਈ ਜਾਂਦੀ ਸੀ ਆਪ ਜੀ ਨੇ ਬਚਪਨ ਵਿੱਚ ਹੀ ਗ੍ਰਹਿਣ ਕੀਤੀ ਜਿਸ ਵਿੱਚ ਆਪ ਜੀ ਨੇ ਧਾਰਮਿਕ ਇਤਿਹਾਸ, ਮਿਥਿਹਾਸ ਦਾ ਅਧਿਐਨ ਕੀਤਾ। ਨੀਤੀ, ਸਾਹਿੱਤ, ਕਾਵਯ, ਵੇਦਾਂਤ, ਹਿੰਦੂ, ਬੋਧ ਅਤੇ ਸਿੱਖ ਦਰਸ਼ਨ ਗੁਰਬਾਣੀ ਦਾ ਪਠਨ ਪਾਠਨ ਕੀਤਾ। ਆਪਣੀ ਲਗਨ ਨਾਲ ਵਿਦਿਆ ਦੀ ਪਿਪਾਸਾ ਨੂੰ ਮਿਟਾਉਣ ਵਾਸਤੇ ਬ੍ਰਜ ਭਾਸ਼ਾ ਹਿੰਦੀ, ਗੁਰਮੁਖੀ ਵਿਚ ਪ੍ਰਵੀਨਤਾ ਪ੍ਰਾਪਤ ਕੀਤੀ। ਨਾਲ ਹੀ ਸੰਸਕ੍ਰਿਤ ਅਤੇ ਉਰਦੂ ਦਾ ਵੀ ਅਧਿਐਨ ਕੀਤਾ। ਜਿੱਥੇ ਆਪ ਹਿੰਦੀ ਦੇ ਲੇਖਕ ਹਨ ਹਿੰਦੀ ਵਿਚ ਕਵਿਤਾ ਵੀ ਅਤਿਅੰਤ ਸੁੰਦਰ ਲਿਖਦੇ ਹਨ। ਵਿਦਵਾਨੀ ਅਤੇ ਗਿਆਨੀ ਵਿੱਚ ਵੀ ਉਤੀਰਣਤਾ ਪ੍ਰਾਪਤ ਕੀਤੀ ਹੈ।

### ਗ੍ਰੰਥ ਰਚਨਾ :

ਆਪ ਜੀ ਨੇ ਕੇਵਲ ਧਾਰਮਿਕ, ਇਤਿਹਾਸਕ, ਦਾਰਸ਼ਨਕ, ਗੁਰਬਾਣੀ ਅਤੇ ਸੰਤ ਮਹਾਂਪੁਰਖਾਂ ਦੇ ਪਰ ਉਪਕਾਰ ਭਰੇ ਇਤਿਹਾਸਕ ਜੀਵਨ ਅੰਕਿਤ ਕੀਤੇ ਹਨ। ਆਪ ਜੀ ਦੇ ਸਾਰੇ ਗ੍ਰੰਥ ਵਿਗਿਆਨਕ ਸ਼ੈਲੀ ਵਿੱਚ ਖੋਜ ਭਰੇ ਸਦ ਮਾਰਗ ਪਾਉਣ ਵਾਲੇ, ਅੰਧ ਵਿਸ਼ਵਾਸ ਨੂੰ ਖਤਮ ਕਰਨ ਵਾਲੇ ਵਿਵੇਕ ਪੂਰਨ ਹਨ।

ਸੰਨ ੧੯੫੯ ਈ: ਵਿੱਚ ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ ਬਾਰੇ ਗ੍ਰੰਥ 'ਤਖ਼ਤ ਦਮਦਮਾ ਸਾਹਿਬ' ਪ੍ਰਕਾਸ਼ਤ ਕੀਤਾ। ਜਿਸ ਵਿੱਚ ਇਤਿਹਾਸ ਦੇ ਅਨੇਕ ਪ੍ਰਮਾਣ ਦੇ ਕੇ ਸ੍ਰੀ ਦਮਦਮਾ ਸਾਹਿਬ ਨੂੰ ਤਖ਼ਤ ਸਿੱਧ ਕੀਤਾ ਗਿਆ ਹੈ। ਇਸ ਅਪੂਰਵ ਖੋਜ ਤੋਂ ਬਾਅਦ ਹੀ ਸ੍ਰੀ ਦਮਦਮਾ ਸਾਹਿਬ ਨੂੰ ਸ਼੍ਰੋ. ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਤਖ਼ਤ ਨੂੰ ਬਾਕੀ ਤਖ਼ਤਾਂ ਦੀ ਤਰ੍ਹਾਂ ਮਾਨਤਾ ਦੇ ਕੇ ਤਖ਼ਤਾਂ ਵਾਲੀ ਮਰਯਾਦਾ ਚਾਲੂ ਕੀਤੀ। ਇਸ ਤੋਂ ਬਿਨ੍ਹਾਂ ਗਿਆਨੀ ਜੀ ਨੇ ਹੇਠ ਲਿਖੇ ਗ੍ਰੰਥ ਲਿਖਕੇ ਪ੍ਰਕਾਸ਼ਤ ਕੀਤੇ ਹਨ।

| | | | | |
|---|---|---|---|---|
| 1) | ਅਦੁੱਤੀ ਸੇਵਕ (ਜੀਵਨੀ ਜੱਥੇਦਾਰ) ਦਿਆਲ ਸਿੰਘ 'ਪਰਵਾਨਾ' | ਪੰਨੇ 112 | ਚਿਤ੍ਰ 8 | ਸੰਨ 1955 |
| 2) | ਤਖ਼ਤ ਦਮਦਮਾ ਸਾਹਿਬ | ਪੰਨੇ 65 | | ਸੰਨ 1958 |
| 3) | ਰੂਪ ਦੀਪ (ਪਿੰਗਲ) ਸਟੀਕ | | | ਸੰਨ 1957 |
| 4) | ਅਗਮ ਅਗਾਧ ਪੁਰਖ (ਜੀਵਨ ਕਥਾ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ) | ਪੰਨੇ 520 | ਚਿਤ੍ਰ 27 | ਸੰਨ 1983 |
| 5) | ਏਕ ਪੁਰਖ ਅਪਾਰ (ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦਾ ਸਿਧਾਂਤ, ਉਪਦੇਸ਼ ਉਪਕਾਰ) | ਪੰਨੇ 70 | ਚਿਤ੍ਰ | ਸੰਨ 1983 |
| 6) | ਦਮਦਮਾ ਗੁਰੂ ਕੀ ਕਾਸ਼ੀ (ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦਾ ਪੂਰਨ ਇਤਿਹਾਸ) | ਪੰਨੇ 180 | ਚਿਤ੍ਰ 21 | ਸੰਨ 1995 |
| 7) | ਸੰਤ ਬਾਬਾ ਬਲਵੰਤ ਸਿੰਘ ਜੀ ਧਲੇਰ ਵਾਲੇ (ਜੀਵਨੀ) | ਪੰਨੇ 85 | ਚਿਤ੍ਰ 6 | ਸੰਨ 1994 |
| 8) | ਪੂਜਯ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ (ਹਿੰਦੀ) | ਪੰਨੇ 20 | ਚਿਤ੍ਰ 2 | ਸੰਨ 1994 |
| 9) | ਨਿਰਮਲ ਪੰਥ ਬੋਧ (ਨਿਰਮਲ ਭੇਖ ਦਾ ਇਤਿਹਾਸ) | ਪੰਨੇ 1075 | ਚਿਤ੍ਰ 200 | ਸੰਨ 1998 |
| 10) | ਪਰਮ ਰੂਪ ਪਨੀਤ ਮੂਰਤ (ਜੀਵਨੀ ਮਹੰਤ ਮਨਜੀਤ ਸਿੰਘ ਜੀ) | ਪੰਨੇ 66 | ਚਿਤ੍ਰ 8 | ਸੰਨ 1995 |
| 11) | ਗੁਰੂ ਵੰਸ ਖਾਲਸਾ ਪੰਥ (ਹਿੰਦੀ) | ਪੰਨੇ 100 | ਚਿਤ੍ਰ 4 | ਸੰਨ 1999 |
| 12) | ਵਿਦਿਆਸਰ ਦਾ ਵਿਦਿਆ ਸਾਗਰ (ਜੀਵਨੀ ਭਾਈ ਸਾਹਿਬ ਭੁੰਮਨ ਸਿੰਘ ਜੀ ਅਮਰਗੜ੍ਹ ਵਾਲੇ) | ਪੰਨੇ 200 | ਚਿਤ੍ਰ 28 | ਸੰਨ 2000 |
| 13) | ਸੁਧਾਸਰ ਕੇ ਰਤਨ (ਹਿੰਦੀ) | ਪੰਨੇ 102 | ਚਿਤ੍ਰ 14 | ਸੰਨ 2001 |
| 14) | ਸ੍ਰੀ ਦਮਦਮਾ ਗੁਰੂ ਕਾਸ਼ੀ | ਪੰਨੇ 40 | ਚਿਤ੍ਰ 4 | ਸੰਨ 2003 |
| 15) | ਕੋਠਾ ਗੁਰੂ ਦੀ ਗੋਰਵ ਗਾਥਾ | ਪੰਨੇ 248 | ਚਿਤ੍ਰ 15 | ਸੰਨ 2004 |
| 16) | ਮਾਤਾ ਦੇਸਾ ਦਾ ਬੁਰਜ (ਇਤਿਹਾਸ) | ਪੰਨੇ 112 | ਚਿਤ੍ਰ 14 | ਸੰਨ 2005 |
| 17) | ਡੇਰਾ ਬਾਬਾ ਦਲ ਸਿੰਘ | ਪੰਨੇ 24 | ਚਿਤ੍ਰ 2 | ਸੰਨ 2007 |
| 18) | ਨਿਰਮਲ ਭੇਖ ਭਾਸ਼ਕਰ | ਪੰਨੇ 65 | | ਸੰਨ 2009 |
| 19) | ਨਿਰਮਲ ਪੰਥ ਦੀ ਗੌਰਵ ਗਾਥਾ | ਪੰਨੇ 288 | ਚਿਤ੍ਰ 3 | ਸੰਨ 2009 |
| 20) | ਸੂਰਬੀਰ ਬਚਨ ਕੇ ਬਲੀ | | | ਸੰਨ 2009 |
| 21) | ਕ੍ਰਿਪਾਨ ਪਾਣੀ ਨਿਰਭੈ ਜੋਧਾ ਮਹਾਂਬੀਰ ਬੰਦਾ ਸਿੰਘ | | | ਸੰਨ 2009 |

## ਗੁਰਦੁਆਰਿਆਂ ਬਾਰੇ ਇਤਿਹਾਸ

ਗੁਰਦੁਆਰਾ ਦੀਨਾ ਕਾਂਗੜ, ਗੁਰਦੁਆਰਾ ਤਖ਼ਤੂਪੁਰਾ, ਗੁਰਦੁਆਰਾ ਕੌਲਸਰ, ਕੋਠਾ ਗੁਰੂ, ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਗੁਰਦੁਆਰਾ ਗੁਰੂ ਸਰ ਨਥਾਣਾ,

## ਸੰਪਾਦਤ ਗ੍ਰੰਥ

ਹਸਦਾ ਬਾਦਸ਼ਾਹ, (ਕਵਿਤਾ) ਸ਼ਾਂਤ ਸੰਗੀਤ (ਕਵਿਤਾ) ਵਹਿੰਦੇ ਨੀਰ (ਕਵਿਤਾ) ਪੈਂਤੀਸ ਅੱਖਰੀ (ਕਵਿਤਾ),

ਆਤਮ ਬੋਧ (ਕਵਿਤਾ ਅਤੇ ਵਾਰਤਕ) ਅਧਿਆਤਮ ਅਨੁਭਵ ਵਿਵੇਕ (ਵੇਦਾਂਤ) ਪੰਡਿਤ ਈਸ਼੍ਵਰ ਸਿੰਘ ਗ੍ਰੰਥਾਵਲੀ

## ਅਪ੍ਰਕਾਸ਼ਤ ਗ੍ਰੰਥ

ਜਪੁਜੀ ਸਟੀਕ, ਗੁਰਦ੍ਰੋਹੀ (ਕੁਮਾਰਲ ਭੱਟ ਬਾਰੇ ਇਤਿਹਾਸਕ ਨਾਟਕ) ਮਹਾਂ ਕਵੀ ਕਾਲੀਦਾਸ (ਇਤਿਹਾਸਕ ਨਾਟਕ) ਰਾਜ ਕੁਮਾਰ ਕੁਨਾਲ (ਇਤਿਹਾਸਕ ਨਾਟਕ) ਜੀਵਨ ਕਥਾ ਗੁਰੂ ਤੇਗ ਬਹਾਦਰ ਜੀ, ਗੁਰਮਤਿ ਅਤੇ ਵੇਦਾਂਤ ਵਿਚ ਭਿੰਨਤਾ, ਪਰਮ ਪੁਨੀਤ ਪੁਰਖ, ਕਲਾਧਾਰੀ ਪੁਰਖ, ਪੁਰਸ਼ੋਤਮ ਭਾਸ਼ਕਾਰ (ਸ੍ਰੀ ਸੰਤ ਅਤਰ ਸਿੰਘ ਚਰਿਤਮ੍ ਸੰਸਕ੍ਰਿਤ) ਮਾਨਵੰਸ਼ (ਮਾਨ ਗੋਤ ਦਾ ਇਤਿਹਾਸ) ਸੰਪ੍ਰਦਾਇ ਮਸਤੂਆਣਾ

## ਪਤ੍ਰਕਾਰੀ

ਸੰਪਾਦਕ = (ਮਾਸਕ) ਪੰਜਾਬੀ ਪਰਵਾਨਾ ਕੋਟ ਕਪੂਰਾ

ਉਪ ਸੰਪਾਦਕ = (ਮਾਸਕ) ਖਾਲਸਾ ਪਾਰਲੀਮੈਂਟ ਗਜ਼ਟ ਪੰਚਖੰਡ

ਸੰਪਾਦਕ = (ਮਾਸਕ) ਸਿਧੂ ਬੈਰਾੜ ਬਠਿੰਡਾ

ਸੰਪਾਦਕ = (ਸਪਤਾਹਿਕ) ਨਿਰਮਲ ਚਿੰਤਾਮਣੀ ਕੋਠਾ ਗੁਰੂ

## ਮਾਨ-ਸਨਮਾਨ

ਗਿਆਨੀ ਜੀ ਦੀ ਸਰਬ ਪ੍ਰਥਮ ਪੁਸਤਕ 'ਤਖ਼ਤ ਦਮਦਮਾ ਸਾਹਿਬ' ਨੂੰ ਤਖ਼ਤ ਸਾਹਿਬ ਤੋਂ ਪ੍ਰਸੰਸਾ ਪਤ੍ਰ ਦੇ ਕੇ ਪ੍ਰਮਾਣਿਕ ਗ੍ਰੰਥ ਘੋਸ਼ਿਤ ਕੀਤਾ ਗਿਆ। ਇਹ ਪ੍ਰਸੰਸਾ ਪਤ੍ਰ 'ਤਖ਼ਤ ਦਮਦਮਾ ਸਾਹਿਬ' ਗ੍ਰੰਥ ਦੇ ਆਰੰਭ ਵਿਚ ਛਪਿਆ ਮਿਲਦਾ ਹੈ।

ਤਖ਼ਤ ਦਮਦਮਾ ਸਾਹਿਬ ਤੋਂ (ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਚੰਨਣ ਸਿੰਘ ਜੀ 'ਸ੍ਰੀ ਖੰਡ' ਦੁਆਰਾ ਵੈਸਾਖੀ ਪਰਵ ਤੇ ੧੩ ਅਪ੍ਰੈਲ ੧੯੬੭ ਨੂੰ) ਸਿਰੋਪਾਉ ਅਤੇ 'ਸਾਹਿਤਯ ਸ਼ਾਸਤ੍ਰੀ' ਪੁਰਸਕਾਰ ਦੀ ਬਖਸ਼ਸ਼।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਵਲੋਂ ੧੯ ਅਪ੍ਰੈਲ ੧੯੯੭ ਨੂੰ (ਪੰਜਾਬ ਦੇ ਪਹਿਲੇ ਸੁਤੰਰਤਾ ਸੰਗ੍ਰਾਮੀ ਬਾਬਾ ਮਹਾਰਾਜ ਸਿੰਘ ਜੀ ਦੀ ਸਿਮ੍ਰਤੀ ਵਿਚ) 'ਮਹਾਰਾਜ ਪੁਰਸਕਾਰ'।

ਸਬ ਡਵੀਜ਼ਨ ਰਾਮ ਪੁਰਾ ਫੂਲ ਵੱਲੋਂ ੧੫ ਅਗਸਤ ੨੦੦੧ ਨੂੰ 'ਸਾਹਿਤਕ ਸੇਵਾ' ਪ੍ਰਸੰਸਾ ਪਤ੍ਰ

ਮਾਲਵਾ ਹੈਰੀਟੇਜ ਫ਼ਾਊਂਡੇਸ਼ਨ ਬਠਿੰਡਾ ਵਲੋਂ ੬/੧੧/੨੦੦੫ ਨੂੰ 'ਸਾਹਿਤਯਰਤਨ' ਪੁਰਸਕਾਰ

ਸਿਰਜਣ ਧਾਰਾ ਲੁਧਿਆਣਾ ਵੱਲੋਂ 'ਭਾਈ ਕ੍ਰਿਪਾਲ ਸਿੰਘ ਖ਼ਾਲਸਾ' ਪੁਰਸਕਾਰ

ਤਖ਼ਤ ਸੱਚਖੰਡ ਹਜ਼ੂਰ ਸਾਹਿਬ (ਨਾਦੇੜ) ਤੋਂ ੫ ਅਪ੍ਰੈਲ ੨੦੦੫ ਨੂੰ ਸਿਰੋਪਾਉ ਪੱਤ੍ਰ ਅਤੇ ਸਿਮ੍ਰਤੀ ਚਿੰਨ੍ਹ ਦੀ ਬਖਸ਼ਸ਼।

ਬਾਬਾ ਵਿਰਸਾ ਸਿੰਘ ਮਹਾਰਾਜ ਮੈਮੋਰੀਅਲ ਟਰੱਸਟ ਗੋਬਿੰਦ ਸਦਨ ਨਵੀਂ ਦਿੱਲੀ ਵੱਲੋਂ ੧੯ ਅਕਤੂਬਰ ੨੦੦੮ ਨੂੰ 'ਹਿਸਟੋਰੀਅਨ' ਅਵਾਰਡ

ਪੰਜਾਬੀ ਯੂਨੀਵਰਸਿਟੀ ਲੇਬਰ ਹੁੱਡ ਕੈਂਪਸ ਰਾਮਪੁਰਾ ਫੂਲ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਸੌ ਸਾਲ ਗੁਰਤਾ ਗੱਦੀ ਪਰਵ ਤੇ ਵਿਸ਼ੇਸ਼ ਸਨਮਾਨ।

ਲੇਖਕ ਪਾਠਕ ਮੰਚ ਮਾਨਸਾ ਵੱਲੋਂ ੨੬ ਅਕਤੂਬਰ ੨੦੦੮ ਨੂੰ ਸਨਮਾਨ ਅਤੇ 'ਸੰਤ' ਦੀ ਉਪਾਧੀ।

ਮਲਵਈ ਪੰਜਾਬੀ ਸੱਥ ਲਾਂਬੜਾਂ (ਜਲੰਧਰ) ਦੀ ਇਕਾਈ ਪਿੰਡ ਮੰਡੀ ਕਲਾਂ (ਬਠਿੰਡਾ) ਵਲੋਂ ੨ ਫਰਵਰੀ ੨੦੦੯ ਨੂੰ 'ਭਾਈ ਕਾਨ੍ਹ ਸਿੰਘ ਨਾਭਾ ਪੁਰਸਕਾਰ'

ਪੰਜਾਬੀ ਸੱਥ ਮੰਡੀ ਕਲਾਂ (ਇਕਾਈ) ਦੇ ਮੁਖ ਪ੍ਰਬੰਧਕ ਡਾ. ਲਖਬੀਰ ਸਿੰਘ ਜੀ 'ਨਾਮਧਾਰੀ' ਲਿਖਦੇ ਹਨ।

'ਅੱਜ ਅਸੀਂ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਨਾਮ ਦਾ ਪੁਰਸਕਾਰ ਉੱਘੇ ਉੱਚੇ ਜੀਵਨ ਵਾਲੇ ਖੋਜੀ ਇਤਿਹਾਸਕਾਰ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੂੰ ਦੇ ਕੇ ਮਾਣ ਮਹਿਸੂਸ ਕਰ ਰਹੇ ਹਾਂ।'

## ਅਹੁਦੇ/ਪਦਵੀਆਂ

ਸਰਪੰਚ ਗਰਾਮ ਪੰਚਾਇਤ ਕੋਠਾ ਗੁਰੂ

ਪ੍ਰਧਾਨ = ਗੁਰਮਤਿ ਪ੍ਰਚਾਰਕ ਸਭਾ ਕੋਠਾ ਗੁਰੂ

ਪ੍ਰਧਾਨ = ਮਾਲਵਾ ਚਕਰਵਰਤੀ ਖਾਲਸਾ ਦੀਵਾਨ ਅਮਰਗੜ੍ਹ

ਪ੍ਰਧਾਨ = ਮਾਲਵਾ ਇਤਿਹਾਸ ਖੋਜ ਕੇਂਦਰ ਬਠਿੰਡਾ

ਮੀਤ ਪ੍ਰਧਾਨ = ਸਰਵ ਭਾਰਤ ਨਿਰਮਲ ਮਹਾਂ ਮੰਡਲ (ਰਜਿ:) ਅੰਮ੍ਰਿਤਸਰ

ਮੀਤ ਸਕੱਤਰ = ਪੰਚ ਖਾਲਸਾ ਦੀਵਾਨ ਪੰਚਖੰਡ

ਜਨਰਲ ਸੈਕਟਰੀ = ਸਰਵ ਭਾਰਤ ਨਿਰਮਲ ਮਹਾਂ ਮੰਡਲ (ਰਜਿ:) ਅੰਮ੍ਰਿਤਸਰ

ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ ਵੱਲੋਂ **੧੯੮੮** ਨੂੰ ਮਲੋਟ ਵਿਖੇ ਹੋਈ ਪ੬ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨ ਕਾਨਫਰੰਸ ਸਮੇਂ ਸਹਜਧਾਰੀ ਕਾਨਫਰੰਸ ਦੇ ਕਨਵੀਨਰ ਥਾਪੇ ਗਏ।

੧੯੯੦ ਨੂੰ ਲੁਧਿਆਣਾ ਵਿਖੇ ਪ੭ਵੀਂ ਸਰਬ ਹਿੰਦ ਸਿਖ ਵਿਦਿਅਕ ਕਾਨਫਰੰਸ ਸਮੇਂ ਸੰਤ ਸਮੇਲਨ ਦੇ ਕਨਵੀਨਰ ਨਿਯਤ ਹੋਏ।

ਆਪ ਜੀ ਦੇ ਖੋਜ ਪੂਰਤ ਇਤਿਹਾਸਕ ਲੇਖ ਦੇਸ਼ ਦੇ ਪੰਜਾਬੀ, ਹਿੰਦੀ ਪਤ੍ਰਾਂ ਵਿੱਚ ਛਪਦੇ ਰਹਿੰਦੇ ਹਨ। ਵਾਰਾਣਸੀ ਕਾਸ਼ੀ ਜੀ ਤੋਂ ਛਪਣ ਵਾਲੇ ਸੰਸਕ੍ਰਿਤ ਦੇ ਸਪਤਾਹਿਕ ਪਤ੍ਰ 'ਗੰਡੀਵ' ਵਿੱਚ ਆਪ ਜੀ ਦੇ ਲੇਖ ਪ੍ਰਕਾਸ਼ਤ ਹੁੰਦੇ ਹਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਤ 'ਇਨਸਾਈਕਲੋਪੀਡੀਆ ਆਫ ਸਿਖਇਜ਼ਮ' ਵਿੱਚ ਆਪ ਜੀ ਦੇ ਬਹੁਤ ਸਾਰੇ ਲੇਖ ਸ਼ਾਮਲ ਕੀਤੇ ਗਏ ਹਨ। ਦੇਸ਼ ਦੇ ਕੋਨੇ ਕੋਨੇ ਵਿੱਚ ਧਰਮ ਪ੍ਰਚਾਰ ਕਰ ਰਹੇ ਹਨ। ਨਿਰਮਲ ਭੇਖ ਦੇ ਸਾਧੂ ਸਮਾਜ ਵਿੱਚ ਆਪ ਜੀ ਦਾ ਸਰਵੋਪਰੀ ਸਤਿਕਾਰ ਹੈ। ਦੇਸ਼ ਦੇ ਚਾਰੇ ਕੁੰਭ ਪਰਵਾਂ ਹਰਿਦਵਾਰ, ਪ੍ਰਯਾਗਰਾਜ (ਇਲਾਹਾਬਾਦ), ਉਜੈਨ ਅਤੇ ਤ੍ਰਿਯੰਬਕ (ਨਾਸਿਕ) ਵਿਚ ਨਿਰਮਲ ਭੇਖ ਦੇ ਸੰਤ ਸੰਮੇਲਨ ਦੇ ਮੰਚ ਸੰਚਾਲਕ (ਸਟੇਜ ਸਕੱਤ੍ਰ) ਆਪ ਹੀ ਹੁੰਦੇ ਹਨ।

ਰਾਜਨੀਤੀਕ ਪਾਰਟੀਆਂ ਤੋਂ ਦੂਰ ਰਹਿਣ ਵਾਲੇ ਕੇਵਲ ਧਾਰਮਿਕ ਵ੍ਰਿਤੀ ਦੇ ਧਾਰਨੀ, ਨਾਮ ਅਭਿਆਸ਼ੀ, ਸਿਮਰਨ ਵਾਲੇ, ਸਮ ਦ੍ਰਿਸ਼ਟੀ ਸਮ ਦਰਸ਼ੀ, ਮਹਾਂਪੁਰਖ ਹਨ। ਆਪ ਜੀ ਵਿੱਚ ਹਉਮੈਂ/ਅਹੰਕਾਰ ਦਾ ਕਦੀ ਅਭਾਸ ਨਹੀਂ ਆਇਆ। ਆਪ ਜੀ ਦਾ ਜਨਮ ਤੋਂ ਹੀ ਜੀਵਨ ਸ਼੍ਰੇਸ਼ਟ ਅਤੇ ਪਵਿੱਤ੍ਰ ਹੈ। ਆਪ ਜੀ ਨੇ ਜੀਵਨ ਵਿੱਚ ਇਕ ਵਾਰ ਵੀ ਕਿਸੇ ਮਾਦਕ ਪਦਾਰਥ (ਸ਼ਰਾਬ, ਅਫੀਮ, ਭੰਗ ਆਦਿਕ) ਦਾ ਪ੍ਰਯੋਗ ਨਹੀਂ ਕੀਤਾ ਨਾ ਹੀ ਕਿਸੇ ਤਾਮਸੀ ਪਦਾਰਥ (ਮਾਸ ਆਦਿਕ) ਦੀ ਵਰਤੋਂ ਕੀਤੀ ਹੈ। ਦੰਭ/ਪਖੰਡ ਤੋਂ ਕੋਹਾਂ ਦੂਰ ਹਨ। ਸਤਿ ਭਾਸ਼ੀ, ਮਿਤ ਭਾਸ਼ੀ, ਮਧਰ ਭਾਸ਼ੀ, ਸਤਿਵਾਦੀ, ਉੱਚ ਜੀਵਨ ਆਚਰਨ ਵਾਲੇ ਹਨ।

ੴ ਸਤਿਗੁਰ ਪ੍ਰਸਾਦਿ ॥

# ਨਿਰਮਲ ਪੰਥ ਦੀ ਗੌਰਵ ਗਾਥਾ

ਨਿਰਮਲ ਭੇਖ ਵਿਦਵਾਨਾਂ ਦੀ ਸੰਪ੍ਰਦਾਇ ਹੈ। ਇਸ ਸੰਪ੍ਰਦਾਇ ਦਾ ਸਾਹਿਤਯ/ਇਤਿਹਾਸ ਵਿੱਚ ਪਾਇਆ ਯੋਗਦਾਨ ਗੌਰਵਸ਼ਾਲੀ ਹੈ। ਇਸ ਸੰਪ੍ਰਦਾਇ ਨੇ ਜਨ ਸਾਧਾਰਨ ਨੂੰ ਗਿਆਨ ਦੇ ਦੀਪਕ ਨਾਲ ਵਿਵੇਕ-ਬੁੱਧੀ ਦਾ ਪ੍ਰਕਾਸ਼ ਬਖਸ਼ਿਆ ਹੈ। ਵਿਸ਼੍ਵ ਦੇ ਕੋਨੇ-ਕੋਨੇ ਵਿਚ ਗੁਰਮਤਿ/ਗੁਰਬਾਣੀ ਦਾ ਪ੍ਰਵਾਹ ਚਲਾਇਆ, ਮਨੁੱਖਤਾ ਨੂੰ ਸਦ ਮਾਰਗ ਪਾਇਆ। ਅੰਧ ਵਿਸ਼੍ਵਾਸ/ਅਗਿਆਨਤਾ ਦੇ ਹਨ੍ਹੇਰੇ ਵਿੱਚੋਂ ਕਢਕੇ 'ਧਰਮ' ਅਤੇ 'ਸੱਤਿ' ਤੋਂ ਜਾਣੂ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਅਨਯ ਸਤਿਗੁਰੂਆਂ ਦੇ ਸਿਧਾਂਤ ਤੋਂ ਜਾਣੂ ਕਰਵਾ ਕੇ ਗੁਰਬਾਣੀ ਦਾ ਉਪਦੇਸ਼ ਪ੍ਰਾਣੀ-ਮਾਤ੍ਰ ਦੇ ਹਿਰਦੇ ਵਿੱਚ ਵਸਾਇਆ ਹੈ।

ਸਤਿਗੁਰੂ ਨਾਨਕ ਦੇਵ ਜੀ ਦਾ ਨਿਰਮਲ ਪੰਥ ਮਨੁੱਖਤਾ ਦੀ ਕਲਿਆਣ ਵਾਸਤੇ ਪੰਜ ਸੌ ਵਰਸ਼ ਤੋਂ ਧਰਮ ਪ੍ਰਚਾਰ ਅਤੇ ਪ੍ਰਸਾਰ ਦੀ ਸੇਵਾ ਕਰਦਾ ਆ ਰਿਹਾ ਹੈ ਅਤੇ ਭਵਿਸ਼ਯਤ ਵਿੱਚ ਕਰਦਾ ਰਹੇਗਾ।

ਜਦੋਂ ਵਿਸ਼੍ਵ ਦੀ ਮਰਿਯਾਦਾ ਭੰਗ ਹੋ ਜਾਂਦੀ ਹੈ, ਜਦੋਂ ਮਨੁੱਖਤਾ ਮਰਿਯਾਦਾ ਤੋਂ ਭਟਕ ਜਾਂਦੀ ਹੈ, ਜਦੋਂ 'ਸੱਤਿ' ਅਲੋਪ ਹੋ ਜਾਂਦਾ ਹੈ। ਅਸੱਤਿ, ਅਧਰਮ, ਅਗਿਆਨਤਾ ਦਾ ਹਨ੍ਹੇਰਾ ਛਾ ਜਾਂਦਾ ਹੈ ਤਦੋਂ ਈਸ਼੍ਵਰ ਦੀ ਜਯੋਤੀ ਪ੍ਰਗਟ ਹੁੰਦੀ ਹੈ । ਨਿਰਗੁਣ ਤੋਂ ਸਰਗੁਣ ਦਾ ਆਵਰਭਾਵ ਹੁੰਦਾ ਹੈ। ਗੁਰੂ ਕਲਗੀਧਰ ਸ੍ਵਾਮੀ ਜੀ ਫੁਰਮਾਉਂਦੇ ਹਨ :

***ਜਬ ਜਬ ਹੋਤ ਅਰਿਸਟ ਅਪਾਰਾ ॥ ਤਬ ਤਬ ਦੇਹ ਧਰਤ ਅਵਤਾਰਾ ॥***

'ਰਾਮਚਰਿਤ ਮਾਨਸ' ਵਿੱਚ ਤੁਲਸੀ ਦਾਸ ਜੀ ਕਹਿੰਦੇ ਹਨ :

***'ਜਬ ਜਬ ਹੋਏ ਧਰਮ ਕੀ ਹਾਨੀ। ਬੜੇ ਅਸੁਰ ਅਧਮ ਅਭਿਮਾਨੀ।***
***ਕਰੈ ਅਨੀਤੀ ਜਾਏ ਨਹੀਂ ਵਰਨੀ। ਸੀਂਧਹੈ ਵਿਪਰ ਧੈਨ ਸੁਰ ਧਰਨੀ।***
***ਤਬ ਤਬ ਪ੍ਰਭੂ ਧਰ ਦਿਵਯ ਸਰੀਰਾ। ਹਰੈ ਕ੍ਰਿਪਾਨਿਧੀ ਸਜਨ ਪੀਰਾ।'***

ਅਜੇਹੀ ਦਸ਼ਾ ਸਮੇਂ **ਪਾਪ ਗਿਰਾਸੀ ਪਿਰਥਮੀ ਧੌਲ ਖੜਾ ਧਰ ਹੇਠ ਪੁਕਾਰਾ।** ਵਾਲਾ ਵਰਤਾਰਾ ਵਰਤਣ ਲਗਾ। ਮੁਸਲਮਾਨ ਹੁਕਮਰਾਨ ਭਾਰਤੀ ਸਭਿਆਚਾਰ ਨੂੰ ਖਤਮ ਕਰਨ ਲੱਗੇ। ਅਣਖ, ਗੈਰਤ, ਸ੍ਵੈਮਾਨ, ਧਰਮ, ਭਾਸ਼ਾ, ਗ੍ਰੰਥ, ਇਤਿਹਾਸ, ਦਰਸ਼ਨ ਨੂੰ ਮਿਟਾਇਆ ਜਾਣ ਲੱਗਾ। ਰਾਜ ਪ੍ਰੰਬਧਕ ਪਾਪੀ/ਅਤਿਆਚਾਰੀ ਬਣ ਗਏ। ਧਰਮ (ਸੱਤ, ਖਿਮਾ, ਦਇਆ) ਪਰ ਲਾਕੇ ਉਡ ਗਿਆ। ਦੇਸ ਵਿੱਚ ਕੂੜ ਦੀ ਅਮਾਵਸ ਪੈ ਗਈ। ਇਸ ਸਮੇਂ ਦਾ ਵਰਣਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੂਯੰ ਕੀਤਾ ਹੈ :

***ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥***
***ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥***

*(ਪੰਨਾ ੧੪੫)*

ਅਤਿਆਚਾਰਾਂ ਦੀ ਸਿਖਰ ਹੋ ਗਈ ਤਾਂ ਦੁਖੀ ਹੋਈ ਮਨੁੱਖਤਾ ਨੇ ਅਰਦਾਸ ਕੀਤੀ :

***ਜਗਤ ਜਲੰਦਾ ਰਖਿ ਲੈ ਅਪਣੀ ਕਿਰਪਾ ਧਾਰਿ ॥***

***ਜਿਤੁ ਦੁਆਰੇ ਉਬਰੈ ਤਿਤੈ ਲੈਹੁ ਉਬਾਰਿ ॥*** *(ਪੰਨਾ ੮੫੩)*

ਇਸ ਪ੍ਰਕਾਰ ਸੁਖ-ਸ਼ਾਂਤੀ, ਸ੍ਵੈਮਾਨ, ਸ੍ਵੈ-ਸਤਿਕਾਰ, (ਅਣਖ-ਗੈਰਤ) ਸੰਸਕ੍ਰਿਤੀ/ਸਭਿਆਚਾਰ, ਧਰਮ ਦੀ ਸਥਾਪਨਾ ਵਾਸਤੇ ਸਤਿਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਇਆ। ਭਾਈ ਗੁਰਦਾਸ ਜੀ ਨੇ ਲਿਖਿਆ ਹੈ :

***ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ ॥*** *(ਪੰਨਾ ੧/੨੩)*

***ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥***

***ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲ ਕਰਿਯਉ ॥***

*(ਪੰਨਾ ੧੩੯੫)*

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਬਾਰੇ ਭਵਿਸ਼ਜਤ ਪੁਰਾਣ ਵਿਚ ਕਥਨ ਕੀਤਾ ਮਿਲਦਾ ਹੈ :

**"तदा व लोकरक्षार्थम्लेच्छाना नाशहेतवे।**

**पश्चिमेतु शुभे देशेबेदिवंशे च नानकः।"**

ਪਾਰਬ੍ਰਹਮ ਪੂਰਨਬ੍ਰਹਮ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ੧੫੨੬ ਬਿ: (੧੪੬੯ ਈ:) ਵਿਚ ਰਾਏ ਭੋਇੰ ਦੀ ਤਲਵੰਡੀ (ਸ੍ਰੀ ਨਨਕਾਣਾ ਸਾਹਿਬ-ਹੁਣ ਪਾਕਿਸਤਾਨ) ਵਿਚ ਪ੍ਰਗਟ ਹੋਏ। ਆਪ ਅਵਤਾਰ ਸਮੇਂ ਤੋਂ ਹੀ ਸਤਿਗੁਰੂ ਸਨ। ਇਸ ਵਾਸਤੇ ਬਾਲ-ਵਰੇਸ ਅਵਸਥਾ ਤੋਂ ਕਰਣੀ, ਚਰਿਤ੍ਰ, ਘਾਲਣਾ ਦੁਆਰਾ ਉਪਦੇਸ਼ ਦਿੰਦੇ ਰਹੇ। ੪ ਮੱਘਰ ਸੰਮਤ ੧੫੬੧ ਬਿ: (੩੦ ਅਕਤੂਬਰ ੧੫੦੪ ਈ:) ਵਿਚ ਸੁਲਤਾਨਪੁਰ ਜ਼ਿਲਾ ਕਪੂਰਥਲਾ ਵਿਖੇ ਆਏ। ਇਥੇ ਦੋ ਵਰਸ਼ ਦਸ ਮਹੀਨੇ ਸੰਸਾਰਕ ਕੰਮਾਂ ਦੁਆਰਾ ਕਮਲ ਦੀ ਤਰ੍ਹਾਂ ਨਿਰਲੇਪ ਰਹਿਣ ਦਾ, ਸੰਸਾਰਕ ਵਿਵਹਾਰ ਕਰਨ ਦਾ, ਸ੍ਵਯੰ ਕਮਾ ਕੇ ਉਪਦੇਸ਼ ਦਿੱਤਾ। ਭਾਦੋਂ ਸੁਦੀ ੧੩ ਸੰਮਤ ੧੫੬੪ਬਿ. ਨੂੰ ਵੇਈਂ ਨਦੀ ਦੁਆਰਾ ਸੱਚਖੰਡ ਪੁੱਜਕੇ ਮੂਲ ਮੰਤ੍ਰ *(੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥)* ਲੈਕੇ ਆਏ ਅਤੇ ਸਾਰੇ ਸੰਸਾਰ ਨੂੰ ਵਰਤਾਉਣ ਲੱਗੇ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਗੁਰੁਮੰਤ੍ਰ ਪ੍ਰਾਪਤ ਕਰਨ ਵਾਲਾ ਪਹਿਲਾ ਨਿਰਮਲਾ ਸੰਤ ਭਾਈ ਭਾਗੀਰਥ ਹੈ। ਭਾਈ ਭਾਗੀਰਥ ਦਾ ਪਿੰਡ ਮੈਲਸੀਹਾਂ (ਸੁਲਤਾਨਪੁਰ ਲੋਧੀ ਨੇੜੇ) ਜ਼ਿਲਾ ਕਪੂਰਥਲਾ ਵਿੱਚ ਹੈ। ਆਪ ਜੀ ਦਾ ਜਨਮ ਕੱਤਕ ਸੁਦੀ ਦਸਵੀਂ ਸੰਮਤ ੧੫੨੫ ਬਿ: ਵਿੱਚ ਹੋਇਆ। ਸੰਮਤ ੧੫੫੩ ਬਿ. ਵਿੱਚ ਸਤਿਗੁਰੂ ਜੀ ਦੇ ਚਰਨਾਂ ਵਿੱਚ ਆਏ। ਭਾਦੋਂ ਸੁਦੀ ੧੫ ਸੰਮਤ ੧੫੬੪ ਨੂੰ ਸਤਿਗੁਰੂ ਜੀ ਨੇ ਮੰਤ੍ਰ ਦਾ ਉਪਦੇਸ਼ ਤੇ ਨਿਰਮਲ ਭੇਖ ਦਿੱਤਾ। ਭਾਈ ਭਾਗੀਰਥ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਵਿਚ ਆਉਣ ਤੋਂ ਪਹਿਲਾਂ ਕਾਲੀ ਦੇਵੀ ਦਾ ਉਪਾਸ਼ਕ ਸੀ। ਭਾਈ ਭਾਗੀਰਥ ੧੫੬੫ ਬਿ: ਵਿੱਚ ਬ੍ਰਹਮਲੀਨ ਹੋ ਗਏ। ਆਪ ਪਿੰਡ ਦੇ ਨੰਬਰਦਾਰ ਸਨ। ਆਪ ਜੀ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ :

***'ਮੈਲਸੀਹਾਂ ਵਿਚ ਆਖੀਐ ਭਾਗੀਰਥ ਕਾਲੀ ਗੁਣ ਗਾਵੈ।'***

*(ਪੰਨਾ ੧੧/੧੪)*

ਭਾਈ ਭਾਗੀਰਥ ਨੇ ਸਤਿਗੁਰੂ ਜੀ ਦੀ ਉਸਤਤਿ ਵਿਚ ਇਕ ਵਾਰ ਵੀ ਲਿਖੀ ਹੈ।

*'ਬਾਬਾ ਵੇਈਂ ਨ੍ਹਾਇ ਕੇ, ਸਚਖੰਡ ਮੈਂ ਪਹੁਤਾ ਜਾਈ।*
*ਬਿਸ਼ਨ ਦੇਵ ਖੁਸ਼ ਹੋਇ ਕੈ, ਗੁਰ ਮੰਤ੍ਰ ਦੈ ਕਲਾ ਵਧਾਈ।*
*ਹਥ ਕੁਮੰਡਲ ਮਾਲ ਗਲ, ਆਸਨ ਆਸਾ ਪਊਏ ਦਾਈ।*
*ਟੋਪੀ ਚੋਲਾ ਬਰਣ ਨੈ, ਭੇਟਾ ਦੇ ਗਲ ਸੇਲੀ ਪਾਈ।*
*ਵੇਈ ਵਿੱਚੋਂ ਨਿਕਲੇ, ਤਨ ਪਰ ਭਗਵੈ ਬਸਨ ਸੁਹਾਈ।*
*ਬੈਠੇ ਕਬਰ ਸਥਾਨ ਮੈ, ਦਰਸ਼ਨ ਕੋ ਉਮਡੀ ਲੋਕਾਈ।*
*ਵਾਹਗੁਰੂ ਸਤਿਨਾਮੁ ਦੇ, ਚਾਰਿ ਵੇਦ ਕੋ ਸਾਰ ਬਤਾਈ।'*

*(ਵਾਰ ਭਾਗੀਰਥੀ ਪਉੜੀ ੩੩)*

ਵੇਈਂ ਵਿਚੋ ਪ੍ਰਗਟ ਹੋ ਕੇ ਸਤਿਗੁਰੂ ਜੀ ਸ਼ਹਿਰ ਤੋਂ ਦੂਰ ਮਸਾਣਾ/ਕਬਰਾਂ ਵਿੱਚ ਬੈਠ ਗਏ। ਇਸ ਦ੍ਰਿਸ਼ਜ ਨੂੰ ਭਾਈ ਸੰਤੋਖ ਸਿੰਘ ਜੀ ਇਸ ਤਰ੍ਹਾਂ ਅੰਕਿਤ ਕਰਦੇ ਹਨ :

*'ਨਾਨਕ ਜੀ ਇਵ ਆਨਨ ਤੇ ਭਨ ਥਾਨ ਮਸਾਨਨ ਕੈ ਚਲਿ ਆਏ।*
*ਗੋਰ ਮਰੀ ਮਹਿ ਬੈਸ ਗਏ ਦਰਵੇਸ਼ ਕੋ ਬੇਸ ਸਰੀਰ ਬਨਾਏ।'*

ਇਹ ਵੀ ਗਲ ਯਾਦ ਰਖਣ ਵਾਲੀ ਹੈ, ਵੇਈ ਨਦੀ ਦੇ ਜਿਸ ਘਾਟ ਤੇ ਸਤਿਗੁਰੂ ਜੀ ਪ੍ਰਗਟ ਹੋਏ ਸਨ, ਉਸ ਗੁਰਦੁਆਰਾ ਸਾਹਿਬ ਦਾ ਨਾਮ 'ਸੰਤ ਘਾਟ' ਪ੍ਰਸਿੱਧ ਹੈ।

ਭਗਵੇਂ ਵਸਤਰ ਧਾਰਨ ਕਰਨੇ, ਘਰ ਦਾ ਤਿਆਗ, ਜੰਗਲ ਵਿੱਚ ਏਕਾਂਤ ਬੈਠ ਜਾਣਾ, ਜਨ ਸਾਧਾਰਨ ਦਾ ਦਰਸ਼ਨ ਵਾਸਤੇ ਆਉਣਾ ਅਤੇ ਸਭ ਨੂੰ 'ਸਤਿਨਾਮੁ' ਦਾ ਉਪਦੇਸ਼ ਦੇਣਾ। ਇਹ ਰਹਿਤ ਨਿਰਮਲੇ ਸੰਤ ਹੁਣ ਤੱਕ ਧਾਰਨ ਕਰਦੇ ਆ ਰਹੇ ਹਨ। ਬਾਅਦ ਵਿੱਚ ਜਿਵੇਂ-ਜਿਵੇਂ ਦਸੇ ਸਤਿਗੁਰੂ ਜੀ ਰਹਿਤ ਮਰਿਯਾਦਾ ਵਿੱਚ ਪਰਿਵਰਤਨ ਕਰਦੇ ਰਹੇ, ਨਿਰਮਲੇ ਸੰਤ ਉਸੀ ਤਰ੍ਹਾਂ ਪਰਵਾਨ ਕਰਦੇ ਰਹੇ। ਜਦੋਂ ਦਸਮ ਪਾਤਸ਼ਾਹ ਨੇ ਖੰਡੇ ਦੇ ਅੰਮ੍ਰਿਤ ਦੀ ਮਰਿਯਾਦਾ ਤੋਰੀ ਤਾਂ ਸਮੂੰਹ ਨਿਰਮਲੇ ਮਹਾਂਪੁਰਖਾਂ ਨੇ ਸਭ ਤੋਂ ਪਹਿਲਾਂ ਅੰਮ੍ਰਿਤਪਾਨ ਕੀਤਾ।

ਵਾਸਤਵ ਵਿਚ ਸਤਿਗੁਰੂ ਨਾਨਕ ਦੇਵ ਜੀ ਨੇ ਆਪਣੀ ਸੰਗਤ ਦਾ ਨਾਮ 'ਨਿਰਮਲ ਪੰਥ' ਨਿਯਤ ਕੀਤਾ ਹੈ। ਰਹਿਤ ਅਨੁਸਾਰ ਭਗਵੇਂ ਵਸਤਰ ਧਾਰਨ ਕਰਨੇ, ਵਿਦਿਆ ਅਧਿਐਨ ਕਰਨਾ, ਉਚੇ ਆਚਰਨ ਦੇ ਧਾਰਨੀ, ਮਾਦਕ ਪਦਾਰਥਾਂ ਤੋਂ ਰਹਿਤ, ਨਾਮ-ਬਾਣੀ ਦੇ ਅਭਿਆਸੀ, ਸੰਸਾਰ ਭ੍ਰਮਣ ਕਰਕੇ ਸਰਬੱਤ ਨੂੰ ਗੁਰਬਾਣੀ, ਗੁਰੂ ਨਾਨਕ ਦੇ ਘਰ ਨਾਲ ਜੋੜਨਾ ਨਿਰਮਲ ਭੇਖ ਦਾ ਮੁੱਖ ਲਕਸ਼ ਹੈ।

ਹੁਣ ਅਸੀਂ ਸਿੱਖ ਪੰਥ ਦੇ ਇਤਿਹਾਸ ਵਿਚੋਂ ਨਿਰਮਲ ਪੰਥ ਦੇ ਨਾਮਕਰਣ ਅਤੇ ਭਗਵੇਂ ਵਸਤਰਾਂ ਦੀ ਇਤਿਹਾਸਕ ਵਿਸ਼ੇਸ਼ਤਾ ਬਾਰੇ ਅੰਕਿਤ ਕਰਦੇ ਹਾਂ :

*'ਸਿਰ ਪਰ ਨੁਕਤਾ ਯੁਗਲ ਗਜ, ਗਲ ਖਫਨੀ ਵਰ ਚੀਰ।*
*ਸੰਬਯਾਨਾ 'ਭਗਵਾ, ਸਜੇ, ਧਾਰਿਓ ਭੇਖ ਸਰੀਰ।'*

**ਭਾਵ**-ਸਿਰ ਉੱਤੇ ਦੋ ਗਜ ਦਾ ਚਕੂਟਾ, ਗਲ ਵਿਚ ਖਫਨੀ, ਭਗਵਾਂ ਚਾਦਰਾ (ਗਾਤੀ) ਇਸ ਤਰ੍ਹਾਂ ਭੇਖ ਧਾਰਨ ਕੀਤਾ।

*'ਚਾਰਿ ਪਟੰਬਰ ਪੁਨ ਪਸ਼ਮੰਬਰ। ਪਹਿਰੇ ਸ਼ੁਭਿਤ ਵਿਸ਼ਾਲਹਿ ਸੁੰਦਰ।*

*ਸੋ ਭਗਵੇ ਧਰ ਚੀਰ ਸਰੀਰਾ। ਬੈਸੇ ਇਮ ਸਜ ਭੇਖ ਫਕੀਰਾ।'*[1]

**ਭਾਵ**-ਰੇਸ਼ਮ ਦੇ ਵਸਤਰ, ਪਸ਼ਮੀਨੇ ਦੇ ਚਾਦਰੇ ਉਪਰ ਲੈਕੇ ਸੁਭਾਇਮਾਨ ਹੋ ਰਹੇ ਹਨ। ਇਹ ਸਾਰੇ ਭਗਵੇਂ ਵਸਤਰ ਪਹਿਨਕੇ ਸੰਤ ਭੇਖ ਵਿਚ ਸੁਭਾਇਮਾਨ ਹੋ ਰਹੇ ਹਨ।

*'ਭੇਖ ਗੁਰੂ ਕੋ ਦੇਖ ਕਰ, ਪਿਤ ਵਿਸੇਖ ਰਿਸ਼ ਮਾਨ।*
*ਕਟਿ ਕੁਪੀਨ ਇਕ ਨੁਕਤ ਕਰ, ਦੋ ਭਗਵੇਂ ਸੰਬਯਾਨ।'*

.... .... .... .... .... .... ....

*'ਭਗਵੇਂ ਚੀਰ ਸਰੀਰ ਵਿਰਾਜੇ। ਜਿਨ ਕੇ ਦਰਸਨੁ ਕਲਮਲ ਭਾਜੇ।'*[2]

**ਭਾਵ**= (ਸਤਿਗੁਰੂ ਜੀ ਦੇ ਸਰੀਰ ਤੇ) ਭਗਵੇਂ ਵਸਤਰ ਸੁਭਾਇਮਾਨ ਹੋ ਰਹੇ ਹਨ ਜਿਨ੍ਹਾਂ ਦੇ ਕੇਵਲ ਦਰਸ਼ਨ ਨਾਲ ਪਾਪ ਮਿਟ ਜਾਂਦੇ ਹਨ।

*'ਭਗਵੇਂ ਸੋਹਤ ਨਹਿਂ ਤੁਝ ਤਾਈਂ। ਮਾਨਹੁ ਕਹਿਓ ਮਾਤ ਬਲ ਜਾਈਂ।'*[3]

**ਭਾਵ**= (ਸਤਿਗੁਰੂ ਜੀ ਦਾ ਭਗਵਾਂ ਪਹਿਰਾਵਾ ਵੇਖਕੇ) ਮਾਤਾ ਜੀ ਨੇ ਕਿਹਾ ਕਿ ਇਹ ਭਗਵੇ ਵਸਤਰ ਚੰਗੇ ਨਹੀਂ ਲਗਦੇ, ਇਹ ਉਤਾਰ ਦਿਉ।

*'ਭਗਵੇਂ ਚੀਰ ਸ਼ਰੀਰਹਿ ਛਾਜੇ। ਸੁਭਾਗ ਸਿਤਾ ਸਿਤ ਸਮਸ਼ ਵਿਰਾਜੇ।*
*ਤੀਨ ਲੋਕ ਕੇ ਕਰਤਾ ਜੋਊ। ਭੇਖ ਫਕੀਰੀ ਵਿਚਰਤ ਸੋਊ।'*[4]

**ਭਾਵ**= ਸਰੀਰ ਉਤੇ ਭਗਵੇਂ ਵਸਤਰ ਪਹਿਨੇ ਹੋਏ ਹਨ, ਪਵਿਤਰ ਦਾਹੜਾ ਕੁਝ ਚਿੱਟਾ ਕੁਝ ਕਾਲਾ ਸੁਭਾਇਮਾਨ ਹੋ ਰਿਹਾ ਹੈ। ਸਰਵ ਬ੍ਰਹਮੰਡਾਂ ਦੇ ਸ੍ਵਾਮੀ ਹੋਕੇ ਸੰਤ ਭੇਖ ਵਿਚ ਰਹਿ ਰਹੇ ਹਨ। ਸਤਿਗੁਰੂ ਜੀ ਨੇ ਸਾਰੇ ਵਿਸ਼੍ਵ ਦੇ ਕਲਿਆਣ ਵਾਸਤੇ ਭ੍ਰਮਣ ਕੀਤਾ। ਇਸ ਸਮੇਂ ਆਪ ਜੀ ਨੂੰ ਸਭ ਮਿਲਣ ਵਾਲੇ 'ਨਾਨਕ ਤਪਾ', 'ਨਾਨਕ ਦਰਵੇਸ਼' ਕਹਿਕੇ ਸੰਬੋਧਨ ਕਰਦੇ ਰਹੇ ਹਨ। ਇਹ ਤਾਂ ਹੀ ਸੀ ਜੇਕਰ ਆਪ 'ਸੰਤ' ਰਹਿਤ ਰਖਦੇ ਸਨ। ਸਤਿਗੁਰੂ ਨਾਨਕ ਦੇਵ ਜੀ ਦੇ ਇਸ ਭਗਵੇਂ ਭੇਖ ਦਾ ਭਾਈ ਬਾਲੇ ਵਾਲੀ ਜਨਮ ਸਾਖੀ, ਪੁਰਾਤਨ ਜਨਮ ਸਾਖੀ, ਭਾਈ ਮਿਹਰਬਾਨ ਵਾਲੀ ਜਨਮ ਸਾਖੀ ਅਤੇ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਆਦਿਕ ਸਾਰੇ ਪੁਰਾਤਨ ਗ੍ਰੰਥਾਂ ਵਿਚ ਵਿਸਤਾਰ ਪੂਰਬਕ ਵਰਣਨ ਮਿਲਦਾ ਹੈ।

ਸ੍ਰ: ਸ਼ਮਸ਼ੇਰ ਸਿੰਘ ਜੀ 'ਅਸ਼ੋਕ' ਕਿੰਨੇ ਸੁੰਦਰ ਸ਼ਬਦਾਂ ਵਿਚ ਪ੍ਰੋੜ੍ਹਤਾ ਕਰਦੇ ਹਨ :

*"ਨਿਰਮਲ ਸਾਧੂਆਂ ਦੇ ਭਗਵੇਂ ਜਾਂ ਚਿੱਟੇ ਭੇਸ ਨੂੰ ਵੇਖ ਕੇ ਕਿਸੇ ਤਰ੍ਹਾਂ ਨੁਕਤਾਚੀਨੀ ਕਰਨੀ ਮੁਨਾਸਿਬ ਨਹੀਂ ਜਾਪਦੀ ਤੇ ਉਨ੍ਹਾਂ ਦਾ ਇਹ ਭੇਖ ਅਸੂਲੀ ਤੌਰ ਉਤੇ ਨਿੰਦਣ-ਯੋਗ ਨਹੀਂ ਮੰਨਿਆ ਜਾ ਸਕਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਖ ਧਰਮ ਦਾ ਪ੍ਰਚਾਰ ਸਿਰਫ ਪੰਜਾਬ ਤੱਕ ਹੀ ਸੀਮਤ ਨਹੀਂ ਰੱਖਣਾ ਸੀ। ਇਸ ਲਈ ਨਿਰਮਲੇ ਸਾਧੂਆਂ ਨੂੰ ਅਤੀਤ ਭੇਸ ਧਾਰਨ ਦੀ ਖੁਲ੍ਹ ਦੇ ਕੇ ਉਨ੍ਹਾਂ ਨੇ ਸਿੰਘਾਂ ਦੇ ਬਨਾਰਸੋਂ ਮੁੜਨ ਸਾਰ ਦੇਸ ਦੇ ਹਰੇਕ ਇਲਾਕੇ ਵਿਚ ਭੇਜਿਆ ਅਤੇ ਫੇਰ ਅਨੰਦਪੁਰ ਛੱਡ ਕੇ ਮਾਲਵੇ ਦੇ ਇਲਾਕੇ ਜਾਣ ਸਮੇਂ ਦਮਦਮੇ ਤੋਂ ਨੰਦੇੜ ਤਕ ਉਨ੍ਹਾਂ ਨੂੰ ਆਪਣੇ ਸੰਗ ਹੀ ਰਖਿਆ। ਪੰਡਿਤ ਕਰਮ ਸਿੰਘ, ਦਰਗਾਹ ਸਿੰਘ ਆਦਿ ਨਿਰਮਲੇ ਸਾਧੂ ਜਿਨ੍ਹਾਂ ਤੋਂ ਆਪ ਨਿਤਾਪ੍ਰਤੀ ਪੁਰਾਤਨ ਗ੍ਰੰਥਾਂ ਦੀ ਕਥਾ ਸੁਣਿਆ ਕਰਦੇ ਸਨ, ਧੁਰ ਦੱਖਣ (ਨੰਦੇੜ) ਤਕ ਆਪ ਦੇ ਹਮ-ਰਕਾਬ ਰਹਿੰਦੇ ਰਹੇ।"*

*(ਨਿਰਮਲ ਸੰਪ੍ਰਦਾਇ ਪੰਨਾ ੧੪੯)*

---

*੧. ਸੂ. ਪ੍ਰ. ਅ. ੩੪ ਛੰਦ ੩੦ ਪੂ*
*੨. ਅ.੫੩ ਛੰਦ ੨੦ ਪੂ*
*੩. ਗੁਰ: ਪ੍ਰ: ਸੂ: ਅਧਸ ੫ ਛੰਦ ੨੭*
*੪. ਅ. ੨੯, ਛੰਦ ੧੯ ਉ*

# ਨਾਮ ਕਰਣ-'ਨਿਰਮਲ ਪੰਥ'

***"ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥੁ ਚਲਾਯਾ ॥"***

*(੧/੪੫)*

ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰਾਂ ਦੀ ਸੰਗਤ ਦਾ ਸੰਪ੍ਰਦਾਈ ਨਾਉਂ 'ਨਿਰਮਲ ਪੰਥ' ਹੈ। 'ਨਿਰਮਲ' ਸ਼ਬਦ ਦਾ ਅਰਥ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ 'ਮਹਾਨ ਕੋਸ਼' ਵਿਚ ਇਸ ਤਰ੍ਹਾਂ ਕੀਤਾ ਹੈ :

**'ਨਿਰਮਲ**-ਮੈਲ ਰਹਿਤ, ਪ੍ਰਕਾਸ਼, ਉਜਾਲਾ, ਰੌਸ਼ਨ, ਕਲੰਕ ਰਹਿਤ, ਸ੍ਰੇਸ਼ਟਾਚਾਰੀ, ਨਿਰਵੈਰ, ਅਵਿਦਿਆ, ਮੈਲ ਰਹਿਤ, ਨਿਰਮਲ ਧਰਮ-(ਖਾਲਸਾ ਧਰਮ) ਸਿੱਖ ਧਰਮ, ਨਿਰਮਲ ਪੰਥ-ਸਿੱਖ ਸੰਪ੍ਰਦਾਇ।'

***'ਅਹਿਨਿਸਿ ਨਵਤਨ ਨਿਰਮਲਾ ਮੈਲਾ ਨ ਕਬਹੂੰ ਹੋਇ।'*** *(ਪੰਨਾ ੭੬੦)*

ਸਿੱਖ ਧਰਮ ਧਾਰਨ ਵਾਲਾ ਗੁਰੂ ਨਾਨਕ ਦਾ ਸਿੱਖ ਕਿਹੋ ਜਿਹਾ ਹੁੰਦਾ ਹੈ ?

***ਸਾਧ ਸੰਗ ਹੋਏ ਨਿਰਮਲਾ ਨਾਨਕ ਪ੍ਰਭ ਕੇ ਰੰਗ ॥*** *(ਪੰਨਾ ੨੯੭)*

***ਸਬਦ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥*** *(ਪੰਨਾ ੨੭)*

ਪੁਰਾਤਨ ਗ੍ਰੰਥਾਂ ਵਿਚ ਸਤਿਗੁਰੂ ਜੀ ਦੀ ਸੰਪ੍ਰਦਾਇ ਦਾ 'ਨਿਰਮਲ ਪੰਥ' ਨਾਮ ਨਾਲ ਹੀ ਜ਼ਿਕਰ ਆਇਆ ਹੈ। ਭਾਈ ਬਾਲੇ ਵਾਲੀ ਜਨਮ ਸਾਖੀ ਦੀ ਮੱਕੇ ਦੀ ਗੋਸਟ ਵਿਚ ਲਿਖਿਆ ਹੈ :

***'ਕਲਿਯੁਗ ਨਾਨਕ ਨਿਰਮਲਾ, ਗੁਰ ਚੇਲਾ ਪਰਵਾਨ।***
***ਪਾਰਿ ਉਤਾਰੇ ਸਭਨਾ, ਸਤਿਨਾਮੁ ਦੇ ਦਾਨ।***
***ਕਲਿਯੁਗ ਨਾਨਕ ਨਿਰਮਲਾ, ਪੰਥ ਚਲਾਇਓ ਆਇ।***
***ਵੇਦ ਕਤੇਬੋਂ ਬਾਹਰਾ, ਜਪਦੇ ਏਕ ਖੁਦਾਇ।'***

ਸਪੱਸ਼ਟ ਹੈ ਵੇਦਾਂ ਅਤੇ ਕਤੇਬਾਂ ਤੋਂ ਨਿਆਰਾ ਸਤਿਗੁਰੂ ਜੀ ਨੇ ਨਿਰਮਲ ਪੰਥ ਸਥਾਪਨ ਕੀਤਾ ਹੈ ਜੋ ਗੁਰਬਾਣੀ ਦੁਆਰਾ 'ਸਤਿਨਾਮੁ' ਦਾ ਉਪਦੇਸ਼ ਦੇ ਕੇ ਸਾਰੇ ਸੰਸਾਰ ਦੀ ਕਲਿਆਣ ਕਰਨ ਵਾਲਾ ਹੈ। ਭਾਈ ਭਾਗੀਰਥ ਜੀ ਲਿਖਦੇ ਹਨ :

***'ਰੀਤਿ ਫਕੀਰੀ ਧਾਰ ਕੇ, ਮਰਦਾਨਾ ਬਾਲਾ ਸੰਗਾਈ।***
***ਖੰਡ ਬ੍ਰਹਮੰਡੀ ਸੈਲ ਕਰ, ਭਵ ਨਿਧ ਤਾਰੀ ਖਲਕ ਸਬਾਈ।***
***'ਨਿਰਮਲ ਪੰਥ' ਚਲਾਇਓ, ਏਕ ਵਿਵੇਕ ਭਗਤ ਦ੍ਰਿੜਾਈ।***
***ਸਾਧਨ ਕਠਿਨ ਛਡਾਇ ਕੇ, ਗੁਰ ਚੇਲੇ ਦੀ ਰੀਤ ਚਲਾਈ।***
***ਕਲਿਯੁਗ ਨਾਨਕ ਕਲਾ ਦਿਖਾਈ।'***

*(ਵਾਰ ਭਾਗੀਰਥ ਪਉੜੀ : ੩੩)*

ਇਸ ਪੁਰਾਤਨ ਵਾਰ ਵਿਚ ਨਿਰਮਲ ਪੰਥ ਦਾ ਸਤਿਗੁਰੂ ਨਾਨਕ ਦੇਵ ਜੀ ਤੋਂ ਪ੍ਰਗਟ ਹੋਣਾਂ ਦਸਿਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਨਿਰਮਲ ਪੰਥ ਦੇ ਦੂਸਰੇ ਸਤਿਗੁਰੂ ਨਿਯਤ ਕੀਤਾ, ਨਾਲ ਹੀ ਆਪਣੇ ਸੰਪ੍ਰਦਾਈ ਸਿੱਕੇ 'ਨਿਰਮਲ ਪੰਥ' ਦੀ ਵੀ ਘੋਸ਼ਨਾ ਕੀਤੀ। ਇਸ ਨਿਰਮਲ ਪੰਥ ਰੂਪੀ ਸਿੱਕੇ ਦੇ ਚਾਲੂ ਕਰਨ ਦਾ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਪੰਥ ਦੇ ਪ੍ਰਸਿੱਧ ਕਰਨ ਅਤੇ ਅਗਵਾਈ ਕਰਨ ਦਾ ਆਦੇਸ਼ ਦਿੱਤਾ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :

***'ਮਾਰਿਆ ਸਿਕਾ ਜਗਤ ਵਿਚਿ ਨਾਨਕ ਨਿਰਮਲ ਪੰਥ ਚਲਾਯਾ।***
***ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਯਾ।'***

*(੧/੪੫)*

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਨਿਰਮਲ ਪੰਥ ਵਿਸ਼ੂ ਵਿਆਖਿਆਤ ਹੋ ਚੁਕਾ ਸੀ। ਇਸ ਵਾਸਤੇ ਪੰਚਮ ਪਾਤਿਸ਼ਾਹ ਦੇ ਸਮੇਂ ਵਿਚ ਨਿਰਮਲ ਪੰਥ ਦੀ ਬਹੁਤੀ ਪ੍ਰਸਿੱਧੀ ਵੇਖਣ ਵਿਚ ਆਉਂਦੀ ਹੈ।

***'ਗੁਰ ਅਰਜਨ ਜਹਿ ਬੈਠ ਕਰ, ਬਾਂਧੀ ਬੀੜ ਸੁ ਗ੍ਰੰਥ।***
***ਜਹਿ ਪ੍ਰਸਾਦ ਸਭ ਜਗਤ ਮੇਂ, ਚਲਹੈ ਨਿਰਮਲ ਪੰਥ।'***

ਇਸ ਵਾਸਤੇ ਸਤਿਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ ਮਥਰਾ ਭੱਟ ਗੁਰੂ ਜਸ ਵਰਣਨ ਕਰਦਾ ਹੋਇਆ ਮਾਣ ਨਾਲ ਕਹਿੰਦਾ ਹੈ :

***ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨਾ ਕੋਈ॥***

*(ਪੰਨਾ ੧੪੦੯)*

**ਭਾਵ**= ਨਿਰਮਲ ਪੰਥ ਆਪਣੇ ਉਚ ਗੁਣਾਂ ਦੇ ਕਾਰਣ ਅਪਾਰ/ਮਹਾਨ ਹੈ। ਨਿਰਮਲ ਭੇਖ ਦੇ ਗੌਰਵ ਨੂੰ ਕੋਈ ਵੀ ਪਹੁੰਚ ਨਹੀਂ ਸਕਦਾ। ਇਸੇ ਵਾਸਤੇ ਅਗੇ ਆਖਿਆ ਹੈ :

***ਇਹ ਪਧਤਿ ਤੇ ਮਤ ਚੁਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ ॥***

*(ਪੰਨਾ ੧੪੦੯)*

'ਪਧਤਿ' ਸੰਪ੍ਰਦਾਇ ਨੂੰ ਕਹਿੰਦੇ ਹਨ, ਇਸ ਵਾਸਤੇ ਇਥੇ ਸਾਵਧਾਨ ਕੀਤਾ ਹੈ ਕਿ ਇਸ ਮਹਾਨ ਪੰਥ (ਨਿਰਮਲ ਭੇਖ) ਵਰਗਾ ਹੋਰ ਕੋਈ ਭੇਖ ਨਹੀਂ ਹੈ ਜੋ ਨਾਮ-ਬਾਣੀ, ਕਥਾ-ਕੀਰਤਨ, ਨਾਮ ਦਾ ਅਭਿਆਸੀ, ਆਤਮ-ਪਦ ਦੀ ਪ੍ਰਾਪਤੀ ਦਾ ਨਿਰਣੈ ਕਰਨ ਵਾਲਾ ਹੈ। ਬ੍ਰਹਮ-ਵਿਦਿਆ ਦਾ ਪ੍ਰਦਾਤਾ ਹੈ। ਇਸ ਵਾਸਤੇ ਇਸ 'ਪਧਤਿ'/ਸੰਪ੍ਰਦਾਇ ਤੋਂ ਕਿਤੇ ਦੂਰ ਨਾ ਹੋ ਜਾਣਾ।

'ਗੁਰਪ੍ਰਤਾਪ ਸੂਰਜ' ਵਿਚ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :

***ਜੋਗ ਭੋਗ ਸੋ ਦੋਨੋ ਰੀਤ। ਦਈ 'ਨਿਰਮਲ ਪੰਥ' ਕੋ ਚੀਤ।***
***ਸਤਿਨਾਮੁ ਕੋ ਸੁਮਰਨ ਕਰਨੋ। ਇਹੀ ਯੋਗ ਇਕ ਲਿਵ ਕੋ ਵਰਨੋ।***
***ਲਰਨ ਰਿਪਨ ਸੋ ਕਰਯੋ ਕਾਜ। ਇਹੀ ਭੋਗ ਦੇ ਦੀਏ ਸਮਾਜ।***
***ਇਤਯਾਦਿਕ ਨਿਰਮਲ ਯਸ ਕੋ। ਬੰਦਹਿ ਸਤਿਗੁਰ ਪਾਇ ਪਰਸ ਕੋ।***[1]

---

*੧. ਗੁ. ਪ੍ਰ. ਸੂ. ਰੁਤ ੩, ਅੰਸੂ ੨੨*

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਗਿਆ ਅਨੁਸਾਰ ਭਾਈ ਬਿਧੀਚੰਦ ਜੀ ਨੇ ਮੈਨਾਕ ਦੀ ਸੰਗਤ ਨੂੰ ਏਹ ਉਪਦੇਸ਼ ਦਿੱਤਾ ਸੀ :

*ਗੁਰ ਮਹਿਮਾ ਸਿਮਰਨ ਸਤਿਨਾਮੂ। ਹੋਮੈਂ ਤਿਆਗੇ ਮਨ ਬਿਸ੍ਰਾਮੂ।*
*ਦਯਾ ਖਿਮਾ ਸੁਚ ਸੰਜਮ ਧੀਰਜ। ਧਰਮ ਪਰਾਇਣ ਸਾਚ ਸਬੀਰਜ।*
*ਗੁਰ ਸਿੱਖੀ ਨਿਰਮਲ ਸੰਤੋਖੁ। ਸਦਾ ਗੁਰੂ ਕੈ ਰਹੈ ਭਰੋਸ।*[1]

ਬਾਬਾ ਗੁਰਦਿੱਤਾ ਜੀ ਦੇ ਪ੍ਰਲੋਕਗਮਨ ਸਮੇਂ ਛੇਵੇਂ ਸਤਿਗੁਰੂ ਜੀ ਨੇ ਫੁਰਮਾਇਆ :

*ਸੇਵੇ ਉਰ ਨਿਰਮਲ ਬਨ ਜਾਇ। ਭਗਤ ਗਯਾਨ ਗੁਰ ਸਿੱਖੀ ਭਾਇ।*[2]

'ਗੁਰਪ੍ਰਤਾਪ ਸੂਰਜ' ਵਿਚ ਲਿਖਿਆ ਹੈ ਕਿ ਜਨ ਸਾਧਾਰਨ ਸਤਿਗੁਰੂ ਜੀ ਨੂੰ ਨਿਰਮਲੇ ਕਹਿਕੇ ਯਾਦ ਕਰਦੇ ਸਨ :

*ਨਿਰਮਲ ਗੁਰ ਗੁਰ ਦਰਸਹਿ ਸਿਖਨ, ਪਰਮੇਸ਼ਵਰ ਕੋ ਪ੍ਰੇਮ ਸੁਜਾਨ।*

'ਗੁਰਬਿਲਾਸ ਪਾਤਸ਼ਾਹੀ ੧੦ਵੀਂ' ਵਿਚ ਲਿਖਿਆ ਹੈ ਕਿ ਮਨੂਰ ਵਰਗਾ ਨਿਕੰਮਾ ਵੀ ਪਾਰਸ ਦੀ ਛੋਹ ਨਾਲ ਸਵਰਨ ਬਣ ਜਾਂਦਾ ਹੈ ਜੋ ਕਸਵਟੀ ਉਤੇ ਪੂਰਾ ਉਤਰਦਾ ਹੈ। ਜੋ ਸੇਵਕ ਸਤਿਗੁਰੂ ਜੀ ਦੇ ਦਰਬਾਰ ਵਿਚ ਦਰਸ਼ਨ ਕਰਕੇ ਸਤਿਨਾਮੁ ਦਾ ਅਭਿਆਸ ਕਰਦੇ ਹਨ, ਉਹ ਨਿਰਮਲ ਹੋ ਜਾਂਦੇ ਹਨ। ਨਿਰਮਲ ਬਣਕੇ ਕਲਿਆਣ ਦੇ ਅਧਿਕਾਰੀ ਬਣਦੇ ਹਨ।

*ਕੰਚਨ ਜੈਸ ਕਸੌਟਿ ਲਗ, ਪਾਰਸ ਲੋਹ ਮਨੂਰ।*
*ਤਯੋਂ ਨਿਰਮਲ ਹ੍ਵੈ ਸਿੱਖ ਤਨ, ਇਹ ਦਰਬਾਰ ਹਜੂਰ।*[3]

*ਸਤਿਗੁਰ ਦਰਸ਼ਨ ਕਾਟਤ ਪਾਪ। ਸਨੇ ਸਨੇ ਨਿਰਮਲ ਹ੍ਵੈ ਜਾਤ।*

**ਭਾਵ**= ਸਤਿਗੁਰੂ ਜੀ ਦਾ ਦਰਸ਼ਨ ਸਮੂੰਹ ਪਾਪਾਂ ਨੂੰ ਕੱਟ ਦਿੰਦਾ ਹੈ, ਸਿੱਖ ਧੀਰੇ-ਧੀਰੇ ਨਿਰਮਲ ਪੰਥ ਦਾ ਧਾਰਨੀ ਬਣ ਜਾਂਦਾ ਹੈ।

ਦਸਮ ਸਤਿਗੁਰੂ ਜੀ ਨੇ ਖੰਡੇ ਦੇ ਅੰਮ੍ਰਿਤ ਦੀ ਮਰਿਯਾਦਾ ਕਾਇਮ ਕਰਕੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਕੇ ਵਿਧੀਵਤ 'ਨਿਰਮਲ ਪੰਥ' ਨੂੰ ਕੌਮੀ ਰੂਪ ਦੇ ਦਿੱਤਾ।

*ਇਹ ਬਿਧਿ ਪਾਂਚੋ ਸਿੰਘ ਕੋ ਖੰਡੇ ਪਹੁਲ ਦੀਨ।*
*ਪੰਚ ਕੋਸ਼ ਉਰ ਗਯਾਨ ਦੇ 'ਨਿਰਮਲ ਪੰਥ' ਸੁ ਕੀਨ।*[4]

ਇਹ ਦੋਹਰਾ ਭਾਈ ਰਾਮਕੰਵਰ ਵਾਲੀ ਸਾਖੀ ਵਿਚ ਵੀ ਆਇਆ ਹੈ, ਇਥੋਂ ਭਾਈ ਸੰਤੋਖ ਸਿੰਘ ਜੀ ਨੇ ਲੈ ਕੇ ਗੁਰਪ੍ਰਤਾਪ ਸੂਰਜ ਵਿਚ ਅੰਕਿਤ ਕੀਤਾ ਹੈ। ਇਸ ਤਰ੍ਹਾਂ ਸਾਡੇ ਸਿਧਾਂਤ ਦੀ ਹੋਰ ਵੀ ਪੁਰਾਤਨਤਾ ਸਿੱਧ ਹੁੰਦੀ ਹੈ।

ਸ੍ਰੀਮਾਨ ਪੰਡਿਤ ਗੁਲਾਬ ਸਿੰਘ ਜੀ ਨੇ 'ਮੋਕਸ਼ ਪੰਥ ਪ੍ਰਕਾਸ਼' ਵਿਚ ਨਿਰਮਲ ਪੰਥ ਦੀ ਵਿਸ਼ੇਸ਼ਤਾ ਇਸ ਤਰ੍ਹਾਂ ਦੱਸੀ ਹੈ :

---

*੧. ਰਾਸ ੮ ਅੰਸੂ ੩੫*
*੨. ਰਾਸ ੮ ਅੰਸੂ ੩੭*
*੩. ਗੁਰਬਿਲਾਸ ਪਾ : ੧੦ਵੀਂ ਧਿਅ : ੨੯*
*੪. ਗੁ. ਪ੍ਰ. ਸੂ. ਰੁਤ ੧, ਅੰਸੂ ੧੯*

*‘ਸ੍ਰੀ ਗੁਰੁ ਗੋਬਿੰਦ ਸਿੰਘ ਸੁ, ਪੂਰਣ ਹਰਿ ਅਵਤਾਰ।*
*ਰਚਯੋ ਪੰਥ ਭਵ ਮੈ ਪ੍ਰਗਟ, ਦੋ ਬਿਧ ਕੋ ਵਿਸਤਾਰ।*
*ਏਕਨ ਕੇ ਕਰ ਖੜਗ ਦੈ, ਭੁਜ ਬਲ ਬਹੁ ਬਿਸਤਾਰ।*
*ਪਾਲਨ ਭੂਮੀ ਕੋ ਕਰਯੋ, ਦੁਸਟਨ ਮੂਲ ਉਖਾਰ।*
*ਔਰਨ ਕੀ ਪਿਖ ਵਿਮਲ ਮਤਿ, ਦੀਨੋ ਪਰਮ ਵਿਵੇਕ।*
*ਨਿਰਮਲ ਭਾਖੇ ਜਗਤ ਤਿਹ, ਹੇਰੇ ਬ੍ਰਹਮ ਸੁ ਏਕ।’*

ਅਰਥ ਸਪਸ਼ਟ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੂਰਣ ਅਵਤਾਰ ਸਨ ਜਿਨ੍ਹਾਂ ਨੇ ਪੰਥ ਰਚਕੇ, ਦੋ ਰੂਪਾਂ ਵਿਚ ਸੰਗਠਤ ਕੀਤਾ। ਇਕ ਜੱਥਾ ਸ਼ਸਤਰਾਂ ਦ੍ਵਾਰਾ ਧਰਮ ਦੀ ਰਖਿਆ ਕਰਨ ਵਾਸਤੇ ਜ਼ਾਲਮਾਂ ਨਾਲ ਸੰਗ੍ਰਾਮ ਲਈ ਨਿਯਤ ਕੀਤਾ। ਦੂਸਰੇ ਜੱਥੇ ਵਿਚ ਵਿਵੇਕ ਬੁਧੀ ਵਾਲੇ ਸ਼ਾਸਤ੍ਰਾਂ ਦੇ ਪਠਨ-ਪਾਠਨ ਵਿਚ ਲਾਏ ਜੋ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਨਾਮ-ਬਾਣੀ। ਵਿਦਿਆ ਦਾ ਪ੍ਰਚਾਰ ਕਰਨ ਵਾਸਤੇ ਦੇਸ-ਦੇਸਾਂਤਰਾਂ ਵਿਚ ਚਲੇ ਗਏ ਅਤੇ ਸੰਸਾਰ ਵਿਚ ਨਿਰਮਲ ਪੰਥ ਦੇ ਨਾਮ ਨਾਲ ਪ੍ਰਸਿੱਧ ਹੋਏ।

ਵਾਸਤਵ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈਕੇ ਦਸਮ ਗੁਰੂ ਜੀ ਦੇ ਸਮੇਂ ਤਕ ਗੁਰਸਿੱਖੀ ਦੀ ਸੰਪ੍ਰਦਾਇ ਦਾ ਨਾਉਂ ‘ਨਿਰਮਲ ਪੰਥ’ ਹੀ ਪ੍ਰਸਿੱਧ ਸੀ। ‘ਖਾਲਸਾ’, ‘ਸਹਿਜਧਾਰੀ’, ‘ਸਹਿਲੰਗ’ ਆਦਿ ਉਪ ਸ਼ਾਖਾਂ ਸਨ। ਸਤਿਗੁਰੂਆਂ ਦੇ ਸਮੇਂ ਵਿੱਚ ਦੇਸ਼-ਪ੍ਰਦੇਸ਼ ਦੀਆਂ ਸੰਗਤਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਜੋ ਸੰਗਤ ਸਤਿਗੁਰੂ ਜੀ ਦੇ ਸਿੱਧੀ ਅਧੀਨ ਸੀ, ਉਸ ਨੂੰ ‘ਖਾਲਸਾ’ ਕਿਹਾ ਜਾਂਦਾ ਸੀ। ਮਸੰਦਾਂ ਦੇ ਅਧੀਨ ਸੰਗਤ ਨੂੰ ‘ਸਹਲੰਗ’ ਆਖਿਆ ਜਾਂਦਾ ਸੀ। **ਪੂਰੇ ਪੰਥ ਦਾ ਨਾਉਂ ‘ਨਿਰਮਲ ਪੰਥ’ ਸੀ।**

ਮਾਲ ਦੇ ਕਾਗਜ਼ਾਂ ਵਿੱਚ ‘ਖਾਲਸਾ’ ਉਸ ਸੰਪਤੀ (ਜ਼ਮੀਨ) ਨੂੰ ਆਖਦੇ ਹਨ ਜੋ ਸਿੱਧੀ ਰਾਜੇ-ਮਹਾਰਾਜੇ/ ਸਮਰਾਟ ਤਥਾ ਕੇਂਦਰੀ ਸਰਕਾਰ ਦੀ ਹੋਵੇ। ਜਿਸ ਸੰਪਤੀ (ਜ਼ਮੀਨ) ਉਤੇ ਕਿਸੇ ਵਿਸਵੇਦਾਰ, ਜ਼ਿਮੀਦਾਰ, ਜਾਗੀਰਦਾਰ, ਮਨਸਬਦਾਰ ਅਤੇ ਕਿਸੇ ਵੀ ਅਨਯ ਵਿਅਕਤੀ ਦਾ ਕੋਈ ਅਧਿਕਾਰ ਨਾ ਹੋਵੇ। ‘ਖਾਲਸਾ’ ਸ਼ਬਦ ਛੇਵੇਂ ਪਾਤਸ਼ਾਹ ਦੇ ਸਮੇਂ ਵਿਚ ਵੀ ਪ੍ਰਚਲਤ ਸੀ। ਡਾ. ਗੰਡਾ ਸਿੰਘ ਜੀ ਵਲੋਂ ਸੰਪਾਦਤ ਕੀਤੇ ਹੁਕਮਨਾਮੇ ਪਹਿਲੀ ਛਾਪ ਵਿਚ ਛੇਵੇਂ ਗੁਰੂ ਜੀ ਅਤੇ ਨੌਂਵੇ ਸਤਿਗੁਰੂ ਜੀ ਦੇ ਹੁਕਮਨਾਮਿਆਂ ਵਿਚ ਵੀ ‘ਖਾਲਸਾ’ ਸ਼ਬਦ ਆਇਆ ਹੈ:

*‘ਪੂਰਬ ਦੀ ਸੰਗਤਿ ਗੁਰੂ ਦਾ ਖਾਲਸਾ ਹਇ’*[1]

*‘ਪਟਣ ਦੀ ਸੰਗਤਿ ਸ੍ਰੀ ਗੁਰੂ ਜੀ ਦਾ ਖਾਲਸਾ ਹੈ।’*[2]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦ ਪ੍ਰਥਾ ਸਮਾਪਤ ਕਰਕੇ ਗੁਰਸਿੱਖੀ ਨੂੰ ਸਿੱਧਾ ਆਪਣੇ ਨਾਲ ਜੋੜ ਲਿਆ। ਉਸ ਵੇਲੇ ਸਰਬਤ ਸੰਗਤ ਨੂੰ ਖਾਲਸੇ ਦੀ ਉਪਾਧੀ ਨਾਲ ਵਿਭੂਸ਼ਤ ਕੀਤਾ ਗਿਆ। ਇਸ ਵਾਸਤੇ ਦੂਜੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ :

*‘ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।’*

**ਭਾਵ**= ਸਤਿਗੁਰੂ ਜੀ ਨੇ ਮਸੰਦਾ ਦੀ ਵਿਚੋਲਗੀ ਖਤਮ ਕਰਕੇ ਸਰਬਤ ਸੰਗਤ ਨੂੰ ਖਾਲਸਾ ਬਣਾਕੇ ਆਪਣੇ

---

*੧. ਪਾ. ੬ਵੀਂ ਹੁਕਮਨਾਮਾ ੯, ਪੰਨਾ ੧੫ ਪਹਿਲੀ ਛਾਪ*

*੨. ਪਾ. ੯ਵੀਂ ਹੁਕਮਨਾਮਾ ੨੩, ਪੰਨਾ ੨੭*

ਨਾਲ ਸਿੱਧਾ ਸੰਪਰਕ ਜੋੜ ਲਿਆ।

ਇਸ ਦੇ ਵਿਪ੍ਰੀਤ, ਜਿਵੇਂ ਉਪਰ ਦਸਿਆ ਹੈ ਗੁਰੂ ਕੀ ਸਿੱਖੀ ਦਾ ਨਾਉਂ 'ਨਿਰਮਲ ਪੰਥ' ਹੈ। ਨਿਰਮਲ ਦੇ ਅਰਥ ਹਨ ਕਿ ਮਲ, ਵਿਕਸ਼ੇਪ, ਅਵਿਦਿਆ, ਅਗਿਆਨ ਤੋਂ ਰਹਿਤ, ਸ਼੍ਰੇਸ਼ਟ, ਸਦਾਚਾਰੀ, ਪਾਵਨ ਆਤਮਾ, ਪਵਿਤਰ ਮਨ, ਬਾਣੀ ਵਾਲਾ ਵਿਅਕਤੀ। ਦਸਮ ਸਤਿਗੁਰੂ ਜੀ ਨੇ ਵੀ ਖਾਲਸੇ ਦੀ ਇਹੀ ਪਰਿਭਾਸ਼ਾ ਦਿਤੀ ਹੈ :

***ਜਾਗਤ ਜੋਤ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ।***
***ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।***
***ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹ ਏਕ ਪਛਾਨੈ।***
***ਪੂਰਨ ਜੋਤ ਜਗੈ ਘਟ ਮੈ, ਤਬ ਖਾਲਸ ਤਾਹਿ ਨਖਾਲਸ ਜਾਨੈ।*** *(ਪਾ. ੧੦ਵੀਂ)*

ਸਤਿਗੁਰੂ ਜੀ ਦੇ ਕਥਨ ਅਨੁਸਾਰ 'ਖਾਲਸਾ' ਸ਼ਬਦ ਅਤੇ 'ਨਿਰਮਲ' ਸ਼ਬਦ ਵਿਚ ਭਾਸ਼ਾ-ਭੇਦ ਤੋਂ ਬਿਨਾਂ ਕੋਈ ਅੰਤਰ ਨਹੀਂ ਹੈ। ਦੋਨੋਂ ਸ਼ਬਦ ਹੀ ਸਮਾਨਾਰਥਕ ਹਨ। 'ਖਾਲਸਾ' ਅਰਬੀ ਦਾ ਸ਼ਬਦ ਹੈ, ਜੋ ਅਗੇ ਫ਼ਾਰਸੀ ਵਿਚ ਪ੍ਰਵੇਸ਼ ਕਰ ਚੁੱਕਾ ਹੈ ਅਤੇ 'ਨਿਰਮਲ' ਸੰਸਕ੍ਰਿਤ ਦਾ। ਗੁਰੂ ਦਸਮ ਪਿਤਾ ਜੀ ਦੇ ਸਮੇਂ ਵਿਚ ਦੇਸ਼ ਦੀ ਰਾਜਕੀਯ ਭਾਸ਼ਾ ਫਾਰਸੀ ਸੀ। ਗੁਰੂ ਜੀ ਸ੍ਵਯੰ ਫਾਰਸੀ ਦੇ ਵਿਦਵਾਨ ਸਨ। ਇਸ ਵਾਸਤੇ ਸਮੂੰਹ ਸਿਖੀ ਨੂੰ 'ਖਾਲਸਾ' ਦੀ ਉਪਾਧੀ ਨਾਲ ਸਨਮਾਨਿਆ ਗਿਆ। ਨਿਰਮਲੇ ਸੰਤ ਸਤਿਗੁਰੂ ਜੀ ਦੇ ਆਸ਼ੀਰਵਾਦ ਨਾਲ ਸੰਸਕ੍ਰਿਤ, ਭਾਸ਼ਾ, ਸਾਹਿਤਯ, ਦਰਸ਼ਨ, ਭਾਰਤੀ ਇਤਿਹਾਸ, ਮਿਥਿਹਾਸ ਅਤੇ ਗੁਰਮਤਿ-ਗੁਰਬਾਣੀ ਦੇ ਵਿਦਵਾਨ ਰਹੇ ਹਨ, ਇਸ ਵਾਸਤੇ ਉਹ ਪੁਰਾਤਨ ਸੰਪ੍ਰਦਾਈ ਨਾਉਂ 'ਨਿਰਮਲ ਪੰਥ' ਨਾਲ ਹੀ ਪ੍ਰਸਿੱਧ ਰਹੇ ਵਰਨਾ ਖਾਲਸਾ, ਨਿਰਮਲ ਪੰਥ ਦੀ ਉਪਸ਼ਾਖਾ ਸੀ। ਦਸਮ ਸਤਿਗੁਰੂ ਜੀ ਦੇ ਸਮੇਂ ਵਿਚ ਵਿਸ਼ਾਲਤਾ ਗ੍ਰਹਿਣ ਕਰ ਗਿਆ। ਸਾਡੇ ਇਸ ਵਿਚਾਰ ਦੀ ਪ੍ਰੋੜ੍ਹਤਾ ਸ: ਸ਼ਮਸੇਰ ਸਿੰਘ ਜੀ 'ਅਸ਼ੋਕ' ਇਨ੍ਹਾਂ ਸ਼ਬਦਾਂ ਨਾਲ ਕਰਦੇ ਹਨ :

***"ਸਿਖ ਧਰਮ ਵਿਚ ਇਸ ਤਰ੍ਹਾਂ ਭਾਵੇਂ ਪਹਿਲੇ ਪਹਿਲ 'ਖਾਲਸਾ ਪੰਥ' ਹੀ 'ਨਿਰਮਲ ਸੰਪ੍ਰਦਾਏ' ਸੀ। ਪਰ ਫੇਰ ਉਦਾਸ ਸੰਨਿਆਸ ਤਿਆਗ ਤੇ ਫਕੀਰਾਨਾ ਵਰਤੋਂ-ਵਿਹਾਰ ਰਾਹੀਂ ਗੁਰਮਤਿ ਦੇ ਪ੍ਰਚਾਰ ਨੂੰ ਮੁੱਖ ਰੱਖ ਕੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਦੂਰ-ਅੰਦੇਸ਼ੀ ਨਾਲ ਇਸ ਤਰੀਕੇ ਨੂੰ ਬਦਲ ਦਿਤਾ। ਨਿਰਮਲੇ ਸਿੰਘ ਖਾਲਸਾ ਪੰਥ ਦਾ ਹੀ ਅੰਗ ਬਣਾ ਦਿਤੇ। ਉਨ੍ਹਾਂ ਸਿਖਾਂ ਨੂੰ ਗੁਰੂ ਸਾਹਿਬ ਨੇ ਆਪਣੇ ਰਸਮ ਰਵਾਜ ਦੇ ਮੁਤਾਬਿਕ ਕਖਾਏ, ਮੰਜੀਠੀ, ਸੰਧੂਰੀ, ਗੇਰੂਏ ਜਾਂ ਸਫੇਦ ਵਸਤਰ ਪਹਿਨਣ ਦੀ ਖੁਲ੍ਹ ਦਿਤੀ।"*** *(ਨਿਰਮਲ ਸੰਪ੍ਰਦਾਇ ਪੰਨਾ ੧੪੯)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਵਤਾਰ ਪਟਨਾ ਸਾਹਿਬ ਵਿਚ ਧਾਰਿਆ, ਸ੍ਰੀ ਆਨੰਦਪੁਰ ਸਾਹਿਬ ਨੂੰ ਕੇਂਦਰ ਬਣਾਇਆ। ਖਾਲਸਾ ਪੰਥ ਸਾਜਿਆ, ੧੪ ਜੰਗ ਲੜੇ। ਚਮਕੌਰ ਸਾਹਿਬ ਵਿਚ ਅਕਥਨੀਯ ਬਲੀਦਾਨ ਕੀਤਾ। ਦੀਨੇ ਵਿਚ ਜ਼ਫਰਨਾਮਾ ਲਿਖਿਆ, ਲੱਖੀ ਜੰਗਲ ਵਿਚ ਕਵੀ ਦਰਬਾਰ ਕੀਤੇ। ਤਲਵੰਡੀ ਸਾਬੋ ਵਿਚ ਤਖਤ ਦਮਦਮਾ ਸਾਹਿਬ ਕਾਇਮ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਮਾਣਕਿ ਬੀੜ ਸੰਪੂਰਨ ਕੀਤੀ। ਅਰਥਾਂ ਦੀ ਸੰਪ੍ਰਦਾਇ ਆਰੰਭ ਕੀਤੀ। ਗੁਰੂਕਾਸ਼ੀ ਕਾਇਮ ਕੀਤੀ। ਦੱਖਣ (ਸੱਚਖੰਡ ਹਜ਼ੂਰ ਸਾਹਿਬ) ਨਾਂਦੇੜ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਤਾ ਦੀ ਗੱਦੀ ਤੇ ਵਿਭੂਸ਼ਤ ਕਰਕੇ ਜੋਤੀ-ਜੋਤਿ ਸਮਾਏ।

ਇਸੇ ਤਰ੍ਹਾਂ ਜ਼ਮਨਾ ਦੇ ਕਿਨਾਰੇ ਸ੍ਰੀ ਪਾਉਂਟਾ ਸਾਹਿਬ ਵਿਖੇ ਚਾਰ ਵਰਸ਼ ਨਿਵਾਸ ਰੱਖਕੇ ਅਨੇਕ ਚਰਿੱਤਰ ਕੀਤੇ। ਪਾਉਂਟਾ ਸਾਹਿਬ ਪ੍ਰਕ੍ਰਿਤੀ ਦੀ ਮਨੋਹਰ ਰਚਨਾ ਵਿਚੋਂ ਇਕ ਹੈ। ਜਮਨਾ ਦਾ ਕਲ-ਕਲ ਕਰਦਾ ਵਹਿਣ, ਪਹਾੜਾਂ ਦੀਆਂ ਆਕਾਸ਼ ਨੂੰ ਛੋਂਹਦੀਆਂ ਚੋਟੀਆਂ, ਅਨੇਕ ਤਰ੍ਹਾਂ ਦੀ ਵਨਸਪਤੀ ਦੀ ਸਜਾਵਟ, ਜੰਗਲੀ ਜਾਨਵਰ

ਤੇ ਪੰਛੀਆਂ ਦੇ ਸੰਗੀਤ ਘੁਲੇ ਗੀਤ, ਪ੍ਰਕ੍ਰਿਤੀ ਦਾ ਰੀਝਾਂ ਲਾ-ਲਾ ਸ਼ਿੰਗਾਰਿਆ ਇਹ ਪ੍ਰਦੇਸ਼, ਕੁਦਰਤ ਦਾ ਆਨੰਦ ਪ੍ਰਾਪਤ ਕਰਨ ਵਾਸਤੇ ਬੇ-ਵਸ ਕਰ ਦਿੰਦਾ ਹੈ।

ਇਥੇ ਦਸਮ ਸਤਿਗੁਰੂ ਜੀ ੧੬੮੫ ਈਃ ਵਿਚ ਪੁਜੇ ਸਨ। ਇਸ ਸਥਾਨ ਦੇ ਮਨੋਹਰ ਦ੍ਰਿਸ਼ਾਂ ਨੂੰ ਵੇਖਕੇ ਪਰਮ ਪ੍ਰਸੰਨ ਹੋਏ ਸਨ। ਪ੍ਰਕ੍ਰਿਤੀ ਦੀ ਸੁੰਦਰਤਾ ਵੇਖਕੇ ਇਥੇ ਹੀ ਰਹਿਣ ਦਾ ਨਿਸਚੈ ਬਣਾ ਲਿਆ। ਕਿਲ੍ਹੇ ਦਾ ਸ਼ਿਲਾ ਨਿਆਸ ਰਖ ਦਿੱਤਾ। ਪਾਉਂਟਾ ਸ਼ਹਿਰ (ਪਾਂਵਟਾ ਸ਼ਹਿਰ) ਦਾ ਨਿਰਮਾਣ ਆਰੰਭ ਹੋ ਗਿਆ। ਰਿਹਾਇਸ਼ੀ ਮਕਾਨ ਬਣਾਏ ਗਏ ਅਤੇ ਕਿਲ੍ਹਾ ਤਿਆਰ ਕੀਤਾ ਗਿਆ। ਦੂਰ-ਦੂਰ ਦੀਆਂ ਸੰਗਤਾਂ ਦਰਸ਼ਨ ਵਾਸਤੇ ਪੁਜਣ ਲੱਗੀਆਂ। ਪਹਾੜਾਂ ਦੇ ਵਿਚਕਾਰ ਜਮਨਾ ਦੇ ਕਿਨਾਰੇ ਸ਼ਾਂਤ ਵਾਤਾਵਰਣ ਵਿਚ ਸਾਹਿਤਯ ਦਾ ਅਧਿਐਨ ਕਰਨ ਅਤੇ ਕਰਵਾਉਣ ਲੱਗੇ। ਦੂਰ-ਦੂਰ ਦੇ ਸੂਰਮੇਂ/ਜੋਧੇ, ਵਿਦਵਾਨ ਪੰਡਿਤ ਹਜ਼ੂਰੀ ਵਿਚ ਆਉਣ ਲੱਗੇ। ਇਥੇ ਸ਼ਾਸਤ੍ਰਾਂ ਅਤੇ ਸ਼ਸਤ੍ਰਾਂ ਦਾ ਅਧਿਐਨ ਹੋਣ ਲੱਗਾ। ਸੂਰਮਿਆਂ ਨੂੰ ਹਰ ਤਰ੍ਹਾਂ ਦੀ ਧਨੁਰ ਵਿਦਿਆ ਵਿਚ ਪਰਪੱਕ ਕੀਤਾ ਜਾਣ ਲੱਗਾ। ਵਿਦਵਾਨ ਉੱਚ ਸਹਿਤਯ ਦਾ ਅਧਿਐਨ ਕਰਨ ਲੱਗੇ। ਦਸਮ ਸਤਿਗੁਰੂ ਜੀ ਦੀ ਭੂਆ (ਬੀਬੀ ਵੀਰੋ) ਦੇ ਸਪੁੱਤਰ ਜੀਤਮਲ, ਸੰਗੋਸ਼ਾਹ, ਗੰਗਾਰਾਮ, ਮਾਹਰੀਚੰਦ ਧਨੁਰ ਵਿਦਿਆ ਦੇ ਵਿਸ਼ੇਸ਼ਗਯ ਸਨ ਜੋ ਸਿਖ ਸੂਰਮਿਆਂ ਨੂੰ ਅਭਿਆਸ ਕਰਵਾਉਂਦੇ ਸਨ। ਇਸੇ ਤਰ੍ਹਾਂ ਦੇਸ਼-ਪ੍ਰਦੇਸ਼ ਦੇ ਵਿਦਵਾਨ, ਪੰਡਿਤ, ਕਵੀ, ਕਲਾਕਾਰ ਆ ਕੇ ਆਪਣੀ-ਆਪਣੀ ਵਿਦਿਆ ਦੇ ਚਮਤਕਾਰ ਵਿਖਾਉਂਦੇ ਸਨ।

ਸਤਿਗੁਰੂ ਜੀ ਜਮਨਾ ਦੇ ਕਿਨਾਰੇ ਉਪਰ ਵਿਦਵਾਨਾਂ ਦੀਆਂ ਗੋਸ਼ਟੀਆਂ ਅਤੇ ਕਵੀ ਦਰਬਾਰ ਕਰਵਾਉਂਦੇ ਸਨ। ਸੰਸਕ੍ਰਿਤ, ਫਾਰਸੀ, ਬ੍ਰਜ ਭਾਸ਼ਾ ਅਤੇ ਪੰਜਾਬੀ ਦਾ ਸਮਦ੍ਰਿਸ਼ਟੀ ਨਾਲ ਸਤਿਕਾਰ ਕੀਤਾ ਜਾਂਦਾ ਸੀ। ਸੁਬਹ-ਸ਼ਾਮ ਉਪਨਿਸ਼ਦਾਂ, ਯੋਗਵਸ਼ਿਸ਼ਟ, ਗੀਤਾ, ਰਾਮਾਇਣ ਅਤੇ ਮਹਾਂਭਾਰਤ ਆਦਿਕ ਗ੍ਰੰਥਾਂ ਦੀ ਕਥਾ ਹੁੰਦੀ ਸੀ। ਕਿੰਨੇ ਹੀ ਕਵੀ ਅਨੇਕ ਤਰ੍ਹਾਂ ਦੇ ਗ੍ਰੰਥਾਂ ਦਾ ਅਨੁਵਾਦ ਕਰ ਰਹੇ ਸਨ। ਕਿੰਨੇ ਹੀ ਮੌਲਿਕ ਗ੍ਰੰਥਾਂ ਦੀ ਰਚਨਾ ਕਰ ਰਹੇ ਸਨ। ਸ੍ਵਯੰ ਸਤਿਗੁਰੂ ਜੀ ਬਾਨੀ ਦੀ ਰਚਨਾ ਕਰ ਰਹੇ ਸਨ। ਸ੍ਰੀ ਜਾਪ ਸਾਹਿਬ, ਸੁਧਾ ਸਵੈਯੇ, ਅਕਾਲ ਉਸਤਤ, ਚੰਡੀ ਦੀ ਵਾਰ ਆਦਿਕ ਬਾਣੀਆਂ ਦੀ ਰਚਨਾ ਸਤਿਗੁਰੂ ਜੀ ਨੇ ਪਾਉਂਟਾ ਸਾਹਿਬ ਵਿਖੇ ਹੀ ਕੀਤੀ ਹੈ।

ਮਹਾਂਭਾਰਤ ਗਰੰਥ ਦੇ ਅਨੁਵਾਦ ਦਾ ਕਾਰਜ ਵੀ ਆਰੰਭਿਆ ਗਿਆ ਪਰ ਸ਼ੀਘ੍ਰਤਾ ਵਾਸਤੇ ਕਿੰਨੇ ਹੀ ਵਿਦਵਾਨ ਕਵੀਆਂ ਨੂੰ ਇਕ-ਇਕ ਪਰਵ ਦਾ ਅਨੁਵਾਦ ਕਰਨ ਵਾਸਤੇ ਦਿਤਾ ਗਿਆ। ਕਵੀ ਹੰਸਰਾਮ ਨੂੰ ਕਰਣ ਪਰਵ, ਅੰਮ੍ਰਿਤਰਾਏ ਨੂੰ ਸਭਾਪਰਵ, ਕਵਰੇਸ ਨੂੰ ਦ੍ਰੋਣਪਰਵ, ਮੰਗਲ ਨੂੰ ਸ਼ਲਯਪਰਵ ਦੇ ਅਨੁਵਾਦ ਦਾ ਕੰਮ ਸੌਂਪਿਆ ਗਿਆ। ਇਕ-ਇਕ ਕਵੀ ਨੂੰ ਹਜ਼ਾਰਾਂ ਰੁਪਏ ਸੇਵਾ ਫਲ ਦਿਤਾ ਜਾਣ ਲਗਾ। ਸਤਿਗੁਰੂ ਜੀ ਦਾ ਜਸ ਸੁਣਕੇ ਦੂਰ-ਦੂਰ ਤੋਂ ਸੈਂਕੜੇ ਵਿਦਵਾਨ, ਕਵੀ ਅਤੇ ਲਿਖਾਰੀ ਆਉਂਦੇ ਜੋ ਲੱਖਾਂ ਹਜ਼ਾਰਾਂ ਰੁਪਏ ਦੇ ਪੁਰਸਕਾਰ ਪ੍ਰਾਪਤ ਕਰਦੇ ਸਨ। ਪਾਉਂਟਾ ਸਾਹਿਬ ਵਿਚ ਨਾਮ-ਬਾਣੀ, ਕਥਾ-ਕੀਰਤਨ, ਦੇਸ਼-ਭਗਤੀ, ਸ੍ਵੈਮਾਨ, ਸ੍ਵੈਆਤਮ - ਵਿਸ਼੍ਵਾਸ, ਰਾਗ, ਕਾਵ੍ਯ ਦੀ ਅੰਮ੍ਰਿਤਧਾਰਾ ਵਹਿ ਰਹੀ ਸੀ। ਹਰ ਪਾਸੇ ਖੁਸ਼ੀਆਂ, ਪ੍ਰਸੰਨਤਾ ਅਤੇ ਆਨੰਦ ਦਾ ਬੋਲ ਬਾਲਾ ਸੀ। ਪਾਉਂਟਾ ਸਾਹਿਬ ਦਾ ਵਣ ਰਾਗ-ਕਾਵ੍ਯ, ਅਣਖ-ਗੈਰਤ ਦੀ ਸਿੰਘ ਘੋਸ਼ਨਾ ਨਾਲ ਗੂੰਜਿ ਉਠਿਆ। ਸਤਿਗੁਰੂ ਜੀ ਸ਼ਾਸਤ੍ਰ-ਸ਼ਸਤ੍ਰ, ਰਾਗ-ਕਾਵ੍ਯ ਦੀ ਪੂਰਣਤਾ ਵਾਸਤੇ ਹਰ ਸਮੇਂ ਰੁੱਝੇ ਰਹਿੰਦੇ ਸਨ। ਸਤਿਗੁਰੂ ਜੀ ਨੇ ਆਪਣੀ ਜ਼ਿੰਦਗੀ ਦਾ ਸਾਰਾ ਭਵਿਸ਼ਯ ਇਥੇ ਹੀ ਉਲੀਕ ਲਿਆ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ-ਇਕ ਸਿੱਖ ਨੂੰ ਵਿਦਵਾਨ ਬਣਿਆ ਵੇਖਣਾ ਲੋਚਦੇ ਸਨ। ਹਰ ਇਕ ਸਿੱਖ ਨੂੰ ਗ੍ਰੰਥੀ ਜੀ ਕੋਲ ਵਿਦਿਆ ਪੜ੍ਹਨ ਦਾ ਹੁਕਮ ਸੀ। ਗੁਰਸਿੱਖਾਂ ਦੇ ਅਧਿਐਨ ਵਾਸਤੇ ਜੰਗੀ ਪੱਧਰ ਤੇ ਸਾਹਿਤਯ ਰਚਿਆ ਜਾ ਰਿਹਾ ਸੀ। ਇਸ ਕਾਰਜ ਦੀ ਪੂਰਤੀ ਵਾਸਤੇ ਸੈਂਕੜੇ ਵਿਦਵਾਨ ਦਰਬਾਰ ਵਿਚ ਉਪਸਥਿਤ ਸਨ।

੫੨ ਕਵੀ ਅਤੇ ੩੬ ਲਿਖਾਰੀਆਂ ਦਾ ਸਤਿਗੁਰੂ ਜੀ ਕੋਲ ਹੋਣਾ ਤਾਂ ਪ੍ਰਸਿੱਧ ਹੀ ਹੈ।

ਸਿੱਖਾਂ ਦੀ ਵਿਦਿਆ ਪ੍ਰਾਪਤੀ ਵਾਸਤੇ ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ ਵਿਚ 'ਗੁਰੂ ਕੀ ਕਾਸ਼ੀ' ਦੀ ਸਥਾਪਨਾ ਕੀਤੀ ਅਤੇ ਵਰਦਾਨ ਦਿਤਾ ਕਿ ਇਥੇ ਬੈਲ ਬੁਧੀ ਵਾਲੇ ਲੋਕ ਵੀ ਵਿਦਵਾਨ ਬਣਨਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਕਰਕੇ ਸੁਣਾਏ ਜੋ ਆਦਿ ਤੋਂ ਅੰਤ ਤਕ ੪੮ ਸਿੱਖਾਂ ਨੇ ਸ਼ਰਵਨ ਕੀਤੇ ਜਿਨ੍ਹਾਂ ਨੂੰ ੪੮ ਬ੍ਰਹਮ-ਗਿਆਨੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਗੁਰਬਾਣੀ ਦੇ ਅਰਥਾਂ ਦੀ ਸੰਪ੍ਰਦਾਇ ਆਰੰਭ ਕੀਤੀ। ਸਿੱਖਾਂ ਨੂੰ ਸਭ ਤਰ੍ਹਾਂ ਦੀ ਵਿਦਿਆ ਪੜ੍ਹਨ ਵਾਸਤੇ ਰਹਿਤਨਾਮਿਆਂ ਵਿਚ ਆਦੇਸ਼ ਦਿੰਦੇ ਹੋਏ ਸਤਿਗੁਰੂ ਜੀ ਨੇ ਫੁਰਮਾਇਆ ਹੈ :

***'ਗੁਰਮੁਖੀ ਅੱਖਰ ਜੋ ਹੈ ਭਾਈ। ਸਿਖ ਸਿਖ ਤੇ ਸੀਖੇ ਜਾਈ।***
***ਔਰ ਭੀ ਵਿਦਿਆ ਜਹਿ ਤਹਿ ਹੋਈ। ਅਵਰਨ ਤੇ ਭੀ ਲੇਵੇ ਸੋਈ।'***

ਸਤਿਗੁਰੂ ਜੀ ਦੇ ਇਸ ਹੁਕਮ ਅਨੁਸਾਰ ਸਾਰੇ ਸਿੱਖ ਗੁਰਮੁਖੀ, ਗੁਰਬਾਣੀ, ਇਤਿਹਾਸ, ਮਿਥਿਹਾਸ, ਰਾਗ, ਕਾਵਯ, ਬ੍ਰਜ ਭਾਸ਼ਾ, ਫਾਰਸੀ, ਪੰਜਾਬੀ ਵਿਦਿਆ ਪ੍ਰੇਮ ਪੂਰਬਕ ਪੜ੍ਹ ਰਹੇ ਸਨ। ਇਕ ਦਿਨ ਸਤਿਗੁਰੂ ਜੀ ਨੇ ਵਿਚਾਰ ਬਣਾਇਆ ਕਿ ਸਿੱਖਾਂ ਨੂੰ ਸੰਸਕ੍ਰਿਤ ਵਿਦਿਆ ਵੀ ਅਵਸ਼ਯ ਪੜ੍ਹਨੀ ਚਾਹੀਦੀ ਹੈ। ਪੜ੍ਹਾਉਣ ਵਾਸਤੇ ਪੰਡਿਤ ਰਘੂਨਾਥ ਨੂੰ ਨਿਯਤ ਕੀਤਾ, ਪਰ ਪੰਡਿਤ ਜੀ ਨੇ ਸਿੱਖਾਂ ਨੂੰ ਵਿਦਿਆ ਪੜ੍ਹਾਉਣ ਤੋਂ ਇਨਕਾਰ ਕਰ ਦਿਤਾ ਕਿ ਸਿਖ ਨੀਵੀ ਜਾਤੀ (ਸ਼ੂਦਰਾਂ) ਵਿਚੋਂ ਹਨ। ਬ੍ਰਾਹਮਣ ਨਹੀਂ ਹਨ, ਅਤੇ ਨਾ ਹੀ ਕਸ਼ੱਤ੍ਰੀ ਹਨ। ਇਸ ਵਾਸਤੇ ਇਹ ਦੇਵ ਭਾਸ਼ਾ (ਵੇਦ) ਬਾਣੀ ਪੜ੍ਹਨ ਦੇ ਅਧਿਕਾਰੀ ਨਹੀਂ ਹਨ। ਸਤਿਗੁਰੂ ਜੀ ਨੇ ਪੰਡਿਤ ਦੀ ਇਹ ਨਿਰਾਰਥਕ ਤਰਕ ਸੁਣ ਕੇ ਫੁਰਮਾਇਆ :

'ਪੰਡਿਤ ਜੀ ! ਜਿਨ੍ਹਾਂ ਨੂੰ ਤੁਸੀ ਸ਼ੂਦਰ ਕਹਿੰਦੇ ਹੋ ਇਨ੍ਹਾਂ ਸਿਖਾਂ ਦੇ ਚਰਨਾਂ ਵਿਚ ਬੈਠ ਕੇ ਵੱਡੇ-ਵੱਡੇ ਬ੍ਰਾਹਮਣ ਵੇਦ, ਸ਼ਾਸਤ੍ਰ ਆਦਿ ੧੪ ਤਰ੍ਹਾਂ ਦੀ ਵਿਦਿਆ ਪੜ੍ਹਨਗੇ। ਇਹ ਸਿੱਖ ਬ੍ਰਾਹਮਣਾਂ ਦੇ ਵਿਦਿਆ ਗੁਰੂ ਹੋਣਗੇ।' ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

***'ਬੋਲੇ ਗੁਰ ਸੁਨਿ ਦੂਜ ਕੀ ਬਾਨੀ। ਹੇ ਦੂਜ ਮੂਢ ਅਭਿਮਾਨੀ।***
***ਜੋ ਬਿਦਿਆ ਪੜਿ ਤੂੰ ਗਰਬੈ ਹੈਂ, ਮਮ ਸਿੱਖਨ ਕੋ ਸੂਦਰ ਕੈ ਹੈਂ।***
***ਇਨ ਹੀ ਮੇਰੇ ਸਿੱਖਨ ਤੈ ਲਖ। ਬਿਦਯਾ ਬੇਦ ਪਢੈਂਗੇ ਦੂਜ ਦਖ।***
***ਨਿਗਮਾਗਮ ਲੌਂ ਚੌਦਯ ਬਿਦਯਾ। ਮੈਂ ਨਿਜ ਪੰਥੈ ਦਈ ਪ੍ਰਸਿੱਧਯਾ।***
***ਜਿਨ ਕੋ ਤੂੰ ਸ਼ੂਦਰ ਬਤਰੈ ਹੈਂ। ਬਿਦਯਾ ਗੁਰੁ ਦਿਜਨ ਇਹ ਥੈਂ ਹੈਂ।'***[1]

---

*੧. ਪੰਥ ਪ੍ਰਕਾਸ਼ ਪੰਨਾ ੨੭੮੭, ਸੰਪਾਦਕ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ*

# ਪੰਜ ਸੰਤਾਂ ਨੂੰ ਵਿਦਿਆ ਪ੍ਰਾਪਤੀ ਵਾਸਤੇ ਕਾਸ਼ੀ ਭੇਜਣਾ

ਕੁਝ ਸਮੇਂ ਬਾਅਦ ੧੬੯੬ ਈਃ ਨੂੰ ਸਤਿਗੁਰੂ ਜੀ ਨੇ ਵਿਸ਼ੇਸ਼ ਸਮਾਗਮ ਬੁਲਾਇਆ ਜਿਸ ਵਿਚ ਦੂਰ-ਨੇੜੇ ਦੀ ਸਮੂੰਹ ਸੰਗਤ ਇਕੱਤਰ ਹੋਈ। ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਸਤਿਗੁਰੂ ਜੀ ਨੇ ਵਿਦਿਆ ਦੀ ਮਹਾਨਤਾ ਦੀ ਵਿਆਖਿਆ ਕਰਦੇ ਹੋਏ ਸਰਬੱਤ ਨੂੰ ਵਿਦਿਆ ਪ੍ਰਾਪਤ ਕਰਨ ਦਾ ਉਪਦੇਸ਼ ਦਿਤਾ। ਇਸਦੇ ਨਾਲ ਹੀ ਗੁਰਬਾਣੀ ਅਤੇ ਭਾਸ਼ਾ ਦੇ ਪੰਜ ਪ੍ਰਸਿੱਧ ਵਿਦਵਾਨਾਂ ਨੂੰ ਆਵਾਜ਼ ਦੇਕੇ ਖੜ੍ਹੇ ਹੋਣ ਦਾ ਆਦੇਸ਼ ਦਿੱਤਾ। ਇਹ ਪੰਜੇ ਵਿਦਵਾਨ ਸੰਤ ਕਰਮ ਸਿੰਘ ਜੀ, ਸੰਤ ਰਾਮ ਸਿੰਘ ਜੀ, ਸੰਤ ਗੰਡਾ ਸਿੰਘ ਜੀ, ਸੰਤ ਵੀਰ ਸਿੰਘ ਜੀ, ਸੰਤ ਸੈਣਾ ਸਿੰਘ ਜੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਹੱਥ ਜੋੜਕੇ ਖੜ੍ਹੇ ਹੋ ਗਏ।

ਇਨ੍ਹਾਂ ਦੀ ਚੋਣ ਸਤਿਗੁਰੂ ਜੀ ਨੇ ਇਸ ਵਾਸਤੇ ਕੀਤੀ ਸੀ ਕਿਉਂਕਿ ਇਨ੍ਹਾਂ ਨੂੰ ਵਿਦਿਆ ਨਾਲ ਅਨੁਰਾਗ ਸੀ। ਬੁਧੀ ਸੂਖਮ ਸੀ, ਗ੍ਰੰਥਾਂ ਦੇ ਅਤਿ ਗੂੜ੍ਹ ਵਿਸ਼ਿਆਂ, ਪਦ-ਪਦਾਰਥਾਂ ਨੂੰ ਸਮਝਣ ਦੀ ਸਮਰਥਾ ਰਖਦੇ ਸਨ। ਭਾਸ਼ਾ ਦੇ ਪਹਿਲਾਂ ਹੀ ਵਿਦਵਾਨ ਸਨ। ਨਵਯੁਵਕ ਸਨ, ਸੈਲਾਨੀ ਸੁਭਾਉ ਸੀ, ਉਚੇ ਆਚਰਨ ਦੇ ਮਾਲਕ ਸਨ ਅਤੇ ਸਤਿਗੁਰੂ ਜੀ ਦੇ ਆਗਿਆਕਾਰ ਸਨ। ਆਵਾਜ਼ਾ ਸੁਣਕੇ ਪੰਜੇ ਸੰਤ/ਸਿੱਖ ਚਰਨਾਂ ਵਿਚ ਹਾਜ਼ਿਰ ਹੋ ਕੇ, ਨਮਸਕਾਰ ਕਰਕੇ, ਖੜ੍ਹੇ ਹੋ ਗਏ। ਦੀਵਾਨ ਖਚਾ-ਖਚ ਭਰਿਆ ਹੋਇਆ ਸੀ। ਸੰਗਤ ਸਾਹ ਰੋਕ ਕੇ ਸੁਣਨ ਵਾਸਤੇ ਕਾਹਲੀ ਸੀ।

ਸਤਿਗੁਰੂ ਜੀ ਨੇ ਫੁਰਮਾਇਆ, "ਤੁਹਾਨੂੰ ਸੰਸਕ੍ਰਿਤ ਪੜ੍ਹਨ ਵਾਸਤੇ ਕਾਸ਼ੀ ਜੀ ਨੂੰ ਭੇਜ ਰਹੇ ਹਾਂ। ਕਖਾਏ/ ਭਗਵੇਂ ਵਸਤਰ ਧਾਰਨ ਕਰਕੇ ਸੰਨਿਆਸੀ ਰੂਪ ਵਿਚ ਵੇਦ ਸ਼ਾਸਤ੍ਰਾਂ ਦੀ ਸੰਸਕ੍ਰਿਤ ਵਿਚ ਸਾਰੀ ਵਿਦਿਆ ਪ੍ਰਾਪਤ ਕਰੋ, ਅੱਜ ਹੀ ਤਿਆਰੀ ਕਰਕੇ ਅੰਮ੍ਰਿਤ ਵੇਲੇ ਯਾਤ੍ਰਾ ਆਰੰਭ ਕਰ ਦੇਣੀ ਡੋਲਨਾ ਨਹੀਂ, ਸਤਿਗੁਰੂ ਅੰਗ-ਸੰਗ ਹਨ। ਜੋ ਵਿਦਿਆ ਜਨ ਸਾਧਾਰਨ ੧੨ ਵਰਸ਼ਾਂ ਵਿਚ ਪ੍ਰਾਪਤ ਕਰਦੇ ਹਨ, ਉਹ ਵਿਦਿਆ ਤੁਸੀਂ ੧੨ ਮਹੀਨਿਆਂ ਵਿਚ ਪ੍ਰਾਪਤ ਕਰ ਲਵੋਗੇ। ਸਾਡੇ ਇਸ ਵਰਦਾਨ ਨਾਲ ਦੇਸ਼ ਦੇ ਧੁਰੰਧਰ ਵਿਦਵਾਨ, ਪ੍ਰਕਾਂਡ ਪੰਡਿਤ ਬਣੋਗੇ। ਅਗੇ ਇਸ ਵਿਦਿਆ ਨੂੰ ਪੰਥ ਵਿਚ ਪ੍ਰਚਾਰਨਾ। ਜਿਸ ਤਰ੍ਹਾਂ ਦੀ ਤੁਹਾਡੀ ਨਿਰਮਲ ਬੁਧੀ ਹੈ ਇਸ ਤਰ੍ਹਾਂ ਨਿਰਮਲੇ ਬਣਕੇ ਰਹਿਣਾ, ਜਾਓ !" ਪੰਜਾਂ ਸੰਤਾਂ ਦੇ ਸਿਰ ਸਤਿਗੁਰੂ ਜੀ ਦੇ ਪਾਵਨ ਚਰਨਾਂ ਵਿੱਚ ਝੁਕ ਗਏ।

ਦੂਸਰੇ ਦਿਨ ਭਗਵੇਂ ਵਸਤਰ ਧਾਰਨ ਕਰਕੇ, ਗਾਤੀਆਂ ਲਾਕੇ, ਚਿੱਪੀਆਂ ਲੈਕੇ, ਪੰਜੇ ਸੰਤ ਕਾਸ਼ੀ ਜੀ ਜਾਣ ਵਾਸਤੇ ਗੁਰੂ ਜੀ ਦੇ ਚਰਨਾਂ ਵਿਚ ਹਾਜਿਰ ਹੋਏ। ਸਤਿਗੁਰੂ ਜੀ ਵੇਖਕੇ ਪਰਮ ਪ੍ਰਸੰਨ ਹੋਏ। ਅਨੇਕ ਆਸ਼ੀਰਵਾਦ ਦੇਕੇ ਕਾਸ਼ੀ ਜੀ ਨੂੰ ਜਾਣ ਦੀ ਆਗਿਆ ਕੀਤੀ ਅਤੇ ਫੁਰਮਾਇਆ :

*'ਜਾਓ ! ਮੇਰੇ ਲਾਲ ਪਾਲ ਕਰ ਹੈ ਅਕਾਲ ਥਾਰੀ,*
*ਸਾਰੀ ਸੁਖ ਸੰਪਦਾ ਮੈਂ ਵਾਰੀ ਸਿਰ ਥਾਰੇ ਪੈ।*
*ਕਾਮ ਕ੍ਰੋਧ ਲੋਭ ਤਯਾਗ ਸਾਗ ਪਾਤ ਖਾਇ ਬਹ,*
*ਬਟ ਹੂੰ ਕੀ ਛਾਯਾ ਅਥਾ ਸੁੰਨੇ ਘਰ ਢਾਰੇ ਪੈ।*

*ਬ੍ਰਹਮਚਾਰੀ ਰੀਤਿ ਜੋਈ ਹੋਈ ਵਿਪ੍ਰੀਤ ਸੋਈ,*
*ਸੋਈ ਅਬ ਪ੍ਰਗਟੀ ਯੋ ਦੇਸ ਇਸ ਸਾਰੇ ਪੈ।*
*ਵਰਣ ਤੁਮਾਰੇ ਅਬ ਆਸ਼੍ਰਮ ਸੰਨਯਾਸ ਭਯੋ,*
*ਲਯੋ ਹੈ ਅਰੂਜ ਪਦ ਊਚ ਚੰਦ ਤਾਰੇ ਪੈ।'*

ਇਸ ਤਰ੍ਹਾਂ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਨਮਸਕਾਰ ਅਤੇ ਪਰਿਕ੍ਰਮਾ ਕਰਕੇ, ਇਹ ਪੰਜੇ ਸੰਤ ਕਾਸ਼ੀ ਜੀ ਨੂੰ ਚਲੇ ਗਏ। ਕਾਸ਼ੀ ਜੀ ਪਹੁੰਚਕੇ ਜਤਨੇ ਬ੍ਰਾਹਮਣ ਦੇ ਬਟ (ਬੋਹੜ) ਹੇਠ ਜਾਕੇ ਆਸਨ ਲਾਏ ਅਤੇ ਘਾਸ ਦੀਆਂ ਕੁਲੀਆਂ ਬਣਾਕੇ ਰਹਿਣ ਲੱਗੇ। ਇਹ ਜਤਨ ਮਠ ਪ੍ਰਸਿੱਧ ਨਾਉਂ 'ਚੇਤਨ ਮਠ' ਨਿਰਮਲ ਪੰਥ ਦਾ ਪ੍ਰਸਿੱਧ ਇਤਿਹਾਸਕ ਸਥਾਨ ਹੈ।[੧]

ਛੇਤੀ ਹੀ ਪੰਡਿਤ ਸਦਾਨੰਦ ਜੀ ਕੋਲ ਪੜ੍ਹਨ ਦਾ ਪ੍ਰਬੰਧ ਹੋ ਗਿਆ। ਪੰਡਿਤ ਸਦਾਨੰਦ ਜੀ ਕਾਸ਼ੀ ਦੇ ਮੰਨੇ ਪ੍ਰਮੰਨੇ ਅਧਿਆਪਕ ਸਨ। ਸਤੋਗੁਣੀ, ਕੋਮਲ, ਨਿਮ੍ਰ ਸੁਭਾਅ ਸੀ। ਵਿਦਿਆਰਥੀਆਂ ਨਾਲ ਹਿਤ ਕਰਨ ਵਾਲੇ ਸਨ। ਜਿਸ ਤਰ੍ਹਾਂ ਦੇ ਯੋਗ ਅਧਿਆਪਕ ਸਨ, ਇਸੀ ਤਰ੍ਹਾਂ ਦੇ ਵਿਦਿਆ ਅਨੁਰਾਗੀ ਪੰਜੇ ਵਿਦਿਆਰਥੀ ਸਨ ਜੋ ਅਮੋਲਕ ਸਮੇਂ ਨੂੰ ਵਿਦਿਆ ਅਧਿਐਨ ਵਿੱਚ ਬਤੀਤ ਕਰਦੇ ਸਨ। ਹਾਸ-ਬਿਲਾਸ, ਨ੍ਰਿਤ, ਗੀਤ ਵਿੱਚ ਸਮਾਂ ਲਾਉਣਾ ਘਾਤਕ ਸਮਝਦੇ ਸਨ। ਹਰ ਤਰ੍ਹਾਂ ਦੇ ਸੁਖ-ਸ੍ਵਾਦ ਤੋਂ ਦੂਰ ਰਹਿੰਦੇ ਸਨ। ਇਕਾਗਰ ਮਨ ਨਾਲ ਕੇਵਲ ਇਕੋ ਆਦਰਸ਼ ਮੁੱਖ ਰਖਿਆ ਹੋਇਆ ਸੀ ਕਿ ਵੱਧ ਤੋਂ ਵੱਧ ਵਿਦਿਆ ਅਧਿਐਨ ਕੀਤਾ ਜਾਵੇ।

ਕਾਸ਼ੀ ਵਿੱਚ ਇਹ ਗੱਲ ਪ੍ਰਸਿੱਧ ਹੋ ਗਈ ਕਿ ਨਵੇਂ ਆਏ ਪੰਜੇ, ਪੰਜਾਬੀ ਸੰਤ ਕੋਈ ਚਮਤਕਾਰੀ ਵਿਅਕਤੀ ਹਨ। ਜੋ ਵਿਦਿਆ ਕਈ ਵਰਸ਼ਾਂ ਵਿੱਚ ਪੜ੍ਹੀ ਜਾ ਸਕਦੀ ਹੈ ਉਹ ਉਨ੍ਹਾਂ ਨੇ ਥੋੜ੍ਹੇ ਸਮੇ ਵਿੱਚ ਪ੍ਰਾਪਤ ਕਰ ਲਈ ਹੈ। ਇਸ ਦਾ ਕਾਰਣ ਸਤਿਗੁਰੂ ਜੀ ਦਾ ਵਰਦਾਨ ਹੋਣਾ, ਵਿਦਿਆਦਾਤਾ ਦੇ ਪੜ੍ਹਾਉਣ ਦਾ ਢੰਗ, ਪੜ੍ਹਨ ਦਾ ਅਣਥੱਕ ਅਭਿਆਸ, ਧਰਮ ਪ੍ਰਚਾਰ ਦੀ ਲਗਨ, ਪੰਥ ਵਿਚ ਸੰਸਕ੍ਰਿਤ ਵਿਦਿਆ ਦੇ ਪਰਿਵ੍ਰਿਤ ਕਰਨ ਦਾ ਉਤਸ਼ਾਹ ਹੋਣਾਂ ਸੀ। ਇਸ ਕਰਕੇ ਇਹ ਪੰਜੇ ਸੰਤ ਵਿਆਕਰਣ, ਵੇਦ, ਉਪਨਿਸ਼ਦ, ਵੇਦਾਂਗ, ਨਯਾਯ, ਵੇਦਾਂਤ, ਇਤਿਹਾਸ, ਮਿਥਿਹਾਸ ਆਦਿਕ ਸਰਵ ਵਿਦਿਆ ਦੇ ਪ੍ਰਕਾਂਡ ਪੰਡਿਤ ਬਣ ਗਏ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

*'ਪਹੁੰਚੇ ਕਾਂਸ਼ੀ ਪੁਰੀ ਉਦਾਰੇ। ਚੇਤਨ ਮਠ ਮੈਂ ਰਹੇ ਵਿਚਾਰੇ।*
*ਸਾਧ ਨਿਰਮਲੇ ਤਹਿ ਬਿਦਤਾਏ। ਵਿਦਯਾ ਪਢੀ ਅਧਿਕ ਮਨ ਲਾਏ।*
*ਗੁਰੁ ਕ੍ਰਿਪਾ ਤੇ ਸ਼ੀਘਰ ਬਿੱਦਯਾ। ਤਿਹ ਕੋ ਕਰ-ਤਲ ਭਈ ਪ੍ਰਸਿੱਧਯਾ।'*

ਇਹ ਪੰਜ ਮਹਾਂਪੁਰਖ ਸਤਿਗੁਰੂ ਕਲਗੀਧਰ ਸ੍ਵਾਮੀ ਜੀ ਦੀ ਸਿਖਿਆ ਨੂੰ ਹਿਰਦੇ ਵਿਚ ਧਾਰਨ ਕਰਕੇ ਸ਼ੀਤ, ਉਸ਼ਣ, ਭੁਖ, ਪਿਆਸ ਆਦਿਕ ਅਨੇਕ ਤਰ੍ਹਾਂ ਦੇ ਕਸ਼ਟ ਸਹਿੰਦੇ ਹੋਏ ਲਗਾਤਾਰ ੧੩ ਵਰਸ਼ ਵਿਦਿਆ ਪ੍ਰਾਪਤ ਕਰਦੇ ਰਹੇ। ਇਸ ਸਮੇਂ ਸਤਿਗੁਰੂ ਜੀ ਦੇ ਦਰਬਾਰ ਵਿਚੋਂ ਹੋਰ ਨਿਰਮਲੇ ਸੰਤ ਵੀ ਵਿਦਿਆ ਪ੍ਰਾਪਤੀ ਵਾਸਤੇ ਕਾਸ਼ੀ ਜੀ ਪੁਜਦੇ ਰਹੇ। ਨਵੇਂ ਆਏ ਸੰਤਾਂ ਤੋਂ ਗੁਰੂ ਦਰਬਾਰ ਅਤੇ ਪੰਜਾਬ ਦੀਆਂ ਖਬਰਾਂ ਦਾ ਵੀ ਪਤਾ ਲਗਦਾ ਰਹਿੰਦਾ ਸੀ।

ਕਾਸ਼ੀ ਵੀ ਗੁਰ ਸਿਖੀ ਦਾ ਗੜ੍ਹ ਸੀ। ਬੜੇ-ਬੜੇ ਪ੍ਰਸਿੱਧ ਸਿਖ ਨਿਵਾਸ ਰਖਦੇ ਸਨ, ਜਿਨ੍ਹਾਂ ਦੇ ਨਾਉਂ ਸ੍ਰੀ ਗੁਰੂ

*੧. ਚੇਤਨ ਮਠ ਨਾਉਂ ਪ੍ਰਸਿੱਧ ਹੋਣ ਦਾ ਕਾਰਨ ਇਹ ਹੈ। ਇਸ ਸਥਾਨ ਦੇ ਮਹੰਤ ਸ੍ਰੀਮਾਨ ਪੰਡਿਤ ਚੇਤ ਸਿੰਘ ਜੀ ਤਪ ਤੇਜ ਵਾਲੇ, ਨਾਮ ਅਭਿਆਸੀ, ਸਿਮਰਨ ਸੇਵਾ ਵਾਲੇ, ਮਹਾਨ ਵਿਦਵਾਨ, ਚਕਿਤਸਕ, ਪਰਉਪਕਾਰੀ, ਮਹਾਂਪੁਰਖ ਸਨ। ਆਪ ਜੀ ਦੇ ਤੇਜ-ਪ੍ਰਤਾਪ ਪ੍ਰਸਿੱਧੀ ਦੇ ਕਾਰਣ ਇਸ ਸਥਾਨ ਦਾ ਨਾਮ 'ਚੇਤਨ ਮਠ' ਪ੍ਰਸਿੱਧ ਹੋਇਆ। ਅੱਜ ਕੱਲ੍ਹ ਮਹੰਤ ਪ੍ਰੀਤਮ ਸਿੰਘ ਜੀ ਹਨ।*

ਤੇਗ ਬਹਾਦਰ ਜੀ ਦੇ ਹੁਕਮਨਾਮੇ ਪੁਜਦੇ ਰਹਿੰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸੰਗਤਾਂ (ਗੁਰਦੁਆਰੇ) ਵੀ ਕਾਇਮ ਸਨ। ਸੰਗਤ ਨਿਰਮਲੇ ਸੰਤਾਂ ਦੀ ਸੇਵਾ ਕਰਨ ਵਾਸਤੇ ਹਰ ਸਮੇਂ ਤਿਆਰ ਰਹਿੰਦੀ ਸੀ, ਪਰ ਸੰਤ ਮਧੂਕੜੀ ਲੈਣ ਤੋਂ ਬਿਨ੍ਹਾਂ ਕੋਈ ਹੋਰ ਲਗਾਉ ਨਹੀਂ ਰਖਦੇ ਸਨ।

ਨਵੇਂ ਆਏ ਸੰਤਾਂ ਦੁਆਰਾ ਅਤੇ ਕਾਸ਼ੀ ਦੀ ਸੰਗਤ ਤੋਂ ਪਤਾ ਲਗਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਧਾਰ ਵਿਚੋਂ 'ਖਾਲਸਾ ਪੰਥ' ਦੀ ਸਿਰਜਣਾ ਕੀਤੀ ਹੈ। ਪੰਜ ਪਿਆਰਿਆਂ ਦੀ ਅਲੌਕਿਕ ਚੋਣ ਹੋਈ ਹੈ ਜੋ ਇਤਿਹਾਸ ਵਿਚ ਪਹਿਲੇ ਵੇਖੀ ਸੁਣੀ ਨਹੀਂ ਗਈ। ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਦੇ ਸਿਰ ਤਲਵਾਰ ਦੀ ਧਾਰ ਨਾਲ ਪਰਖੇ ਗਏ ਹਨ। ਕੇਸਗੜ੍ਹ ਸਾਹਿਬ ਦੇ ਵਿਸ਼ਾਲ ਦੀਵਾਨ ਵਿੱਚ ਨੰਗੀ ਤਲਵਾਰ ਦੁਆਰਾ ਜਿਉਂ-ਜਿਉਂ ਸਤਿਗੁਰੂ ਜੀ ਸੀਸ ਦੀ ਮੰਗ ਕਰਦੇ ਰਹੇ, ਇਹ ਪੰਜੇ ਸਿੰਘ ਕ੍ਰਮਵਾਰ ਉਠ-ਉਠ ਕੇ ਆਪਣਾ ਸੀਸ ਸਤਿਗੁਰੂ ਜੀ ਦੀ ਭੇਟਾ ਕਰਦੇ ਰਹੇ। ਸਤਿਗੁਰੂ ਜੀ ਬੀਰ ਰਸ ਵਿੱਚ ਡੌਲਿਓਂ ਫੜਕੇ ਤੰਬੂ ਵਿੱਚ ਧੂਹਕੇ ਲੈ ਜਾਂਦੇ ਰਹੇ। ਪ੍ਰਤੀਤ ਇਹੀ ਹੁੰਦਾ ਸੀ ਕਿ ਸਿੱਖ ਝਟਕਾਏ ਜਾ ਰਹੇ ਹਨ। ਪੰਜਵਾਂ ਸੀਸ ਲੈਣ ਤੋਂ ਬਾਅਦ ਮੁੜ ਸਤਿਗੁਰੂ ਜੀ ਤੰਬੂ ਵਿਚੋਂ ਬਾਹਰ ਨਹੀਂ ਆਏ। ਬੈਠੀ ਸੰਗਤ ਦੇ ਮਨ ਕਾਹਲੇ ਪੈ ਰਹੇ ਸਨ। ਸਾਹ ਰੁਕ ਰਹੇ ਸਨ। ਹੁਣ ਕੀ ਹੋ ਰਿਹਾ ਹੈ ? ਕਿਸੇ ਨੂੰ ਕੋਈ ਪਤਾ ਨਹੀਂ। ਕਾਫੀ ਸਮਾਂ ਬੀਤ ਗਿਆ। ਸਤਿਗੁਰੂ ਜੀ ਤੰਬੂ ਤੋਂ ਬਾਹਰ ਆਏ। ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਸਾਥ ਸਨ ਜਿਨ੍ਹਾਂ ਦੇ ਸੁੰਦਰ ਦਸਤਾਰੇ/ਦਮਾਲੇ ਸਜੇ ਹੋਏ ਸਨ। ਕੇਸਰੀ ਚੋਲੇ ਸਨ। ਚਿੱਟੇ ਕਛਹਿਰੇ ਸਨ। ਗਾਤਰੇ ਕ੍ਰਿਪਾਨਾਂ ਸਜੀਆਂ ਹੋਈਆਂ ਸਨ ਅਤੇ ਜਿਨ੍ਹਾਂ ਦਾ ਤਪ-ਤੇਜ ਹੀ ਅਲੌਕਿਕ ਸੀ। ਸਤਿਗੁਰੂ ਜੀ ਦੇ ਚਰਨਾਂ ਵਿਚ ਮੰਚ ਉਪਰ ਸਜੇ ਹੋਏ ਸਨ। ਇਸ ਵੇਲੇ ਸਤਿਗੁਰੂ ਜੀ ਦਾ ਤੇਜ ਅਕਥਨੀਯ ਸੀ ਜੋ ਮਨ ਨੂੰ ਸ਼ਾਂਤੀ ਤੇ ਪ੍ਰਸੰਨਤਾ ਦੇ ਰਿਹਾ ਸੀ।

ਸਤਿਗੁਰੂ ਜੀ ਨੇ ਸਤਲੁਜ ਤੋਂ ਜਲ ਦੀ ਗਾਗਰ ਅਤੇ ਪੱਥਰ ਦਾ ਸੁਨਿਹਰਾ (ਕੂੰਡਾ) ਮੰਗਵਾਇਆ। ਇਸ ਉਪਰ ਸਰਬਲੋਹ ਦੇ ਬਾਟੇ ਵਿੱਚ ਜਲ ਪਾਕੇ ਖੰਡੇ ਨਾਲ ਬਾਣੀ ਦਾ ਜਾਪ ਕਰਨ ਲੱਗੇ। ਇਸ ਸਮੇਂ ਮਾਤਾ ਜੀਤੋ ਜੀ ਪਤਾਸੇ ਲੈ ਕੇ ਹਾਜ਼ਿਰ ਹੋਏ ਜੋ ਸਤਿਗੁਰੂ ਜੀ ਨੇ ਬਣ ਰਹੇ 'ਅੰਮ੍ਰਿਤ' ਵਿਚ ਪਾ ਦਿਤੇ, ਜਿਸ ਨਾਲ ਅੰਮ੍ਰਿਤ ਮਿਠਾਸ ਨਾਲ ਭਰ ਗਿਆ। ਸਤਿਗੁਰੂ ਜੀ ਨੇ ਖੰਡੇ ਨਾਲ ਪਹਿਲੇ ਪੰਜ ਵਾਰ ਖੰਡਾ ਉੱਚਾ ਕਰਕੇ ਅੰਮ੍ਰਿਤ ਦੇ ਕਤਰੇ ਆਪਣੇ ਸ੍ਰੀ ਮੁਖ ਵਿਚ ਪਾਏ ਫਿਰ ਇਹ ਅੰਮ੍ਰਿਤ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ ਅਤੇ ਭਾਈ ਸਾਹਿਬ ਸਿੰਘ ਜੀ ਨੂੰ ਛਕਾਇਆ। ਇਨ੍ਹਾਂ ਪੰਜਾਂ ਨੂੰ 'ਪਿਆਰਿਆਂ' ਦਾ ਖਿਤਾਬ ਬਖਸ਼ਿਆ। ਪੰਜਾਂ ਨੂੰ ਸਦਾ ਆਪਣੇ ਅੰਗ-ਸੰਗ ਰਹਿਣ ਦਾ ਅਧਿਕਾਰ ਬਖਸ਼ਿਆ। ਅੰਮ੍ਰਿਤ ਤਿਆਰ ਕਰਨ ਦੀ ਵਿਧੀ ਸਰਬਲੋਹ ਦਾ ਖੰਡਾ-ਬਾਟਾ, ਪੰਜ ਬਾਣੀਆਂ, ਪੰਜ ਪਿਆਰਿਆਂ ਦੁਆਰਾ ਸੰਪੰਨ ਕਰਨ ਦਾ ਵਿਧਾਨ ਬਣਾਇਆ। ਸਤਿਗੁਰੂ ਜੀ ਨੇ ਇਕ-ਇਕ ਸਿਖ ਨੂੰ ਅੰਮ੍ਰਿਤ ਛਕਣ ਦਾ ਆਦੇਸ਼ ਦਿਤਾ। ਸੈਂਕੜੇ ਸਿਖ ਪ੍ਰਤਿ ਦਿਨ ਅੰਮ੍ਰਿਤਪਾਨ ਕਰਕੇ ਜੀਵਨ ਸਫਲ ਕਰ ਰਹੇ ਸਨ। ਅੰਮ੍ਰਿਤਧਾਰੀ ਦਾ ਤਪ-ਤੇਜ ਅਤੇ ਦਰਸ਼ਨ ਸਾਰੇ ਸੰਸਾਰ ਵਿਚੋਂ ਵਿਲਖਣ ਨਿਯਤ ਕੀਤਾ ਗਿਆ।

ਸ੍ਰੀ ਆਨੰਦਪੁਰ ਸਾਹਿਬ ਬੈਕੁੰਠ ਧਾਮ ਬਣਿਆ ਹੋਇਆ ਹੈ। ਸੰਗਤਾਂ ਦੀ ਆਵਾਜਾਈ, ਸਤਿਗੁਰੂ ਜੀ ਦੇ ਦਰਸ਼ਨ, ਉਪਦੇਸ਼, ਕਥਾ-ਕੀਰਤਨ, ਕਵੀਆਂ ਦੀਆਂ ਨਵੀਂਆਂ-ਨਵੀਂਆਂ ਕਵਿਤਾਵਾਂ ਅਤੇ ਕਵੀ ਦਰਬਾਰ, ਅੰਮ੍ਰਿਤਧਾਰੀ ਸਿੰਘਾਂ ਦੇ ਜੰਗੀ ਅਭਿਆਸ, ਪਾਉਂਟਾ ਸਾਹਿਬ ਦੀ ਤਰ੍ਹਾਂ ਸ੍ਰੀ ਆਨੰਦਪੁਰ ਵੀ ਸ਼ਾਸਤ੍ਰ ਅਤੇ ਸ਼ਸਤ੍ਰ ਵਿਦਿਆ ਦਾ ਸੁਮੇਲ ਬਣਿਆ ਹੋਇਆ ਹੈ। ਇਕ ਦੂਸਰੇ ਪ੍ਰਤਿ ਪ੍ਰੇਮ ਭਾਵ, ਸ਼ਰਧਾ ਅਕਥਨੀਯ ਹੈ।

ਪਾਉਂਟਾ ਸਾਹਿਬ ਵਿਚ ਸੰਨ ੧੬੮੬ ਈਂ ਨੂੰ ਪੰਜ ਸੰਤਾਂ ਭਾਈ ਕਰਮ ਸਿੰਘ ਜੀ, ਭਾਈ ਰਾਮ ਸਿੰਘ ਜੀ, ਭਾਈ ਗੰਡਾ ਸਿੰਘ ਜੀ, ਭਾਈ ਵੀਰ ਸਿੰਘ ਜੀ ਅਤੇ ਭਾਈ ਸੈਣਾ ਸਿੰਘ ਜੀ ਦੀ ਚੋਣ ਹੋਈ ਸੀ। ਇਹ ਸਤਿਗੁਰੂ ਜੀ ਨੇ ਪਹਿਲੇ ਹੀ ਸੋਚ ਸਮਝ ਕੇ ਸੰਗਤ ਵਿਚੋਂ ਨਾਉਂ ਲੈਕੇ ਚੁਣੇ ਸਨ। ਇਹ ਉਨ੍ਹਾਂ ਵਿਅਕਤੀਆਂ ਦੀ ਚੋਣ ਕੀਤੀ ਸੀ ਜੋ ਵਿਵੇਕ ਬੁੱਧੀ ਵਾਲੇ ਸਨ, ਭਾਸ਼ਾ ਅਤੇ ਗੁਰਬਾਣੀ ਦੇ ਵਿਦਵਾਨ ਸਨ, ਜਿਨ੍ਹਾਂ ਨੂੰ ਪਠਨ-ਪਾਠਨ ਦਾ ਹੀ ਪ੍ਰੇਮ ਸੀ। ਵਿਦਿਆ ਅਨੁਰਾਗੀ ਹੋਣ ਕਰਕੇ ਸੰਸਕ੍ਰਿਤ (ਵੇਦ, ਵੇਦਾਂਤ, ਸ਼ਾਸਤ੍ਰ, ਵਿਆਕਰਣ, ਉਪਨਿਸ਼ਦ, ਪੁਰਾਣ, ਰਾਮਾਇਣ, ਮਹਾਭਾਰਤ) ਪੜ੍ਹਨ ਵਾਸਤੇ ਕਾਸ਼ੀ ਜੀ ਭੇਜਿਆ ਸੀ। ਇਨ੍ਹਾਂ ਪੰਜਾਂ ਦੀ ਘਾਲਣਾ ਵੀ ਪੰਜ ਪਿਆਰਿਆਂ ਵਰਗੀ ਮਹਾਨ ਹੈ ਜੋ ਸਤਿਗੁਰੂ ਜੀ ਦਾ ਹੁਕਮ ਮੰਨਕੇ ਜੰਗਲਾਂ, ਪਹਾੜਾਂ, ਨਦੀਆਂ ਵਿਚ ਦੀ ਕਾਸ਼ੀ ਜੀ ਵਿਚ ਵਰਸ਼ਾਂ ਬਧੀ ਗਰਮੀ, ਸਰਦੀ, ਭੁਖ, ਪਿਆਸ ਸਹਿੰਦੇ ਹੋਏ ਕੇਵਲ ਵਿਦਿਆ ਪ੍ਰਾਪਤ ਕਰਦੇ ਰਹੇ। ਇਨ੍ਹਾਂ ਪੰਜਾਂ ਨੂੰ ਸਤਿਗੁਰੂ ਜੀ ਨੇ ਪੰਜ ਪਿਆਰਿਆਂ ਦੀ ਤਰ੍ਹਾਂ ਪਰਮ ਸਤਿਕਾਰ ਦਿੱਤਾ।

ਪਾਉਂਟਾ ਸਾਹਿਬ ਦੀ ਚੋਣ ਤੋਂ ੧੩ ਵਰਸ਼ ਮਗਰੋਂ ਸੰਨ ੧੬੯੯ ਈ: ਵਿਚ ਸ੍ਰੀ ਆਨੰਦਪੁਰ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਪੰਜ ਪਿਆਰਿਆਂ ਦੀ ਚੋਣ ਕਰਕੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਗਈ।

ਸਤਿਗੁਰੂ ਜੀ ਨੇ ਨਿਰਮਲੇ ਸੰਤਾਂ ਨੂੰ ਸ਼ਾਸਤ੍ਰ ਵਿਦਿਆ ਬਖ਼ਸ਼ੀ ਅਤੇ ਖਾਲਸੇ ਨੂੰ ਸ਼ਸਤ੍ਰ ਵਿਦਿਆ ਬਖ਼ਸ਼ੀ। ਧਰਮ ਦੇ ਉਪਦੇਸ਼ਕਾਂ ਨੂੰ ਸ਼ਾਸਤ੍ਰ ਵਿਚ ਨਿਪੁੰਨ ਕੀਤਾ ਅਤੇ ਧਰਮ ਦੇ ਰੱਖਿਅਕਾਂ ਨੂੰ ਸ਼ਸਤ੍ਰ ਵਿਚ ਪ੍ਰਵੀਨ ਕੀਤਾ।

ਕਲਗੀਧਰ ਪਿਤਾ ਦੇ ਅਨੇਕ ਤਰ੍ਹਾਂ ਦੇ ਚਰਿੱਤ੍ਰ ਸੁਣਕੇ, ਸ੍ਰੀ ਆਨੰਦਪੁਰ ਦੀਆਂ ਰੌਣਕਾਂ, ਵਿਦਵਾਨਾਂ ਦੀਆਂ ਗੋਸ਼ਟੀਆਂ, ਕਵੀ ਦਰਬਾਰਾਂ ਦੇ ਸਮਾਚਾਰ ਸੁਣਕੇ ਪੰਜੇ ਸੰਤਾਂ ਦੇ ਮਨ ਵੀ ਗੁਰੂ ਜੀ ਦੇ ਦਰਸ਼ਨਾਂ ਲਈ ਕਾਹਲੇ ਹੋ ਗਏ। ਵਿਦਿਆ ਵਿਚ ਪੂਰਣਤਾ ਪ੍ਰਾਪਤ ਕਰ ਚੁੱਕੇ ਸਨ। ਇਸ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿਚ ਪੁੱਜਣ ਦਾ ਨਿਸ਼ਚੈ ਕਰ ਲਿਆ। ਵਿਦਿਆ ਦਾਤਾ ਪੰਡਿਤ ਸਦਾਨੰਦ ਜੀ ਨੂੰ ਸਾਰੀ ਗੱਲ ਦੱਸ ਕੇ ਪੰਜਾਬ ਜਾਣ ਦੀ ਆਗਿਆ ਮੰਗੀ ਜੋ ਪੰਡਿਤ ਜੀ ਨੇ ਸੁਹਰਸ਼ ਪਰਵਾਨ ਕੀਤੀ। ਸੰਤਾਂ ਦੇ ੧੩ ਵਰਸ਼ ਦੇ ਨਿਵਾਸ ਨਾਲ 'ਚੇਤਨ ਮਠ' ਨਿਰਮਲੇ ਸੰਤਾਂ ਦਾ ਆਸ਼੍ਰਮ ਪ੍ਰਸਿੱਧ ਹੋ ਚੁਕਾ ਸੀ। ਇਸ ਵਾਸਤੇ ਇਥੋਂ ਦਾ ਪ੍ਰਬੰਧ ਸੰਤ ਕਰਮ ਸਿੰਘ ਜੀ ਦੇ ਸ਼ਿਸ਼ ਸੰਤ ਜੈ ਰਾਮ (ਜੈ ਸਿੰਘ) ਜੀ ਨੂੰ ਸੰਭਾਲਕੇ ਵਿਦਿਆਦਾਤਾ ਨੂੰ ਨਮਸਕਾਰ, ਪਰਿਕ੍ਰਮਾ ਕਰਕੇ ਸਤਿਗੁਰੂ ਅਗੇ ਅਰਦਾਸ ਕਰਕੇ ਪੰਜਾਬ ਨੂੰ ਤੁਰ ਪਏ ਜੋ ਕਾਫੀ ਸਮੇਂ ਵਿਚ ਧੀਰੇ-ਧੀਰੇ ਚਲਕੇ ਅੰਮ੍ਰਿਤ ਵੇਲੇ ਸ੍ਰੀ ਆਨੰਦਪੁਰ ਸਾਹਿਬ ਪੁਜ ਗਏ।

ਸਤਿਗੁਰੂ ਜੀ ਦਾ ਦਰਬਾਰ ਸਜਿਆ ਹੋਇਆ ਹੈ। ਅਪਾਰ ਸੰਗਤ ਸਦਉਪਦੇਸ਼ ਸਰਵਨ ਕਰ ਰਹੀ ਹੈ। ਪੰਜ ਪਿਆਰੇ ਮੰਚ ਦੇ ਨਜ਼ਦੀਕ ਸਤਿਗੁਰੂ ਜੀ ਦੇ ਚਰਨਾਂ ਵਿਚ ਸਾਸ਼ੋਭਿਤ ਹਨ। ਸੂਰਬੀਰ ਸ਼ਸਤ੍ਰਧਾਰੀ ਸਿੰਘ 'ਬੀਰ ਆਸਨ' ਬੈਠੇ ਹਨ।

ਪੰਜੇ ਸੰਤ ਭਗਵੀਆਂ ਗਾਤੀਆਂ ਲਾਈ, ਖੜਾਵਾਂ/ਪਊਏ ਪਹਿਨੀ, ਹੱਥ ਵਿੱਚ ਚਿੱਪੀਆਂ ਅਤੇ ਗ੍ਰੰਥ ਲਏ ਹੋਏ, ਗੁਰੂ ਕਲਗੀਧਰ ਪਿਤਾ ਦੇ ਦਰਬਾਰ ਵਿੱਚ ਹਾਜ਼ਿਰ ਹੋਏ। ਦਾਤਨਾਂ, ਪੁਸ਼ਪਪੱਤਰ ਭੇਟ ਕਰਕੇ ਚਰਨਾਂ ਵਿਚ ਝੁਕਕੇ :

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*** *(ਪੰਨਾ ੨੫੬)*

ਸ਼ਸ਼ਟਾਂਗ ਲੰਮੇ ਪੈ ਗਏ। ਸਤਿਗੁਰੂ ਜੀ ਪਰਮ ਪ੍ਰਸੰਨ ਹੋਏ ਕਿ ਪੰਜੇ ਸੰਤ ਜਿਸ ਕਾਰਜ ਵਾਸਤੇ ਭੇਜੇ ਸਨ, ਉਸ ਕਾਰਜ ਵਿਚ ਸਫਲਤਾ ਪ੍ਰਾਪਤ ਕਰਕੇ ਆਏ ਹਨ। ਇਹ ਪੰਜ ਸੰਤ ਸਦੀਵ ਹੀ ਸਤਿਗੁਰੂ ਜੀ ਦੀ ਕ੍ਰਿਪਾ ਦੇ ਪਾਤ੍ਰ ਬਣੇ ਰਹੇ।

# ਦਸ ਬਖਸ਼ੀਸ਼ਾਂ

ਗੁਰੂ ਕਲਗੀਧਰ ਪਿਤਾ ਜੀ ਨੇ ਨਿਰਮਲੇ ਮਹਾਂਪੁਰਖਾਂ ਦੀ ਕਰਨੀ, ਘਾਲਣਾ, ਸਿਮਰਨ, ਜਪ-ਤਪ, ਵਿਦਿਆ, ਵਿਵੇਕ, ਸਬਰ, ਸੰਤੋਖ, ਤਿਆਗ ਵੇਖਕੇ ਸਮੇਂ-ਸਮੇਂ ਪ੍ਰਸੰਨਤਾ ਵਿਚ ਕਈ ਵਾਰ ਆਸ਼ੀਰਵਾਦ/ ਵਰਦਾਨ ਬਖਸ਼ੇ ਹਨ; ਜਿਨ੍ਹਾਂ ਵਿਚੋਂ ਸਤਿਗੁਰੂ ਜੀ ਦੇ ਦਸ ਆਸ਼ੀਰਵਾਦ ਪ੍ਰਸਿੱਧ ਹਨ। ਇਨ੍ਹਾਂ ਨੂੰ ਨਿਰਮਲ ਭੇਖ ਵਿਚ 'ਦਸ ਬਖਸ਼ੀਸ਼ਾਂ' ਕਿਹਾ ਜਾਂਦਾ ਹੈ। ਇਨ੍ਹਾਂ 'ਦਸ ਬਖਸ਼ੀਸ਼ਾਂ' ਵਿਚੋਂ ਕਈ ਬਖਸ਼ੀਸ਼ਾਂ ਦਾ 'ਸਰਬ ਲੋਹ ਪ੍ਰਕਾਸ਼' ਗ੍ਰੰਥ ਵਿਚ ਵਿਸਤਾਰ ਪੂਰਬਕ ਵਰਣਨ ਆਇਆ ਹੈ।

## ਪਹਿਲੀ ਬਖਸ਼ੀਸ਼

ਪੰਜੇ ਨਿਰਮਲੇ ਵਿਦਵਾਨ ਮਹਾਂਪੁਰਖਾਂ ਦਾ ਸਤੋਗੁਣੀ, ਸ਼ੀਲ ਸੁਭਾਅ, ਵਿਵੇਕ-ਬੁਧੀ, ਗਿਆਨ, ਨਿਮ੍ਰਤਾ, ਵੇਖਕੇ ਸਤਿਗੁਰੂ ਜੀ ਨੇ ਕ੍ਰਿਪਾ ਦੁਆਰਾ ਅਨੇਕ ਵਰਦਾਨ ਬਖਸ਼ਦਿਆਂ ਨੇ ਇਹ ਬਖਸ਼ੀਸ਼ ਬਖਸ਼ੀ।

*ਕਾਹੂੰ ਸੇ ਨ ਰਾਖੇ ਰਾਗ, ਦਵੈਖ ਹੂੰ ਨ ਕਾਹੂੰ ਸੰਗ,*
*ਲੋਕ ਕੁਲ ਲਾਜ ਖਟ ਖਟੋ ਜਿਨ ਨਾ ਕੋ ਹੈ।*
*ਨਿੰਮ੍ਰਤਾ ਸੋ ਭਰੇ ਰਿਦੇ ਨਿਪੁੰਨਤਾ ਧਰੇ ਰਰੇ,*
*ਰਾਮ ਕ੍ਰਿਸ਼ਨ ਹਰੇ ਪਾਰਬ੍ਰਹਮ ਬੋਧ ਜਾ ਕੋ ਹੈ।*
*ਨਿਗਮ ਪ੍ਰਵਾਹ ਨਿਤਯ ਜਿਨ ਕੇ ਨਿਹਾਲ ਸਿੰਘ,*
*ਗਿਰਾ ਗੁਰੂ ਗ੍ਰੰਥ ਕੀ ਮੈਂ ਜਾਂ ਕੋ ਪ੍ਰੇਮ ਬਾਕੋ ਹੈ।*
*ਨਿਤਾਪ੍ਰਤਿ ਨਿਰੋਪਾਧਿ ਅਹੰਬ੍ਰਹਮ ਬੋਧ ਜਾ ਕੇ,*
*ਦ੍ਵੈਤ ਮਲ ਕਟੀ ਨਿਰਮਲੇ ਨਾਮ ਯਾ ਕੋ ਹੈ।*

ਨਿਰਮਲ ਭੇਖ ਬਾਰੇ ਗੁਰੂ ਕਲਗੀਧਰ ਸੁਆਮੀ ਨੇ ਪ੍ਰਸੰਨ ਮੁਖ ਫਰਮਾਇਆ, "ਨਿਰਮਲ ਪੰਥ ਦੋ ਰੂਪਾਂ ਵਿਚ ਪ੍ਰਸਿੱਧ ਰਹੇਗਾ। ਭਗਤੀ ਮਾਰਗ ਦੁਆਰਾ ਅੰਤ੍ਰੀਵ ਗਿਆਨ ਦੀ ਖੜਗ ਧਾਰਨ ਕਰਕੇ ਕਾਮ, ਕ੍ਰੋਧ, ਈਰਖਾ, ਲੋਭ, ਮੋਹ, ਅਹੰਕਾਰ, ਦ੍ਵੈਤ, ਅਸੁਰੀ ਸੰਪ੍ਰਦਾ ਦਾ ਨਾਸ ਕਰੇਗਾ। ਜੋ ਕਿਸੇ ਨਾਲ ਵੀ ਰਾਗ, ਦ੍ਵੈਸ਼ ਨਹੀਂ ਕਰੇਗਾ। ਸਾਰੀ ਮਨੁੱਖਤਾ ਨੂੰ ਨਿੰਮ੍ਰਤਾ ਪੂਰਬਕ ਨਾਮ-ਬਾਣੀ ਨਾਲ ਜੋੜੇਗਾ। ਸਰਬਤ ਪ੍ਰਾਣੀ-ਮਾਤ੍ਰ ਨੂੰ ਆਪਣੀ ਹੀ ਆਤਮਾ ਮੰਨੇਗਾ ਅਤੇ ਮੰਨਨ ਕਰਵਾਏਗਾ। ਗਿਆਨ ਦੀ 'ਬਢਨੀ' ਦੁਆਰੇ ਕੂੜ ਦੇ ਕੂੜੇ ਨੂੰ ਸਾਫ ਕਰੇਗਾ।

ਦੂਸਰਾ ਰੂਪ = ਖਾਲਸਾ ਪੰਥ ਸਰੀਰਕ ਬਲ ਨਾਲ ਅਧਰਮੀਆਂ, ਅਤਿਆਚਾਰੀਆਂ, ਦੋਖੀਆਂ ਦਾ ਸਰਬਲੋਹ ਦੀ ਖੜਗ ਨਾਲ ਸੁਧਾਰ ਕਰੇਗਾ। ਇਸ ਤਰ੍ਹਾਂ ਪੰਥ ਆਤਮਿਕ (ਧਾਰਮਿਕ) ਅਤੇ ਸਮਾਜਿਕ ਸੁਧਾਰ ਕਰਕੇ, ਭਾਰਤ ਖੰਡ ਵਿਚ ਸਤਜ ਯੁਗ ਵਰਤਾਏਗਾ।" ਗਿਆਨ ਮਾਰਗੀ ਅਤੇ ਸੰਸਾਰ ਮਾਰਗੀ ਦੋਨਾਂ ਪਧਤੀਆਂ ਦੀ ਵਿਆਖਿਆ ਦਾ ਗੁਰੂ ਜੀ ਨੇ ਵਰਣਨ ਕਰਕੇ ਫੁਰਮਾਇਆ ਹੈ-

*'ਧੰਨ ਜੀਉ ਤਿਹ ਕੋ ਜਗ ਮਹਿ ਮੁਖ ਤੇ ਹਰਿ ਚਿਤ ਮਹਿ ਜੁਧ ਬੀਚਾਰੈ।*
*ਦੇਹ ਅਨਿਤ ਨ ਨਿਤ ਰਹਿਹ ਜਸ ਨਾਵ ਚੜ੍ਹੈ ਭਵਸਾਗਰ ਤਾਰੈ।*
*ਧੀਰਜ ਧਾਮ ਬਨਾਇ ਇਹੈ ਤਨ, ਬੁਧਿ ਸੁ ਦੀਪਕ ਜਿਉ ਉਜਯਾਰੈ।*
*ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ।'*[1]

ਇਸ ਤਰ੍ਹਾਂ ਖਾਲਸਾ ਪੰਥ ਸ਼ਾਸਤ੍ਰ ਅਤੇ ਸ਼ਸਤ੍ਰ ਦ੍ਵਾਰਾ ਮਨੁੱਖਤਾ ਦੀ ਸਦੈਵ ਸੇਵਾ ਕਰਦਾ ਰਹੇਗਾ।

'ਮੋਕਸ਼ ਪੰਥ ਪ੍ਰਕਾਸ਼' ਵਿਚ ਪੰਡਿਤ ਗੁਲਾਬ ਸਿੰਘ ਜੀ ਲਿਖਦੇ ਹਨ :

*'ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਪੂਰਣ ਹਰੀ ਅਵਤਾਰ।*
*ਰਚਯੋ ਪੰਥ ਭਵ ਮੈਂ ਪ੍ਰਗਟ, ਦੋ ਬਿਧਿ ਕੋ ਵਿਸਤਾਰ।*
*ਏਕਨ ਕੇ ਕਰ ਖੜਗ ਦੈ, ਭੁਜ ਬਲ ਬਹੁ ਵਿਸਤਾਰ।*
*ਪਾਲਨ ਭੂਮੀ ਕੋ ਕਰਯੋ, ਦੁਸ਼ਟਨ ਮੂਲ ਉਖਾਰ।*
*ਔਰਨ ਕੀ ਪਿਖ ਵਿਮਲ ਮਤਿ, ਦੀਨੋ ਪਰਮ ਵਿਵੇਕ।*
*ਨਿਰਮਲ ਭਾਖੈ ਜਗਤ ਤਿਹ, ਹੇਰੈ ਬ੍ਰਹਮ ਸੁ ਏਕ।'*

ਗਿਆਨੀ ਗਿਆਨ ਸਿੰਘ ਜੀ 'ਪੰਥ ਪ੍ਰਕਾਸ਼' ਵਿਚ ਲਿਖਦੇ ਹਨ :

*'ਪਢਿ ਨਿਗਮਾਗਮ ਗੁਰ ਢਿਗ ਆਏ। ਗੁਰਹਿ ਸੁਨਾਇ ਅਧਿਕ ਵਰ ਪਾਏ।*
*ਖੁਸ਼ੀ ਹੋਏ ਗੁਰ ਐਸ ਉਚਾਰੀ। ਸਾਰ ਵਿਦਿਆ ਜਗ ਜੁਗ ਭਾਰੀ।*
*ਸ਼ਸਤ੍ਰ ਏਕ ਸ਼ਾਸਤ੍ਰ ਦੂਜੀ। ਉਭੇ ਜਾਤਿ ਜਗ ਮਾਨੀ ਪੂਜੀ।*
*ਦੁਸ਼ਟ ਮੂਢ ਸ਼ਸਤਰੇਂ ਕਰ ਦਬ ਹੈ। ਸ਼ਾਸਤ੍ਰ ਤੈ ਕੋਵਿਦ ਬਸ ਫਬ ਹੈ।*
*ਅੰਬੀਰੀ ਵਜੀਰੀ ਫਕੀਰੀ। ਦਾਨ ਦਹੀਰੀ ਸਭਿ ਤਦਬੀਰੀ।*
*ਤਰਗਸ ਗੀਰੀ ਰਾਜ ਗਹੀਰੀ। ਹਮਰੇ ਪੰਥ ਵੀਚ ਸਭ ਥੀਰੀ।*
*ਇਤਯਾਦਿਕ ਬਰ ਸਤਿਗੁਰ ਦੀਏ। ਜੋ ਸੁਨ ਸਿੱਖ ਸਭੈ ਖੁਸ਼ਿ ਥੀਏ।'*[2]

ਅਗੇ ਗਿਆਨੀ ਗਿਆਨ ਸਿੰਘ ਜੀ ਹੋਰ ਵਿਆਖਿਆ ਕਰਦੇ ਹਨ :

*'ਸਿਖ ਦ੍ਵੈ ਬਿਧਿ ਸਭਿ ਤਿਨ ਕੇ ਥੀਏ। ਏਕ ਗ੍ਰਿਹਸਥੀ ਤਯਾਗੀ ਬੀਏ।*
*ਗ੍ਰੇਹੀ ਕੇਵਲ ਸਿੱਖ ਬਿਦਤਾਏ। ਤਯਾਗੀ ਸਿੱਖ ਨਿਰਮਲੇ ਗਾਏ।*
*ਸਾਧ ਨਿਰਮਲੈ ਵਹੀ ਅਪਾਰੇ। ਬਿਦਤੇ ਭਯ ਤੇ ਜਗਤ ਮਝਾਰੇ।*
*ਦਸੋਂ ਗੁਰੂ ਖਿਜਮਤ ਮੈਂ ਹੈਂ। ਰਹੇ ਸਦਾ ਗੁਰ ਪੰਥ ਮਧੈ ਹੈਂ।*
*ਪੈ ਪ੍ਰਵਿਰਤੀ ਅਧਿਕ ਨ ਧਾਰੀ। ਰਹੈ ਨਿਵਰਤੀ ਸੰਤ ਉਦਾਰੀ।'*[3]

ਇਸ ਤਰ੍ਹਾਂ ਵਰਦਾਨ ਦੇਕੇ, ਪ੍ਰਸੰਨਤਾ ਬਖਸ਼ਕੇ, ਪੰਜਾਂ ਸੰਤਾਂ ਦੇ ਯੋਗ ਥਾਉਂ ਆਸਨ ਲੁਆਏ। ਦੂਸਰੇ ਦਿਨ ਪੰਜੇ ਸੰਤ ਫਿਰ ਦੀਵਾਨ ਵਿਚ ਹਾਜ਼ਿਰ ਹੋਏ। ਦੀਵਾਨ ਦੀ ਸਮਾਪਤੀ 'ਤੇ, ਪੰਜਾਂ ਨੇ ਹੱਥ ਜੋੜਕੇ ਪ੍ਰਾਰਥਨਾ ਕੀਤੀ

---

*੧. ਕਿਸ਼ਨਾਵਤਾਰ*
*੨. ਪੰਥ ਪ੍ਰਕਾਸ਼ ਪੰਨਾ ੨੭੮੯ ਸੰਪਾਦਤ ਸਿੰਘ ਸਾਹਿਬ ਗਿ: ਕ੍ਰਿਪਾਲ ਸਿੰਘ ਜੀ*
*੩. ਪੰਥ ਪ੍ਰਕਾਸ਼ ਪੰਨਾ ੨੭੮੫*

ਕਿ 'ਸੱਚੇ ਪਾਤਸ਼ਾਹ ! ਸਾਨੂੰ ਵੀ ਅੰਮ੍ਰਿਤ ਦੀ ਦਾਤ ਬਖਸ਼ਕੇ, ਕ੍ਰਿਤਾਰਥ ਕੀਤਾ ਜਾਵੇ।' ਸਤਿਗੁਰੂ ਜੀ ਸੁਣਕੇ ਪਰਮ ਪ੍ਰਸੰਨ ਹੋਏ, ਫੁਰਮਾਇਆ, 'ਤੁਹਾਡਾ ਇਹ ਵਿਚਾਰ ਅਤਿ ਸ਼ੁਭ ਹੈ ਮਨੁੱਖਾ ਜਨਮ ਵਾਸਤੇ ਅੰਮ੍ਰਿਤ ਦੀ ਪ੍ਰਾਪਤੀ ਅਤਿ ਜ਼ਰੂਰੀ ਹੈ। ਅੱਜ ਹੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਅੱਗੇ ਵਾਸਤੇ ਅੰਮ੍ਰਿਤ ਛਕਾਉਣ ਦੀ ਸੇਵਾ ਵੀ ਤੁਸੀਂ ਸੰਭਾਲੋ, ਸਾਡੀ ਇਹੀ ਖੁਸ਼ੀ ਹੈ।'

ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਨੂੰ ਕਹਿਕੇ ਸਾਰੀ ਤਿਆਰੀ ਕਰਵਾਈ। ਪੰਜੇ ਨਿਰਮਲੇ ਸੰਤਾਂ ਭਾਈ ਕਰਮ ਸਿੰਘ ਜੀ, ਭਾਈ ਰਾਮ ਸਿੰਘ ਜੀ, ਭਾਈ ਗੰਡਾ ਸਿੰਘ ਜੀ , ਭਾਈ ਵੀਰ ਸਿੰਘ ਜੀ ਅਤੇ ਭਾਈ ਸੈਣਾ ਸਿੰਘ ਜੀ ਨੂੰ ਗੁਰੂ ਮਰਯਾਦਾ ਅਨੁਸਾਰ ਅੰਮ੍ਰਿਤ ਦੀ ਦਾਤ ਬਖਸ਼ੀ। ਇਨ੍ਹਾਂ ਪੰਜਾਂ ਸੰਤਾਂ ਨੂੰ ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਨੇ, ਰਹਿਤ ਮਰਯਾਦਾ ਤੇ ਗੁਰਉਪਦੇਸ਼ ਦਿੱਤਾ। ਇਸ ਵਾਸਤੇ ਇਹ ਦੋਨੋਂ ਪਿਆਰੇ ਉਪਦੇਸ਼ਦਾਤਾ ਹਨ।

ਹੁਣ ਅਨੰਦਪੁਰ ਵਿਚ ਸਰਸ੍ਵਤੀ (ਵਿਦਿਆ) ਦਾ ਪ੍ਰਵਾਹ ਵੀ ਖੁਲ੍ਹਾ-ਡੁਲ੍ਹਾ ਵਹਣ ਲੱਗਾ। ਪੰਡਿਤ ਕਰਮ ਸਿੰਘ ਜੀ ਉਪਨਿਸ਼ਦਾਂ ਦੀ ਕਥਾ ਕਰਦੇ ਸਨ। ਪੰਡਿਤ ਭਾਈ ਰਾਮ ਸਿੰਘ ਜੀ ਰਾਮਾਇਣ ਦੀ, ਪੰਡਿਤ ਭਾਈ ਗੰਡਾ ਸਿੰਘ ਜੀ ਮਹਾਂਭਾਰਤ ਦੀ ਕਥਾ ਸੁਨਾਉਣ ਲਗੇ। ਇਸੀ ਤਰ੍ਹਾਂ ਯੋਗਵਸ਼ਿਸ਼ਟ, ਸਾਹਿਤਯ, ਕਾਵਿਯ, ਨੀਤੀ ਆਦਿ ਮੂਲ ਸੰਸਕ੍ਰਿਤ ਗ੍ਰੰਥਾਂ ਦੀ ਵੀ ਸਮੇਂ-ਸਮੇਂ ਕਥਾ ਹੁੰਦੀ ਰਹਿੰਦੀ ਸੀ। ਨਾਲ ਹੀ ਮੂਲ ਗ੍ਰੰਥਾਂ ਦੇ ਪੰਜਾਬੀ ਅਨੁਵਾਦ ਦਾ ਕੰਮ ਵੀ ਆਰੰਭ ਕੀਤਾ ਗਿਆ।

## ਦੂਸਰੀ ਬਖਸ਼ੀਸ਼

ਇਕ ਵਾਰੀ ਦਸਮ ਸਤਿਗੁਰੂ ਜੀ ਨੇ ਸ੍ਰੀ ਆਨੰਦਪੁਰ ਦੇ ਸਾਰੇ ਡੇਰਿਆਂ ਦੇ ਲੰਗਰਾਂ ਦੀ ਪ੍ਰੀਖਿਆ ਵਾਸਤੇ ਭਗਵੇਂ ਵਸਤਰ ਪਹਿਨਕੇ, ਗਾਤੀ ਲਾਕੇ ਹੱਥ ਵਿਚ ਚਿੱਪੀ ਫੜਕੇ ਨਿਰਮਲੇ ਸਾਧੂ ਦਾ ਰੂਪ ਧਾਰਨ ਕੀਤਾ। ਸਾਰੇ ਲੰਗਰਾਂ ਵਿਚ ਜਾਕੇ ਭੋਜਨ ਛਕਣ ਦੀ ਮੰਗ ਕੀਤੀ। ਲੰਗਰਾਂ ਵਾਲਿਆਂ ਨੇ ਜਵਾਬ ਦਿੰਦਿਆਂ, 'ਕਿਸੇ ਆਖਿਆ ਲੰਗਰ ਤਿਆਰ ਨਹੀਂ ਹੋਇਆ। ਕਿਸੇ ਆਖਿਆ ਲੰਗਰ ਵਰਤ ਚੁਕਾ ਹੈ। ਕਿਸੇ ਆਖਿਆ ਲੰਗਰ ਤਿਆਰ ਹੋਣ ਵਿਚ ਸਮਾਂ ਲਗੇਗਾ।' ਇਸ ਤਰ੍ਹਾਂ ਸਤਿਗੁਰੂ ਜੀ ਸਭ ਦੀ ਪ੍ਰੀਖਿਆ ਕਰਦੇ ਹੋਏ, ਭਾਈ ਨੰਦ ਲਾਲ ਜੀ ਦੇ ਲੰਗਰ ਵਿਚ ਪੁਜੇ। ਲੰਗਰ ਛਕਣ ਦੀ ਮੰਗ ਰਖੀ। ਇਸ ਸਮੇਂ ਭਾਈ ਨੰਦ ਲਾਲ ਜੀ ਦਾਲ ਅਤੇ ਗੁੰਨ੍ਹਿਆ ਆਟਾ ਲੈ ਆਏ, ਅਗੇ ਰੱਖ ਕੇ ਹੱਥ ਜੋੜਕੇ ਕਿਹਾ, 'ਮਹਾਰਾਜ ! ਇਹ ਚੀਜ਼ ਤਿਆਰ ਹੈ, ਆਪ ਪਰਵਾਨ ਕਰੋ।' ਸਤਿਗੁਰੂ ਸੁਣਕੇ ਅਤਿ ਪ੍ਰਸੰਨ ਹੋਏ। ਫੁਰਮਾਇਆ, 'ਭਾਈ ਨੰਦ ਲਾਲ ਜੀ ਦੀ ਸੇਵਾ ਸਫਲ ਹੈ। ਜੋ ਕੁਝ ਲੰਗਰ ਵਿਚ ਤਿਆਰ ਹੈ, ਉਹ ਭਾਈ ਜੀ ਵਲੋਂ ਹਾਜ਼ਿਰ ਹੈ। ਧੰਨ ਸਿੱਖੀ !'

ਇਸ ਤਰ੍ਹਾਂ ਲੰਗਰਾਂ ਦੀ ਪਰਖ ਕਰਕੇ, ਭਾਈ ਨੰਦ ਲਾਲ ਜੀ ਨੂੰ ਖੁਸ਼ੀਆਂ ਬਖਸ਼ਕੇ, ਭਗਵੇਂ ਵਸਤਰ ਉਤਾਰ ਕੇ ਸੰਤ ਸੇਵਾ ਸਿੰਘ ਨੂੰ ਬਖਸ਼ ਦਿਤੇ ਅਤੇ ਆਖਿਆ, 'ਇਨ੍ਹਾਂ ਵਸਤਰਾਂ ਦੇ ਅਧਿਕਾਰੀ ਨਿਰਮਲੇ ਸੰਤ ਹਨ।' ਸੰਗਤ ਅਤੇ ਲੰਗਰਾਂ ਵਾਲਿਆਂ ਨੂੰ ਫਿਰ ਪਤਾ ਲਗਾ ਕਿ ਭਗਵੇਂ ਵਸਤਰਾਂ ਵਾਲਾ ਸਾਧੂ ਤਾਂ ਵਾਸਤਵ ਵਿਚ ਸਤਿਗੁਰੂ ਜੀ ਆਪ ਸਨ।

## ਤੀਸਰੀ ਬਖਸ਼ੀਸ਼

ਇਕ ਵਾਰ ਸ੍ਰੀ ਕਲਗੀਧਰ ਪਿਤਾ ਜੀ ਨੇ ਕੜਾਹ ਪ੍ਰਸ਼ਾਦ ਕਰਵਾਕੇ ਸੰਗਤ ਨੂੰ ਲੁੱਟਣ ਦਾ ਹੁਕਮ ਦਿਤਾ।

ਸੰਗਤ ਇਕੋ ਹੱਲੇ ਵਿਚ ਲੁੱਟਣ ਪੈ ਗਈ। ਛਿਨ ਵਿਚ ਕੜਾਹ ਪ੍ਰਸ਼ਾਦ ਲੁੱਟਿਆ ਗਿਆ ਕਿੰਤੂ ਭਾਈ ਕਰਮ ਸਿੰਘ ਜੀ, ਭਾਈ ਰਾਮ ਸਿੰਘ ਜੀ, ਭਾਈ ਵੀਰ ਸਿੰਘ ਜੀ, ਭਾਈ ਗੰਡਾ ਸਿੰਘ ਜੀ, ਭਾਈ ਗਿਆਨ ਸਿੰਘ ਜੀ, ਭਾਈ ਕੇਸਰਾ ਸਿੰਘ ਜੀ, ਭਾਈ ਚੰਦਨ ਸਿੰਘ ਜੀ, ਭਾਈ ਸੇਵਾ ਸਿੰਘ ਜੀ, ਭਾਈ ਸੋਭਾ ਸਿੰਘ ਜੀ, ਭਾਈ ਫੱਗਾ ਸਿੰਘ ਜੀ ਅਤੇ ਭਾਈ ਗੱਜਾ ਸਿੰਘ ਜੀ, ਆਦਿ ਨਿਰਮਲੇ ਸੰਤ ਸ਼ਾਂਤ ਚਿੱਤ ਸੰਤੋਖ ਨਾਲ ਬੈਠੇ ਰਹੇ। ਸ਼ਾਂਤ ਵ੍ਰਿਤੀ ਅਤੇ ਸੰਤੋਖ ਨੂੰ ਵੇਖਕੇ ਸਤਿਗੁਰੂ ਜੀ ਅਤਿ ਪ੍ਰਸੰਨ ਹੋਏ ਅਤੇ ਫੁਰਮਾਇਆ, 'ਨਿਰਮਲੇ ਸੰਤਾਂ ਨੇ ਪੰਥ ਵਿਚ ਸੰਤੋਖ ਦਾ ਬੀਜ ਵੀ ਰਖ ਲਿਆ ਹੈ।' ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

*'ਇਹ ਸੰਤੋਖੀ ਸਿੱਖ ਹਮਾਰੇ। ਸਤੋਗੁਣੀ ਗਯਾਨੀ ਸਵਿਚਾਰੇ।*
*ਬੀਜ ਸਬਰ ਸੰਤੋਖਹਿ ਕੇਰਾ। ਪਰਖਯੋਂ ਹਮ ਇਨ ਰਖਯੋ ਬਧੇਰਾ।*
*ਨਿਰਮਲ ਉਹ ਇਹੁ ਭਏ ਨਿਰਮਲੇ। ਹਰਿ ਗੁਰ ਭਗਤਿ ਬ੍ਰਿਕਤ ਪਿਰਮਿਲੇ।*
*ਪੰਥ ਨਿਰਮਲਾ ਇਹੁ ਮਮ ਚਾਲੈ। ਪੂਜਨੀਯ ਸਭਿ ਹੇਤ ਬਿਸਾਲੈ।'*

*(ਪੰਥ ਪ੍ਰਕਾਸ਼ ਪੰਨਾ ੨੭੯੦)*

## ਚੌਥੀ ਬਖਸ਼ੀਸ਼

ਇਕ ਦਿਨ ਸਤਿਗੁਰੂ ਜੀ ਭਾਈ ਨੰਦਲਾਲ ਜੀ ਨੂੰ ਨਾਲ ਲੈਕੇ ਚੌਥੇ ਪਹਿਰ (ਅੰਮ੍ਰਿਤ ਵੇਲੇ) ਸਿੱਖਾਂ ਦੇ ਸਾਰੇ ਡੇਰਿਆਂ ਵਿਚ ਗਏ। ਕਿਸੇ ਡੇਰੇ ਦੇ ਸਿੱਖ ਸੁਤੇ ਪਏ ਸਨ। ਕਿਸੇ ਡੇਰੇ ਦੇ ਨਿੰਦਾ-ਚੁਗਲੀ ਵਿਚ ਲਗੇ ਹੋਏ ਸਨ। ਸਾਰੇ ਡੇਰਿਆਂ ਵਿਚ ਫਿਰਦੇ ਹੋਏ ਇਕ ਡੇਰੇ ਵਿਚ ਪਹੁੰਚੇ ਤਾਂ ਸਾਰੇ ਸਮਾਧੀ ਸਥਿਰ, ਇਕਾਗਰਚਿੱਤ ਸਿਮਰਨ ਵਿਚ ਲਗੇ ਹੋਏ ਵੇਖੇ। ਇਨ੍ਹਾਂ ਪ੍ਰਤੀ ਕਿਹਾ, 'ਇਹ ਆਲਸ ਰਹਿਤ ਬ੍ਰਹਮਸ਼੍ਰੋਤ੍ਰੀਜ, ਬ੍ਰਹਮਨਿਸ਼ਠ ਨਿਰਮਲੇ ਸੰਤ ਹਨ ਜੋ ਸਿੱਖੀ ਦੇ ਤਤ੍ਵ ਨੂੰ ਜਾਣਦੇ ਹੋਏ ਗੁਰਬਾਣੀ ਦੇ ਚਿੰਤਨ ਵਿੱਚ ਲੱਗੇ ਹੋਏ ਹਨ।'

## ਪੰਜਵੀਂ ਬਖਸ਼ੀਸ਼

ਇਕ ਦਿਨ ਸ੍ਰੀ ਅਨੰਦਪੁਰ ਵਿਚ ਨਾਟਕ ਪਾਰਟੀ ਨੇ ਆਕੇ ਨਾਟਕ ਵਿਖਾਇਆ। ਸਭ ਸਿੱਖ ਅਤੇ ਸ਼ਹਿਰ ਨਿਵਾਸੀ ਨਾਟਕ ਵੇਖਣ ਗਏ। ਨਾਟਕ ਦੇ ਪ੍ਰਭਾਵ ਨਾਲ ਸਭ ਦੇ ਮਨ ਵੀ ਚੰਚਲ ਬਣ ਗਏ। ਜਦੋਂ ਗੁਰੂ ਜੀ ਨੇ ਪਤਾ ਕੀਤਾ ਤਾਂ ੧੭ ਸਿੱਖ ਇਸ ਸਮੇਂ ਵੀ ਇਕਾਗਰਚਿੱਤ ਸਿਮਰਨ ਵਿਚ ਲਗੇ ਹੋਏ ਵੇਖੇ ਗਏ। ਸਤਿਗੁਰੂ ਜੀ ਨੇ ਫੁਰਮਾਇਆ, 'ਵੇਖੋ! ਤਮਾਸ਼ੇ ਦੇ ਕਾਰਣ ਸਭਦੇ ਮਨ ਅਸਥਿਰ ਅਤੇ ਚੰਚਲ ਬਣ ਗਏ। ਕੇਵਲ ਨਿਰਮਲੇ ਸੰਤ ਇਕਾਗਰਚਿੱਤ ਵੇਖੇ ਗਏ ਹਨ।' ਸਤਿਗੁਰੂ ਜੀ ਨੇ ਕਿਹਾ :

***'ਚੰਚਲ ਚੀਤ ਨ ਚਾਇ ਤਮਾਸ਼ੇ। ਜੂਏ ਜਾਏ ਨ ਖੇਲੇ ਹਾਸੇ।***
***ਅੰਗੇ ਚੰਗੇ ਚਿਤ ਨ ਲਾਏ। ਗੁਰ ਕਾ ਦਿਤਾ ਅੰਕ ਹੰਢਾਏ।'***

'ਇਹ ਮਹਾਂਪੁਰਖ ਇਸ ਤਮਾਸ਼ੇ ਨੂੰ ਪਰਮਾਰਥ ਉਪਰ ਘਟਾਕੇ ਜਗਤ ਤਮਾਸ਼ੇ ਨੂੰ ਮਿਥਿਆ ਮੰਨਕੇ ਕੇਵਲ ਸਿਮਰਨ ਵਿਚ ਇਕਾਗਰਚਿੱਤ ਹਨ। ਇਨ੍ਹਾਂ ਦੀ ਸੰਗਤ ਕਰਨ ਵਾਲੇ ਹੋਰ ਵੀ ਅਨੇਕਾਂ ਸਦ-ਮਾਰਗ ਪੈਣਗੇ।'

## ਛੇਵੀਂ ਬਖਸ਼ੀਸ਼

ਦਸਮ ਸਤਿਗੁਰੂ ਜੀ ਦਾ ਨਿਜੀ ਸੇਵਾਦਾਰ ਭਾਈ ਚੰਦਨ ਸਿੰਘ ਸੀ। ਸਤਿਗੁਰੂ ਜੀ ਇਸ ਉਤੇ ਖੁਸ਼ ਸਨ।

ਇਸ ਨੂੰ ਜੇਵਰ, ਵਸਤਰ, ਸ਼ਸਤ੍ਰ ਬਖਸ਼ਦੇ ਰਹਿੰਦੇ ਸਨ। ਕੁਝ ਵਿਅਕਤੀਆਂ ਨੇ ਈਰਖਾ ਨਾਲ ਇਸ ਦਾ ਸਮਾਨ ਚੋਰੀ ਕਰਵਾ ਦਿੱਤਾ, ਪਰ ਚੋਰ ਸਮਾਨ ਸਮੇਤ ਫੜਿਆ ਗਿਆ ਅਤੇ ਸਤਿਗੁਰੂ ਜੀ ਦੇ ਹਾਜ਼ਿਰ ਕੀਤਾ ਗਿਆ। ਸਤਿਗੁਰੂ ਜੀ ਨੇ ਭਾਈ ਚੰਦਨ ਸਿੰਘ ਨੂੰ ਪੁਛਿਆ, 'ਚੋਰ ਨੂੰ ਕੀ ਸਜ਼ਾ ਦਿਤੀ ਜਾਵੇ ?' ਭਾਈ ਚੰਦਨ ਸਿੰਘ ਨੇ ਨਿਮ੍ਰਤਾ ਨਾਲ ਬੇਨਤੀ ਕੀਤੀ, 'ਸਚੇ ਪਾਤਸ਼ਾਹ ! ਚੋਰ ਲੋੜਵੰਦ ਹੋਵੇਗਾ। ਇਹ ਸਮਾਨ ਇਸੇ ਕੋਲ ਹੀ ਰਹਿਣ ਦੇਵੋ। ਮੈਂ ਇਸਦੀ ਲੋੜ ਪੂਰੀ ਕਰਨ ਲਈ ਹੋਰ ਵੀ ਸਮਾਨ ਦੇਣ ਵਾਸਤੇ ਤਿਆਰ ਹਾਂ; ਪਰ ਅਗੋਂ ਚੋਰੀ ਨ ਕਰੇ।'

ਸਤਿਗੁਰੂ ਜੀ ਪ੍ਰਸੰਨ ਹੋਏ ਫੁਰਮਾਇਆ, 'ਭਾਈ ਚੰਦਨ ਸਿੰਘ ! ਤੂੰ ਤਾਂ ਬ੍ਰਹਮਗਿਆਨੀ ਨਿਰਮਲਾ ਸੰਤ ਹੈਂ।' ਆਪ ਵਰਗੇ ਸਮਦ੍ਰਿਸ਼ਟੀ ਵਿਅਕਤੀਆਂ ਬਾਰੇ ਹੀ ਗੁਰਬਾਣੀ ਨੇ ਫੁਰਮਾਇਆ ਹੈ :

*ਮਨ ਅਪੁਨੇ ਤੇ ਬੁਰਾ ਮਿਟਾਨਾ॥ ਪੇਖੈ ਸਗਲ ਸ੍ਰਿਸਟਿ ਸਾਜਨਾ॥*

*(ਪੰਨਾ ੨੬੬)*

*ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ॥*
*ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ॥*

*(ਪੰਨਾ ੨੭੨)*

*ਈਸ ਜੀਵ ਮੈਂ ਭੇਦ ਨ ਜਾਨੋ। ਸਾਧ ਚੋਰ ਸਬ ਬ੍ਰਹਮ ਪਛਾਨੋ।*

## ਸਤਵੀਂ ਬਖਸ਼ੀਸ਼

ਇਕ ਦਿਨ ਭਾਈ ਚੌਪਾ ਸਿੰਘ ਇਕ ਨਿਰਮਲੇ ਸੰਤ ਭਾਈ ਸੰਤ ਸਿੰਘ ਨੂੰ ਫੜਕੇ ਹਜੂਰੀ ਵਿਚ ਲਿਆਇਆ। ਸ਼ਿਕਾਇਤ ਕੀਤੀ ਕਿ, 'ਭਾਈ ਸੰਤ ਸਿੰਘ ਨੇ ਕਛ-ਕ੍ਰਿਪਾਨ ਆਦਿਕ ਕਕਾਰ ਤਿਆਗ ਦਿਤੇ ਹਨ।' ਸਤਿਗੁਰੂ ਜੀ ਨੇ ਭਾਈ ਸੰਤ ਸਿੰਘ ਨੂੰ ਪੁਛਿਆ। ਉਤਰ ਵਿਚ ਸੰਤ ਸਿੰਘ ਜੀ ਨੇ ਕਿਹਾ, 'ਸੱਚੇ ਪਾਤਸ਼ਾਹ ! ਆਪ ਜੀ ਦੇ ਸਦ ਉਪਦੇਸ਼ ਨੂੰ ਧਾਰਨ ਕਰਕੇ, ਮੈਂ ਪੰਚ ਕੋਸ਼ ਤੋਂ ਅਸੰਗ ਹੋ ਰਿਹਾ ਹਾਂ। ਆਪ ਜੀ ਦੀ ਮਰਿਯਾਦਾ ਤਾਂ ਦੇਹਅਭਿਮਾਨੀ ਅਤੇ ਕਰਮਕਾਂਡੀ ਵਾਸਤੇ ਹੈ। ਜੇਕਰ ਆਪ ਜੀ ਦਾ ਸਿੱਖ ਬਣਕੇ ਅਸਥੂਲ ਕਰਮਕਾਂਡ ਦੇ ਬੰਧਨ ਨ ਟੁਟੇ ਤਾਂ ਯਮ ਦੇ ਬੰਧਨਾਂ ਤੋਂ ਜੀਵ ਕਿਵੇਂ ਮੁਕਤਿ ਹੋਵੇਗਾ ?'

ਸਤਿਗੁਰੂ ਜੀ ਨੇ ਮੁਸਕਰਾਕੇ ਭਾਈ ਚੌਪਾ ਸਿੰਘ ਜੀ ਨੂੰ ਕਿਹਾ, 'ਤੁਸੀਂ ਤਾਂ ਨਿਰਮਲਾ ਸੰਤ ਫੜ ਲਿਆਏ। ਅਜੇਹੇ ਬ੍ਰਹਮਗਿਆਨੀਆਂ ਉਪਰ ਕਿਸੇ ਕਰਮਕਾਂਡ ਦਾ ਬੰਧਨ ਨਹੀਂ ਹੈ।'

## ਅਠਵੀਂ ਬਖਸ਼ੀਸ਼

ਮਾਲਵੇ ਦੇ ਦੌਰੇ ਸਮੇਂ ਪਿੰਡ ਦੀਨੇ ਤੋਂ ਮੁਕਤਿਸਰ ਨੂੰ ਜਾਂਦੇ ਹੋਏ ਸਤਿਗੁਰੂ ਜੀ ਪਿੰਡ ਸਰਾਵਾਂ, ਬਹਿਬਲ (ਜ਼ਿਲਾ ਫਰੀਦਕੋਟ) ਵਿਖੇ ਇਕ ਰਾਤ ਰਹੇ। ਇਲਾਕੇ ਵਿਚ ਕਾਲ ਪਿਆ ਹੋਇਆ ਸੀ। ਸਤਿਗੁਰੂ ਜੀ ਨੇ ਫੁਰਮਾਇਆ, 'ਇਕੱਠਾ ਲੰਗਰ ਬਣਾਉਣ ਦੀ ਬਜਾਏ, ਪਿੰਡ ਵਾਲੇ ਦੋ-ਦੋ ਸਿੰਘਾਂ ਨੂੰ ਘਰ ਲੈ ਜਾਕੇ ਲੰਗਰ ਛਕਾ ਲਿਆਉਣ।' ਸੋ ਇਸੇ ਤਰ੍ਹਾਂ ਹੀ ਕੀਤਾ ਗਿਆ। ਅੰਤਰਜਾਮੀ ਸਤਿਗੁਰੂ ਜੀ ਆਏ ਸਿੰਘਾਂ ਨੂੰ ਪੁੱਛਣ ਲਗੇ ਕਿ, 'ਸਿੰਘ ਕੀ-ਕੀ ਛਕ ਕੇ ਆਏ ਹਨ ?' ਕਿਸੇ ਨੇ ਕੜਾਹ ਪ੍ਰਸਾਦਿ, ਕਿਸੇ ਨੇ ਦੋੜਾਂ (ਪਰੌਂਠੇ), ਕਿਸੇ ਨੇ ਖਿਚੜੀ-ਦੁਧ, ਕਿਸੇ ਨੇ ਦਲੀਆ, ਕਿਸੇ ਬਾਜਰੇ ਦੇ, ਕਿਸੇ ਛੋਲਿਆਂ ਦੇ ਮਿਸੇ ਪ੍ਰਸ਼ਾਦੇ ਦੱਸੇ।

ਜਦੋਂ ਭਾਈ ਮੈਲਾਗਰ ਸਿੰਘ—ਭਾਈ ਗੱਜਾ ਸਿੰਘ ਨੂੰ ਪੁਛਿਆ ਤਾਂ ਉਨ੍ਹਾਂ ਨੇ ਪ੍ਰਸੰਨ ਮੁਖ ਕਿਹਾ, 'ਅਸੀਂ ਤਾਂ

ਅਤੀ ਸ੍ਵਾਦਿਸ਼ਟ ਉਤਮ ਭੋਜਨ ਛਕਿਆ ਹੈ, ਪਰ ਪਿੰਡ ਨਿਵਾਸੀ ਬੋਲੇ, 'ਜਿਸ ਸਿੱਖ ਦੇ ਘਰ ਵਿਚ ਇਹ ਛਕਣ ਗਏ ਸਨ, ਉਸ ਦੇ ਘਰ ਤਾਂ ਖਾਣ ਵਾਸਤੇ ਕੁਝ ਵੀ ਨਹੀਂ, ਇਹ ਝੂਠ ਬੋਲ ਰਹੇ ਹਨ।' ਸਤਿਗੁਰੂ ਜੀ ਨੇ ਪਿੰਡ ਵਾਲੇ ਪ੍ਰੇਮੀ ਨੂੰ ਪੁਛਿਆ। ਉਹ ਰੁਧਾਕੰਠ ਹੋਕੇ ਚਰਨਾਂ ਵਿਚ ਢਹਿ ਪਿਆ। ਬੋਲਿਆ, 'ਸੱਚੇ ਪਾਤਸ਼ਾਹ ! ਮੇਰੇ ਘਰ ਵਿਚ ਛਕਾਉਣ ਵਾਸਤੇ ਕੁਝ ਵੀ ਨਹੀਂ ਹੈ। ਇਨ੍ਹਾਂ ਸੰਤੋਖੀ ਸਿੱਖਾਂ ਅਗੇ ਪਾਣੀ ਵਿਚ ਭਿਉਂਕੇ ਜੰਡ ਫਲੀਆਂ ਅਤੇ ਸੁਕੀਆਂ ਪੀਲਾਂ ਰਖ ਦਿਤੀਆਂ ਸਨ। ਇਹ ਸੰਤੋਖੀ ਸਿੱਖ ਇਹੀ ਕੁਝ ਛਕ ਕੇ ਅਰਦਾਸ ਕਰਕੇ ਆ ਗਏ ਹਨ।'

ਸਤਿਗੁਰੂ ਜੀ ਅਤਿ ਪ੍ਰਸੰਨ ਹੋਏ, ਸ੍ਰੀ ਮੁਖ ਵਾਕ ਤੋਂ ਤਿੰਨ ਵਾਰ ਧੰਨ ਸਿੱਖੀ ! ਧੰਨ ਸਿੱਖੀ !! ਧੰਨ ਸਿੱਖੀ !!! ਕਿਹਾ। ਨਾਲ ਹੀ ਇਹ ਵੀ ਕਿਹਾ, 'ਜੋ ਸਭ ਤਰ੍ਹਾਂ ਦੇ ਪਦਾਰਥ ਹੁੰਦੇ ਹੋਏ ਬਿਹੰਗਮਾਂ (ਵਿਰਕਤਾਂ) ਸੰਤਾਂ/ਸਿੱਖਾਂ ਨੂੰ ਨਾ ਛਕਾਵੇ ਅਤੇ ਸਿੱਖ/ਸਾਧ ਗਰੀਬ ਸਿੱਖਾਂ ਕੋਲੋਂ ਸ੍ਵਾਦਿਸ਼ਟ ਪਦਾਰਥਾਂ ਦੀ ਮੰਗ ਕਰੇ, ਦੋਨ੍ਹਾਂ ਨੂੰ ਧਿਕਾਰ ਹੈ। ਸਖੀ, ਸਿੱਖ ਉਹ ਹੈ ਜੋ ਵਿੱਤ ਅਨੁਸਾਰ ਗੁਰਸਿੱਖਾਂ ਦੀ ਸੇਵਾ ਕਰੇ ਜਿਵੇਂ ਇਸ ਪਿੰਡ ਵਾਲੇ ਪ੍ਰੇਮੀ ਨੇ ਕੀਤੀ ਹੈ। ਸੰਤੋਖੀ ਸਿੱਖ ਉਹ ਹੈ ਜੋ ਰੁਖੇ-ਸੁਕੇ ਭੋਜਨ ਨੂੰ ਅੰਮ੍ਰਿਤ ਦੀ ਤਰ੍ਹਾਂ ਆਨੰਦ ਪੂਰਬਕ ਪਰਵਾਨ ਕਰੇ ਜਿਵੇਂ ਭਾਈ ਮੈਲਾਗਰ ਸਿੰਘ-ਗੱਜਾ ਸਿੰਘ ਦੀ ਕਰਨੀ ਹੈ।' ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ :

***'ਗੁਰੂ ਕਹਯੋ ਸਿੱਖੀ ਧੰਨ ਧੰਨ ! ਦੇਖ ਭਾਉ ਕੋ ਭਏ ਪ੍ਰਸੰਨ।***
***ਐਸ ਸਿੱਖ ਵੀ ਵੀਚ ਪੰਥ ਸੁਹਾਏ। ਸਤੀ ਦੇ ਸੰਤੋਖੀ ਖਾਏ।'***

## ਨੌਵੀਂ ਬਖਸ਼ੀਸ਼

ਇਕ ਵਾਰ ਗੁਰੂ ਕੀ ਕਾਸ਼ੀ ਤਲਵੰਡੀ ਸਾਬੋ 'ਚ ਦੀਵਾਨ ਵਿਚ ਬੈਠਿਆਂ ਸਤਿਗੁਰ ਜੀ ਨੇ ਆਪਣੇ ਚੋਜ (ਆਨੰਦ) ਵਿਚ ਫੁਰਮਾਇਆ, 'ਸੰਗਤ ਵਿਚੋਂ ਜਿਸ ਪ੍ਰੇਮੀ ਨੂੰ ਜਿਸ ਇੱਛਾ ਦੀ ਲੋੜ ਹੈ ਮੰਗ ਲਉ।' ਮੰਗਾਂ ਮੰਗਣ ਵਾਲਿਆਂ ਦਾ ਕੁਲਾਹਲ (ਕੁਰਲਾਹਟ) ਪੈ ਗਿਆ। ਕੋਈ ਪੁੱਤਰ ਮੰਗ ਰਿਹਾ ਹੈ, ਕੋਈ ਦੁੱਧ ਮੰਗ ਰਿਹਾ ਹੈ। ਮੰਗਾਂ ਮੰਗਣ ਦੀ ਹਰ ਇਕ ਵਿਚ ਕਾਹਲ ਹੈ। ਇਸ ਸਮੇਂ ਕੁਝ ਸਿੱਖ ਸ਼ਾਂਤ-ਚਿੱਤ ਨਿਸ਼ਚਿੰਤ ਬੈਠੇ ਸਨ। ਇਨ੍ਹਾਂ ਦੇ ਮਨ ਵਿਚ ਕਿਸੇ ਕਿਸਮ ਦੀ ਕੋਈ ਕਾਮਨਾ ਨਹੀਂ ਸੀ। ਸਤਿਗੁਰੂ ਜੀ ਨੇ ਸਾਰੀ ਸੰਗਤ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਕੇ, ਸ਼ਾਂਤ-ਚਿੱਤ ਸਿੱਖਾਂ ਨੂੰ ਵੀ ਪੁਛਿਆ, 'ਤੁਸੀਂ ਵੀ ਆਪਣੀ ਇੱਛਾ ਪ੍ਰਗਟ ਕਰੋ। ਸਾਰੀ ਸੰਗਤ ਮੰਗਾਂ ਮੰਗ ਰਹੀ ਹੈ।'

ਇਸ ਮੰਡਲੀ ਨੇ ਹੱਥ ਜੋੜਕੇ ਨਿਮ੍ਰਤਾ ਪੂਰਬਕ ਆਖਿਆ, 'ਸੱਚੇ ਪਾਤਸ਼ਾਹ ! ਸਾਨੂੰ ਆਪ ਜੀ ਨੇ ਸਭ ਕੁਝ ਬਖਸ਼ਿਆ ਹੋਇਆ ਹੈ। ਸਾਡੇ ਤੇ ਆਪ ਜੀ ਦੀ ਕ੍ਰਿਪਾ ਹੈ ਨਾਮ-ਬਾਣੀ, ਬ੍ਰਹਮ ਵਿਦਿਆ ਆਪ ਜੀ ਨੇ ਬਖਸ਼ੀ ਹੋਈ ਹੈ। ਇਸ ਵਾਸਤੇ ਸੰਸਾਰੀ ਪਦਾਰਥਾਂ ਦੀ ਸਾਨੂੰ ਕੋਈ ਰੁਚੀ ਨਹੀਂ ਹੈ।'

ਸਤਿਗੁਰੂ ਜੀ ਨੇ ਪ੍ਰਸੰਨ ਮੁਖ ਫੁਰਮਾਇਆ, 'ਸੰਸਾਰੀ ਪਦਾਰਥਾਂ ਦਾ ਤਿਆਗ ਕੇਵਲ ਸੰਤ ਹੀ ਕਰ ਸਕਦੇ ਹਨ। ਬ੍ਰਹਮ ਵਿਦਿਆ ਦਾ ਆਨੰਦ ਵੀ ਕੇਵਲ ਨਿਰਮਲੇ ਸੰਤ ਹੀ ਲੈ ਸਕਦੇ ਹਨ।'

ਪੰਡਿਤ ਨਿਹਾਲ ਸਿੰਘ ਜੀ ਨੇ ਕਿੰਨਾ ਸੁੰਦਰ ਲਿਖਿਆ ਹੈ :

***'ਸ੍ਰੀ ਗੁਰੂ ਲਗਾਯੋ ਏਕ ਦਿਨ ਮੈਂ ਦੀਵਾਨ ਐਸੋ,***
***ਸਭ ਕੋ ਬੁਲਾਇ ਕਹਯੋ ਮਾਂਗੋ ਜੋ ਰਿਦੇ ਭਲੇ।***
***ਕਾਹੂੰ ਧਨ, ਕਾਹੂੰ ਧਾਮ, ਕਾਹੂੰ ਅਸਵ, ਅਭਿਰਾਮ ਕਾਹੂ,***
***ਕਹਯੋ ਭੂਖਨ ਜਰਾਊ ਸੋ ਸਜੇ ਗਲੇ।***

*ਕਾਹੂੰ ਸ਼ਸਤ੍ਰ, ਕਾਹੂ ਬਸਤ੍ਰ, ਸੰਤ ਖੁਸ਼ੀ ਮ੍ਰਿਗਰਾਜ,*
*ਸਭ ਕੋ ਦਵਾਯੋ ਜੋ ਜੋ ਭਾਯੋ ਪ੍ਰੇਮ ਮੈ ਢਲੇ।*
*ਸੁਪਨ ਜਯੋ ਜਾਨਿ ਕੇ ਪਦਾਰਥ ਨਾ ਮਾਂਗੇ ਜਿਨੋਂ,*
*ਨਾਮ ਧਨ ਮਾਂਗਯੋ ਤਾਂ ਕੋ ਕਹਯੋ ਯੇ ਨਿਰਮਲੇ।'*

ਗਿਆਨੀ ਗਿਆਨ ਸਿੰਘ ਜੀ 'ਪੰਥ ਪ੍ਰਕਾਸ਼' ਵਿਚ ਲਿਖਦੇ ਹਨ :

*'ਸੁਪਨ ਸਮਾਨ ਜਗ ਜਾਨ ਜਿਨੇ ਨਾਮ ਮਾਂਗਿਓ,*
*ਖੁਸ਼ੀ ਹੁਏ ਬੋਲੇ ਗੁਰ ਏਹੀ ਮੇਰੇ ਨਿਰਮਲੇ।'*

ਪੰਡਿਤ ਤਾਰਾ ਸਿੰਘ ਜੀ ਨਰਤੋਮ ਨੇ ਲਿਖਿਆ ਹੈ, 'ਇਸ ਸਮੇਂ ਸਤਿਗੁਰੂ ਜੀ ਨੇ ਸਿੱਖਾਂ ਦੇ ਤਿੰਨ ਭੇਦ ਬਣਾ ਦਿਤੇ-ਸਿੰਘ, ਸਿੱਖ ਅਤੇ ਨਿਰਮਲੇ।'[੧] ਭਾਈ ਸੰਤੋਖ ਸਿੰਘ ਜੀ ਨੇ ਵੀ 'ਗੁਰਪ੍ਰਤਾਪ ਸੂਰਜ' ਵਿਚ ਅੰਕਿਤ ਕੀਤਾ ਹੈ।

*'ਗੁਰ ਕਾ ਦਲ ਸ਼ੇਰ ਦਾ ਝੱਲ। ਕੋ ਘਾਲੇ ਕੋ ਪੈਥੇ ਮੱਲ।*
*ਕੋ ਜੂਝੇ ਕੋ ਸਿਮਰੇ ਨਾਮ। ਕੋ ਸੇਵੇ ਸਤ ਸੰਗ ਮਹਨ ।22।*
*ਲੂਟਹ ਜੂਝਹ ਸਿੰਘ ਕਹੀਜੇ। ਸਿਮਰਹਿ ਨਾਮ ਸੁ ਸਿੱਖ ਲਖੀਜੇ।*
*ਸਤ ਸੰਗਤ ਸੇਵੇ ਚਿਤ ਲਾਇ। ਤਾਂ ਤੇ ਨਿਰਮਲ ਨਾਮ ਸਦਾਇ ।23।*[2]

## ਦਸਵੀਂ ਬਖਸ਼ੀਸ਼

ਜਦੋਂ ਦਸਮ ਸਤਿਗੁਰੂ ਜੀ ਨੇ ਸ੍ਰੀ ਹਜ਼ੂਰ ਸਾਹਿਬ (ਨਾਂਦੇੜ ਸਾਹਿਬ) ਵਿਖੇ ਜੋਤੀ-ਜੋਤ ਸਮਾਉਣ ਦਾ ਸੰਕਲਪ ਕੀਤਾ। ਰਾਜ ਭਾਗ ਦੀ ਇੱਛਾ ਵਾਲੇ ਸ਼ਸਤ੍ਰਧਾਰੀ ਖਾਲਸੇ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਜਥੇਦਾਰੀ ਹੇਠ ਜ਼ਾਲਮਾਂ ਨੂੰ ਸੋਧਨ ਵਾਸਤੇ ਪੰਜਾਬ ਨੂੰ ਤੋਰ ਦਿੱਤਾ। ਇਸ ਸਮੇਂ ਭਾਈ ਕਰਮ ਸਿੰਘ ਜੀ, ਭਾਈ ਰਾਮ ਸਿੰਘ ਜੀ, ਭਾਈ ਗੰਡਾ ਸਿੰਘ ਜੀ, ਭਾਈ ਕੋਇਰ ਸਿੰਘ ਜੀ, ਭਾਈ ਗਰਜਾ ਸਿੰਘ ਜੀ, ਅਘੜ ਸਿੰਘ ਜੀ, ਭਾਈ ਚੰਦਨ ਸਿੰਘ ਜੀ, ਭਾਈ ਸੰਤ ਸਿੰਘ ਜੀ, ਭਾਈ ਦਰਗਾਹਾ ਸਿੰਘ ਜੀ, ਭਾਈ ਮਾਨ ਸਿੰਘ ਜੀ, ਭਾਈ ਗੱਜਾ ਸਿੰਘ ਜੀ, ਭਾਈ ਮੈਲਾਗਰ ਸਿੰਘ ਜੀ, ਭਾਈ ਕੇਸਰਾ ਸਿੰਘ ਜੀ, ਭਾਈ ਵੀਰ ਸਿੰਘ ਜੀ, ਭਾਈ ਸੈਣਾ ਸਿੰਘ ਜੀ ਅਤੇ ਭਾਈ ਸੋਭਾ ਸਿੰਘ ਜੀ ਆਦਿਕ ੨੫ ਨਾਮ ਅਭਿਆਸੀ ਵਿਦਵਾਨ ਨਿਰਮਲੇ ਸੰਤਾਂ ਨੂੰ ਫੁਰਮਾਇਆ, 'ਸਿੰਘੋ ! ਹੁਣ ਅਸੀਂ ਭਾਣਾ ਵਰਤਾਵਾਂਗੇ, ਤੁਸੀਂ ਸਾਰੇ ਸੰਤ ਦੇਸ਼ ਦੇ ਕੋਨੇ-ਕੋਨੇ ਵਿਚ ਚਲੇ ਜਾਉ। ਨਾਮ-ਬਾਣੀ, ਕਥਾ-ਕੀਰਤਨ ਦਾ ਪ੍ਰਵਾਹ ਚਲਾਉ। ਗੁਰੂ ਨਾਨਕ ਦੀ ਸਿੱਖੀ ਦਾ ਪਿੰਡ-ਪਿੰਡ, ਘਰ-ਘਰ ਸੰਦੇਸ਼ ਪਹੁੰਚਾਉ। ਸਿੰਘ ਧਰਮਯੁਧ ਕਰਨਗੇ, ਤੁਸੀਂ ਧਰਮ ਦਾ ਪ੍ਰਚਾਰ ਕਰੋ। ਅੰਮ੍ਰਿਤ ਪ੍ਰਚਾਰ, ਵਿਦਿਆ ਦਾ ਪ੍ਰਸਾਰ ਕਰੋ, ਗੁਰੂ ਨਾਨਕ ਸਦਾ ਅੰਗ-ਸੰਗ ਰਹਿਣਗੇ। ਜਾਉ ! ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ।'

---

*੧. ਦੇਖੋ ਸ੍ਰੀ ਗੁਰਤੀਰਥ ਸੰਗ੍ਰਹਿ, ਪੰਨਾ ੧੮੬*
*੨. ਗੁ. ਪ੍ਰ. ਸੂ. ਪ੍ਰਥਮ ਐਨ. ਅੰਸੂ ੨੮*

## ਵਿਦਿਆ ਅਤੇ ਬ੍ਰਹਮਵਿਦਿਆ ਨਿਰਮਲ ਪੰਥ ਨੂੰ ਬਖਸ਼ ਦਿਤੀ

ਜਿਵੇਂ ਸ਼ਸਤ੍ਰਧਾਰੀ ਸਿੰਘਾਂ ਨੂੰ ਸਤਿਗੁਰੂ ਜੀ ਨੇ ਧਨੁਰ ਵਿਦਿਆ ਵਿਚ ਪੂਰਣ ਕੀਤਾ ਹੋਇਆ ਸੀ। ਇਸੀ ਤਰ੍ਹਾਂ ਨਿਰਮਲੇ ਸੰਤਾਂ ਨੂੰ ਸ਼ਾਸਤ੍ਰ, ਗੁਰਬਾਣੀ, ਬ੍ਰਹਮਵਿਦਿਆ ਵਿਚ ਨਿਪੁੰਨ ਕੀਤਾ ਸੀ। ਨਿਰਮਲੇ ਸੰਤ ਸਤਿਗੁਰੂ ਜੀ ਦੇ ਹਜ਼ੂਰ ਪ੍ਰਸ਼ਨ-ਉਤਰ ਦੁਆਰਾ ਸ਼ੰਕਾ ਸਮਾਧਾਨ ਕਰਦੇ ਰਹਿੰਦੇ ਸਨ। ਸਤਿਗੁਰੂ ਜੀ ਵੀ ਇਨ੍ਹਾਂ ਨੂੰ ਵਿਦਿਆ ਅਨੁਰਾਗੀ ਸਮਝਕੇ, ਗਿਆਨ, ਵਿਗਿਆਨ, ਸਾਹਿਤਯ, ਗੁਰਬਾਣੀ ਤਤੂ ਵਿਚ ਭਰਪੂਰ ਕਰ ਦੇਣਾ ਚਾਹੁੰਦੇ ਸਨ। ਭਵਿਸ਼ਯਤ ਵਿਚ ਧਰਮ ਪ੍ਰਚਾਰ ਦੀ ਸੇਵਾ ਨਿਰਮਲਿਆਂ ਨੂੰ ਦੇਣ ਦਾ ਨਿਰਣੈ ਕੀਤਾ ਹੋਇਆ ਸੀ। ਧਰਮ ਦੀ ਰਖਿਆ ਦਾ ਭਾਰ, ਤੱਤ ਖਾਲਸੇ ਉਪਰ ਪਾਇਆ ਗਿਆ ਸੀ। ਸ਼ਾਸਤ੍ਰ ਅਤੇ ਸ਼ਸਤ੍ਰ ਦੁਆਰਾ ਜੋ ਭਾਰਤੀ ਸਭਿਆਚਾਰ/ਸੰਸਕ੍ਰਿਤੀ ਦੀ ਸੇਵਾ ਦਾ ਲਕਸ਼ ਪਾਉਂਟਾ ਸਾਹਿਬ ਵਿਚ ਸਥਾਪਨ ਕੀਤਾ ਸੀ, ਉਸ ਅਨੁਸਾਰ ਸਤਿਗੁਰੂ ਜੀ ਕਾਰਯ ਕਰ ਰਹੇ ਸਨ।

ਸੰਤ ਦਰਬਾਰਾ ਸਿੰਘ, ਸੰਤ ਦਰਗਾਹਾ ਸਿੰਘ, ਸੰਤ ਕਰਮ ਸਿੰਘ, ਸੰਤ ਫੇਰੂ ਸਿੰਘ, ਸੰਤ ਮਾਨ ਸਿੰਘ ਅਤੇ ਸੰਤ ਪੰਜਾਬ ਸਿੰਘ ਜੀ ਆਦਿ ਅਨੇਕ ਨਿਰਮਲੇ ਮਹਾਂਪੁਰਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿਤਰ ਹਜ਼ੂਰੀ ਵਿਚ ਕਥਾ-ਕੀਰਤਨ, ਸਿਮਰਨ ਕਰਦੇ ਹੋਇ ਆਤਮਿਕ ਆਨੰਦ ਲੈਂਦੇ ਸਨ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

*'ਦਸਮ ਗੁਰੂ ਕੇ ਵਕਤ ਮੈ ਹੁਤੋ ਨਿਰਮਲੇ ਜੋਏ।*
*ਰਹਿਤੇ ਬਨੇ ਬਿਰਕਤ ਬਹੁ, ਮਿਲੈ ਪੰਥ ਮੈਂ ਸੋਏ।*
*ਸਤੋ ਗੁਨੀ ਕਿਰਯਾ ਥੇ ਰਖਤੇ। ਹਰਿ ਗੁਣ ਭਗਤੀ ਕਾ ਰਸ ਚਖਤੇ।*
*ਸ਼ਾਸਤ੍ਰ ਸਤਿ ਥੇ ਪਢਤੇ ਸੁਨਤੇ। ਚਰਚਾ ਗਯਾਨ ਬ੍ਰਹਮਾਤਮ ਧੁਨਤੇ।*
*ਭਜਨ ਮਾਂਹਿ ਥੇ ਨਿਸਦਿਨ ਰਹਿਤੇ। ਸਤਿਗੁਰ ਤਿਨੈ ਨਿਰਮਲੇ ਕਹਿਤੇ।*
*ਵੀਚ ਸਭਾ ਸੋ ਜਬੈ ਆਵਤੇ। ਆਏ ਨਿਰਮਲੇ ਸਭਿ ਬਤਾਵਤੇ।*
*ਬ੍ਰਹਮ ਗਯਾਨ ਬਿਨ ਚਰਚਾ ਔਰੈ। ਗੁਰੁ ਭੀ ਤਬਿ ਨ ਚਲਾਤੇ ਗੌਰੇ।*
*ਔਰ ਕਾਮ ਨਹਿੰ ਤਿਨੈ ਬਤਾਤੇ। ਬਿਦਯਾ ਪਢਨ ਪਢਾਨ ਰਖਾਤੇ।'*[1]

ਉਪਰ ਦੱਸੀ ੨੫ ਨਿਰਮਲੇ ਸੰਤਾਂ ਦੀ ਸੰਤ ਮੰਡਲੀ ਸਤਿਗੁਰੂ ਜੀ ਦੀ ਉਸਤਤੀ ਕਰਕੇ, ਨਮਸਕਾਰ, ਅਰਦਾਸ ਕਰਕੇ ਆਗਿਆ ਅਨੁਸਾਰ ਵਖ-ਵਖ ਇਲਾਕਿਆਂ ਅਤੇ ਤੀਰਥਾਂ ਉਪਰ ਚਲੀ ਗਈ। ਸੰਤ ਕਰਮ ਸਿੰਘ ਜੀ ਕਾਸ਼ੀ ਚਲੇ ਗਏ। ਸੰਤ ਦਰਗਾਹਾ ਸਿੰਘ ਜੀ ਕਨਖਲ (ਹਰਿਦੁਆਰ) ਚਲੇ ਗਏ। ਸੰਤ ਮਾਨ ਸਿੰਘ ਜੀ ਕੁਰੂਕਸ਼ੇਤਰ ਜਾ ਰਹੇ। ਸੰਤ ਪੰਜਾਬ ਸਿੰਘ ਜੀ ਖੰਡੂਰ ਸਾਹਿਬ ਪਹੁੰਚ ਗਏ। ਸੰਤ ਕੋਇਰ ਸਿੰਘ ਜੀ ਅੰਮ੍ਰਿਤਸਰ ਜਾ ਰਹੇ। ਇਸ ਤਰ੍ਹਾਂ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਮੂੰਹ ਨਿਰਮਲੇ ਸੰਤ ਨਾਮ-ਬਾਣੀ, ਸਿਖੀ, ਅੰਮ੍ਰਿਤ-ਪ੍ਰਚਾਰ

*੧. ਪੰਥ ਪ੍ਰਕਾਸ਼ ਪੰਨਾ ੨੭੯੯*

ਵਾਸਤੇ ਡੇਰੇ ਕਾਇਮ ਕਰਕੇ ਸਾਰੇ ਦੇਸ ਵਿਚ ਖਿਲਰ ਗਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ੧੭੦੮ ਈ: ਵਿਚ ਜੋਤੀ-ਜੋਤ ਸਮਾ ਗਏ। ਭਾਈ ਦਇਆ ਸਿੰਘ, ਭਾਈ ਸੰਤੋਖ ਸਿੰਘ ਆਦਿਕ ਕਾਫੀ ਸਿੰਘ ਸੱਚਖੰਡ ਹਜ਼ੂਰ ਸਾਹਿਬ (ਨਾਂਦੇੜ) ਵਿਚ ਗੁਰੂ ਜੀ ਦੇ ਸਥਾਨ ਦੀ ਸੇਵਾ ਸੰਭਾਲ ਕਰਦੇ ਹੋਏ ਕਥਾ-ਕੀਰਤਨ ਤੇ ਲੰਗਰ ਦਾ ਪ੍ਰਵਾਹ ਚਲਾਉਂਦੇ ਰਹੇ।

ਕਾਫੀ ਸਿੰਘ ਭਾਈ ਦਰਬਾਰਾ ਸਿੰਘ, ਭਾਈ ਸੇਵਾ ਸਿੰਘ, ਭਾਈ ਚਾਨਣਾ ਸਿੰਘ, ਭਾਈ ਸ਼ਮੀਰ ਸਿੰਘ, ਭਾਈ ਗੰਡਾ ਸਿੰਘ, ਸਤਿਗੁਰੂ ਜੀ ਦੇ ਜੋਤੀ-ਜੋਤ ਸਮਾ ਜਾਣ ਤੋਂ ਬਾਅਦ ਵੈਰਾਗ ਅਵਸਥਾ ਵਿਚ ਨ ਤਾਂ ਖਾਲਸੇ ਦੇ ਜੱਥਿਆਂ ਵਿਚ ਸ਼ਾਮਲ ਹੋਏ ਅਤੇ ਨਾ ਨਿਰਮਲੇ ਸੰਤਾਂ ਦੀ ਮੰਡਲੀ ਵਿਚ ਮਿਲੇ। ਇਹ ਸਾਰੇ ਭ੍ਰਮਣ ਕਰਦੇ ਹੋਏ ਸੰਮਤ ੧੭੭੬ ਬਿ. (੧੭੧੯ ਈ.) ਵਿਚ ਰਮਦਾਸਪੁਰੇ, ਸਾਹਿਬ ਰਾਮਕੁੰਵਰ ਜੀ ਕੋਲ ਪੁਜ ਗਏ ਅਤੇ ਇਥੇ ਹੀ ਸਤਿਸੰਗ ਕਰਨ ਲਗੇ।

ਸਾਹਿਬ ਰਾਮਕੁੰਵਰ (ਉਰਫ ਬਾਬਾ ਗੁਰਬਖਸ਼ ਸਿੰਘ) ਕੋਲ ਸੁਬਹ-ਸ਼ਾਮ ਸਤਿਸੰਗ ਹੁੰਦਾ। ਸਤਿਗੁਰੂ ਜੀ ਦੀ ਹਜ਼ੂਰੀ ਵਿਚੋਂ ਆਏ ਸਿੰਘ ਅਤੇ ਇਲਾਕੇ ਦੀਆਂ ਸੰਗਤਾਂ ਅਨੇਕ ਤਰ੍ਹਾਂ ਦੇ ਪ੍ਰਸ਼ਨ ਕਰਦੀਆਂ। ਸਾਹਿਬ ਰਾਮਕੁੰਵਰ ਜੀ ਸਭ ਦਾ ਸਮਾਧਾਨ ਕਰਦੇ। ਸਾਹਿਬ ਰਾਮਕੁੰਵਰ ਜੀ ਦੀ ਆਗਿਆ ਨਾਲ ਭਾਈ ਸਾਹਿਬ ਸਿੰਘ ਜੀ ਲਿਖਾਰੀ ਸਾਰੀ ਵਿਚਾਰ ਨੂੰ ਨਾਲ-ਨਾਲ ਲਿਖ ਰਿਹਾ ਸੀ। ਇਸ ਤਰ੍ਹਾਂ, ਇਹ ਇਤਿਹਾਸ ਅਤੇ ਦਰਸ਼ਨ ਦਾ ਪਹਿਲਾ ਗ੍ਰੰਥ ਤਿਆਰ ਹੋ ਰਿਹਾ ਸੀ। ਇਸ ਗ੍ਰੰਥ ਦਾ ਨਾਉਂ 'ਪੰਜ ਸੌ ਸਾਖੀ' ਪ੍ਰਸਿੱਧ ਹੈ ਜਿਸ ਦੀ ਹੁਣ ਕੋਈ ਪ੍ਰਤੀ ਮਿਲ ਨਹੀਂ ਰਹੀ।

## ਨਿਰਮਲ ਪੰਥ ਦੀ ਰਹਿਤ ਮਰਯਾਦਾ

ਇਕ ਦਿਨ ਭਾਈ ਦਰਬਾਰਾ ਸਿੰਘ ਜੀ ਨੇ ਪ੍ਰਸ਼ਨ ਕੀਤਾ ਕਿ 'ਜੇਕਰ ਗੁਰੂ ਕੇ ਸਿੱਖ ਸੰਸਾਰ ਤੋਂ ਉਪਰਾਮ ਹੋਕੇ ਸਾਧੂ ਬਣਨਾ ਚਾਹੁਣ ਤਾਂ ਕਿਸ ਸੰਪ੍ਰਦਾਇ ਦਾ ਭੇਖ ਧਾਰਨ ਕਰਨ ਜਿਸ ਨਾਲ ਗੁਰੂ ਕੇ ਸਿੱਖਾਂ ਦਾ ਸਿੱਖੀ ਸਿਦਕ ਵੀ ਬਣਿਆ ਰਹੇ।'

ਉਤਰ ਵਿਚ ਸਾਹਿਬ ਰਾਮਕੁੰਵਰ ਜੀ ਨੇ ਫੁਰਮਾਇਆ ਕਿ, 'ਗੁਰੂ ਕੇ ਸਿੱਖਾਂ ਨੂੰ ਨਿਰਮਲ ਸੰਪ੍ਰਦਾਇ ਦੇ ਸਾਧੂ ਬਣਨਾ ਚਾਹੀਦਾ ਹੈ। ਨਿਰਮਲ ਪੰਥ ਦਸਾਂ ਸਤਿਗੁਰੂਆਂ ਨੂੰ ਈਸ਼੍ਵਰ ਦੀ ਜੋਤਿ ਮੰਨਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਇਸ਼ਟ ਮੰਨਦਾ ਹੈ। ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤਪਾਨ ਕਰਨਾ ਜ਼ਰੂਰੀ ਮੰਨਦਾ ਹੈ। **ਅੰਮ੍ਰਿਤਪਾਨ ਤੋਂ ਬਿਨਾਂ ਨਿਰਮਲਾ ਸੰਤ ਬਣ ਹੀ ਨਹੀਂ ਸਕਦਾ।** ਨਿਰਮਲਾ ਸੰਤ ਗੁਰੂ ਕੇ ਗੁਰਦੁਆਰਿਆਂ, ਤੀਰਥਾਂ, ਬੁੰਗਿਆਂ, ਸ਼ਹੀਦ ਗੰਜਾਂ, ਅੰਗੀਠਿਆਂ, ਸਮਾਧਾਂ, ਤਖਤਾਂ, ਗੁਰਮਤਿਆਂ, ਹੁਕਮਨਾਮਿਆਂ ਦਾ ਪੂਰਣ ਸਤਿਕਾਰ ਕਰਦਾ ਹੈ। ਗੁਰਬਾਣੀ, ਕਥਾ-ਕੀਰਤਨ ਦਾ ਪ੍ਰਚਾਰ ਕਰਦਾ ਹੈ। ਜਨ ਸਧਾਰਨ ਨੂੰ ਗੁਰੂ ਸਾਹਿਬਾਨ ਅਤੇ ਗੁਰੂ ਘਰ ਤੋਂ ਜਾਣੂ ਕਰਕੇ ਗੁਰੂ ਕੇ ਲੜ ਲਾਉਂਦਾ ਹੈ। ਗੁਰਬਾਣੀ ਦੀਆਂ ਪੋਥੀਆਂ ਲਿਖਕੇ ਧਰਮਾਰਥ ਵੰਡਦਾ ਹੈ।

ਮਾਸ, ਮਦਰਾ (ਸ਼ਰਾਬ, ਅਫੀਮ, ਸੁੱਖਾ/ਭੰਗ) ਆਦਿਕ ਮਾਦਕ ਪਦਾਰਥਾਂ, ਪਰ ਇਸਤ੍ਰੀ ਦਾ ਨਿਸ਼ੇਧ ਕਰਦਾ ਹੈ। ਹੋਰ ਭੇਖਾਂ ਦੀ ਤਰ੍ਹਾਂ ਨਿਰਮਲ ਪੰਥ ਵਿਚ ਅਗਿਆਨ ਅਤੇ ਅੰਧ-ਵਿਸ਼ਵਾਸ ਨਹੀਂ ਹੈ। ਉਦਾਸੀਆਂ, ਸੰਨਿਆਸੀਆਂ, ਬੈਰਾਗੀਆਂ, ਨਾਥਾਂ, ਯੋਗੀਆਂ, ਜੈਨੀਆਂ ਦੀ ਤਰ੍ਹਾਂ ਜਨ ਸਧਾਰਨ ਤੋਂ ਵਖਰਾ ਬਣਕੇ ਨਹੀਂ ਰਹਿੰਦਾ। ਸਿਰ-ਮੂੰਹ ਮੁੰਡਤ ਕਰਨਾ, ਵਡੀਆਂ-ਵਡੀਆਂ ਜਟਾਂ ਰਖਣੀਆਂ, ਸਰੀਰ ਤੇ ਸਵਾਹ ਮਲਕੇ ਰਖਣੀ,

ਲਿੰਗ, ਕੰਨ ਆਦਿਕ ਛੇਦਨੇ ਨਿਰਮਲ ਪੰਥ ਵਿਚ ਨਹੀਂ ਹਨ। ਨਿਰਮਲੇ ਸੰਤ ਸੁਭਾਵਿਕ ਰੂਪ ਵਿਚ ਰਹਿੰਦੇ ਹਨ। ਸੁੰਦਰ ਵਸਤਰ ਪਹਿਨਦੇ ਹਨ। ਭਗਵੇਂ ਜਾਂ ਸੁਫੈਦ ਦਸਤਾਰੇ, ਬਾਕੀ ਵਸਤਰ ਵੀ ਭਗਵੇਂ ਜਾਂ ਚਿੱਟੇ ਪਹਿਨਦੇ ਹਨ।

ਇਸ ਵਾਸਤੇ ਗੁਰੂ ਕੇ ਸਿੱਖ ਨਿਰਮਲ ਭੇਖ ਨੂੰ ਧਾਰਨ ਕਰਨ। ਇਸ ਵਿਚ ਵਿਦਿਆ ਪੜ੍ਹਨ ਦਾ ਅਭਿਆਸ, ਨਾਮ ਸਿਮਰਨ, ਬ੍ਰਹਮਚਿੰਤਨ ਕਰਨ ਦਾ ਹੀ ਨਿਯਮ ਹੈ।'

ਇਸ ਤਰ੍ਹਾਂ ਸਾਹਿਬ ਰਾਮਕੁੰਵਰ ਜੀ ਕੋਲ ਸਤਿਸੰਗ ਚਲਦਾ ਰਹਿੰਦਾ ਸੀ। ਸਿਖ ਸੰਗਤਾਂ ਆਪ ਜੀ ਤੋਂ ਹੀ ਧਾਰਮਿਕ ਅਗਵਾਈ ਪ੍ਰਾਪਤ ਕਰਦੀਆਂ ਸਨ। ਸਤਿਗੁਰੂ ਜੀ ਦੇ ਸਾਰੇ ਹਜ਼ੂਰੀ ਸਿਖ ਸਤਿਗੁਰੂ ਜੀ ਦੇ ਉਪਦੇਸ਼ ਅਤੇ ਸਾਹਿਬ ਰਾਮਕੁੰਵਰ ਜੀ ਦੇ ਸਤਿਸੰਗ ਕਰਕੇ, ਸੰਸਾਰ ਦੇ ਪਦਾਰਥਾਂ ਨੂੰ ਤੁਛ ਸਮਝਦੇ ਸਨ। ਕੋਈ ਡੇਰਾ, ਆਸ਼੍ਰਮ, ਮਠ ਕਾਇਮ ਕਰਨ ਦਾ ਇਨ੍ਹਾਂ ਮਹਾਂਪੁਰਖਾਂ ਨੇ ਕਦੀ ਸੰਕਲਪ ਹੀ ਨਹੀਂ ਕੀਤਾ ਸੀ। ਭ੍ਰਮਣ ਦੁਆਰਾ ਜਨ-ਸਾਧਾਰਣ ਨੂੰ ਗੁਰੂ ਨਾਨਕ ਦੇਵ ਜੀ ਦੀ ਚਰਨ/ਸ਼ਰਨ ਲਾਉਂਦੇ ਰਹੇ। ਧਰਮ ਪ੍ਰਚਾਰ, ਗੁਰਬਾਣੀ ਦਾ ਪ੍ਰਚਾਰ, ਅੰਮ੍ਰਿਤ ਦਾ ਸੰਚਾਰ, ਗੁਰਮੁਖੀ ਵਿਦਿਆ ਦਾ ਪ੍ਰਚਾਰ ਕਰਦੇ ਰਹੇ।

## ਨਿਰਮਲ ਭੇਖ ਦੀ ਪੁਰਾਤਨਤਾ

ਨਿਰਮਲੇ ਮਹਾਂਪੁਰਖਾਂ ਦੀ ਪੁਰਾਤਨਤਾ ਹਰ ਤਰ੍ਹਾਂ ਪ੍ਰਸਿੱਧ ਹੈ। ਅਨੇਕ ਸੰਤ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਰਹਿੰਦੇ ਸਨ ਜੋ ਅਸੀਂ ਉਪਰ ਲਿਖ ਵੀ ਆਏ ਹਾਂ। ਇਸ ਤੋਂ ਬਿਨਾਂ ਡੇਰਿਆਂ, ਆਸ਼੍ਰਮਾਂ, ਧਰਮਸ਼ਾਲਾਂ ਦੁਆਰੇ, ਲੇਖਾਂ ਦੁਆਰੇ, ਗ੍ਰੰਥ ਰਚਨਾ ਦੁਆਰੇ, ਪਟਿਆਂ, ਜਾਗੀਰਾਂ ਦੁਆਰੇ ਹਰ ਪੱਖ ਤੋਂ ਨਿਰਮਲੇ ਸੰਤਾਂ ਦੀ ਪ੍ਰਾਚੀਨਤਾ ਪ੍ਰਸਿੱਧ ਹੈ। ਅਸੀਂ ਸੰਖੇਪ ਵਿਚ ਇਕ-ਇਕ, ਦੋ-ਦੋ ਪ੍ਰਮਾਣ ਅੰਕਿਤ ਕਰਦੇ ਹਾਂ।

## ਨਿਰਮਲੇ ਸੰਤ ਅਤੇ ਡੇਰੇ

(੧) 'ਜਤਨ ਵਟ' ਪ੍ਰਸਿਧ ਨਾਮ 'ਚੇਤਨ ਮਠ' ਕਾਂਸ਼ੀ (ਜਿਥੇ ੧੭੪੩ ਬਿ: (੧੬੮੬ ਈ:) ਵਿਚ ਨਿਰਮਲੇ ਸੰਤ ਵਿਦਿਆ ਪ੍ਰਾਪਤੀ ਸਮੇਂ ਰਹੇ, ਪ੍ਰਸਿਧ ਇਤਿਹਾਸਕ ਸਥਾਨ ਹੈ ਜੋ ਨਿਰਮਲ ਭੇਖ ਦੇ ਅਧਿਕਾਰ ਵਿਚ ਹੈ।

(੨) ਸੰਤ ਦਰਗਾਹਾ ਸਿੰਘ ਜੀ ਨੇ ੧੭੧੦ ਈ: ਵਿਚ ਕਨਖਲ ਵਿਖੇ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦਾ ਗੁਰਦੁਆਰਾ ਕਾਇਮ ਕੀਤਾ ਜਿਸ ਦਾ ਨਾਉਂ 'ਬਾਬਾ ਦਰਗਾਹਾ ਸਿੰਘ ਦਾ ਵਾੜਾ' ਪ੍ਰਸਿੱਧ ਹੋਇਆ। ਇਹ ਦਸਮ ਸਤਿਗੁਰੂ ਜੀ ਤੋਂ ਕੇਵਲ ੨ ਵਰਸ਼ ਮਗਰੋਂ ਦਾ ਸਮਾਂ ਹੈ।

ਸੰਤ ਕੋਇਰ ਸਿੰਘ ਜੀ ਨੇ ੧੮੦੭ ਬਿ: (੧੭੫੦ ਈ:) ਨੂੰ ਅੰਮ੍ਰਿਤਸਰ ਵਿਚ ਸ੍ਰੀ ਦਰਬਾਰ ਸਾਹਿਬ ਜੀ ਦੀ ਪਰਿਕ੍ਰਮਾ ਵਿਚ (ਡੇਰਾ) 'ਬੁੰਗਾ ਨਿਰਮਲਿਆਂ' ਕਾਇਮ ਕੀਤਾ।[੧] ਇਹ ਦਸਮ ਗੁਰੂ ਜੀ ਤੋਂ ਕੇਵਲ ੪੨ ਵਰਸ਼ ਮਗਰੋਂ ਦਾ ਸਮਾਂ ਹੈ।

(੩) ਪੰਡਿਤ ਮਾਨ ਸਿੰਘ ਜੀ ਨੇ ਕੁਰੂਕਸ਼ੇਤਰ (ਫੂਲ ਪ੍ਰਾਚੀ) ਵਿਚ ਸੰਮਤ ੧੮੦੦ (੧੭੪੩ ਈ:) ਵਿਚ ਡੇਰਾ ਕਾਇਮ ਕੀਤਾ ਜੋ ਦਸਮ ਗੁਰੂ ਜੀ ਤੋਂ ਕੇਵਲ ੩੫ ਵਰਸ਼ ਮਗਰੋਂ ਦਾ ਸਮਾਂ ਹੈ।

(੪) ਸੰਮਤ ੧੮੦੯ (੧੭੫੨ ਈ:) ਵਿਚ ਬਾਬਾ ਆਲਾ ਸਿੰਘ ਜੀ ਦੀ ਸਪੁੱਤ੍ਰੀ ਬੀਬੀ ਪ੍ਰਧਾਨ ਨੇ ਪੰਡਿਤ

---

੧. *ਬੁੰਗਾ ਕੋਇਰ ਸਿੰਘ ਦਾ ਵਰਤਮਾਨ ਨਾਮ 'ਨਿਰਮਲ ਅਖਾੜਾ ਮਹੰਤ ਮੂਲ ਸਿੰਘ' (ਰਜਿ :) ਸੰਤ ਐਵੀਨਿਊ ਜੀ.ਟੀ. ਰੋਡ, ਅੰਮ੍ਰਿਤਸਰ ਹੈ। ਵਰਤਮਾਨ ਮਹੰਤ ਗੋਪਾਲ ਸਿੰਘ ਜੀ ਹਨ।*

ਨਿੱਕਾ ਸਿੰਘ ਜੀ ਨੂੰ ੩੦ ਪਿੰਡਾਂ ਦਾ ਪਟਾ ਡੇਰਾ ਬਾਬਾ ਗਾਂਧਾ ਸਿੰਘ ਵਾਸਤੇ ਲਿਖਕੇ ਦਿਤਾ ਜੋ ਗੁਰੂ ਜੀ ਤੋਂ ਕੇਵਲ ੪੪ ਵਰਸ਼ ਮਗਰੋਂ ਦਾ ਸਮਾਂ ਹੈ।

## ਨਿਰਮਲੇ ਸੰਤ — ਗ੍ਰੰਥ ਰਚਨਾ

(੧) ਪੰਡਿਤ ਗੁਲਾਬ ਸਿੰਘ ਜੀ ਨੇ ਹੇਠ ਲਿਖੇ ੫ ਗ੍ਰੰਥ ਲਿਖੇ :

| | |
|---|---|
| ਕਰਮ ਵਿਪਾਕ ਭਾਖਾ | ਸੰਮਤ ੧੮੧੦ (੧੭੫੩ ਈ:) |
| ਪ੍ਰਬੋਧ ਚੰਦ੍ਰ ਨਾਟਕ | ਸੰਮਤ ੧੮੧੭ (੧੭੬੦ ਈ:) |
| ਭਾਵਰਸਾਮ੍ਰਿਤ | ਸੰਮਤ ੧੮੩੪ (੧੭੭੭ ਈ:) |
| ਮੋਕਸ਼ ਪੰਥ ਪ੍ਰਕਾਸ਼ | ਸੰਮਤ ੧੮੩੫ (੧੭੭੮ ਈ:) |
| ਅਧਯਾਤਮ ਰਾਮਾਯਣ | ਸੰਮਤ ੧੮੩੯ (੧੭੮੨ ਈ:) |

(ਇਨ੍ਹਾਂ ਵਿਚੋਂ ਪਹਿਲਾ ਗ੍ਰੰਥ ਦਸਮ ਗੁਰੂ ਜੀ ਤੋਂ ਕੇਵਲ ੪੫ ਵਰਸ਼ ਮਗਰੋਂ ਲਿਖਿਆ ਹੈ।)

(੨) ਪੰਡਿਤ ਸੱਦਾ ਸਿੰਘ ਜੀ ਚੇਤਨਮਠ ਕਾਸ਼ੀ ਵਾਲਿਆਂ ਨੇ ਸੰਮਤ ੧੮੨੪ (੧੭੬੫ ਈ:) ਵਿਚ 'ਅਦ੍ਵੈਤ ਸਿਧੀ' ਦਾ 'ਸੁਗਮਸਾਰ ਚੰਦ੍ਰਕਾ' ਟੀਕਾ ਕੀਤਾ ਜੋ ਗੁਰੂ ਜੀ ਤੋਂ ੫੯ ਵਰਸ਼ ਮਗਰੋਂ ਲਿਖਿਆ ਹੈ।

(੩) ਪੰਡਿਤ ਨਿਹਾਲ ਸਿੰਘ ਜੀ ਨੇ ਸੰਮਤ ੧੮੫੨ (੧੭੯੫ ਈ:) ਵਿਚ ਜਪੁਜੀ ਦਾ ਸੰਸਕ੍ਰਿਤ ਟੀਕਾ ਕੀਤਾ ਹੈ ਜੋ ਗੁਰੂ ਜੀ ਤੋਂ ਕੇਵਲ ੮੭ ਵਰਸ਼ ਮਗਰੋਂ ਦੀ ਰਚਨਾ ਹੈ।

## ਨਿਰਮਲੇ ਸੰਤ-ਪ੍ਰਚਾਰ, ਪਟੇ, ਜਾਗੀਰਾਂ

(੧) ਸੰਮਤ ੧੮੨੧ (੧੭੬੪ ਈ:) ਵਿਚ ਪੰਡਿਤ ਲਖਾ ਸਿੰਘ ਨੂੰ ਸ੍ਰ. ਅਮਰ ਸਿੰਘ ਬੱਗਾ ਨੇ ਪ੍ਰਗਣਾ ਸੁਜਾਨਪੁਰ ਦਾ ਪਟਾ ਲਿਖਕੇ ਦਿਤਾ ਜੋ ਪੰਡਿਤ ਜੀ ਨੇ ਪਰਵਾਨ ਨਹੀਂ ਕੀਤਾ। ਇਹ ਵਾਰਤਾ ਦਸਮ ਗੁਰੂ ਜੀ ਤੋਂ ੫੬ ਵਰਸ਼ ਮਗਰੋਂ ਦੀ ਹੈ।

(੨) ਸ੍ਰ. ਸਦਾ ਸਿੰਘ ਬਹਿੜ ਵਾਲੀਏ ਨੇ ਸੰਮਤ ੧੮੨੩ (੧੭੬੬ ਈ:) ਵਿਚ ਸੰਤ ਭਗਤ ਸਿੰਘ ਜੀ ਤੋਂ ਮਹਾਂਭਾਰਤ ਦੀ ਕਥਾ ਸੁਣਕੇ ਭੋਗ ਸਮੇਂ ੭ ਪਿੰਡਾਂ ਦਾ ਪਟਾ ਲਿਖਕੇ ਦਿਤਾ। ਸੰਤ ਭਗਤ ਸਿੰਘ ਜੀ ਨੇ ਕੋਈ ਪਿੰਡ ਵੀ ਪਰਵਾਨ ਨਹੀਂ ਕੀਤਾ। ਇਹ ਗਲ ਸਤਿਗੁਰੂ ਜੀ ਤੋਂ ੫੮ ਵਰਸ਼ ਮਗਰੋਂ ਦੀ ਹੈ।

(੩) ਸੰਮਤ ੧੮੪੬ (੧੭੮੯ ਈ:) ਵਿਚ ਸ. ਜੈ ਸਿੰਘ ਘਨਈਏ ਨੇ ਸੰਤ ਦਰਗਾਹਾ ਸਿੰਘ ਜੀ ਦੇ ਡੇਰੇ ਨੂੰ ਚਾਰ ਪਿੰਡ ਭੇਟ ਕੀਤੇ ਸਨ। ਇਹ ਘਟਨਾ ਗੁਰੂ ਜੀ ਤੋਂ ੮੦ ਵਰਸ਼ ਮਗਰੋਂ ਦੀ ਹੈ।

(੪) ਸੰਮਤ ੧੮੫੩ (੧੭੯੬ ਈ:) ਵਿਚ ਮਹਾਰਾਜਾ ਰਣਜੀਤ ਸਿੰਘ ਜੀ ਨੇ ਪੰਡਿਤ ਨਿਹਾਲ ਸਿੰਘ ਜੀ ਜਪੁਜੀ ਸੰਸਕ੍ਰਿਤ ਦੇ ਟੀਕਾਕਾਰ ਨੂੰ ਅਖਾੜਾ ਬ੍ਰਹਮਬੂਟਾ ਅੰਮ੍ਰਿਤਸਰ ਦੇ ਬਰਾਬਰ ਜਾਗੀਰ ਦਾ ਪਟਾ ਲਿਖਕੇ ਦਿਤਾ ਜੋ ਪੰਡਿਤ ਜੀ ਨੇ ਅਪਰਵਾਨ ਕਰ ਦਿਤਾ। ਇਹ ਵਾਰਤਾ ਸਤਿਗੁਰੂ ਜੀ ਤੋਂ ੮੮ ਵਰਸ਼ ਮਗਰੋਂ ਦੀ ਹੈ।

ਇਸ ਤਰ੍ਹਾਂ ਨਿਰਮਲੇ ਮਹਾਂਪੁਰਖਾਂ ਦੀ ਸੇਵਾ, ਤਪ-ਤਿਆਗ, ਤੇਜ-ਪ੍ਰਤਾਪ ਨਾਲ ਹੀ ਪ੍ਰਾਚੀਨਤਾ ਪ੍ਰਸਿਧ ਹੈ।

# ਨਿਰਮਲੇ ਮਹਾਂਪੁਰਖਾਂ ਦੀ ਉਪਕਾਰ ਭਰੀ ਸਰਵਪੱਖੀ ਸੇਵਾ

ਨਿਰਮਲੇ ਸਤਪੁਰਸ਼ਾਂ ਨੇ ਸਤਿਗੁਰੂ ਜੀ ਦੇ ਆਦਰਸ਼ ਅਨੁਸਾਰ ਸੇਵਾ ਨੂੰ ਮੁਖ ਰਖਿਆ ਹੈ। ਮਨੁੱਖਤਾ ਦੀ ਭਲਾਈ ਵਾਸਤੇ ਪਰਉਪਕਾਰ ਚਿਤਵਦੇ ਰਹੇ। ਜਨਤਾ ਜਨਾਰਦਨ ਦੀ ਆਤਮਿਕ ਅਤੇ ਸੰਸਾਰਕ ਅਗਵਾਈ ਕਰਕੇ ਸਦਮਾਰਗ ਪਾਇਆ। ਰੂੜੀਵਾਦੀ ਨਾ ਰਹਿਕੇ ਲੋੜ ਅਨੁਸਾਰ ਆਪਾ ਸਮਰਪਣ ਕਰਦੇ ਰਹੇ।

ਮੰਡਲੀਆਂ ਦੁਆਰਾ ਪਿੰਡ-ਪਿੰਡ ਧਰਮ ਪ੍ਰਚਾਰ ਕਰਨ ਲਗੇ। ਪਿੰਡਾਂ ਅਤੇ ਸ਼ਹਿਰਾਂ ਵਿਚ ਡੇਰੇ ਕਾਇਮ ਕਰਕੇ ਗਿਆਨ ਦਾ ਦੀਪਕ ਜਗਾਉਣ ਲਗੇ। ਪੇਂਡੂ ਬੱਚਿਆਂ ਨੂੰ ਗੁਰਮਤਿ ਦੀ ਸਿਖਿਆ ਦੇਣ ਲਗੇ। ਗੁਰਮੁਖੀ ਵਿਦਿਆ ਪੜ੍ਹਾਕੇ ਗੁਰਬਾਣੀ ਦੇ ਪਾਠੀ ਅਤੇ ਗਿਆਨੀ ਬਨਾਉਣ ਲਗੇ। ਚਕਿਤਸਾ ਦੁਆਰਾ ਰੋਗਾਂ ਦਾ ਇਲਾਜ ਵੀ ਕਰਨ ਲਗੇ ਅਤੇ ਆਯੁਰਵੈਦਿਕ ਵੀ ਪੜ੍ਹਾਉਣ ਲਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਅਨਜ ਗ੍ਰੰਥ ਲਿਖਕੇ ਡੇਰਿਆਂ/ਧਰਮਸ਼ਾਲਾਵਾਂ ਵਿਚ ਸਥਾਪਨ ਕਰਨ ਲਗੇ। ਵੱਡੇ ਤੀਰਥਾਂ, ਮੇਲਿਆਂ ਤੇ ਕਥਾ-ਕੀਰਤਨ ਅਤੇ ਸ਼ਾਸਤ੍ਰਾਰਥ ਕਰਕੇ ਗੁਰਮਤਿ-ਗੁਰਬਾਣੀ ਨੂੰ ਸਰਵੋਪਰੀ ਸਿੱਧ ਕਰਨ ਲਗੇ। ਵਿਦਿਆਲਯ ਖੋਲ੍ਹਕੇ ਵਿਦਿਆ ਦਾਨ ਕਰਨ ਲਗੇ।

ਵੱਡੇ-ਵੱਡੇ ਗ੍ਰੰਥਾਂ ਦੀ ਰਚਨਾ ਕਰਕੇ ਗੁਰਮਤਿ ਸਿਧਾਂਤ ਦਾ ਨਿਰੂਪਨ ਕਰਨ ਲਗੇ। ਗੁਰਬਾਣੀ ਦੇ ਟੀਕੇ, ਕੋਸ਼, ਸਾਹਿਤਜ, ਦਰਸ਼ਨ, ਛੰਦ ਸ਼ਾਸਤ੍ਰ, ਇਤਿਹਾਸ ਦੇ ਸੈਂਕੜੇ ਗ੍ਰੰਥਾਂ ਦੀ ਰਚਨਾ ਕੀਤੀ। ਕਈ ਅਸ਼ਰਧਕਾਂ ਵਲੋਂ ਗੁਰਮਤਿ ਦੇ ਖੰਡਨ ਵਿਚ ਲਿਖੇ ਗ੍ਰੰਥਾਂ ਦਾ ਖੰਡਨ ਕਰਕੇ, ਗੁਰਮਤਿ ਸਿਧਾਂਤਾਂ ਦਾ ਬਾ-ਦਲੀਲ ਮੰਡਨ ਕੀਤਾ। ਗ੍ਰੰਥ ਰਚਨਾ ਤੋਂ ਬਿਨਾਂ ਪਤ੍ਰਕਾਰੀ ਵਿਚ ਵੀ ਉਘਾ ਯੋਗਦਾਨ ਪਾਇਆ। ਅਖਬਾਰਾਂ ਦੁਆਰਾ ਉਲੇਖਣੀਯ ਪ੍ਰਚਾਰ ਕੀਤਾ।

ਹਰ ਪੰਥਕ ਕਾਰਜ ਵਿਚ ਅਗੇ ਹੋਕੇ ਹਿੱਸਾ ਪਾਉਂਦੇ ਰਹੇ ਹਨ। ਦੇਸ਼ ਦੀ ਆਜ਼ਾਦੀ ਦੀ ਲਹਿਰ ਨੂੰ ਆਰੰਭ ਕਰਨ ਵਾਲੇ ਨਿਰਮਲੇ ਸੰਤ ਹੀ ਹਨ। ਗੁਰਦੁਆਰਾ ਸੁਧਾਰ ਲਹਿਰ ਅਤੇ ਸੁਤੰਤ੍ਰਤਾ ਅੰਦੋਲਨ ਵਿਚ ਸਭ ਤੋਂ ਅੱਗੇ ਰਹੇ ਹਨ। ਦੇਸ਼ ਸੇਵਾ, ਧਰਮ ਪ੍ਰਚਾਰ, ਵਿਦਿਆ ਪ੍ਰਚਾਰ ਵਿਚ ਵੀ ਉਲੇਖਣੀਯ ਸੇਵਾ ਕਰ ਰਹੇ ਹਨ। ਇਨ੍ਹਾਂ ਮਹਾਂਪੁਰਖਾਂ ਦੇ ਸਰਵਪੱਖੀ ਨਿਸ਼ਕਾਮ ਪਰਉਪਕਾਰਾਂ ਦਾ ਸੰਖੇਪ ਸਾਰ ਪਾਠਕਾਂ ਦੀ ਦ੍ਰਿਸ਼ਟੀਗੋਚਰ ਕਰਦੇ ਹਾਂ :

## ਕਥਾ ਵਿਆਖਿਆਨ

ਨਿਰਮਲ ਭੇਖ ਵਿਚ ਬੜੇ-ਬੜੇ ਵਿਦਵਾਨ ਕਥਾਕਾਰ, ਵਿਆਖਿਆਨਦਾਤਾ ਮਹਾਂਪੁਰਖ ਹੋਏ ਹਨ ਜਿਨ੍ਹਾਂ ਨੇ ਕਥਾ ਵਿਆਖਿਆਨ ਨਾਲ ਹਜ਼ਾਰਾਂ ਪ੍ਰਾਣੀਆਂ ਨੂੰ ਸਦਮਾਰਗ ਪਾਇਆ। ਗੁਰਬਾਣੀ, ਗੁਰਸਿੱਖੀ ਨਾਲ ਜੋੜਕੇ ਲੋਕ-ਪ੍ਰਲੋਕ ਸਫਲੇ ਕੀਤੇ। ਭਾਵੇਂ ਕਥਾ, ਵਿਆਖਿਆਨ ਦੀ ਨਿਰਮਲ ਭੇਖ ਦੇ ਸਮੂਹ ਮਹਾਂਪੁਰਖਾਂ ਨੂੰ ਧੁਰ ਤੋਂ ਹੀ ਦਾਤ ਪ੍ਰਾਪਤ ਹੈ ਪਰ ਕੁਝ ਅਜਿਹੇ ਆਲੌਕਿਕ, ਚਮਤਕਾਰੀ ਮਹਾਂਪੁਰਖ ਵੀ ਹੋਏ ਹਨ ਜਿਨ੍ਹਾਂ ਦੇ ਪ੍ਰਵਚਨ ਕਰਨ ਦੀ ਸ਼ੈਲੀ, ਪਦ-ਪਦਾਰਥਾਂ ਦਾ ਵਰਣਨ, ਪ੍ਰਮਾਣ/ਦ੍ਰਿਸ਼ਟਾਂਤ, ਸ਼ਬਦਾਵਲੀ, ਅਪੂਰਵ ਸੀ। ਕਥਨ ਵਿਚ ਰਸ ਅਤੇ ਮਧੁਰਤਾ ਸੀ। ਪ੍ਰਵਚਨ, ਯਥਾਰਥਕਤਾ ਅਤੇ ਆਪਣੇ ਸਿਧਾਂਤ ਨੂੰ ਸਿੱਧ ਕਰਨ ਦੀ ਸ਼ਕਤੀ ਸੀ।

ਧਰਮ ਪ੍ਰਚਾਰ, ਸਤਿਗੁਰੂਆਂ, ਰਿਸ਼ੀਆਂ, ਅਵਤਾਰਾਂ ਦੇ ਉਪਕਾਰ, ਗੁਰਬਾਣੀ ਦੀ ਵਿਆਖਿਆ ਅਤੇ ਬ੍ਰਹਮਵਿਦਿਆ ਦੇ ਨਿਰੂਪਨ ਸਬੰਧੀ ਹੇਠ ਲਿਖੇ ਅਨੁਸਾਰ ਸਤਿਪੁਰਸ਼ਾਂ ਦਾ ਯੋਗਦਾਨ ਅਦੁੱਤੀ ਰਿਹਾ ਹੈ।

ਪੰਡਿਤ ਹਰੀ ਸਿੰਘ ਜੀ ਕਥਾਵਾਲੇ, ਪੰਡਿਤ ਦੀਵਾਨ ਸਿੰਘ ਜੀ ਠੀਕਰੀਵਾਲੇ, ਪੰਡਿਤ ਨਾਰਾਇਣ ਸਿੰਘ ਜੀ ਵਿਰਕਤ ਰਿਸ਼ੀਕੇਸ਼, ਪੰਡਿਤ ਫੌਜਾ ਸਿੰਘ ਜੀ ਮੰਡਲੀ ਵਾਲੇ, ਪੰਡਿਤ ਕਾਲਾ ਸਿੰਘ ਜੀ ਮੰਡਲੇਸ਼ੂਰ, ਪੰਡਿਤ ਅਨੰਦ ਸਿੰਘ ਜੀ ਮੰਡਲੀ ਵਾਲੇ, ਗਿਆਨੀ ਸਰੋਵਰ ਸਿੰਘ ਜੀ, ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਹਰੀਕੇ, ਮਹੰਤ ਹਾਕਮ ਸਿੰਘ ਜੀ ਡੇਰਾ ਬਾਬਾ ਮਿਸ਼ਰਾ ਸਿੰਘ ਅੰਮ੍ਰਿਤਸਰ, ਪੰਡਿਤ ਕਲਿਆਨ ਸਿੰਘ ਜੀ, ਪੰਡਿਤ ਹਰਦੇਵ ਸਿੰਘ ਜੀ ਵਿਰਕਤ ਕੁਟੀਆ ਕਨਖਲ, ਪੰਡਿਤ ਨਰੋਤਮ ਸਿੰਘ ਜੀ ਨਿਰਮਲ ਛੇਤ੍ਰ ਅੰਮ੍ਰਿਤਸਰ, ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਆਦਿਕ ਪ੍ਰਸਿੱਧ ਹੋਏ ਹਨ ਜਿਨ੍ਹਾਂ ਦਾ ਪ੍ਰਭਾਵ ਹਾਲੀ ਤਕ ਸਰੋਤਿਆਂ ਦੇ ਮਨਾਂ ਉਤੇ ਸਮਾਇਆ ਹੋਇਆ ਹੈ।

ਪੰਡਿਤ ਹਰੀ ਸਿੰਘ ਜੀ (ਪੰਜਾਬ ਸਿੰਧ ਛੇਤ੍ਰ) ਪ੍ਰਸਿਧ ਕਥਾਵਾਲੇ, ਸੰਤ ਮੰਡਲੀ ਸਹਿਤ ਨੇਪਾਲ ਦੀ ਯਾਤ੍ਰਾ ਤੇ ਗਏ। ਮੰਡਲੀ ਵਿਚ ਪੰਡਿਤ ਈਸ਼ਰ ਸਿੰਘ ਜੀ ਦੌਧਰ ਵਾਲੇ ਵਰਗੇ ਵਿਰਕਤ, ਵੀਤਰਾਗ ਮਹਾਂਪੁਰਖ ਸ਼ਾਮਲ ਸਨ। ਇਕ ਦਿਨ ਨੇਪਾਲ ਸਮਰਾਟ ਨੇ ਖਟ ਦਰਸ਼ਨ ਸਾਧੂ ਸਮਾਜ ਨੂੰ ਰਾਜ ਪ੍ਰਾਸਾਦ ਵਿਚ ਬੁਲਾਇਆ। ਬਹੁਤ ਵੱਡੀ ਸਭਾ ਲੱਗੀ, ਵੱਡੇ-ਵੱਡੇ ਵੀਤਰਾਗ ਮਹਾਤਮਾ ਉਪਸਥਿਤ ਹੋਏ। ਇਸ ਸਮੇਂ ਨੇਪਾਲ ਨਰੇਸ਼ ਨੇ ਉਪਦੇਸ਼ ਸਰਵਨ ਕਰਨ ਦੀ ਇੱਛਾ ਪ੍ਰਗਟ ਕੀਤੀ। ਸੰਤ ਸਤਿਨਾਮ ਸਿੰਘ ਜੀ ਦੇ ਕਹਿਣ ਤੇ ਪੰਡਿਤ ਜੀ ਨੇ ਪ੍ਰਵਚਨ ਕੀਤਾ ਜਿਸ ਦੀ ਅੰਮ੍ਰਿਤਬਾਣੀ ਨੂੰ ਸੁਣਕੇ ਮਹਾਰਾਜਾ ਪਰਮ ਪ੍ਰਸੰਨ ਹੋਇਆ। ਗੁਰਬਾਣੀ, ਵੇਦ, ਉਪਨਿਸ਼ਦਾਂ, ਪੁਰਾਣਾਂ, ਸਿੰਮ੍ਰਤੀਆਂ ਦੇ ਪ੍ਰਮਾਣ/ਵਾਕਾਂ ਦੁਆਰਾ ਪ੍ਰਭਾਵਿਤ ਹੋਕੇ, ਆਪ ਜੀ ਦਾ ਭਗਤ ਬਣ ਗਿਆ। ਦਸ ਹਜ਼ਾਰ ਰੁਪਏ ਭੇਟ ਕੀਤੇ ਜਿਨ੍ਹਾਂ ਵੱਲ ਪੰਡਿਤ ਜੀ ਨੇ ਵੇਖਿਆ ਤਕ ਵੀ ਨਹੀਂ। ਇਸ ਸਮੇਂ ਆਪ ਜੀ ਨੇ ਰਾਜਧਾਨੀ ਕਠਮੰਡੂ ਵਿਚ ਗੁਰਦੁਆਰਾ ਸਾਹਿਬ ਕਾਇਮ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਥਾਪਨ ਕੀਤੇ।

ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਹਰੀਕਿਆਂ ਵਾਲੇ ਵੀ ਮਹਾਨ ਵਿਆਖਿਆਨ ਵਾਚਸਪਤੀ ਸਨ। ਸੰਮਤ ੧੯੭੭ ਬਿ: (੧੯੨੦ ਈ:) ਦੇ ਉਜੈਨ ਕੁੰਭ ਪਰਵ ਤੇ ਆਪ ਜੀ ਦਾ ਪ੍ਰਵਚਨ ਸੁਣਕੇ ਮਹਾਰਾਜਾ ਗਵਾਲੀਅਰ ਅਤਿਅੰਤ ਪ੍ਰਭਾਵਿਤ ਹੋਇਆ ਸੀ। ਨਿਮ੍ਰਤਾ ਪੂਰਬਕ ਨਿਮੰਤ੍ਰਣ ਦੇਕੇ ਗਣੇਸ਼ ਚੌਥ ਤੇ ਗਵਾਲੀਅਰ ਬੁਲਾਇਆ ਅਤੇ ਫੂਲ ਬਾਗ ਵਿਚ ਉਤਾਰਾ ਕੀਤਾ ਗਿਆ। ਖਟ ਦਰਸ਼ਨ ਸਾਧੂ ਸਮਾਜ ਦਾ ਅਥਾਹ ਇਕੱਠ ਸੀ। ਗਣੇਸ਼ ਚੌਥ ਦੇ ਪਰਵ ਤੇ ਆਪ ਜੀ ਨੂੰ ਮਹਿਲਾਂ ਵਿਚ ਬੁਲਾਇਆ ਗਿਆ। ਖਟ ਦਰਸ਼ਨ ਸਾਧੂ ਸਮਾਜ ਵੀ ਪੁਜਿਆ ਹੋਇਆ ਸੀ ਪਰ ਸ੍ਰੀ ਮਹੰਤ ਜੀ ਮਹਾਰਾਜ ਨੂੰ ਮਹਾਰਾਜੇ ਨੇ ਆਪਣੇ ਬਰਾਬਰ ਉਚ ਆਸਨ ਉਪਰ ਬੈਠਾਇਆ। ਮਹਾਰਾਜੇ ਨੇ ਗਣੇਸ਼ ਜੀ ਦੀ ਮੂਰਤੀ ਅਗੇ ਆਪ ਕੀਰਤਨ ਕੀਤਾ।

ਸ੍ਰੀ ਮਹੰਤ ਜੀ ਮਹਾਰਾਜ ਦਾ ਵਿਦਵਤਾ ਭਰਿਆ ਵਿਆਖਿਆਨ ਹੋਇਆ। ਮਹਾਰਾਜਾ ਸੁਣਕੇ ਅਤਿ ਪ੍ਰਸੰਨ ਹੋਇਆ ਅਤੇ ਨਾਲ ਹੀ ਇਕ ਦਿਨ ਹੋਰ ਕਥਾ ਕਰਨ ਲਈ ਬੇਨਤੀ ਕੀਤੀ। ਸ੍ਰੀ ਮਹੰਤ ਜੀ ਨੇ ਯੋਗ ਸਮਾਂ ਵੇਖਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਮਹਾਰਾਜ ਦਾ ਗਵਾਲੀਅਰ ਦੇ ਕਿਲ੍ਹੇ ਵਿਚ ਕਾਰਾਵਾਸ ਵਾਲਾ ਪ੍ਰਕਰਣ ਸੁਣਾਇਆ। ਮਹਾਰਾਜਾ ਸੁਣਕੇ ਇਨ੍ਹਾਂ ਪ੍ਰਸੰਨ ਹੋਇਆ ਕਿ ਫੂਲ ਬਾਗ ਵਿਚ ਗੁਰਦੁਆਰਾ ਸਥਾਪਨ ਕਰ ਦਿਤਾ। ਸ੍ਰੀ ਮਹੰਤ ਜੀ ਅਤੇ ਸੰਤ ਮੰਡਲੀ ਦੀ ਸਤਿਕਾਰਪੂਰਬਕ ਪੂਜਾ ਕਰਕੇ ਵਿਦਾਇਗੀ ਦਿੱਤੀ ਅਤੇ ਇਕ ਹਜ਼ਾਰ ਰੁਪਏ ਸਾਲਾਨਾ ਨਿਯਤ ਕੀਤਾ।

ਪੰਡਿਤ ਨਾਰਾਇਣ ਸਿੰਘ ਜੀ ਦੀ ਕਥਾ ਸ਼ਰਵਨ ਕਰਨ ਵਾਸਤੇ ਹਜ਼ਾਰਾਂ ਵਿਅਕਤੀ ਪਹਿਲਾਂ ਹੀ ਆਕੇ ਬੈਠ ਜਾਂਦੇ ਸਨ। ਜਿਹੜਾ ਵੀ ਕਥਾ ਉਪਦੇਸ਼ ਸੁਣਦਾ ਸੀ ਨਾਮ ਬਾਣੀ, ਸਿੱਖੀ ਨਾਲ ਜੁੜ ਜਾਂਦਾ ਸੀ। ਸ੍ਵਾਮੀ ਲਾਲ ਸਿੰਘ ਜੀ (ਪ੍ਰਸਿਧ ਨਿਰਮਲ ਸ੍ਵਾਮੀ) ਜਦ ਵੇਦਾਂਤ ਉਪਰ ਪ੍ਰਵਚਨ ਕਰਦੇ ਸਨ, ਹਜ਼ਾਰਾਂ ਵਿਅਕਤੀ ਮਨ ਕਰਕੇ ਇਕਾਗਰਚਿੱਤ ਹੋ ਜਾਂਦੇ ਸਨ। ਹੇਠ ਲਿਖੇ ਮਹੰਤ/ਸੰਤ ਮਹਾਨ ਵਿਆਖਿਆਨਦਾਤਾ ਅਤੇ ਕਥਾਕਾਰ ਵਜੋਂ ਪ੍ਰਸਿੱਧ ਹਨ :

ਮਹੰਤ ਬੁੱਢਾ ਸਿੰਘ ਜੀ ਨਿਰਮਲ ਆਸ਼੍ਰਮ ਰਿਸ਼ੀਕੇਸ਼, ਪੰਡਿਤ ਦੇਸਰਾਜ ਸਿੰਘ ਜੀ ਦੱਖਣੀ, ਪੰਡਿਤ ਈਸ਼ਰ ਸਿੰਘ ਜੀ ਕਾਸ਼ੀ, ਪੰਡਿਤ ਹਰੀ ਸਿੰਘ ਜੀ ਨਾਯਾਯਕ ਦਮਦਮੀਏ, ਪੰਡਿਤ ਕਲਿਆਣ ਸਿੰਘ ਜੀ ਕਨਖਲ, ਪੰਡਿਤ ਸੰਪੂਰਨ ਸਿੰਘ ਲਾਹੌਰ, ਪੰਡਿਤ ਅਰਜਨ ਸਿੰਘ ਜੀ ਭਿਖਸੂ, ਪੰਡਿਤ ਹਰੀ ਰਾਮ ਸਿੰਘ ਜੀ ਵੈਦਿਕ ਰਿਸ਼ੀ, ਪੰਡਿਤ ਸੰਤ ਸਿੰਘ ਜੀ ਸ਼ਾਸਤ੍ਰੀ ਕਾਸ਼ੀ, ਪੰਡਿਤ ਨਿੱਕਾ ਸਿੰਘ ਜੀ ਵਿਰਕਤ ਨਿਰਮਲ ਆਸ਼੍ਰਮ ਰਿਸ਼ੀਕੇਸ਼, ਪੰਡਿਤ ਗੁਰਦੀਪ ਸਿੰਘ ਕੇਸਰੀ ਵਾਰਾਣਸੀ, ਪੰਡਿਤ ਅਰਜੁਨ ਸਿੰਘ ਜੀ ਮੁਨੀ, ਪੰਡਿਤ ਬਲਬੀਰ ਸਿੰਘ ਵਿਯੋਗੀ ਦਿੱਲੀ, ਸ੍ਰੀ ਮਹੰਤ ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ, ਗਿਆਨੀ ਸੁੰਦਰ ਸਿੰਘ ਜੀ ਕਥਾ ਵਾਲੇ, ਪੰਡਿਤ ਹਕੀਕਤ ਸਿੰਘ ਜੀ ਅਰਵਿੰਦ, ਗਿਆਨੀ ਬਿਸ਼ਨ ਸਿੰਘ 'ਕ੍ਰੀਟ' ਹਰਿਦਵਾਰ, ਪੰਡਿਤ ਨਾਰਾਇਣ ਸਿੰਘ ਜੀ ਵੇਦਾਂਤ ਵਾਗੀਸ ਦੱਖਣੀ, ਗਿਆਨੀ ਜਗਤ ਸਿੰਘ ਅੰਬਾਲਾ, ਮਹੰਤ ਬਚਿੱਤਰ ਸਿੰਘ ਜੀ ਨੰਗਾਲੀ ਸਾਹਿਬ, ਮਹੰਤ ਰਾਮ ਸਿੰਘ ਜੀ ਨਿਰਮਲ ਆਸ਼੍ਰਮ ਰਿਸ਼ੀਕੇਸ, ਸੰਤ ਬਾਬਾ ਦਲੇਲ ਸਿੰਘ ਜੀ ਵਿਰਕਤ ਸ਼ਾਹ ਆਬਾਦ, ਮਹੰਤ ਸਾਧੂ ਸਿੰਘ ਜੀ ਸ਼ਾਸਤ੍ਰੀ ਚੱਕ ਵੇਂਹਡਲ (ਜਲੰਧਰ) ਪੰਡਿਤ ਰਘੁਬੀਰ ਸਿੰਘ ਜੀ ਸ਼ਾਸਤ੍ਰੀ ਨਿਰਮਲ ਸੰਤਪੁਰਾ ਕਨਖਲ, ਸ੍ਵਾਮੀ ਅਵਤਾਰ ਹਰੀ ਜੀ ਰਿਸ਼ੀ ਆਸ਼੍ਰਮ (ਮੰਸੂਰੀ), ਸੰਤ ਜਗਜੀਤ ਸਿੰਘ ਜੀ (ਹਰਖੋਵਾਲ ਵਾਲੇ) ਸੁਲਤਾਨਪੁਰ ਲੋਧੀ, ਮਹੰਤ ਸੁਰਜੀਤ ਸਿੰਘ ਜੀ ਖੰਡੂਰ ਸਾਹਿਬ, ਮਹੰਤ ਮਲਕੀਅਤ ਸਿੰਘ ਜੀ ਨਿਰਮਲ ਕੁਟੀਆ ਬੰਗੇ, ਮਹੰਤ ਭਾਗ ਸਿੰਘ ਜੀ ਬੰਗੇ, (ਪ੍ਰਧਾਨ ਦੁਆਬਾ ਨਿਰਮਲ ਮਹਾਂ ਮੰਡਲ) ਮਹੰਤ ਗੁਰਬਚਨ ਸਿੰਘ ਜੀ ਪਠਲਾਵਾ (ਜਨਰਲ ਸੈਕਟਰੀ ਦੁਆਬਾ ਨਿਰਮਲ ਮਹਾਂ ਮੰਡਲ), ਸ੍ਰੀ ਮਹੰਤ ਪੰਡਿਤ ਗਿਆਨਦੇਵ ਸਿੰਘ ਜੀ, ਗਿਆਨੀ ਨਾਹਰ ਸਿੰਘ ਜੀ ਵਿਰਕਤ ਕੁਟੀਆ ਰੋਪੜ, ਸ੍ਵਾਮੀ ਜਗਦੀਸ਼ ਹਰੀ ਜੀ ਰਾਜਗੜ੍ਹ, ਸੇਵਾ ਦੇ ਪੁੰਜ ਸੰਤ ਮਿੱਠਾ ਸਿੰਘ ਜੀ ਬੁੰਗਾ ਮਸਤੂਆਣਾ ਦਮਦਮਾ ਸਾਹਿਬ, ਬਾਬਾ ਭਗਵੰਤ ਭਜਨ ਸਿੰਘ ਜੀ ਰਮਦਾਸ (ਦਕੋਹੇ ਵਾਲੇ), ਮਹੰਤ ਬਲਵੰਤ ਸਿੰਘ ਜੀ ਸੈਕਟਰੀ, ਪੰਚਾਇਤੀ ਅਖਾੜਾ ਨਿਰਮਲਾ ਕਨਖਲ (ਹਰਿਦ੍ਵਾਰ) ਸ੍ਵਾਮੀ ਸਰਵੇਸ੍ਵਰ ਸਿੰਘ ਜੀ ਸਪਤਸਰੋਵਰ (ਹਰਿਦ੍ਵਾਰ), ਪੰਡਿਤ ਰਘੁਬੀਰ ਸਿੰਘ ਜੀ ਸ਼ਾਸਤ੍ਰੀ ਲਾਹੌਰੀ ਟੋਲਾ ਕਾਸ਼ੀ ਜੀ, ਸੰਤ ਜੋਧ ਸਿੰਘ ਜੀ ਨਿਰਮਲ ਆਸ਼੍ਰਮ ਰਿਸ਼ੀਕੇਸ਼, ਵਿਦਿਆ ਦਾਨੀ ਸੰਤ (ਬਾਬਾ) ਮਲਕੀਅਤ ਸਿੰਘ (ਡੇਰਾ ਜਬੜ) ਪਿੰਡ ਮਾਣਕੋ, ਮਹੰਤ ਮਨਜੀਤ ਸਿੰਘ ਜੀ ਨੰਗਾਲੀ ਸਾਹਿਬ (ਜੰਮੂ), ਸੰਤ ਜੀਤ ਸਿੰਘ ਜੀ ਅਤੇ ਸੰਤ ਜਸਪਾਲ ਸਿੰਘ ਜੀ ਜੌਹਲਾ (ਜਲੰਧਰ), ਸੰਤ ਮਨਜੀਤ ਸਿੰਘ ਜੀ ਹਰਖੋਵਾਲ, ਮਹੰਤ ਤੇਜਾ ਸਿੰਘ ਜੀ ਐਮ.ਏ. ਗੁਰੂਸਰ ਖੁੱਡਾ, ਮਹੰਤ ਜਗਦੇਵ ਸਿੰਘ ਜੀ ਮੋਨੀ ਟੂਟੋਮਜਾਰਾ, ਮਹੰਤ ਪਰਸ਼ੋਤਮ ਸਿੰਘ ਸ਼ਾਸਤ੍ਰੀ ਮੋਦੀ ਨਗਰ, ਮਹੰਤ ਕਮਲਜੀਤ ਸਿੰਘ ਜੀ ਸ਼ਾਸਤ੍ਰੀ ਰਸੂਲਪੁਰ ਅਤੇ ਸੁਖਾਨੰਦ ਸੰਤ ਕ੍ਰਿਸ਼ਨ ਸਿੰਘ ਜੀ ਸੰਤਨ ਕੀ ਕੁਟੀਆ ਅੰਮ੍ਰਿਤਸਰ, ਮਹੰਤ ਦਰਸ਼ਨ ਸਿੰਘ ਜੀ ਪੰਜ ਗਰਾਈ ਕਲਾਂ, ਮਹੰਤ ਸੁਖਚੈਨ ਸਿੰਘ ਜੀ ਗਿਆਨੀ ਅਤੇ ਮਹੰਤ ਜ਼ੈਲ ਸਿੰਘ ਜੀ ਸ਼ਾਸਤ੍ਰੀ ਨਿਰਮਲ ਅਖਾੜਾ, ਮਹੰਤ ਮੂਲ ਸਿੰਘ ਜੀ.ਟੀ. ਰੋਡ ਸੰਤ ਐਵੀਨਿਊ ਅੰਮ੍ਰਿਤਸਰ, ਮਹੰਤ ਹਾਕਮ ਸਿੰਘ ਜੀ ਪਿੰਡ ਗੰਡਾ ਸਿੰਘ ਵਾਲਾ, ਸੰਤ ਰਣਜੀਤ ਸਿੰਘ ਜੀ ਬਾਹੋਵਾਲ ਵਾਲੇ, ਮਹੰਤ ਇਕਬਾਲ ਸਿੰਘ ਬੋਦਲਾਂ ਵਾਲੇ ਆਦਿਕ ਅਨੇਕ ਮਹਾਂਪੁਰਖ ਹਨ।

## ਰਾਗ ਕੀਰਤਨ

ਸਾਹਿਤਯ ਅਤੇ ਸੰਗੀਤ ਵਿਦਵਤਾ ਦਾ ਚਿੰਨ੍ਹ ਮੰਨੇ ਜਾਂਦੇ ਹਨ। ਨਿਰਮਲੇ ਮਹਾਂਪੁਰਖ ਸਾਹਿਤਯ ਅਤੇ

ਸੰਗੀਤ ਵਿਚ ਵੀ ਨਿਪੁੰਨ ਰਹੇ ਹਨ। ਸੰਗੀਤ, ਰਾਗ ਅਤੇ ਕੀਰਤਨ ਵਿਚ ਅਕਹਿ ਯੋਗਤਾ ਰਖਣ ਵਾਲੇ ਅਨੇਕ ਮਹਾਂਪੁਰਖ ਹੋਏ ਹਨ ਜਿਨ੍ਹਾਂ ਨੇ ਰਾਗ ਅਤੇ ਕੀਰਤਨ ਦੁਆਰਾ ਨਾਮਬਾਣੀ ਦੀ ਸਾਰੇ ਦੇਸ਼ ਵਿਚ ਅੰਮ੍ਰਿਤ ਵਰਖਾ ਕੀਤੀ ਹੈ। ਮਹਾਂਪੁਰਖਾਂ ਦੀ ਰਾਗ/ਕੀਰਤਨ ਦੁਆਰਾ ਕੀਤੀ ਹੋਈ ਸੇਵਾ ਸੁਨਹਿਰੀ ਅੱਖਰ ਵਿਚ ਲਿਖਣ ਯੋਗ ਹੈ।

ਸ੍ਰੀਮਾਨ ਸੰਤ ਬਾਬਾ ਮਿਸ਼ਰਾ ਸਿੰਘ ਜੀ (ਅੰਮ੍ਰਿਤਸਰ ਵਾਲੇ) ਪ੍ਰਸਿਧ ਰਾਗੀ ਅਤੇ ਕੀਰਤਨੀਏ ਹੋਏ ਹਨ ਜੋ ਕਈ ਵਰਸ਼ ਸ੍ਰੀ ਹਰਿਮੰਦਰ ਸਾਹਿਬ ਜੀ, ਅੰਮ੍ਰਿਤਸਰ ਵਿਖੇ ਬਿਲਾਵਲ ਦੀ ਚੌਂਕੀ ਕਰਦੇ ਰਹੇ। ਆਪ ਨਿਰੇ ਰਾਗੀ ਹੀ ਨਹੀਂ ਸਨ ਨਾਮ-ਬਾਣੀ ਦੇ ਅਭਿਆਸੀ, ਉਚ ਜੀਵਨ ਵਾਲੇ, ਬ੍ਰਹਮਗਿਆਨੀ ਸਨ। ਇਸ ਵਾਸਤੇ ਆਪ ਜੀ ਦੇ ਕੀਰਤਨ ਵਿਚ ਰਸ ਅਤੇ ਮਧੁਰਤਾ ਸੀ। ਸ਼ਹਿਰ ਤੇ ਇਲਾਕੇ ਦੀ ਸੰਗਤ, ਡੇਰਿਆਂ ਦੇ ਮਹਾਂਪੁਰਖ, ਆਪ ਜੀ ਦਾ ਕੀਰਤਨ ਸ਼ਰਵਨ ਕਰਨ ਵਾਸਤੇ ਪਹਿਲਾਂ ਹੀ ਸ੍ਰੀ ਹਰਿਮੰਦਰ ਸਾਹਿਬ ਵਿਚ ਪਹੁੰਚ ਜਾਂਦੇ ਸਨ। ਆਪ ਜੀ ਦਾ ਡੇਰਾ ਕੀਰਤਨ ਦੀ ਟਕਸਾਲ ਦੇ ਰੂਪ ਵਿਚ ਪ੍ਰਸਿਧ ਹੈ। ਇਸ ਸਥਾਨ ਤੋਂ ਅਨੇਕਾਂ ਨੇ ਰਾਗ/ਕੀਰਤਨ ਦੀ ਸਿਖਿਆ ਪ੍ਰਾਪਤ ਕੀਤੀ ਹੈ। ਇਸ ਡੇਰੇ ਵਿਚ ਸੰਤ ਕਪੂਰ ਸਿੰਘ ਜੀ (ਜਨਮ ਪਿੰਡ ਕੈਰੋਂ ਜ਼ਿਲਾ ਅੰਮ੍ਰਿਤਸਰ) ਮਹਾਨ ਰਾਗੀ ਹੋਏ ਹਨ ਜੋ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਦੀ ਚੌਂਕੀ ਕਰਦੇ ਰਹੇ ਸਨ। ਇਥੋਂ ਸੇਵਾ ਮੁਕਤ ਹੋਕੇ ਮਹਾਰਾਜਾ ਭੁਪਿੰਦਰ ਸਿੰਘ ਜੀ ਪਟਿਆਲਾਪਤੀ ਦੇ ਰਾਜ ਦਰਬਾਰ ਵਿਚ ਰਾਗੀ ਦੀ ਪਦਵੀ ਤੇ ਜਾਕੇ ਸੇਵਾ ਨਿਭਾਈ। ਆਪ ਜੀ ਨੇ ਰਾਗ ਵਿਦਿਆ ਉਪਰ ਇਕ ਗ੍ਰੰਥ ਵੀ ਲਿਖਿਆ ਹੈ। ਭਾਈ ਮਖਨ ਸਿੰਘ, ਭਾਈ ਜਵਾਹਿਰ ਸਿੰਘ, ਭਾਈ ਲਾਭ ਸਿੰਘ (ਤਿੰਨੇ ਸੂਰਮੇ-ਪ੍ਰਗਯਾਚਖਸੂ) ਸੰਤ ਕਪੂਰ ਸਿੰਘ ਜੀ ਦੇ ਸ਼ਿਸ਼ ਸਨ।

ਭਾਈ ਮਖਨ ਸਿੰਘ ਜੀ ਨੇ ੫੦ ਵਰਸ਼ ਸ੍ਰੀ ਹਰਿਮੰਦਰ ਸਾਹਿਬ ਜੀ ਅੰਮ੍ਰਿਤਸਰ ਵਿਚ 'ਆਸਾ ਦੀ ਵਾਰ' ਦਾ ਕੀਰਤਨ ਕੀਤਾ। ਕੋਈ ਕਿੰਨੀ ਵੀ ਪੂਜਾ ਭੇਟਾ ਦੇਵੇ ਆਪ ਜੀ ਸ੍ਰੀ ਹਰਿਮੰਦਰ ਜੀ ਦੇ ਕੀਰਤਨ ਵਿਚ ਨਾਗਾ ਨਹੀ ਸਨ ਪਾਉਂਦੇ। ਤਾਊਸ ਵਜਾਉਣ ਵਿਚ ਆਪ ਜੀ ਪ੍ਰਵੀਨ ਸਨ। ਭਾਈ ਜਵਾਹਿਰ ਸਿੰਘ, ਭਾਈ ਲਾਭ ਸਿੰਘ ਸਰੰਦੇ ਦੇ ਵਿਸ਼ੇਸ਼ਗਯ ਸਨ। ਇਸ ਡੇਰੇ ਦੇ ਸੰਤ ਗਿਆਨੀ ਦਇਆ ਸਿੰਘ ਜੀ ਤਬਲਾ ਵਜਾਉਣ ਵਿਚ ਅਦੁੱਤੀ ਯੋਗਤਾ ਰਖਦੇ ਸਨ ਜੋ ਸ੍ਰੀ ਹਰਿਮੰਦਰ ਸਾਹਿਬ ਜੀ ਅੰਮ੍ਰਿਤਸਰ ਵਿਖੇ ੩੩ ਵਰਸ਼ ਕੀਰਤਨ ਦੀ ਚੌਂਕੀ ਕਰਦੇ ਰਹੇ ਹਨ। ਇਹ ਸਾਰੇ ਰਾਗੀ/ਕੀਰਤਨੀਏ ਬਾਬਾ ਮਿਸ਼ਰਾ ਸਿੰਘ ਜੀ ਦੇ ਡੇਰੇ ਦੇ ਸੰਤ ਸਨ। ਹੁਣ ਵਰਤਮਾਨ ਮਹੰਤ ਭੁਪਿੰਦਰ ਸਿੰਘ ਜੀ ਹਨ।

(੨) ਪਿੰਡ ਦੌਧਰ (ਜ਼ਿਲਾ ਫਰੀਦਕੋਟ) ਵਿਚ ਠਾਕਰ ਸੁਧ ਸਿੰਘ ਜੀ ਨੇ ਡੇਰਾ ਕਾਇਮ ਕਰਕੇ ਜਿੱਥੇ ਸਤਿਸੰਗ ਦਾ ਪ੍ਰਵਾਹ ਤੋਰਿਆ ਉਥੇ ਅਪੰਗ, ਯਤੀਮ, ਨੇਤ੍ਰਹੀਨ ਅਤੇ ਬਿਹੰਗਮਾਂ ਵਾਸਤੇ ਵਿਦਿਆ ਦਾ ਸੋਮਾ ਜਾਰੀ ਕਰ ਦਿਤਾ। ਡੇਰੇ ਵਿਚ ਬਿਹੰਗਮਾਂ, ਵਿਦਿਆਰਥੀਆਂ ਵਾਸਤੇ ਕਿੰਨੇ ਹੀ ਕਮਰੇ ਤਿਆਰ ਕਰਵਾਏ ਗਏ। ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਧੁਰ ਭਾਸ਼ਾ ਵਿਚ ਵਿਆਖਿਆ ਭਰਪੂਰ ਕਥਾ ਕਰਦੇ ਸਨ। ਯਤੀਮਾਂ, ਅਪੰਗਾਂ ਅਤੇ ਬਿਹੰਗਮਾਂ ਨੂੰ ਵਿਦਿਆ ਪੜ੍ਹਾਉਂਦੇ ਸਨ।

ਮਹੰਤ ਵੀਰ ਸਿੰਘ ਜੀ ਦੇ ਸਮੇਂ ਵਿਚ ਬਹੁਸੰਖਿਆ ਵਿਚ ਅਪੰਗ/ਨੇਤ੍ਰਹੀਨ ਆਉਣ ਲਗੇ। ਆਪ ਰਾਗ ਦੇ ਮਹਾਨ ਵਿਦਵਾਨ ਅਤੇ ਗੁਰਮੁਖੀ ਦੇ ਲਿਖਾਰੀ ਸਨ। ਛੋਟੇ-ਛੋਟੇ ਨੇਤ੍ਰਹੀਨ ਬੱਚਿਆਂ ਨੂੰ ਪੜ੍ਹਾਉਂਦੇ, ਬਾਣੀ ਕੰਠਸਥ ਕਰਵਾਉਂਦੇ, ਰਾਗ ਸਿਖਾਉਂਦੇ, ਕੇਸੀਂ ਸ਼ਨਾਨ ਕਰਵਾਉਂਦੇ, ਵਸਤਰ ਧੋਂਦੇ, ਸੈਂਕੜੇ ਨੇਤ੍ਰਹੀਨ ਬੱਚਿਆਂ ਨੂੰ ਰਾਗ ਸਿਖਾਕੇ, ਗੁਣਾਂ ਨਾਲ ਵਿਭੂਸ਼ਤ ਕਰ ਦਿੰਦੇ ਸਨ। ਮਹੰਤ ਮੰਗਲ ਸਿੰਘ ਜੀ ਵੀ ਇਸੇ ਪ੍ਰੰਪਰਾ ਨੂੰ ਨਿਭਾਉਂਦੇ ਰਹੇ। ਨੇਤ੍ਰਹੀਨ ਰਾਗੀਆਂ ਵਾਸਤੇ ਦੌਧਰ ਤੀਰਥ ਸਥਾਨ ਬਣ ਗਿਆ। ਨੇਤ੍ਰਹੀਨ ਰਾਗੀ ਭਾਵੇਂ ਦੇਸ ਦੇ ਕਿਸੇ ਕੋਨੇ ਵਿਚੋ ਹੋਵੇ, ਦੌਧਰ ਦੇ ਨਾਮ ਤੋਂ ਅਵਸ਼ਯ ਹੀ ਵਾਕਫ ਹੋਵੇਗਾ। ਹਰ ਰਾਗੀ ਵਿਦਿਆਰਥੀ ਦੇ ਮਨ ਵਿਚ ਦੌਧਰ ਦੀ ਯਾਤ੍ਰਾ

ਕਰਨ ਦੀ ਵੀ ਕਾਮਨਾ ਹੁੰਦੀ ਹੈ। ਪਿੰਡ ਸਿੰਘਾਂਵਾਲਾ (ਜ਼ਿਲਾ ਫਰੀਦਕੋਟ) ਵਿਚ ਵੀ ਰਾਗ/ਕੀਰਤਨ ਸਿਖਾਇਆ ਜਾਂਦਾ ਰਿਹਾ ਹੈ।

(੩) ਵੀਹਵੀਂ ਸਦੀ ਦੇ ਅਵਤਾਰ ਸ੍ਰੀਮਾਨ ਪੂਜਯ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਕੀਰਤਨ ਦੀ ਅੰਮ੍ਰਿਤ ਵਰਖਾ ਨਾਲ ਨਾਮਬਾਣੀ, ਅੰਮ੍ਰਿਤਪ੍ਰਚਾਰ, ਸਦਉਪਦੇਸ਼ ਦੀ ਆਲੌਕਿਕ ਲਹਿਰ ਆਰੰਭ ਕੀਤੀ। ਜਿੱਥੇ ਵੀ ਆਪ ਜੀ ਪੁਜਦੇ ਕੀਰਤਨ ਸ਼ਰਵਨ ਕਰਨ ਵਾਸਤੇ ਹਜ਼ਾਰਾਂ ਵਿਅਕਤੀ ਚਲੇ ਆਉਂਦੇ। ਅੰਮ੍ਰਿਤਪਾਨ ਕਰਕੇ ਗੁਰਬਾਣੀ ਨਾਲ ਜੁੜਦੇ, ਜਨਮ ਸਫਲ ਕਰਕੇ ਵਾਪਸ ਜਾਂਦੇ ਸਨ। ਆਪ ਜੀ ਦੇ ਦਰਸ਼ਨ/ ਕੀਰਤਨ ਦਾ ਪ੍ਰਭਾਵ ਕਲਮ ਅੰਕਿਤ ਕਰਨ ਤੋਂ ਅਸਮਰਥ ਹੈ।

(੪) ਸ੍ਰੀਮਾਨ ਸੰਤ ਈਸ਼ਰ ਸਿੰਘ ਜੀ ਰਾੜਾਸਾਹਿਬ ਵਾਲੇ, ਉਚੀ ਆਤਮਿਕ ਅਵਸਥਾ ਦੇ ਸੁਾਮੀ, ਨਾਮ-ਅਭਿਆਸੀ, ਕੀਰਤਨ ਦੇ ਧਨੀ ਸਨ। ਆਪ ਜੀ ਦਾ ਜਿੱਥੇ ਵੀ ਕੀਰਤਨ ਹੁੰਦਾ ਸੀ, ਸੰਗਤਾਂ ਹੁੰਮ-ਹੁਮਾਕੇ ਲੱਖਾਂ ਦੀ ਗਿਣਤੀ ਵਿਚ ਉਮਡ ਪੈਂਦੀਆਂ ਸਨ। ਲੱਖਾਂ ਵਿਅਕਤੀ ਆਤਮਿਕ ਆਨੰਦ ਲੈਂਦੇ ਹੋਏ ਆਪਣਾ ਜੀਵਨ ਸਫਲ ਬਣਾ ਲੈਂਦੇ ਸਨ। ਆਪ ਜੀ ਨੇ ਕੀਰਤਨ ਦੀ ਅੰਮ੍ਰਿਤ ਵਰਖਾ ਕੇਵਲ ਦੇਸ ਵਿਚ ਹੀ ਨਹੀ, ਸਗੋਂ ਵਿਦੇਸਾਂ ਵਿਚ ਵੀ ਕੀਤੀ। ਸਾਰੇ ਸੰਸਾਰ ਵਿਚ 'ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ' ਦਾ ਅਵਾਜ਼ਾ ਆਉਣ ਲੱਗਾ। ਆਪ ਜੀ ਦੀ ਮਰਯਾਦਾ ਅਨੁਸਾਰ ਸ੍ਰੀਮਾਨ ਸੰਤ ਮਹਿੰਦਰ ਸਿੰਘ ਜੀ ਰਾੜਾਸਾਹਿਬ ਵਾਲੇ ਵੀ ਕੀਰਤਨ ਨਾਲ ਨਿਹਾਲ ਕਰਦੇ ਰਹੇ ਹਨ।

(੫) ਮਹੰਤ ਗੱਜਾ ਸਿੰਘ ਜੀ ਗੁਰਦੁਾਰਾ ਗੁਰੂਸਰ (ਮਰ੍ਹਾਝ ਵਾਲੇ) ਆਪਣੇ ਸਮੇਂ ਦੇ ਆਲੌਕਿਕ ਸੰਗੀਤਕਾਰ ਹੋਏ ਹਨ ਜੋ ਸੰਗੀਤ ਦੇ ਆਚਾਰਯ ਸਨ। ਸੰਗੀਤ ਦੀ ਦੁਨੀਆਂ ਦੇ ਪ੍ਰਧਾਨ ਪੁਰਸ਼ ਸਨ ਜਿੰਨ੍ਹਾਂ ਨੂੰ ਦੇਸ਼ ਦੇ ਸੰਗੀਤਕਾਰ, ਨ੍ਰਿਤਕਾਰ ਅਤੇ ਰਾਗੀ ਆਪਣਾ ਗੁਰੂ ਮੰਨਦੇ ਸਨ। ਮਹਾਰਾਜਾ ਭੂਪਿੰਦਰ ਸਿੰਘ ਜੀ ਪਟਿਆਲਾ ਪਤੀ ਅਤੇ ਪ੍ਰਸਿਧ ਵਿਦਵਾਨ ਭਾਈ ਕਾਨ੍ਹ ਸਿੰਘ ਜੀ ਨਾਭਾ ਆਪ ਜੀ ਦੇ ਸ਼ਗਿਰਦ ਸਨ। ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩੧ ਰਾਗਾਂ ਨੂੰ ਸ਼ੁੱਧ ਰੂਪ ਵਿਚ ਸੰਭਾਲਣ ਵਾਸਤੇ ਸੁਰ-ਲਿਪੀਆਂ ਤਿਆਰ ਕੀਤੀਆਂ ਸਨ ਪਰ ਇਹ ਮਹਾਨ ਗ੍ਰੰਥ ਪ੍ਰਕਾਸ਼ਤ ਨਾ ਹੋ ਸਕਿਆ। ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਮਹਾਨਕੋਸ਼ ਵਿਚ ਰਾਗ/ਸੰਗੀਤ ਬਾਰੇ ਜੋ ਜਾਣਕਾਰੀ ਹੈ, ਉਹ ਸਭ ਮਹੰਤ ਜੀ ਦੀ ਹੀ ਦੇਣ ਹੈ। ਆਪ ਵਰਗੇ ਮਹਾਨ ਪੁਰਸ਼ ਸਦੀਆਂ ਬਾਅਦ ਹੀ ਪੈਦਾ ਹੁੰਦੇ ਹਨ।

(੬) ਪੰਡਿਤ ਨਿਹਾਲ ਸਿੰਘ ਜੀ ਥੋਹਾਖਾਲਸਾ ਵਾਲੇ ਸੰਸਕ੍ਰਿਤ ਦੇ ਧੁਰੰਧਰ ਪੰਡਿਤ ਸਨ ਜੋ ਰਾਗ ਵਿਚ ਵੀ ਕਮਾਲ ਦੀ ਯੋਗਤਾ ਰਖਦੇ ਸਨ। ਤਬਲਾ ਵਜਾਉਣ ਵਿਚ ਆਪ ਜੀ ਦਾ ਕੋਈ ਸਾਨੀ ਨਹੀਂ ਸੀ। ਤਬਲੇ ਉਤੇ ਆਪ ਜੀ ਦੀਆਂ ਉਂਗਲਾਂ ਇਸ ਤਰ੍ਹਾਂ ਨਾਚ ਨਚਦੀਆਂ ਸਨ ਜਿਵੇਂ ਕੋਈ ਬਿਜਲੀ ਦਾ ਯੰਤਰ ਹੋਵੇ। ਆਪ ਜੀ ਦੇ ਗੰਧਰਵ ਸਾਥੀ ਸੰਤ ਗੁਰਮੁਖ ਸਿੰਘ ਜੀ ਜਦੋਂ ਸਰੰਦੇ ਤੇ ਗਜ਼ ਫੇਰਦੇ, ਆਪ ਜੀ ਦੀਆਂ ਉਂਗਲਾਂ ਵੀ ਨ੍ਰਿਤ ਕਰਨ ਲਗਦੀਆਂ। ਸੰਤ ਗੁਰਮੁਖ ਸਿੰਘ ਜੀ ਤਾਨਾਂ ਤੇ ਪਲਟਿਆਂ ਵਿਚ ਆਪ ਜੀ ਦਾ ਸਾਥ ਨਿਭਾਉਂਦੇ ਸਨ। ਕੀਰਤਨ ਦੀ ਧੂਨੀ ਵਿਚ ਕੋਈ ਫਰਕ ਨਹੀ ਸੀ ਪੈਣ ਦਿੰਦੇ। ਇਨ੍ਹਾਂ ਬੇ-ਖੁਦ ਹੋਕੇ ਤਬਲਾ ਵਜਾਉਂਦੇ ਸਨ ਕਿ ਕਈ ਵਾਰ ਆਪ ਜੀ ਦੀਆਂ ਉਂਗਲਾਂ ਦੇ ਪੋਟਿਆਂ ਵਿਚ ਲਹੂ ਸਿੰਮ ਆਉਂਦਾ ਸੀ। ਆਪ ਜੀ ਦੇ ਗੁਣ ਦੀ ਚਰਚਾ ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾਪਤੀ ਤਕ ਵੀ ਪੁਜੀ। ਆਪ ਜੀ ਨੂੰ ਉਚੇਚੇ ਬੁਲਾਕੇ ਮਹਾਰਾਜੇ ਨੇ ਕੀਰਤਨ ਸ਼ਰਵਨ ਕੀਤਾ। ਆਪ ਨਿਰਮਲ ਭੇਖ ਦੇ ਕੋਹਿਨੂਰ ਹੀਰੇ ਸਨ।

ਸ੍ਰੀਮਾਨ ਸੰਤ ਬਾਬਾ ਬਲਵੰਤ ਸਿੰਘ ਜੀ ਸਿੱਧਸਰ ਸਿਹੋੜੇ ਵਾਲੇ ਕੀਰਤਨ ਦੇ ਧਨੀ, ਨਾਮ ਬਾਣੀ ਦੇ ਰਸੀਏ, ਜਪ-ਤਪ, ਤੇਜ-ਪ੍ਰਤਾਪ ਵਾਲੇ ਮਹਾਨ ਸਮਦਰਸੀ ਪਵਿਤ੍ਰ ਆਤਮਾ ਹਨ। ਆਪ ਜੀ ਦੀ ਕਥਾ ਵਿਆਖਿਆਨ ਅਤੇ ਕੀਰਤਨ ਨਾਮ ਦੇ ਪ੍ਰਭਾਵ ਕਾਰਣ ਸਰਬ ਸਾਧਾਰਣ ਤੇ ਉਲੇਖਨੀਯ ਅਸਰ ਕਰਦਾ ਹੈ। ਆਪ ਜੀ ਦੇ ਦਰਸ਼ਨ ਉਪਦੇਸ਼ ਨਾਲ ਅਨੇਕ ਵਿਅਕਤੀ ਗੁਰੂ ਨਾਨਕ ਦੇਵ ਜੀ ਦੇ ਘਰ ਤੇ ਬਾਣੀ ਨਾਲ ਜੁੜ ਕੇ ਮੁਕਤਿ ਭੁਗਤਿ ਦੇ ਅਧਿਕਾਰੀ ਬਣ ਰਹੇ ਹਨ। ਅਜਿਹੇ ਸੈਂਕੜੇ ਹੀਰੇ ਨਿਰਮਲ ਪੰਥ ਵਿਚੋਂ ਪ੍ਰਗਟ ਹੋਏ ਹਨ। ਵਿਸਤਾਰ-ਭੈ ਦੇ ਕਾਰਣ ਅਸੀਂ ਉਨ੍ਹਾਂ ਮਹਾਨ ਮਹਾਂਪੁਰਖਾਂ ਦਾ ਕੇਵਲ ਨਾਮ ਲਿਖਕੇ ਹੀ ਸੰਤੋਖ ਕਰਦੇ ਹਾਂ :

ਪੰਡਿਤ ਹਰਨਾਮ ਸਿੰਘ ਜੀ ਲਾਹੌਰ ਵਾਲੇ, ਪੰਡਿਤ ਗੰਗਾ ਸਿੰਘ ਜੀ ਪ੍ਰਸਿਧ ਕਥਾਵਾਚਕ ਸਰੰਦਾ ਤਾਊਸ ਦੇ ਗਿਆਤਾ, ਮਹੰਤ ਗੁਰਦਿੱਤ ਸਿੰਘ ਜੀ ਡੇਰਾ ਪਿੰਡ ਭੂੰਦੜ, ਮਹੰਤ ਚੰਦਾ ਸਿੰਘ ਜੀ ਡੇਰਾ ਮਜੀਠਾ, ਮਹੰਤ ਗੰਡਾ ਸਿੰਘ ਜੀ ਡੇਰਾ ਮਜੀਠਾ, ਮਹੰਤ ਹਰਨਾਮ ਸਿੰਘ ਜੀ ਲਾਇਲਪੁਰ ਵਾਲੇ, ਸੰਤ ਨਾਰਾਇਣ ਸਿੰਘ ਲਾਹੌਰ ਸਤਾਰ ਵਾਇਲਨ, ਸੰਤ ਫਤਹ ਸਿੰਘ ਜੀ ਰਾਗੀ ਡੇਰਾ ਬੇਰੀਆਂ ਵਾਲਾ, ਪੰਡਿਤ ਈਸ਼ਰ ਸਿੰਘ ਜੀ 'ਕਲਯੁਗ' ਸਤਾਰ ਦੇ ਵਿਸ਼ੇਸ਼ਗਯ, ਮਹੰਤ ਕਰਤਾਰ ਸਿੰਘ ਜੀ ਡੇਰਾ ਪਠਲਾਵਾ, ਸੰਤ ਸਰਵਨ ਸਿੰਘ ਮੁਸਾਫ਼ਰ ਸੰਧਰਵ ਰਾਗੀ ਪਿੰਡ ਡਮੇਲੀ, ਪੰਡਿਤ ਚੇਤਨ ਸਿੰਘ ਜੀ ਸਤਾਰਵਾਦਕ ਪਿੰਡ ਰਸੂਲਪੁਰ ਜ਼ਿਲਾ ਲੁਧਿਆਣਾ, ਸੰਤ ਅਮਰ ਸਿੰਘ ਜੀ ਹਾਰਮੋਨੀਅਮ। ਵਾਇਲਣ ਦੇ ਗਿਆਤਾ ਸਹਾਰਨਪੁਰ, ਸੰਤ ਪਿਆਰਾ ਸਿੰਘ ਜੀ ਸੰਗੀਤਸ਼ਾਸਤ੍ਰੀ ਨਾਸਿਕ, ਸੰਤ ਮਿੱਠਾ ਸਿੰਘ ਜੀ ਬੁੰਗਾ ਮਸਤੂਆਣਾ ਤਲਵੰਡੀ ਸਾਬੋ, ਸੰਤ ਪ੍ਰੀਤਮ ਸਿੰਘ ਜੀ ਸੈਕਟਰੀ ਬੁੰਗਾ ਮਸਤੂਆਣਾ, ਸੰਤ ਜੰਗ ਸਿੰਘ ਜੀ ਰਾਗੀ ਬੁੰਗਾ ਮਸਤੂਆਣਾ ਤਲਵੰਡੀ ਸਾਬੋ, ਪੱਕੇ ਰਾਗਾਂ ਦੇ ਵਿਸ਼ੇਸ਼ਗਯ ਸੰਤ ਪ੍ਰੀਤਮ ਸਿੰਘ ਜੀ ਡਮੇਲੀ, ਸੰਤ ਸੇਵਾ ਸਿੰਘ ਜੀ ਤਾਊਸ ਦੇ ਮਾਹਿਰ ਪਿੰਡ ਗੁਰੂਸਰ ਜ਼ਿਲਾ ਫਰੀਦਕੋਟ, ਕੀਰਤਨ ਦੇ ਧਨੀ ਸੰਤ ਬਾਬਾ ਜਸਦੇਵ ਸਿੰਘ ਜੀ ਲੋਹਟਬੱਦੀ ਵਾਲੇ, ਕੀਰਤਨ ਦੀ ਅੰਮ੍ਰਿਤ ਵਰਖਾ ਕਰਨ ਵਾਲੇ ਸੰਤ ਭਾਈ ਸੰਤੋਖ ਸਿੰਘ ਜੀ ਫਲਾਹੀ ਸਾਹਿਬ ਪਿੰਡ ਦਲੇਅ ਵਾਲੇ, ਸੰਤ ਬਾਬਾ ਸੁੱਚਾ ਸਿੰਘ ਜੀ ਹਰੀ ਦਰਬਾਰ ਕੀਰਤਨ ਵਿਦਿਆਲਯ ਅਟਾਰੀ ਦਵਾਰਾ ਜੋ ਬੱਚਿਆਂ ਨੂੰ ਰਾਗ ਵਿਦਿਆ ਸਿਖਾ ਰਹੇ ਹਨ। ਰਾਗ ਦੇ ਧਨੀ ਗੰਧਰਬ ਰਾਗੀ ਸੰਤ ਸਤਿਨਾਮ ਸਿੰਘ ਜੀ ਕਿਸ਼ਨਗੜ੍ਹ, ਮਹੰਤ ਦਵਿੰਦਰ ਸਿੰਘ ਪੀਲੀ ਕੋਠੀ ਇਲਾਹਾਬਾਦ। ਸੰਤ ਹਰਨਾਮ ਸਿੰਘ ਜੀ ਨਾਨਕਸਰ ਮਹਲਕਲ੍ਹਾਂ ਵਾਲੇ ਵੀ ਵਿਦਿਆਰਥੀਆਂ ਨੂੰ ਰਾਗ ਵਿਦਿਆ ਸਿਖਾ ਰਹੇ ਹਨ।

## ਮੰਡਲੀਆਂ

ਨਿਰਮਲ ਭੇਖ ਦੇ ਮਹਾਂਪੁਰਖਾਂ ਨੇ ਵਿਦਿਆ, ਗੁਰਬਾਣੀ, ਧਰਮ ਪ੍ਰਚਾਰ ਦੇ ਵਾਸਤੇ ਮੰਡਲੀਆਂ ਦਾ ਨਿਰਮਾਣ ਕੀਤਾ ਜੋ ਉੱਚ ਜੀਵਨ, ਤਪ-ਤੇਜ ਵਾਲੇ ਤਿਆਗੀ/ਵੀਤਰਾਗ/ਵਿਦਵਾਨ ਮਹਾਂਪੁਰਖਾਂ ਦਾ ਚਲਦਾ ਫਿਰਦਾ ਵਹੀਰ (ਧਰਮ ਪ੍ਰਚਾਰਕ ਜੱਥਾ) ਹੁੰਦਾ ਹੈ। ਇਸ ਵਿਚ ਸ਼ਾਮਲ ਮਹਾਂਪੁਰਖ ਸ਼ੀਤ-ਊਸ਼ਣ ਸਹਿੰਦੇ ਹੋਏ, ਜ਼ਮੀਨ ਉਤੇ ਸੌਂਦੇ ਹਨ। ਉਦਰ ਪੂਰਤੀ ਭਿਖਿਆ ਦੁਆਰਾ ਕਰਦੇ ਹਨ। ਆਪ ਤਤਿਖਸ਼ਾ ਸਹਿਕੇ ਮਨੁੱਖਤਾ ਤੇ ਉਪਕਾਰ ਕਰਦੇ ਹਨ। ਇਹ ਮੰਡਲੀਆਂ ਪਦ-ਯਾਤ੍ਰਾ ਦੁਆਰਾ ਪਿੰਡਾਂ, ਸ਼ਹਿਰਾਂ ਵਿਚ ਧਰਮ ਪ੍ਰਚਾਰ ਕਰਦੀਆਂ ਹਨ। ਜਨ ਸਾਧਾਰਣ ਨੂੰ ਗੁਰੂਘਰ, ਨਾਮ-ਬਾਣੀ ਨਾਲ ਜੋੜਦੀਆਂ ਹਨ। ਕਥਾ ਕੀਰਤਨ ਦੁਆਰਾ ਸਦ-ਮਾਰਗ ਪਾਉਂਦੀਆਂ ਹਨ। ਮੰਡਲੀ ਵਿਚ ਰਹਿਣ ਵਾਲੇ ਵਾਸਤੇ ਵਿਦਿਆ ਪੜ੍ਹਨੀ ਜ਼ਰੂਰੀ ਹੈ। ਮੰਡਲੀਆਂ ਵਿਚ ਬੜੇ-ਬੜੇ ਵਿਦਵਾਨ ਮਹਾਂਪੁਰਖ ਰਿਹਾ ਕਰਦੇ ਹਨ, ਜੋ ਤਿੰਨ ਜਾਂ ਚਾਰ ਵਜੇ ਸਵੇਰੇ ਉਠਕੇ ਸੌਚ ਸ਼ਨਾਨ ਕਰਕੇ ਨਿਤਨੇਮ ਤੋਂ ਉਪ੍ਰੰਤ ਪਿਛਲਾ ਪਾਠ ਪੜ੍ਹਨ ਤੋਂ ਬਾਅਦ ਨਵੀਂ ਸੰਥਯਾ ਯਾਦ ਕਰਦੇ ਹਨ। ਇਸ ਤਰ੍ਹਾਂ ਮੰਡਲੀਆਂ ਵਿਚ ਵਿਦਵਾਨ ਬਣਦੇ ਰਹਿੰਦੇ ਹਨ।

ਮੰਡਲੀਆਂ ਸਾਰੇ ਭਾਰਤ ਦਾ ਵੀ ਭ੍ਰਮਣ ਕਰਦੀਆਂ ਹਨ ਜਿਸ ਨਾਲ ਵਖ-ਵਖ ਪ੍ਰਾਂਤਾਂ ਦੇ ਸਭਿਆਚਾਰ, ਸੰਸਕ੍ਰਿਤੀ, ਭਾਸ਼ਾ ਦਾ ਪਤਾ ਲਗਦਾ ਹੈ। ਤੀਰਥ ਯਾਤ੍ਰਾ ਤੇ ਖੋਜ ਵੀ ਹੁੰਦੀ ਰਹਿੰਦੀ ਹੈ। ਮੰਡਲੀ ਦੇ ਮੁਖੀ ਨੂੰ 'ਮੰਡਲੇਸ਼੍ਵਰ' ਜਾਂ 'ਮਹਾਂਮੰਡਲੇਸ਼੍ਵਰ' ਕਿਹਾ ਜਾਂਦਾ ਹੈ।

ਬਹੁਤ ਸਾਰੇ ਨਿਰਮਲੇ ਮਹਾਂਪੁਰਖ ਸ੍ਵਾਮੀ ਜਵਾਲਾਦਾਸ ਜੀ ਦਾਦਾਂ ਵਾਲਿਆਂ ਦੀ ਮੰਡਲੀ ਵਿਚ ਰਹਿਕੇ ਪੜ੍ਹੇ ਸਨ। ਪੰਡਿਤ ਫੌਜਾ ਸਿੰਘ ਜੀ ਦੀ ਮੰਡਲੀ ਪ੍ਰਾਚੀਨ ਸੀ। ਇਸ ਤੋਂ ਬਿਨਾਂ ਪੰਡਿਤ ਕਾਲਾ ਸਿੰਘ ਜੀ, ਪੰਡਿਤ ਹਰੀ ਸਿੰਘ ਜੀ ਕਥਾਵਾਲੇ, ਪੰਡਿਤ ਨਾਰਾਇਣ ਸਿੰਘ ਜੀ ਵਿਰਕਤ ਕੁਟੀਆ ਕਨਖਲ, ਪੰਡਿਤ ਬਾਬਾ ਪ੍ਰੇਮ ਸਿੰਘ ਜੀ ਝਾੜੀ ਰਿਸੀਕੇਸ਼ ਵਾਲੇ, ਪੰਡਿਤ ਈਸ਼ਰ ਸਿੰਘ ਜੀ ਦੌਧਰ ਵਾਲੇ, ਪੰਡਿਤ ਦੇਵਾ ਸਿੰਘ ਜੀ ਦੇਵਪੁਰਾ ਹਰਿਦ੍ਵਾਰ ਵਾਲੇ, ਪੰਡਿਤ ਸ਼ਮੀਰ ਸਿੰਘ ਜੀ ਬਲੌਂਗੀਵਾਲੇ, ਪੰਡਿਤ ਗੁਰਬਖਸ਼ ਸਿੰਘ ਜੀ ਨਾਗੋਕੇ ਦੀਆਂ ਮੰਡਲੀਆਂ ਪ੍ਰਸਿਧ ਰਹੀਆਂ ਹਨ।

ਪੰਜਾਬ ਦੀਆਂ ਸਿੱਖ ਸੰਗਤਾਂ ਵਿਚ ਸੰਤ ਸੁੰਦਰ ਸਿੰਘ ਜੀ ਭਿੰਡਰਾਂਵਾਲੇ ਤਥਾ ਸੰਤ ਗੁਰਬਚਨ ਸਿੰਘ ਜੀ ਖਾਲਸਾ ਦੀਆਂ ਮੰਡਲੀਆਂ ਪ੍ਰਸਿਧ ਹਨ। ਇਨ੍ਹਾਂ ਮੰਡਲੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਧ ਪਾਠੀ ਅਤੇ ਗਿਆਨੀ ਪੈਦਾ ਕੀਤੇ ਹਨ ਜੋ ਦੇਸ਼ ਦੇ ਕੋਨੇ-ਕੋਨੇ ਵਿਚ ਗੁਰਮਤਿ ਪ੍ਰਚਾਰ ਕਰ ਰਹੇ ਹਨ। ਹੇਠ ਲਿਖੀਆਂ ਮੰਡਲੀਆਂ ਅਤਿਅੰਤ ਪ੍ਰਸਿਧ ਰਹੀਆਂ ਹਨ, ਜਿਨ੍ਹਾਂ ਨੇ ਧਰਮ ਪ੍ਰਚਾਰ ਅਤੇ ਵਿਦਿਆ ਪ੍ਰਚਾਰ ਵਿਚ ਅਕਥਨੀਯ ਯੋਗਦਾਨ ਪਾਇਆ ਹੈ।

ਪੰਡਿਤ ਆਨੰਦ ਸਿੰਘ ਜੀ ਮੰਡਲੀ ਵਾਲੇ (ਡੇਰਾ ਬਾਬਾ ਮਿਸ਼ਰਾ ਸਿੰਘ ਜੀ ਅੰਮ੍ਰਿਤਸਰ), ਪੰਡਿਤ ਮਿਹਰ ਸਿੰਘ ਜੀ ਵਿਰਕਤ ਜਗਰਾਉਂ ਵਾਲੇ, ਪੰਡਿਤ ਪ੍ਰੀਤਮ ਸਿੰਘ ਜੀ ਭਜਨਗੜ੍ਹ ਵਾਲੇ, ਪੰਡਿਤ ਜਵਾਹਰ ਸਿੰਘ ਜੀ ਸਕਰੁਲਾਪੁਰ ਵਾਲੇ, ਪੰਡਿਤ ਭਾਨ ਸਿੰਘ ਜੀ ਨਯਾਯ ਮਾਰਤੰਡ ਕੋਕਰੀ ਵਾਲੇ, ਪੰਡਿਤ ਈਸ਼ਰ ਸਿੰਘ ਜੀ ਵਿਆਕਰਣੀ, ਪੰਡਿਤ ਅਤਰ ਸਿੰਘ ਜੀ ਫਤਿਹਾਬਾਦ, ਪੰਡਿਤ ਗੁਰਮੁਖ ਸਿੰਘ ਜੀ ਬਲੌਂਗੀ ਵਾਲੇ, ਪੰਡਿਤ ਚੰਦਾ ਸਿੰਘ ਜੀ ਵਿਰਕਤ, ਪੰਡਿਤ ਸ਼ਯਾਮ ਸਿੰਘ ਜੀ, ਗਿਆਨੀ ਨਾਰਾਇਣ ਸਿੰਘ ਜੀ, ਸੰਤ ਬਾਬਾ ਮਲੂਕ ਸਿੰਘ ਜੀ ਗੋਦੜੀ ਵਾਲੇ, ਸ੍ਵਾਮੀ ਦਲੇਲ ਸਿੰਘ ਜੀ ਸ਼ਾਹਆਬਾਦ ਵਾਲੇ, ਪੰਡਿਤ ਚੰਦਾ ਸਿੰਘ ਜੀ ਵਿਰਕਤ, ਸ੍ਵਾਮੀ ਹਜ਼ਾਰਾ ਸਿੰਘ ਜੀ 'ਬ੍ਰਹਮਦਰਸ਼ੀ' ਹਾਂਡੀ ਵਾਲੇ, ਸ੍ਰੀ ਮਹੰਤ ਸ੍ਵਾਮੀ ਗਿਆਨਦੇਵ ਸਿੰਘ ਜੀ ਸ਼ਾਸਤ੍ਰੀ/ਵੇਦਾਂਤਾਚਾਰਯ ਆਦਿਕ ਪ੍ਰਸਿਧ ਹਨ।

**ਸ਼ਾਸ਼ਤ੍ਰਾਰਥ**

ਨਿਰਮਲ ਪੰਥ ਨੂੰ ਵਿਦਿਆ ਦਾ ਵਰਦਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਖਸ਼ਿਆ ਹੈ। ਇਸ ਕਰਕੇ ਨਿਰਮਲੇ ਮਹਾਂਪੁਰਖ ਸੰਸਕ੍ਰਿਤ ਅਤੇ ਗੁਰਬਾਣੀ ਦੇ ਮਹਾਨ ਵਿਦਵਾਨ ਹੁੰਦੇ ਹਨ। ਧਰਮ, ਕਰਮਕਾਂਡ, ਰਾਜ ਨੀਤੀ, ਸਾਹਿਤਯ, ਕਾਵਯ, ਵੇਦਾਂਤ, ਨਯਾਯ ਆਦਿਕ ਸਰਵ ਵਿਦਿਆ ਵਿਚ ਪ੍ਰਬੀਨ ਹੁੰਦੇ ਹਨ। ਇਸ ਵਾਸਤੇ ਜੇਕਰ ਕਿਸੇ ਵਿਪਕਸ਼ੀ ਨੇ ਸ਼ਾਸਤ੍ਰਾਰਥ ਕੀਤਾ ਤਾਂ ਵਿਜੈ ਦਾ ਸਿਹਰਾ ਨਿਰਮਲੇ ਸੰਤਾਂ ਦੇ ਸਿਰ ਤੇ ਹੀ ਬਝਿਆ। ਕਈ ਸ਼ਾਸਤ੍ਰਾਰਥ ਇਤਿਹਾਸ ਪ੍ਰਸਿਧ ਹਨ।

(੧) ਇਕ ਵਾਰ ਕਾਸ਼ੀ ਜੀ ਵਿਚ ਦਿਗਯਵਿਜਈ ਵਿਦਵਾਨ ਪੰਡਿਤ ਆਇਆ। ਕਾਸ਼ੀ ਨੂੰ ਸ਼ਾਸਤ੍ਰਾਰਥ ਲਈ ਵੰਗਾਰਿਆ। ਕਾਸ਼ੀ ਦੇ ਸਮੂੰਹ ਵਿਦਵਾਨ ਇਕੱਠੇ ਹੋਏ। ਵਿਚਾਰ ਵਿਮਰਸ਼ ਕੀਤਾ ਗਿਆ ਕਿ ਆਏ ਹੋਏ ਪੰਡਿਤ ਨਾਲ ਕੌਣ ਸ਼ਾਸਤ੍ਰਾਰਥ ਕਰੇ ? ਹਰ ਇਕ ਵਿਦਵਾਨ ਸ਼ਾਸਤ੍ਰਾਰਥ ਕਰਨ ਤੋਂ ਸੰਕੋਚ ਕਰ ਰਿਹਾ ਸੀ। ਇਸ

ਸਮੇਂ ਸ੍ਰੀਮਾਨ ਪੰਡਿਤ ਸੱਦਾ ਸਿੰਘ ਜੀ ਉਠੇ ਅਤੇ ਕਿਹਾ, 'ਆਏ ਹੋਏ ਪੰਡਿਤ ਨੂੰ ਕਹੋ, ਸ਼ਾਸਤ੍ਰਾਰਥ ਮੈਂ ਕਰਾਂਗਾ।' ਸਮੇ ਅਨੁਸਾਰ ਸ਼ਾਸ਼ਤ੍ਰਾਰਥ ਆਰੰਭ ਹੋਇਆ। ਆਪਣੇ ਪੱਖ ਨੂੰ ਸਿੱਧ ਕਰਨ ਵਾਸਤੇ ਪ੍ਰਮਾਣ/ਦ੍ਰਿਸ਼ਟਾਂਤ ਚਲਦੇ ਰਹੇ। ਅੰਤ ਆਇਆ ਹੋਇਆ ਦਿਗਜਵਿਜਈ ਪੰਡਿਤ ਨਿਰੁਤਰ ਹੋ ਗਿਆ। ਵਿਜੈ ਪੰਡਿਤ ਸੱਦਾ ਸਿੰਘ ਜੀ ਦੀ ਹੋਈ। ਕਾਸ਼ੀ ਵਿਚ ਪ੍ਰਸੰਨਤਾ ਦੀ ਲਹਿਰ ਦੌੜ ਗਈ।

ਦੂਸਰੇ ਦਿਨ ਫਿਰ ਕਾਸ਼ੀ ਦੇ ਸਮੂਹ ਪੰਡਿਤ ਇਕੱਤਰ ਹੋਏ। ਇਕ ਵਿਸ਼ੇਸ਼ ਸਮਾਗਮ ਕੀਤਾ ਗਿਆ ਜਿਸ ਵਿਚ ਪੰਡਿਤ ਸੱਦਾ ਸਿੰਘ ਜੀ ਦੀ ਭਰਪੂਰ ਉਸਤਤੀ ਕੀਤੀ ਗਈ। ਕਿਹਾ ਗਿਆ ਕਿ ਆਪ ਜੀ ਨੇ ਕਾਸ਼ੀ ਦਾ ਸਨਮਾਨ ਰੱਖ ਲਿਆ। ਇਸ ਵਾਸਤੇ ਕਾਸ਼ੀ ਦੇ ਸਮੂਹ ਵਰਗਾਂ ਦੇ ਵਿਦਵਾਨ ਇਕੱਤਰ ਹੋ ਕੇ ਆਪ ਜੀ ਨੂੰ ਸਤਿਕਾਰਯੋਗ ਉਪਾਧੀ (ਖਤਾਬ) ਨਾਲ ਵਿਭੂਸ਼ਤ ਕਰਨਾ ਚਾਹੁੰਦੇ ਹਨ। ਆਪ ਜੀ ਨੂੰ ਪ੍ਰਾਰਥਨਾ ਕੀਤੀ ਗਈ ਕਿ, 'ਕੀ ਤੁਸੀਂ ਆਪ ਵੀ ਦਸ ਸਕਦੇ ਹੋ ? ਕਿਸ ਉਪਾਧੀ ਨਾਲ ਆਪ ਜੀ ਨੂੰ ਸਨਮਾਨਿਆ ਜਾਵੇ ? 'ਪੰਡਿਤ ਸੱਦਾ ਸਿੰਘ ਜੀ ਨੇ ਖੜ੍ਹੇ ਹੋਕੇ ਨਿਮ੍ਰਤਾ ਸਹਿਤ ਬੇਨਤੀ ਕੀਤੀ ਕਿ, 'ਜੇ ਆਪ ਜੀ ਪ੍ਰਸੰਨ ਹੋ ਤਾਂ ਮੈਨੂੰ ਕੇਵਲ 'ਦੰਡੀ' ਦਾ ਹੀ ਸਨਮਾਨ (ਖਤਾਬ) ਦਿਤਾ ਜਾਵੇ।' ਸੋ ਆਪ ਜੀ ਨੂੰ ਇਹ ਖਤਾਬ ਦਿਤਾ ਗਿਆ। ਪੰਡਿਤ ਸੱਦਾ ਸਿੰਘ ਜੀ 'ਦੰਡੀ' ਕਾਸ਼ੀ ਦੇ ਮਹਾਨ ਪੰਡਿਤ ਹੋਏ ਹਨ। ਆਪ ਜੀ ਨੇ ੧੭੬੫ ਈ: ਵਿਚ ਵੇਦਾਂਤ ਦੇ ਪ੍ਰਸਿਧ ਗ੍ਰੰਥ 'ਅਦ੍ਵੈਤਸਿਧੀ' ਦਾ 'ਸੁਗਮਸਾਰ ਚੰਦ੍ਰਕਾ' ਟੀਕਾ ਕੀਤਾ ਹੈ ਜਿਸ ਨੂੰ ਵਿਦਵਾਨ ਪੜ੍ਹਕੇ ਲਾਭ ਉਠਾਉਂਦੇ ਹਨ।

(੨) ਇਕ ਵਾਰ ਦਇਆਨੰਦ ਆਰੀਆ ਸਮਾਜੀ ਨੇ ਅੰਮ੍ਰਿਤਸਰ ਵਿਚ ਆਕੇ ਬੜੇ ਹੰਕਾਰ ਨਾਲ ਘੋਸ਼ਣਾ ਕੀਤੀ ਕਿ 'ਖਾਲਸਾ' ਸ਼ਬਦ ਦਾ ਕੋਈ ਵੀ ਯਥਾਰਥ ਅਰਥ ਨਹੀਂ ਹੈ। ਜੇ ਕੋਈ ਸਿੱਖ ਅਰਥ/ਵਿਆਖਿਆ ਕਰ ਦੇਵੇ ਤਾਂ, ਮੈਂ ਕੱਲ੍ਹ ਨੂੰ ਇਸੇ ਥਾਂ ਉਸ ਨਾਲ ਵਿਚਾਰ ਕਰਨ ਵਾਸਤੇ ਤਿਆਰ ਹਾਂ। ਨਾਲ ਹੀ ਹੰਕਾਰ ਨਾਲ ਕਿਹਾ, 'ਪਰ ਮੈਨੂੰ ਵਿਸ਼੍ਵਾਸ ਹੈ ਕਿ ਕਿਸੇ ਨੇ ਅਰਥ ਕਰਨ ਵਾਸਤੇ ਆਉਣਾ ਨਹੀਂ ਹੈ।'

ਇਸ ਇਕੱਠ ਵਿਚ ਪੰਡਿਤ ਠਾਕਰ ਨਿਹਾਲ ਸਿੰਘ ਜੀ ਥੋਹਾਖਾਲਸਾ ਵਾਲੇ ਵੀ ਬੈਠੇ ਸਨ। ਉਨ੍ਹਾਂ ਨੇ ਸੁਣਕੇ ਵਿਚਾਰ ਕੀਤਾ ਕਿ ਦਇਆਨੰਦ ਦਾ ਗਰਬ (ਹੰਕਾਰ) ਤੋੜਨਾ ਚਾਹੀਦਾ ਹੈ। ਇਹ ਪੂਰੇ ਸਿੱਖ ਪੰਥ ਨੂੰ ਵੰਗਾਰ ਰਿਹਾ ਹੈ। ਆਪ ਜੀ ਨੇ 'ਖਾਲਸਾ' ਸ਼ਬਦ ਦੀ ਵਿਆਖਿਆ, ਅਰਥ, ਮਹਾਨਤਾ, ਉਪਮਾ ਵਰਣਨ ਕਰਕੇ ਇਕ ਰਾਤ ਵਿਚ ਸੰਸਕ੍ਰਿਤ ਦੇ ਸੌ ਸਲੋਕਾਂ ਵਿਚ 'ਖਾਲਸਾ ਸ਼ਤਕ' ਗ੍ਰੰਥ ਲਿਖ ਦਿਤਾ।

ਪੰਡਿਤ ਜੀ ਨਿਯਤ ਸਮੇਂ ਤੇ ਦਇਆਨੰਦ ਦੇ ਇਕੱਠ ਵਿਚ ਪੁਜ ਗਏ ਅਤੇ ਕਿਹਾ ਕਿ, 'ਮੈਂ ਤੁਹਾਡੇ ਕਹਿਣ ਅਨੁਸਾਰ 'ਖਾਲਸਾ' ਸ਼ਬਦ ਦੀ ਵਿਆਖਿਆ ਕਰਨ ਲਈ ਆਇਆ ਹਾਂ।'

ਦਇਆਨੰਦ ਨੇ ਸੋਚਿਆ ਕਿ ਇਹ ਸੰਤ ਪੰਜਾਬੀ ਬੋਲੀ ਵਿਚ ਇਕ ਦੋ ਗੱਲਾਂ ਕਹੇਗਾ; ਮੈਂ ਇਕ ਗੱਲ ਨਾਲ ਇਸ ਨੂੰ ਨਿਰੁਤਰ ਕਰ ਦੇਵਾਂਗਾ। ਇਹ ਸੋਚਕੇ ਦਇਆਨੰਦ ਵਿਅੰਗ ਨਾਲ ਬੋਲਿਆ, 'ਹਾਂ ! ਦਸੋ ਖਾਲਸੇ ਦਾ ਕੀ ਅਰਥ ਹੈ ?'

ਬਸ ! ਫਿਰ ਕੀ ਸੀ ਪੰਡਿਤ ਜੀ ਨੇ 'ਖਾਲਸਾ ਸ਼ਤਕ' ਬੋਲਣਾ ਆਰੰਭ ਕਰ ਦਿਤਾ। ਧਾਰਾਵਾਹਕ ਸੰਸਕ੍ਰਿਤ ਵਿਚ ਖਾਲਸੇ ਦੀ ਵਿਆਖਿਆ ਹੋ ਰਹੀ ਸੀ। ਦਇਆਨੰਦ ਸੰਸਕ੍ਰਿਤ ਵਿਚ ਖਾਲਸਾ ਸ਼ਬਦ ਦੀ ਵਿਉਤਪਤੀ, ਪ੍ਰਮਾਣ/ਦ੍ਰਿਸ਼ਟਾਂਤ, ਉਪਮਾਂ, ਮਹਿਮਾ ਸੁਣਕੇ ਪੰਡਿਤ ਨਿਹਾਲ ਸਿੰਘ ਜੀ ਦੇ ਚਰਨਾਂ ਵਿਚ ਹੱਥ ਜੋੜਕੇ ਨਤਸਿਰ ਹੋ ਗਿਆ। ਪੰਡਿਤ ਨਿਹਾਲ ਸਿੰਘ ਜੀ ਦੀ ਜੈ-ਜੈ ਕਾਰ ਹੋ ਰਹੀ ਸੀ।

ਦਇਆਨੰਦ ਸ਼ਰਮਿੰਦਾ ਹੋਇਆ ਕਹਿ ਰਿਹਾ ਸੀ, 'ਮੈਨੂੰ ਪਤਾ ਨਹੀਂ ਸੀ ਕਿ ਸਿੱਖਾਂ ਵਿਚ ਵੀ ਸੰਸਕ੍ਰਿਤ ਦੇ

ਪੰਡਿਤ ਹੁੰਦੇ ਹਨ।'

ਪੰਡਿਤ ਨਿਹਾਲ ਸਿੰਘ ਜੀ ਨੇ ਦਇਆਨੰਦ ਦਾ ਗਰਬ (ਹੰਕਾਰ) ਤੋੜਕੇ ਵਿਜੈ ਪ੍ਰਾਪਤ ਕੀਤੀ। ਇਸ ਤਰ੍ਹਾਂ ਸ਼ਾਸਤ੍ਰਾਰਥ ਦੁਆਰਾ 'ਖਾਲਸਾ ਸ਼ਤਕ' ਗ੍ਰੰਥ ਹੋਂਦ ਵਿਚ ਆਇਆ ਹੈ।

(੩) ਪੰਡਿਤ ਈਸ਼ਵਰ ਸਿੰਘ ਜੀ 'ਕਲਿਯੁਗ' ਸ਼ਾਸਤ੍ਰਾਰਥ ਕਰਨ ਵਿਚ ਬੜੀ ਪ੍ਰਸਿੱਧਤਾ ਰਖਦੇ ਸਨ। ਆਪ ਜੀ ਦੀ ਸ਼ਾਸਤ੍ਰਾਰਥ ਕਰਨ ਦੀ ਸ਼ਕਤੀ, ਬਲ-ਬੁਧੀ, ਅਪੂਰਵ ਸੀ। ਹਾਜ਼ਿਰ ਜਵਾਬੀ ਕਮਾਲ ਦੀ ਸੀ। ਪ੍ਰਮਾਣ/ਦ੍ਰਿਸ਼ਟਾਂਤ ਅਕੱਟ ਹੁੰਦੇ ਸਨ। ਆਪ ਜੀ ਨਾਲ ਸ਼ਾਸਤ੍ਰਾਰਥ ਕਰਨ ਦਾ ਕੋਈ ਵੀ ਸਾਹਸ ਨਹੀਂ ਸੀ ਕਰ ਸਕਦਾ। ਖਟ ਦਰਸ਼ਨ ਸਾਧੂ ਸਮਾਜ ਦੇ ਵਿਦਵਾਨ ਆਪ ਜੀ ਦਾ ਨਾਮ ਸੁਣਕੇ ਕੰਬ ਉਠਦੇ ਸਨ। ਆਪ ਜੀ ਦੀ ਆਲੌਕਿਕ ਵਿਦਿਆ, ਦ੍ਰਿੜ੍ਹਤਾ, ਸ੍ਵੈਮਾਨ, ਸ੍ਵੈ ਆਤਮਬਲ ਅਤੇ ਸ਼ਾਸਤ੍ਰਾਰਥ ਕਰਨ ਦੀ ਨਿਰਭੈਤਾ ਵੇਖਕੇ ਵਿਪਕਸ਼ੀਆਂ ਨੇ ਆਪ ਜੀ ਨੂੰ 'ਕਲਿਯੁਗ' ਅਤੇ 'ਭਯੰਕਰਾਚਾਰਯ' ਦੀਆਂ ਉਪਾਧੀਆਂ ਦਿਤੀਆਂ ਹੋਈਆਂ ਸਨ। ਨਿਰਮਲ ਭੇਖ ਵਿਚ ਵੀ ਆਪ ਜੀ ਨੂੰ 'ਕਲਿਯੁਗ' ਦੇ ਉਧਾਰਕ ਕਹਿਕੇ ਸਨਮਾਨਿਆ ਜਾਂਦਾ ਹੈ। ਆਪ ਜੀ ਦੇ ਹੇਠ ਲਿਖੇ ਸ਼ਾਸਤ੍ਰਾਰਥ ਪ੍ਰਸਿਧ ਹਨ ਜਿਨ੍ਹਾਂ ਵਿਚ ਆਪ ਜੀ ਦੀ ਭਾਰੀ ਵਿਜੈ ਅਤੇ ਸਤਿਕਾਰ ਹੋਇਆ ਹੈ।

(੧) ਸੰਮਤ ੧੯੩੬ ਬਿ: (੧੮੭੯ ਈ:) ਨੂੰ ਕਾਸ਼ੀ ਵਿਚ ਖਟ ਦਰਸ਼ਨ ਸਾਧੂ ਸਮਾਜ ਨਾਲ ਤਿੰਨ ਦਿਨ। (੨) ਬੰਬਈ ਸ਼ਹਿਰ ਦੇਵੀ ਦੇ ਮੰਦਰਿ ਨੇੜੇ ਧਰਮਸ਼ਾਲਾ ਵਿਚ ਦੋ ਦਿਨ। (੩) ਤ੍ਰਿਯੰਬਕੇਸ਼੍ਵਰ ਕੁੰਭ ਪਰਵ ਤੇ ਤਿੰਨ ਦਿਨ। (੪) ਨਾਸਿਕ ਸ਼ਹਿਰ ਵਿਚ ਦੋ ਦਿਨ। (੫) ਦਰਭੰਗਾ ਰਿਆਸਤ ਵਿਚ ਇਕ ਦਿਨ। (੬) ਡੁਮਰਾ ਰਿਆਸਤ ਵਿਚ ਰਾਮਨੌਮੀ ਅਤੇ ਕ੍ਰਿਸ਼ਨ ਜਨਮਅਸ਼ਟਮੀ ਨੂੰ ਕਈ ਵਾਰ। (੭) ਰਿਆਸਤ ਸੂਰਜਪੁਰ ਅਤੇ ਬਖਰਾ ਵਿਚ ਵਿਜੈਦਸਮੀ ਸਮੇਂ। (੮) ਸੰਮਤ ੧੯੫੦ ਬਿ: (੧੮੯੩ ਈ:) ਨੂੰ ਰਿਆਸਤ ਮੰਡੀ ਵਿਚ ਸ਼ਾਸਤ੍ਰਾਰਥ ਕਰਕੇ ਵਿਜੈ ਪ੍ਰਾਪਤ ਕੀਤੀ।

ਇਸੀ ਤਰ੍ਹਾਂ ਨਾਭਾ, ਪਟਿਆਲਾ, ਜੀਂਦ ਦੇ ਸ਼ਾਸ਼ਤ੍ਰਾਰਥ ਪ੍ਰਸਿਧ ਹਨ ਜਿਨ੍ਹਾਂ ਵਿਚ ਸਦਾ ਹੀ ਵਿਜੈ ਪ੍ਰਾਪਤ ਕਰਦੇ ਰਹੇ ਸਨ।

(੪) 'ਮੋਰ ਧੁਜ' ਸ਼ਹਿਰ ਦੇ ਰਾਜੇ ਸੈਨਪਾਲ ਨਾਲ ਪ੍ਰਸਿਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਦਾ 'ਤਦਬੀਰ' ਅਤੇ 'ਤਕਦੀਰ' ਤੇ ਕਈ ਦਿਨ ਸ਼ਾਸਤ੍ਰਾਰਥ ਹੋਇਆ। ਅੰਤ ਵਿਜੈ ਗਿਆਨੀ ਜੀ ਦੀ ਹੋਈ। ਰਾਜਾ ਸੈਨਪਾਲ ਨੇ ਸਤਿਕਾਰ ਭਰੀ ਪੂਜਾ ਕਰਕੇ ਵਿਦਾਇਗੀ ਦਿਤੀ।

(੫) ਆਗਰੇ ਵਿਚ ਰਾਧਾ ਸੁਆਮੀ ਮੱਤ ਦੇ ਸੰਚਾਲਕ ਸ਼ਿਵਦਿਆਲ ਸਿੰਘ ਜੀ ਖੱਤ੍ਰੀ ਨਾਲ ਵੀ ਸ਼ਾਸਤ੍ਰਾਰਥ ਹੋਇਆ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਉੱਚਾ ਬੈਠਿਆ ਕਰਦਾ ਸੀ। ਹੁੱਕਾ ਪੀਂਦਾ ਸੀ। ਸੇਵਕਾਂ ਨੂੰ ਮੂੰਹ ਦੀ ਪੀਕ ਪਿਉਂਦਾ ਸੀ। ਗਿਆਨੀ ਜੀ ਨੇ ਅਜਿਹੇ ਕੁਕਰਮਾਂ ਤੋਂ ਰੋਕਿਆ। ਸ਼ਾਸਤ੍ਰਾਂ ਦੁਆਰਾ ਤੰਬਾਕੂ ਦੀ ਭ੍ਰਿਸ਼ਟਤਾ ਦੱਸੀ। ਗੁਰਬਾਣੀ ਦੇ ਗੌਰਵ ਤੋਂ ਜਾਣੂ ਕਰਵਾਇਆ। ਗੁਰਬਾਣੀ/ਇਤਿਹਾਸ ਦੀਆਂ ਦਲੀਲਾਂ ਦੇ-ਦੇ ਕੇ ਨਿਰੁਤਰ ਕੀਤਾ। ਸ਼ਿਵਦਿਆਲ ਸਿੰਘ ਨੇ ਸਾਰੇ ਔਗੁਣ ਛੱਡਣ ਦਾ ਪ੍ਰਣ ਕੀਤਾ। ਹੁੱਕੇ ਦਾ ਤਿਆਗ ਕੀਤਾ। ਗੁਰਬਾਣੀ ਦਾ ਸਤਿਕਾਰ ਕਰਨ ਲਗਾ। ਸਿਵਦਿਆਲ ਸਿੰਘ ਜੀ ਦੇ ਜੀਵਨ ਵਿਚ ਆਏ ਪਰਿਵਰਤਨ ਨਾਲ ਸ਼ਹਿਰ ਵਿਚ ਗਿਆਨੀ ਜੀ ਦਾ ਪਰਮ ਸਤਿਕਾਰ ਹੋਇਆ।

(੬) ਪੰਡਿਤ ਮਹੇਸ਼ਰਾ ਸਿੰਘ ਜੀ ਸ਼ਾਸਤ੍ਰਾਰਥ ਕਰਨ ਵਿਚ ਅਦੁੱਤੀ ਯੋਗਤਾ ਰਖਦੇ ਸਨ। ਪ੍ਰਯਾਗਰਾਜ ਵਿਚ ਆਪ ਜੀ ਦਾ ਕੀਤਾ ਹੋਇਆ ਸ਼ਾਸਤ੍ਰਾਰਥ ਪ੍ਰਸਿਧ ਹੈ।

(੭) ਸ੍ਰੀ ਮਾਨ ਪੰਡਿਤ ਦੀਵਾਨ ਸਿੰਘ ਜੀ ਠੀਕਰੀ ਵਾਲਿਆਂ ਦਾ ਤ੍ਰਯੰਬਕੇਸ਼੍ਵਰ (ਨਾਸਿਕ) ਵਿਖੇ ਮਹਾਂ ਕੁੰਭ ਪਰਵ ਉੱਤੇ ਤ੍ਰਯੰਬਕੇਸ਼੍ਵਰ (ਮੰਦਿਰ) ਦੇ ਪੁਜਾਰੀਆਂ ਅਤੇ ਦੱਖਣੀ ਭਾਰਤ ਦੇ ਇਸ ਇਤਿਹਾਸਕ ਸ਼ਾਸਤ੍ਰਾਰਥ ਦੇ ਕਾਰਣ ਤ੍ਰਯੰਬਕੇਸ਼੍ਵਰ ਦੀ ਧਾਰਮਕ ਮਰਯਾਦਾ ਦਾ ਇਤਿਹਾਸ ਬਦਲ ਗਿਆ। ਵਿਦਵਾਨਾਂ ਨਾਲ ਕੀਤਾ ਸ਼ਾਸਤ੍ਰਾਰਥ ਪ੍ਰਸਿੱਧ ਹੈ ਜਿਸ ਦਾ ਵਿਸਤਾਰ ਅਸੀਂ ਪੰਡਿਤ ਦੀਵਾਨ ਸਿੰਘ ਜੀ ਦੀ ਜੀਵਨੀ ਵਿਚ ਪੰਨਾ ............ ਤੇ ਅੰਕਿਤ ਕੀਤਾ ਹੈ।

## ਦਮਦਮੀ ਗੁਰਮੁਖੀ ਦੇ ਲਿਖਾਰੀਆਂ ਦੀ ਟਕਸਾਲ

ਗੁਰੂ ਕਾਸ਼ੀ ਗੁਰਮੁਖੀ ਲਿਪੀ ਦੇ ਲਿਖਾਰੀਆਂ ਦਾ ਕੇਂਦਰ ਵੀ ਸੀ ਜਿਸ ਦੀ ਸਥਾਪਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ। ਭਾਵੇਂ ਗੁਰਮੁਖੀ ਗ੍ਰੰਥਾਂ ਦੇ ਉਤਾਰੇ ਹੋਰ ਥਾਵਾਂ ਉੱਤੇ ਵੀ ਹੁੰਦੇ ਸਨ ਪਰ ਦਮਦਮੀ ਗੁਰਮੁਖੀ ਦੀ ਲਿਖਣ-ਸ਼ੈਲੀ ਬਹੁਤ ਹੀ ਸ਼ਾਨਦਾਰ, ਸਪੱਸ਼ਟ ਅਤੇ ਸੁੰਦਰ ਸੀ।

ਲਿਖਾਰੀਆਂ ਨੂੰ ਲਿਖਾਰੀ ਬਣਨ ਦੀ ਟਰੇਨਿੰਗ ਵੀ ਗੁਰੂਕਾਸ਼ੀ ਵਿਚ ਹੀ ਦਿੱਤੀ ਜਾਂਦੀ ਸੀ। ਇਕ-ਇਕ ਅੱਖਰ ਅਤੇ ਲਗਾਂ-ਮਾਤਰਾਂ ਦੀਆਂ ਘੁੰਡੀਆਂ ਅਤੇ ਗੁਲਾਈਆਂ ਬੜੀ ਮਿਹਨਤ ਨਾਲ ਸਿਖਾਈਆਂ ਜਾਂਦੀਆਂ ਸਨ, ਜਿਸ ਤਰ੍ਹਾਂ :

**ਊੜਾ** = ਮੋਰਨੀ ਦੇ ਅੰਡੇ ਵਰਗਾ।

**ਐੜਾ** = ਘੋੜੇ ਦੇ ਕੰਡਿਆਲੇ ਜਿਹਾ।

**ਈੜੀ** = ਇਲ ਦੇ ਪਾਉਂਚੇ ਦੀ ਤਰ੍ਹਾਂ।

**ਹਾਹਾ** = ਢੋਲ ਦੇ ਡੱਗੇ ਵਰਗਾ।

**ਕਕਾ** = ਮਮੋਲੇ ਦੀ ਅੱਖ ਜਿਹਾ।

ਇਸੀ ਤਰ੍ਹਾਂ ਸਾਰੀ ਲਿਪੀ ਤੇ ਲਗਾਂ-ਮਾਤਰਾਂ ਦੀਆਂ ਘੁੰਡੀਆਂ ਬਣਾਉਣ ਦੀ ਪੂਰੀ ਕਲਾ ਵਿਚ ਨਿਪੁੰਨ ਕੀਤਾ ਜਾਂਦਾ ਸੀ। ਗੁਰੂਕਾਸ਼ੀ ਦੇ ਅੱਖਰ ਇੰਨੇ ਸਾਫ਼ ਤੇ ਸਪੱਸ਼ਟ ਸਨ, ਪਾਠਕਾਂ ਨੂੰ ਕਿਸੇ ਅੱਖਰ ਬਾਰੇ ਭ੍ਰਾਂਤੀ ਨਹੀਂ ਹੁੰਦੀ ਸੀ।

ਕਾਗਜ਼ ਕਸ਼ਮੀਰੀ ਵਰਤਿਆ ਜਾਂਦਾ ਸੀ। ਕਾਗ਼ਜ਼ ਨੂੰ ਲਿਖਣਯੋਗ ਬਣਾਉਣ ਵਾਸਤੇ ਪਹਿਲਾਂ ਕੌਡੀਆਂ ਦੇ ਪੁੱਠੇ ਪਾਸੇ ਨਾਲ ਘੋਟਕੇ ਸਾਫ਼ ਤੇ ਨਰਮ ਬਣਾਇਆ ਜਾਂਦਾ ਸੀ। ਪੰਕਤੀਆਂ ਸਿੱਧੀਆਂ ਰੱਖਣ ਦਾ ਢੰਗ ਵੀ ਰੌਚਕ ਤੇ ਪ੍ਰਸ਼ੰਸਾ ਯੋਗ ਸੀ। ਛੇਕਾਂ ਵਾਲੀ ਲੱਕੜੀ ਦੀ ਫੱਟੀ ਵਿਚ ਮੋਟੇ ਧਾਗੇ ਉਤਨੀ-ਉਤਨੀ ਵਿੱਥ ਨਾਲ ਲੰਘਾਏ ਜਾਂਦੇ ਸਨ, ਜਿੰਨੀ ਵਿੱਥ ਪੰਕਤੀ ਦੀ ਰੱਖਣੀ ਹੁੰਦੀ ਸੀ। ਉਨ੍ਹਾਂ ਧਾਗਿਆਂ ਉੱਤੇ ੧੦-੧੫ ਕਾਗ਼ਜ਼ ਰੱਖ ਕੇ ਉੱਤੇ ਭਾਰ ਰੱਖਿਆ ਜਾਂਦਾ ਸੀ। ਦਾਬ ਨਾਲ ਪੰਕਤੀਆਂ ਦੇ ਨਿਸ਼ਾਨ ਬਣ ਜਾਂਦੇ ਸਨ ਜਿਸ ਨਾਲ ਪੰਕਤੀ ਸਿੱਧੀ ਰਹਿੰਦੀ ਸੀ।

ਗ਼ਲਤ ਅੱਖਰ ਮਿਟਾਉਣ ਜਾਂ ਕਈ ਥਾਂ ਪਤਲੇ ਕਾਗ਼ਜ਼ ਵਿਚ ਸਿਆਹੀ ਦੂਜੇ ਪਾਸੇ ਛਣ ਜਾਂਦੀ ਸੀ, ਇਸ ਦਾ ਵੀ ਲਿਖਾਰੀਆਂ ਕੋਲ ਇਲਾਜ ਸੀ। ਸਿੱਪੀ (ਕਿਸੇ ਚੀਜ਼ ਨੂੰ ਸੋਕਦੀ ਨਹੀਂ) ਵਿਚ ਨਿਯਤ ਗਿਣਤੀ ਵਿਚ ਕੌਡੀਆਂ ਦਾ ਪੀਠਾ ਅਤੇ ਗੂੰਦ ਮਿਲਾਕੇ ਪਾਣੀ ਪਾ ਕੇ ਰੱਖਿਆ ਜਾਂਦਾ ਸੀ। ਇਸ ਦਾ ਸਿਆਹੀ ਉੱਤੇ ਸਫ਼ਾਈ

ਨਾਲ ਲੇਪ ਕਰ ਦਿੱਤਾ ਜਾਂਦਾ ਸੀ। ਸੁੱਕਣ ਉੱਤੇ ਮੁੜ ਸਹੀ ਅੱਖਰ ਪਾਇਆ ਜਾਂਦਾ ਸੀ। ਸਿਆਹੀ ਫੈਲਦੀ ਨਹੀਂ ਸੀ। ਹਲਦੀ ਦੇ ਪੀਲੇ ਰੰਗ ਨਾਲ ਸੁਧਾਈ ਹੁੰਦੀ ਸੀ। ਦਸਮ ਗ੍ਰੰਥ ਵਿਚ ਸ਼ਿੰਗਰਫ ਨਾਲ ਸਲੋਕਾਂ ਦੇ ਨੰਬਰ ਅਤੇ ਅਨਯ ਪੁਸਤਕਾਂ ਦੇ ਅੰਤਲੇ ਸ਼ਬਦ, ਸਿਰਲੇਖ, ਹਿੰਦਸੇ, ਅਧਿਆਏ ਆਦਿਕ ਲਾਲ ਸਿਆਹੀ ਨਾਲ ਲਿਖੇ ਜਾਂਦੇ ਸਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਾਲ ਸਿਆਹੀ ਨਹੀਂ ਵਰਤੀ ਜਾਂਦੀ ਸੀ।

ਗੁਰੂਕਾਸ਼ੀ ਵਿਚ ਉੱਚ ਪੱਧਰ 'ਤੇ ਲੇਖਣ ਕਾਰਯ ਕਰਮ ਚੱਲਦਾ ਸੀ। ਸਿਆਹੀ ਇਥੇ ਤਿਆਰ ਹੁੰਦੀ ਸੀ ਜਿਸ ਵਿਚ ਵੱਖ-ਵੱਖ ਔਸ਼ਧੀਆਂ ਵਿਸ਼ੇਸ਼ ਅਨੁਪਾਤ ਨਾਲ ਮਿਲਾਈਆਂ ਜਾਂਦੀਆਂ ਸਨ ਤਾਂ ਕਿ ਸਿਆਹੀ ਪੱਕੀ, ਚਮਕਦਾਰ, ਇਕਸਾਰ ਰਹੇ। ਇਸ ਨਾਲ ਨਾ ਕਾਗ਼ਜ਼ ਖ਼ਰਾਬ ਹੁੰਦਾ ਸੀ ਅਤੇ ਨਾ ਹੀ ਜੁੜਦਾ ਸੀ।

ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਜਿਲਦਾਂ ਬੰਨ੍ਹਣ ਦੀ ਕਲਾ ਵੀ ਸਿਖਾਈ ਜਾਂਦੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵੱਡਾ ਆਕਾਰ ਹੋਣ ਕਰਕੇ, ਵਿਚਕਾਰੋਂ ਪੱਤਰੇ ਬਾਹਰ ਨਾ ਨਿਕਲ ਜਾਣ, ਇਸ ਰੋਕ ਵਾਸਤੇ ਜਿਲਦ ਬੰਨ੍ਹਣ ਤੋਂ ਪਹਿਲਾਂ ਅਦਭੁਤ ਜ਼ੰਜੀਰੀ ਬੰਨ੍ਹੀ ਜਾਂਦੀ ਸੀ ਜਿਸ ਨਾਲ ਜਿਲਦ ਅਤਿ ਮਜ਼ਬੂਤ ਬਣ ਜਾਂਦੀ ਸੀ। [੧]

ਮੋਰਪੰਖ ਦੇ ਚੌਰ ਵੀ ਇਥੇ ਤਿਆਰ ਹੁੰਦੇ ਸਨ, ਜੋ ਦੂਰ-ਦੂਰ ਜਾਂਦੇ ਸਨ। ਪ੍ਰਚਲਤ ਵਾਲਾਂ ਦੇ ਚੌਰਾਂ ਨਾਲੋਂ ਮੋਰ ਪੰਖ ਦੇ ਚੌਰ ਸੌ ਗੁਣਾ ਸੋਹਣੇ, ਚੰਗੇ ਅਤੇ ਪ੍ਰਭਾਵਸ਼ਾਲੀ ਸਨ। ਸੰਤ ਈਸ਼ਰ ਸਿੰਘ ਜੀ 'ਮੁਨੀਸ਼ਰ' ਬੁੰਗਾ ਮਸਤੂਆਣਾ (ਜਨਮ ਨਗਰ ਭਾਈਰੂਪਾ-ਵੇਦਾਂਤ ਦਾ ਮਹਾਨ ਵਿਦਵਾਨ) ਦੇ ਚੌਰ ਅੱਜ ਵੀ ਗੁਰੂਕਾਸ਼ੀ ਦੇ ਸਾਰੇ ਗੁਰਅਸਥਾਨਾਂ ਵਿਚ ਵੇਖੇ ਜਾ ਸਕਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲੇ ਸਿਉਣ, ਉੱਤੇ ਵੇਲ ਬੂਟੇ ਅਤੇ ਗੁਰਬਾਣੀ ਦੇ ਸ਼ਬਦਾਂ ਦੀ ਕਢਾਈ ਦਾ ਕੰਮ ਵੀ ਇਥੇ ਹੁੰਦਾ ਸੀ।

ਇਸ ਤਰ੍ਹਾਂ ਇਸ ਟਕਸਾਲ ਵਿਚ ਕੰਮ ਹੁੰਦਾ ਵੇਖਕੇ ਮਨੁੱਖ ਅਸ਼ਚਰਜ ਰਹਿ ਜਾਂਦਾ ਸੀ। ਇਸ ਸਾਰੇ ਕੰਮ ਦੀ ਸਿੱਖਿਆ ਵੀ ਇਥੇ ਹੀ ਦਿੱਤੀ ਜਾਂਦੀ ਸੀ। ਲਿਖਾਰੀਆਂ ਨੂੰ ਅੱਖਰਾਂ ਦੀਆਂ ਘੁੰਡੀਆਂ ਵਿਚ ਇਕਸਾਰਤਾ ਬਣਾਉਣ ਦੀ ਵਿਧੀ, ਯੋਗਤਾ ਨਾਲ ਸਿਖਾਈ ਜਾਂਦੀ ਸੀ। ਇਸ ਤਰ੍ਹਾਂ ਸਿਆਹੀ ਬਣਾਉਣ, ਗਲਤ ਅਖਰਾਂ ਤੇ ਫੇਰਨ ਲਈ ਹੜਤਾਲ ਤਿਆਰ ਕਰਨ, ਚੌਰ ਬਣਾਉਣ, ਕਾਗ਼ਜ਼ਾਂ ਦੀ ਘੁਟਾਈ, ਪੰਕਤੀਆਂ ਵਾਸਤੇ ਦਾਬ ਦੇਣੀ, ਰਮਾਲੇ ਸਿਊਣੇ, ਜਿਲਦਾਂ ਅਤੇ ਜ਼ੰਜੀਰੀਆਂ ਤਿਆਰ ਕਰਨੀਆਂ, ਜਿਲਦਾਂ ਮੈਲੀਆਂ ਹੋਣ ਤੋਂ ਬਚਾਉਣ ਲਈ ਚੋਲੀਆਂ ਬਣਾਉਣੀਆਂ ਆਦਿਕ ਕੰਮ ਸੰਸਾਰ ਦੇ ਕਿਸੇ ਪੁਰਾਤਨ ਵਿਸ਼ਵਵਿਦਿਆਲਯ ਨਾਲੰਦਾ, ਵਿਕ੍ਰਮਸ਼ਿਲਾ, ਤਖਸ਼ਸ਼ਿਲਾ, ਵਾਰਾਣਸੀ ਅਤੇ ਆਧੁਨਿਕ ਯੂਨੀਵਰਸਿਟੀਆਂ ਨਾਲੋਂ ਕਿਤੇ ਵੱਧ ਅਤੇ ਉੱਚ ਪੱਧਰ 'ਤੇ ਹੋ ਰਿਹਾ ਸੀ।

ਗੁਰਮੁਖੀ ਲਿਪੀ ਨੂੰ ਜੀਵਤ ਰਖਣ ਵਾਲੇ ਕੇਵਲ ਨਿਰਮਲੇ ਮਹਾਂਪੁਰਖ ਹੀ ਹਨ। ਉਸ ਸਮੇਂ ਮਹਾਂਪੁਰਖ ਗੁਰਮੁਖੀ ਨੂੰ ਪੜ੍ਹਾਉਂਦੇ ਵੀ ਸਨ ਅਤੇ ਗੁਰਮੁਖੀ ਦੀ ਲਿਖਾਈ ਵੀ ਕਰਦੇ ਸਨ। ਜੋ ਮੌਲਿਕ ਗ੍ਰੰਥ ਲਿਖਦਾ ਹੈ, ਉਸ ਨੂੰ ਲੇਖਕ ਕਿਹਾ ਜਾਂਦਾ ਹੈ। ਜੋ ਖੁਸ਼ਖਤ (ਸੁੰਦਰ) ਅੱਖਰਾਂ ਵਿਚ ਗ੍ਰੰਥਾਂ ਦੇ ਉਤਾਰੇ ਕਰਦੇ ਸਨ, ਉਨ੍ਹਾਂ ਨੂੰ 'ਲਿਖਾਰੀ'

*੧. ਲਿਖਾਰੀ ਗ੍ਰੰਥ ਲਿਖਕੇ ਜਿਲਦ ਬੰਨ੍ਹਕੇ ਮਜ਼ਬੂਤੀ ਵਾਸਤੇ ਜਿਲਦ ਦੀ ਅਤਿਅੰਤ ਸੁੰਦਰ ਜ਼ੰਜੀਰੀ ਬੰਨ੍ਹਦੇ ਸਨ, ਜਿਸ ਨਾਲ ਜਿਲਦ ਵਿਚੋਂ ਪਤ੍ਰਾ ਨਹੀਂ ਨਿਕਲਦਾ ਸੀ, ਜਿਲਦ ਦੇ ਸੁਹੱਪਣ ਨੂੰ ਰੱਖਣ ਵਾਸਤੇ ਜਿਲਦ ਉਪਰ ਵੀ ਚੋਲੀ/ਕੱਪੜਾ ਚਾੜ੍ਹਿਆ ਜਾਂਦਾ ਸੀ। ਪੁਰਾਤਨ ਸਮੇਂ ਦੇ ਪਾਠਕ ਮਿਹਨਤ ਨਾਲ ਲਿਖੇ/ਲਿਖਾਏ ਗੁਰੂ ਗ੍ਰੰਥ ਸਾਹਿਬ ਜੀ ਅਤੇ ਅਨਯ ਗ੍ਰੰਥਾਂ ਨੂੰ ਸਦੀਆਂ ਤਕ ਰੱਖਣ ਦੇ ਸਾਧਨ ਵਰਤਦੇ ਸਨ। ਹੁਣ ਉਪ੍ਰੋਕਤ ਕਲਾ ਨੂੰ ਲੋਕ ਭੁੱਲ ਚੁੱਕੇ ਹਨ ਅਤੇ ਪਾਠਕ ਵੀ ਸੰਭਾਲ ਦੀ ਵਜਾਏ ਅਣਗਿਹਲੀ ਵਰਤਦੇ ਹਨ।*

ਕਿਹਾ ਜਾਂਦਾ ਸੀ। ਇਹ ਲਿਖਾਰੀ ਇਕਾਗਰਚਿੱਤ ਵਾਲੇ ਸੰਤ ਹੀ ਹੁੰਦੇ ਸਨ। ਲਿਖਾਰੀਆਂ ਦਾ ਵਿਦਵਾਨ, ਸਾਹਿਤਕਾਰ ਅਤੇ ਆਮ ਸੰਗਤਾਂ ਅਤਿ ਸਤਿਕਾਰ ਕਰਦੀਆਂ ਸਨ। ਲਿਖਾਰੀਆਂ ਦਾ ਮੁੱਖ ਕੇਂਦਰ ਗੁਰੂਕਾਸ਼ੀ ਤਲਵੰਡੀ ਸਾਬੋ ਵਿਚ ਸੀ ਜਿਥੇ ਖੁਸ਼ਖਤ ਲਿਖਾਈ ਕਰਨ ਦੀ ਸਿਖਿਆ ਦਿਤੀ ਜਾਂਦੀ ਸੀ। ਮਹਾਂਪੁਰਸ਼ ਕੇਵਲ ਗੁਰਬਾਣੀ ਦੀ ਲਿਖਾਈ ਅਤੇ ਧਾਰਮਿਕ ਗ੍ਰੰਥ ਹੀ ਲਿਖਿਆ ਕਰਦੇ ਸਨ। [੧]

(੧) ਤਪੋਨਿਧੀ ਸ੍ਵਾਮੀ ਭਗਤ ਸਿੰਘ ਜੀ ਪਿੰਡੀਘੇਬ ਵਾਲਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੰਜ ਬੀੜਾਂ ਲਿਖੀਆਂ ਸਨ। ਸ੍ਰੀਮਾਨ ਸੰਤ ਵਿਧਾਵਾ ਸਿੰਘ ਜੀ ਲਹਿਰਾਖਾਨਾ (ਜ਼ਿਲਾ ਬਠਿੰਡਾ) ਵਾਲਿਆਂ ਨੇ ਪੰਜ ਬੀੜਾਂ ਲਿਖੀਆਂ ਸਨ। ਇਹ ਮਹਾਂਪੁਰਖ ਜਪੁਜੀ, ਸੁਖਮਨੀ ਸਾਹਿਬ ਅਤੇ ਹੋਰ ਬਾਣੀਆਂ ਦੇ ਗੁਟਕੇ ਲਿਖ-ਲਿਖ ਕੇ ਵੰਡਿਆ ਕਰਦੇ ਸਨ।

ਪੰਜਾਬ ਵਿਚ ਜਿੰਨੇ ਵੀ ਨਵੇ ਗ੍ਰੰਥਾਂ ਦੀ ਰਚਨਾ ਹੁੰਦੀ ਸੀ ਉਨ੍ਹਾਂ ਦੀ ਭਾਸ਼ਾ ਬ੍ਰਜ ਭਾਸ਼ਾ ਹੁੰਦੀ ਸੀ, ਪਰ ਲਿਪੀ ਗੁਰਮੁਖੀ ਹੁੰਦੀ ਸੀ। ਜਿਵੇਂ ਗੁਰਪ੍ਰਤਾਪ ਸੂਰਜ, ਮੋਕਸ਼ ਪੰਥ ਪ੍ਰਕਾਸ਼, ਅਧਿਆਤਮ ਰਾਮਾਇਣ, ਹਨੂੰਮਾਨ ਨਾਟਕ, ਗੰਗਾਯਤੀ ਨਿਦਾਨ, ਮੇਘਵਿਨੋਦ, ਪੰਥ ਪ੍ਰਕਾਸ਼ ਆਦਿ ਅਨੇਕ ਗ੍ਰੰਥ ਹਨ। ਪੰਜਾਬ ਵਿਚ ਗੁਰਮੁਖੀ ਲਿਪੀ ਰਾਹੀਂ ਜਿੰਨਾਂ ਪ੍ਰਚਾਰ ਹਨੂੰਮਾਨ ਨਾਟਕ ਅਤੇ ਅਧਿਆਤਮ ਰਾਮਾਇਣ ਦਾ ਹੋਇਆ ਹੈ ਉਨਾਂ ਤੁਲਸੀ ਰਾਮਾਇਣ ਦਾ ਨਹੀਂ।

(੨) ਗੁਰੂ ਕੀ ਕਾਸ਼ੀ ਤਲਵੰਡੀ ਸਾਬੋ ਵਿਚ ਲਿਖਾਰੀਆਂ ਦੀ ਮੁਖ ਟਕਸਾਲ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰੂਘਰ ਦੇ ਅਨਜ ਗ੍ਰੰਥ ਇਥੇ ਅਨੇਕ ਲਿਖਾਰੀ ਲਿਖਦੇ ਸਨ। ਗੁਰੂਕਾਸ਼ੀ, ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੀ ਗੁਰਮੁਖੀ ਨੂੰ 'ਦਮਦਮੀ ਗੁਰਮੁਖੀ' ਆਖਿਆ ਜਾਂਦਾ ਸੀ। ਦਮਦਮੀ ਗੁਰਮੁਖੀ, ਕਸ਼ਮੀਰੀ ਗੁਰਮੁਖੀ, ਅੰਮ੍ਰਿਤਸਰੀ ਗੁਰਮੁਖੀ ਦੇ ਪੁਰਾਤਨ ਲਿਖਤੀ ਨਮੂਨੇ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਆਪਣੇ 'ਮਹਾਨ ਕੋਸ਼' ਵਿਚ ਅੰਕਿਤ ਕੀਤੇ ਹਨ। ਸਾਰੀਆਂ ਗੁਰਮੁਖੀ ਲਿਪੀਆਂ ਚੋਂ ਦਮਦਮੀ ਗੁਰਮੁਖੀ ਸੁੰਦਰ ਤੇ ਸਪਸ਼ਟ ਸੀ। ਜਦੋਂ ੧੯੩੫ ਈ: ਵਿਚ ਲੁਧਿਆਣੇ ਗੁਰਮੁਖੀ ਦਾ ਛਾਪਾਖਾਨਾ ਲਗਿਆ, ਤਾਂ ਸਾਰੀਆਂ ਗੁਰਮੁਖੀ ਲਿਪੀਆਂ ਦੇ ਨਮੂਨੇ ਇਕੱਠੇ ਕੀਤੇ ਗਏ ਕਿ ਕਿਹੜੇ ਅੱਖਰ ਸੁਖੈਨ, ਸੁੰਦਰ ਅਤੇ ਸਪਸ਼ਟ ਹਨ। ਕਾਫੀ ਸੋਚ ਵਿਚਾਰ ਤੋਂ ਮਗਰੋਂ ਦਮਦਮੀ ਗੁਰਮੁਖੀ ਦੇ ਨਮੂਨੇ ਤੇ ਅੱਖਰ ਢਾਲਣ ਦਾ ਫੈਸਲਾ ਹੋਇਆ। ਇਹ ਅੱਖਰ ਦਮਦਮਾ ਸਾਹਿਬ ਦੇ ਲਿਖਾਰੀਆਂ ਦੇ ਬੁੰਗੇ ਦੇ ਸੰਤ ਮਹੰਤ ਹੀਰਾ ਸਿੰਘ ਜੀ ਦੇ ਲਿਖੇ ਹੋਏ ਸਨ। ਫਾਉਂਡਰੀ ਵਿਚ ਅੱਖਰ ਢਾਲਣ ਦੀ ਪ੍ਰਵਾਨਗੀ ਸਮੇਂ ਮਹੰਤ ਹੀਰਾ ਸਿੰਘ ਜੀ ਨੂੰ ਲੁਧਿਆਣਾ ਵਿਖੇ ਬੁਲਾਇਆ ਗਿਆ। ਪੰਜ ਸੌ ਰੁਪਏ, ਖਿੱਲਤ ਅਤੇ ਸਰਕਾਰ ਵਿਚ ਕੁਰਸੀ-ਨਸ਼ੀਨੀ ਦਾ ਅਧਿਕਾਰ ਦਿਤਾ ਗਿਆ।

ਇਸ ਤਰ੍ਹਾਂ ਨਿਰਮਲੇ ਮਹਾਂਪੁਰਖਾਂ ਨੇ ਗੁਰਮੁਖੀ ਲਿੱਪੀ ਨੂੰ ਜੀਵਤ ਰਖਣ ਅਤੇ ਪ੍ਰਚਾਰ/ਪ੍ਰਸਾਰ ਵਿਚ ਅਕਥਨੀਯ ਯੋਗਦਾਨ ਪਾਇਆ ਹੈ। ਹੇਠ ਲਿਖੇ ਮਹਾਂਪੁਰਖ ਗੁਰਮੁਖੀ ਦੇ ਗ੍ਰੰਥਾਂ ਦੇ ਪ੍ਰਸਿਧ ਲਿਖਾਰੀ ਹੋਏ ਹਨ :

---

*੧. ਗੁਰਮੁਖੀ ਭਾਰਤ ਦੀ ਪ੍ਰਾਚੀਨ ਲਿਪੀ ਹੈ। ਕਿਸੇ ਵੇਲੇ ਉਤਰੀ ਭਾਰਤ ਵਿਚ ਇਸ ਦਾ ਬੋਲ ਬਾਲਾ ਸੀ, ਪੂਰਵ ਕਾਲ ਤੋਂ ਗੁਰਮੁਖੀ ਨੂੰ ਕਿਸੇ ਰਾਜੇ ਮਹਾਰਾਜੇ ਨੇ ਆਪਣੀ ਸਰਪ੍ਰਸਤੀ ਨਹੀਂ ਬਖਸ਼ੀ। ਇਸਲਾਮੀ ਰਾਜ ਸਮੇਂ ਇਹ ਪ੍ਰਸ਼ਨ ਹੀ ਨਹੀਂ ਉਠਦਾ। ਮਹਾਰਾਜਾ ਰਣਜੀਤ ਸਿੰਘ ਵੇਲੇ ਵੀ ਇਸ ਨੂੰ ਕਿਸੇ ਨੇ ਯਾਦ ਨਹੀਂ ਕੀਤਾ। ਹੁਣ ਤੱਕ ਗੁਰਮੁਖੀ ਨੂੰ ਕਦੇ ਵੀ ਕੋਈ ਰਾਜ ਕੀਯ ਮਾਣ-ਸਤਿਕਾਰ ਨਹੀਂ ਮਿਲਿਆ। ਗੁਰਮੁਖੀ ਤੂੰ ਜੀਵਤ ਰੱਖਣ ਵਾਲੇ ਕੇਵਲ ਉਦਾਸੀ ਅਤੇ ਨਿਰਮਲੇ ਸੰਤ ਹਨ। ਇਨ੍ਹਾ ਮਹਾਂ ਪੁਰਖਾਂ ਨੇ ਸਾਰੇ ਭਾਰਤ, ਨੇਪਾਲ, ਅਫਗਾਨਸਤਾਨ ਅਤੇ ਰੂਸ ਦੇ ਬਾਕੂ ਸ਼ਹਿਰ ਤੱਕ ਗੁਰਮੁਖੀ ਦੀ ਗੋਰਵਤਾ ਦੇ ਝੰਡੇ ਗੱਡੇ ਹਨ ਅਤੇ ਪੰਜਾਬੀ ਦੀ ਹਰਮਨ ਪਿਆਰੀ ਲਿਪੀ ਬਣਾਉਣ/ਪ੍ਰਚਾਰਨ ਵਿਚ ਅਕਹਿ ਯੋਗਦਾਨ ਪਾਇਆ ਹੈ।*

ਸੰਤ ਹੈਬਾ ਸਿੰਘ ਜੀ ਗੁਰਦੁਆਰਾ ਗੁਰੂਸਰ ਪਿੰਡ ਮਰਾਝ (ਜ਼ਿਲਾ ਬਠਿੰਡਾ), ਸੰਤ ਦਲ ਸਿੰਘ ਜੀ ਭੁਚੋ ਕਲਾਂ (ਬਠਿੰਡਾ), ਸੰਤ ਨਾਰਾਇਣ ਸਿੰਘ ਜੀ ਗਿਆਨੀ ਸੇਖਵਾਂ ਵਾਲੇ, ਮਹੰਤ ਵੀਰ ਸਿੰਘ ਜੀ ਦੌਧਰ ਵਾਲੇ, ਮਹੰਤ ਗੁਰਬਖਸ਼ ਸਿੰਘ ਜੀ ਬੁੰਗਾ ਲਿਖਾਰੀਆਂ ਦਮਦਮਾ ਸਾਹਿਬ ਗੁਰੂਕਾਸ਼ੀ, ਪੰਡਿਤ ਸ਼ਯਾਮ ਸਿੰਘ ਜੀ ਡੇਰਾ ਮੰਗਵਾਲ, ਸੰਤ ਬੱਲਾ ਸਿੰਘ ਜੀ ਖਡੂਰ ਸਾਹਿਬ, ਪੰਡਿਤ ਨਾਨੂ ਸਿੰਘ ਜੀ ਡੇਰਾ ਕੋਰੇਵਾਲਾ, ਮਹੰਤ ਜੈ ਸਿੰਘ ਜੀ ਡੇਰਾ ਸੱਦਾ ਸਿੰਘ ਵਾਲਾ, ਸੰਤ ਭੂਪ ਸਿੰਘ ਜੀ, ਸੰਤ ਨੌਧ ਸਿੰਘ ਜੀ ਭਾਈਰੂਪਾ, ਮਹੰਤ ਮਾਹਣਾ ਸਿੰਘ ਜੀ ਭਾਈਰੂਪਾ, ਸੰਤ ਅਘੜ ਸਿੰਘ ਜੀ ਟੂਟੋਮਜਾਰਾ, ਮਹੰਤ ਪ੍ਰਤਾਪ ਸਿੰਘ ਜੀ ਡੇਰਾ ਚੌਂਕ ਬਾਬਾਸਾਹਿਬ ਅੰਮ੍ਰਿਤਸਰ, ਸੰਤ ਭਗਵਾਨ ਸਿੰਘ ਜੀ ਗਿਆਨੀ ਡੇਰਾ ਮਾਣੂਕੇ।

## ਧਾਰਮਿਕ ਵਿਦਿਆ

ਨਿਰਮਲੇ ਮਹਾਂਪੁਰਖਾਂ ਨੂੰ ਸਤਿਗੁਰੂ ਕਲਗੀਧਰ ਪਿਤਾ ਜੀ ਨੇ ਵਿਦਿਆ ਦਾ ਵਰਦਾਨ ਬਖਸ਼ਿਆ ਹੈ। ਇਸ ਵਾਸਤੇ ਇਹ ਮਹਾਂਪੁਰਖ ਆਪ ਵਿਦਿਆ ਦਾ ਅਧਿਐਨ ਕਰਦੇ ਅਤੇ ਮਨੁੱਖਤਾ ਨੂੰ ਵਿਦਿਆ ਦਾਨ ਕਰਦੇ ਹਨ। ਜਿਥੇ ਹਰ ਡੇਰੇ ਵਿਚ ਵਿਦਿਆ ਪੜ੍ਹਾਈ ਜਾਂਦੀ ਹੈ ਉਥੇ ਉਚ ਵਿਦਿਆ ਵਾਸਤੇ ਵਿਸ਼ੇਸ਼ ਵਿਦਿਆਲਯ ਵੀ ਸਥਾਪਨ ਕੀਤੇ ਗਏ ਹਨ। ਇਹ ਵਿਦਿਆਲਯ ਵੀ ਦੋ ਤਰ੍ਹਾਂ ਦੇ ਹਨ। ਇਕ ਪੁਰਾਤਨ-ਜਿਥੇ ਧਾਰਮਿਕ ਵਿਦਿਆ ਪੜ੍ਹਾਈ ਜਾਂਦੀ ਹੈ। ਦੂਜੇ-ਨਵੀਨ ਢੰਗ ਦੇ (ਸਕੂਲ, ਕਾਲਜ) ਜੋ ਕਿਸੇ ਯੂਨੀਵਰਸਿਟੀ ਨਾਲ ਸੰਬੰਧਿਤ ਹਨ।

ਹੇਠ ਲਿਖੇ ਦੋ ਧਾਰਮਿਕ ਵਿਦਿਆਲਯ ਪ੍ਰਸਿੱਧ ਹਨ :

## ਬੁੰਗਾ ਮਸਤੂਆਣਾ, ਤਲਵੰਡੀ ਸਾਬੋ

ਇਸ ਧਾਰਮਿਕ ਵਿਦਿਆਪੀਠ ਨੂੰ ਸ੍ਰੀਮਾਨ ੧੦੮ ਪੂਜਯ ਸੰਤ ਅਤਰ ਸਿੰਘ ਜੀ ਮਹਾਰਾਜ ਨੇ ੧੯੨੩ ਈ: ਵਿਚ ਆਰੰਭ ਕੀਤਾ ਸੀ ਜਿਸ ਵਿਚ ਗੁਰਬਾਣੀ ਦਾ ਸ਼ੁਧ ਪਾਠ, ਅਰਥ-ਬੋਧ, ਗੁਰਇਤਿਹਾਸ (ਗੁਰਪ੍ਰਤਾਪ ਸੂਰਜ, ਪੰਥ ਪ੍ਰਕਾਸ਼, ਭਾਈ ਗੁਰਦਾਸ, ਦਸਮ ਗ੍ਰੰਥ ਆਦਿ) ਪੜ੍ਹਾਇਆ ਜਾਂਦਾ ਹੈ। ਕੀਰਤਨ-ਰਾਗ ਦੀ ਸਿਖਿਆ ਵੀ ਦਿਤੀ ਜਾਂਦੀ ਹੈ। ਦੇਸ਼ ਦੇ ਹਰ ਹਿੱਸੇ ਵਿਚੋਂ ਸੈਂਕੜਿਆਂ ਦੀ ਗਿਣਤੀ ਵਿਚ ਇਸ ਵਿਦਿਆਲਯ ਵਿਚ ਵਿਦਿਆਰਥੀ ਵਿਦਿਆ ਪ੍ਰਾਪਤ ਰਹੇ ਹਨ। ਵਸਤਰ, ਭੋਜਨ, ਰਿਹਾਇਸ਼, ਗ੍ਰੰਥ, ਰਾਗ ਸਿੱਖਣ ਵਾਲੇ ਸਾਜ਼ ਵਿਦਿਆਲਯ ਵਿਚੋਂ ਹੀ ਦਿਤੇ ਜਾਂਦੇ ਹਨ। ਇਸ ਆਸ਼੍ਰਮ ਦਾ ਪ੍ਰਬੰਧ 'ਸੰਤ ਸੇਵਕ ਜਥਾ ਬੁੰਗਾ ਮਸਤੂਆਣਾ' ਪੂਰਨ ਯੋਗਤਾ ਨਾਲ ਕਰ ਰਿਹਾ ਹੈ ਜਿਨ੍ਹਾਂ ਵਿਚ ਸੰਤ ਮਿੱਠਾ ਸਿੰਘ ਜੀ ਅਤੇ ਸੰਤ ਗਿਆਨੀ ਜੰਗ ਸਿੰਘ ਜੀ ਰਾਗੀ ਪ੍ਰਮੁੱਖ ਹਨ।

## ਨਿਰਮਲ ਪੰਚਾਇਤੀ ਅਖਾੜਾ ਕਨਖਲ

ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਵਲੋਂ ਸੰਸਕ੍ਰਿਤ ਦੇ ਦੋ ਵਿਦਿਆਲਯ ਚਲਾਏ ਜਾ ਰਹੇ ਹਨ ਜਿਨ੍ਹਾਂ ਵਿਚ ਸੰਸਕ੍ਰਿਤ ਦੀ ਉੱਚ ਵਿਦਿਆ ਦਿਤੀ ਜਾਂਦੀ ਹੈ। ਇਕ ਵਿਦਿਆਲਯ ਕਨਖਲ (ਹਰਿਦੁਆਰ) ਵਿਚ ਹੈ। ਦੂਜਾ ਸੰਗਤ ਲਾਹੌਰੀ ਟੋਲਾ ਵਾਰਾਣਸੀ ਵਿਚ ਹੈ। ਦੋਵੇਂ ਵਿਦਿਆਲਯ 'ਸੰਪੂਰਨਾਨੰਦ ਯੂਨੀਵਰਸਿਟੀ, ਵਾਰਾਣਸੀ' ਅਧੀਨ ਪ੍ਰੀਖਿਆ ਦਿੰਦੇ ਹਨ। ਪੰਜਾਬ, ਨੇਪਾਲ ਸਮੇਤ ਸਾਰੇ ਦੇਸ਼ ਵਿਚੋਂ ਵਿਦਿਆਰਥੀ ਸਿਖਿਆ ਪ੍ਰਾਪਤ ਕਰਦੇ ਹਨ ਅਤੇ ਸੰਸਕ੍ਰਿਤ ਦੇ ਪ੍ਰਕਾਂਡ ਪੰਡਿਤ ਬਣਦੇ ਹਨ।

# ਦਮਦਮੀ ਅਰਥਾਂ ਦੀ ਸੰਪ੍ਰਦਾਇ [੧]

ਦਸਮ ਗੁਰੂ ਜੀ ਤੋਂ ਪਹਿਲਾਂ ਅਰਥਾਂ ਦੀਆਂ ਕਈ ਸ਼ੈਲੀਆਂ ਪ੍ਰਚਲਤ ਸਨ। ਉਦਾਸੀਆਂ ਦੀ ਸ਼ੈਲੀ, ਮੀਣਿਆਂ ਦੀ ਸ਼ੈਲੀ, ਹਿੰਦਾਲੀਏ/ਨਿਰੰਜਨੀਆਂ ਦੀ ਸ਼ੈਲੀ, ਜਿਨ੍ਹਾਂ ਦਾ ਇਤਿਹਾਸ ਵਿਚ ਸਪੱਸ਼ਟ ਵਰਣਨ ਮਿਲਦਾ ਹੈ। ਇਹਨਾਂ ਸ਼ੈਲੀਆਂ/ਪ੍ਰਣਾਲੀਆਂ ਵਿਚ ਕਿਸੇ ਵਿਚ ਪੌਰਾਣਕ ਕਥਾ ਕਹਾਣੀਆਂ ਦੀ ਭਰਮਾਰ ਹੈ, ਕਿਸੇ ਵਿਚ ਸਗੁਣ ਅਵਤਾਰਾਂ ਦੀ ਬੇਲੋੜੀ ਉਪਮਾ ਕੀਤੀ ਗਈ ਹੈ, ਕਿਸੇ ਵਿਚ ਵੇਦਾਂਤ ਦੀ ਪੁੱਠ ਹੈ, ਕਿਸੇ ਵਿਚ ਗੁਰੂ ਸਾਹਿਬਾਨ ਅਤੇ ਗੁਰਬਾਣੀ ਨੂੰ ਛੁਟਿਆ ਕੇ ਆਪਣੇ ਕਲਪਤ ਮਹਾਂਪੁਰਖਾਂ ਦੀਆਂ ਕਲਪਤ ਕਰਾਮਾਤਾਂ ਦੁਆਰਾ ਵੱਡਪਣ ਵਰਣਨ ਕੀਤਾ ਗਿਆ ਹੈ। ਇਨ੍ਹਾਂ ਮਨਮਤੀਆਂ ਦੀ ਸ਼ੈਲੀ ਦਾ ਸਾਹਿਤ੍ਯ ਪ੍ਰਕਾਸ਼ਤ ਅਤੇ ਅਪ੍ਰਕਾਸ਼ਤ ਲਿਖਤੀ ਰੂਪ ਵਿਚ ਬਹੁ-ਸੰਖਿਆ ਵਿਚ ਮਿਲਦਾ ਹੈ। ਅਜਿਹੀ ਮਨਮੱਤ ਭਰੀ ਅਗਿਆਨਤਾ ਨੂੰ ਸਦਾ ਲਈ

---

*੧. ਦਮਦਮੀ ਅਰਥਾਂ ਦੀ ਸੰਪ੍ਰਦਾਇ ਗੁਰਬਾਣੀ ਦੇ ਅਰਥ-ਬੋਧ ਦੀ ਉਸ ਸ਼ੈਲੀ ਦਾ ਨਾਮ ਹੈ ਜੋ ਕਲਗੀਧਰ ਸੁਆਮੀ ਨੇ ਦਮਦਮਾ ਸਾਹਿਬ ਵਿਚ ਸਿੱਖਾਂ ਨੂੰ ਸਰਵਨ ਕਰਾਈ ਸੀ। ਗੁਰਬਾਣੀ ਨਾਲ ਪ੍ਰੇਮ ਰੱਖਣ ਵਾਲੇ ਨਿਰਮਲੇ, ਉਦਾਸੀ, ਸੇਵਾ ਪੰਥੀ, ਨਿਹੰਗ ਸਿੰਘ ਆਦਿਕ ਸਭ ਸੰਪ੍ਰਦਾਵਾਂ ਦੇ ਮਹਾਂਪੁਰਖ ਅਰਥ ਬੋਧ ਪ੍ਰਾਪਤ ਕਰਕੇ ਅਗੇ ਸੰਗਤਾਂ ਵਿਚ ਪ੍ਰਚਾਰਦੇ ਰਹੇ ਹਨ। ਇਹ ਅਰਥ ਬੋਧ ਪ੍ਰਾਪਤ ਕਰਨ ਦਾ ਸਾਰੇ ਸੰਸਾਰ ਦੇ ਪ੍ਰਾਣੀ-ਮਾਤ੍ਰ ਨੂੰ ਅਧਿਕਾਰ ਹੈ।*

*ਦਮਦਮੀ ਅਰਥਾਂ ਦੀ ਸੰਪ੍ਰਦਾਇ (ਦਮਦਮੀ ਟਕਸਾਲ) ਦਾ ਇਤਿਹਾਸ ਲੰਮਾ ਅਤੇ ਵਿਸ਼ਾਲ ਹੈ। ਅਸੀਂ ਕੇਵਲ ਮਾਤ੍ਰ ਕੁਝ ਕੁ ਨਿਰਮਲੇ ਮਹਾਂਪੁਰਖਾਂ ਦੇ ਨਾਮ ਅੰਕਿਤ ਕਰਨ ਤੱਕ ਸੀਮਤ ਰਹਾਂਗੇ।*

*ਪਹਿਲਾਂ ਭਾਈ ਮਨੀ ਸਿੰਘ ਜੀ ਨਾਲ ਸਬੰਧਤ ਵਿਦਿਆਰਥੀਆਂ/ਕਥਾ ਕਾਰਾਂ ਦਾ ਵਰਣਨ ਕਰਦੇ ਹਾਂ। ਨਿਰਮਲ ਪੰਥ ਦੀ ਗਿੜਵੜੀ ਸੰਪ੍ਰਦਾਇ ਦੇ ਗਿਆਨੀ ਇਤਿਹਾਸ ਪ੍ਰਸਿੱਧ ਹਨ। ਸੰਤ ਗੁਲਾਬ ਸਿੰਘ (ਗਿੜਵੜੀ ਵਾਲਿਆਂ) ਦੇ ਤਿੰਨ ਸ਼ਿਸ਼— ਪੰਡਿਤ ਤਾਰਾ ਸਿੰਘ 'ਨਰੋਤਮ' , ਪੰਡਿਤ ਸਾਧੂ ਸਿੰਘ ਪਟਿਆਲਾ ਅਤੇ ਮਹੰਤ ਹਮੀਰ ਸਿੰਘ ਜੀ ਸਨ। ਉਤਰਾਧਿਕਾਰੀ ਮਹੰਤ ਹਮੀਰ ਸਿੰਘ ਨਿਯਤ ਹੋਏ। ਮਹੰਤ ਹਮੀਰ ਸਿੰਘ ਦੇ ਸ਼ਿਸ਼ ਸੰਤ ਬਿਸ਼ਨ ਸਿੰਘ ਜੀ ਮਰਾਲੇ ਵਾਲੇ ਗੁਰਬਾਣੀ/ਗੁਰ ਇਤਿਹਾਸ ਦੇ ਮਹਾਨ ਗਿਆਨੀ ਸਨ। ਸੰਤ ਸੁੰਦਰ ਸਿੰਘ ਜੀ ਭਿੰਡਰ ਕਲਾਂ ਵਾਲੇ, ਗਿਆਨੀ ਬਿਸ਼ਨ ਸਿੰਘ ਜੀ ਦੇ ਵਿਦਿਆਰਥੀ ਸਨ। ਸੰਤ ਸੁੰਦਰ ਸਿੰਘ ਜੀ ਦੇ ਅਨੇਕ ਵਿਦਿਆਰਥੀਆਂ ਵਿਚੋਂ ਸੰਤ ਮੇਲਾ ਸਿੰਘ ਜੀ ਨਿਰਮਲ ਕੁਟੀਆ ਸ਼ਹਿਰ ਬੰਗਾ (ਜ਼ਿਲ੍ਹਾ ਨਵਾਂ ਸ਼ਹਿਰ), ਪੰਡਿਤ ਹਕੀਕਤ ਸਿੰਘ ਜੀ 'ਅਰਵਿੰਦ' ਅਤੇ ਸੰਤ ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ ਸਨ। ਸੰਤ ਗੁਰਬਚਨ ਸਿੰਘ ਜੀ ਦੇ ਅਨੇਕ ਵਿਦਿਆਰਥੀਆਂ ਵਿਚੋਂ ਸੰਤ ਮੋਹਨ ਸਿੰਘ ਜੀ ਭਿੰਡਰਾਂ ਵਾਲੇ, ਗਿਆਨੀ ਮੁਖਤਿਆਰ ਸਿੰਘ ਜੀ 'ਸਾਰੰਗ', ਮਹੰਤ ਨਾਹਰ ਸਿੰਘ ਜੀ ਨਿਰਮਲ ਵਿਰਕਤ ਕੁਟੀਆਂ ਰੋਪੜ, ਸੰਤ ਇੰਦਰਜੀਤ ਸਿੰਘ ਜੀ ਗਿਆਨੀ, ਸੰਤ ਨਿਰੰਜਨ ਸਿੰਘ ਜੀ ਵੈਦ੍ਯ ਆਦਿਕ ਅਨੇਕ ਸਨ। ਵੈਦ੍ਯ ਜੀ ਦੇ ਉਤਰਾਧਿਕਾਰੀ ਗਿਆਨੀ ਭੁਪਿੰਦਰ ਸਿੰਘ ਬੋਪਾਰਾਏ ਵਾਲੇ ਹਨ। ਗਿਆਨੀ ਹਰਭਜਨ ਸਿੰਘ ਜੀ ਢੁਡੀਕੇ ਨਿਵਾਸ ਰੱਖਦੇ ਹਨ। ਗਿਆਨੀ ਭਗਵਾਨ ਸਿੰਘ ਜੀ ਨਿਰਮਲ ਬੁੰਗਾ ਪਿੰਡ ਭਿੰਡਰਾਂ ਜ਼ਿਲ੍ਹਾ ਸੰਗਰੂਰ ਵਾਲੇ ਵਹੀਰ (ਮੰਡਲੀ) ਦੁਆਰਾ ਧਰਮ ਪ੍ਰਚਾਰ ਕਰ ਰਹੇ ਹਨ ਅਤੇ ਨਿਮ੍ਰਤਾ ਵਾਲੇ ਮਹਾਂਪੁਰਖ ਹਨ।*

*ਸ੍ਰੀਮਾਨ ਸੰਤ ਹਰਨਾਮ ਸਿੰਘ ਜੀ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਚੌਂਕ ਮਹਿਤਾ ਵਾਲੇ, ਸੰਤ ਇੰਦਰਜੀਤ ਸਿੰਘ ਜੀ ਗਿਆਨੀ ਦੇ ਵਿਦਿਆਰਥੀ ਹਨ। ਵਰਤਮਾਨ ਸਮੇਂ ਦੇ ਮਹਾਨ ਵਿਦਵਾਨ, ਤਪਤੇਜ਼, ਪ੍ਰਤਾਪ ਵਾਲੇ ਮਹਾਂਪੁਰਖ ਹਨ। ਆਪ ਜੀ ਦੇਸ਼ ਅਤੇ ਵਿਦੇਸ਼ ਵਿਚ ਗੁਰਮਤਿ/ਗੁਰਬਾਣੀ/ਗੁਰਇਤਿਹਾਸ ਦਾ ਪ੍ਰਚਾਰ ਕਰ ਰਹੇ ਹਨ। ਸੰਤ ਹਰਨਾਮ ਸਿੰਘ ਜੀ ਪੰਥ ਦੀ ਮਹਾਨ ਅਨਮੋਲ ਹਸਤੀ ਹਨ।*

ਖ਼ਤਮ ਕਰਨ ਵਾਸਤੇ ਗੁਰੂ ਕਲਗੀਧਰ ਪਿਤਾ ਨੇ ਪਰਮ ਕ੍ਰਿਪਾ ਕਰ ਕੇ ਆਪਣੇ ਸ੍ਰੀ ਮੁੱਖ ਤੋਂ ਗੁਰਬਾਣੀ ਦੇ ਯਥਾਰਥ ਅਰਥ ਕਰਕੇ ਅਗਿਆਨ ਦੀ ਨਿਵ੍ਰਿਤੀ ਕਰ ਦਿੱਤੀ। ਗੁਰਬਾਣੀ ਵਿਚ ਵਰਣਨ ਕੀਤੀ ਪਾਰਬ੍ਰਹਮ ਦੀ ਉਸਤਤੀ ਨੂੰ ਸਪਸ਼ਟ ਕਰਕੇ ਜੀਵ ਨੂੰ ਵਾਹਿਗੁਰੂ ਦੇ ਨਾਲ ਮੇਲ ਦਿੱਤਾ। ਸਤਿਗੁਰੂ ਜੀ ਦੇ ਅਮੋਲਕ ਅਰਥਾਂ ਨੂੰ 'ਦਮਦਮੀ ਅਰਥਾਂ ਦੀ ਸੰਪ੍ਰਦਾਇ' ਦੇ ਗਿਆਨੀ ਮੌਖਿਕ ਅੱਗੇ ਪ੍ਰਚਾਰਕੇ ਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ ਰਹੇ।

ਇਹ ਇਤਿਹਾਸਕ ਸੱਚਾਈ ਹੈ ਜਿਸ ਤਰ੍ਹਾਂ ਦਮਦਮਾ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ ਲੈ ਕੇ ਹੁਣ ਤਕ ਕਥਾ ਦਾ ਅਖੰਡ ਪਰਵਾਹ ਚੱਲਦਾ ਆ ਰਿਹਾ ਹੈ, ਅੰਮ੍ਰਿਤਸਰ ਵਿਚ ਅਜਿਹਾ ਨਹੀਂ ਹੋਇਆ। ੬੦-੭੦ ਵਰਸ਼ ਖ਼ਾਲਸੇ ਦਾ ਮੁਗ਼ਲਾਂ, ਦੁਰਾਨੀਆਂ, ਅਬਦਾਲੀਆਂ ਨਾਲ ਸੰਘਰਸ਼ ਰਿਹਾ। ਸਿੰਘਾਂ ਦਾ ਅੰਮ੍ਰਿਤਸਰ ਅਤੇ ਸ਼ਹਿਰਾਂ/ਪਿੰਡਾਂ ਵਿਚ ਰਹਿਣਾ ਅਤਿਅੰਤ ਕਠਨ ਸੀ। ਸਿੰਘਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ। ਖ਼ਾਲਸਾ ਜੰਗਲਾਂ, ਪਹਾੜਾਂ, ਰਾਜਸਥਾਨ ਅਤੇ ਮਾਲਵੇ ਦੇ ਇਲਾਕੇ ਵਿਚ ਦਿਨ ਕੱਟ ਰਿਹਾ ਸੀ। ਸ੍ਰੀ ਹਰਿਮੰਦਰ ਸਾਹਿਬ ਜੀ ਦੀ ਇਮਾਰਤ ਬਾਰੂਦ ਨਾਲ ਉਡਾ ਦਿੱਤੀ ਗਈ ਸੀ। ਅਜਿਹੇ ਭਿਆਨਕ ਸੰਕਟ ਕਾਲ ਵਿਚ ਕਥਾ ਦਾ ਹੋਣਾ ਅਸੰਭਵ ਹੈ। ਇਸ ਦੇ ਵਿਪ੍ਰੀਤ ਸ੍ਰੀ ਦਮਦਮਾ ਸਾਹਿਬ ਵਿਚ ਕਥਾ ਨਿਰਵਿਘਨ ਅਖੰਡ ਚੱਲਦੀ ਰਹੀ ਹੈ।

ਦਸਮ ਗੁਰੂ ਜੀ ਦੀ ਆਗਿਆ ਨਾਲ ਭਾਈ ਮਨੀ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਵਿਖੇ, ਬਾਬਾ ਦੀਪ ਸਿੰਘ ਜੀ ਨੇ ਸ੍ਰੀ ਦਮਦਮਾ ਸਾਹਿਬ ਵਿਖੇ, ਸਤਿਗੁਰੂ ਜੀ ਦੇ ਸ੍ਰੀ ਮੁਖਵਾਕ ਤੋਂ ਸੁਣੇ ਅਰਥ ਵਿਦਿਆਰਥੀਆਂ ਨੂੰ ਪੜ੍ਹਾਉਣੇ ਅਤੇ ਪ੍ਰਚਾਰਨੇ ਆਰੰਭ ਕੀਤੇ। ਸ੍ਰੀ ਕਲਗੀਧਰ ਸ੍ਵਾਮੀ ਦੇ ਸ੍ਰੀ ਮੁਖਵਾਕ ਤੋਂ ਉਚਾਰਨ ਕੀਤੇ ਅਰਥ ਸਿੱਖ ਪੰਥ ਵਿਚ 'ਅਰਥ ਪ੍ਰਣਾਲੀ', 'ਅਰਥਾਂ ਦੀ ਸੰਪ੍ਰਦਾਇ', 'ਦਮਦਮੀ ਅਰਥਾਂ ਦੀ ਸੰਪ੍ਰਦਾਇ' ਅਤੇ 'ਦਮਦਮੀ ਟਕਸਾਲ' ਦੇ ਨਾਮ ਨਾਲ ਪ੍ਰਸਿੱਧ ਹਨ। ਅੰਮ੍ਰਿਤਸਰ ਵਿਚ ਗਿਆਨੀ ਮਨੀ ਸਿੰਘ ਤੋਂ ਅਤੇ ਦਮਦਮਾ ਸਾਹਿਬ ਵਿਚ ਬਾਬਾ ਦੀਪ ਸਿੰਘ ਜੀ ਤੋਂ ਅਨੇਕ ਵਿਦਿਆਰਥੀ ਵਿਦਿਆ ਪ੍ਰਾਪਤ ਕਰਕੇ ਸ਼ੁੱਧ ਪਾਠੀ ਅਤੇ ਗਿਆਨੀ ਬਣੇ।

ਸੰਤ ਮੇਲਾ ਸਿੰਘ ਜੀ ਨਿਰਮਲ ਕੁਟੀਆ ਬੰਗੇ ਵਾਲਿਆਂ ਨੇ ਜੀਵਨ ਭਰ ਗੁਰਬਾਣੀ ਪ੍ਰਚਾਰ ਅਤੇ ਵਿਦਿਆ ਦਾਨ ਕਰਦਿਆਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ੪੦ ਕਥਾ ਕੀਤੀਆਂ। ਆਪ ਜੀ ਦੇ ਉਤਰਾਧਿਕਾਰੀ ਸੰਤ ਮਲਕੀਅਤ ਸਿੰਘ ਜੀ ਨੇ ੧੦ ਕਥਾ ਕੀਤੀਆਂ ਸਨ। ਸੰਤ ਮਲਕੀਅਤ ਸਿੰਘ ਜੀ ਦੇ ਸ਼ਿਸ਼ ਸੰਤ ਭਾਗ ਸਿੰਘ ਜੀ ਗੁਰਬਾਣੀ ਦੀ ਕਥਾ ਦੁਆਰਾ ਨਾਮ-ਬਾਣੀ ਨਾਲ ਜੋੜ ਰਹੇ ਹਨ। ਜੋ ਸੇਵਾ ਸਿਮਰਨ ਵਾਲੇ ਨਿਮ੍ਰਤਾ ਦਾ ਸਾਕਾਰ ਸਰੂਪ ਹਨ। ਮਹੰਤ ਸੁਖਚੈਨ ਸਿੰਘ ਜੀ ਗਿਆਨੀ ਨਿਰਮਲ ਅਖਾੜਾ ਮਹੰਤ ਮੂਲ ਸਿੰਘ ਅੰਮ੍ਰਿਤਸਰ ਵਾਲੇ ਸੁਤੰਤ੍ਰ ਧਰਮ ਪ੍ਰਚਾਰ ਕਰ ਰਹੇ ਹਨ। ਇਹ ਭਾਈ ਮਨੀ ਸਿੰਘ ਜੀ ਦੀ ਲੜੀ ਦੇ ਨਿਰਮਲੇ ਸੰਤਾਂ/ਵਿਦਵਾਨਾਂ ਦਾ ਸੰਖੇਪ ਵਿਚ ਵਰਣਨ ਕਰਨ ਦਾ ਯਤਨ ਕੀਤਾ ਹੈ। ਹੁਣ ਬਾਬਾ ਦੀਪ ਸਿੰਘ ਜੀ ਦੀ ਲੜੀ ਦਾ ਸੰਖੇਪ ਵੇਰਵਾ ਅੰਕਿਤ ਕਰਦੇ ਹਾਂ।

ਬਾਬਾ ਦੀਪ ਸਿੰਘ ਜੀ ਸ੍ਰੀ ਦਮਦਮਾ ਸਾਹਿਬ ਵਿਚ ੫੧ ਵਰਸ਼ ਸੇਵਾ ਸਿਮਰਨ ਕਰਦੇ ਹੋਏ, ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਲਿਖਦੇ ਹੋਏ, ਗੁਰਸਿੱਖਾਂ/ਵਿਦਿਆਰਥੀਆਂ ਨੂੰ ਗੁਰਬਾਣੀ ਦਾ ਅਰਥ ਬੋਧ ਕਰਾਉਂਦੇ ਰਹੇ। ਬਾਬਾ ਜੀ ਦੇ ਸਹਾਇਕ ਭਾਈ ਫਤਹ ਸਿੰਘ ਜੀ ਮਲਵਈ ਨਾਲ ਸੇਵਾ ਕਰਦੇ ਰਹੇ।[੧] ਸ੍ਰੀ ਦਮਦਮਾ ਸਾਹਿਬ ਗੁਰੂ ਕਾਸ਼ੀ ਵਿਚ ਬਾਬਾ ਦੀਪ ਸਿੰਘ ਜੀ ਤੋਂ ਬਾਅਦ ਕ੍ਰਮਵਾਰ ਹੇਠ ਲਿਖੇ ਗਿਆਨੀ (ਪੁਸ਼ਤ-ਦਰ-ਪੁਸ਼ਤ) ਦਮਦਮੀ

---

੧. *ਗਿਆਨੀ ਬਦਨ ਸਿੰਘ ਜੀ ਸੇਖਵਾਂ ਵਾਲੇ, (ਫਰੀਦ ਕੋਟੀ ਟੀਕੇ ਦੇ ਟੀਕਾਕਰ) ਗਿਆਨੀ ਧਿਆਨ ਸਿੰਘ ਜੀ ਸੇਖਵਾਂ, ਸੰਤ ਭਗਵਾਨ ਸਿੰਘ ਜੀ, ਗਿਆਨੀ ਰਾਮ ਸਿੰਘ ਜੀ ਮਾਣੂਕੇ, ਸੰਤ ਵਧਾਵਾ ਸਿੰਘ ਜੀ ਲਹਿਰਾਖਾਨਾ, ਗਿਆਨੀ ਦਾਨ ਸਿੰਘ ਦਿਆਲਪੁਰਾ ਮਿਰਜਾ ਆਦਿਕ ਵੀ ਗੁਰੂ ਕੀ ਕਾਸ਼ੀ ਦੇ ਵਿਦਿਆਰਥੀ ਸਨ।*

ਅਰਥਾਂ ਦੀ ਸੰਪ੍ਰਦਾਇ ਦੇ ਅਰਥ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਰਹੇ :

ਭਾਈ ਸੁਧ ਸਿੰਘ ਜੀ—ਭਾਈ ਕਰਮ ਸਿੰਘ ਜੀ—ਭਾਈ ਨੱਥਾ ਸਿੰਘ ਜੀ—ਭਾਈ ਰਣ ਸਿੰਘ ਜੀ—ਭਾਈ ਗੁਲਾਬ ਸਿੰਘ ਜੀ—ਭਾਈ ਸਹਿਜ ਸਿੰਘ ਜੀ—ਭਾਈ ਮਾਨ ਸਿੰਘ ਜੀ—ਭਾਈ ਕਿਸ਼ਨ ਸਿੰਘ ਜੀ—ਗਿਆਨੀ ਚੰਦਾ ਸਿੰਘ ਜੀ ਬੁੰਗਾ ਕਟੂ ਵਾਲਾ। ੧

੧੯੨੩ ਈ: ਵਿਚ ਬੁੰਗਾ ਮਸਤੂਆਣਾ ਦੀ ਸਥਾਪਨਾ ਹੋਣ ਦੇ ਨਾਲ ਕਥਾ ਬੁੰਗਾ ਮਸਤੂਆਣਾ ਵਿਚ ਆਰੰਭ ਹੋ ਗਈ। ਬੁੰਗਾ ਮਸਤੂਆਣਾ ਦੇ ਪਹਿਲੇ ਕਥਾਕਾਰ ਸੰਤ ਹਰਨਾਮ ਸਿੰਘ ਜੀ ਸੁਧਾਰ ਵਾਲੇ ਸਨ। ਸੰਤ ਹਰਨਾਮ ਸਿੰਘਜੀ ਨੇ ਸੰਤ ਚੰਦਾ ਸਿੰਘ ਜੀ ਬੁੰਗਾ ਕਟੂ ਵਾਲਿਆਂ ਤੋਂ ਗੁਰਬਾਣੀ ਦਾ ਅਰਥ-ਬੋਧ ਪ੍ਰਾਪਤ ਕੀਤਾ ਸੀ। ਸੰਤ ਚੰਦਾ ਸਿੰਘ ਜੀ ਨੇ ਬੁੰਗਾ ਮਸਤੂਆਣਾ ਵਿਚ ਆ ਕੇ ਸ੍ਰੀਮਾਨ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਹਾਜ਼ਿਰੀ ਵਿਚ ਆਪਣੇ ਹੋਣਹਾਰ ਵਿਦਿਆਰਥੀ ਸੰਤ ਹਰਨਾਮ ਸਿੰਘ ਜੀ ਤੋਂ ਕਥਾ ਆਰੰਭ ਕਰਵਾਈ ਸੀ। ਕਥਾ ਆਰੰਭ ਹੋਣ 'ਤੇ ਸੰਤ ਚੰਦਾ ਸਿੰਘ ਜੀ ਨੇ ਪ੍ਰਸੰਨਤਾ ਪ੍ਰਗਟ ਕਰਦੇ ਹੋਏ ਫ਼ਰਮਾਇਆ ਸੀ, "ਬੁੰਗਾ ਮਸਤੂਆਣਾ ਸਥਾਪਤ ਹੋਣ ਨਾਲ ਗੁਰੂ ਕਲਗੀਧਰ ਪਿਤਾ ਦੇ 'ਗੁਰੂ ਕੀ ਕਾਸ਼ੀ' ਕਾਇਮ ਹੋਣ ਦੇ ਵਰਦਾਨ ਸਫਲ ਹੋ ਰਹੇ ਹਨ। ਹੁਣ ਅੱਗੇ ਨੂੰ ਕਥਾ ਬੁੰਗਾ ਮਸਤੂਆਣਾ ਵਿਚ ਹੋਇਆ ਕਰੇਗੀ। ਮੇਰੇ ਜੀਵਨ ਤੋਂ ਬਾਅਦ ਹੁਣ ਗੁਰੂਕਾਸ਼ੀ ਵਿਚ ਕਥਾ ਆਰੰਭ ਰਹੇਗੀ, ਮੈਨੂੰ ਇਸ ਗੱਲ ਦੀ ਅਪਾਰ ਪ੍ਰਸੰਨਤਾ ਹੈ।"

ਸੰਤ ਹਰਨਾਮ ਸਿੰਘ ਜੀ ਤੋਂ ਮਗਰੋਂ ਬੁੰਗਾ ਮਸਤੂਆਣਾ ਵਿਚ ਹੇਠ ਲਿਖੇ ਵਿਦਵਾਨ ਕ੍ਰਮਵਾਰ ਕਥਾ ਕਰਦੇ ਹੋਏ ਵਿਦਿਆ ਦਾਨ ਕਰਦੇ ਰਹੇ :

ਸੰਤ ਹਜ਼ਾਰਾ ਸਿੰਘ ਜੀ ਮੋਨੀ, ਸੰਤ ਅਮਰ ਸਿੰਘ ਜੀ, ਸੰਤ ਲਾਲ ਸਿੰਘ ਜੀ, ਬਾਬਾ ਸੰਤਾ ਸਿੰਘ ਜੀ (ਬੀਹਲੇ ਵਾਲੇ), ਸੰਤ ਜੰਗ ਸਿੰਘ ਜੀ ਰਾਗੀ, (ਹੁਣ ਵਰਤਮਾਨ ਸਮੇਂ) ਸੰਤ ਗਿਆਨੀ ਤੇਜਾ ਸਿੰਘ ਜੀ ਹੈੱਡ ਗ੍ਰੰਥੀ ਗੁਰਮਤਿ/ਗੁਰਬਾਣੀ ਦੀ ਵਿੱਦਿਆ ਪੜ੍ਹਾ ਰਹੇ ਹਨ।

---

*੧. ਦਸਮ ਗੁਰੂ ਜੀ ਦੀ ਬਖਸ਼ੀ ਗੁਰਬਾਣੀ ਦੇ ਅਰਥ ਬੋਧ ਦੀ ਵਿਦਿਆ 'ਦਮਦਮੀ ਅਰਥਾਂ ਦੀ ਸੰਪ੍ਰਦਾਇ' ਅਨੁਸਾਰ ਗੁਰੂਕਾਸ਼ੀ ਵਿਚ ਪੜ੍ਹਾਉਣ ਵਾਲੇ ਨਿਸ਼ਕਾਮ ਧੁਰੰਧਰ ਵਿਦਵਾਨਾਂ ਦਾ ਹੋਰ ਸੰਖੇਪ ਵੇਰਵਾ :*

***ਉੱਚਾ ਬੁੰਗਾ—*** *ਸੰਤ ਜੀਤ ਸਿੰਘ, ਸੰਤ ਦੂਨਾ ਸਿੰਘ, ਸੰਤ ਬੂਟਾ ਸਿੰਘ, ਸੰਤ ਸੁੰਦਰ ਸਿੰਘ।*

***ਬੁੰਗਾ ਲਿਖਾਰੀਆਂ—*** *ਸੰਤ ਹੀਰਾ ਸਿੰਘ, ਸੰਤ ਗੁਰਬਖਸ਼ ਸਿੰਘ।*

***ਬੁੰਗਾ ਮਦਰੱਸਾ—*** *ਸੰਤ ਗੁਲਾਬ ਸਿੰਘ, ਸੰਤ ਸ਼ੇਰ ਸਿੰਘ, ਸੰਤ ਪ੍ਰੇਮ ਸਿੰਘ, ਸੰਤ ਭਗਤ ਸਿੰਘ।*

***ਬੁੰਗਾ ਮਲਵਈ—*** *ਸੰਤ ਸੁਖਾ ਸਿੰਘ ਜੀ।*

***ਬੁੰਗਾ ਲਿਖਣਸਰ—*** *ਸੰਤ ਚੰਦਾ ਸਿੰਘ, ਸੰਤ ਗੁਰਮੁਖ ਸਿੰਘ, ਸੰਤ ਹਰੀ ਸਿੰਘ।*

***ਨੀਵਾਂ ਬੁੰਗਾ—*** *ਸੰਤ ਰਾਮ ਸਿੰਘ, ਸੰਤ ਜੈ ਸਿੰਘ।*

***ਬੁੰਗਾ ਬਾਰਾਂਦਰੀ—*** *ਸੰਤ ਕਿਸ਼ਨ ਸਿੰਘ।*

***ਬੁੰਗਾ ਚੇਤ ਸਿੰਘ—*** *ਸੰਤ ਕਾਨ੍ਹ ਸਿੰਘ।*

***ਬੁੰਗਾ ਕਟੂਵਾਲਾ—*** *ਸੰਤ ਸਹਜ ਸਿੰਘ, ਸੰਤ ਮਾਨ ਸਿੰਘ, ਸੰਤ ਕਿਸ਼ਨ ਸਿੰਘ, ਸੰਤ ਗਿਆਨੀ ਚੰਦਾ ਸਿੰਘ, ਸੰਤ ਹਰਨਾਮ ਸਿੰਘ ਬੁੰਗਾ ਮਸਤੂਆਣਾ।*

*੧੯ਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਗੁਰੂਕਾਸ਼ੀ ਦੇ ੧੨ ਬੁੰਗਿਆਂ ਵਿਚ ਪ੍ਰਤਿਦਿਨ ਅੰਮ੍ਰਿਤ ਵੇਲੇ ਰੋਜ਼ਾਨਾ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਹੁੰਦੀ ਸੀ। ਹਰ ਬੁੰਗੇ ਵਿਚ ਆਪਣੇ-ਆਪਣੇ ਵਿਦਿਆਰਥੀਆਂ ਨੂੰ ਅਰਥ ਬੋਧ ਤੋਂ ਜਾਣੂ ਕੀਤਾ ਜਾਂਦਾ ਸੀ। ਇਸ ਤੋਂ ਬਿਨਾਂ ਗੁਰਮਤਿ ਅਤੇ ਭਾਸ਼ਾ ਦੇ ਇਤਿਹਾਸ, ਮਿਥਿਹਾਸ, ਧਰਮ, ਦਰਸ਼ਨ, ਸਾਹਿਤ, ਕਾਵਯ, ਆਯੁਰਵੈਦਿਕ ਦੇ ਗ੍ਰੰਥਾਂ ਦੀ ਵੀ ਸੰਥਯਾ ਦਿੱਤੀ ਜਾਂਦੀ ਸੀ। ਹੁਣ ਕੇਵਲ ਕਥਾ ਦੀ ਮਰਯਾਦਾ ਬੁੰਗਾ ਮਸਤੂਆਣਾ ਵਿਚ ਪ੍ਰਚਲਤ ਹੈ, ਬਾਕੀ ਬੁੰਗੇ ਸ਼੍ਰੋ. ਗੁ. ਪ੍ਰ. ਕਮੇਟੀ ਨੇ ਢਾਹ ਕੇ ਖ਼ਤਮ ਕਰ ਦਿੱਤੇ ਹਨ।*

# ਚਕਿਤਸਾ ਦੁਆਰਾ ਸੇਵਾ

ਨਿਰਮਲ ਭੇਖ ਦੇ ਮਹਾਂਪੁਰਖ ਜਿਵੇਂ ਅਨੇਕ ਤਰ੍ਹਾਂ ਦੇ ਉਪਕਾਰ ਕਰਦੇ ਆ ਰਹੇ ਹਨ। ਉਸੇ ਤਰ੍ਹਾਂ ਚਕਿਤਸਾ/ ਸੇਵਾ ਕਰਨ ਵਿਚ ਵੀ ਪਿਛੇ ਨਹੀਂ ਹਨ। ਪੁਰਾਤਨ ਸਮੇਂ ਜਦ ਪਿੰਡਾਂ/ਸ਼ਹਿਰਾਂ ਵਿਚ ਹਸਪਤਾਲ ਨਹੀਂ ਹੁੰਦੇ ਸਨ। ਉਸ ਵੇਲੇ ਪਿੰਡਾਂ ਦੇ ਡੇਰਿਆਂ ਵਿਚ ਇਹ ਮਹਾਂਪੁਰਖ ਰੋਗੀਆਂ ਦਾ ਇਲਾਜ ਕਰਦੇ ਸਨ। ਦਵਾਈ ਮੁਫਤ ਦਿਤੀ ਜਾਂਦੀ ਸੀ ਜਿਸ ਤੋਂ ਅਮੀਰ ਗਰੀਬ ਲਾਭ ਉਠਾਉਂਦੇ ਸਨ। ਆਯੁਰਵੈਦਿਕ ਵਿਦਿਆ ਨੂੰ ਜੀਵਤ ਰੱਖਣ ਵਾਲੇ ਵੀ ਨਿਰਮਲੇ ਮਹਾਂਪੁਰਖ ਹਨ। ਇਸਲਾਮੀ ਰਾਜ ਸਮੇਂ ਅਤੇ ਅੰਗਰੇਜ਼ੀ ਰਾਜ ਕਾਲ ਵਿਚ ਆਯੁਰਵੈਦਿਕ ਨੂੰ ਖਤਮ ਕਰਨ ਦੇ ਯਤਨ ਕੀਤੇ ਗਏ, ਪਰ ਮਹਾਂਪੁਰਖ ਆਪਣੇ ਡੇਰਿਆਂ/ਆਸ਼੍ਰਮਾਂ ਵਿਚ ਆਯੁਰਵੈਦਿਕ ਵਿਦਿਆ ਦਾ ਪ੍ਰਚਾਰ ਵੀ ਕਰਦੇ ਰਹੇ, ਇਲਾਜ ਵੀ ਆਯੁਰਵੈਦਿਕ ਦੁਆਰਾ ਕਰਦੇ ਸਨ। ਨਵੇਂ ਵਿਦਿਆਰਥੀਆਂ ਨੂੰ ਆਯੁਰਵੈਦਿਕ ਵਿਦਿਆ ਪੜ੍ਹਾਉਂਦੇ ਸਨ। ਆਯੁਰਵੈਦਿਕ ਉਪਰ ਮੌਲਿਕ ਗ੍ਰੰਥ ਵੀ ਲਿਖਦੇ ਸਨ ਅਤੇ ਪੁਰਾਤਨ ਗ੍ਰੰਥਾਂ ਦੇ ਟੀਕੇ ਵੀ ਕਰਦੇ ਸਨ। ਨਿਰਮਲ ਭੇਖ ਵਿਚ ਬੜੇ-ਬੜੇ ਪ੍ਰਸਿਧ ਚਮਤਕਾਰੀ ਵੈਦ ਹੋਏ ਹਨ।

(੧) ਪੰਡਿਤ ਸੰਪੂਰਨ ਸਿੰਘ ਜੀ ਆਨੰਦਪੁਰ ਵਾਲੇ ਪ੍ਰਸਿਧ ਵੈਦ ਹੋਏ ਹਨ ਜੋ ਔਸ਼ਧੀ ਮੁਫਤ ਦਿੰਦੇ ਸਨ। ਗਰੀਬ ਪਹਾੜੀਆਂ ਦਾ ਔਸ਼ਧੀ ਵਾਸਤੇ ਤਾਤਾ ਲਗਾ ਰਹਿੰਦਾ ਸੀ। ਦਵਾਈ ਦਿੰਦੇ ਹੋਏ ਨਾਲ-ਨਾਲ ਗੁਰੂ ਕੇ ਉਪਕਾਰ, ਪ੍ਰਸੰਗ, ਗੁਰਬਾਣੀ ਦੇ ਅਰਥ ਸੁਣਾਕੇ ਜਨ ਸਾਧਾਰਨ ਨੂੰ ਗੁਰੂਘਰ ਨਾਲ ਜੋੜਦੇ ਰਹਿੰਦੇ ਸਨ। ਉਦਾਸੀ, ਸੰਨਿਆਸੀ, ਬੈਰਾਗੀ, ਬ੍ਰਾਹਮਣ, ਸੇਵਾਪੰਥੀ, ਨਿਹੰਗਸਿੰਘ ਆਦਿਕ ਅਨੇਕ ਸੰਪ੍ਰਦਾਵਾਂ ਦੇ ਵਿਦਿਆਰਥੀ ਆਪ ਜੀ ਕੋਲੋਂ ਆਯੁਰਵੈਦਿਕ, ਗੁਰਬਾਣੀ, ਵੇਦਾਂਤ ਅਤੇ ਸੰਸਕ੍ਰਿਤ ਪੜ੍ਹਦੇ ਸਨ। ਆਪ ਪ੍ਰਸਿਧ ਮਹਾਂਪੁਰਖ ਸਨ। ਰਾਜੇ ਮਹਾਰਾਜੇ ਦਰਸ਼ਨਾਂ ਨੂੰ ਆਉਂਦੇ ਸਨ, ਪਰ ਆਪ ਉਪਰਾਮ ਹੀ ਰਹਿੰਦੇ ਸਨ।

(੨) ਮਹੰਤ ਚੰਦਨ ਸਿੰਘ ਜੀ ਬ੍ਰਹਮਕੁਟੀ ਕਾਸ਼ੀ ਵਾਲੇ ਚਮਤਕਾਰੀ ਵੈਦ ਸਨ। ਚਕਿਤਸਾ ਵਿਚ ਅਕਹਿ ਯੋਗਤਾ ਰਖਦੇ ਸਨ। ਨਾੜੀ ਪ੍ਰੀਖਿਆ ਦੇ ਅਪੂਰਵ ਗਿਆਤਾ ਸਨ। ਆਪ ਜੀ ਦੇ 'ਰਸ ਸੰਧੂਰ' ਦੀ ਘਰ-ਘਰ ਚਰਚਾ ਸੀ। 'ਰਸ ਸੰਧੂਰ' ਦੀ ਇਕ ਪੁੜੀ ਰੋਗੀ ਨੂੰ ਜੀਵਨ ਦੇ ਦਿੰਦੀ ਸੀ। ਅਦਭੁਤ ਰਸ ਤਿਆਰ ਕਰਦੇ ਸਨ। ਆਪ ਜੀ ਨੂੰ 'ਰਸਾਇਣੀ' ਕਿਹਾ ਜਾਂਦਾ ਸੀ। ਹਰ ਪਾਸਿਉਂ ਨਿਰਾਸ ਹੋਏ ਰੋਗੀ ਇਥੋਂ ਸੁਅਸਥ ਪ੍ਰਾਪਤ ਕਰਦੇ ਸਨ। ਹਜ਼ਾਰਾਂ ਪ੍ਰਾਣੀਆਂ ਨੂੰ ਪ੍ਰਾਣ-ਦਾਨ ਦਿਤਾ। ਦੇਸ਼ ਦੇ ਪ੍ਰਤਿਸ਼ਠ ਵਿਅਕਤੀ ਚਰਨਾਂ ਵਿਚ ਨਤਮਸਤਕ ਹੁੰਦੇ ਸਨ। ਆਪ ਜੀ ਦੇ ਤਪ, ਤਿਆਗ, ਸਿਮਰਨ ਦਾ ਪ੍ਰਭਾਵ ਸੀ ਕਿ ਔਸ਼ਧੀ ਵਿਚ ਅੰਮ੍ਰਿਤ ਵਰਗੀ ਸ਼ਕਤੀ ਸੀ। 'ਚੰਦਨ ਔਸ਼ਧਾਲਯ' ਚੰਦਨ ਦੀ ਤਰ੍ਹਾਂ ਸੁਗੰਧੀ ਫੈਲਾ ਰਿਹਾ ਸੀ।

(੩) ਪੰਡਿਤ ਚੰਦਨ ਸਿੰਘ ਜੀ ਦੀ ਤਰ੍ਹਾਂ ਆਪ ਜੀ ਦੇ ਪੋਤਰੇ ਸ਼ਿਸ਼ ਪੰਡਿਤ ਬਸੰਤ ਸਿੰਘ ਜੀ ਵੈਦਰਤਨ ਵੀ ਚਮਤਕਾਰੀ ਚਕਿਤਸਕ ਸਨ। ਜਨਸਾਧਾਰਨ ਵਿਚ ਇਹ ਗਲ ਪ੍ਰਸਿਧ ਸੀ; ਕਿ ਬਾਵਾ ਚੰਦਨ ਸਿੰਘ ਜੀ ਦੇ ਪੋਤਰੇ ਸ਼ਿਸ਼ ਵਿਚ ਮੁੜ ਬਾਵਾ ਜੀ ਦੀ ਜੋਤਿ ਪ੍ਰਗਟ ਹੋ ਗਈ ਹੈ। ਸੌ, ਡੇਢ ਸੌ ਵਿਅਕਤੀ ਰੋਜ਼ਾਨਾ ਮੁਫਤ ਔਸ਼ਧੀ ਲੈ ਕੇ

ਸੂਸਥ ਹੁੰਦੇ ਸਨ। ਜਿਹੜਾ ਇਕ ਵੀ ਪੁੜੀ ਲੈ ਲੈਂਦਾ ਸੀ, ਰੋਗ ਤੋਂ ਮੁਕਤ ਹੋ ਜਾਂਦਾ ਸੀ। ਆਪ ਜੀ ਦੀ ਤਿਆਰ ਕੀਤੀ ਹੋਈ ਔਸ਼ਧੀ ਅੰਮ੍ਰਿਤ ਸਮਾਨ ਸੀ। ਆਪ ਜੀ ਜੋਤਿਸ਼ ਦੇ ਵੀ ਅਦੁੱਤੀ ਪੰਡਿਤ ਸਨ।

(੪) ਮਹੰਤ ਹੀਰਾ ਸਿੰਘ ਜੀ ਗੁਰੂਸਰ ਖੁੱਡਾ ਵਾਲੇ ਵੀ ਪ੍ਰਸਿਧ ਵੈਦ ਸਨ। ਇਲਾਜ ਵੀ ਕਰਦੇ ਸਨ ਤੇ ਪੜ੍ਹਾਉਂਦੇ ਵੀ ਸਨ। ਇਸ ਡੇਰੇ ਵਿਚ ਮਹੰਤ ਗਣੇਸ਼ਾ ਸਿੰਘ ਜੀ ਮਹਾਨ ਵੈਦ ਹੋਏ ਹਨ ਜੋ ਅਨੇਕ ਤਰ੍ਹਾਂ ਦੀਆਂ ਔਸ਼ਧੀਆਂ ਬਨਾਉਣ ਵਿਚ ਪ੍ਰਸਿਧ ਸਨ। ਰੋਗੀ ਆਪ ਜੀ ਦੀ ਔਸ਼ਧੀ ਨੂੰ ਸੰਜੀਵਨੀ ਮੰਨਦੇ ਸਨ। ਆਪ ਜੀ ਨੇ ਆਯੁਰਵੈਦਿਕ ਵਿਚ ਅਤਿਅੰਤ ਖੋਜ ਕੀਤੀ ਸੀ। ਮਹੰਤ ਗਣੇਸ਼ਾ ਸਿੰਘ ਜੀ ਨਿਰਮਲ ਭੇਖ ਵਿਚ ਸਰਵ-ਪੱਖੀ ਵਿਦਵਾਨ ਹੋਏ ਹਨ। ਮਹੰਤ ਲਾਲ ਸਿੰਘ ਜੀ ਵੀ ਇਲਾਕੇ ਦੇ ਉਘੇ ਵੈਦ ਸਨ। ਵਰਤਮਾਨ ਮਹੰਤ, ਮਹੰਤ ਤੇਜਾ ਸਿੰਘ ਜੀ ਵੀ ਆਯੁਰਵੈਦਿਕ ਵਿਦਿਆ ਵਿਚ ਨਿਪੁੰਨ ਹਨ।

(੫) ਮਹੰਤ ਸੇਵਾ ਸਿੰਘ ਜੀ ਵੈਦਰਾਜ ਚਕਿਤਸਾ ਵਿਚ ਅਦੁੱਤੀ ਪ੍ਰਬੀਨਤਾ ਰਖਦੇ ਸਨ। ਚਕਿਤਸਾ ਇੰਨੀ ਦੀਰਘ ਦ੍ਰਿਸ਼ਟੀ ਨਾਲ ਪੜ੍ਹੀ ਕਿ ਡਾਕਟਰ ਵੀ ਮਾਤ ਪਾ ਦਿਤੇ। ਦੇਸੀ ਅਤੇ ਵਿਦੇਸ਼ੀ ਦਵਾਈਆਂ ਦੇ ਨਵੇਂ-ਨਵੇਂ ਮਿਕਸ਼ਚਰ ਤਿਆਰ ਕੀਤੇ। ਬਾਹਰਲੇ ਮੁਲਕਾਂ ਵਿਚੋਂ ਡਾਕਟਰੀ ਦੇ ਸਾਰੇ ਕੀਮਤੀ ਔਜ਼ਾਰ ਮੰਗਵਾਏ। ਇਥੋਂ ਤਕ ਯੋਗਤਾ ਪ੍ਰਾਪਤ ਕੀਤੀ ਕਿ ਜਿਨ੍ਹਾਂ ਅੰਨ੍ਹਿਆਂ (ਨੇਤਰਹੀਨਾਂ) ਨੂੰ ਅੱਖਾਂ ਦੇ ਸਪੈਸ਼ਲਿਸਟ ਡਾਕਟਰਾਂ ਨੇ ਜਵਾਬ ਦੇ ਦਿਤੇ ਸਨ ਉਨ੍ਹਾਂ ਦੇ ਅਸਾਧ ਰੋਗ ਆਪ ਜੀ ਦੀ ਔਸ਼ਧੀ ਨਾਲ ਕਟੇ ਗਏ। ਆਪ ਰੋਗੀਆਂ ਨੂੰ ਦਵਾਈ ਵੀ ਮੁਫਤ ਦਿੰਦੇ ਸਨ। ਖਾਣ ਵਾਸਤੇ ਕੋਲੋਂ ਖੁਰਾਕ ਵੀ ਦਿੰਦੇ ਸਨ।

(੬) ਪੰਡਿਤ ਤਾਰਾ ਸਿੰਘ ਜੀ ਖਡੂਰ ਸਾਹਿਬ ਵਾਲੇ ਨਾਮਰਸ ਵਿਚ ਰੰਗੇ ਹੋਏ ਇਕਾਗਰਚਿੱਤ ਔਸ਼ਧੀ ਵੰਡਦੇ ਰਹਿੰਦੇ ਸਨ। ਮਰੀਜ ਪੰਕਤੀਆਂ ਲਾਈ ਬੈਠੇ ਰਹਿੰਦੇ ਅਤੇ ਆਪਣੀ ਵਾਰੀ ਦੀ ਉਡੀਕ ਕਰਦੇ ਰਹਿੰਦੇ ਸਨ। ਜਿਹੜਾ ਵੀ ਔਸ਼ਧੀ ਲੈ ਜਾਂਦਾ ਹਰ ਤਰ੍ਹਾਂ ਦੇ ਰੋਗ ਤੋਂ ਮੁਕਤ ਹੋ ਜਾਂਦਾ ਸੀ। ਆਪ ਜੀ ਦੇ ਜੀਵਨ ਵਿਚ ਤਿੰਨ ਹੀ ਕੰਮ ਸਨ- ਨਾਮ ਜਪਣਾ, ਵਿਦਿਆਰਥੀਆਂ ਨੂੰ ਗੁਰਬਾਣੀ ਪੜ੍ਹਾਉਣੀ ਅਤੇ ਰੋਗੀਆਂ ਨੂੰ ਦਵਾਈ ਦੇਣੀ। ਆਪ ਜੀਵਨ ਭਰ ਇਹ ਪਰਉਪਕਾਰ ਕਰਦੇ ਰਹੇ। ਆਪ ਜੀ ਦਾ ਇਲਾਕੇ ਵਿਚ ਅਤਿ ਪ੍ਰਭਾਵ ਸੀ। ਆਪ ਜੀ ਦੇ ਉਤਰਾਧਿਕਾਰੀ ਪੰਡਿਤ ਸੁਰਜੀਤ ਸਿੰਘ ਜੀ ਵੀ ਇਸੇ ਪਰੰਪਰਾ ਅਨੁਸਾਰ ਸੇਵਾ ਕਰਦੇ ਰਹੇ।

(੭) ਮਾਲਵੇ ਵਿਚ ਪੰਡਿਤ ਹਰਿਕ੍ਰਿਸ਼ਨ ਸਿੰਘ ਜੀ ਉਗੋ ਆਯੁਰਵੈਦਾਚਾਰਯ ਚਕਿਤਸਾ ਵਿਚ ਪ੍ਰਸਿਧਤਾ ਰਖਦੇ ਸਨ। ਮਹੰਤ ਦਲੀਪ ਸਿੰਘ ਜੀ ਵੈਦਭੂਸ਼ਨ ਨੈਣੇਵਾਲ ਵਾਲੇ ਰੋਗੀਆਂ ਦੀ ਨਿਸ਼ਕਾਮ ਸੇਵਾ ਕਰਕੇ ਰੋਗ-ਸ਼ੋਕ ਕਟਦੇ ਰਹੇ।

(੮) ਪੰਡਿਤ ਤਾਰਾ ਸਿੰਘ ਜੀ, ਮਹੰਤ ਹਰਨਾਮ ਸਿੰਘ ਜੀ, ਮਹੰਤ ਹਰੀ ਸਿੰਘ ਜੀ ਗਲੀ ਬਾਗਵਾਲੀ (ਜੋ ਗਲਿਆਰੇ ਵਿਚ ਢਹਿਕੇ ਖਤਮ ਹੋ ਚੁਕੀ ਹੈ।) ਅੰਮ੍ਰਿਤਸਰ ਵਾਲੇ ਪ੍ਰਸਿੱਧ ਚਕਿਤਸਕ ਹੋਏ ਹਨ।

(੯) ਪੰਡਿਤ ਨਿਹਾਲ ਸਿੰਘ ਜੀ ਕਾਸ਼ੀ ਵਾਲੇ ਪ੍ਰਸਿਧ ਵੈਦ ਸਨ। ਅਨੇਕ ਰੋਗੀ ਆਪ ਜੀ ਤੋਂ ਸੂਸਥਤਾ ਪ੍ਰਾਪਤ ਕਰਦੇ ਸਨ। ਆਪ ਆਯੁਰਵੈਦਿਕ ਗ੍ਰੰਥਾਂ ਦੇ ਲੇਖਕ ਵੀ ਸਨ।

(੧੦) ਮਹੰਤ ਜੈ ਸਿੰਘ ਜੀ ਜੰਡਾਂਵਾਲਾ ਜਿਲ੍ਹਾ ਬਠਿੰਡਾ ਆਪਣੇ ਸਮੇਂ ਦੇ ਉਘੇ ਵੈਦ ਸਨ। ਰਿਆਸਤ ਫਰੀਦਕੋਟ ਦਾ ਮਹਾਰਾਜਾ ਅਤੇ ਸ਼ਾਹੀ ਘਰਾਣਾ ਆਪ ਜੀ ਦੀ ਔਸ਼ਧੀ ਤੇ ਵਿਸ਼ਵਾਸ ਰਖਦਾ ਸੀ। ਮਹਾਰਾਜੇ ਵਲੋਂ ਰਿਆਸਤ ਫਰੀਦਕੋਟ ਦੇ ਰਾਜ ਦਰਬਾਰ ਵਿਚ ਕੁਰਸੀ ਨਸ਼ੀਨ ਸਨ।

(੧੧) ਸ੍ਰੀਮਾਨ ਸੰਤ ਗੁਲਾਬ ਸਿੰਘ ਜੀ ਘੋਲੀਏ ਵਾਲੇ ਆਯੁਰਵੈਦਿਕ ਵਿਚ ਪ੍ਰਸਿਧ ਸਨ। ਅਸਾਧ ਰੋਗਾਂ ਦੀ

ਨਿਵ੍ਰਿਤੀ ਕਰਦੇ ਸਨ ਅਤੇ ਦਵਾਈ ਵੀ ਮੁਫਤ ਦਿੰਦੇ ਸਨ। ਨਾਮ ਸਿਮਰਨ ਵਾਲੇ, ਪੰਥ ਵਿਚ ਸਤਿਕਾਰ ਯੋਗ ਮਹਾਂਪੁਰਖ ਸਨ। ਆਪ ਜੀ ਤੋਂ ਬਾਅਦ ਮਹੰਤ ਗੁਰਬਖਸ਼ ਸਿੰਘ ਜੀ ਅਨੰਦ ਭਵਨ ਮੋਗੇ ਵਾਲੇ ਅਦੁਤੀ ਵੈਦ ਸਨ।

ਇਹਨਾਂ ਤੋਂ ਇਲਾਵਾ ਹੇਠ ਲਿਖੇ ਮਹਾਂਪੁਰਖ ਚਕਿਤਸਾ ਵਿਚ ਉਲੇਖਨੀਯ ਪ੍ਰਭਾਵ ਰਖਦੇ ਹਨ :

ਮਹੰਤ ਰਾਮ ਸਿੰਘ ਜੀ ਸਰੇਸਵਾਲਾ, ਸੰਤ ਬਾਬਾ ਜਵੰਦ ਸਿੰਘ ਜੀ ਖਵਾਸਪੁਰ, ਮਹੰਤ ਨਿਰੰਜਨ ਸਿੰਘ ਜੀ ਨਿਰਮਲ ਅਖਾੜਾ ਮਹੰਤ ਮੂਲ ਸਿੰਘ ਅੰਮ੍ਰਿਤਸਰ, ਪੰਡਿਤ ਬਲਬੀਰ ਸਿੰਘ ਜੀ ਵਿਯੋਗੀ ਸੰਤਪੁਰਾ ਮਾਡਲ ਟਾਊਨ ਦਿੱਲੀ, ਮਹੰਤ ਭੂਪ ਸਿੰਘ ਜੀ ਪਿੰਡ ਸ਼ਕੂਰ, ਮਹੰਤ ਲਾਲ ਸਿੰਘ ਜੀ ਵੈਦ ਸ਼ਾਸਤ੍ਰੀ ਭਗਤਾ ਭਾਈ, ਪੰਡਿਤ ਚੇਤਨ ਸਿੰਘ ਜੀ ਪਿੰਡ ਰਸੂਲਪੁਰ ਜ਼ਿਲਾ ਲੁਧਿਆਣਾ, ਸੰਤ ਪ੍ਰਤਾਪ ਸਿੰਘ ਜੀ ਚਿੱਟੀ ਕੁਟੀਆ ਰਾਮ ਰਾਏ ਲੰਗੜੋਆ ਜ਼ਿਲ੍ਹਾ ਨਵਾਂ ਸ਼ਹਿਰ, ਗਿਆਨੀ ਤੇਜ਼ਾ ਸਿੰਘ ਜੀ ਵੈਦ ਸ਼ਾਸਤ੍ਰੀ ਅੰਮ੍ਰਿਤਸਰ, ਸੰਤ ਰਾਮ ਸਿੰਘ ਜੀ ਪ੍ਰਸਿੱਧ ਰਾਮਯੋਗੀ ਲੁਧਿਆਣਾ, ਮਹੰਤ ਅਮਰ ਸਿੰਘ ਜੀ ਖਤਰਾਵਾਂ ਵਾਲੇ, ਮਹੰਤ ਸੁਰਿੰਦਰ ਸਿੰਘ ਜੀ ਅੰਮ੍ਰਿਤਸਰ, ਮਹੰਤ ਕ੍ਰਿਪਾਲ ਸਿੰਘ ਜੀ ਥੇਹ ਸਾਹਿਬ ਧੂੰਦਾ, ਗਿਆਨੀ ਮੰਗਲ ਸਿੰਘ ਜੀ ਥੇਹ ਸਾਹਿਬ ਧੂੰਦਾ, ਮਹੰਤ ਸਾਧੂ ਸਿੰਘ ਜੀ ਕੋਰੇਵਾਲਾ, ਮਹੰਤ ਰਵੇਲ ਸਿੰਘ ਜੀ ਪਿੰਡ ਡੱਲੀ ਵਾਲੇ, ਮਹੰਤ ਗੁਰਨਾਮ ਸਿੰਘ ਜੀ ਵੈਦਯ ਡੱਲੀ ਵਾਲੇ, ਮਹੰਤ ਅਮਰੀਕ ਸਿੰਘ ਜੀ ਡੇਰਾ ਬਾਬਾ ਪ੍ਰਦਮਨ ਸਿੰਘ ਮੋਨੀ ਚੌਂਕ ਅੰਮ੍ਰਿਤਸਰ, ਡਾ. ਮਹੰਤ ਪਿਆਰਾ ਸਿੰਘ ਜੀ ਪਿੰਡ ਬਾੜੀਆਂ, ਮਹੰਤ ਸ਼ਾਮ ਸਿੰਘ ਜੀ ਭਗਤਾ ਭਾਈ, ਮਹੰਤ ਗੋਪਾਲ ਸਿੰਘ ਜੀ ਨਿਰਮਲ ਅਖਾੜਾ ਮਹੰਤ ਮੂਲ ਸਿੰਘ ਅੰਮ੍ਰਿਤਸਰ, ਸੰਤ ਜਸਪਾਲ ਸਿੰਘ ਜੀ ਪ੍ਰਸਿੱਧ 'ਬਾਬਾ ਵੈਦ' ਅੰਮ੍ਰਿਤਸਰ, ਮਹੰਤ ਮੱਖਣ ਸਿੰਘ ਜੀ ਪਿੰਡ ਦਰੀਆ, ਮਹੰਤ ਕਮਲਜੀਤ ਸਿੰਘ ਜੀ ਸ਼ਾਸਤ੍ਰੀ ਸੁਖਨੰਦ ਵਾਲੇ, ਸੰਤ ਗੁਰਦੀਪ ਸਿੰਘ ਪਟਨੂਰਾ ਆਦਿਕ ਸਾਰੇ ਨਿਰਮਲੇ ਮਹਾਂਪੁਰਖ ਵਾਸਤਵ ਵਿਚ ਸਭ ਪਿੰਡਾਂ/ਸ਼ਹਿਰਾਂ ਦੇ ਸਾਰੇ ਡੇਰਿਆਂ ਵਿਚ ਚਕਿਤਸਾ ਕਰਦੇ ਹਨ।

## ਜੋਤਿਸ਼

ਨਿਰਮਲੇ ਸੰਤ ਜੋਤਿਸ਼ ਦੇ ਵੀ ਮਹਾਨ ਵਿਦਵਾਨ ਹੋਏ ਹਨ। ਇਸ ਵਿਦਿਆ ਦਾ ਦੀਰਘ ਦ੍ਰਿਸ਼ਟੀ ਨਾਲ ਅਧਿਐਨ ਕੀਤਾ ਸੀ। ਭਵਿਸ਼ਯ ਸਬੰਧੀ ਜੋ ਵੀ ਦਸਦੇ ਸਨ ਅੱਖਰ-ਅੱਖਰ ਸਤਿ ਹੁੰਦਾ ਸੀ। ਜੋਤਿਸ਼ ਅਤੇ ਸਮੁੰਦ੍ਰੀਕ ਦੋਵੇਂ ਮਿਲਦੀਆਂ ਜੁਲਦੀਆਂ ਹਨ। ਇਸ ਵਾਸਤੇ ਜੋਤਿਸ਼, ਸਮੁੰਦ੍ਰੀਕ ਵਿਚ ਇਕੱਠਾ ਹੀ ਵਰਣਨ ਕਰ ਰਹੇ ਹਾਂ।

(੧) ਠਾਕੁਰ ਨਿਹਾਲ ਸਿੰਘ ਜੀ ਥੋਹੇਖਾਲਸੇ ਵਾਲੇ ਮਹਾਨ ਵਿਦਵਾਨ ਹੋਏ ਹਨ। ਆਪ ਸੰਸਕ੍ਰਿਤ ਦੇ ਪ੍ਰਕਾਂਡ ਪੰਡਿਤ, ਰਾਗ ਦੇ ਧਨੀ, ਜੋਤਿਸ਼/ਸਮੁੰਦ੍ਰੀਕ ਦੇ ਵਿਸ਼ੇਸ਼ਗਯ ਸਨ। ਅਸੀਂ ਇਥੇ ਠਾਕੁਰ ਜੀ ਦੀ ਸਮੁੰਦ੍ਰੀਕ ਦ੍ਵਾਰਾ ਕੀਤੀ ਭਵਿਸ਼ਯਤ-ਵਾਰਤਾ ਅੰਕਿਤ ਕਰਦੇ ਹਾਂ ਜਿਸ ਤੋਂ ਆਪ ਜੀ ਦੇ ਡੂੰਘੇ ਅਧਿਐਨ ਦਾ ਪਤਾ ਲਗਦਾ ਹੈ।

ਇਕ ਵਾਰ ਸ੍ਰੀਮਾਨ ੧੦੮ ਪੂਜਯ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਆਪ ਜੀ ਨੂੰ ਮਿਲਣ ਵਾਸਤੇ 'ਦੁਖ ਭੰਜਨੀ ਆਸ਼੍ਰਮ' ਥੋਹਾਖਾਲਸਾ ਵਿਖੇ ਆਏ। ਇਸ ਸਮੇਂ ਸ੍ਰੀ ਸੰਤ ਜੀ ਮਹਾਰਾਜ ਪ੍ਰਸਿਧ ਨਹੀਂ ਸਨ। ਪਿੰਡ ਕਨੋਹੇ ਵਿਚ ਸਿਮਰਨ/ਤਪ ਕਰ ਰਹੇ ਸਨ। ਪੈਰਾਂ ਤੋਂ ਨੰਗੇ ਸਨ, ਉਪਰ ਕਾਲੀ ਕੰਬਲੀ ਲਈ ਹੋਈ ਸੀ। ਸ਼ਿਸ਼ਟਾਚਾਰ ਤੋਂ ਬਾਅਦ ਦੋਵੇਂ ਮਹਾਂਪੁਰਖ ਗਿਆਨ ਗੋਸ਼ਟ ਦ੍ਵਾਰਾ ਆਤਮਿਕ ਆਨੰਦ ਲੈਣ ਲਗੇ। ਸ੍ਰੀ ਸੰਤ ਜੀ ਮਹਾਰਾਜ ਦੇ ਪੈਰ ਦੀ ਤਲੀ ਠਾਕੁਰ ਜੀ ਵੇਖ ਰਹੇ ਸਨ। ਪੈਰ ਦੀ ਰੇਖਾ ਨੂੰ ਠਾਕੁਰ ਜੀ ਨੇ ਸਪੱਸ਼ਟ ਪੜ੍ਹ ਲਿਆ ਅਤੇ ਸੁਭਾਵਿਕ ਹੀ ਮੁਖ ਤੋਂ ਉਚਾਰਣ ਹੋ ਗਿਆ :

***"ਪਾਲਕੀਆਂ ਰਥ ਉਤੇ ਚਲਣਾ, ਰੇਖਾ ਪਈ ਬਤਾਂਦੀ।***<br>
***ਓੜ੍ਹੀ ਕੰਬਲੀ, ਜੁੱਤੀ ਨਾਹੀਂ, ਸਮਝੀ ਗਲ ਨ ਜਾਂਦੀ।"***

ਭਵਿੱਖ ਵਿਚ ਠਾਕੁਰ ਜੀ ਦਾ ਇਹ ਕਥਨ ਅੱਖਰ-ਅੱਖਰ ਸੱਤ ਹੋਇਆ। ਜੋ ਸਤਿਕਾਰ ਦੇਸ ਅਤੇ ਪੰਥ ਵਿਚ ਸ੍ਰੀਮਾਨ ੧੦੮ ਪੂਜਯ ਸੰਤ ਅਤਰ ਸਿੰਘ ਜੀ ਮਹਾਰਾਜ ਦਾ ਸੀ, ਉਹ ਸਰਵ ਪ੍ਰਸਿਧ ਹੈ।

(੨) ਬ੍ਰਹਮਕੁਟੀ ਕਾਸ਼ੀ ਦੇ ਮਹੰਤ ਪੰਡਿਤ ਬਸੰਤ ਸਿੰਘ ਜੀ ਮਹਾਨ ਵੈਦ ਸਨ ਅਤੇ ਆਲੌਕਿਕ ਜੋਤਿਸ਼ੀ ਸਨ। ਵਿਦਵਾਨਾਂ ਅਤੇ ਜਨਤਾ ਜਨਾਰਦਨ ਵਲੋਂ 'ਜੋਤਿਸ਼ ਸਮਰਾਟ' ਕਹਿਕੇ ਸਨਮਾਨਿਆ ਜਾਂਦਾ ਸੀ। ਬਿਨਾਂ ਪ੍ਰਸ਼ਨ ਤੋਂ ਹੀ ਫਲ ਦਸ ਦਿੰਦੇ ਸਨ। ਕਾਸ਼ੀ ਦੇ ਅਪੂਰਵ ਭਵਿਸ਼ਯ ਵਕਤਾ ਸਨ। ਜਦੋਂ ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵਵਿਦਿਆਲਯ, ਵਾਰਾਣਸੀ ਸਥਾਪਿਤ ਹੋਇਆ। ਆਪ ਜੀ ਨੇ ਨਿਯੁਕਤੀ ਹੋਣ ਵਾਲੇ ਆਚਾਰਯ ਦਾ ਨਾਮ, ਤਿਥਿ, ਵੇਤਨ, ਤਰੱਕੀ ਆਦਿ ਦਾ ਵਿਵਰਣ ਤਾਰੀਖ ਵਾਰ ਲਿਖਕੇ ਦੇ ਦਿਤਾ ਸੀ ਜੋ ਬਾਅਦ ਵਿਚ ਸੱਚ ਹੋਇਆ। ਵੱਡੇ-ਵੱਡੇ ਨੇਤਾਵਾਂ, ਵਿਦਵਾਨਾਂ ਦੀ ਬ੍ਰਹਮਕੁਟੀ ਵਿਚ ਜੋਤਿਸ਼ ਸਮਰਾਟ ਦੇ ਚਰਨਾਂ ਵਿਚ ਭੀੜ ਲੱਗੀ ਰਹਿੰਦੀ ਸੀ।

(੩) ਪ੍ਰਸਿਧ ਵੈਦ ਪੰਡਿਤ ਸੰਪੂਰਨ ਸਿੰਘ ਜੀ ਆਨੰਦਪੁਰ ਵਾਲੇ ਜੋਤਿਸ਼ ਵਿਦਿਆ ਵਿਚ ਵੀ ਪ੍ਰਵੀਨ ਸਨ।

(੪) ਪੰਡਿਤ ਮੰਗਲ ਸਿੰਘ ਜੀ ਪਟਿਆਲੇ ਵਾਲੇ ਜੋਤਿਸ਼ ਦੇ ਪੂਰਨ ਵਿਦਵਾਨ ਸਨ। ਆਪ ਜੀ ਨੇ ਜੋਤਿਸ਼ ਉਪਰ ਕਈ ਗ੍ਰੰਥ ਵੀ ਲਿਖੇ ਹਨ ਜਿਨ੍ਹਾਂ ਵਿਚੋਂ 'ਮਹੂਰਤ ਚੰਦ੍ਰਕਾ' ਪ੍ਰਸਿਧ ਗ੍ਰੰਥ ਹੈ।

(੫) ਸੰਤ ਭਗਵਾਨ ਸਿੰਘ ਜੀ ਫੁਲਾਂਵਾਲੇ ਜੋਤਿਸ਼ ਦੇ ਮਹਾਨ ਵਿਦਵਾਨ ਸਨ। ਜੋਤਿਸ਼ ਵਿਦਿਆ ਦੇ ਕਾਰਣ ਆਪ ਜੀ ਦਾ ਸਾਰੇ ਪੰਜਾਬ ਵਿਚ ਸਤਿਕਾਰ ਸੀ। ਸ਼ਹਿਰੀ ਹਿੰਦੂ ਜਾਤੀ, ਆਰੀਆਸਮਾਜੀ ਵੀ ਪਰਮ ਸਤਿਕਾਰ ਕਰਦੇ ਸਨ। ਜੋਤਿਸ਼ ਦੁਆਰਾ ਆਪ ਸਰਬਤ ਦੀ ਮਨੋਕਾਮਨਾ ਪੂਰਨ ਕਰਦੇ ਸਨ। ਸ਼ਰਧਾਲੂਆਂ ਨੂੰ ਗੁਰੂ ਘਰ ਦੇ ਸਿੱਖ ਬਣਾਉਂਦੇ ਸਨ। ਕਿਹਾ ਕਰਦੇ ਸਨ, "ਸਭ ਮਨੋਕਾਮਨਾ ਗੁਰੂ ਨਾਨਕ ਦੇ ਘਰ ਤੋਂ ਪੂਰੀਆਂ ਹੁੰਦੀਆਂ ਹਨ।" ਇਸ ਤਰ੍ਹਾਂ ਸਭ ਨੂੰ ਗੁਰਬਾਣੀ ਨਾਲ ਜੋੜਦੇ ਸਨ। ਆਪ ਗੁਰਮਤਿ ਦੇ ਵਿਦਵਾਨ, ਕਥਾ ਵਾਚਕ, ਵਿਆਖਿਆਨਦਾਤਾ ਅਤੇ ਕਵੀ ਵੀ ਸਨ।

(੬) ਪੰਡਿਤ ਸੰਤ ਸਿੰਘ ਜੀ ਸ਼ਾਸਤ੍ਰੀ ਜੋਤਿਸ਼ਾਚਾਰਯ, ਜੋਤਿਸ਼ ਦੇ ਪ੍ਰਸਿੱਧ ਵਿਦਵਾਨ ਸਨ, ਪਿੰਡ ਖਾਰਾ ਬਰਨਾਲਾ ਜ਼ਿਲਾ ਮਾਨਸਾ ਦੇ ਮਹੰਤ ਸਨ।

(੭) ਸਾਂਈਲੋਕ ਸ੍ਰੀ ਸੰਤ ਸੁਖਾ ਸਿੰਘ ਜੀ ਗਲੀ ਬਾਗਵਾਲੀ ਅੰਮ੍ਰਿਤਸਰ ਵਾਲੇ ਜੋਤਿਸ਼ ਦੇ ਮਹਾਨ ਵਿਦਵਾਨ ਸਨ। ਆਪ ਜੀ ਨੇ ਜੋਤਿਸ਼ ਉਪਰ ਇਕ ਗ੍ਰੰਥ ਵੀ ਲਿਖਿਆ ਹੈ। ਸੰਤ ਹਰੀ ਸਿੰਘ ਜੀ ਤਖ਼ਤੂਪੁਰਾ (ਜ਼ਿਲਾ ਮੋਗਾ) ਵਾਲੇ ਵੀ ਜੋਤਿਸ਼ ਵਿਦਿਆ ਵਿਚ ਨਿਪੁੰਨ ਸਨ। ਆਪ ਜੀ ਨੇ ਵੀ ਜੋਤਿਸ਼ ਉਪਰ ਇਕ ਗ੍ਰੰਥ ਲਿਖ ਕੇ ਪ੍ਰਕਾਸ਼ਤ ਕੀਤਾ ਹੈ।

(੮) ਸੰਤ ਭਗਵਾਨ ਸਿੰਘ ਜੀ ਜੋਤਿਸ਼ੀ ਪਿੰਡ ਮਾਹਲਾਕਲਾਂ ਜ਼ਿਲਾ ਫਰੀਦਕੋਟ ਵਾਲਿਆਂ ਨੇ 'ਸ੍ਰਿਸ਼ਟੀ ਦਰਪਨ' ਗ੍ਰੰਥ ਅੰਕਿਤ ਕੀਤਾ ਹੈ।

(੯) ਮਹੰਤ ਬਲਵਿੰਦਰ ਸਿੰਘ ਜੀ ਅਜੀਤਵਾਲ (ਜ਼ਿਲ੍ਹਾ ਮੋਗਾ) ਵਾਲੇ ਪ੍ਰਸਿੱਧ ਜੋਤਿਸ਼ੀ ਹਨ।

## ਯੋਗਾਭਿਆਸ

ਯੋਗਾਭਿਆਸ ਬੜਾ ਕਠਨ ਸਾਧਣ ਹੈ। ਚਿੱਤ ਦੀਆਂ ਵ੍ਰਿਤੀਆਂ ਨੂੰ ਰੋਕ ਕੇ ਇਹ ਸਾਧਨ ਹੁੰਦਾ ਹੈ। ਮਨ ਨੂੰ ਇਕਾਗਰ ਕਰਨਾ ਪੈਂਦਾ ਹੈ। ਸਰੀਰ ਨੂੰ ਕਈ ਕਠਨ ਸਾਧਨ ਕਰਨੇ ਪੈਂਦੇ ਹਨ। ਸੰਸਾਰ ਦੇ ਰੰਗ ਤਮਾਸ਼ਿਆਂ ਦਾ

ਤਿਆਗ ਕਰਨਾ ਪੈਂਦਾ ਹੈ। ਯੋਗਾਭਿਆਸ ਨਾਲ ਸਰੀਰ ਦੀ ਸ਼ੁਧੀ, ਆਯੂ ਦੀ ਵ੍ਰਿਧੀ, ਰੋਗਾਂ ਦੀ ਨਿਵ੍ਰਿਤੀ ਹੁੰਦੀ ਹੈ।

ਨਿਰਮਲ ਪੰਥ ਵਿਚ ਮਹਾਨ ਯੋਗਾਭਿਆਸੀ ਸੰਤ ਮੋਹਰ ਸਿੰਘ ਜੀ ਸਨ ਜੋ ਸੈਂਕੜਿਆਂ ਨੂੰ ਯੋਗ ਦਾ ਅਭਿਆਸ ਕਰਵਾਉਂਦੇ ਸਨ। ਆਪ ਜੀ ਨੇ ਯੋਗ ਦੀ ਵਿਦਿਆ ਸੰਤ ਚੰਪਾ ਸਿੰਘ ਜੀ ਤੋਂ ਸਿੱਖੀ ਸੀ। ਪ੍ਰਾਣਾਯਾਮ ਦੇ ਪ੍ਰਕਾਰ, ਉਠਣ-ਬੈਠਣ ਦੀ ਕਿਰਿਆ, ਸਮੇਂ-ਕੁਸਮੇਂ ਦੇ ਪ੍ਰਕਾਰ, ਸਾਂਗੋਪਾਂਗ ਸਿੱਖ ਲਏ ਅਤੇ ਯੋਗੀਰਾਜ ਦੇ ਨਾਮ ਨਾਲ ਪ੍ਰਸਿੱਧ ਹੋਏ।

ਆਪ ਜੀ ਕੋਲ ਬਹੁਤ ਵਿਅਕਤੀ ਯੋਗ ਦੀ ਵਿਦਿਆ ਸਿੱਖਣ ਵਾਸਤੇ ਆਉਣ ਲਗੇ। ਆਪ ੨੫ ਸੰਤਾਂ ਤੋਂ ਯੋਗਾਭਿਆਸ ਕਰਵਾਉਂਦੇ ਸਨ। ੪-੫ ਸੰਤਾਂ ਨੂੰ ਸੇਵਾ ਵਾਸਤੇ ਰਖਦੇ ਸਨ। ਅਗਲੇ ਮਹੀਨੇ ਪਹਿਲੇ ਸੇਵਾਦਾਰਾਂ ਨੂੰ ਅਭਿਆਸ ਵਿਚ ਲਾਕੇ ਸੇਵਾ ਲਈ ਹੋਰ ਕਢੇ ਜਾਂਦੇ ਸਨ। ਇਹ ਯੋਗ ਦਾ ਅਭਿਆਸ ਕ੍ਰਮਵਾਰ ਚਲਦਾ ਸੀ। ਅਨੇਕ ਸੰਤਾਂ ਨੇ ਯੋਗ ਦੀ ਕ੍ਰਿਆ ਸਿੱਖੀ। ਸਾਰੇ ਮੱਤਾਂ ਦੇ ਸੰਤ ਆ-ਆ ਕੇ ਇਹ ਵਿਦਿਆ ਪ੍ਰਾਪਤ ਕਰਦੇ ਰਹੇ। ਸੰਤ ਮੋਹਰ ਸਿੰਘ ਜੀ ਨੇ ਯੋਗ ਉਪਰ ਇਕ ਗ੍ਰੰਥ 'ਯੋਗ ਸਿਖਿਆ ਪ੍ਰਭਾਕਰ' ਵੀ ਲਿਖਿਆ ਹੈ, ਜੋ ਪੁਰਾਤਨ ਸਾਧ ਭਾਸ਼ਾ ਗੁਰਮੁਖੀ ਲਿਪੀ ਵਿਚ ਹੈ। ਸੰਤ ਮੋਹਰ ਸਿੰਘ ਜੀ ੧੪੫ ਵਰਸ਼ ਦੀ ਆਯੂ ਵਿਚ ਬ੍ਰਹਮਲੀਨ ਹੋਏ ਸਨ।

ਸੰਸਕ੍ਰਿਤ ਦੇ ਪ੍ਰਸਿਧ ਵਿਦਵਾਨ ਪੰਡਿਤ ਈਸ਼ਰ ਸਿੰਘ ਜੀ 'ਕਲਿਯੁਗ' ਵੀ ਯੋਗਸ਼ਾਸਤ੍ਰ ਦਾ ਅਦੁੱਤੀ ਗਿਆਨ ਰਖਦੇ ਸਨ। ਮੈਸਮਰੇਜ਼ਮ ਦੇ ਵੀ ਵਿਸ਼ੇਸ਼ਗਯ ਸਨ।

# ਸਾਹਿਤਯ ਸੇਵਾ

ਨਿਰਮਲ ਮਹਾਂਪੁਰਖਾਂ ਨੇ ਜੋ ਸਾਹਿਤਯ ਵਿਚ ਯੋਗਦਾਨ ਪਾਇਆ ਹੈ ਉਸਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ, ਥੋੜ੍ਹੀ ਹੈ। ਸੈਂਕੜੇ ਗ੍ਰੰਥਾਂ ਦੀ ਰਚਨਾ ਕੀਤੀ ਹੈ। ਭਾਵੇਂ ਗੁਰਬਾਣੀ ਪ੍ਰਚਾਰ, ਗੁਰੂ ਨਾਨਕ ਸਿਧਾਂਤ ਦੀ ਵਿਆਖਿਆ ਕਰਨੀ ਹੀ ਮੁੱਖ ਉਦੇਸ਼ ਰਿਹਾ ਹੈ ਫਿਰ ਵੀ ਧਰਮ, ਕਰਮਕਾਂਡ, ਵੇਦਾਂਤ, ਨਯਾਯ, ਇਤਿਹਾਸ, ਮਿਥਿਹਾਸ, ਟੀਕੇ, ਕੋਸ਼, ਸਾਹਿਤਯ, ਛੰਦ ਸ਼ਾਸਤ੍ਰ, ਆਯੁਰਵੈਦਿਕ ਆਦਿਕ ਅਨੇਕਾਂ ਹੀ ਵਿਸ਼ਿਆ ਉਪਰ ਗ੍ਰੰਥ ਰਚਨਾ ਕੀਤੀ ਹੈ। ਇਨ੍ਹਾਂ ਮਹਾਂਪੁਰਖਾਂ ਦਾ ਮਨ ਕਿਸੇ ਭਾਸ਼ਾ, ਕਿਸੇ ਵਿਸ਼ੇ ਪ੍ਰਤੀ ਸੰਕੀਰਣ ਨਹੀਂ ਸੀ। ਇਸ ਵਾਸਤੇ ਹਿੰਦੀ, ਬ੍ਰਜ ਭਾਸ਼ਾ, ਸੰਸਕ੍ਰਿਤ ਅਤੇ ਪੰਜਾਬੀ ਸਮਰੂਪ ਵਿਚ ਲਿਖਦੇ ਰਹੇ ਹਨ। ਜਿਵੇਂ ਕਿ ਉਪਰ ਦਸਿਆ ਹੈ ਗੁਰਮਤਿ ਦੀ ਵਿਆਖਿਆ ਨੂੰ ਹੀ ਮੁਖ ਰਖਿਆ ਹੈ ਜਿਸ ਨਾਲ ਸਾਰੇ ਭਾਰਤ ਵਿਚ ਗੁਰਮਤਿ ਦਾ ਪ੍ਰਚਾਰ/ਗਿਆਨ ਹੋਇਆ ਹੈ। ਦਸਾਂ ਗੁਰੂਆਂ ਦੇ ਸਿਧਾਂਤ/ਉਪਕਾਰਾਂ ਨੂੰ ਘਰ-ਘਰ ਪਹੁੰਚਾਇਆ ਹੈ। ਮਹਾਨ ਲੇਖਕਾਂ ਵਿਚ ਪੰਡਿਤ ਗੁਲਾਬ ਸਿੰਘ ਜੀ, ਪੰਡਿਤ ਤਾਰਾ ਸਿੰਘ ਜੀ ਨਰੋਤਮ, ਪ੍ਰਸਿਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ, ਗਿਆਨੀ ਬਦਨ ਸਿੰਘ ਜੀ ਸੇਖਵਾਂ ਵਾਲੇ ਅਤੇ ਮਹੰਤ ਗਣੇਸ਼ਾ ਸਿੰਘ ਜੀ ਪ੍ਰਸਿਧ ਹਨ। ਅਸੀਂ ਨਿਰਮਲ ਭੇਖ ਦੀ ਮਹਾਨ ਸਾਹਿਤਯ ਰਚਨਾ ਦਾ ਦਿਗਦਰਸ਼ਨ ਪਾਠਕਾਂ ਨੂੰ ਕਰਵਾਉਣ ਦਾ ਯਤਨ ਕਰਾਂਗੇ।

## ਪੰਡਿਤ ਗੁਲਾਬ ਸਿੰਘ ਜੀ

ਆਪ ਨਿਰਮਲ ਪੰਥ ਵਿਚ ਮਹਾਨ ਵਿਦਵਾਨ ਹੋਏ ਹਨ। ਸੰਸਕ੍ਰਿਤ ਦੇ ਆਪ ਪ੍ਰਕਾਂਡ ਪੰਡਿਤ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਉਦੇਸ਼ ਅਨੁਸਾਰ ਆਪ ਜੀ ਨੇ ਸੰਸਕ੍ਰਿਤ ਗ੍ਰੰਥਾਂ ਨੂੰ ਬ੍ਰਜ ਭਾਸ਼ਾ ਗੁਰਮੁਖੀ ਲਿਪੀ ਵਿਚ ਅੰਕਿਤ ਕਰਕੇ ਸਰਬ ਸਾਧਾਰਣ ਵਾਸਤੇ ਸੁਖੈਨ ਸਾਹਿਤਯ ਪੈਦਾ ਕਰਨ ਦਾ ਯਤਨ ਕੀਤਾ ਹੈ। ਸੰਸਕ੍ਰਿਤ ਅਨੁਵਾਦ ਤੋਂ ਉਨ੍ਹਾਂ ਦੀ ਅਪੂਰਵ ਪੰਡਿਤਾਈ ਦਾ ਪਤਾ ਲਗਦਾ ਹੈ। ਇਹ ਵੀ ਪਤਾ ਲਗਦਾ ਹੈ ਕਿ ਆਪ ਜੀ ਛੰਦ ਸ਼ਾਸਤ੍ਰ, ਅਲੰਕਾਰ, ਸਾਹਿਤਯ ਦੇ ਅਦੁੱਤੀ ਗਿਆਤਾ, ਸਰਬ ਪੱਖੀ ਵਿਦਵਾਨ ਸਨ। ਆਪ ਜੀ ਦੇ ਲਿਖੇ ਚਾਰ ਗ੍ਰੰਥ ਮਿਲਦੇ ਹਨ :

| | |
|---|---|
| ਭਾਵਰਸਾਮ੍ਰਿਤ | ੧੮੩੪ ਬਿ: (੧੭੭੭ ਈ:) |
| ਮੋਕਸ਼ ਪੰਥ ਪ੍ਰਕਾਸ਼ | ੧੮੩੫ ਬਿ: (੧੭੭੮ ਈ:) |
| ਅਧਿਆਤਮ ਰਾਮਾਯਣ | ੧੮੩੬ ਬਿ: (੧੭੭੯ ਈ:) |
| ਪ੍ਰਬੋਧ ਚੰਦ੍ਰੋਦਯ ਨਾਟਕ | ੧੮੩੬ ਬਿ: (੧੭੮੯ ਈ:) |

## ਭਾਵਰਸਾਮ੍ਰਿਤ [1]

ਇਸ ਗ੍ਰੰਥ ਵਿਚ ਸਗੁਣ ਰਾਮ ਭਗਤੀ ਦਾ ਵਰਣਨ ਕੀਤਾ ਗਿਆ ਹੈ। ਭਗਤੀ ਦੀ ਮਹਿਮਾ ਆਪਣੇ-ਆਪ ਪ੍ਰਗਟ ਹੁੰਦੀ ਹੈ। ਭਰਥਰੀ ਹਰੀ ਕ੍ਰਿਤ ਵੈਰਾਗਸ਼ਤਕ ਦੇ ਕਈ ਪਦਾਂ ਦੀ ਝਲਕ ਭਾਵਰਸਾਮ੍ਰਿਤ ਵਿਚ ਝਲਕਦੀ ਹੈ। ਇਹ ਅਤਿਅੰਤ ਉਤਮ ਰਚਨਾ ਹੈ ਜਿਸ ਵਿਚ ਸ਼ਾਂਤ ਰਸ, ਸ਼ਿੰਗਾਰ ਰਸ ਅਤੇ ਕਰੁਣਾ ਰਸ ਦਾ ਸੁੰਦਰ ਸੁਮੇਲ ਹੈ।

## ਮੋਕਸ਼ ਪੰਥ ਪ੍ਰਕਾਸ਼

ਇਹ ਗ੍ਰੰਥ ਰਤਨ ਅੰਮ੍ਰਿਤਸਰ ਵਿਚ ਲਿਖਿਆ ਗਿਆ ਹੈ। ਇਹ ਭਾਰਤੀ ਦਰਸ਼ਨ, ਸ਼ਾਸਤ੍ਰ ਦਾ ਪ੍ਰਮਾਣਿਕ ਗ੍ਰੰਥ ਹੈ। ਉਤਰੀ ਭਾਰਤ (ਸਾਹਿਤਕ) ਵਿਚ ਅਜਿਹਾ ਦੂਸਰਾ ਗ੍ਰੰਥ ਨਹੀਂ ਹੈ।

ਸ੍ਰੀ ਸੰਤ ਨਿਹਾਲ ਸਿੰਘ ਜੀ ਕਵੀਂਦ੍ਰ ਨੇ ਇਸ ਗ੍ਰੰਥ ਬਾਰੇ ਰੌਚਿਕ ਉਥਾਨਕਾ ਲਿਖੀ ਹੈ ਅਤੇ ਦਸਿਆ ਹੈ ਕਿ 'ਮੋਕਸ਼ ਪੰਥ ਪ੍ਰਕਾਸ਼' ਦੇ ਲੇਖਕ ਪੰਡਿਤ ਗੁਲਾਬ ਸਿੰਘ ਜੀ ਦੇ ਮਹਾਂਪੁਰਖ (ਗੁਰੂਦੇਵ) ਬ੍ਰਹਮਗਿਆਨੀ ਪੰਡਿਤ ਮਾਨ ਸਿੰਘ ਜੀ ਦਸਮ ਗੁਰੂ ਜੀ ਦੇ ਹਜ਼ੂਰੀ ਸਿੱਖ ਸਨ ਜੋ ਸਤਿਗੁਰੂ ਜੀ ਦੇ ਚਰਨਾਂ ਵਿਚ ਬੈਠਕੇ ਪਰਮਾਰਥ ਸਬੰਧੀ, ਗੁਰਬਾਣੀ ਦੇ ਅਰਥਾਂ ਸਬੰਧੀ ਸ਼ੰਕਾ ਨਿਵ੍ਰਿਤ ਕਰਦੇ ਰਹਿੰਦੇ ਸਨ। ਕਈ ਵਾਰ ਬੜੇ ਰਹਸਜ ਭਰੇ ਪ੍ਰਸ਼ਨ ਕਰਦੇ ਸਨ। ਦਸਮ ਪਿਤਾ ਜੀ ਵੀ ਅਧਿਕਾਰੀ ਸਮਝਕੇ ਵਿਚਾਰ ਪੂਰਬਕ ਗੋਹਝ ਖੋਲ੍ਹਕੇ ਸ਼ੰਕਾ ਸਮਾਧਾਨ ਕਰਦੇ ਸਨ।

ਸਤਿਗੁਰੂ ਦਸਮ ਪਾਤਸ਼ਾਹ ਦੇ ਚਰਨਾਂ ਵਿਚ ਬੈਠਕੇ ਪ੍ਰਾਪਤ ਕੀਤਾ ਹੋਇਆ ਇਹ ਬ੍ਰਹਮਗਿਆਨ ਅਗੇ

---

*੧. ਸੰਤ ਤੀਰਥ ਸਿੰਘ ਜੀ ਨਿਰਮਲਾ ਨੇ ਭਾਵਰਸਾਂਮ੍ਰਿਤ (Bhàvrasàmrit) ਦਾ ਅੰਗਰੇਜੀ ਭਾਸ਼ਾ ਵਿਚ ਵਿਆਖਿਆ ਸਾਹਿਤ ਵਿਸਤਾਰ ਪੂਰਬਕ ਟੀਕਾ ਕੀਤਾ ਹੈ। ਤੀਰਥ ਸਿੰਘ ਨਿਰਮਲਾ ਬਰਤਾਨਵੀ ਜਮਪਲ ਹੈ ਤੀਰਥ ਸਿੰਘ ਨੇ ਭਾਰਤ (ਪੰਜਾਬ/ ਪਟਿਆਲਾ) ਵਿਚ ਆ ਕੇ ਪੰਜਾਬੀ ਸਭਿਆਚਾਰ, ਇਤਿਹਾਸ ਅਤੇ ਭਾਸ਼ਾ ਦਾ ਵਿਸ਼ੇਸ਼ ਰੁਚੀ ਨਾਲ ਅਧਿਐਨ ਕੀਤਾ ਹੈ। ਆਪ ਅਤਿਅੰਤ ਸੁੰਦਰ ਪੰਜਾਬੀ ਬੋਲਦੇ ਅਤੇ ਲਿਖਦੇ ਹਨ। ਜਨਮ ੭-੯-੧੯੭੭ ਨੂੰ ਲੈਸਟਰ (Leicester) ਨਗਰ ਵਿਖੇ ਹੋਇਆ। ਪੂਰਵ ਨਾਮ ਜੋਹਨ ਵੀਵਰ (John Weaver), ਪਿਤਾ ਜੀ ਦਾ ਨਾਮ ਸ੍ਰੀ ਸਟੂਅਰਟ ਇਵੇਇਨਜ਼ (Mr. Atuart Evans) ਅਤੇ ਮਾਤਾ ਜੀ ਦਾ ਨਾਮ ਸ੍ਰੀਮਤੀ ਜੇਇਨ ਇਵੇਇਨਜ਼ (Mrs. Jane Evans) ਹੈ। ਆਪ ਜੀ ਦੀ ਵਿਸ਼ੇਸ਼ ਰੁਚੀ ਧਰਮ ਅਧਿਐਨ ਅਤੇ ਮਨੋਗਿਆਨ (Religious Studies and psychology) ਦੇ ਵਿਸ਼ਿਆਂ ਵਿਚ ਹੈ। ਆਪ ਜੀ ਲੈਸਟਰ ਦੇ ਇਕ ਕਾਲਜ ਵਿਚ ਬਤੌਰ ਲੈਕਚਰਾਰ (Lecturer) ਕੰਮ ਕਰ ਰਹੇ ਹਨ। ਪੜ੍ਹਨ-ਪੜ੍ਹਾਨ ਤੇ ਖੋਜ ਦੇ ਕੰਮ ਵਿਚ ਹਮੇਸ਼ਾਂ ਵਿਅਸਤ ਰਹਿੰਦੇ ਹਨ। ਆਪ ਜੀ ਨੇ ਭਾਰਤ/ਪੰਜਾਬ ਵਿਚ ਗੁਰਬਾਣੀ ਅਤੇ ਵੇਦਾਂਤ ਦਾ ਵਿਸ਼ੇਸ਼ ਅਧਿਐਨ ਕੀਤਾ ਹੈ। ਹੇਠ ਲਿਖੇ ਅਨੁਸਾਰ ਸਾਹਿਤ ਵਿਚ ਯੋਗਦਾਨ ਪਾਇਆ ਹੈ।*

*(ੳ) ਭਵਰਸਾਂਮ੍ਰਿਤ ਦਾ ਅੰਗਰੇਜ਼ੀ ਵਿਚ ਅਨੁਵਾਦ ਅਤੇ ਵਿਆਖਿਆ (translation and commentary)*

*(ਅ! ਸੇਵਾਪੰਥੀ ਸੰਪ੍ਰਦਾਇ ਦੇ ਗ੍ਰੰਥ ਬਿਬੇਕਸਾਰ (Bibeksar) ਦਾ ਅਨੁਵਾਦ ਅਤੇ ਵਿਆਖਿਆ (translation and commentary) ਕੀਤੀ ਹੈ।*

*(ੲ) ਨਿਰਮਲ ਪੰਥ ਪ੍ਰਦਾਪਿਕਾ (ਗਿਆਨੀ ਗਿਆਨ ਸਿੰਘ) ਦਾ ਅੰਗ੍ਰੇਜ਼ੀ ਭਾਸ਼ਾ ਵਿਚ ਅਨੁਵਾਦ ਕੀਤਾ ਹੈ।*

*ਇਹ ਸਭ ਆਪ ਜੀ ਦੀ ਘਾਲਣਾ ਵਿਚ ਸ਼ਾਮਲ ਹੈ। ਆਪ ਜੀ ਦੀਆਂ ਕਈ ਹੋਰ ਰਚਨਾਵਾਂ ਵੈਬ-ਸਾਈਟ (Web-site) ਤੇ ਵੀ ਪ੍ਰਚਲਤ ਹਨ। ਵਿਸ਼ਵ ਧਰਮਾਂ ਦਾ ਅਧਿਐਨ ਅਤੇ ਵਿਸ਼ਵ ਧਰਮ ਸੰਮੇਲਨ ਕਰਵਾਉਣੇ ਵੀ ਆਪ ਜੀ ਦੀ ਵਿਸ਼ੇਸ਼ ਲਗਨ ਵਿਚ ਹਨ।*

*ਆਪ ਜੀ ਨਿਰਮਲ ਪੰਥ (ਸਿੱਖ ਧਰਮ) ਵਿਚ ਪ੍ਰਵੇਸ਼ ਕਰਕੇ ਜੋਹਨ ਤੀਰਥ ਸਿੰਘ (Johan Tirath Singh) ਬਣ ਗਏ ਹਨ। ਆਪ ਜੀ ਦੇ ਵਿਦਿਆ ਗੁਰੂ ਪ੍ਰੋ. ਸ਼ੇਰ ਸਿੰਘ ਜੀ ਮਹਾਨ ਵਿਦਵਾਨ ਨਿਰਮਲ ਸੰਤ ਹਨ ਜੋ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪ੍ਰੋਫੈਸਰ ਰਹੇ ਹਨ ਜਿਨ੍ਹਾਂ ਦੇ ਉਪਦੇਸ਼ ਨਾਲ ਆਪ ਜੀ ਨੇ ਸਿੱਖੀ ਵਿਚ ਪ੍ਰਵੇਸ਼ ਕੀਤਾ।*

ਆਪਣੇ ਸ਼ਿਸ਼ ਪੰਡਿਤ ਗੁਲਾਬ ਸਿੰਘ ਜੀ ਨੂੰ ਮੌਖਿਕ ਰੂਪ ਵਿਚ ਬਖਸ਼ਿਆ ਜੋ ਸਮਾਂ ਪਾਕੇ ਪੰਡਿਤ ਗੁਲਾਬ ਸਿੰਘ ਜੀ ਵਲੋਂ ਇਸ ਬ੍ਰਹਮਗਿਆਨ ਨੂੰ 'ਮੋਕਸ਼ ਪੰਥ ਪ੍ਰਕਾਸ਼' ਦੇ ਰੂਪ ਵਿਚ ਪ੍ਰਗਟ ਕੀਤਾ ਗਿਆ। ਸ੍ਰੀ ਸੰਤ ਨਿਹਾਲ ਸਿੰਘ ਜੀ ਕਵੀਂਦ੍ਰ ਇਸ ਵਾਰਤਾ ਨੂੰ ਇਸ ਤਰ੍ਹਾਂ ਲਿਖਦੇ ਹਨ :

"ਏਕ ਸਮੇਂ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਕੇ ਹਜ਼ੂਰ ਦੀਵਾਨ ਕੇ ਸਮੇਂ ਸ੍ਰੀ ਭਾਈ ਮਾਨ ਸਿੰਘ ਨਿਰਮਲੇ ਅਪਨੇ ਗਰ ਮੇਂ ਅੰਚਰ ਡਾਰ ਕੇ ਬੜੀ ਨਿੰਮ੍ਰਤਾ ਪੂਰਬਕ ਪ੍ਰਣਾਮ ਕਰਕੇ ਸ੍ਰੀ ਸਤਿਗੁਰੂ ਜੀ ਕੇ ਸਨਮੁਖ ਤਤਪਰ ਹੋ ਕੇ ਠਾਂਢੇ ਹੋਤੇ ਭਏ। ਤਿਸੀ ਸਮੇਂ ਸਤਿਗੁਰੂ ਕ੍ਰਿਪਾਲੂ ਨੇ ਅੰਮ੍ਰਿਤ ਦ੍ਰਿਸ਼ਟੀ ਕਰਕੇ ਕ੍ਰਿਪਾਲਤਾ ਕੀ ਬਾਣੀ ਸੋ ਪੂਛਾ : ਜੋ ਹੇ ਮਾਨ ਸਿੰਘ ਕਹੁ ਕਯਾ ਕਹਯਾ ਚਾਹਤਾ ਹੈ। ਤਬ ਮਾਨ ਸਿੰਘ ਜੀ ਬੋਲੇ। ਹੇ ਸਤਿਗੁਰੋ ਗ੍ਰੰਥ ਜੁ ਕੇ ਮਾਰੂ ਰਾਗ ਮੈਂ ਜੋ ਪਹਿਲੇ ਮਹੱਲੇ ਕੇ ਸੋਲਹੇ ਹੈਨ। ਤਿਨ ਕੇ ਬੀਚ ਤੇ ਸਤਾਰਵੇਂ ਕੀ ਨਾਵੀਂ ਪੌੜੀ ਕੇ ਆਦਿ ਮੈਂ ਜੋ ਲਿਖੀ ਹੈ ਏ ਤੁਕ। ਸਾਮਵੇਦ ਰਿਗ ਯਜੁਰ ਅਥਰਥਣ ਇਸ ਤੁਕ ਕਾ ਜੋ ਅਸਲ ਤਾਤਪਰਯ ਹੈ ਸੋ ਕ੍ਰਿਪਾ ਕਰਕੇ ਲਿਖ ਬਖਸ਼ ਕੇ ਸਮਝਾਓ ਜੀ।

ਤਬ ਸ੍ਰੀ ਸਤਿਗੁਰੂ ਕਹਿਤੇ ਭਏ ਧੰਨ ਭਾਈ ਮਾਨ ਸਿੰਘ ਤੂੰ ਧੰਨ ਜਿਸ ਤੈਨੇ ਐਸਾ ਉਤਮ ਪ੍ਰਸ਼ਨ ਜੀਵੋਂ ਕੇ ਉਧਾਰ ਹੇਤ ਕੀਨਾ ਹੈ। ਇਸ ਤੇ ਤੇਰਾ ਵੱਡਾ ਜਸ ਹੋਵੇਗਾ। ਹੇ ਸਿੱਖ ਇਸ ਤੁਕ ਮੈਂ ਚਾਰੋਂ ਬੇਦੋਂ ਕੇ ਨਾਮ ਅਸਲ ਅਭਿਪ੍ਰਾਯ ਤੋਂ ਚਾਰੋਂ ਮਹਾਂਵਾਕ ਹੈ। ਐਸੇ ਕਹਿਕੇ ਕਾਗਦ ਕਲਮ ਦਵਾਤ ਮੰਗਵਾਇ ਵਾਰਤਕ ਰੂਪ ਛੰਦੋਗ ਆਦਿਕੋ ਕੇ ਪ੍ਰਮਾਣ ਸਮੇਤ ਲਿਖ ਬਖਸ਼ਤੇ ਭਏ ਅਤੇ ਫਰਮਾਤੇ ਭਏ ਜੋ ਕਿਸੇ ਏਕਾਂਤ ਸਮੇਂ ਹਮਾਰੀ ਰਸਨਾ ਤੇ ਇਸ ਵਾਰਤਕ ਕਾ ਅਰਥ ਸੁਣ ਭੀ ਲੈਣਾ।

ਤਬ ਮਾਨ ਸਿੰਘ ਜੀ ਨੇ ਸਤ ਬਚਨ ਕਹਯਾ। ਤਦਾਅਨੰਤ ਤੈਸੇ ਹੀ ਕਰਾ। ਸਤਯੋਪਦੇਸ ਰਿਦੈ ਮੈਂ ਧਾਰ। ਕਾਲਾਤ੍ਰ ਮੈਂ ਉਸੀ ਵਾਰਤਕ ਕਾ ਅਭਿਪ੍ਰਾਯ ਸ੍ਰੀ ਮਾਨ ਸਿੰਘ ਜੂ ਨੇ ਆਪਣੇ ਸੇਵਕ ਗੁਲਾਬ ਸਿੰਘ ਕੌਂ ਕਰ ਦੀਆ। [੧]

ਪ੍ਰੰਤੂ ਸ੍ਰੀ ਪੰਡਿਤ ਗੁਲਾਬ ਸਿੰਘ ਜੀ ਨੇ ਮੌਕਸ਼ ਪੰਥ ਪ੍ਰਕਾਸ਼ ਦਾ ਆਧਾਰ ਅੰਮ੍ਰਿਤ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਿਆ ਹੈ। ਇਸੇ ਵਾਸਤੇ ਸ੍ਰੀ ਮੌਕਸ਼ ਪੰਥ ਪ੍ਰਕਾਸ਼ ਦੇ ਆਰੰਭ ਵਿਚ ਫੁਰਮਾਇਆ ਹੈ ਕਿ ਜੋ ਅੰਮ੍ਰਿਤ ਬਚਨ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਉਨ੍ਹਾਂ ਦਾ ਅਸੀਂ ਵਿਸਤਾਰ ਪੂਰਬਕ ਵਿਆਖਿਆਨ ਕਰਦੇ ਹਾਂ। ਪੰਡਿਤ ਗੁਲਾਬ ਸਿੰਘ ਜੀ ਲਿਖਦੇ ਹਨ :

***"ਗੁਰੂ ਅਰਜਨ ਕਲਯਾਨ ਵਖਾਨ। ਭ੍ਰਮ ਭਯ ਮਿਟੇ ਸੁ ਬ੍ਰਹਮ ਗਯਾਨ।***
***ਉਤਮ ਪੰਥ ਗਯਾਨ ਜਗ ਸਾਰ। ਦੁਖ ਮੇਟਨ ਸੁਖ ਦੇਨ ਉਦਾਰ।10।***
***ਬ੍ਰਹਮਾਦਿਕ ਚੀਟੀ ਲੌਂ ਜੇਤੇ। ਦੁਖ ਸੇ ਦਵੈਸ਼ ਕਰੇ ਸਬ ਤੇਤੇ।***
***ਸਦਾ ਜਿਹਾਸਾ ਦੁਖ ਕੀ ਕਰੇ। ਦੁਖ ਨਾਸਕ ਸਾਧਨ ਅਨੁਸਰੇ।11।***
***ਸਕਲ ਦੁਖ ਕੋ ਕਾਰਣ ਦੇਹ। ਤਾਕੋ ਧਰਮਾ ਧਰਮ ਵਿਧੇਹ।***

---

*੧. ਸੰਤ ਮਾਨ ਸਿੰਘ ਜੀ ਸ੍ਰੀ ਦਸਮ ਪਿਤਾ ਜੀ ਦੇ ਹਜੂਰੀ ਸਿੱਖ ਸਨ। ਇਸ ਗੱਲ ਨੂੰ ਸੰਤ ਨਿਹਾਲ ਸਿੰਘ ਜੀ ਕਵੀਂਦ੍ਰ ਇਕ ਹੋਰ ਪ੍ਰਮਾਣ ਨਾਲ ਸਿਧ ਕਰਦੇ ਹਨ :*
*"ਮੋਖ ਪੰਥ ਬਨੈ ਕਾ ਸੰਮਤ ਅਠਾਰਾ ਸੈਂ ਪੈਂਤੀ ਏਕਾ ਅਰਥ ਨਿਕਸਯੋ। ਸਤਾਰਾ ਸੈਂ ਪਹਿਠ ਮੈਂ ਗੁਰੂ ਗੋਬਿੰਦ ਸਿੰਘ ਜੀ ਵਿਦੇਹ ਮੌਖ ਹੋਣਾ ਹੂਆ ਹੈ। ਯਾਤੈ ਪੈਂਤੀ ਔ ਪੈਂਤੀ ਸੱਤਰ ਬਰਖ ਗੁਰੂ ਜੀ ਤੇ ਪੀਛੇ ਮੌਖ ਪੰਥ ਬਨਾ ਹੈ। ਸੋ ਸਤਰ ਬਰਖ ਏਕ ਪੁਰਖ ਕੀ ਆਯੂ ਮੈਂ ਤੋਂ ਕਿਛ ਭੀ ਸੰਦੇਹ ਨਹੀਂ। ਸੋ ਇਨ ਸਤਰ ਬਰਖਨ ਮੈਂ ਹੀ ਦੋਇ ਹੂਏ ਹੈਂ ਏਕ ਮਾਨ ਸਿੰਘ ਜੀ ਦੂਜੇ ਗੁਲਾਬ ਸਿੰਘ ਜੀ ਯਾਤੇ ਸ੍ਰੀ ਮਾਨ ਸਿੰਘ ਜੀ ਜ਼ਰੂਰ ਹੀ ਗੁਰੂ ਕੇ ਹਜ਼ੂਰੀ ਸਿੰਘਨ ਕੇ ਬੀਚ ਏ ਭਏ ਹੈ।"* *(ਕਵੀਂਦ੍ਰ ਪ੍ਰਕਾਸ਼ ਪਤ੍ਰਾ ੪੯)*

*ਵਿਹਿਤ ਨਿਸ਼ਦਿ ਕਲਮਤਿਹ ਮੂਲ। ਰਾਗ ਦ੍ਵੈਸ਼ ਕਰਮਨ ਕੋ ਮੂਲ।12।*
*ਭਲੋ ਬੁਰੋ ਅਧਯਾਸਹਿ ਜੋਈ। ਰਾਗ ਦ੍ਵੈਸ਼ ਕੋ ਕਾਰਣ ਸੋਈ।*
*ਜੋ ਯਹਿ ਭਲੋ ਬੁਰੋ ਅਧਯਾਸ। ਨਿਖਿਲ ਦ੍ਵੈਤ ਤੇ ਭਯੋ ਪ੍ਰਕਾਸ਼।13।*
*ਸੋ ਸਬ ਦ੍ਵੈਤ ਬ੍ਰਹਮ ਮੇਂ ਏਸੇ। ਸੀਪਿ ਵਿਸੇਰੁਪੋ ਜਗ ਜੈਸੇ।*
*ਤਾ ਕੋ ਕਾਰਣ ਹੈ ਅਗਯਾਨ। ਸੋ ਉਰ ਕਲਿਪਤ ਸਤਯ ਪਛਾਨ।14।*
*ਸੋ ਅਗਯਾਨ ਅਹੋ ਉਰ ਜੌਂ ਲੌਂ। ਸਰਵ ਅਨਰਥ ਲਹੇ ਨਰ ਤੌਂ ਲੌਂ।*
*ਤਾ ਕੋ ਨਾਸ਼ਕ ਆਤਮ ਗਯਾਨ। ਸੋ ਵੇਦਾਂਤ ਤੇ ਨੀਕੇ ਮਾਨ।15।*
*ਸੋ ਵੇਦਾਂਤ ਹੈ ਗੁਰੂ ਅਧੀਨ। ਤਾ ਪਦ ਸੇਵੇ ਹੋਯ ਸੁਦੀਨ।*
*ਤਾ ਉਪਦਿਸ਼ਟ ਪੰਥ ਹੈ ਜੋਈ। ਭਲੀ ਪ੍ਰਕਾਰ ਅਭਯਾਸੇ ਸੋਈ।16।*
*ਤਾ ਪਰ ਪੰਥੀ ਵਾਦੀ ਜੇਤੇ। ਤਰਕ ਖੜਗ ਸੋ ਛੇਦੇ ਤੇਤੇ।*
*ਵੇਦ ਸਿਪਰ ਕੋ ਦੇਵੇ ਓਟ। ਸਕਲ ਨਿਵਾਰੇ ਤਾ ਕੀ ਚੋਟ।17।*
*ਸਾਵਧਾਨ ਅਤਿ ਧੀਰਜ ਵੰਤ। ਬ੍ਰਹਮ ਧਾਮ ਕੋ ਪਾਵੇ ਸੰਤ।*
*ਤਾ ਮੇਂ ਰਸੇ ਪਰਮ ਸੁਖ ਪਾਈ। ਦੁਖ ਸਕਲ ਕੋ ਮੂਲ ਮਿਟਾਈ।18।"*

'ਸ਼੍ਰੀ ਮੋਕਸ਼ ਪੰਥ ਪ੍ਰਕਾਸ਼' ਗੁਰਬਾਣੀ ਪ੍ਰਵਾਹ ਦਾ ਹੀ ਇਕ ਸੋਮਾ ਹੈ। ਪੰਡਿਤ ਗੁਲਾਬ ਸਿੰਘ ਜੀ, ਪੰਡਿਤ ਤਾਰਾ ਸਿੰਘ ਜੀ ਨਰੋਤਮ ਅਤੇ ਸ੍ਰੀ ਸੰਤ ਨਿਹਾਲ ਸਿੰਘ ਜੀ ਦਾ ਇਹ ਨਿਰਣੈ ਹੈ।

ਜਿਵੇਂ ਅਸੀਂ ਉਪਰ ਦਸਿਆ ਹੈ ਕਿ 'ਸ੍ਰੀ ਮੋਕਸ਼ ਪੰਥ ਪ੍ਰਕਾਸ਼' ਭਾਰਤੀ ਦਰਸ਼ਨ, ਸ਼ਾਸਤ੍ਰ ਵਿਚ ਸ਼੍ਰੋਮਣੀ ਸਥਾਨ ਰਖਦਾ ਹੈ। ਪਤੰਜਲੀ, ਯੋਗ ਸ਼ਾਸਤ੍ਰ, ਨਯਾਯ ਦਰਸ਼ਨ, ਮੀਮਾਂਸਾ ਦਰਸ਼ਨ ਅਤੇ ਵੇਦਾਂਤ ਦੀਆਂ ਮੁਖ ਮਾਨਤਾਵਾਂ ਇਸ ਗ੍ਰੰਥ ਵਿਚ ਅੰਕਿਤ ਹਨ। ਇਨ੍ਹਾਂ ਪ੍ਰਮਾਨਕਿ ਵਿਵੇਚਨ ਪੰਜਾਬ ਦੇ ਹੋਰ ਕਿਸੇ ਵੀ ਗ੍ਰੰਥ ਵਿਚ ਨਹੀਂ ਹੈ। ਥਾਂ-ਥਾਂ ਉਪਨਿਸ਼ਦਾਂ ਦੇ ਵਾਕ ਅੰਕਿਤ ਹੋਣ ਕਰਕੇ ਇਸ ਗ੍ਰੰਥ ਰਤਨ ਦੇ ਵੱਡਪਣ ਵਿਚ ਹੋਰ ਵੀ ਵਾਧਾ ਹੋਇਆ ਹੈ।

**ਗਯਾਨਾਦੇਵ ਕੈਵਲਯਮੁ ਨਾਨਯ ਪੰਥਾਵਿਦਯੁਤੇ ਅਪਨਾਥ।**

ਇਨ੍ਹਾਂ ਵਾਕਾਂ ਤੋਂ ਆਪ ਜੀ ਦੇ ਵਿਸ਼ਾਲ ਗਿਆਨ ਦਾ ਪਤਾ ਲਗਦਾ ਹੈ। 'ਮੋਕਸ਼ ਪੰਥ ਪ੍ਰਕਾਸ਼' ਅਪੂਰਵ ਰਚਨਾ ਹੈ। ਇਸ ਵਿਚ 'ਅਧਿਆਏ' ਦੀ ਥਾਂ 'ਨਿਵਾਸ' (ਪੜਾਉ) ਦੀ ਯੋਜਨਾ ਕੀਤੀ ਗਈ ਹੈ। 'ਪੰਥ' ਅਤੇ 'ਨਿਵਾਸ' ਅਧਿਆਤਮਿਕ ਪੱਖ ਤੋਂ ਮਹੱਤਵਪੂਰਨ ਹਨ। ਇਸ ਗ੍ਰੰਥ ਵਿਚ ਅਦ੍ਵੈਤਵਾਦ ਸਿਧਾਂਤ ਦੀ ਪੂਰਨ ਵਿਆਖਿਆ ਕਾਵ੍ਯ ਦੇ ਮਧੁਰ ਰਸ ਵਿਚ ਅੰਕਿਤ ਕੀਤੀ ਹੈ। ਪੰਜਾਬ ਦਾ ਇਹ ਪਹਿਲਾ ਆਕਰ ਗ੍ਰੰਥ ਹੈ ਜਿਸ ਨੂੰ ਅਸੀਂ ਸ਼ੁੱਧ ਰੂਪ ਵਿਚ ਦਾਰਸ਼ਨਿਕ ਆਖ ਸਕਦੇ ਹਾਂ। ਨਾਸਤਕ ਮੱਤ ਅਤੇ ਨਯਾਯ ਦਾ ਬਾ-ਦਲੀਲ ਖੰਡਨ ਕੀਤਾ ਹੈ ਜਿਸ ਦਾ ਕੋਈ ਜਵਾਬ ਨਹੀਂ। ਇਸ ਅਦੁੱਤੀ ਗ੍ਰੰਥ ਦੀ ਮਹਾਨਤਾ ਦਾ ਪਤਾ ਇਥੋਂ ਲਗਦਾ ਹੈ ਕਿ ਇਸ ਗ੍ਰੰਥ ਤੇ ਹੋਰ ਕਿੰਨੇ ਹੀ ਵਿਦਵਾਨਾਂ ਨੇ ਟੀਕੇ ਅਤੇ ਟਿਪਣੀਆਂ ਕੀਤੀਆਂ ਹਨ।

ਉਦਾਸੀਨ ਭੇਖ ਦੇ ਪ੍ਰਸਿੱਧ ਵਿਦਵਾਨ (ਨੇਤ੍ਰਹੀਨ ਮਹਾਂਪੁਰਖ) ਸ੍ਵਾਮੀ ਅਰਵਿੰਦਾਨੰਦ ਜੀ (ਪ੍ਰਸਿੱਧ ਨਾਮ ਕਮਲਦਾਸ) ਹਰਿਦ੍ਵਾਰ ਵਾਲਿਆਂ ਨੇ 'ਮਾਰਤੰਡ' ਨਾਉਂ ਦੀ ਹਿੰਦੀ ਟੀਕਾ ਲਿਖੀ ਹੈ। ਦਰਸ਼ਨਾਚਾਰਯ ਪੰਡਿਤ ਨਰ ਸਿੰਘ ਦੇਵ ਜੀ ਨੇ 'ਸੋਭਾਗਵਤੀ' ਨਾਉਂ ਦੀ ਟਿਪਣੀ ਕੀਤੀ ਹੈ। ਇਹ ਟਿਪਣੀ (ਟੀਕਾ) ੧੯੩੬ ਈ: ਵਿਚ ਲਾਹੌਰ ਤੋਂ ਪ੍ਰਕਾਸ਼ਿਤ ਹੋ ਚੁਕੀ ਹੈ।

ਪੰਡਿਤ ਸ੍ਵਾਮੀ ਮਿਹਰ ਸਿੰਘ ਜੀ ਜਗਰਾਉਂ ਵਾਲਿਆਂ ਨੇ ਇਸ ਗ੍ਰੰਥ ਦੀ ਅਵਤਰਣਿਕਾ ਲਿਖੀ ਜੋ ਸੰਮਤ ੨੦੦੪ (੧੯੪੭ ਈ:) ਨੂੰ ਅਲੀਗੜ੍ਹ ਤੋਂ ਪ੍ਰਕਾਸ਼ਿਤ ਹੋਈ ਹੈ।

ਸਭ ਤੋਂ ਪਹਿਲਾਂ ਪ੍ਰਸਿੱਧ ਵਿਦਵਾਨ ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਨੇ ਇਸ ਦੀ ਟੀਕਾ ਅੰਕਿਤ ਕੀਤੀ ਸੀ ਜੋ ਸੰਨ ੧੯੭੭ ਈ: ਵਿਚ ਸ੍ਰੀਮਾਨ ਪੂਜਯ ਸ੍ਵਾਮੀ ਸੁੱਚਾ ਸਿੰਘ ਜੀ ਨੇ ਨਿਰਮਲ ਪੰਚਾਇਤੀ ਅਖਾੜਾ ਕਨਖਲ ਵਲੋਂ ਦੇਵ ਨਾਗਰੀ ਲਿਪੀ ਵਿਚ ਪ੍ਰਕਾਸ਼ਤ ਕੀਤੀ ਹੈ। ਪ੍ਰਸਿੱਧ ਵਿਦਵਾਨ ਪੰਡਿਤ ਗੋਬਿੰਦ ਸਿੰਘ ਜੀ ਨੇ ਇਸ ਗ੍ਰੰਥ ਨੂੰ ਦੇਵ ਨਾਗਰੀ ਲਿਪੀ ਵਿਚ ਬੰਬਈ ਤੋਂ ਪ੍ਰਕਾਸ਼ਿਤ ਕੀਤਾ ਸੀ। ਸੰਤ ਨਿਹਾਲ ਸਿੰਘ ਜੀ ਕਵੀਂਦ੍ਰ ਨੇ ਸੰਖੇਪ/ਸੁਖੈਨ ਭਾਸ਼ਾ ਵਿਚ ਛੰਦ-ਵਧ ਅਨੁਵਾਦ ਕੀਤਾ ਹੈ।

ਪੰਡਿਤ ਗੁਲਾਬ ਜੀ ਨਿਰਮਲ ਪੰਥ ਦੀ ਮਹਾਨਤਾ ਵਰਣਨ ਕਰਦੇ ਹੋਏ "ਮੋਕਸ਼ ਪੰਥ ਪ੍ਰਕਾਸ਼" ਦੇ ਅੰਤ ਵਿਚ ਲਿਖਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਰਬ੍ਰਹਮ ਦਾ ਸਰੂਪ ਸਨ। ਉਨ੍ਹਾਂ ਨੇ ਪੰਥ ਨੂੰ ਦੋ ਭਾਗਾਂ ਵਿਚ ਵਿਭਕਤ ਕੀਤਾ ਹੈ। ਇਕਨਾ ਨੂੰ ਸ਼ਸਤ੍ਰ ਦਿਤੇ ਹਨ, ਇਕਨਾਂ ਨੂੰ ਸ਼ਾਸਤ੍ਰ ਬਖ਼ਸ਼ੇ ਹਨ। ਸ਼ਸਤ੍ਰ ਵਾਲਿਆਂ ਨੂੰ ਧਰਮ ਦੀ ਰਖਿਆ, ਦੁਸ਼ਟਾਂ-ਜ਼ਾਲਮਾਂ ਦਾ ਨਾਸ ਕਰਨ ਦੀ ਆਗਿਆ ਕੀਤੀ ਹੈ। ਸ਼ਾਸਤ੍ਰ ਵਾਲਿਆਂ ਨੂੰ ਧਰਮ ਦੀ ਸਥਾਪਨਾ ਅਤੇ ਪ੍ਰਚਾਰ ਦੀ ਆਗਿਆ ਕੀਤੀ ਹੈ। ਇਨ੍ਹਾਂ ਵਿਵੇਕ ਬੁਧੀ ਵਾਲੇ ਮਹਾਂਪੁਰਖਾਂ ਨੂੰ ਨਿਰਮਲ ਕਹਿਕੇ ਸਤਿਕਾਰਿਆ ਹੈ। ਪੰਡਿਤ ਜੀ ਸ੍ਵਯੰ ਨਿਰਮਲੇ ਸੰਤ ਹੋਣ ਤੇ ਮਾਣ ਕਰਦੇ ਹੋਏ ਲਿਖਦੇ ਹਨ :

***"ਸ੍ਰੀ ਗੁਰੂ ਗੋਬਿੰਦ ਸਿੰਘ ਸੁ, ਪੂਰਣ ਹਰਿ ਅਵਤਾਰ।***
***ਰਚਯੋ ਪੰਥ ਭਵ ਮੈ ਪ੍ਰਗਟ, ਦੋ ਬਿਧ ਕੋ ਵਿਸਤਾਰ।***
***ਏਕਨ ਕੈ ਕਰ ਖੜਗ ਦੈ, ਭੁਜ ਬਲ ਬਹੁ ਬਿਸਤਾਰ।***
***ਪਾਲਨ ਭੂਮੀ ਕੋ ਕਰਯੋ, ਦੁਸਟਨ ਮੂਲ ਉਖਾਰ।***
***ਔਰਨ ਕੀ ਪਿਖ ਵਿਮਲ ਮਤਿ, ਦੀਨੋ ਪਰਮ ਵਿਵੇਕ।***
***ਨਿਰਮਲ ਭਾਖੇ ਜਗਤ ਤਿਹ, ਹੇਰੇਂ ਬ੍ਰਹਮ ਸੁ ਏਕ।***
***ਤਿਨ ਪਦ ਪੰਕਜ ਨੀਰ ਲਹਿ, ਪਾਯੋ ਮੋਹਿ ਵਿਚਾਰ।***
***ਤਿਨੁ ਅਨੁਯਾਈ ਬਾਲ ਮੈਂ, ਕੀਨੋ ਗ੍ਰੰਥ ਉਚਾਰ।"***

## ਅਧਿਆਤਮ ਰਾਮਾਯਣ

ਅਧਿਆਤਮ ਰਾਮਾਯਣ ਪੰਡਿਤ ਗੁਲਾਬ ਸਿੰਘ ਜੀ ਦੀ ਮਹਾਨ ਰਚਨਾ ਹੈ। ਇਸ ਵਿਚ ਪੂਰਨ ਵਿਆਖਿਆ ਹੈ ਅਤੇ ਕਾਵ੍ਯ ਵਿਚ ਉਚ ਉਡਾਰੀਆਂ ਲਾਈਆਂ ਹਨ। ਰਾਮ ਕਥਾ ਨੂੰ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਵਰਣਨ ਕੀਤਾ ਹੈ। ਇਸ ਗ੍ਰੰਥ ਵਿਚ ਭਗਵਾਨ ਰਾਮਚੰਦ੍ਰ ਜੀ ਨੂੰ ਸ੍ਵੈ-ਈਸ਼ਵਰ ਸਿੱਧ ਕੀਤਾ ਹੈ। ਅਧਿਆਤਮ ਰਾਮਾਯਣ ਹੋਰ ਰਾਮਾਇਣਾਂ ਦੀ ਤਰ੍ਹਾਂ ਕਾਂਡਾਂ ਅਤੇ ਅਧਿਆਵਾਂ ਵਿਚ ਵੰਡੀ ਹੋਈ ਹੈ ਜਿਸ ਦੀ ਭਾਸ਼ਾ ਮਧੁਰ, ਅਤਿਅੰਤ ਸੁੰਦਰ ਹੈ। ਇਸ ਰਾਮਾਇਣ ਵਿਚ ਪੰਡਿਤ ਗੁਲਾਬ ਸਿੰਘ ਜੀ ਨੇ ਕਬਿੱਤ, ਸਵੈਯਾ, ਚੌਪਈ, ਮਾਲਤੀ, ਤੋਮਰ, ਸ਼ੰਕਰ, ਨਰਾਜ, ਅਨੰਗਸੇਖਰ, ਛਪੈ ਆਦਿਕ ਅਨੇਕ ਛੰਦ ਕਲਾਤਮਿਕ ਵਿਧੀ ਨਾਲ ਵਰਤੇ ਹਨ। ਜਿਥੇ ਇਹ ਛੰਦ ਸ਼ਾਸਤ੍ਰ ਦੀ ਕਸੌਟੀ ਤੇ ਪੂਰੇ ਉਤਰਦੇ ਹਨ ਉਥੇ ਸੰਗੀਤਕ ਦ੍ਰਿਸ਼ਟੀ ਨਾਲ ਵੀ ਮਧੁਰ ਹਨ। ਇਸੀ ਤਰ੍ਹਾਂ ਅਲੰਕਾਰਾਂ ਦੀ ਵੀ ਸੁੰਦਰ ਵਰਤੋਂ ਕੀਤੀ ਹੈ। ਨਵਾਂ ਰਸਾਂ ਨੂੰ ਥਾਂ ਪੁਰ ਥਾਂ ਯਥਾ-ਯੋਗ ਵਰਤਿਆ ਹੈ। ਅਨੁਵਾਦ ਮੂਲ ਗ੍ਰੰਥ ਦੇ ਅਨੁਸਾਰ ਕੀਤਾ ਹੈ। ਪੰਡਿਤ ਗੁਲਾਬ ਸਿੰਘ ਜੀ ਦੀ ਅਧਿਆਤਮ ਰਾਮਾਯਣ ਕੇਵਲ ਪੰਜਾਬ ਵਿਚ ਹੀ ਨਹੀਂ, ਪੂਰੇ ਭਾਰਤ ਵਿਚ ਉਤਮ ਸਥਾਨ ਰਖਦੀ ਹੈ।

## ਪ੍ਰਬੋਧ ਚੰਦ੍ਰੋਦਯ ਨਾਟਕ

ਪ੍ਰਬੋਧ ਚੰਦ੍ਰੋਦਯ ਨਾਟਕ ਨੂੰ ਸੰਸਕ੍ਰਿਤ ਵਿਚ ਸ੍ਰੀ ਕ੍ਰਿਸ਼ਨ ਮਿਸ਼ਰ ਨੇ ਲਿਖਿਆ ਹੈ। ਭਾਵੇਂ ਇਸ ਦੇ ਹਿੰਦੀ ਵਿਚ ਵੀ ਕਈ ਅਨੁਵਾਦ ਹੋਏ ਹਨ। ਭਾਈ ਮਨੀ ਸਿੰਘ ਜੀ ਵਾਲੀ ਜਨਮ ਸਾਖੀ ਵਿਚ ਵੀ ਇਹ ਨਾਟਕ ਵਾਰਤਕ ਰੂਪ ਵਿਚ ਅੰਕਿਤ ਹੈ; ਪਰ ਜੋ ਪੰਡਿਤ ਗੁਲਾਬ ਸਿੰਘ ਜੀ ਨੇ ਸੰਸਕ੍ਰਿਤ ਤੋਂ ਬ੍ਰਜ ਭਾਸ਼ਾ ਵਿਚ ਅਨੁਵਾਦ ਕੀਤਾ ਹੈ, ਉਹ ਮੂਲ ਨਾਲੋਂ ਵੀ ਪ੍ਰਭਾਵਸ਼ਾਲੀ ਹੈ। ਇਸ ਗ੍ਰੰਥ ਦੇ ਲਿਖਣ ਦਾ ਉਦੇਸ਼ ਇਹ ਸੀ ਕਿ ਜਨ ਸਾਧਾਰਣ/ਅਗਿਆਨੀਆਂ ਨੂੰ ਵੀ ਗਿਆਨ ਕੀਤਾ ਜਾਵੇ। ਪੰਡਿਤ ਗੁਲਾਬ ਸਿੰਘ ਜੀ ਲਿਖਦੇ ਹਨ:

***"ਯਾਕੋ ਸੁਨੈ ਸੁ ਕਾਨ ਮੈ, ਨੀਕੇ ਚੀਤ ਲਗਾਇ***
***ਆਸੁਰ ਸੰਪਦ ਦੂਰ ਤਜਿ ਬੇਗ ਗਯ੍ਹਾਨ ਵਹੁ ਪਾਇ।"***

ਇਸ ਤਰ੍ਹਾਂ ਪੰਡਿਤ ਗੁਲਾਬ ਸਿੰਘ ਜੀ ਮਹਾਨ ਸਾਹਿਤਕਾਰ ਹੋਣ ਕਰਕੇ, ਸਦਾ ਵਾਸਤੇ ਅਮਰ ਹੋ ਗਏ। ਆਪ ਜੀ ਦੀ ਕਰਨੀ, ਘਾਲਣਾ, ਸੇਵਾ, ਸਿਮਰਨ, ਵਿਦਿਆ ਤੇ ਕੇਵਲ ਨਿਰਮਲ ਭੇਖ; ਸਿੱਖ ਪੰਥ ਨੂੰ ਹੀ ਨਹੀਂ, ਸਾਰੇ ਭਾਰਤ ਨੂੰ ਮਾਣ ਹੈ।

## ਪੰਡਿਤ ਸ਼ੇਰ ਸਿੰਘ ਜੀ ਨੌਰੰਗਾਬਾਦ ਵਾਲੇ

ਪੰਡਿਤ ਸ਼ੇਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਨੇ 'ਸ੍ਰੀ ਬੀਰਮ੍ਰਿਗੇਸ ਗੁਰਬਿਲਾਸ ਦੇਵਤਰੂ' ਵਡਆਕਾਰੀ ਗ੍ਰੰਥ ਲਿਖਿਆ ਹੈ। ਬਾਬਾ ਸਾਹਿਬ ਸਿੰਘ ਜੀ ਊਨੇ ਵਾਲੇ, ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ, ਬਾਬਾ ਮਹਾਰਾਜ ਸਿੰਘ ਜੀ ਅਤੇ ਬਾਬਾ ਖੁਦਾ ਸਿੰਘ ਜੀ ਆਦਿਕ ਮਹਾਂਪੁਰਖਾਂ ਦੇ ਜੀਵਨ ਉਪਕਾਰ ਅੰਕਿਤ ਹਨ ਜੋ ਵਾਰਤਕ ਅਤੇ ਕਵਿਤਾ ਦਾ ਉਤਮ ਨਮੂਨਾ ਹੈ।

ਇਹ ਗ੍ਰੰਥ ਕ੍ਰਾਊਨ ਦੋਵਰਕੀ ਸਾਈਜ਼ ਦੇ 'ਸ੍ਰੀ ਰਾਮਪੁਰੀ ਕਾਗਜ਼' ਉਤੇ ਗੁਰਮੁਖੀ ਲਿਪੀ ਵਿਚ (੨੪ ਪੁਆਇੰਟ) ਦੇ ਆਕਾਰ ਵਿਚ ਚਾਰ ਵੱਡੀਆਂ ਜਿਲਦਾਂ ੨੧੯੮ ਪੰਨਿਆਂ ਵਿਚ ਛਪ ਚੁਕਾ ਹੈ।

ਹੁਣ ਇਸ ਗ੍ਰੰਥ ਨੂੰ ਪੰਡਿਤ ਸੰਤ ਜਗਜੀਤ ਸਿੰਘ ਜੀ ਹਰਖੋਵਾਲੀਏ (ਸੁਲਤਾਨਪੁਰ ਲੋਧੀ) ਵਾਲਿਆਂ ਨੇ ਦੋ ਭਾਗਾਂ ਵਿਚ ਪ੍ਰਕਾਸ਼ਤ ਕੀਤਾ ਹੈ।

ਵਿਚਾਰ ਸਾਗਰ ਦਾ ਸੰਖੇਪ ਸਾਰ ਅਤੇ 'ਮਹਾਂ ਪੁਰਖਾਂ ਦੇ ਜੀਵਨ ਚਰਿੱਤਰ ਤੇ ਉਪਕਾਰ' ਵੀ ਸੰਤ ਜਗਜੀਤ ਸਿੰਘ ਜੀ ਨੇ ਲਿਖ ਕੇ ਪ੍ਰਕਾਸ਼ਤ ਕੀਤੇ ਹਨ

**ਸ੍ਰੀ ਸੰਤ ਮੋਹਰ ਸਿੰਘ ਜੀ ਕਟਈ** (ਯੋਗੀਰਾਜ) ਨੇ 'ਯੋਗ ਸਿਖਿਆ ਪ੍ਰਭਾਕਰ' ਗ੍ਰੰਥ ੧੯ਵੀਂ ਸਦੀ ਦੇ ਆਰੰਭ ਵਿਚ ਲਿਖਿਆ ਸੀ ਜੋ ਸਾਧ ਭਾਸ਼ਾ ਗੁਰਮੁਖੀ ਲਿਪੀ ਵਿਚ ਹੈ।

## ਠਾਕਰ ਨਿਹਾਲ ਸਿੰਘ ਜੀ

ਠਾਕਰ ਨਿਹਾਲ ਸਿੰਘ ਜੀ ਥੋਹਾ ਖਾਲਸਾ ਵਾਲਿਆਂ ਦਾ ਲਿਖਿਆ ਜਾਪ ਸਾਹਿਬ ਦਾ 'ਚਕ੍ਰਧਰ ਚਰਿਤ੍ ਚਾਰਚੰਦ੍ਰਕਾ' ਟੀਕਾ ਪ੍ਰਸਿੱਧ ਹੈ। ਇਹ ਵਿਸਤਿਤ੍ ਵਿਆਖਿਆਤਮਿਕ ਗ੍ਰੰਥ ੬੦੦ ਪੰਨੇ ਦਾ ਹੈ। ਭਾਵੇਂ ਗੁਰਮੁਖੀ ਲਿਪੀ ਵਿਚ ਪ੍ਰਕਾਸ਼ਤ ਹੋਇਆ ਹੈ, ਪਰ ਭਾਸ਼ਾ ਬੜੀ ਕਠਨ ਹੈ। ਵਿਦਵਾਨਾਂ ਦੇ ਵਿਚਾਰਨਯੋਗ ਹੈ। ਇਸ ਟੀਕੇ ਵਿਚ ਅੰਕਿਤ ਕੀਤੀ ਗਈ ਕਵਿਤਾ ਵੀ ਬੇ-ਮਿਸਾਲ ਤੇ ਮਹਾਨ ਹੈ। ਹਿੰਦੀ ਦੇ ਉਚਕੋਟੀ ਦੇ ਕਵੀਆਂ ਤੋਂ ਕਿਸੇ

ਤਰ੍ਹਾਂ ਵੀ ਘਟ ਨਹੀਂ ਹੈ। ਜਾਪ ਸਾਹਿਬ ਦਾ ਟੀਕਾ ਸੰਮਤ ੧੯੫੫ ਬਿ: (੧੮੯੮ ਈ:) ਵਿਚ 'ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ' ਤੋਂ ਛਪਿਆ ਹੈ। ਇਹ ਵੀ ਪਤਾ ਲਗਾ ਕਿ ਆਪ ਜੀ ਨੇ ਜਪੁਜੀ ਦਾ ਟੀਕਾ ਵੀ ਕੀਤਾ ਸੀ। ਹੇਠ ਲਿਖੇ ਗ੍ਰੰਥ ਆਪ ਜੀ ਵੱਲੋਂ ਲਿਖੇ ਜਾਣ ਦਾ ਪਤਾ ਲਗਾ ਹੈ :

ਗੁਰਬਿਲਾਸ ਗੁਰੂ ਗੋਬਿੰਦ ਸਿੰਘ ਸਾਹਿਬ (ਅਪ੍ਰਕਾਸ਼ਤ), ਇਕ ਹੋਰ ਅਪ੍ਰਕਾਸ਼ਤ ਗ੍ਰੰਥ, ਖਾਲਸ ਸ਼ਤਕ (ਸੰਸਕ੍ਰਿਤ)। ਕਵਿਤਾ ਦਾ ਨਮੂਨਾ ਇਹ ਹੈ :–

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਮਹਾਤਮ ਵਰਣਨ ਕਰਦੇ ਹਨ :

***'ਤੇਜ ਭਰੀ, ਸ਼ਾਂਤਿ ਭਰੀ, ਦੈਵੀ ਗੁਨ ਪਾਂਤਿ ਭਰੀ,***
***ਆਛੀ ਬਹੁ ਭਾਂਤਿ ਭਰੀ, ਗਯਾਨ ਕੇ ਸਮਾਜ ਕੀ।***
***ਈਸ ਗੁਣਾ ਵਾਦ ਭਰੀ, ਵੇਦ ਕੀ ਮ੍ਰਯਾਦ ਭਰੀ,***
***ਅੰਮ੍ਰਿਤ ਸੋ ਸ੍ਵਾਦ ਭਰੀ ਰੱਛਕ ਹੈ ਲਾਜ ਕੀ,***
***ਭਾਵ ਭਰੀ ਭਗਤਿ ਭਰੀ, ਓਜ ਭਰੀ ਸ਼ਕਤਿ ਭਰੀ,***
***ਭਾਰੀ ਅਨੁਰਕਤ ਭਰੀ, ਧੂੰਸਿਨੀ ਕੁਪਾਜ ਕੀ।***
***ਰਾਗ ਭਰੀ ਯੋਗ ਭਰੀ, ਭਾਗ ਭਰੀ ਭੋਗ ਭਰੀ,***
***ਪੁੰਨ ਮੈ ਪ੍ਰਯੋਗ ਬਾਣੀ ਗ੍ਰੰਥ ਮਹਾਰਾਜ ਕੀ।12।***

## ਪੰਡਿਤ ਤਾਰਾ ਸਿੰਘ ਜੀ 'ਨਰੋਤਮ'

ਆਪ ਗੁਰਮਤਿ ਸਿਧਾਂਤ, ਗੁਰਮਤਿ ਦਰਸ਼ਨ, ਸਾਹਿਤਯ, ਇਤਿਹਾਸ, ਗੁਰਬਾਣੀ ਦੇ ਧੁਰੰਧਰ ਵਿਦਵਾਨ ਸਨ। ਗੁਰਮਤਿ ਦਰਸ਼ਨ ਗੁਰਬਾਣੀ ਸਬੰਧੀ ਆਪ ਜੀ ਨੇ ਦੀਰਘ ਦ੍ਰਿਸ਼ਟੀ ਨਾਲ ਲਿਖਿਆ ਹੈ। ਆਪ ਪੰਥ ਵਿਚ ਪਹਿਲੇ ਵਿਦਵਾਨ ਸਨ ਜਿਨ੍ਹਾਂ ਨੇ 'ਸ੍ਰੀ ਗੁਰਮਤ ਨਿਰਣਯਸਾਗਰ' ਵਰਗਾ ਦਾਰਸ਼ਨਿਕ ਗ੍ਰੰਥ ਲਿਖਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ 'ਸ੍ਰੀ ਗੁਰੂ ਗਿਰਾਰਥ ਕੋਸ਼' ਲਿਖਿਆ ਅਤੇ ਦੇਸ਼ ਦੇ ਸਾਰੇ ਗੁਰਦੁਆਰਿਆਂ ਦਾ ਇਤਿਹਾਸ 'ਗੁਰਤੀਰਥ ਸੰਗ੍ਰਹਿ' ਅੰਕਿਤ ਕੀਤਾ। ਆਪ ਗੁਰਬਾਣੀ ਦੇ ਸ਼ੁੱਧ ਸ਼ਾਸਤ੍ਰੀਯ ਅਰਥਾਂ ਦੇ ਸਮਰਥਕ ਸਨ। ਜਦੋਂ ਆਪ ਜੀ ਨੂੰ ਪਤਾ ਲੱਗਾ ਕਿ ਇਕ ਅੰਗ੍ਰੇਜ਼ ਵਿਦਵਾਨ 'ਟ੍ਰੰਪ' ਗੁਰਬਾਣੀ ਦੇ ਪੱਖਪਾਤੀ/ਅਸ਼ੁਧ ਅਰਥ ਕਰ ਰਿਹਾ ਹੈ ਤਾਂ ਆਪ ਜੀ ਨੇ ਇਸਦਾ ਵਿਰੋਧ ਕਰਕੇ ਗੁਰਬਾਣੀ ਦੇ ਸ਼ੁਧ ਅਰਥ ਲਿਖਣ ਦਾ ਯਤਨ ਕੀਤਾ ਅਤੇ ਹੇਠ ਲਿਖੇ ਗ੍ਰੰਥ ਲਿਖੇ ਹਨ :

| | |
|---|---|
| ੧. ਸ੍ਰੀ ਮੋਕਸ਼ ਪੰਥ ਪ੍ਰਕਾਸ਼ ਦਾ 'ਸ੍ਵਯੰਪ੍ਰਭਾ ਵਿਵਰਣ' ਟੀਕਾ | ਸੰਮਤ ੧੯੨੨ (੧੮੬੫ ਈ:) |
| ੨. ਸੁਰਤਰੁ ਕੋਸ਼ | ਸੰਮਤ ੧੯੨੩ (੧੮੬੬ ਈ:) |
| ੩. ਸ੍ਰੀ ਗੁਰੁਮਤ ਨਿਰਣਯਸਾਗਰ | ਸੰਮਤ ੧੯੩੪ (੧੮੭੭ ਈ:) |
| ੪. ਅਕਾਲਮੂਰਤਿ ਪ੍ਰਦਰਸ਼ਨ | ਸੰਮਤ ੧੯੩੫ (੧੮੭੮ ਈ:) |
| ੫. ਟੀਕਾ ਗੁਰਭਾਵਦੀਪਕਾ | ਸੰਮਤ ੧੯੩੫ (੧੮੭੮ ਈ:) |
| ੬. ਟੀਕਾ ਗੁਰਭਾਵ ਦੀਪਕਾ | |

| | |
|---|---|
| (ਜਪੁ ਰਹਿਰਾਸ ਆਦਿਕ) | ਸੰਮਤ ੧੯੩੭ (੧੮੮੦ ਈ:) |
| ੭. ਭਗਤ ਬਾਣੀ ਦਾ ਟੀਕਾ | ਸੰਮਤ ੧੯੩੯ (੧੮੮੨ ਈ:) |
| ੮. ਗੁਰਤੀਰਥ ਸੰਗ੍ਰਹਿ | ਸੰਮਤ ੧੯੪੦ (੧੮੮੩ ਈ:) |
| ੯. ਸ੍ਰੀ ਰਾਗ ਟੀਕਾ | ਸੰਮਤ ੧੯੪੨ (੧੮੮੫ ਈ:) |
| ੧੦. ਗੁਰਗਿਰਾਰਥ ਕੋਸ਼ (ਦੋ ਭਾਗ) | ਸੰਮਤ ੧੯੪੬ (੧੮੮੯ ਈ:) |

## ਸ੍ਰੀਮੋਂਕਸ਼ ਪੰਥਪ੍ਰਕਾਸ਼ ਦਾ ਸ੍ਵਯੰਪ੍ਰਭਾ ਵਿਵਰਣ ਟੀਕਾ

ਪੰਡਿਤ ਗੁਲਾਬ ਸਿੰਘ ਜੀ ਰਚਿਤ ਦਰਸ਼ਨ ਦੇ ਮਹਾਨ ਗ੍ਰੰਥ 'ਮੋਂਕਸ਼ ਪੰਥ ਪ੍ਰਕਾਸ਼' ਤੇ ਆਪ ਜੀ ਨੇ 'ਸ੍ਵਯੰਪ੍ਰਭਾ ਵਿਵਰਣ' ਨਾਮ ਦਾ ਟਿਪਣੀ/ਟੀਕਾ ਕੀਤਾ ਹੈ। ਮੋਂਕਸ਼ ਪੰਥ ਪ੍ਰਕਾਸ਼ ਭਾਰਤੀ ਦਰਸ਼ਨ ਵਿਚ ਭਾਸ਼ਾ ਦਾ ਅਦੁਭੁਤ ਗ੍ਰੰਥ ਹੈ। ਇਸ ਗ੍ਰੰਥ ਵਿਚ ਸਮੂੰਹ ਭਾਰਤੀ ਦਰਸ਼ਨਾਂ ਬਾਰੇ ਵਿਚਾਰ ਕਰਕੇ ਨਿਸ਼ਕਰਸ਼ ਕਢਿਆ ਗਿਆ ਹੈ। ਇਸ ਤੇ ਟਿੱਪਣੀ ਕਰਕੇ ਆਪ ਜੀ ਨੇ ਹੋਰ ਸੁਖੈਨ ਕਰ ਦਿਤਾ। ੧੭੭੮ ਈ: ਵਿਚ ਪੰਡਿਤ ਗੁਲਾਬ ਸਿੰਘ ਜੀ ਨੇ 'ਸ੍ਰੀਮੋਂਕਸ਼ ਪੰਥਪ੍ਰਕਾਸ਼' ਲਿਖਿਆ। ੮੭ ਵਰਸ਼ ਮਗਰੋਂ ੧੮੬੫ ਈ: ਵਿਚ ਆਪ ਜੀ ਨੇ 'ਸ੍ਵਯੰਪ੍ਰਭਾ ਵਿਵਰਣ' ਟੀਕਾ ਅੰਕਿਤ ਕੀਤੀ ਹੈ। ਇਹ ਟੀਕਾ ੧੧੨ ਵਰਸ਼ ਅਪ੍ਰਕਾਸ਼ਤ ਪਈ ਰਹੀ। ੧੯ ਜਨਵਰੀ ੧੯੭੭ ਈ: ਨੂੰ ਸ੍ਰੀ ਮਹੰਤ ਪੰਡਿਤ ਸੁੱਚਾ ਸਿੰਘ ਜੀ ਮਹਾਰਾਜ ਨੇ ਵਿਦਵਾਨਾਂ ਅਤੇ ਜਨ ਸਾਧਾਰਨ ਦੇ ਲਾਭ ਹਿਤ ਦੇਵਨਾਗਰੀ ਲਿਪੀ ਵਿਚ ਇਸ ਗ੍ਰੰਥ ਰਤਨ ਦਾ ਪ੍ਰਕਾਸ਼ਨ ਕਰਕੇ ਮਹਾਨ ਉਪਕਾਰ ਕੀਤਾ ਹੈ।

## ਸੁਰਤਰੁ ਕੋਸ਼

ਇਹ ਗ੍ਰੰਥ ਪ੍ਰਾਪਤ ਨਹੀਂ ਹੈ। ਗੁਰਤੀਰਥ ਸੰਗ੍ਰਹ ਦੇ ਕਥਨ ਅਨੁਸਾਰ ਇਸ ਗ੍ਰੰਥ ਰਤਨ ਵਿਚ ੪੦੦੦ ਸ਼ਲੋਕ ਸਨ।

## ਸ੍ਰੀ ਗੁਰੁਮਤ ਨਿਰਣਯਸਾਗਰ

ਇਹ ਗ੍ਰੰਥ ਰਤਨ ਗੁਰਬਾਣੀ ਦੀ ਵਿਆਖਿਆ, ਗੁਰਮਤਿ ਸਿਧਾਂਤ ਨੂੰ ਨਿਰੂਪਣ ਕਰਨ ਵਾਲਾ ਦਾਰਸ਼ਨਿਕ ਗ੍ਰੰਥ ਹੈ। ਆਪ ਜੀ ਨੇ ਗੁਰਮਤਿ ਦੀ ਗੰਭੀਰਤਾ ਨਾਲ ਵਿਆਖਿਆ ਕੀਤੀ ਹੈ। ਇਸ ਤੋਂ ਪਹਿਲਾਂ ਗੁਰਮਤਿ ਸਬੰਧੀ ਕੋਈ ਦਾਰਸ਼ਨਿਕ ਗ੍ਰੰਥ ਉਪਲਬਧ ਨਹੀਂ ਸੀ। 'ਗੁਰਮਤ ਨਿਰਣਯਸਾਗਰ, ਗਿਆਨ ਦੀ ਬਹੁਲਤਾ, ਵਿਚਾਰ ਨਿਸ਼ਠਾ ਵਿਚ ਭਰਪੂਰ ਹੈ। ਆਪ ਜੀ ਨੇ ਅਤਿਅੰਤ ਸੁੰਦਰ ਢੰਗ ਨਾਲ ਇਕ-ਇਕ ਵਿਚਾਰ ਦੀ ਵਿਆਖਿਆ ਕੀਤੀ ਹੈ। ਹਰ ਸ਼ੰਕਾ ਦਾ ਸਮਾਧਾਨ ਕੀਤਾ ਹੈ।

ਗੁਰਮਤਿ ਦੇ ਕਈ ਸਿਧਾਂਤਾਂ ਤੇ ਪ੍ਰਸ਼ਨ ਕਰਕੇ, ਵਿਸਤਾਰ ਪੂਰਬਕ ਉਤਰ ਦਿਤੇ ਹਨ। ਵਾਹਿਗੁਰੂ ਮੰਤ੍ਰ ਤੇ ਵਿਸਤਾਰ ਪੂਰਬਕ ਵਿਚਾਰ ਕਰਕੇ ਵਿਆਕਰਣ ਅਨੁਸਾਰ ਵਿਉਤਪਤੀ ਕੱਢਕੇ ਸ਼ੁੱਧ ਅਤੇ ਤਾਰਕ ਮੰਤ੍ਰ ਸਿਧ ਕੀਤਾ ਹੈ।

'ਸ੍ਰੀ ਗੁਰੁਮਤ ਨਿਰਣਯਸਾਗਰ' ਗੁਰਮਤਿ/ਗੁਰਬਾਣੀ ਪ੍ਰਵਾਹ ਦਾ ਅਜਿਹਾ ਸਮੁੰਦਰ ਹੈ ਜਿਸ ਵਿਚ ਰਤਨ ਰੂਪੀ ਚਾਰ ਖੰਡ ਸਾਸ਼ੋਭਿਤ ਹਨ। ੩੧ ਉਰਮੀਆਂ/ਲਹਿਰਾਂ ਹਨ। ਪ੍ਰਥਮ ਖੰਡ ਦੀ ਪਹਿਲੀ ਉਰਮੀ ਵਿਚ ਭਗਤੀ ਸਹਿਤ ਗਿਆਨ ਦੀ ਮਹਾਨਤਾ ਹੈ। ਦੂਸਰੀ ਉਰਮੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਮਾਣਕਿਤਾ, ਤੀਸਰੀ ਅਤੇ ਚੌਥੀ ਉਰਮੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਟੀਕਾ ਬਾਰੇ ਵਿਚਾਰ ਕੀਤੀ ਹੈ। ਪੰਜਵੀਂ ਉਰਮੀ ਵਿਚ ਸ੍ਰੀ

ਗੁਰੂ ਨਾਨਕ ਦੇਵ ਜੀ ਦੇ ਗੁਰੂ ਦਾ ਨਿਰਣੈ ਕੀਤਾ ਹੈ। ਇਸੀ ਤਰ੍ਹਾਂ ਅਨਯ ਉਰਮੀਆਂ ਵਿਚ ਗੁਰ ਅਵਤਾਰ, ਵੈਦਿਕ ਧਰਮ, ਗੁਰਮਤਿ, ਇਸ਼ਟ ਨਿਰਣੈ, ਪਥਰ ਪੂਜਾ, ਮੁਕਤਿ ਦਾ ਸਰੂਪ, ਗੁਰਬਾਣੀ ਦੇ ਭਿੰਨ-ਭਿੰਨ ਅਰਥਾਂ ਦੀ ਨਿਵ੍ਰਿਤੀ, ਪ੍ਰਸ਼ਨੋਤ੍ਰ ਅਤੇ ਪ੍ਰਸ਼ਨ ਵਿਚਾਰ, ਗੁਰਬਾਣੀ-ਅਕਾਲੀ ਬਾਣੀ ਆਦਿਕ ਅਨੇਕ ਵਿਸ਼ਿਆ ਤੇ ਵਿਚਾਰ ਕੀਤੀ ਹੈ।

ਇਸ ਗ੍ਰੰਥ ਨੂੰ ਰਾਏ ਬਹਾਦਰ ਬੂਟਾ ਸਿੰਘ ਰਾਵਲਪਿੰਡੀ ਵਾਲਿਆਂ ਦੇ ਯਤਨ ਦ੍ਵਾਰਾ ਸੰਨ ੧੯੭੭ ਈਃ ਵਿਚ ਛਪਵਾਇਆ ਗਿਆ ਸੀ ਜੋ ਹੁਣ ਦੁਰਲਭ ਸੀ। ਵਿਦਵਾਨ ਇਸ ਦੀ ਅਣਹੋਂਦ ਨੂੰ ਅਨੁਭਵ ਕਰ ਰਹੇ ਸਨ। ਪੂਜਯ ਸ੍ਰੀ ਮਹੰਤ ਪੰਡਿਤ ਸੁੱਚਾ ਸਿੰਘ ਜੀ ਦੇ ਪਰਿਸ਼੍ਰਮ ਦ੍ਵਾਰਾ ਪ੍ਰਕਾਸ਼ਿਤ ਹੋਇਆ। ਇਸ ਸੰਸਕਰਣ ਦੇ ਸੋਧਕ ਅਤੇ ਸੰਪਾਦਕ ਸ੍ਰੀਮਾਨ ਪੰਡਿਤ ਬਲਬੀਰ ਸਿੰਘ ਜੀ ਵਿਯੋਗੀ ਹਨ ਜਿਨ੍ਹਾਂ ਨੇ ਅਤਿਅੰਤ ਮਿਹਨਤ ਕਰਕੇ ਪ੍ਰਸਿਧ ਵਿਦਵਾਨਾਂ ਦੇ ਖੋਜ ਪੂਰਤ ਲੇਖ ਲੈਕੇ 'ਗੁਰਮਤ ਨਿਰਣਯਸਾਗਰ' ਅਤੇ ਪੰਡਿਤ ਤਾਰਾ ਸਿੰਘ ਜੀ ਤੇ ਖੋਜ ਭਰਪੂਰ ਪ੍ਰਕਾਸ਼ ਪਾਇਆ ਹੈ।

## ਗੁਰੂਭਾਵ ਦੀਪਕਾ

ਇਹ ਜਪੁਜੀ ਸਾਹਿਬ, ਸ਼ਬਦ ਹਜ਼ਾਰੇ, ਰਹਿਰਾਸ ਸਾਹਿਬ ਅਤੇ ਕੀਰਤਨ ਸੋਹਲੇ ਦਾ ਟੀਕਾ ਹੈ। ਆਰੰਭ ਵਿਚ ਦਸਾਂ ਗੁਰੂਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਆਪਣੇ ਗੁਰਦੇਵ ਦਾ ਮੰਗਲ ਹੈ। ਜਪੁਜੀ ਸਾਹਿਬ ਦੀ ਵਿਆਖਿਆ ਭਾਵਾਰਥ-ਸ਼ਬਦਾਰਥ ਦੋਨਾਂ ਮਾਧਯਮਾਂ ਰਾਹੀ ਕੀਤੀ ਹੈ। ਆਪ ਜੀ ਦੀ ਵਿਆਖਿਆ ਦ੍ਵਾਰਾ ਗੁਰਬਾਣੀ ਨੂੰ ਸਮਝਣ ਦੀ ਬੜੀ ਸਹਾਇਤਾ ਮਿਲਦੀ ਹੈ।

ਇਹ ਗ੍ਰੰਥ ਸੰਨ ੧੮੮੧ ਈਃ ਵਿਚ ਦੀਵਾਨ ਬੂਟਾ ਸਿੰਘ ਦੇ 'ਯੰਤ੍ਰ ਆਫਤਾਬ ਪੰਜਾਬ ਪ੍ਰੈਸ ਲਾਹੌਰ' ਤੋਂ ਪੱਥਰ ਦੇ ਛਾਪੇ ਵਿਚ ਪ੍ਰਕਾਸਿਤ ਹੋਇਆ ਸੀ। ਖੁਸ਼ਨਵੀਸ ਭਾਈ ਹੀਰਾ ਸਿੰਘ ਜੀ ਲਿਖਾਰੀ ਸ੍ਰੀ ਦਮਦਮਾ ਸਾਹਿਬ ਵਾਲੇ ਸਨ।

## ਭਗਤਬਾਣੀ ਸਟੀਕ

ਇਹ ਟੀਕਾ ੧੯੦੭ ਵਿਚ ਛਾਪਾ ਟਾਈਪ ਵਿਚ ਮੁਨਸ਼ੀ ਗੁਲਾਬ ਸਿੰਘ ਦੇ 'ਮੁਫੀਦ ਆਮ ਪ੍ਰੈਸ ਲਾਹੌਰ' ਵਿਚ ਛਪਿਆ ਹੈ। ੫੨੦ ਪੰਨੇ ਵਿਚ ਟੀਕਾ ਹੈ ਅਤੇ ਦੋ ਪੰਨੇ ਦੀ ਭੂਮਿਕਾ ਹੈ।

## ਸ੍ਰੀ ਗੁਰਤੀਰਥ ਸੰਗ੍ਰਹਿ

ਇਸ ਗ੍ਰੰਥ ਰਤਨ ਵਿਚ ਦਸਾਂ ਗੁਰੂਆਂ, ਸਾਹਿਬਜ਼ਾਦਿਆਂ, ਮਾਨਨੀਯ ਸਿੱਖਾਂ ਅਤੇ ਸ਼ਹੀਦਾਂ ਦੇ ਸਥਾਨਾਂ/ ਸ਼ਹੀਦਗੰਜ ਅਤੇ ਗੁਰਦ੍ਵਾਰਿਆਂ ਦਾ ਇਤਿਹਾਸ ਅੰਕਿਤ ਕੀਤਾ ਗਿਆ ਹੈ। ਇਹ ਮਹਾਨ ਰਚਨਾ ਹੈ ਜੋ ਗੁਰਦ੍ਵਾਰਿਆਂ ਸਬੰਧੀ ਇਤਿਹਾਸਿਕ ਜਾਣਕਾਰੀ ਦਿੰਦੀ ਹੈ। ਜੇਕਰ ਆਪ ਇਸ ਗ੍ਰੰਥ ਨੂੰ ਸਮੇਂ ਸਿਰ ਸੰਗ੍ਰਹਿ ਨਾ ਕਰਦੇ ਤਾਂ ਬਹੁਤ ਸਾਰੇ ਗੁਰਧਾਮ ਅਲੋਪ ਹੋ ਜਾਂਦੇ ਅਤੇ ਕਈ ਮਿਥਿਹਾਸਕ ਪ੍ਰਗਟ ਹੋ ਜਾਂਦੇ। ਇਹ ਗ੍ਰੰਥ ਗਿਆਨ ਦਾ ਭੰਡਾਰ ਹੈ। ਗੁਰਦ੍ਵਾਰਿਆਂ ਦੇ ਇਤਿਹਾਸ ਤੋਂ ਬਿਨਾਂ ਗੁਰੂਵੰਸ਼ ਦਾ ਇਤਿਹਾਸ; ਕਸ਼ਤ੍ਰੀਆਂ, ਰਾਜਪੂਤਾਂ ਦੀ ਜਾਤੀ ਬਾਰੇ ਖੋਜ, ਅਨੇਕ ਜਾਤੀਆਂ ਦੀ ਉਤਪਤੀ ਦਾ ਕਾਰਨ, ਤੀਰਥ ਯਾਤ੍ਰਾ ਦਾ ਮਹਾਤਮ, ਤੀਰਥ ਯਾਤ੍ਰਾ ਕਰਦੇ ਸਮੇਂ ਨਿਯਮਾਂ ਦੀ ਪਾਲਣਾ ਕਰਨੀ ਆਦਿ ਦਾ ਵੇਰਵਾ ਦਰਜ ਕੀਤਾ ਗਿਆ ਹੈ।

ਹਰੇਕ ਤੀਰਥ ਸਬੰਧੀ ਰਸਤੇ, ਸ਼ਹਿਰਾਂ-ਪਿੰਡਾਂ ਅਤੇ ਪ੍ਰਬੰਧ ਬਾਰੇ ਪੂਰਾ-ਪੂਰਾ ਵਿਵਰਣ ਦਿਤਾ ਹੈ। ਇਸ ਗ੍ਰੰਥ ਵਿਚ ੫੦੮ ਗੁਰਦੁਆਰਿਆਂ/ਤੀਰਥਾਂ ਦਾ ਵਰਣਨ ਹੈ। ਇਹ ਵੀ ਸਪਸ਼ਟ ਕੀਤਾ ਹੈ ਕਿ ਅਸੀਂ ਕੇਵਲ ਇਤਿਹਾਸਕ ਤੀਰਥਾਂ ਦਾ ਹੀ ਵਰਣਨ ਕਰਾਂਗੇ। ਜੋ ਪੁਜਾਰੀਆਂ ਨੇ ਆਪਣੀ ਉਪਜੀਵਕਾ ਵਾਸਤੇ ਮਿਥਿਹਾਸਕ ਕਲਪੇ ਹਨ, ਉਨ੍ਹਾਂ ਦਾ ਜ਼ਿਕਰ ਨਹੀਂ ਕੀਤਾ ਜਾਵੇਗਾ।

ਵਰਤਮਾਨ ਸਮੇਂ ਵਿਚ ਸ੍ਰੀ ਹੇਮਕੁੰਟ ਦੀ ਬੜੀ ਪ੍ਰਸਿਧੀ ਹੈ। ਹੇਮਕੁੰਟ ਨੂੰ ਪ੍ਰਗਟ ਕਰਨ ਵਾਲੇ, ਹੇਮਕੁੰਟ ਦੀ ਨਿਸ਼ਾਨਦੇਹੀ ਦਸਣ ਵਾਲੇ, ਆਪ ਜੀ ਹਨ। ਮਹਾਂਭਾਰਤ ਆਦਿਕ ਪੁਰਾਤਨ ਗ੍ਰੰਥਾਂ ਦੇ ਹਵਾਲੇ ਦੇਕੇ ਹੇਮਕੁੰਟ ਦੇ ਸਥਾਨ ਨੂੰ ਜਨ ਸਾਧਾਰਣ ਵਿਚ ਪ੍ਰਸਿਧ ਕੀਤਾ। ਹੇਮਕੁੰਟ (ਗੰਧ ਮਾਦਨ) ਪਰਬਤ ਦੀ ਭੂਗੋਲਿਕ ਪੜਚੋਲ ਕੀਤੀ ਜਿਸ ਦੇ ਪੜ੍ਹਣ ਤੋਂ ਆਪ ਜੀ ਦੇ ਭੂਗੋਲ ਸਬੰਧੀ ਗਿਆਨ ਦਾ ਪਤਾ ਲਗਦਾ ਹੈ। ਅਸੀਂ ਆਪ ਜੀ ਦੀ ਰਚਨਾ ਵਿਚੋਂ ਪਾਠਕਾਂ ਦੇ ਗਿਆਨ ਵਾਸਤੇ ਸਾਰ ਅੰਕਿਤ ਕਰਦੇ ਹਾਂ :

> "ਜਿਸ ਕੇ ਉਪਰ ਬਦ੍ਰੀ ਨਾਰਾਇਣ ਕਾ ਮੰਦਰ ਹੈ ਉਸ ਪਰਬਤ ਕਾ ਨਾਮ 'ਗੰਧ ਮਾਦਨ' ਹੈ। ਗੰਧ ਮਾਦਨ ਸੇ ਛੇ ਕੋਸ਼ ਨੀਚੇਪਰਬਤ ਕਾ ਨਾਮ 'ਸਤ ਸ੍ਰਿੰਗ' ਹੈ। ਉਸ ਮੇਂ ਪਾਂਡੂ ਨੇ ਯੋਗ ਕੀਆ। ਅਬ ਉਹਾਂ 'ਪੰਡਕੇਸ੍ਵਰ' ਗ੍ਰਾਮ ਬਸਤਾ ਹੈ। ਬਦ੍ਰੀ ਨਾਰਾਇਣ ਕੀ ਯਾਤ੍ਰਾ ਸਭ ਉਹਾ ਕੋ ਹੋ ਕਰ ਜਾਤੀ ਹੈ। ਕਿਨਾਰੇ ਜਾਣੇ ਕੋ ਰਸਤਾ ਨਹੀਂ। ਸਤ ਸ੍ਰਿੰਗ ਸੇ ਆਠ ਕੋਸ ਉਪਰ ਗੁਰੂ ਜੀ ਨੇ ਤਪ ਕੀਆ। ਸੋ ਅਭੀ ਸਪੱਸ਼ਟ ਕਰਤੇ ਹੈ :
>
> ਪੰਡ ਕੇਸ੍ਵਰ ਸੇ ਏਕ ਮੀਲ ਨੀਚੇ ਸੜਕ ਸਮੀਪ 'ਅਲਕ ਨੰਦਾ' ਗੰਗਾ ਕਾ ਪੁਲ ਹੈ। ਪੁਲ ਕੇ ਸਮੀਪ ਹੀ ਅਲਕ ਨੰਦਾ ਮੇਂ 'ਭੋਟੀ ਗੰਗਾ' ਮਿਲਤੀ ਹੈ। ਪੁਲ ਪੇ ਲਖ ਭੋਟੀ ਕੇ ਸੱਜੇ ਹਾਥ ਜਾਤੇ ਤੀਨ ਕੋਸ ਪੇ ਏਕ ਗਾਉਂ ਹੈ। ਵਹਾਂ ਔਰ ਪੁਲ ਹੈ। ਉਸ ਪੇ ਲਖ ਭੋਟੀ ਗੰਗਾ ਕੇ ਖੱਬੇ ਹਾਥ ਜਾਤੇ ਤੀਨ ਕੋਸ ਪੇ ਭੋਟੀ ਗੰਗਾ ਕੇ ਸਾਥ 'ਲੋਹ ਪਾਲ' ਕੇ ਜਲ ਕਾ ਸੰਗਮ ਹੈ। ਈਹਾਂ ਸੇ ਚੜ੍ਹਾਈ ਲਗਦੀ ਹੈ। ਸੋ ਦੋ ਕੋਸ ਰਸਤਾ ਕਠਿਨ ਹੈ। ਪੰਡਕੇਸ੍ਵਰ ਕਾ ਪੁਜਾਰੀ ਲੋਹ ਪਾਲ ਮੇਂ ਲੇ ਜਾਤਾ ਹੈ।
>
> ਲੋਹ ਪਾਲ ਮੇਂ ਜਲ ਕਾ ਤਲਾਬ ਹੈ। ਸੋ ਸਵਾਂ ਸੈ ਕਦਮ ਚੌੜਾ ਹੈ। ਆਧ ਕੋਸ ਪੱਕੇ ਕਾ ਲੰਬਾ ਹੈ। ਤਲਾਬ ਕੇ ਪੱਛਮ ਪਾਸੇ ਮੰਦਰ ਹੈਂ ਏਕ 'ਮਹਾਂਕਾਲ' ਕਾ ਦੂਸਰਾ 'ਮਹਾਂਕਾਲੀ' ਕਾ, ਮਹਾਕਾਲ ਕਾ ਮੰਦਰ ਏਕ

---

*੧. ਮਗਰੋਂ ਹੇਮਕੁੰਟ ਦੀ ਸੇਵਾ/ਪ੍ਰਚਾਰ ਸੰਤ ਸੋਹਨ ਸਿੰਘ ਕਰਦੇ ਰਹੇ। ਸੰਤ ਸੋਹਨ ਸਿੰਘ ਜੀ ਇਹ ਵੀ ਚਾਹੁੰਦੇ ਸਨ ਕਿ ਇਸ ਸਥਾਨ ਦਾ ਪ੍ਰਬੰਧ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਸੰਭਾਲ ਲਏ ਪਰ ਅਖਾੜੇ ਦੇ ਉਪਰਾਮਤਾ ਵਿਖਾਉਣ ਤੇ ਹੇਮਕੁੰਟ ਵਰਤਮਾਨ ਪ੍ਰਬੰਧ ਹੇਠ ਆਇਆ ਹੈ।*

*੨. ਪੰਡਿਤ ਜੀ ਸੰਸਕ੍ਰਿਤ ਦੇ ਅਦੁੱਤੀ ਵਿਦਵਾਨ ਹੁੰਦੇ ਹੋਏ ਵੀ ਗ੍ਰੰਥ ਰਚਨਾ ਗੁਰਮੁਖੀ ਲਿਪੀ ਵਿਚ ਕਰਦੇ ਸਨ। ਆਪ ਜੀ ਨੇ ਦੇਵ ਨਾਗਰੀ ਲਿਪੀ ਦੀ ਤਰ੍ਹਾਂ ਸ਼ੁਧ ਸੂਰ (ਆਵਾਜ਼) ਉਚਾਰਨ ਵਾਸਤੇ ਗੁਰਮੁਖੀ ਲਿਪੀ ਵਿਚ ਨਵੇਂ ਅੱਖਰ ਵੀ ਬਣਾਏ ਜਿਸ ਤਰ੍ਹਾਂ :*

*ਇਨ੍ਹਾਂ ਧੁਨੀਆਂ ਨੂੰ ਆਪ ਜੀ ਨੇ 'ਗੁਰੂ ਗਿਰਾਰਥ ਕੋਸ਼' ਵਿਚ ਵਰਤਿਆ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਆਪਣੇ ਗ੍ਰੰਥਾਂ ਵਿਚ ਇਨ੍ਹਾਂ ਨਵੇਂ ਅੱਖਰਾਂ ਦਾ ਖੁਲ੍ਹ ਕੇ ਪ੍ਰਯੋਗ ਕੀਤਾ ਹੈ। ਇਹ ਪੰਡਿਤ ਜੀ ਦੀ ਗੁਰਮੁਖੀ ਲਿਪੀ ਵਾਸਤੇ ਮਹਾਨ ਦੇਣ ਹੈ।*

ਗਜ਼ ਉਚਾ ਹੈ। ਮਹਾਂਕਾਲੀ ਪੌਨ ਗਜ਼ ਉਚਾ ਹੈ। ਮੂਰਤੀਆਂ ਦੋਨੋਂ ਮੇਂ ਧਾਤੂ ਕੀ ਹੈਂ। ਮੂਰਤੀ ਮਹਾਂਕਾਲ ਕੀ ਏਕ ਗਲਿਸਤ ਕੀ ਦੋ ਭੁਜ ਵਾਲੀ ਹੈ। ਕਾਲੀ ਕੀ ਪੌਨ ਗਲਿਸਤ ਕੀ ਚਾਰ ਭੁਜ ਵਾਲੀ ਹੈ। ਭੋਗ ਦੋਨੋ ਕੋ ਕੜਾਹ ਕਾ ਲਗਤਾ ਹੈ। ਗਾਂਜਾ ਤਮਾਕੂ ਵਹਾਂ ਕੋਈ ਪੀਤਾ ਨਹੀਂ। ਜੂਤਾ ਏਕ ਕੋਸ ਤਲੇ ਗੁਫਾ ਮੇਂ ਛੋਡ ਜਾਤੇ ਹੈਂ। ਅਸਲ ਮੇਂ ਨਾਮ 'ਲੋਕ ਪਾਲੇਸ਼ਵਰ' ਹੈ।

ਬਦ੍ਰੀ ਮਹਾਤਮ ਮੇਂ ਇਸ ਤੀਰਥ ਸਮੀਪ ਜਾ ਕਰ ਮਲ, ਮੂਤ੍ਰ, ਦਾਤਨ, ਕੁਰਲਾ ਕਰਨੇ ਔਰ ਥੁਕਨੇ ਕਾ ਬਡਾ ਸੰਕੋਚ ਲਿਖਾ ਹੈ। ਤਲਾਬ ਕੇ ਜਲ ਮੇਂ ਕੋਈ ਡੱਕਾ ਗੇਰੇ ਰਿਖੀ ਜਨ ਪੰਛੀਓਂ ਕਾ ਰੂਪ ਧਾਰ ਉਠਾ ਲੇ ਜਾਤੇ ਲਿਖਾ ਹੈ। ਮੰਦਰੋਂ ਕਾ ਤਲਾਬ ਸੇ ਚਾਰ ਕਦਮ ਕਾ ਫਰਕ ਹੈ। ਆਪ ਮੇਂ ਹਾਥ ਭਰ ਕਾ ਫਰਕ ਹੈ। ਉਤਰ ਪਾਸੇ ਕੇ ਪਰਬਤ ਮੈਂ ਗਿਰ ਕੇ ਤਲਾਬ ਮੇਂ ਜਲ ਪੜਤਾ ਹੈ। ਪਛਮ ਪਾਸੇ ਮੰਦਰੋਂ ਕੇ ਸਮੀਪ ਤਲੇ ਕੋ ਨਿਕਸ ਜਾਤਾ ਹੈ.... ਸੋ ਇਸੀ ਥਾਨ ਮੇਂ ਬੈਠ ਕੇ ਗੁਰੂ ਜੀ ਨੇ ਪੂਰਬ ਜਨਮ ਮੇਂ....... ਤਪ ਕੀਆ।"

ਪੰਡਿਤ ਜੀ ਦੇ ਇਸ ਲੇਖ ਤੋਂ ਦੋ ਗਲਾਂ ਸਪਸ਼ਟ ਹੁੰਦੀਆਂ ਹਨ। ਪਹਿਲੀ ਗੱਲ ਪੰਡਿਤ ਜੀ ਦੇ ਸਮੇਂ ਅੱਜ ਦੇ ਸਮੇਂ ਆਵਾਜਾਈ ਦੇ ਸਾਧਨਾਂ ਦੀ ਭਿੰਨਤਾ ਹੈ। ਦੂਸਰੀ ਗੱਲ ਮਹਾਂਕਾਲ ਅਤੇ ਮਹਾਂਕਾਲੀ ਦੇ ਮੰਦਰਾਂ ਦਾ ਰੂਪ, ਤਲਾਬ ਵਿਚ ਪਾਣੀ ਦਾ ਪੈਣਾ ਅਤੇ ਨਿਕਲਣਾ, ਮੰਦਰਾਂ ਦੀ ਉਚਾਈ, ਸਰੋਵਰ ਤੋਂ ਮੂਰਤੀਆਂ ਦੀ ਵਿੱਥ ਬਾਰੇ ਜੋ ਕੁਝ ਲਿਖਿਆ ਹੈ ਅਜ ਵੀ ਉਸੀ ਰੂਪ ਵਿਚ ਵਿਦਨਮਾਨ ਹੈ। ਇਸ ਤੋਂ ਪਤਾ ਲਗਦਾ ਹੈ ਆਪ ਜੀ ਨੇ ਜ਼ਰਾ-ਜ਼ਰਾ ਥਾਂ ਨੂੰ ਦੀਰਘ ਦ੍ਰਿਸ਼ਟੀ ਨਾਲ ਪੜਤਾਲਿਆ ਹੈ। ਅਗੇ ਲਿਖਿਆ ਆਪ ਜੀ ਦਾ ਸੁਝਾਉ ਪੜ੍ਹਨ ਯੋਗ ਹੈ ਜੋ ਸਰਬੱਤ ਯਾਤ੍ਰੀਆਂ ਦੇ ਲਾਭ ਵਾਸਤੇ ਦਾਨੀਆਂ ਨੂੰ ਪ੍ਰੇਰਨਾ ਦੇਕੇ ਕ੍ਰਿਆਤਮਿਕ ਰੂਪ ਵਿਚ ਲਿਆਉਣਾ ਚਾਹੁੰਦੇ ਹਨ।

"ਜੇਕਰ ਕੋਈ ਗੁਰੂ ਕਾ ਪਿਆਰਾ ਰਾਜਾ, ਬਾਬੂ ਸਿੱਖ ਪਾਂਚ ਸਾਤ ਹਜ਼ਾਰ ਰੁਪਯਾ ਲਗਾ ਕਰ ਪੰਡਕੇਸਰ ਕੇ ਉਰਲੇ ਪੁਲ ਸੇ ਸੜਕ ਬਣਵਾਏ। ਮਹਾਂਕਾਲ ਮਹਾਂਕਾਲੀ ਕੇ ਮੰਦਰੋਂ ਸਮੀਪ ਗੁਰੂ ਜੀ ਕੇ ਤਪਸੀ ਭੇਸ ਵਾਲਾ ਮੰਦਰ ਬਣਵਾਏ ਤਬ ਨਿਸਚੇ ਹੈ ਕਿ ਕੇਦਾਰਨਾਥ ਕਾ ਸਾਠ ਕੋਸ ਰਸਤਾ ਛੋਡ ਸਭ ਮੇਲਾ ਇਸ ਆਠ ਕੋਸ ਵਾਲੇ ਥਾਨ ਮੇਂ ਹੀ ਹੋਣੇ ਲਗ ਜਾਵੇ। ਬਣਵਾਣੇ ਵਾਲਾ ਆਪਣੇ ਨਾਮ ਕੀ ਪ੍ਰਸਿੱਧੀ ਦੇਖ ਸੁਣ ਲੇਵੇ ਅਰ ਮਹਾਂਕਾਲ ਕੇ ਪੁੱਤ੍ਰ ਗੁਰੂ ਜੀ ਕੇ ਸਮੀਪ ਬੜੀ ਹੀ ਪ੍ਰਤਿਸ਼ਠਾ ਪਾਵੇ।"

ਅਜ ਪੰਡਿਤ ਜੀ ਦੀ ਮਨੋਕਾਮਨਾ ਕ੍ਰਿਆਤਮਿਕ ਰੂਪ ਵਿਚ ਫਲੀ ਭੂਤ ਹੋਈ-ਹੋਈ ਹੈ। 'ਸ੍ਰੀ ਹੇਮਕੁੰਟ ਸਾਹਿਬ' (ਮਹਾਂਕਾਲ ਮਹਾਂਕਾਲੀ ਦੇ ਨਾਲ) ਦੇ ਗੁਰਦੁਆਰਾ ਸਾਹਿਬ ਦੀ ਭਵ ਇਮਾਰਤ ਸੁਭਾਇਮਾਨ ਹੋ ਰਹੀ ਹੈ ਜੋ ਖਾਲਸੇ ਦੇ ਤਪ-ਤੇਜ, ਪ੍ਰਾਕਰਮ, ਭਗਤੀ-ਸ਼ਕਤੀ ਦਾ ਪਰਿਚਯ ਦੇ ਰਹੀ ਹੈ। ਰਸਤੇ ਵਿਚ ਸੰਗਤਾਂ ਦੇ ਆਰਾਮ ਵਾਸਤੇ ਅਨੇਕ ਸਹਾਇਕ ਗੁਰਸਥਾਨ ਗੁਰਦੁਆਰਾ ਦੁਸ਼ਟ ਦਮਨ, ਜੋਸ਼ੀ ਮੱਠ, ਗੋਬਿੰਦ ਘਾਟ, ਗੋਬਿੰਦ ਧਾਮ ਕਾਇਮ ਹਨ। ਭੋਜਨ ਵਿਸ਼ਰਾਮ ਦਾ ਪੂਰਨ ਪ੍ਰਬੰਧ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪੰਡਿਤ ਜੀ ਦੀ ਇੱਛਾ ਨੂੰ ਸ਼ੀਘ੍ਰ ਪੂਰਨ ਕਰ ਦਿੱਤਾ ਹੈ।[੧]

ਗੁਰੁਤੀਰਥ ਸੰਗ੍ਰਹਿ ਪਹਿਲੀ ਵਾਰ ੧੮੮੪ ਈ: ਵਿਚ ਲਿਥੋ ਗ੍ਰਾਫੀ (ਪੱਥਰ ਦੇ ਛਾਪੇ) ਵਿਚ ਪ੍ਰਕਾਸ਼ਤ ਹੋਇਆ ਸੀ। ਦੂਸਰਾ ਸੰਸਕਰਣ ਸ੍ਰੀ ਮਹੰਤ ਪੰਡਿਤ ਸੁੱਚਾ ਸਿੰਘ ਜੀ ਦੇ ਪਰਿਸ਼੍ਰਮ ਨਾਲ ੧੯੭੫ ਈ: ਵਿਚ ਪ੍ਰਕਾਸ਼ਤ ਹੋਇਆ ਹੈ।

## ਗੁਰੁਗਿਰਾਰਥ ਕੋਸ਼

ਇਹ ਗ੍ਰੰਥ ਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਮੁਕੰਮਲ ਕੋਸ਼ ਹੈ[੨] ਜਿਸ ਵਿਚ ਗੁਰਬਾਣੀ ਦੇ

ਪਦ-ਪਦਾਰਥਾਂ ਦੀ ਸਪਸ਼ਟ ਵਿਆਖਿਆ ਕੀਤੀ ਗਈ ਹੈ। ਇਹ ਸਰਵ ਸ਼੍ਰੇਸ਼ਟ ਗ੍ਰੰਥ ਅੱਜ ਤੋਂ ਇਕ ਸੌ ਵਰਸ਼ ਪਹਿਲਾਂ ਲਿਖਿਆ ਗਿਆ ਸੀ। ਇਸ ਦੀ ਲਿਖਤ ਤੋਂ ਪੰਡਿਤ ਜੀ ਦੀ ਵਿਦਵਤਾ, ਲਗਨ ਅਤੇ ਘਾਲਣਾ ਦਾ ਪਤਾ ਲਗਦਾ ਹੈ। ਇਸ ਗ੍ਰੰਥ ਵਿਚ ਕਈ ਨਵੇਂ ਵਾਧੇ ਹਨ। ਵਾਰਤਕ ਦੀ ਨਵੀਨ ਸ਼ੈਲੀ ਵਿਚ ਉਤਰੀ ਭਾਰਤ ਦਾ ਪਹਿਲਾ ਕੋਸ਼ ਹੈ ਜੋ ਸ਼ਬਦਾਂ ਦੀ ਵਿਆਖਿਆ ਉਦਾਹਰਨ ਸਹਿਤ ਕਰਦਾ ਹੈ। ਕਿਸੇ-ਕਿਸੇ ਸ਼ਬਦ ਦੀ ਵਿਆਖਿਆ ਅਤਿ ਵਿਸਤ੍ਰਿਤ ਹੈ ਜਿਵੇਂ ਆਤਮਾ, ਸਿਸ਼੍ਟੀ, ਹਿੰਦੂ ਆਦਿਕ ਸ਼ਬਦ ਹਨ। ਛਪਾਈ ਮੋਟੇ ਅੱਖਰਾਂ ਵਿਚ ਲਿਥੋ ਗ੍ਰਾਫੀ (ਪੱਥਰ ਦੇ ਛਾਪੇ) ਦੀ ਹੈ।

ਪਹਿਲੀ ਸੈਂਚੀ ੭੦੨ ਪੰਨੇ ਦੀ 'ਣ' ਅੱਖਰ ਤਕ, 'ਨਿਊ ਇੰਪੀਰੀਅਲ ਪ੍ਰੈਸ ਲਾਹੌਰ' ਅਤੇ 'ਰਾਜਿੰਦ੍ਰਾ ਪ੍ਰੈਸ ਪਟਿਆਲਾ' ਵਿਚ ਛਪੀ ਹੈ। ਇਸ ਸੈਂਚੀ ਵਿਚ ੧੨ ਪੰਨੇ ਦੀ ਭੂਮਿਕਾ ਪੜ੍ਹਨਯੋਗ ਹੈ।

ਦੂਸਰੀ ਸੈਂਚੀ 'ਤ' ਅੱਖਰ ਤੋਂ 'ੜ' ਅੱਖਰ ਤਕ ੭੦੬ ਪੰਨੇ ਦੀ ਹੈ ਜੋ 'ਰਾਜਿੰਦਰਾ ਪ੍ਰੈਸ ਪਟਿਆਲਾ' ਵਿਚ ਛਪੀ ਹੈ। ਕਵਿਤਾ ਦਾ ਨਮੂਨਾ ਇਸ ਤਰ੍ਹਾਂ ਹੈ :

*"ਸੁਤੇ ਸਿੱਧ ਸੁੱਧ ਬੁੱਧ ਨਿਤਯ ਨਿਰਵਿਕਾਰ ਰੂਪ,*<br>
*ਨਿਰਜੁਰ ਨਿਰੀਹ ਨਿਰਦੋਖ ਨਿਰਾਕਾਰ ਹੈ।*<br>
*ਅਜੈ ਅਬਿਨਾਸੀ ਆਦਿ ਅੰਤਿ ਸੇ ਬਿਹੀਨ ਰੂਪ,*<br>
*ਅਲਖ ਅਪਾਰ ਪਾਰ ਨਿਖਲ ਪਸਾਰ ਹੈ।*<br>
*ਏਕ ਰੂਪ ਏਕ ਜੋਤਿ ਏਕ ਸੁਖ ਏਕ ਓਤ,*<br>
*ਏਕ ਨਿਧੀ ਏਕ ਦੇਵ ਏਕਾ ਏਕੰਕਾਰ ਹੈ।*<br>
*ਵਹੀ ਨਿਜ ਮਾਯਾ ਮੇਂ ਪਸਾਰ ਜੋਤਿ ਤੀਨ ਰੂਪ,*<br>
*ਧਾਰ ਕੇ ਕਹਾਯੋ ਗਿਰਾ ਸਾਰ ਉਅੰਕਾਰ ਹੈ।"*

ਸ੍ਰੀ ਪੰਡਿਤ ਤਾਰਾ ਸਿੰਘ ਜੀ ਨਰੋਤਮ ਆਪਣੇ ਸਮੇਂ ਦੇ ਮਹਾਨ ਵਿਆਖਿਆਕਾਰ ਸਨ। ਆਪ ਜੀ ਨੇ ਜੀਵਨ ਭਰ ਗੁਰਮਤਿ/ਗੁਰਬਾਣੀ ਦੀ ਖੋਜ ਵਿਚ ਸਮਾਂ ਬਤੀਤ ਕੀਤਾ ਹੈ। ਸਾਰਾ ਜੀਵਨ ਗੁਰਮਤਿ ਵਿਚਾਰਧਾਰਾ ਨੂੰ ਸਪੱਸ਼ਟ ਕਰਨ ਵਿਚ ਲਾਇਆ। ਆਪ ਜੀ ਨੇ ਦ੍ਰਿੜ੍ਹਤਾ ਨਾਲ ਲਿਖਿਆ ਹੈ ਕਿ ਗੁਰਬਾਣੀ ਦੀ ਵਿਆਖਿਆ ਕਰਨੀ, ਟੀਕੇ ਕਰਨੇ, ਗੁਰੂ ਕੇ ਸਿੱਖ ਦਾ ਕਰਤੱਵਜ ਹੈ। ਸੋ ਆਪ ਜੀ ਇਸ ਬਚਨ ਅਨੁਸਾਰ ਗੁਰੂਘਰ ਦੀ ਸੇਵਾ ਅੰਤਿਮ ਸੁਆਸਾਂ ਤਕ ਕਰਦੇ ਰਹੇ। ਆਪ ਜੀ ਦੇ ਮਹਾਨ ਉਪਕਾਰ ਸਿੱਖ ਪੰਥ ਵਿਚ ਸਤਿਕਾਰ ਨਾਲ ਯਾਦ ਕੀਤੇ ਜਾਣਗੇ।

## ਗਿਆਨੀ ਗਿਆਨ ਸਿੰਘ ਜੀ

ਗਿਆਨੀ ਗਿਆਨ ਸਿੰਘ ਜੀ ਧੁਰੰਧਰ ਵਿਦਵਾਨ, ਮਹਾਨ ਕਵੀ ਅਤੇ ਪ੍ਰਸਿੱਧ ਇਤਿਹਾਸਕਾਰ ਸਨ। ਆਪ ਜੀ ਨੇ ਬ੍ਰਜ ਭਾਸ਼ਾ ਵਿਚ ਪ੍ਰਸਿੱਧ ਗ੍ਰੰਥ 'ਸ੍ਰੀ ਗੁਰੂ ਪੰਥ ਪ੍ਰਕਾਸ਼ ਮਹਾਂਕਾਵਿ' ਲਿਖਿਆ ਹੈ। ਪੰਜਾਬੀ ਵਾਰਤਕ ਵਿਚ 'ਤਵਾਰੀਖ ਗੁਰੂ ਖਾਲਸਾ' ਅੰਕਿਤ ਕੀਤੀ ਹੈ। ਨਵੀਨ ਪੰਜਾਬੀ ਵਾਰਤਕ ਦੇ ਆਪ ਜੀ ਮੋਢੀ ਸਨ ਜੋ ਨਿਖਰਵੀਂ ਸ਼ੁਧ ਰੂਪ ਵਿਚ ਬਾ-ਤਰਤੀਬ ਲਿਖੀ ਹੈ ਜਿਸ ਨਾਲ ਜਨ ਸਾਧਾਰਣ ਪੇਂਡੂ ਸੰਗਤਾਂ ਨੂੰ ਅਤਿ ਲਾਭ ਪਹੁੰਚਿਆ ਹੈ। ਆਪ ਜੀ ਦੀ ਵਾਰਤਕ ਵਿਚ ਆਧੁਨਿਕ ਸ਼ੈਲੀ ਦੇ ਸਾਰੇ ਲਕਸ਼ਣ ਵਿਦਮਾਨਯ ਹਨ। ਵਾਰਤਕ ਸ਼ੈਲੀ ਸਰਵ ਗੁਣ

ਭਰਪੂਰ ਹੈ ਜਿਸ ਵਿਚ ਸਿੱਖ ਇਤਿਹਾਸ ਨੂੰ ਵੇਰਵੇ ਸਹਿਤ ਅੰਕਿਤ ਕੀਤਾ ਹੈ। ਹਰ ਘਟਨਾ ਨੂੰ ਵਿਚਾਰ ਤੋਲ ਕੇ ਲਿਖਿਆ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਸਾਰੇ ਭਾਰਤ ਦਾ ਦੇਸ਼ਾਟਨ ਕੀਤਾ ਪਰ ਸਤਿਗੁਰੂ ਜੀ ਦੇ ਉਪਕਾਰਾਂ/ ਗੁਰਦੁਆਰਿਆਂ ਦਾ ਵਰਣਨ, ਪੁਰਾਤਨ ਗ੍ਰੰਥਾਂ/ਜਨਮ ਸਾਖੀਆਂ ਵਿਚ ਬਹੁਤ ਘਟ ਆਇਆ ਹੈ। ਗਿਆਨੀ ਗਿਆਨ ਸਿੰਘ ਜੀ ਨੇ ਸ੍ਵਯੰ ਦੇਸ ਦਾ ਭ੍ਰਮਣ ਕਰਕੇ, ਅਨੇਕ ਅਕਹਿ-ਅਸਹਿ ਕਸ਼ਟ ਸਹਿਕੇ ਸਤਿਗੁਰੂ ਜੀ ਦੇ ਸਮੂਹ ਸਥਾਨਾਂ ਤੇ ਪਹੁੰਚਣ ਦਾ ਯਤਨ ਕੀਤਾ ਅਤੇ ਬਾ-ਤਰਤੀਬ ਭਗੋਲਿਕ ਰੂਪ ਵਿਚ ਸਤਿਗੁਰੂ ਨਾਨਕ ਦੇਵ ਜੀ ਦੀ ਜੀਵਨ ਕਥਾ ਲਿਖੀ। ਨਾਲ ਹੀ ਭਾਰਤ ਦੀਆਂ ਅਨੇਕ ਜਾਤੀਆਂ ਦੇ ਰਸਮੋਂ ਰਿਵਾਜਾਂ, ਧਾਰਮਿਕ ਵਿਸ਼ਵਾਸਾਂ ਦਾ ਖੋਜ ਪੂਰਤ ਵਰਣਨ ਕੀਤਾ ਹੈ। ਮੁਖ ਗੱਲ ਇਹ ਹੈ ਕਿ ਗਿਆਨੀ ਜੀ ਅੰਧ ਵਿਸ਼੍ਵਾਸ਼ੀ ਨਹੀਂ ਸਨ। ਭਾਰਤ ਵਿਚ ਧਰਮ ਦੇ ਨਾਮ ਹੇਠ ਹੋ ਰਹੀਆਂ ਅਨੇਕ ਕੁਰੀਤੀਆਂ ਦਾ ਡਟ ਕੇ ਖੰਡਨ ਕੀਤਾ ਹੈ। ਅੰਧ-ਵਿਸ਼੍ਵਾਸ ਤੇ ਆਪ ਜੀ ਦੀ ਕਲਮ ਤਿਖੀ/ ਤੇਜ ਹੋ ਕੇ ਚੱਲੀ ਹੈ।

ਆਪ ਪਹਿਲੇ ਵਿਦਵਾਨ ਸਨ, ਜਿਨ੍ਹਾਂ ਨੇ ਦੇਸ਼ ਦੇ ਪੁਸਤਕਾਲਯ ਫੋਲ-ਫੋਲ ਕੇ ਗੁਰਇਤਿਹਾਸ ਦਾ ਮਸਾਲਾ ਇਕੱਤਰ ਕੀਤਾ। ਬਿਰਧਾਂ ਤੋ ਜਾਣਕਾਰੀ ਲੈਕੇ ਅੰਕਿਤ ਕੀਤੀ। ਆਪ ਇਸ ਯਤਨ ਵਿਚ ਵੀ ਰਹੇ ਕਿ ਦਸਮ ਪਿਤਾ ਦੇ ਕਿਸੇ ਹਜ਼ੂਰੀ/ਸਮਕਾਲੀ ਸਿੱਖ ਜਾਂ ਬਾਬਾ ਬੰਦਾ ਬਹਾਦਰ ਦੇ ਸਮਕਾਲੀਆਂ ਦੇ ਦਰਸ਼ਨ ਹੋ ਸਕਣ, ਤਾਂ ਇਤਿਹਾਸਕ ਸਮੱਗਰੀ ਹੋਰ ਵੀ ਖੋਜ ਪੂਰਤ ਮਿਲ ਸਕੇ। ਮਹਾਰਾਜਾ ਰਣਜੀਤ ਸਿੰਘ ਜੀ ਦਾ ਰਾਜ ਕਾਲ ਆਪ ਜੀ ਨੇ ਅੱਖੀਂ ਵੇਖਿਆ ਸੀ। ਇਸ ਤਰ੍ਹਾਂ ਆਪ ਜੀ ਨੇ ਇਕ-ਇਕ ਵਾਰਤਾ ਨੂੰ ਦਲੀਲ ਦੀ ਕਸਵੱਟੀ ਤੇ ਪਰਖਕੇ ਲਿਖਿਆ ਹੈ।

ਕਿਸੀ ਨੇ ਕੇਵਲ ਦਸਾਂ ਗੁਰੂਆਂ ਤਕ ਲਿਖਿਆ ਹੈ, ਕਿਸੀ ਨੇ ਬਾਬਾ ਬੰਦਾ ਬਹਾਦਰ ਤਕ, ਕਿਸੀ ਨੇ ਮਿਸਲਾਂ ਤਕ, ਕਿਸੀ ਨੇ ਮਹਾਰਾਜਾ ਰਣਜੀਤ ਸਿੰਘ ਤੱਕ ਲਿਖਿਆ ਹੈ ਪਰ ਗਿਆਨੀ ਗਿਆਨ ਸਿੰਘ ਜੀ ਅਜੇਹੇ ਮਹਾਨ ਵਿਦਵਾਨ ਸਨ, ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਅਕਾਲੀ ਲਹਿਰ ਤਕ ਪੰਜ ਸੌ ਵਰਸ਼ ਦਾ ਇਤਿਹਾਸ ਲਿਖਕੇ ਪੰਥ ਦੀ ਮਹਾਨ ਸੇਵਾ ਕੀਤੀ ਹੈ। ਪਹਿਲੀ ਵਾਰ ਉਦਾਸੀਆਂ, ਨਿਰਮਲਿਆਂ, ਸੇਵਾਪੰਥੀਆਂ, ਨਿਹੰਗਸਿੰਘਾਂ, ਨਾਮਧਾਰੀਆਂ ਆਦਿਕ ਅਨੇਕ ਸੰਪ੍ਰਦਾਵਾਂ ਦਾ ਇਤਿਹਾਸ ਵਿਸਤਾਰ ਪੂਰਬਕ ਲਿਖਿਆ ਹੈ। ਇਸ ਗੱਲ ਵਿਚ ਵੀ ਗਿਆਨੀ ਗਿਆਨ ਸਿੰਘ ਜੀ ਨੇ ਪਹਿਲ ਕਰਦੇ ਹੋਏ ਪੰਜਾਬ ਦੇ ਸਭਿਆਚਾਰ, ਰਹਿਣ-ਸਹਿਣ, ਰਸਮੋ-ਰਿਵਾਜ, ਖਾਣ-ਪਾਨ, ਗਮੀ-ਸ਼ਾਦੀ ਤੇ ਵਿਆਖਿਆ ਪੂਰਬਕ ਲਿਖਕੇ ਦੱਸਿਆ ਕਿ ਸਾਡੇ ਵਡੇਰੇ ਕਿਸ ਸਥਿਤੀ ਵਿਚ ਦੀ ਗੁਜ਼ਰਦੇ ਹੋਏ ਹੁਣ ਤਕ ਪਹੁੰਚੇ ਹਨ। ਤਿੰਨ ਸੌ ਤੋਂ ਉਪਰ ਸਿੱਖ ਘਰਾਣਿਆਂ ਦਾ ਇਤਿਹਾਸ ਵੀ ਲਿਖਿਆ ਸੀ ਜੋ ਗੁੰਮ ਹੋ ਗਿਆ। ਅੰਮ੍ਰਿਤਸਰ ਅਤੇ ਲਾਹੌਰ ਦੀ ਤਵਾਰੀਖ ਵੀ ਪਹਿਲੀ ਵਾਰ ਆਪ ਜੀ ਨੇ ਲਿਖੀ ਹੈ। ਨਿਹੰਗ ਸਿੰਘਾਂ ਦੇ ਬੋਲ੍ਹੇ ਵੀ ਪਹਿਲੀ ਵਾਰ ਆਪ ਜੀ ਨੇ ਇਕੱਠੇ ਕਰਕੇ ਲਿਖੇ ਹਨ।

ਆਪ ਜੀ ਜੋ ਕੁਝ ਵੀ ਲਿਖਦੇ ਸਨ, ਪੰਥ ਦੀ ਸੇਵਾ ਸਮਝਕੇ ਲਿਖਦੇ ਸਨ। ਜਿਨ੍ਹਾਂ ਕੰਮ ਇਕੱਲੇ ਗਿਆਨੀ ਗਿਆਨ ਸਿੰਘ ਜੀ ਨੇ ਕੀਤਾ ਹੈ, ਉਸ ਸਮੇਂ ਕਿਸੇ ਵੀ ਸਭਾ ਸੁਸਾਇਟੀ ਨੇ ਏਨ੍ਹਾਂ ਕੰਮ ਨਹੀਂ ਕੀਤਾ ਸੀ। ਗਿਆਨੀ ਜੀ ਨੇ ਸਾਹਿਤਕ ਸੇਵਾ ਦਾ ਸਾਰਾ ਕੰਮ ਬਿਨਾਂ ਕਿਸੀ ਸੰਸਥਾ, ਰਾਜ ਦਰਬਾਰ ਦੀ ਸਹਾਇਤਾ ਤੋਂ ਵਿਅਕਤੀਗਤ ਆਪਣੇ ਨਿਜ ਦੇ ਯਤਨ ਨਾਲ ਹੀ ਕੀਤਾ ਹੈ। ਗਿਆਨੀ ਜੀ ਨੂੰ ਤਾਂ ਇਕੋ ਲਗਨ ਸੀ ਕਿ ਸਤਿਗੁਰੂਆਂ ਅਤੇ ਪੰਥ ਦੇ ਉਪਕਾਰਾਂ, ਕਾਰਨਾਮਿਆਂ, ਸੇਵਾ, ਉਚ ਗੁਣਾਂ ਨੂੰ ਜਨਤਾ ਜਨਾਰਦਨ ਤਕ ਪਹੁੰਚਾਇਆ ਜਾਵੇ।

ਵਰਤਮਾਨ ਇਤਿਹਾਸਕਾਰਾਂ ਨੂੰ ਗਿਆਨੀ ਜੀ ਦੇ ਇਤਿਹਾਸ ਤੋਂ ਸੇਧ ਮਿਲਦੀ ਹੈ। ਕੋਈ ਵੀ ਇਤਿਹਾਸਕਾਰ ਗਿਆਨੀ ਜੀ ਦੀਆਂ ਲਿਖਤਾਂ ਵਾਚੇ ਬਿਨਾਂ ਲਿਖਣ ਦਾ ਦਾਅਵਾ ਨਹੀਂ ਕਰ ਸਕਦਾ। ਇਤਿਹਾਸ ਦੇ ਵਿਦਿਆਰਥੀ ਗਿਆਨੀ ਜੀ ਦੇ ਸਦਾ ਹੀ ਰਿਣੀ ਰਹਿਣਗੇ।

ਗਿਆਨੀ ਜੀ ਨੇ ਹੇਠ ਲਿਖੇ ੩੫ ਗ੍ਰੰਥ ਲਿਖੇ ਹਨ ਜਿਨ੍ਹਾਂ ਵਿਚੋ ੨੬ ਗ੍ਰੰਥ ਪੰਜਾਬੀ ਵਿਚ ਅਤੇ ੯ ਗ੍ਰੰਥ ਉਰਦੂ ਵਿਚ ਹਨ। ਗ੍ਰੰਥਾਂ ਦੀ ਸੂਚੀ ਇਸ ਪ੍ਰਕਾਰ ਹੈ :

੧. ਸ੍ਰੀ ਗੁਰ ਪੰਥ ਪ੍ਰਕਾਸ਼ ੨. ਤਵਾਰੀਖ ਗੁਰੂਖਾਲਸਾ (ਭਾਗ ਪਹਿਲਾ) ੩. ਸ਼ਮਸ਼ੇਰ ਖਾਲਸਾ (ਭਾਗ ਦੂਜਾ) ੪. ਰਾਜ ਖਾਲਸਾ (ਭਾਗ ਤੀਜਾ) ੫. ਸਰਦਾਰ ਖਾਲਸਾ (ਭਾਗ ਚੌਥਾ) ੬. ਪੰਥ ਖਾਲਸਾ (ਭਾਗ ਪੰਜਵਾਂ) ੭. ਨਿਰਮਲ ਪੰਥ ਪ੍ਰਦੀਪਕਾ ੮. ਖਾਲਸਾ ਪਤਤ ਪਾਵਨ ੯. ਸੂਰਜ ਪ੍ਰਕਾਸ਼ (ਤਿੰਨ ਭਾਗ) ੧੦. ਗੁਰਧਾਮ ਸੰਗ੍ਰਹਿ ੧੧. ਕਥਾ ਪੂਰਨਮਾਸ਼ੀ ੧੨. ਰਿਪਦਮਨ ਪ੍ਰਕਾਸ਼ (ਪੰਜ ਭਾਗ) ੧੩. ਭੂਪਿੰਦਰਾ ਨੰਦ ੧੪. ਤਵਾਰੀਖ ਅੰਮ੍ਰਿਤਸਰ ੧੫. ਗੁਰਪੁਰਬ ਪ੍ਰਕਾਸ਼ ੧੬. ਇਤਿਹਾਸ ਰਿਆਸਤ ਬਾਗੜੀਆਂ ੧੭. ਅੰਮ੍ਰਿਤ ਪ੍ਰਕਾਸ਼ ੧੮. ਨੀਤੀ ਪ੍ਰਕਾਸ਼ ੧੯. ਅਨਿਕ ਪ੍ਰਕਾਸ਼ ੨੦. ਦੋਹਾਵਲੀ ੨੧. ਪ੍ਰਸ਼ਨੋਤ੍ਰੀ ੨੨. ਭੇਖ ਪ੍ਰਭਾਕਰ ੨੩. ਪੰਜਾਬੀ ਸੀਹਰਫੀ ੨੪. ਇਕ ਆਯੁਰਵੈਦਿਕ ਗ੍ਰੰਥ ੨੫. ਸ੍ਵੈਜੀਵਨ ਕਥਾ।

ਆਪ ਜੀ ਵਲੋਂ ਉਰਦੂ ਵਿਚ ਲਿਖੇ ਗ੍ਰੰਥਾਂ ਦਾ ਵੇਰਵਾ ਇਸ ਪ੍ਰਕਾਰ ਹੈ।

੧. ਤਵਾਰੀਖ ਗੁਰੂਖਾਲਸਾ (ਹਿੱਸਾ ਪਹਿਲਾ) ੨. ਸ਼ਮਸ਼ੇਰ ਖਾਲਸਾ (ਹਿੱਸਾ ਦੂਜਾ) ੩. ਰਾਜ ਖਾਲਸਾ (ਹਿੱਸਾ ਤੀਜਾ) ੪. ਤਵਾਰੀਖ ਸ੍ਰੀ ਅੰਮ੍ਰਿਤਸਰ ੫. ਤਵਾਰੀਖ ਲਾਹੌਰ ੬. ਸਵਾਨਿਹ ਉਮਰੀ ਗਿਆਨੀ ਗਿਆਨ ਸਿੰਘ।

## ੧. ਸ੍ਰੀ ਗੁਰਪੰਥ ਪ੍ਰਕਾਸ਼

ਇਹ ਗ੍ਰੰਥ ਬ੍ਰਜ ਭਾਸ਼ਾ ਦਾ ਅਦੁੱਤੀ ਮਹਾਂਕਾਵਯ, ਸਿੱਖ ਇਤਿਹਾਸ ਦਾ ਪ੍ਰਮਾਣੀਕ ਅਤੇ ਸਾਹਿਤਕ ਗੁਣਾਂ ਨਾਲ ਵਿਭੂਸ਼ਤ ਇਤਿਹਾਸ ਹੈ। ਸਿੱਖ ਸਾਹਿਤਯ ਵਿਚ 'ਗੁਰਪ੍ਰਤਾਪ ਸੂਰਜ' ਨੂੰ ਛੱਡਕੇ ਅਜਿਹਾ ਹੋਰ ਗ੍ਰੰਥ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਹਿੰਦੀ ਸਾਹਿਤਯ ਦੇ ਵਿਦਵਾਨ ਇਸ ਮਹਾਨ ਕਾਵਯ ਰਚਨਾ ਤੇ ਰਸ਼ਕ ਕਰਦੇ ਹਨ। ਪੰਜਾਬੀ ਦੇ ਵੀ ਕੁਝ ਵਿਦਵਾਨ ਈਰਖਾ ਕਰਦੇ ਰਹੇ ਹਨ। ਕੁਝ ਵਿਅਕਤੀਆਂ ਨੇ ਈਰਖਾ ਅਧੀਨ ਕਈ ਵਰਸ਼ ਦੇ ਕਠਨ ਪਰਿਸ਼੍ਰਮ ਨਾਲ ਤਿਆਰ ਕੀਤੇ ਇਸ ਮਹਾਂਕਾਵਯ ਦੀ ਇਕ-ਇਕ ਪੰਕਤੀ, ਵਾਰਤਾ, ਸੰਮਤ, ਤਿਥੀਆਂ ਨੂੰ ਅਸ਼ੁਧ ਕਰਨ ਲਈ ਅਣਥੱਕ ਯਤਨ ਕੀਤੇ ਹਨ। ਇਹ ਸਾਰੀ ਮਿਹਨਤ ਇਸ ਵਾਸਤੇ ਕੀਤੀ ਗਈ ਕਿ ਗਿਆਨੀ ਗਿਆਨ ਸਿੰਘ ਜੀ ਦੇ ਗਿਆਨ ਨੂੰ ਅਗਿਆਨ ਵਿਚ ਬਦਲ ਦਿਤਾ ਜਾਵੇ।

ਈਰਖਾਵਾਦੀਆਂ ਦੀ ਕਿਰਪਾ ਨਾਲ ਇਹ ਭਾਵਨਾ ਕਾਫੀ ਸਮਾਂ ਬਣੀ ਰਹੀ ਕਿ ਗਿਆਨੀ ਜੀ ਪ੍ਰਸੰਗ ਅਤੇ ਸੰਮਤ ਗਲਤ ਲਿਖਦੇ ਰਹੇ ਹਨ, ਪਰ ਸੱਚ ਦਾ ਚੰਦ੍ਰਮਾ ਕੂੜ ਦੀ ਅਮਾਵਸ ਨਾਲ ਸਦਾ ਨਹੀਂ ਢਕਿਆ ਜਾ ਸਕਦਾ।

ਗਿਆਨੀ ਜੀ ਦੀ ਨਿਸ਼ਕਾਮ ਸੇਵਾ ਨੂੰ ਪ੍ਰਗਟ ਕਰਨ ਵਾਸਤੇ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਨੇ ਵਿਵੇਕ ਬੁਧੀ ਨਾਲ ਪੰਥ ਪ੍ਰਕਾਸ਼ ਤੇ ਖੋਜ ਆਰੰਭ ਕੀਤੀ। ਕਈ ਵਰ੍ਹਿਆਂ ਦੀ ਅਣਥੱਕ ਮਿਹਨਤ ਲਗਨ ਨਾਲ ਪੰਥ ਪ੍ਰਕਾਸ਼ ਦੇ ਛੇ ਸੰਸਕਰਣ ਸਾਮ੍ਹਣੇ ਰੱਖਕੇ ਇਕ-ਇਕ ਅੱਖਰ, ਇਕ-ਇਕ ਪੰਕਤੀ, ਇਕ-ਇਕ ਪ੍ਰਸੰਗ, ਇਕ-ਇਕ ਸੰਮਤ, ਤਾਰੀਖ ਤੇ ਵਿਚਾਰ ਕਰਕੇ 'ਸ੍ਰੀ ਗੁਰੁ ਪੰਥ ਪ੍ਰਕਾਸ਼' ਨੂੰ ਸ਼ੁਧ ਰੂਪ ਵਿਚ ਪ੍ਰਕਾਸ਼ਤ ਕੀਤਾ। ਸਿੰਘ ਸਾਹਿਬ ਜੀ ਦੇ ਇਸ ਉਪਕਾਰ ਬਦਲੇ ਪੰਥ ਸਦਾ ਰਿਣੀ ਰਹੇਗਾ।

## ੨. ਤਵਾਰੀਖ ਗੁਰੂਖਾਲਸਾ

ਜਿਵੇਂ ਪੰਥ ਪ੍ਰਕਾਸ਼ ਬ੍ਰਜ ਭਾਸ਼ਾ (ਹਿੰਦੀ) ਸਾਹਿਤਯ ਵਿਚ ਆਦੁੱਤੀ ਮਹਾਂਕਾਵਯ ਹੈ। ਇਸੀ ਤਰ੍ਹਾਂ ਤਵਾਰੀਖ ਗੁਰੂਖਾਲਸਾ (ਪੰਜ ਭਾਗ) ਠੇਠ ਪੰਜਾਬੀ ਵਿਚ ਅਪੂਰਵ ਰਚਨਾ ਹੈ। ਗਿਆਨੀ ਗਿਆਨ ਸਿੰਘ ਜੀ ਆਧੁਨਿਕ

ਪੰਜਾਬੀ ਵਾਰਤਕ ਦੇ ਪਿਤਾਮਹ ਹਨ। ਆਪ ਜੀ ਨੇ ਪੰਜਾਬੀ ਵਾਰਤਕ ਵਿਚ ਗੁਰੁਇਤਿਹਾਸ ਲਿਖਕੇ ਸ਼ਾਨਦਾਰ ਸੇਵਾ ਕੀਤੀ ਹੈ। ਇਸ ਵਾਰਤਕ ਤਵਾਰੀਖ ਗੁਰੂਖਾਲਸਾ ਨੇ ਹਜ਼ਾਰਾਂ ਵਿਅਕਤੀਆਂ ਨੂੰ ਗੁਰਸਿੱਖੀ ਨਾਲ ਜੋੜਿਆ ਹੈ।

ਤਵਾਰੀਖ ਗੁਰੂਖਾਲਸਾ ਦਾ ਪਹਿਲਾ ਭਾਗ ਸੰਨ ੧੮੯੧ ਈ: ਵਿਚ 'ਮਤਬਾ ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰੈਸ, ਸਿਆਲਕੋਟ (ਹੁਣ ਪਾਕਿਸਤਾਨ)' ਵਿਚ ੧੮×੨੨/੪ ਅਕਾਰ ਦੇ ੩੬੧ ਪੰਨੇ (ਪੱਥਰ ਦੇ ਛਾਪੇ) ਵਿਚ ਛਪਿਆ ਸੀ। ਇਸ ਗ੍ਰੰਥ ਵਿਚ ਗੁਰੂ ਨਾਨਕ ਦੇਵ ਜੀ ਦੀ ਪੂਰਣ ਜੀਵਨ ਕਥਾ ਹੈ।

ਇਸ ਗ੍ਰੰਥ ਰਤਨ ਨੂੰ ਦੂਜੀ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਅਵਤਾਰ ਪੁਰਬ ਤੇ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਨੇ ਸੰਪਾਦਿਤ ਕੀਤਾ ਹੈ ਜਿਸਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ੧੯੬੯ ਈ: ਵਿਚ ਪ੍ਰਕਾਸ਼ਤ ਕੀਤਾ ਸੀ।

## ੩. ਸ਼ਮਸ਼ੇਰ ਖਾਲਸਾ

ਇਹ ਵੀ ਪੱਥਰ ਦੇ ਛਾਪੇ ਵਿਚ ੧੮×੨੨/੪ ਅਕਾਰ ਦੇ ੧੧੭ ਪੰਨੇ ਹਨ। 'ਮਤਬਾ ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰੈਸ, ਸਿਆਲਕੋਟ (ਹੁਣ ਪਾਕਿਸਤਾਨ)' ਵਿਚ ਸੰਨ ੧੮੯੨ ਈ: ਵਿਚ ਛਪਿਆ ਸੀ।

ਇਸ ਗ੍ਰੰਥ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੇ ਹਾਲਾਤ, ਸਿੰਘਾਂ ਦੀਆਂ ਸ਼ਹੀਦੀਆਂ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤਕ ਦਾ ਇਤਿਹਾਸ ਦਰਜ ਹੈ।

## ੪. ਰਾਜ ਖਾਲਸਾ

ਇਹ ਗ੍ਰੰਥ ਛਾਪਾ ਪੱਥਰ 'ਪਖਾਣਯੰਤਰ ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰੈਸ ਬੇਰ ਬਾਬਾ ਨਾਨਕ ਸਿਆਲਕੋਟ (ਹੁਣ ਪਾਕਿਸਤਾਨ)' ਵਿਚ ਸੰਨ ੧੮੯੪ ਈ: ਨੂੰ ਛਪਿਆ। ਇਸ ਗ੍ਰੰਥ ਦੇ ੫੨੮ ਪੰਨੇ ਹਨ। ੧੨ ਮਿਸਲਾਂ, ਫੂਲਕੀਆਂ ਰਿਆਸਤਾਂ ਦੇ ਹਾਲਾਤ, ਮਹਾਰਾਜਾ ਰਣਜੀਤ ਸਿੰਘ ਅਤੇ ਮਗਰੋਂ ਦਾ ਇਤਿਹਾਸ ਅੰਕਿਤ ਹੈ।

## ੫. ਸਰਦਾਰ ਖਾਲਸਾ-ਪੰਥ ਖਾਲਸਾ

ਇਹ ਦੋਨੋਂ ਅਦਭੁਤ ਗ੍ਰੰਥ ਗੁੰਮ ਹੋ ਗਏ ਹਨ। ਸਰਦਾਰ ਖਾਲਸਾ ਵਿਚ ਤਿੰਨ ਸੌ ਤੋਂ ਉਪਰ ਸਿੱਖ ਘਰਾਣਿਆਂ ਦਾ ਇਤਿਹਾਸ ਸੀ ਜੋ ਕਿਸੇ ਨਾ ਕਿਸੇ ਰੂਪ ਵਿਚ ਸਤਿਗੁਰੂਆਂ ਤੋਂ ਲੈਕੇ ਬੰਦਾ ਬਹਾਦਰ, ਮਿਸਲਾਂ, ਸ਼ਹੀਦਾਂ, ਤਤ ਖਾਲਸਾ, ਮਹਾਰਾਜਾ ਰਣਜੀਤ ਸਿੰਘ ਜੀ ਤਕ ਪੰਥਕ ਸੇਵਾ ਵਿਚ ਉਪਸਥਿਤ ਰਹੇ ਸਨ। ਇਹ ਮਹਾਨਤਾ ਵਾਲਾ ਗ੍ਰੰਥ ਸੀ। ਇਸੀ ਤਰ੍ਹਾਂ ਗੁਰੂ ਅਮਰਦਾਸ ਜੀ ਦੀ ਬਖ਼ਸਸ਼ ਬਾਈ ਮੰਜੀਆਂ, ਬਵੰਜਾ ਪੀੜ੍ਹਿਆਂ, ਪ੍ਰਸਿੱਧ ਮਸੰਦਾਂ, ਬਾਈ ਮੇਵੜਿਆਂ, ਅਰਦਾਸੀਆਂ, ਸਤਿਗੁਰਾਂ ਦੇ ਗੁਰਦ੍ਵਾਰਿਆਂ, ਸ਼ਹੀਦਗੰਜਾਂ, ਦੇਹੁਰਿਆਂ, ਸਤਿਗੁਰਾਂ ਦੇ ਹਜੂਰੀ ਮੁਖੀ ਗੁਰਸਿੱਖਾਂ, ਸਾਹਿਬਜ਼ਾਦਿਆਂ, ਬੇਦੀ, ਤ੍ਰੇਹਣ, ਭੱਲਿਆਂ, ਸੋਢੀਆਂ, ਨਿਹੰਗ ਸਿੰਘਾਂ, ਉਦਾਸੀਆਂ, ਨਿਰਮਲਿਆਂ, ਨਾਮਧਾਰੀਆਂ ਆਦਿਕ ਸਿੱਖ ਸੰਪ੍ਰਦਾਵਾਂ ਦਾ ਖੋਜਪੂਰਤ ਇਤਿਹਾਸ ਸੀ। ਇਹ ਦੋਨੋ ਗ੍ਰੰਥ ਸੰਮਤ ੧੯੫੮ ਬਿ: ਵਿਚ ਖਾਲਸਾ ਟ੍ਰੈਕਟ ਸੁਸਾਇਟੀ ਨੇ ਛਾਪਣ ਵਾਸਤੇ ਗਿਆਨੀ ਜੀ ਤੋਂ ਲੈਕੇ ਗੁੰਮ ਕਰ ਦਿਤੇ ਹਨ।

ਇਨ੍ਹਾਂ ਗ੍ਰੰਥਾਂ ਦੇ ਵਿਸ਼ੇ ਤੋਂ ਪਤਾ ਲਗਦਾ ਹੈ ਕਿ ਜੋ ਕੁਝ ਇਨ੍ਹਾਂ ਗ੍ਰੰਥਾਂ ਵਿਚ ਲਿਖਿਆ ਹੋਇਆ ਸੀ ਇਹ ਗਿਆਨੀ ਜੀ ਦੀ ਨਿਜ ਦੀ ਖੋਜ ਸੀ ਜੋ ਹੋਰ ਕਿਸੇ ਵੀ ਲੇਖਕ, ਸਭਾ ਸੁਸਾਇਟੀ ਨੇ ਇਹ ਇਤਿਹਾਸਕ ਖੋਜ ਇਕੱਤਰ ਨਹੀਂ ਕੀਤੀ। ਇਸ ਇਤਿਹਾਸਕ ਖੋਜ ਦੇ ਗੁੰਮ ਹੋਣ ਨਾਲ ਪੰਥ/ਦੇਸ਼ ਨੂੰ ਕਿੰਨ੍ਹਾ ਘਾਟਾ ਪਿਆ ਹੈ। ਇਹ ਇਕ ਇਤਿਹਾਸਕਾਰ ਖੋਜੀ ਹੀ ਅਨੁਭਵ ਕਰ ਸਕਦਾ ਹੈ।

## ੬. ਸ੍ਰੀ ਗੁਰਪੁਰਬ ਪ੍ਰਕਾਸ਼

ਇਹ ਬ੍ਰਜ ਭਾਸ਼ਾ, ਕਾਵਯ ਵਿਚ ਲਿਖਿਆ ਗ੍ਰੰਥ ਹੈ ਜੋ ਸੰਮਤ ੧੯੨੩ ਬਿः ਵਿਚ ਲਿਖਿਆ ਗਿਆ ਸੀ। ੧੭ ਵਰਸ਼ ਮਗਰੋਂ 'ਮਤਬਾ ਸ੍ਰੀ ਅਕਾਲ ਯੰਤਰ ਸੁਧਾਸਰ (ਅੰਮ੍ਰਿਤਸਰ)' ਚ ੨੧ ਮਾਘ ਸੰਮਤ ੧੯੪੦ ਬਿः ਵਿਚ ਛਪਿਆ ਸੀ। ਇਸ ਗ੍ਰੰਥ ਦੇ ੨੦×੨੬/੮ ਅਕਾਰ ਦੇ ੮੦ ਪੰਨੇ ਹਨ। ਸਤਿਗੁਰਾਂ ਦੇ ਅਵਤਾਰ ਅਤੇ ਜੋਤੀ-ਜੋਤ ਸਮਾਉਣ ਦੇ ਪਰਵ ਅੰਕਿਤ ਹਨ। ਕਵਿਤਾ ਪ੍ਰਭਾਵਸ਼ਾਲੀ ਹੈ। ਪਹਿਲੀ ਵਾਰ ੭੦੦ ਕਾਪੀਆਂ ਛਪੀਆਂ ਸਨ।

ਇਕ ਸ੍ਰੀ ਗੁਰਪੁਰਬ ਪ੍ਰਕਾਸ਼-ਆਪ ਜੀ ਨੇ ਵਾਰਤਕ ਵਿਚ ਵੀ ਅੰਕਿਤ ਕੀਤਾ ਹੈ ਜੋ ਠੇਠ ਪੰਜਾਬੀ ਵਿਚ ਹੈ। ਇਸ ਗ੍ਰੰਥ ਵਿਚ ਗੁਰੂ ਸਾਹਿਬਾਨ ਦੇ ਉਪਕਾਰਾਂ ਬਾਰੇ ਬਾ-ਦਲੀਲ ਵਿਆਖਿਆਨ ਲਿਖੇ ਹਨ ਜੋ ਕਥਾ ਕਾਰਾਂ, ਲੈਕਚਰਾਰਾਂ ਵਾਸਤੇ ਲਾਭਦਾਇਕ ਹਨ।

## ੭. ਨਿਰਮਲ ਪੰਥ ਪ੍ਰਦੀਪਕਾ

ਇਹ ਨਿਰਮਲ ਭੇਖ ਸਬੰਧੀ ਇਕੋ-ਇਕ ਪਹਿਲਾ ਪ੍ਰਮਾਣੀਕ ਗ੍ਰੰਥ ਹੈ ਜੋ ਸੰਨ ੧੮੯੧ ਈः ਵਿਚ 'ਮਤਬਾ ਗੁਰੂ ਗੋਬਿੰਦ ਸਿੰਘ ਪ੍ਰੈਸ, ਬੇਰ ਬਾਬਾ ਨਾਨਕ ਸਿਆਲਕੋਟ (ਹੁਣ ਪਾਕਿਸਤਾਨ)' ਵਿਚ ਛਪਿਆ ਹੈ। ੨੦×੨੬/੮ ਅਕਾਰ ਦੇ ੧੦੦ ਪੰਨੇ ਹਨ। ਇਹ ਸਾਧ ਭਾਸ਼ਾ ਵਾਰਤਕ ਵਿਚ ਹੈ।

ਇਸ ਤੋਂ ਬਿਨਾਂ 'ਨਿਰਮਲ ਪੰਥ ਗੁਰਪ੍ਰਣਾਲਕਾ ਵ੍ਰਿਕਸ਼' ਵੀ ਆਪ ਜੀ ਨੇ ਹੀ ਪਹਿਲੀ ਵਾਰ ਸੰਗ੍ਰਹਿ ਕੀਤਾ ਹੈ, ਜਿਸ ਵਿਚ ਨਿਰਮਲ ਭੇਖ ਦੇ ਮਹਾਂਪੁਰਖਾਂ, ਮਹੰਤਾਂ, ਸੰਤਾਂ ਦੀਆਂ ਬਾ-ਤਰਤੀਬ ਸ਼ਾਖਾਂ/ਸੰਪ੍ਰਦਾਵਾਂ ਦੇ ਸ਼ਜਰੇ ਅੰਕਿਤ ਹਨ।

## ੮. ਖਾਲਸਾ ਧਰਮ ਪਤਿਤ ਪਾਵਨ

ਇਹ ਗ੍ਰੰਥ ਸੰਮਤ ੧੯੫੧ ਬਿः ਵਿਚ ਲਿਖਿਆ ਅਤੇ ਸੰਨ ੧੮੯੫ ਈः ਵਿਚ ਪ੍ਰਕਾਸ਼ਤ ਹੋਇਆ। ਇਸ ਗ੍ਰੰਥ ਨੂੰ ਸੁਧੀ ਸਭਾ ਲਾਹੌਰ ਨੇ ਤਿਆਰ ਕਰਵਾਇਆ ਸੀ 'ਜੋ 'ਐਂਗਲੋ ਸੰਸਕ੍ਰਿਤ ਪ੍ਰੈਸ, ਲਾਹੌਰ' ਵਿਖੇ ੧੮ ਪੁਆਇੰਟ ਦੇ ਅੱਖਰਾਂ ਵਿਚ ੨੦×੨੬/੧੬ ਅਕਾਰ ਦੇ ੧੩੮ ਪੰਨਿਆਂ ਵਿਚ ਛਪਿਆ। ਇਸ ਗ੍ਰੰਥ ਦਾ ਵਿਸ਼ਾ ਆਪਣੇ-ਆਪ ਵਿਚ ਅਦਭੁਤ ਹੈ ਜਿਸ ਵਿਚ ਅਨੇਕ ਜਾਤੀਆਂ ਦੀ ਉਤਪਤੀ ਦਾ ਵਰਣਨ, ਮੁਸਲਮਾਨਾਂ ਨੂੰ ਅੰਮ੍ਰਿਤ ਛਕਾਕੇ ਪੰਥ 'ਚ ਸ਼ਾਮਲ ਕਰਨ ਦੇ ਪ੍ਰਮਾਣ ਆਦਿਕ ਅਨੇਕ ਇਤਿਹਾਸਿਕ ਤੱਥ ਅੰਕਿਤ ਹਨ।

## ੯. ਕਥਾ ਪੂਰਨਮਾਸ਼ੀ

ਇਸ ਵਿਚ ਬਾਰਾਂ ਪੁੰਨਿਆਂ ਬਾਰੇ ਕਥਾ ਕਵਿਤਾ ਵਿਚ ਵਰਣਨ ਕੀਤੀ ਹੈ। ਇਹ ਗ੍ਰੰਥ ਅਦਲਾ-ਬਦਲੀ ਨਾਲ ਕਈ ਵਾਰ ਛਾਪਿਆ ਜਾ ਚੁਕਿਆ ਹੈ।

## ੧੦. ਇਤਿਹਾਸ ਰਿਆਸਤ ਬਾਗੜੀਆਂ

ਇਹ ਗ੍ਰੰਥ ਵੀ ਕਵਿਤਾ ਵਿਚ ਹੈ ਜਿਸ ਵਿਚ ਭਾਈ ਰੂਪਚੰਦ ਜੀ ਦੀ ਵੰਸ਼ ਦਾ ਪ੍ਰਮਾਣੀਕ ਇਤਿਹਾਸ ਅੰਕਿਤ ਕੀਤਾ ਗਿਆ ਹੈ। ਗੁਰਮਿਤ ਪ੍ਰੈਸ ਅੰਮ੍ਰਿਤਸਰ ਵਿਚ ੨੦×੨੬/੮ ਆਕਾਰ ਦੇ ੧੬੦ ਪੰਨਿਆਂ ਵਿਚ ਅਪ੍ਰੈਲ ੧੯੧੭ ਈः ਵਿਚ ਛਪ ਚੁਕਾ ਹੈ।

## ੧੧. ਸ੍ਰੀ ਭੁਪਿੰਦਰਾਨੰਦ

ਇਹ ਗ੍ਰੰਥ 'ਸ੍ਰੀ ਗੁਰਮਤਿ ਪ੍ਰੈਸ, ਅੰਮ੍ਰਿਤਸਰ' ਵਿਚ ੨੦×੨੬/੮ ਦੇ ਆਕਾਰ ਦੇ ੧੧੦ ਪੰਨਿਆਂ ਵਿਚ ਅਪ੍ਰੈਲ ੧੯੧੭ ਈ: ਵਿਚ ਛਪਿਆ ਸੀ। ਇਸ ਵਿਚ ਮਹਾਰਾਜਾ ਭੁਪਿੰਦਰ ਸਿੰਘ ਜੀ ਪਟਿਆਲਾ ਦਾ ਆਨੰਦ ਕਾਰਜ ਅਤੇ ਸਿੱਖ ਪੰਥ ਵਾਸਤੇ ਆਨੰਦ ਕਾਰਜ ਦੀ ਵਿਧੀ, ਗੁਰਮਤਿ ਰਹੁ-ਰੀਤਾਂ ਦਾ ਇਤਿਹਾਸਕ ਪ੍ਰਮਾਣਾਂ ਦੁਆਰਾ ਵਰਣਨ ਕੀਤਾ ਗਿਆ ਹੈ।

## ੧੨. ਸ੍ਰੀ ਰਿਪਦਮਨ ਪ੍ਰਕਾਸ਼

ਇਹ ਗ੍ਰੰਥ 'ਭੂਪਿੰਦਰਾ ਸਟੇਟ ਪ੍ਰੈਸ, ਪਟਿਆਲਾ' ਵਿਖੇ ੨੦×੨੬/੮ ਦੇ ਆਕਾਰ ਦੇ ੧੯੦ ਪੰਨਿਆਂ ਵਿਚ ਸੰਨ ੧੯੧੯ ਈ: ਨੂੰ ੨੦੦੦ ਦੀ ਸੰਖਿਆ ਵਿਚ ਛਪਿਆ ਸੀ। ਇਸ ਦੇ ਪੰਜ ਭਾਗ ਹਨ। ਇਸ ਗ੍ਰੰਥ ਵਿਚ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਅਤੇ ਸਿੱਖ ਪੰਥ ਸਬੰਧੀ ਲਿਖਿਆ ਗਿਆ ਹੈ। ਇਹ ਗ੍ਰੰਥ ਪੰਜਾਬ ਯੂਨੀਵਰਸਿਟੀ ਦੇ ਬੁਧੀਮਾਨੀ, ਵਿਦਵਾਨ ਅਤੇ ਗਿਆਨੀ ਦੇ ਕੋਰਸ ਵਾਸਤੇ ਤਿਆਰ ਕੀਤਾ ਗਿਆ ਸੀ।

## ੧੩. ਤਵਾਰੀਖ ਸ੍ਰੀ ਅੰਮ੍ਰਿਤਸਰ

ਇਹ ਗ੍ਰੰਥ 'ਗੁਰੂਖਾਲਸਾ ਪ੍ਰੈਸ ਅੰਮ੍ਰਿਤਸਰ' ਵਿਖੇ ੨੪ ਪੁਆਇੰਟ ਦੇ ਅੱਖਰਾਂ ਵਿਚ ਪ੍ਰਕਾਸ਼ਤ ਹੋਇਆ ਹੈ। ਇਸ ਗ੍ਰੰਥ ਦੇ ੧੭×੨੭/੮ ਆਕਾਰ ਦੇ ੨੮੮ ਪੰਨੇ ਹਨ।

ਇਸ ਤਵਾਰੀਖ ਦੇ ਅੰਤ ਵਿਚ ੨੦ ਪੰਨੇ ਗਿਆਨੀ ਹਮੀਰ ਸਿੰਘ ਵਲੋਂ ਲਾਏ ਗਏ ਹਨ ਜੋ ਪੰਨਾ ੨੮੯ ਤੋਂ ਪੰਨਾ ੩੦੮ ਤਕ ਹਨ। ਇਸ ਦਾ ਨਾਉਂ 'ਜ਼ਮੀਮਾ ਤਵਾਰੀਖ ਅੰਮ੍ਰਿਤਸਰ', ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ (ਪੁਰਾਣਾ ਤੇ ਨਵਾਂ) ਹੈ। ਇਸ ਵਿਚ ਖਾਲਸਾ ਕਾਲਜ, ਸ੍ਰੀ ਹਰਿਮੰਦਰ ਦਾ ਪੰਥਕ ਪ੍ਰਬੰਧ ਵਿਚ ਆਉਣਾ ਅਤੇ ੧੯੨੩ ਈ: ਦੀ ਕਾਰ ਸੇਵਾ ਦਾ ਵਰਣਨ ਹੈ। ਜਦ ਅੰਮ੍ਰਿਤਸਰ ਦਾ ਚਾਰ ਸੌ ਸਾਲਾ ਦਿਹਾੜਾ ਮਨਾਇਆ ਗਿਆ ਸੀ ਤਾਂ ਇਸ ਸਮੇਂ ਗਿਆਨੀ ਗੁਰਦਿੱਤ ਸਿੰਘ ਜੀ ਨੇ 'ਸਿੰਘ ਸਭਾ ਪੱਤ੍ਰਿਕਾ' ਦਾ ਸ੍ਰੀ ਅੰਮ੍ਰਿਤਸਰ ਉਪਰ ਵਿਸ਼ੇਸ਼ ਅੰਕ ਕਢਿਆ ਸੀ ਜਿਸ ਵਿਚ ਇਹ ਸਾਰੀ ਤਵਾਰੀਖ ਪ੍ਰਕਾਸ਼ਤ ਕੀਤੀ ਸੀ ਜੋ ਪਾਠਕਾਂ ਨੂੰ ਮੁੜ ਕੇ ਸੁਲਭ ਹੋ ਗਈ।

## ੧੪. ਤਵਾਰੀਖ ਸ੍ਰੀ ਅੰਮ੍ਰਿਤਸਰ (ਉਰਦੂ)

ਇਹ ਗ੍ਰੰਥ 'ਭੂਪਿੰਦਰਾ ਸਟੇਟ ਪ੍ਰੈਸ, ਪਟਿਆਲਾ' ਵਿਖੇ ੨੦×੨੬/੮ ਆਕਾਰ ਦੇ ੧੧੨ ਪੰਨਿਆਂ ਵਿਚ ੧੯੧੯ ਈ: ਨੂੰ ਛਪਿਆ। ਅੰਮ੍ਰਿਤਸਰ ਦਾ ਪਹਿਲਾ ਸ਼ਾਨਦਾਰ ਇਤਿਹਾਸ ਹੈ ਜਿਸ ਵਿਚ ਅਤੀ ਬਾਰੀਕੀ ਤਕ ਪੜਚੋਲ ਕੀਤੀ ਗਈ ਹੈ।

## ੧੫. ਗੁਰਧਾਮ ਸੰਗ੍ਰਹਿ

ਇਹ ਗ੍ਰੰਥ 'ਭੂਪਿੰਦਰਾ ਸਟੇਟ ਪ੍ਰੈਸ, ਪਟਿਆਲਾ' ਵਿਖੇ ੧੯੨੧ ਈ: ਵਿਚ ਛਪਿਆ ਹੈ। ਇਸ ਦੇ

੨੦×੨੬/੮ ਦੇ ਆਕਾਰ ਦੇ ੩੦੧ ਪੰਨੇ ਹਨ। ਇਸ ਤਰ੍ਹਾਂ ਆਪ ਜੀਵਨ ਭਰ ਸਤਿਗੁਰਾਂ ਦੇ ਉਪਕਾਰ ਅਤੇ ਸਿੱਖ ਪੰਥ ਦਾ ਯਸ ਵਰਣਨ ਕਰਦੇ ਰਹੇ। ਆਪ ਜੀ ਨੇ ਸਿੱਖ ਪੰਥ ਸਬੰਧੀ ਬਹੁਤ ਹੀ ਬਾਰੀਕੀ ਅਤੇ ਵਿਵੇਕ ਬੁਧੀ ਨਾਲ ਲਿਖਿਆ ਹੈ। ਆਪ ਪੰਜਾਬੀ ਦੀ ਆਧੁਨਿਕ ਵਾਰਤਕ ਦੇ ਆਦਿ ਲੇਖਕ ਸਨ ਅਤੇ ਬ੍ਰਜ ਭਾਸ਼ਾ ਦੇ ਅੰਤਮ ਮਹਾਂਕਵੀ। ਕਵਿਤਾ ਵਿਚ ਆਪ ਜੀ ਨੇ ਅਨੇਕ ਤਰ੍ਹਾਂ ਦੇ ਚਮਤਕਾਰ ਵਿਖਾਏ ਹਨ। ਆਪ ਜੀ ਨੂੰ ਕਵਿਤਾ ਦੀ ਦਾਤ ਧੁਰ ਦਰਗਾਹੋਂ ਮਿਲੀ ਹੋਈ ਸੀ। ਛੰਦਸ਼ਾਸਤ੍ਰ, ਸਾਹਿਤਯ ਦੇ ਸਰਵ ਗੁਣ ਸੰਪੰਨ ਵਿਦਵਾਨ ਸਨ। ਭਾਰਤੀਯ ਇਤਿਹਾਸ, ਸਾਹਿਤਯ, ਦਰਸ਼ਨ ਦੇ ਅਦੁੱਤੀ ਗਿਆਤਾ ਸਨ।

ਤੁਲਸੀਦਾਸ ਜੀ ਨੂੰ ਚੌਪਈ ਵਿਚ ਪੂਰਨ ਅਧਿਕਾਰ ਸੀ। ਸੂਰਦਾਸ ਜੀ ਪਦੇ ਲਿਖਣ ਵਿਚ ਮਹਾਨ ਸਨ। ਭਾਈ ਗੁਰਦਾਸ, ਸੁੰਦਰਦਾਸ ਅਤੇ ਭੂਖਨ ਕਬਿੱਤ ਲਿਖਣ ਵਿਚ, ਹਿਰਦੇ ਰਾਮ ਅਤੇ ਕੇਸਵ ਦਾਸ ਕਬਿੱਤ ਸਵੈਯੇ ਲਿਖਣ ਵਿਚ ਪ੍ਰਵੀਨ ਸਨ। ਪੰਡਿਤ ਗੁਲਾਬ ਸਿੰਘ ਜੀ ਸਵੈਯਾ ਲਿਖਣ ਵਿਚ ਅਦੁੱਤੀ ਸਨ। ਕਵੀ ਬਿਹਾਰੀ ਦੋਹਰੇ, ਗਿਰਧਰ ਰਾਏ ਕੁੰਡਲੀਆ ਲਿਖਣ ਵਿਚ ਕਮਾਲ ਕਰਦੇ ਸਨ ਪਰ ਗਿਆਨੀ ਗਿਆਨ ਸਿੰਘ ਜੀ ਦਾ ਛੰਦ ਸ਼ਾਸਤ੍ਰ ਦੇ ਸਾਰੇ ਛੰਦਾਂ ਉਪਰ ਪੂਰਨ ਅਧਿਕਾਰ ਸੀ। ਗਣਕ, ਮਾਤ੍ਰਕ, ਵਰਣਕ ਛੰਦ ਲਿਖਣ ਵਿਚ ਪ੍ਰਵੀਨ ਸਨ। ਆਪ ਕਾਵਿ ਦੇ ਸਾਰੇ ਛੰਦਾਂ ਨੂੰ ਇਕਸਾਰ ਲਿਖਦੇ ਸਨ ਜਿਵੇਂ :

ਅਨੰਗਸੇਖਰ, ਅੜਿੱਲ, ਸਵੈਯਾ, ਸਿਰਖੰਡੀ, ਸੋਰਠਾ, ਸ਼ੰਕਰ, ਸੰਖਨਾਰੀ, ਹਾਕਲ, ਕਬਿੱਤ, ਕੁੰਡਲੀਆ, ਗੀਤਿਕਾ, ਚੌਪਈ, ਚਿਤ੍ਰਪਦਾ, ਛਪਯ, ਤਾਟੰਕ, ਤੋਟਕ, ਤੋਮਰ, ਤ੍ਰਿਭੰਗੀ, ਦਵੈਯਾ, ਦੋਹਰਾ, ਦ੍ਰਮਲਾ, ਨਰਾਜ, ਨਿਸ਼ਾਨੀ, ਪਰਹਾ, ਪਾਧੜੀ, ਪ੍ਰਮਾਣਕਾ, ਭੁਯੰਗਪ੍ਰਯਾਤ, ਮਾਨਹਰੀ, ਮਰਹਟਾ, ਰਸਾਵਲ, ਲਲਿਤ ਆਦਿ ਛੰਦ, ਇਨੀ ਸੁੰਦਰ ਸ਼ੈਲੀ ਵਿਚ ਅੰਕਿਤ ਕੀਤੇ ਹਨ, ਜਿਨ੍ਹਾਂ ਨੂੰ ਪੜ੍ਹ/ਸੁਣਕੇ ਮਸਤਕ ਝੁਕਦਾ ਹੈ।

ਅਲੰਕਾਰ ਕਵਿਤਾ ਦੀ ਸੁੰਦਰਤਾ ਦਾ ਪ੍ਰਤੀਕ ਹੁੰਦੇ ਹਨ। ਅਲੰਕਾਰ ਹੀਨ ਕਵਿਤਾ ਨੂੰ ਵਿਦਵਾਨ ਕਵੀਆਂ ਵਿਚ ਸਤਿਕਾਰ ਨਹੀਂ ਮਿਲਦਾ। ਗਿਆਨੀ ਜੀ ਦੀ ਕਵਿਤਾ ਵਿਚ ਥਾਂ-ਥਾਂ ਸੁੰਦਰ ਅਲੰਕਾਰਾਂ ਦੀ ਇਸ ਤਰ੍ਹਾਂ ਜੜਤ ਹੋਈ ਮਿਲਦੀ ਹੈ ਜਿਵੇਂ ਸੋਨੇ ਦੇ ਜ਼ੇਵਰ ਵਿਚ ਹੀਰੇ, ਰਤਨ, ਜਵਾਹਿਰ ਜੜੇ ਹੋਣ।

ਪੁਰਾਤਨ ਕਾਵਿ ਗ੍ਰੰਥਾਂ ਵਿਚ ਰਿਤੂ ਵਰਣਨ ਕਰਨਾ ਵੀ ਵਿਸ਼ੇਸ਼ ਗੁਣ ਮੰਨਿਆ ਜਾਂਦਾ ਸੀ। ਗਿਆਨੀ ਜੀ ਨੇ ਰਿਤੂ ਵਰਣਨ ਕਰਨ ਵਿਚ ਵੀ ਕਮਾਲ ਕੀਤਾ ਹੈ।

ਰਸ ਵਰਣਨ ਕਰਨਾ ਕਾਵਿ ਦਾ ਮੁਖ ਗੁਣ ਹੈ। ਕਾਵਿ ਦੇ ਪੜ੍ਹਨ/ਸੁਣਨ ਨਾਲ ਜੋ ਮਨ ਤੇ ਭਾਵ ਉਤਪੰਨ ਹੁੰਦਾ ਹੈ ਉਹ ਰਸ ਹਨ। ਬਸ ! ਰਸ ਭਰੀ ਰਚਨਾ ਹੀ ਕਾਵਯ ਹੈ। **'ਰਸਾਤਮਕੰ ਵਾਕਯ ਕਾਵਯਮ'।** ਰਸ-ਸ਼ਿੰਗਾਰ, ਹਾਸ, ਕਰੁਣਾ, ਰੌਦ੍ਰ, ਬੀਰ, ਭਿਆਨਕ, ਬੀਭਤਸ, ਅਦਭੁਤ ਅਤੇ ਸ਼ਾਂਤ ਰਸ ਆਦਿ ਜਿਨ੍ਹਾਂ ਦੇ ਕ੍ਰਮਵਾਰ ਸਥਾਈ ਭਾਵ ਰਤਿ, ਹਾਸ, ਸ਼ੋਕ, ਕ੍ਰੋਧ, ਉਤਸ਼ਾਹ, ਭਯ, ਨਿੰਦਾ, ਆਸਚਰਯ ਅਤੇ ਨਿਰਵੇਦ ਹਨ। ਗਿਆਨੀ ਜੀ ਨੇ ਨਵ ਰਸ ਵਰਣਨ ਵਿਚ ਅਦਭੁਤ ਚਮਤਕਾਰ ਵਿਖਾਏ ਹਨ। ਜਿਸ ਰਸ ਦਾ ਵੀ ਵਰਣਨ ਕਰਦੇ ਸਨ; ਉਸੀ ਤਰ੍ਹਾਂ ਦਾ ਦ੍ਰਿਸ਼ ਅੱਖਾਂ ਅਗੇ ਆ ਜਾਂਦਾ ਹੈ। ਗਿਆਨੀ ਜੀ ਦਾ ਚਮਤਕਾਰੀ ਕਾਵਯ ਛੰਦ, ਅਲੰਕਾਰ, ਰੁੱਤ, ਰਸ ਵਰਣਨ ਉਲੇਖਨੀਯ ਹੈ।

## ਸੰਤ ਨਿਹਾਲ ਸਿੰਘ ਜੀ ਕਵੀਂਦ੍ਰ

ਪੰਡਿਤ ਨਿਹਾਲ ਸਿੰਘ ਜੀ ਨਾਮ ਦੇ ਕਈ ਵਿਦਵਾਨ ਸੰਤ ਪ੍ਰਸਿੱਧ ਹਨ। ਅਸੀਂ ਪ੍ਰਕਰਣ ਅਨੁਸਾਰ ਸਾਰਿਆਂ ਦਾ

ਵਰਣਨ ਕੀਤਾ ਹੈ। ਇਸ ਲੇਖ ਵਿਚ ਸੰਤ ਨਿਹਾਲ ਸਿੰਘ ਜੀ ਕਵੀਂਦ੍ਰ ਦੀ ਸਾਹਿਤਯ/ਰਚਨਾ ਤੇ ਵਿਚਾਰ ਕਰਦੇ ਹਾਂ।

ਆਪ ਜੀ ਦਾ ਨਿਵਾਸ ਅੰਮ੍ਰਿਤਸਰ ਸੋਹਲਾਂ ਵਾਲੇ ਬੁੰਗੇ ਵਿਚ ਸੀ। ਆਪ ਇਤਿਹਾਸ, ਮਿਥਿਹਾਸ, ਵੇਦਾਂਤ, ਗੁਰਬਾਣੀ, ਛੰਦ ਸ਼ਾਸਤ੍ਰ ਦੇ ਪ੍ਰਸਿੱਧ ਵਿਦਵਾਨ ਸਨ। ਪੰਜਾਬੀ, ਹਿੰਦੀ, ਬ੍ਰਜ ਭਾਸ਼ਾ, ਸੰਸਕ੍ਰਿਤ ਦੇ ਪੰਡਿਤ ਸਨ। ਸ੍ਰ: ਕਿਹਰ ਸਿੰਘ ਜੀ ਸੰਧਾਵਾਲੀਆ ਦੇ ਆਸਰੇ ਰਹਿੰਦੇ ਸਨ। ਸਿੱਖ ਰਾਜ ਤੋਂ ਮਗਰੋਂ ਨਵੇਂ-ਨਵੇਂ ਆਏ ਅੰਗਰੇਜ਼ਾਂ ਦੀ ਪ੍ਰਸ਼ੰਸਾ ਵਿਚ ਵੀ ਆਪ ਜੀ ਨੇ ਲਿਖਿਆ ਹੈ। ਆਪ ਜੀ ਨੇ ਕੁਲ ੧੨ ਰਚਨਾਵਾਂ ਲਿਖੀਆਂ ਹਨ। 'ਕਵੀਂਦ੍ਰ ਪ੍ਰਕਾਸ਼' ਵਿਚ ਸਾਰੀਆਂ ਦਾ ਸੰਗ੍ਰਹਿ ਹੈ। ਵਾਰਤਕ ਵੀ ਲਿਖੀ ਹੈ। ਆਪਣੀ ਕੁਝ ਨਿੱਜ ਰਚਨਾ ਦਾ ਟੀਕਾ ਵੀ ਕੀਤਾ ਹੈ। ਆਪ ਜੀ ਦੇ ਲਿਖੇ ਗ੍ਰੰਥਾਂ ਦਾ ਵੇਰਵਾ ਇਸ ਤਰ੍ਹਾਂ ਹੈ :

੧. ਕਵੀਂਦ੍ਰ ਪ੍ਰਕਾਸ਼, ੨. ਸ੍ਰੀ ਵੇਦਾਂਤੀ ਬਾਰ੍ਹਾਂਮਾਂਹ, ੩. ਖੋੜਸ ਤਿਥਾਂ ਵੇਦਾਂਤੀ, ੪. ਸ੍ਰੀ ਮਹਾਂਵਾਕ ਪ੍ਰਕਾਸ਼ ਗ੍ਰੰਥ, ੫. ਸ੍ਰੀ ਭਵਸਾਗਰ ਸੇਤੁ, ੬. ਸ੍ਰੀ ਦੋਹਰਾ ਭੇਦਾਵਲੀ, ੭. ਸੱਤਵਾਰ ਵੇਦਾਂਤੀ, ੮. ਸੁਧਾਸਰੀ ਸ਼ਤਕ ਪਚੀਸਾ, ੯. ਸ੍ਰੀ ਮੁਹਾਰਨੀ ਕੀ ਦੋਹਾ ਭੇਦਾਵਲੀ, ੧੦. ਸ੍ਰੀ ਵਰਣੀ ਸਵੱਯੇ ਭੇਦਾਵਲੀ, ੧੧. ਸ੍ਰੀ ਕਵੀਂਦ੍ਰ ਕਬਿਤਾਵਲੀ, ੧੨. ਨ੍ਰਿਪਖ ਵਾਕ।

## ੧. ਕਵੀਂਦ੍ਰ ਪ੍ਰਕਾਸ਼

ਇਹ ਰਚਨਾ ਅਣਛਪੀ ਹੈ। ਇਸ ਗ੍ਰੰਥ ਵਿਚ ਸਤਿਗੁਰੂ ਕਲਗੀਧਰ, ਸਾਹਿਬਜ਼ਾਦਿਆਂ ਅਤੇ ਅਨਯ ਸਤਿਗੁਰੂਆਂ ਦੇ ਉਪਕਾਰਾਂ ਨੂੰ ਵਰਣਨ ਕੀਤਾ ਹੈ। ਅਨੇਕ ਕਵੀਆਂ ਦੀ ਕਵਿਤਾ ਦਾ ਸੰਗ੍ਰਹਿ ਹੈ ਜਿਨ੍ਹਾਂ ਵਿਚ ਸ਼ਯਾਮ, ਸੋਧਾ, ਨੌਬਤ ਆਦਿ ਕਵੀ ਹਨ। ਜੋ ਛੰਦ ਪੰਡਿਤ ਨਿਹਾਲ ਸਿੰਘ ਜੀ ਨੇ ਆਪ ਲਿਖੇ ਹਨ ਉਨ੍ਹਾਂ ਉਪਰ 'ਨਵੀਨ' ਸ਼ਬਦ ਦਾ ਸੰਕੇਤ ਕੀਤਾ ਹੈ।

## ੨. ਸ੍ਰੀ ਵੇਦਾਂਤੀ ਬਾਰ੍ਹਾਂਮਾਹ

ਇਸ ਰਚਨਾ ਵਿਚ ਕੁਲ ੧੩ ਪਦ ਹਨ। ਵਰਸ਼ ਦੇ ਬਾਰ੍ਹਾਂ ਮਹੀਨਿਆਂ ਤੋਂ ਬਿਨਾਂ ਤੇਰ੍ਹਵਾਂ ਮਹੀਨਾ ਲੌਂਦ ਦਾ ਵੀ ਰਖਿਆ ਹੈ। ਵਰਸ਼ ਦਾ ਆਰੰਭ ਚੇਤ੍ਰ ਦੇ ਮਹੀਨੇ ਤੋਂ ਕੀਤਾ ਹੈ। ਇਸ ਦੀ ਰਚਨਾ ਦਾ ਸਮਾਂ ਕੂਟ ਭਾਸ਼ਾ ਵਿਚ ਦਸਿਆ ਹੈ ਜਿਸ ਅਨੁਸਾਰ ਸੰਮਤ ੧੯੦੪ ਬਿ. ਬਣਦਾ ਹੈ।

## ੩. ਖੋੜਸ ਤਿਥਾਂ ਵੇਦਾਂਤੀ

ਇਸ ਰਚਨਾ ਵਿਚ ੧੬ ਪਦ ਹਨ। ਹਰੇਕ ਛੰਦ ੩੬ ਮਾਤ੍ਰਾਂ ਦਾ ਹੈ। ਇਸ ਗ੍ਰੰਥ ਵਿਚ ਵੇਦਾਂਤ ਦਾ ਨਿਰੂਪਨ ਕੀਤਾ ਹੈ।

## ੪. ਸ੍ਰੀ ਮਹਾਂਵਾਕ ਪ੍ਰਕਾਸ਼ ਗ੍ਰੰਥ

ਇਤਿਹਾਸਕ ਦ੍ਰਿਸ਼ਟੀ ਤੋਂ ਇਸ ਗ੍ਰੰਥ ਦਾ ਵਿਸ਼ੇਸ਼ ਮਹੱਤਵ ਹੈ। ਇਸ ਗ੍ਰੰਥ ਵਿਚ ਨਿਰਮਲ ਪੰਥ ਦਾ ਸੰਪਰਕ ਦਸ਼ਮੇਸ਼ ਪਿਤਾ ਜੀ ਨਾਲ ਜੋੜਿਆ ਹੈ। ਮੌਕਸ਼ ਪੰਥ ਪ੍ਰਕਾਸ਼ ਦੇ ਲੇਖਕ ਪੰਡਿਤ ਗੁਲਾਬ ਸਿੰਘ ਜੀ ਦੇ ਗੁਰੂ ਪੰਡਿਤ ਮਾਨ ਸਿੰਘ ਜੀ ਨੂੰ ਦਸਮ ਸਤਿਗੁਰੂ ਜੀ ਦੇ ਹਜ਼ੂਰੀ ਸਿੱਖਾਂ ਵਿਚੋਂ ਦਸਿਆ ਹੈ। ਮੌਕਸ਼ ਪੰਥ ਪ੍ਰਕਾਸ਼ ਦਾ ਛੰਦ ਰੁਪਾਂਤ੍ਰ ਵੀ ਆਪ ਜੀ ਨੇ ਕੀਤਾ ਹੈ। ਮੌਕਸ਼ ਪੰਥ ਪ੍ਰਕਾਸ਼ ਦਾ ਆਪ ਉਪਰ ਅਤੀ ਪ੍ਰਭਾਵ ਹੈ। ਇਸ ਵਾਸਤੇ ਆਪ ਜੀ ਨੇ ਇਸ ਗ੍ਰੰਥ ਨੂੰ ਆਪਣੀ ਕਵਿਤਾ ਦੁਆਰਾ ਸੁਖੈਨ ਕਰਨ ਦਾ ਯਤਨ ਕੀਤਾ ਹੈ :

***"ਨ੍ਰਿਮਲ ਸੁ ਪੰਥ ਸ੍ਰੀ ਗੁਲਾਬ ਸਿੰਘ ਮੁਕਟ ਜਯੋਂ,***

*ਮੋਖ ਪੰਥ ਗ੍ਰੰਥ ਕੀਨੋ ਛੀਜੈ ਭ੍ਰਮ ਜਾਲ ਜਯੋਂ।*
*ਨਵ ਜੇ ਅਭਯਾਸ ਦੇ ਪ੍ਰਮਾਣ ਤਾਂ ਛਾਂਦੋਗ ਭਾਖੈ,*
*ਚੌਪਈ ਸੁ ਦੋਹਰਾ ਮੈਂ ਕੀਨੈ ਨਿਜ ਖ਼੍ਯਾਲ ਜ੍ਯੋਂ।''*

ਇਸ ਗ੍ਰੰਥ ਵਿਚ ਆਪਣੇ ਵਿਚਾਰਾਂ ਨੂੰ ਹੋਰ ਸਪਸ਼ਟ ਕਰਨ ਵਾਸਤੇ ਪ੍ਰਸ਼ਨ-ਉਤਰ ਦੇ ਰੂਪ ਵਿਚ ਵਾਰਤਕ ਦੀ ਵਰਤੋਂ ਵੀ ਕੀਤੀ ਗਈ ਹੈ। ਆਪ ਵਾਰਤਕ ਵਿਚ ਲਿਖਦੇ ਹਨ :

> ''ਭਾਈ ਗੁਲਾਬ ਸਿੰਘ ਜੂ ਨੇ ਆਪਨੇ ਰਚੇ ਮੌਖ ਪੰਥ ਨਾਮ ਗ੍ਰੰਥ ਕੇ ਬੀਚ ਛਾਂਦੋਗ ਕਾ ਪ੍ਰਮਾਣ ਦੈ ਕੈ ਕਹੂੰ ਸੰਛੇਪ ਸੋ ਕਹੂੰ ਬਿਸਤਾਰ ਸੋਂ ਚੌਪਈ ਦੋਹਰਾ ਮੇ ਲਿਖ ਦੀਨਾ। ਉਸ ਮੋਖ ਪੰਥ ਅਨੁਸਾਰ ਹਮ ਨੇ ਕਬਿਤੋਂ ਮੇ ਚਾਹਯਾ ਹੈ ਰਚਿ ਲੀਨਾ।''

## ੫. ਸ੍ਰੀ ਭਵਸਾਗਰ ਸੇਤੁ

ਇਸ ਗ੍ਰੰਥ ਵਿਚ ਵੇਦਾਂਤ ਦਾ ਵਰਣਨ ਹੈ। ਜੀਵ ਬ੍ਰਹਮ ਦੀ ਏਕਤਾ ਬਾਰੇ ਅੰਕਿਤ ਕੀਤਾ ਹੈ। ਵੇਦਾਂਤ ਅਨੁਸਾਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਪੜਚੋਲ ਕਰਨ ਦਾ ਯਤਨ ਕੀਤਾ ਹੈ। ਇਸ ਗ੍ਰੰਥ ਵਿਚ ਕੁਝ ਹਾਲਾਤ ਆਪਣੇ ਜੀਵਨ ਬਾਰੇ ਅਤੇ ਸਮਕਾਲੀ ਘਟਨਾਵਾਂ ਬਾਰੇ ਵੀ ਲਿਖੇ ਹਨ।

ਇਹ ਗ੍ਰੰਥ ਲੇਖਕ ਦੇ ਕਥਨ ਅਨੁਸਾਰ, ''ਈਸਵੀ ਸੰਨ ੧੮੪੭ ਅਠਾਰਾਂ ਸੌ ਸੰਤਾਲੀ ਵੀਚ ਮਹੀਨੇ ਮਾਰਚ ਕੇ। ਰਾਜਾ ਬਿਕ੍ਰਮਾਜੀਤ ਜੂ ਕੈ ਸੰਮਤ ੧੯੦੪ ਉਨੀ ਸੌ ਚਾਰ ਬੀਚ ਮਹੀਨੇ ਚੇਤ੍ਰ ਕੇ।'' ਕੂਟ ਭਾਸ਼ਾ ਵਿਚ ਤਿਥਿ ਇਸ ਤਰ੍ਹਾਂ ਦਿਤੀ ਹੈ :

*'ਸੰਮਤ ਰਤਿ ਬਾਨ ਨਭ ਖੰਡ ਗਜਾਨਨ ਦੰਤ,*
*ਸਰੁ ਗੁਰ ਦਿਨ ਰਿਤੁ ਰਾਜ ਰਿਤ ਸੁਦਿ ਪੱਖ ਸੁਖਦੁ।'*

ਜਿਸ ਅਨੁਸਾਰ ਸੰਮਤ ੧੯੦੫ ਬਸੰਤ ਸ਼ੁਕਲ ਪੱਖ ਸੰਨ ੧੮੪੮ ਈ: ਬਣਦਾ ਹੈ। ਇਹ ਗ੍ਰੰਥ 'ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ' ਵਿਚ ੧੯੦੭ ਈ: ਨੂੰ ਪ੍ਰਕਾਸ਼ਤ ਹੋਇਆ ਹੈ।

## ੬. ਸ੍ਰੀ ਦੋਹਰਾ ਭੇਦਾਵਲੀ

ਦੋਹਰਾ ਛੰਦ ਦੇ ਅਨੇਕ ਰੂਪਾਂ ਦੀ ਵਿਆਖਿਆ ਕਰਨ ਵਾਸਤੇ ਹਿੰਦੀ ਰੀਤੀ ਕਾਲ ਦੇ ਕਵੀਆਂ ਕੇਸ਼ਵਦਾਸ, ਸੁੰਦਰਦਾਸ, ਸੁਰਤ, ਗਿਰਧਰ ਲਾਲ, ਚਿੰਤਾਮਨਿ, ਬਾਲ ਅਤੇ ਭਾਈ ਬੁਧ ਸਿੰਘ ਜੀ ਦੇ ਗ੍ਰੰਥਾਂ ਦੀ ਸਹਾਇਤਾ ਨਾਲ ਛੰਦਸ਼ਾਸਤ੍ਰ ਦਾ ਗ੍ਰੰਥ (ਪਿੰਗਲ) ਤਿਆਰ ਕੀਤਾ ਹੈ :-

*''ਛਪੈ ਕਵਿਤਾ ਕੇ ਭੇਦ ਬਹੁ ਤੁਮ ਜੋ ਕਹਿਤ ਬਚ ਸਾਰ*
*ਤਿਨ ਕੀ ਜਯੋਂ ਤੁਮਰੀ ਕ੍ਰਿਪਾ ਦੋਹੇ ਦੇਹੁ ਉਚਾਰ*
*ਤਯੋਂ ਪੂਰਨ ਲਿਖ ਪ੍ਰੇਮ ਤਿਹ ਪਰਮ ਪ੍ਰੀਤਿ ਪਿਖ ਤਾਂਹਿ*
*ਭੇਦ ਦੋਹਰੇ ਕੇ ਕਹਿਤ ਜਿਹ ਪਿਖਿ ਕਵਿ ਹੁਸਲਾਂਹਿ।''*

ਇਸੇ ਗ੍ਰੰਥ ਦੇ ੧੮ਵੇਂ ਪਦੇ ਵਿਚ ਆਪ ਲਿਖਦੇ ਹਨ :

*'ਹ੍ਵੈ ਨ ਬੋਧ ਜਿਹ ਛੰਦ ਕੋ ਪਢੈ ਛੰਦ ਜੋ ਸੋਇ।*
*ਰਸ ਪ੍ਰਤੀਤਿ ਤਿਹ ਹ੍ਵੈ ਨ ਜਯੋਂ ਬਿਨਾਂ ਦੀਪ ਗ੍ਰਿਹ ਹੋਏ।'*

## ੭. ਸੱਤਵਾਰ ਵੇਦਾਂਤੀ

ਇਸ ਵਿਚ ਹਫਤੇ ਦੇ ਸੱਤ ਦਿਨਾਂ ਦੁਆਰਾਂ ਵੇਦਾਂਤ ਅਨੁਸਾਰ ਸਿਖਿਆ ਦਿਤੀ ਹੈ।

## ੮. ਸੁਧਾਸਰੀ ਸਤਕ ਪਚੀਸਾ

ਇਹ ਰਚਨਾ ੧੮੬੩ ਈ: ਵਿਚ ਲਿਖੀ ਹੈ। ਇਸ ਗ੍ਰੰਥ ਵਿਚ ਸ੍ਰੀ ਹਰਿਮੰਦਰ ਜੀ, ਸੁਧਾਸਰ ਸਰੋਵਰ ਅੰਮ੍ਰਿਤਸਰ ਦੀ ਉਸਤਤੀ ੧੨੫ ਪਦਾਂ ਵਿਚ ਵਰਣਨ ਕੀਤੀ ਹੈ। ਕਈ ਥਾਂ ਸਪਸ਼ਟ ਕਰਨ ਵਾਸਤੇ ਵਾਰਤਕ ਵੀ ਲਿਖੀ ਹੈ। ਜਿਵੇਂ ਕਿ :

*'ਸੇਵਕ ਅਮਰ ਆਗ੍ਯਾ ਪਾਇ ਗੁਰੁ ਤੇ ਖੰਡੂਰੋਂ ਜਾਇ ਕੇ,*
*ਵਟਾਲੇ ਲੀਨੇ ਜੋ ਜੋ ਯੋਗ ਬਰ ਹੈ।*
*ਤਹਾਂ ਸੁਨ੍ਯੋ ਏਕ ਅਤਿ ਨੀਕੇ ਹੈ ਹਕੀਮ ਮਿਲੇ,*
*ਪੂਛ੍ਯੋ ਦੈ ਨਜਰ ਦਾਗ ਦੇਹ ਕੈਸੇ ਟਰ ਹੈ।*
*ਕਹੀ ਤਿਨਿ ਬੂਟੀ ਦਲ ਸ੍ਵਾਦ ਭੇਦ ਪੁੰਜ ਸੁਨੇ,*
*ਅਮਰ ਜੀ ਆਏ ਬੂਟੀ ਖੋਜ ਤੇ ਅਪਰ ਹੈ।*
*ਛਪਰੀ ਸਜਲ ਬ੍ਰਿੱਛ ਖੋਜਕੇ ਨਿਹਾਰੀ ਸੂਛ,*
*ਪਰਮ ਅਨੂਪ ਅਬ ਜਹਾਂ ਸੁਧਾਸਰ ਹੈ।'*

**ਟੀਕਾ** : ਦਲ ਕਹਿਯੇ ਬੂਟੀ ਕੇ ਪਤ੍ਰੋਂ ਕੇ ਭੇਦ। ਬੂਟੀ ਕੇ ਸ੍ਵਾਦੋਂ ਕੇ ਭੇਦ। ਅਤੇ ਏਕ ਬੂਟੀਆਂ ਜਿਮੀਨ ਪਰ ਵਿਛਵੀਆਂ ਹੋਤੀਆਂ ਹੈਂ। ਏਕ ਖੜੀਆਂ ਹੋਤੀਆਂ ਹੈਂ। ਇਤਾਯਾਦੀ ਭੇਦੋਂ ਕੇ ਬੀਚ ਤੇ ਜੋ ਉਸ ਬੂਟੀ ਕੇ ਭੇਤ ਥੇ ਸੋ ਸੁਨੋ।

## ੯. ਸ੍ਰੀ ਮੁਹਾਰਨੀ ਕੀ ਦੋਹਾ ਭੇਦਾਵਲੀ

ਇਸ ਰਚਨਾ ਵਿਚ ਅੰਮ੍ਰਿਤ, ਧੁਨ, ਵਿਪਰ, ਛਤ੍ਰੀ ਅਤੇ ਵੈਸ਼ਯ ਸੰਗਿਆ ਵਾਲੇ ਦੋਹਰਿਆਂ ਦੀ ਵਿਆਖਿਆ ਕੀਤੀ ਹੈ। ਭੁਯੰਗਪ੍ਰਯਾਤ, ਕਬਿੱਤ, ਛੰਦ ਵੀ ਲਿਖੇ ਹਨ। ਉਦਾਹਰਣ ਵਾਸਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸੁੰਦਰਦਾਸ ਦੇ ਪ੍ਰਮਾਣ ਦਿਤੇ ਹਨ।

## ੧੦. ਸ੍ਰੀ ਵਰਣੀ ਸਵੱਯੇ ਭੇਦਾਵਲੀ

ਇਸ ਰਚਨਾ ਵਿਚ ਸਵੱਯੇ ਦੇ ਅਨੇਕ ਭੇਦ ਵਰਣਨ ਕੀਤੇ ਹਨ।

## ੧੧. ਸ੍ਰੀ ਕਵੀਂਦ੍ਰ ਕਬਿੱਤਾਵਲੀ

ਇਸ ਰਚਨਾ ਵਿਚ ਪ੍ਰਸ਼ਨ ਉਤਰ ਦੇ ਰੂਪ ਵਿਚ (ਵਾਰਤਾ ਸ਼ੈਲੀ ਅਨੁਸਾਰ) ਕਬਿੱਤ, ਛੰਦ ਦੇ ਅਨੇਕ ਭੇਦ ਦਸੇ ਹਨ। ਇਸ ਗ੍ਰੰਥ ਦੇ ਦੋ ਭਾਗ ਹਨ। ਉਤਰਾਰਧ ਵਿਚ ਕੁਲ ੪੦੦ ਪਦ ਹਨ।

## ੧੨. ਨ੍ਰਿਪਖਵਾਕ

ਕੁਲ ੮ ਪਦ ਹਨ। ਕਵਿਤਾ ਦਾ ਨਮੂਨਾ ਇਸ ਤਰ੍ਹਾਂ ਹੈ :

*"ਮਾਨ ਪਮਾਨ ਗਿਲਾ ਨਿਗਈ ਜੁਹਤੀ ਚਿਤ ਮੈ ਚਿਤ ਕੀ ਬ੍ਰਿਤ ਘੋਟੀ।*
*ਉਜਲ ਬੁਧੀ ਭਈ ਅਤਿ ਸੁਧ ਸੁ ਵੇਦ ਕੇ ਵਾਕ ਚਲੇ ਧਰ ਚੋਟੀ।*
*ਬ੍ਰਹਮ ਲਖਯੋ ਘਟ ਮੈ ਮਟ ਮੈ ਭਟ ਮੈ ਜਟ ਮੈ ਪੁਨ ਪੁੰਜ ਮੈ ਜੋਟੀ।*
*ਜਾਸ ਨਰੋਤਮ ਮੈ ਯਹਿ ਲੱਛਨ ਕੱਛ ਰਖੋ ਅਥਵਾ ਲੰਗੋਟੀ ।"*

ਵੇਦਾਂਤ ਦੇ ਆਪ ਮਹਾਨ ਪੰਡਿਤ ਸਨ। ਇਸ ਵਾਸਤੇ ਆਪ ਜੀ ਨੇ ਵੇਦਾਂਤ ਉਪਰ ਕਾਫੀ ਕੁਝ ਵੇਰਵੇ ਸਹਿਤ ਲਿਖਿਆ ਹੈ। ਆਪ ਜੀ ਦੇ ਜੋ ਗ੍ਰੰਥ ਵੇਦਾਂਤ ਤੋਂ ਬਿਨਾਂ ਹਨ ਉਨ੍ਹਾਂ ਉਤੇ ਵੀ ਪ੍ਰਤੱਖ ਅਸਰ ਹੈ। 'ਸ੍ਰੀ ਭਵਸਾਗਰ ਸੇਤੁ' ਤਾਂ ਆਪ ਜੀ ਨੇ ਸ੍ਰੀਮਾਨ ਪੰਡਿਤ ਗੁਲਾਬ ਸਿੰਘ ਜੀ ਦੇ 'ਮੋਕਸ਼ ਪੰਥ ਪ੍ਰਕਾਸ਼' ਦਾ ਅਧਿਐਨ ਕਰਕੇ ਸੁਖੈਨ ਭਾਸ਼ਾ ਵਿਚ ਸਾਰ ਰੂਪ ਕਢਿਆ ਹੈ :

ਵੇਦਾਂਤ ਦੇ ਸਿਧਾਂਤ ਨੂੰ ਸੌਖਾ ਕਰਨ ਵਾਸਤੇ ਆਪ ਜੀ ਨੇ ਪ੍ਰਸ਼ਨ ਉਤਰ ਦੇ ਰੂਪ ਵਿਚ ਵਾਰਤਕ ਵੀ ਲਿਖੀ ਹੈ। ਹਰ ਗੱਲ ਸੁਖੈਨਤਾ ਪੂਰਬਕ ਪਾਠਕਾਂ ਨੂੰ ਸਮਝਾਉਣ ਦਾ ਯਤਨ ਕੀਤਾ ਹੈ। ਆਪ ਜੀ ਦੀ ਵਾਰਤਕ ਸ਼ੈਲੀ ਦਾ ਨਮੂਨਾ ਵੀ ਕਮਾਲ ਦਾ ਹੈ :

*'ਆਦਿ ਮੈ ਅਸਾਥੋ ਬ੍ਰਹਮ ਜਿਗ੍ਯਾਸਾ ਸੁ ਕੈਬ ਯੋਗ*
*ਤੱਤ੍ਵਮਸੀ ਮਹਾਂ ਵਾਕ ਸਾਮ ਵੇਦ ਮੈਂ ਕਹਯੋ*
*ਪ੍ਰਗ੍ਯਾਨਮਾਨੰਦ ਬ੍ਰਹਮ ਰਿਗਬੇਦ ਭੇਦ ਭਾਖ੍ਯੋ*
*ਲਾਖ੍ਯੋਂ ਸ਼ੁਧੀ ਸੱਚਿਦ ਆਨੰਦ ਕੰਦ ਜੋ ਕਹਯੋ।'*

ਪ੍ਰਗਯਾ। ਨਮਾ। ਨੰਦ। ਬ੍ਰਹਮ। ਇਸ ਰੀਤਿ ਟੁੱਕ ਟੁੱਕ ਪਢਣਾ ਜਹਾਂ ਜਹਾਂ ਪਾਠ ਸਿਥਲ ਭਾਸੇ। ਤਤ ੧ ਤ੍ਵੰ ਅਸੀ ੩/ਤਤ ਕੋ ਅਰਥ ਸੋ। ਤ੍ਵ ਕੋ ਅਰਥ ਤੂੰ। ਅਸੀ ਕੋ ਅਰਥ ਹੈ।

ਆਪ ਪੜਚੋਲੀਏ ਵੀ ਮਹਾਨ ਸਨ। ਆਪ ਜੀ ਨੇ ਦਸਮ ਗ੍ਰੰਥ ਦੇ ਛੰਦਾਂ ਦੀ ਵੀ ਪੜਚੋਲ ਕੀਤੀ ਹੈ।

**ਪ੍ਰਥਮੰ ਮਧੁ ਕੈਟਭ ਮਦ ਮਥਨ ਮਹਿਖਾਸੁਰੈ ਮਾਨ ਮਰਦਨ ਕਰਨ ਤਰਨ ਬਰਬੰਡਕ**

ਪ੍ਰਸ਼ਨ : ਯਾ ਕੇ ਆਦਿ ਮੈਂ ਪ੍ਰਥਮ ਹੋਤਾ ਹੈ। ਈਹਾਂ ਥਥੇ ਨੂੰ ਬਿੰਦੀ ਲਗਾ ਕੇ ਮਮਾ ਕਯੋਂ ਚਟਾਯੋ ਹੈ।

ਉਤ੍ਰ : ਤਾਂ ਤੇ ਇਹ ਲਿਖਾਰੀ ਕੀ ਚੂਕ ਜਾਣ ਕੇ ਇਸ ਪ੍ਰਕਾਰ ਨਿਕਾਸੀ ਤੇ ਵਹੁ ਪ੍ਰਕਾਰ ਤੁਮ ਕੋ ਬਤਲਾਤੇ ਹੈਂ। ਯਯਾਕਰਨ ਜਾ ਕੋ ਸੂਤ੍ਰ ਹੈ ਮਨੁਸਵਾਗ। ਅਰਥ ਇਹ ਜੋ ਮਕਾਰ ਕੀ ਅਨੁਸ੍ਵਰ ਹੋ ਜਾਵੇ ਸੋ ਇਸ ਸੂਤ੍ਰ ਕਰ ਮਕਾਰ ਕੀ ਅਨੁਸਾਰ ਬਿੰਦੀ ਟਿੱਪੀ ਥੱਥੇ ਕੋ ਯੱਥਾਯੋਗ ਲਗੀ ਹੈ।

ਆਪਣੀ ਸ੍ਵਯੰ ਲਿਖਣ ਸ਼ੈਲੀ ਬਾਰੇ ਕਿ ਪਾਠਕਾਂ ਨੂੰ ਭ੍ਰਾਂਤੀ ਨਾ ਹੋ ਜਾਵੇ ਸਪਸ਼ਟ ਕਰਦੇ ਹਨ। ਆਪ 'ਬ੍ਰਹਮ' ਸ਼ਬਦ ਤਤਸਮ ਰੂਪ ਵਿਚ ਲਿਖਦੇ ਸਨ। ਇਸ ਬਾਰੇ ਆਪ ਇਸ ਤਰ੍ਹਾਂ ਕਹਿੰਦੇ ਹਨ :

*"ਜੀਵ ਪੁੱਨ ਬ੍ਰਹਮ ਕੀ ਜੁ ਏਕਤਾ ਸੁ ਯਾ ਕੋ ਵਿਖੇ*
*ਯਹੀ ਵਿਖੇ ਅਨੁਬੰਧ ਯਾਮੈ ਸੁਨ ਰਾਖਯੋਂ ਹੈ।"*

**ਵਾਰਤਕ :** "ਯਾ ਮੈ ਬ੍ਰਹਮ ਸ਼ਬਦ ਸੰਸਕ੍ਰਿਤ ਵਤ ਸ਼ੁੱਧ ਲਿਯੋ ਰਾਖਨੋ ਕਬਿੱਤ ਕੇ ਮਨਾਮਾ ਕੇ ਖਾਰਜ ਹੋਣ ਕੇ ਭਯ ਤੋਂ। ਔਰ ਜੁ ਏਕਤਾ ਕੋ ਜਕਾਰ ਅਤੇ ਸੁਯਾ ਕੇ ਵਿਖੇ ਕੋ ਸਕਾਰ ਇਹ ਦੋਨੋਂ ਲਘੁ ਉਕਾਰੀ ਹੈ ਯਾ ਤੇ ਲਘੁ ਹੀ ਰਾਖਨੇ।"

ਸੰਤ ਨਿਹਾਲ ਸਿੰਘ ਜੀ ਕਵੀਂਦ੍ਰ ਸਰਵਪੱਖੀ ਵਿਦਵਾਨ ਸਨ। ਆਪ ਨੇ ਇਤਿਹਾਸ, ਮਿਥਿਹਾਸ, ਛੰਦ,

ਸ਼ਾਸਤ੍ਰ, ਵੇਦਾਂਤ, ਗੁਰਮਤਿ ਅਤੇ ਵਰਤਮਾਨ ਉਪਰ ਯੋਗਤਾ ਨਾਲ ਲਿਖਿਆ ਹੈ। ਬ੍ਰਜ ਭਾਸ਼ਾ ਵਿਚ ਲਿਖਣ ਵਾਲੇ ਮਹਾਨ ਕਵੀ ਸਨ। ਹਿੰਦੀ ਦੇ ਰੀਤੀ ਕਾਲ ਦੇ ਕਵੀਆਂ ਵਿਚ ਆਪ ਜੀ ਦੀ ਸਾਹਿਤਕ ਸੇਵਾ ਨੂੰ ਭੁਲਾਇਆ ਨਹੀਂ ਜਾ ਸਕਦਾ। ਨਿਰਮਲ ਭੇਖ ਦੇ ਪ੍ਰਸਿੱਧ ਵਿਦਵਾਨ ਸਨ। ਨਿਰਮਲੇ ਸੰਤ ਹੋਣ ਤੇ ਆਪ ਜੀ ਨੂੰ ਮਾਣ ਸੀ।

## ਪੰਡਿਤ ਸਾਧੂ ਸਿੰਘ ਜੀ ਪਟਿਆਲੇ ਵਾਲੇ

ਪੰਡਿਤ ਤਾਰਾ ਸਿੰਘ ਜੀ ਨਰੋਤਮ ਦੇ ਗੁਰਭਾਈ ਸ੍ਰੀ ਮਹੰਤ ਪੰਡਿਤ ਸਾਧੂ ਸਿੰਘ ਜੀ ਪਟਿਆਲੇ ਵਾਲੇ ਗੁਰਮਤਿ/ਗੁਰਬਾਣੀ ਦੀ ਵਿਆਖਿਆ ਕਰਨ ਵਾਲੇ ਮਹਾਨ ਵਿਦਵਾਨ ਹੋਏ ਹਨ। ਆਪ ਜੀ ਨੇ ਹੇਠ ਲਿਖੇ ਗ੍ਰੰਥ ਅੰਕਿਤ ਕੀਤੇ ਹਨ :

੧. ਗੁਰਸਿਧਾਂਤ ਜਯੋਤੀ, ੨. ਗੁਰਮਤਿ ਸਿਖਿਆ ਪ੍ਰਭਾਕਰ, ੩. ਸ੍ਰੀ ਮੁਖ ਵਾਕਯ ਸਿਧਾਂਤ ਜਯੋਤੀ (ਦੋ ਭਾਗ), ੪. ਗ੍ਰੰਥ ਬ੍ਰਿਤਿਦੀਪਕਾ ਅਤੇ ਪਾਂਚਕੋਸ਼ ਵਿਵੇਕ, ੫. ਸ੍ਰੀ ਰਾਗ ਦਾ ਟੀਕਾ, ੬. ਦੇਵਪੰਥ ਪ੍ਰਦੀਪਕਾ, ੭. ਦੇਵ ਗੁਰੂ ਗ੍ਰੰਥ ਸਿਧਾਂਤ ਰਵਿ, ੮. ਗੰਗਾਯਤੀ ਨਿਦਾਨ (ਚਕਿਤਸਾ ਬਾਰੇ), ੯. ਉਥਾਨਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ।

ਪੰਡਿਤ ਬਸੰਤ ਸਿੰਘ ਜੀ ਠੀਕਰੀਵਾਲੇ ਪਟਿਆਲਾ ਰਾਜ ਦਰਬਾਰ ਵਿਚ ਰਾਜਕੁਮਾਰਾਂ ਦੇ ਧਾਰਮਿਕ ਅਧਿਆਪਕ/ਗੁਰੂ ਸਨ। ਸੰਸਕ੍ਰਿਤ ਅਤੇ ਗੁਰਮਤਿ ਦੇ ਮਹਾਨ ਵਿਦਵਾਨ ਸਨ। ਆਪ ਜੀ ਨੇ 'ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਅਤੇ 'ਟੀਕਾ ਦਸਮ ਗ੍ਰੰਥ ਸਾਹਿਬ' ਕੀਤੇ ਹਨ। ਦੋਨੋਂ ਹਾਲੀ ਤਕ ਪ੍ਰਕਾਸ਼ਤ ਨਹੀ ਹੋਏ। ਇਹ ਗ੍ਰੰਥ ਮਹੰਤ ਹਰਿਭਜਨ ਸਿੰਘ ਜੀ ਨਾਸਿਕ ਵਾਲਿਆਂ ਕੋਲ ਸੁਰੱਖਯਤ ਸਨ। ਸ਼ੈਲੀ ਦਾ ਨਮੂਨਾ ਇਹ ਹੈ :

***ਸਿਰੀ ਰਾਗ ਮਹਲਾ 1***

***ਇਸ ਸ਼ਬਦ ਵਿਖੇ ਸ੍ਰੀ ਗੁਰੂ ਨਾਨਕ ਜੀ ਨੇ ਜਿਸ ਖਾਨੇ ਸੇ ਤਨ ਨੂੰ ਪੀੜਾ ਤੇ ਮਨ ਵਿਖੇ ਵਿਕਾਰ ਹੋਵੇ ਉਸ ਕਾ ਨਿਸ਼ੇਧ ਕੀਤਾ ਹੈ ।।1।। ਉਸ ਪਹਿਨਨੇ ਕਾ ਭੀ ਨਿਸ਼ੇਧ ਕੀਤਾ ਹੈ ਜਿਸ ਸੇ ਤਨ ਪੀੜਾ ਤੇ ਮਨ ਵਿਖੇ ਵਿਕਾਰ ਹੋਵੇ ।।2।। ਉਸ ਚੜਨੇ ਕਾ ਨਿਸ਼ੇਧ ਲਿਖਾ ਹੈ ਜੋ ਖੁਸ਼ੀਆਂ ਕੇ ਨਾਸ ਕਰਨੇ ਵਾਲਾ ਹੈ । ਜਿਸ ਚੜਨੇ ਸੇ ਤਨ ਪੀੜਾ ਤੇ ਮਨ ਵਿਕਾਰੀ ਹੋਵੇ ।।3।।***

## ਦਸਮਗ੍ਰੰਥ ਸਟੀਕ ਵਿਚੋਂ

***ਚਿਕਰ ਚਿਹਨ ਅਰ ਬਰਨ ਜਾਤਿ***

"ਮੂਲਾਦੀ ਚੱਕ੍ਰੋਂ ਕਾ ਚਿੰਨ੍ਹ ਜਿਸ ਕਾ ਵਰਣਨ ਨਹੀਂ ਕੀਤਾ ਜਾਂਦਾ ॥ਵਾ॥ ਚੱਕ੍ਰ ਸੰਖ ਗਦਾ ਪਦਮ ਏਨ੍ਹਾਂ ਕਾ ਚਿੰਨ੍ਹ ਨਹੀਂ ਜਾਣੀਦਾ ਤੇ ਬਰਨ ਬ੍ਰਾਮ੍ਹਣ ਆਦੀ ਤੇ ਜਾਤੀਆਂ ॥ਵਾ॥ ਸੰਖ ਚੱਕ੍ਰ ਉਗੱਲੀਯੋਂ ਕੇ ਚਿੰਨ੍ਹ ਸਰੀਰ ਪਰ ਏਹ ਭੀ ਕੋਈ ਨਹੀਂ ਜਾਣੀਦਾ।"

ਸੰਤ ਆਤਮਾ ਸਿੰਘ (ਜਿਨ੍ਹਾਂ ਦਾ ਨਿਵਾਸ ਠਾਕਰਾਂ ਦੇ ਡੇਰੇ ਅੰਮ੍ਰਿਤਸਰ ਵਿਚ ਸੀ) ਨੇ ਗ੍ਰੰਥ 'ਸਾਖੀ ਪ੍ਰਮਾਣ' ਲਿਖਿਆ ਹੈ। ਗੁਰਬਾਣੀ ਦੇ ਵਿਚਾਰਾਂ ਨੂੰ ਸਾਖੀਆਂ ਦ੍ਵਾਰਾ ਵਰਨਣ ਕੀਤਾ ਹੈ। ਗੁਰਬਾਣੀ ਦੀ ਇਕ-ਇਕ ਪੰਕਤੀ ਤੇ ਸਾਖੀ ਲਿਖਕੇ ਵਿਚਾਰਾਂ ਨੂੰ ਸਪੱਸ਼ਟ ਕੀਤਾ ਹੈ। ਇਹ ਗ੍ਰੰਥ ੧੯੯੩ ਵਿਚ ਲਿਖਿਆ ਗਿਆ ਹੈ। ਆਪ ਜੀ ਦੀ ਲਿਖਣ ਸ਼ੈਲੀ ਦਾ ਨਮੂਨਾ ਇਸ ਤਰ੍ਹਾਂ ਹੈ।

"**ਇਤ ਤਨ ਲਾਗੈ ਬਾਣੀਆਂ**-ਇਕ ਬਾਣੀਆ ਹੈ ਸੀ। ਸੋ ਸੋਹੁਰੇ ਗਿਆ। ਤਬ ਉਸ ਦੀ ਸੱਸ ਸੀ ਵੱਡੀ ਸਿਆਣੀ ਹੈ ਸੀ। ਉਹ ਘਿਉ ਥੋੜਾ ਪਾਵੇ। ਏਕ ਦਿਨ ਅਗਨ ਸੇਕਣ ਦੇ ਬਹਾਨੇ ਪਾਸ ਬੈਠਾ ਗਲਾਂ ਲਾਗਾ ਕਰਨ, ਓਹ ਰੋਟੀ ਦੇਨ ਲਗੀ। ਘਿਉ ਕਾ ਕੁਜ਼ਾ ਪੰਗਲਿਆ ਹੈ ਸੀ। ਪਾਵਨ ਲਗੀ ਤਬ ਅਰਕ ਹਲਾਇਕੇ ਵਧੇਰੇ ਡੋਲ ਦੀਆਂ। ਤਬ ਪੁਤਰ ਕੋ ਲਾਗੀ ਵਾਜ ਮਾਰਨੇ ਹੇ ਮੋਤੀ ਤੂੰ ਕਹਿੰਦਾ ਹੁੰਦਾ ਸੈਂ ਜੀਜੇ ਨਾਲ ਰੋਟੀ ਖਾਣੀ ਹੈ ਆਓ ਖਾਹਿ ਉਹ ਆਇ ਬੈਠਾ।"

ਪ੍ਰਸਿੱਧ ਸੰਗੀਤਕਾਰ ਮਹੰਤ ਗੱਜਾ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਉਪਰ ਅਪੂਰਵ ਗ੍ਰੰਥ ਲਿਖਿਆ ਸੀ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਰਾਗਾਂ ਦੀਆਂ ਸ੍ਵਰ ਲਿਪੀਆਂ ਨੂੰ ਸ਼ੁੱਧ ਰੂਪ ਵਿਚ ਸੰਭਾਲਿਆ ਗਿਆ ਸੀ, ਪਰ ਇਹ ਅਦੁੱਤੀ ਗ੍ਰੰਥ ਪ੍ਰਕਾਸ਼ਤ ਨਹੀਂ ਹੋ ਸਕਿਆ।

## ਗਿਆਨੀ ਬਦਨ ਸਿੰਘ ਜੀ ਸੇਖਵਾਂ ਵਾਲੇ

ਗੁਰਬਾਣੀ ਦੇ ਸੰਪ੍ਰਦਾਈ ਗਿਆਨੀ ਸ੍ਰੀਮਾਨ ਸੰਤ ਬਦਨ ਸਿੰਘ ਜੀ ਸੇਖਵਾਂ ਵਾਲਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਕੀਤਾ ਹੈ ਜੋ ਸਾਧ ਭਾਸ਼ਾ ਵਿਚ ਭਾਵਪੂਰਤ ਸੁੰਦਰ ਟੀਕਾ ਹੈ। ਹਰ ਸ਼ਬਦ ਦੀ ਪਹਿਲਾਂ ਉਥਾਨਕਾਂ ਦੇਕੇ ਫਿਰ ਟੀਕਾ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਟੀਕੇ ਵਿਚ ਇਹ ਤਰਤੀਬ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਟੀਕਾ ਹੈ। ਮਗਰੋਂ ਹੋਏ ਸਮੂੰਹ ਟੀਕਾਕਾਰ ਇਸੇ ਟੀਕੇ ਤੋਂ ਹੀ ਸੇਧ ਲੈਂਦੇ ਰਹੇ ਹਨ। ਇਸ ਟੀਕੇ ਨੂੰ ਮਹਾਰਾਜਾ ਬਿਕਰਮ ਸਿੰਘ ਜੀ ਵਾਲੀਏ ਰਿਆਸਤ ਫਰੀਦਕੋਟ ਨੇ ਲਿਖਵਾਇਆ ਸੀ। ਗਿਆਨੀ ਬਦਨ ਸਿੰਘ ਜੀ ਨੇ ਸੰਮਤ ੧੯੩੪ ਬਿ: (੧੮੭੭ ਈ.) ਵਿਚ ਟੀਕਾ ਲਿਖਣਾ ਆਰੰਭ ਕੀਤਾ ਅਤੇ ੧੯੪੦ ਬਿ: (੧੮੮੩ ਈ.) ਵਿਚ ਪੂਰਾ ਹੋਇਆ।

ਟੀਕਾ ਸੰਪੂਰਨ ਹੋਣ ਤੇ ਬਾਬਾ ਸੁਮੇਰ ਸਿੰਘ ਜੀ ਮਹੰਤ ਤਖਤ ਪਟਨਾ ਸਾਹਿਬ ਦੀ ਪ੍ਰਧਾਨਗੀ ਹੇਠ ਵਿਦਵਾਨਾਂ ਦੀ ਕਮੇਟੀ ਬਣਾਕੇ ਇਸ ਟੀਕੇ ਨੂੰ ਸੋਧਿਆ ਗਿਆ। ਇਸ ਕਮੇਟੀ ਵਿਚ ਹੇਠ ਲਿਖੇ ਵਿਦਵਾਨ ਸਨ :

੧. ਭਾਈ ਹਰਭਜਨ ਸਿੰਘ ਜੀ ਗਿਆਨੀ ਅੰਮ੍ਰਿਤਸਰ, ੨. ਭਾਈ ਸੰਤ ਸਿੰਘ ਜੀ ਗਿਆਨੀ ਕਪੂਰਥਲਾ, ੩. ਭਾਈ ਝੰਡਾ ਸਿੰਘ ਜੀ ਗਿਆਨੀ ਨਨਕਯਾਨਾ ਸਾਹਿਬ ਸੰਗਰੂਰ, ੪. ਭਾਈ ਰਾਏ ਸਿੰਘ ਜੀ ਗਿਆਨੀ ਜੰਗੀਰਾਣਾ, ੫. ਭਾਈ ਸੰਤ ਧਿਆਨ ਸਿੰਘ ਜੀ ਗਿਆਨੀ ਸੇਖਵਾਂ, ੬. ਪੰਡਿਤ ਹਮੀਰ ਸਿੰਘ ਜੀ ਸੰਸਕ੍ਰਿਤੀ, ੭. ਪੰਡਿਤ ਬਾਲਕ ਰਾਮ ਜੀ ਉਦਾਸੀ ਸੰਸਕ੍ਰਿਤੀ, ੮. ਬਾਬਾ ਬਖਤਾਵਰ ਸਿੰਘ ਜੀ ਗਿਆਨੀ।

ਇਸ ਕਮੇਟੀ ਦੀ ਪਰਵਾਨਗੀ ਮਿਲਣ ਤੋਂ ਬਾਅਦ ਇਹ ਟੀਕਾ ਚਾਰ ਜਿਲਦਾਂ ਵਿਚ ਪ੍ਰਕਾਸ਼ਤ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਟੀਕਾ ਕਰਨ ਦਾ ਮਾਣ ਵੀ ਨਿਰਮਲ ਭੇਖ ਨੂੰ ਹੀ ਜਾਂਦਾ ਹੈ।

## ਪੰਡਿਤ ਦੇਵਾ ਸਿੰਘ ਜੀ ਦੇਵਪੁਰਾ

ਧੁਰੰਧਰ ਵਿਦਵਾਨ ਸ੍ਰੀਮਾਨ ਪੰਡਿਤ ਦੇਵਾ ਸਿੰਘ ਜੀ ਦੇਵਪੁਰਾ ਆਸ਼੍ਰਮ ਹਰਿਦ੍ਵਾਰ ਵਾਲਿਆਂ ਨੇ ਹੇਠ ਲਿਖੇ ਗ੍ਰੰਥ ਅੰਕਿਤ ਕੀਤੇ ਹਨ :

੧. ਅਧਯਾਤਮ ਅਨੁਭਵ ਵਿਵੇਕ [1] (ਨਰਸਿੰਘ ਦਾਸ ਅੰਮ੍ਰਿਤਸਰ ਵਿਚ ੧੯੦੫ ਨੂੰ ਪ੍ਰਕਾਸ਼ਤ), ੨. ਜਪੁ ਪ੍ਰਦੀਪ (ਲਾਹੌਰ ਤੋਂ ਪ੍ਰਕਾਸ਼ਤ), ੩. ਸਿਧ ਗੋਸ਼ਟ (ਅਕਾਲ ਪ੍ਰੈਸ, ਲਾਹੌਰ 'ਚ ੧੮੬੫ ਈ: ਨੂੰ ਪ੍ਰਕਾਸ਼ਤ), ੪. ਸੁਪਨ ਵਿਚਾਰ, ੫. ਫਨਾਹ ਦਾ ਮਕਾਨ, ੬. ਮ੍ਰਿਤਯੁ ਚਿੰਨ੍ਹ ਪ੍ਰਦੀਪਕਾ, ੭. ਪੈਂਤੀਸ ਅਖਰੀ [2], ੮. ਗੁਰਬਾਣੀ ਦੇ

ਕਠਨ ਪਦਾਂ ਦੇ ਪਰਿਆਏ।

ਇਸ ਟੀਕੇ ਵਿਚ ਆਪ ਜੀ ਨੇ ਇਹ ਵੀ ਆਗਿਆ ਕੀਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਰਥ ਪੂਰਵ ਵਿਚਾਰ ਕਰਨਾ ਚਾਹੀਦਾ ਹੈ। ਪਹਿਲੇ ਕਹੇ ਅਰਥ ਨਾਲ ਵਿਰੋਧ ਨ ਹੋਵੇ, ਜੇਕਰ ਪਿਛੇ ਹੋਰ ਵਿਚਾਰ ਅਗੇ ਹੋਰ ਭਾਵ ਪ੍ਰਗਟ ਹੋਵੇ ਤਾਂ ਗ੍ਰੰਥ ਜਾਂ ਟੀਕਾ ਪ੍ਰਮਾਣੀਕ ਨਹੀਂ ਹੋਵੇਗਾ। ਇਹ ਗ੍ਰੰਥ 'ਬਾਲ ਮੁਕੰਦ ਪ੍ਰੈਸ, ਵੱਛੋਵਾਲੀ ਲਾਹੌਰ' ਵਿਚ ਸੰਮਤ ੧੯੫੬ ਬਿ: (ਸੰਨ ੧੮੯੯ ਈ:) ਵਿਚ ਛਪਿਆ ਸੀ।

ਆਪ ਜੀ ਨੇ ਜਪੁਜੀ ਸਾਹਿਬ ਦੇ ਦੋ ਟੀਕੇ ਕੀਤੇ ਹਨ। ਪਹਿਲਾਂ 'ਜਪੁ ਪ੍ਰਦੀਪ' ਵਿਦਵਾਨਾਂ ਵਾਸਤੇ, ਦੂਸਰਾ 'ਸੁਗਮ ਜਪੁ ਪ੍ਰਦੀਪ' ਜਨ ਸਾਧਾਰਣ (ਥੋੜ੍ਹੇ ਪੜ੍ਹੇ) ਲੋਕਾਂ ਵਾਸਤੇ। ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਰਿਆਏ ਬਣਾਏ ਹਨ, 'ਸੁਗਮ ਜਪੁ ਪ੍ਰਦੀਪ' ਉਨ੍ਹਾਂ ਵਿਚ ਵੀ ਸ਼ਾਮਲ ਕਰ ਦਿਤਾ ਹੈ।

'ਚੰਡੀ ਦੀ ਵਾਰ' ਦੀ ਪਹਿਲੀ ਪਉੜੀ, ਜੋ ਸਿੱਖ ਪੰਥ ਦੀ ਅਰਦਾਸ ਦਾ ਮੁੱਖ ਹਿੱਸਾ ਹੈ। ਇਸ ਪਉੜੀ ਵਿਚ ਆਏ 'ਭਗਉਤੀ' ਸ਼ਬਦ ਦਾ ਅਰਥ ਆਪ ਜੀ ਨੇ ਪਾਰਬ੍ਰਹਮ, ਪਰਮੇਸ਼ਵਰ, ਵਾਹਿਗੁਰੂ ਕੀਤਾ ਹੈ। ਦਲੀਲ ਨਾਲ ਸਮਝਾਇਆ ਹੈ ਕਿ ਕਲਗੀਧਰ ਸ੍ਵਾਮੀ ਨੇ 'ਖੰਡਾਪ੍ਰਥਮੈ ਸਾਜ ਕੈ ਜਿਨ ਸਭ ਸੈਸਾਰੁ ਉਪਾਇਆ।' ਦੀ ਪਉੜੀ ਦੇ ਅੰਤ ਦੀ ਪੰਕਤੀ ਵਿਚ ਲਿਖਿਆ ਹੈ। 'ਤੈ ਹੀ ਦੁਰਗਾ ਸਾਜਿ ਕੈ ਦੈਤਾਂ ਦਾ ਨਾਸੁ ਕਰਾਇਆ।'

*(ਦਸਮ ਗ੍ਰੰਥ, ਪੰਨਾ ੧੧੯)*

ਇਥੇ 'ਭਗਉਤੀ' ਦਾ ਅਰਥ ਬ੍ਰਹਮਾਇਕ, ਦੁਰਗਾਦਿਕ, ਦੇਵਤਿਆਂ ਦਾ ਕਰਤਾ ਪਾਰਬ੍ਰਹਮ ਕੀਤਾ ਹੈ ਕਿਉਂਕਿ ਦੁਰਗਾ ਭਗਉਂਤੀ ਤਾਂ, ਦੂਸਰੀ ਭਗਉਤੀ ਨੂੰ ਪੈਦਾ ਨਹੀਂ ਕਰ ਸਕਦੀ, ਇਸ ਵਾਸਤੇ ਸਰਬੱਤ (ਦੇਵੀ ਦੇਵਤਿਆਂ) ਦਾ ਕਰਤਾ ਵਾਹਿਗੁਰੂ ਹੈ।

## ਮਹਿਮਾ ਸ਼ਾਹੀ ਸੰਪ੍ਰਦਾਇ ਦਾ ਸਾਹਿੱਤ

ਮਹਿਮਾ ਸ਼ਾਹੀ ਸੰਪ੍ਰਦਾਇ ਨਿਰਮਲ ਭੇਖ ਦੀ ਪ੍ਰਮੁਖ ਸੰਪ੍ਰਦਾਇ ਹੈ। ਇਸ ਸੰਪ੍ਰਦਾਇ ਦੇ ਮਹਾਂਪੁਰਖਾਂ ਨੇ ਜਿਥੇ ਨਾਮ ਬਾਣੀ, ਕਥਾ-ਕੀਰਤਨ, ਸੇਵਾ, ਸਿਮਰਨ, ਧਰਮ-ਪ੍ਰਚਾਰ, ਵਿਦਿਆ ਪ੍ਰਚਾਰ ਵਿਚ ਅਕਹਿ ਹਿੱਸਾ ਪਾਇਆ ਹੈ; ਉਥੇ ਬਹੁਤ ਸਾਰੀ ਕਵਿਤਾ/ਬਾਣੀ ਦੀ ਰਚਨਾ ਵੀ ਕੀਤੀ ਹੈ। ਭਾਵੇਂ ਨਿਰਮਲੇ ਸੰਤ ਕਾਵਯ ਦੀ ਰਚਨਾ ਬ੍ਰਜ ਭਾਸ਼ਾ ਵਿਚ ਕਰਦੇ ਸਨ ਪਰ ਮਹਿਮਾਸ਼ਾਹੀ ਸੰਤਾਂ ਨੇ ਠੇਠ ਪੰਜਾਬੀ ਵਿਚ ਲਿਖਿਆ ਹੈ ਜੋ ਗੁਰਬਾਣੀ ਦੀ ਸ਼ੈਲੀ ਦੇ ਨੇੜੇ ਹੈ। ਜਿਵੇਂ ਸਮਕਾਲੀ ਸੂਫੀ ਪੰਜਾਬੀ ਕਵੀ ਸੀਹਰਫੀ, ਪੈਂਤੀਸ ਅੱਖਰੀ, ਪਟੀ, ਸਤਿਵਾਰੇ, ਬਾਰਾਂਮਾਹੇ, ਕਾਫੀ, ਦਵੈਯਾ, ਬੈਂਤ ਆਦਿਕ ਰੂਪ/ਛੰਦ ਵਰਤਦੇ ਸਨ। ਮਹਿਮਾਸ਼ਾਹੀ ਸੰਤਾਂ ਨੇ ਵੀ ਸਾਰੇ ਰੂਪ/ਛੰਦ ਵਰਤੇ ਹਨ। ਇਸ ਤੋਂ ਇਲਾਵਾ ਕਾਫੀ ਰਚਨਾ ਅਨੇਕ ਰਾਗਾਂ ਵਿਚ ਵੀ ਕੀਤੀ ਹੈ। ਮਹਿਮਾਸ਼ਾਹੀ ਸੰਤਾਂ ਦਾ ਇਹ ਅਧਿਆਤਮਿਕ ਗ੍ਰੰਥ ਅਪ੍ਰਕਾਸ਼ਤ ਹੈ ਜਿਸ ਵਿਚ ਹੇਠ ਲਿਖੇ ੮ ਮਹਾਂਪੁਰਖਾਂ ਦੀ ਰਚਨਾ ਸ਼ਾਮਲ ਹੈ :

੧. ਸ੍ਰੀ ਸੰਤ ਮੋਹਰ ਸਿੰਘ ਜੀ ਮਹਿਮਾਸ਼ਾਹ, ੨. ਸ੍ਰੀ ਸੰਤ ਬੀਰ ਸਿੰਘ ਜੀ 'ਰੰਗਰੇਜ', ੩. ਸੰਤ ਖੂਬਦਿਆਲ ਸਿੰਘ ਜੀ, ੪. ਸ੍ਰੀ ਸੰਤ ਮਨਮਸਤਾਨ ਸਿੰਘ ਜੀ, ੫. ਸੰਤ ਭੂਪਾਲ ਸਿੰਘ ਜੀ, ੬. ਸੰਤ ਮਾਨ ਸਿੰਘ ਜੀ, ੭. ਸੰਤ ਖੁਸ਼ਹਾਲ ਸਿੰਘ ਜੀ, ੮. ਸੰਤ ਬੇਪ੍ਰਵਾਹ ਜੀ।

---

*੧. ਹੁਣ 'ਅਧਯਾਤਮ ਅਨੁਭਵ ਵਿਵੇਕ' ਨੂੰ ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਨੇ ਸੰਪਾਦਤ ਕੀਤਾ ਹੈ ਅਤੇ ਸ੍ਰੀਮਾਨ ਮਹੰਤ ਪ੍ਰਧਾਨ ਸਿੰਘ ਜੀ ਪਿੰਡ ਬਡੋਂ ਜ਼ਿਲ੍ਹਾ ਹੁਸ਼ਿਆਰਪੁਰ ਵਾਲਿਆਂ ਨੇ ਸੰਨ ੨੦੦੭ ਈ: ਨੂੰ ਦੂਸਰੀ ਵਾਰ ਪ੍ਰਕਾਸ਼ਤ ਕੀਤਾ ਹੈ।*

*੨. ਪੈਂਤੀਸ ਅਖਰੀ ਵੀ ਮਹੰਤ ਪ੍ਰਧਾਨ ਸਿੰਘ ਜੀ ਪਿੰਡ ਬਡੋਂ ਵਾਲਿਆਂ ਨੇ ਤੀਸਰੀ ਛਾਪ ਪ੍ਰਕਾਸ਼ਤ ਕੀਤੀ ਹੈ।*

## ਸੰਤ ਵਿਹਾਰ ਵ੍ਰਿੰਦਾਵਨ ਸਿੰਘ ਜੀ

ਸੰਤ ਵਿਹਾਰ ਵ੍ਰਿੰਦਾਵਨ ਸਿੰਘ ਜੀ ਨੇ 'ਗ੍ਰੰਥ ਵਿਹਾਰ ਵ੍ਰਿੰਦਾਵਨ' ਪੰਜ ਸੌ ਪੰਨੇ ਤੋਂ ਉਪਰ ਲਿਖਿਆ ਹੈ ਜਿਸ ਨੂੰ ਆਪ ਜੀ ਨੇ 'ਸ਼ਾਂਤਵੇਦ' ਕਿਹਾ ਹੈ। ਇਸ ਦੀ ਬਾਣੀ, ਗੁਰਬਾਣੀ ਵਿਚ ਭਿਜੀ ਹੋਈ ਸਾਤ੍ਵਕ ਗੁਣ ਭਰਪੂਰ ਸੁਰੀਲੀ ਤੇ ਮਧਰ ਹੈ। ਸਚਮੁਚ ਹੀ ਸ਼ਾਂਤੀ ਦੀ ਖਾਣ ਹੈ। ਇਸ ਗ੍ਰੰਥ ਦੇ ਸਤਵੇਂ ਸੰਸਕਰਣ ਦੇ ਪੰਨਾ ੪੫੪ ਤਕ ਸੰਤ ਵਿਹਾਰ ਵ੍ਰਿੰਦਾਵਨ ਸਿੰਘ ਜੀ ਦੀ ਬਾਣੀ ਸਮਾਪਤ ਹੁੰਦੀ ਹੈ। ਅੱਗੇ ਇਤਿਹਾਸਿਕ ਹਾਲਾਤ 'ਵਿਹਾਰ ਵ੍ਰਿੰਦਾਵਨ ਨਾਨਕਸ਼ਾਹੀ ਅਖਾੜੇ' ਦੇ ਸ੍ਰੀ ਮਹੰਤ ਸੰਤ ਅਟਲ ਸਿੰਘ ਜੀ ਦੀ ਲੇਖਨੀ ਅੰਕਿਤ ਹਨ। ਸੰਤ ਅਟਲ ਸਿੰਘ ਜੀ ਨੇ 'ਅਵਧ ਅਖਬਾਰ' (ਮਾਰਚ ੧੯੭੦ ਈ.) ਲਖਨਊ ਦੀ ਖਬਰ ਵਾਲਾ ਵਿਗਿਆਪਨ ਵੀ ਪ੍ਰਕਾਸ਼ਿਤ ਕੀਤਾ ਹੈ ਜਿਸ ਵਿਚ ਅਖਾੜੇ ਦਾ ਪ੍ਰਯਾਗ ਕੁੰਭ ਤੇ ਜਾਣਾ ਅੰਕਿਤ ਹੈ। ਇਹ ਗ੍ਰੰਥ ਕਵਿਤਾ ਵਿਚ ਹੈ। ਕਿਤੇ-ਕਿਤੇ ਵਾਰਤਕ ਵੀ ਲਿਖੀ ਹੈ। ਭਾਸ਼ਾ ਤੇ ਉਰਦੂ ਦਾ ਪ੍ਰਭਾਵ ਹੈ। ਸ਼ੈਲੀ ਅਤੇ ਆਰੰਭ ਇਸ ਤਰ੍ਹਾਂ ਹੈ :

*੧ੴ ਸਤਿਨਾਮੁ ਗੁਰਪ੍ਰਸਾਦਿ ਵਾਹਿਗੁਰੂ । ਅਗੇ ਮੰਗਲ ਹੈ ।*

*'ਕਰੋਂ ਬੰਦਨਾ ਦੰਡਵਤ, ਨਾਨਕ ਸ਼ਾਹ ਮਹਿਬੂਬ ।*
*ਦਸੋਂ ਦਿਸੋਂ ਮੈਂ ਰਮਿ ਰਹੇ, ਵਿਆਪਕ ਜਲ ਥਲ ਦੂਬ ।*
*ਵ੍ਰਿੰਦਾਵਨ ਜਹਿ ਪ੍ਰਗਟੇ, ਸਤਿਗੁਰ ਨਾਨਕ ਸ਼ਾਹ ।*
*ਸਹਜੇ ਉਨਕੀ ਬਨ ਗਈ, ਸ਼ਬਦ ਰਹੇ ਲਿਵਲਾਹ ।'*

*(ਪੰਨਾ ੧)*

ਇਸ ਗ੍ਰੰਥ ਦੇ ਪੰਜ ਭਾਗ ਹਨ। ਹਰ ਭਾਗ ਦਾ ਆਰੰਭ ੧ੴ ਸਤਿਗੁਰ ਪ੍ਰਸਾਦਿ। ਨਾਲ ਹੁੰਦਾ ਹੈ। ਅਗੇ ਦੋਹਰਾ ਹੈ :

*'ਵਾਹਿਗੁਰੂ ਜੋ ਚਿੱਤ ਧਰੈਂ, ਸੋ ਨਰ ਬੜੇ ਕੁਲੀਨ ।*
*ਯਾ ਜਗ ਮੈਂ ਨਿਰਭੈ ਰਹੈਂ, ਪਾਵੈਂ ਮੁਕਤਿ ਪ੍ਰਬੀਨ ।'*

*(ਪੰਨਾ ੭)*

ਪੰਨਾ ੭ ਤੋਂ ੧੩ ਤਕ 'ਵਾਹਿਗੁਰੂਨਾਮਾ' ਆਰੰਭ ਹੁੰਦਾ ਹੈ, ਜਿਸ ਦੇ ੧੯ ਛੰਦ ਹਨ। ਸਮੱਸਿਆ ਪੂਰਤੀ ਇਨ੍ਹਾਂ ਪੰਕਤੀਆਂ ਨਾਲ ਹੁੰਦੀ ਹੈ :

*'ਸਬ ਕਾਮ ਤਿਆਗ ਜਪ ਨਾਮ ਵਿਸ਼੍ਵੰਭਰ, ਵਾਹਿਗੁਰੂ ਕਹੁ ਬ੍ਰਿੰਦਾਵਨ ।*
*ਬਸ ਮੁਕਤਿ ਮਿਲੈ ਸੁਖ ਚੈਨ ਬੜੇ, ਅਰੁ ਪਾਕ ਰਹੈ ਸਾਰਾ ਤਨ ਮਨ ।'*

'ਵਾਹਿਗੁਰੂਨਾਮਾ' ਦਾ ੧੯ਵਾਂ ਅੰਤਮ ਛੰਦ ਇਸ ਤਰ੍ਹਾਂ ਹੈ :

*'ਯਹ ਨਾਸਹ ਕੁਲ ਦੀਵਾਨਾ ਹੈ, ਕਿਆ ਫਾਇਦਾ ਇਨ ਤਦਬੀਰੋਂ ਸੇ ।*
*ਹਮ ਪੰਧ ਉਸੀ ਕੋ ਕਹਤੇ ਹੈਂ, ਜੋ ਪੰਧ ਹੋ ਪੁਰ ਤਾਸੀਰੋਂ ਸੇ ।*
*ਯਹ ਜ਼ਰਫ ਨਹੀਂ ਅਪਨਾ, ਐਸਾ ਜੋ ਬਹਸ ਕਰੈ ਬੇਪੀਰੋਂ ਸੇ ।*
*ਬ੍ਰਿੰਦਾਵਨ ਨਾਨਕ ਗੁਣ ਗਾਵੋ, ਕਿਆ ਹਾਸਿਲ ਇਨ ਤਕਰੀਰੋਂ ਸੇ ।*
*ਸਬ ਕਾਮ ਤਿਆਗ ਜਪ ਨਾਮ ਵਿਸ਼੍ਵੰਭਰ, ਵਾਹਿਗੁਰੂ ਕਹੁ ਬ੍ਰਿੰਦਾਬਨ ।*
*ਬਸ ਮੁਕਤਿ ਮਿਲੈ ਸੁਖ ਚੈਨ ਬੜੇ, ਅਰੁ ਪਾਕ ਰਹੈ ਸਾਰਾ ਤਨ ਮਨ ।'*

ਗਜ਼ਲ-ਜਿਸ ਦੇ ਆਰੰਭਕ ਸ਼ਬਦ ਹਨ :

*'ਗੁਰ ਤੇਗ ਬਹਾਦਰ ਨੇ ਬਨਾਏ ਹੈਂ ਸਬੀ ਕਾਮ।*
*ਕਾਟੈਂ ਜਗਤ ਫੰਦ ਲਗਾਇਆ ਹੈ ਗੁਰੂ ਨਾਮ।'*

## ਵਾਰਤਕ ਦਾ ਨਮੂਨਾ

'ਗੁਰ ਨਾਨਕ ਸ਼ਾਹ ਕੀ ਬਾਣੀ ਕਾ ਬ੍ਰਿਤਾਂਤ ਕਹੋ ਸੋ ਸੁਨੋ- ਗੁਰੂ ਨਾਨਕ ਸ਼ਾਹ ਫਕੀਰ ਹਿੰਦੂ ਕੇ ਗੁਰੂ ਔਰ ਮੁਸਲਮਾਨ ਕੇ ਪੀਰ। ਧਨਯ! ਧਨਯ!! ਧਨਯ!!! ਕਿਆ ਬਾਣੀ ਹੈ ਸਰਬਤ ਕਾ ਘੂੰਟ ਹੈ! ਪੜਤੇ ਹੀ ਸ਼ਾਂਤ ਪ੍ਰਾਪਤ ਹੋਤੀ ਹੈ। ਤੀਨੋਂ ਤਾਪੋਂ ਕਾ ਨਾਸ ਕਰਨੇ ਵਾਲੀ ਹੈ। ਔਰ ਬਾਣੀ ਮੈਂ ਕਿਸੀ ਕੀ ਨਿੰਦਾ ਨਹੀਂ ਕੇਵਲ ਮਾਲਿਕ ਕੀ ਓਰ ਅਨੁਰਾਗ ਸੁਰਤ ਸ਼ਬਦ ਕਾ ਮੂਲ ਔਰ ਗਯਾਨ ਹੈ। ਪਹਿਲੇ ਸੁਖਮਨੀ ਸਾਹਿਬ ਕਾ ਪਾਠ ਕਰੋ ਕਿਆ ਅਨੁਮੋਲ ਪਦਾਰਥ ਹੈ। ਮਹਾਰਾਜ ਸਤਯ ਹੈ! ਐਸੀ ਹੀ ਪ੍ਰਸੰਸਾ ਸਾਰੇ ਸੁਨੀ ਹੈ ਔਰ ਮੈਨੇ ਦੇਖਾ ਹੈ ਕਿ ਔਰ ਪੰਥੋਂ ਕੇ ਸਾਧੂ ਬ੍ਰਾਹਮਣ ਉਪਾਸ਼ਕ ਗਿਆਨੀ ਸਬ ਗੁਰੂ ਕੀ ਬਾਣੀ ਕਾ ਪਾਠ ਕਰਤੇ ਹੈਂ।'

*(ਪੰਨਾ ੨੬੦-੬੧)*

## ਸ੍ਰੀਮਾਨ ਮਹੰਤ ਗਨੇਸ਼ਾ ਸਿੰਘ ਜੀ

ਸ੍ਰੀਮਾਨ ਮਹੰਤ ਗਨੇਸ਼ਾ ਸਿੰਘ ਜੀ ਅਣਥਕ ਲੇਖਕ, ਸੰਪਾਦਕ ਅਤੇ ਟੀਕਾਕਾਰ ਸਨ। ਸਰਵਪੱਖੀ ਗਿਆਨ ਦੇ ਸੁਆਮੀ ਸਨ। ਆਪ ਜੀ ਨੇ ਇਤਿਹਾਸ, ਸਾਹਿਤਯ, ਵੇਦਾਂਤ, ਆਯੁਰਵੈਦਿਕ ਉਪਰ ਵੀ ਅਨੇਕ ਗ੍ਰੰਥਾਂ ਦੀ ਰਚਨਾ ਕੀਤੀ ਅਤੇ ਅਨੇਕ ਟੀਕੇ ਕੀਤੇ ਹਨ। ਆਪ ਆਪਣੀ ਸਾਹਿਤਯ ਰਚਨਾ ਦੇ ਕਾਰਣ ਸਦਾ ਅਮਰ ਰਹਿਣਗੇ। 'ਭਾਰਤ ਮੱਤ ਦਰਪਨ' ਆਪ ਜੀ ਦੀ ਪੰਜਾਬੀ ਸਾਹਿਤਯ ਵਿਚ ਵਿਲੱਕਸ਼ਣ ਪੁਸਤਕ ਹੈ। ਉਸ ਨੂੰ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਆਪ ਜੀ ਦਾ ਗਿਆਨ/ਅਧਿਐਨ ਕਿੰਨਾ ਮਹਾਨ ਅਤੇ ਵਿਸ਼ਾਲ ਸੀ। ਆਪ ਜੀ ਨੇ ਹੇਠ ਲਿਖੇ ਗ੍ਰੰਥਾਂ ਦੀ ਰਚਨਾ ਕੀਤੀ ਹੈ :

੧. ਭਾਰਤਮੱਤ ਦਰਪਨ ੨. ਇਤਿਹਾਸ ਨਿਰਮਲ ਭੇਖ ੩. ਸਾਖੀਪ੍ਰਮਾਨ ੪. ਨਿਰਮਲ ਪ੍ਰਬੋਧ ੫. ਨਿਰਮਲ ਵੈਦ ੬. ਵੈਦਿਕ ਭੰਡਾਰ ੭. ਦਰਬਾਰ ਗਾਈਡ ੮. ਨਨਕਾਣਾ ਸਾਹਿਬ ਗਾਈਡ ੯. ਇਸਤ੍ਰੀ ਚਕਿਤਸਾ ੧੦. ਖਾਲਸਾ ਵਿਵਾਹ ਪਧਤ ੧੧. ਸੰਧਯਾ ਵਿਧੀ ੧੨. ਜੇਬੀਵੈਦ ੧੩. ਅਧਿਆਤਮਿ ਪ੍ਰਕਾਸ਼ ਸਟੀਕ ੧੪. ਸਟੀਕ ਪੰਜ ਗ੍ਰੰਥੀ ੧੫. ਸਲੋਕ ਸਹਸਕ੍ਰਿਤੀ ਸਮੇਤ ਗਾਥਾ ਸਟੀਕ ੧੬. ਸੁਖਮਨੀ ਸਾਹਿਬ ਟੀਕਾ ੧੭. ਜਪੁ ਜੀ ਸਟੀਕ ੧੮. ਮੇਘਬਿਨੋਦ ਪ੍ਰਕਾਸ਼ ਸਟੀਕ ੧੯. ਗੰਗਯਤੀ ਨਿਦਾਨ ਸਟੀਕ ੨੦. ਰਹਿਰਾਸ ਸਟੀਕ ੨੧. ਵਿਆਧੀਵਿਨਾਸਕ ਟੀਕਾ ੨੨. ਬਾਲ ਚਕਿਤਸਾ ੨੩. ਸੂਰ ਦਰਪਨ।

ਆਪ ਜੀ ਸਪਤਾਹਿਕ 'ਨਿਰਮਲ ਪੱਤਰ' ਅੰਮ੍ਰਿਤਸਰ ਦੇ ਸੰਪਾਦਕ ਵੀ ਰਹੇ। ਇਸ ਪੱਤਰ ਦੁਆਰਾ ਸਾਧੂ ਸਮਾਜ, ਸਿਖ ਪੰਥ ਅਤੇ ਦੇਸ਼ ਦੀ ਯੋਗ ਅਗਵਾਈ ਕਰਦੇ ਰਹੇ। ਇਸ ਪੱਤਰ ਵਿਚ ਖਬਰਾਂ ਦੀ ਤਰਤੀਬ ਅਤੇ ਲੇਖ ਪ੍ਰਸ਼ੰਸਾ ਯੋਗ ਹੁੰਦੇ ਸਨ। ਇਸ ਤਰ੍ਹਾਂ ਆਪ ਜੀ ਦੀ ਕਲਮ ਹਰ ਪੱਖ ਅਤੇ ਹਰ ਵਿਸ਼ੇ ਤੇ ਚਲਦੀ ਰਹੀ ਹੈ। ਆਪ ਕਲਮ ਦੇ ਧਨੀ ਸਨ।

## ਸੰਤ ਸੰਪੂਰਨ ਸਿੰਘ ਜੀ

ਸੰਤ ਸੰਪੂਰਨ ਸਿੰਘ ਜੀ, ਪ੍ਰਸਿੱਧ ਵੈਦ ਭਾਈ ਮੋਹਨ ਸਿੰਘ ਜੀ ਤਰਨ-ਤਾਰਨੀ ਦੇ ਭਰਾ ਸਨ। ਆਪ ਜੀ ਗੁਰਬਾਣੀ, ਗੁਰਇਤਿਹਾਸ ਦੇ ਮਹਾਨ ਵਿਦਵਾਨ ਸਨ। ਆਪ ਜੀ ਦੇ ਹੇਠ ਲਿਖੇ ਗ੍ਰੰਥ ਹਨ :

ਗੁਰਮਤ ਸਿਧਾਂਤ ਬਯੋਗ (੧੯੧੩ ਈ:), ਗੁਰਮਤ ਸਿਧਾਂਤ ਯੋਗ (੧੯੧੩ ਈ:), ਕਿਸਮਤ ਦਾ ਧਨੀ (੧੯੧੭ ਈ:), ਉਨਤੀ ਦਾ ਮਾਰਗ (੧੯੧੯ ਈ:), ਸਿੱਖ ਕਿਸ ਨੂੰ ਆਖਦੇ ਹਨ (੧੯੧੯ ਈ:), ਸਫਲ ਜੀਵਨ ਭਾਈ ਜੈਮਲ ਸਿੰਘ ਜੀ ਵੈਦ (੧੯੧੯ ਈ:), ਅਕਾਲੀ ਯੋਧਾ (੧੯੨੨ ਈ:), ਗਿਆਨ ਮਾਰਗ (੧੯੨੨ ਈ:), ਸੁਧਰਮ ਮਾਰਗ ਗ੍ਰੰਥ (੧੯੨੩ ਈ:), ਲੈਕਚਰ ਵਖਿਆਨ ਸਾਗਰ (੧੯੨੩ ਈ:), ਸਿੱਖੀ ਜੀਵਨ (੧੯੨੬ ਈ:), ਸਿਧਾਂਤਬੋਧਨੀ ਟੀਕਾ (੧੯੨੭ ਈ:) (ਕਬਿੱਤ ਸਵੈਯੇ ਭਾਈ ਗੁਰਦਾਸ ਜੀ), ਜੀਵਨ ਭਾਈ ਗੁਰਦਾਸ (੧੯੩੦ ਈ:), ਗੁਰੂਪਦ ਪ੍ਰਬੰਧ (੧੯੩੨ ਈ:), ਰਹਿਤਨਾਮੇ (੧੯੪੬ ਈ:), ਟੀਕਾ ਭਗਤਬਾਣੀ ਮਰਮਬੋਧਨੀ ਟੀਕੇ ਸਮੇਤ (੧੯੫੫ ਈ:), ਮੌਜ ਸਦਾ ਨੰਦੀ, ਮੌਤ ਰਹਸਯ, ਸ੍ਰੀ ਆਨੰਦਭਾਸਕਰ, ਆਦਰਸ਼ ਦੇਵੀ, ਜੀਵਨ ਗਾਥਾ (ਸ੍ਵੈ ਜੀਵਨੀ) (੧੯੫੪ ਈ:)।

ਪ੍ਰਾਣ ਸੰਗਲੀ ਆਪ ਜੀ ਨੇ ਤਿੰਨ ਭਾਗਾਂ ਵਿਚ ਦੇਵਨਾਗਰੀ ਲਿਪੀ ਵਿਚ ਸੰਪਾਦਤ ਕੀਤੀ ਹੈ ਜੋ ਭਾਈ ਮੋਹਨ ਸਿੰਘ ਜੀ ਵੈਦ ਤਰਨ-ਤਾਰਨੀ ਨੇ 'ਮਹਾਂਬੀਰ ਪ੍ਰਿੰਟਿੰਗ ਪ੍ਰੈਸ, ਲਾਹੌਰ' ਤੋਂ ਸੰਨ ੧੯੦੧ ਈ: ਵਿਚ ਪ੍ਰਕਾਸ਼ਤ ਕੀਤੀ ਸੀ। ਆਪ ਜੀ ਦੀ ਸ਼ੈਲੀ ਦਾ ਨਮੂਨਾ ਸ੍ਵੈ ਜੀਵਨੀ ਵਿਚੋਂ :

"ਮੈਂ ਮੁੜ ਹਰਿ ਕੀ ਪੌੜੀ ਆਣ ਕੇ ਇਸ਼ਨਾਨ ਕੀਤਾ ਤੇ ਗ੍ਰਸਥੀ ਲਿਬਾਸ ਦੀ ਥਾਂਵੇ ਸਤਿਗੁਰੂ ਜੀ ਦਾ ਧਯਾਨਧਾਰੀ ਸੰਤ ਬਾਣਾ ਧਾਰਨ ਕਰ ਲਿਆ।[1] ਨਿਰਮਲ ਪੰਥ ਦੀ ਸ਼ਾਨ ਨੂੰ ਸਾਣ ਤੇ ਚੜ੍ਹਾਣ ਦਾ ਬੋਝਾ ਕੇਵਲ ਇਹਨਾਂ ਹੀ ਮੋਢਿਆਂ ਪਰ ਰਿਹਾ। ਇਕ ਪਾਸੇ ਲੋਕਲ ਗੁਰਦਵਾਰਾ ਕਮੇਟੀ ਦੀ ਮੈਂਬਰੀ ਦੂਜੇ ਪਾਸੇ ਨਿਰਮਲ ਮਹਾਂ ਮੰਡਲ ਦੀ ਸੇਵਾ ਇਕ ਮਾਤਰ ਸਤਿਗੁਰੂ ਅਰਜਨ ਦੇਵ ਜੀ ਦੀ ਸਹੈਤਾ ਨਾਲ ਹੀ ਸੁਹਣੀ ਭੁਗਤਦੀ ਰਹੀ।[2]"

'ਗੁਰਮਤ ਸਿਧਾਂਤ ਬਯੋਗ' ਗੁਰਮਤਿ ਦੀ ਵਿਆਖਿਆ ਵਿਸ਼ੈ ਵਸਤੂ ਦੇ ਪੱਖ ਤੋਂ ਮਹੱਤਵ ਪੂਰਨ ਹੈ। ਇਸ ਗ੍ਰੰਥ ਦੀ ਵਾਰਤਕ ਦੀ ਵੰਨਗੀ ਦਾ ਨਮੂਨਾ ਇਹ ਹੈ :

'ਵਿਦਾਂਤ ਮਤਾ ਨੂੰ ਸਨਾਤਨੀ ਲੋਕ ਤਾਂ ਵੇਦ ਦਾ ਅੰਤਲਾ ਕਾਂਡ ਮੰਨਦੇ ਹਨ, ਤੇ ਸਿਖਾਂ ਦਾ ਸਿਧਾਂਤ ਵਿਦਾਂਤ ਬਾਬਤ ਇਹ ਦਸਦਾ ਹੈ ਕਿ ਵੇਦਾਂ ਦਾ ਵੀ ਅੰਤ ਹੋ ਜਾਂਦਾ ਹੈ ਜਿਸ ਸਿਧਾਂਤ ਅਗੇ ਓਹ ਸਿੱਖਾਂ ਦਾ ਅੰਤਲਾ ਸਿਧਾਂਤ ਹੈ। ਕਿਉਂਕਿ ਵੇਦ ਨੇਤ ਨੇਤ ਆਖ ਕੇ ਚੁਪ ਹੋ ਜਾਂਦੇ ਹਨ ਤੇ ਗੁਰੂ ਆਖਦੇ ਹਨ, 'ਸੰਤ ਕੀ ਮਹਿਮਾ ਬੇਦ ਨ ਜਾਨਹਿ।' ਸੰਤਾਂ ਦਾ ਅਨੁਭਉ ਬੇਦਾਂ ਤੋਂ ਉਪਰ ਹੈ ਅਰ ਜੋ ਕਿ ਗੁਰੂ ਮਹਾਰਾਜ ਪਰਮ ਸੰਤ ਸਨ ਉਨ੍ਹਾਂ ਦਾ ਅਨੁਭਉ ਸਿਧਾਂਤ ਫੇਰ ਭਲਾ ਬੇਦਾਂ ਦੀ ਗਮ ਤੋਂ ਕਯੋਂ ਨਾ ਬਾਹਰਾ ਹੋਊ।[3]'

## ਸ਼ਧਰਮ ਮਾਰਗ ਗ੍ਰੰਥ

ਇਸ ਗ੍ਰੰਥ ਵਿਚ ਗੁਰਮਤਿ, ਗੁਰਬਾਣੀ, ਗੁਰਸਿਖੀ ਰਹਿਤ ਮਰਿਯਾਦਾ ਬਾਰੇ ਵਿਸਤਾਰ ਪੂਰਬਕ ਵਿਆਖਿਆ ਕੀਤੀ ਗਈ ਹੈ। ਵਾਸਤਵ ਵਿਚ ਇਹ ਇਕ ਰਹਿਤਨਾਮਾ ਹੈ। ਪ੍ਰਸਿਧ ਇਤਿਹਾਸ ਖੋਜੀ ਸ੍ਰ. ਰਣਧੀਰ ਸਿੰਘ ਜੀ ਨੇ ਇਸ ਗ੍ਰੰਥ ਦਾ ਲੇਖਕ ਸੰਤ ਰੂਪ ਸਿੰਘ ਜੀ ਨਿਰਮਲੇ ਨੂੰ ਮੰਨਿਆ ਹੈ। ਇਸ ਵਿਚ ਨਿਰਮਲੇ ਸੰਤਾਂ ਦੇ ਭੋਜਨ ਖਾਣ ਦਾ ਢੰਗ ਵਿਸ਼ੇਸ਼ ਰੂਪ ਵਿਚ ਵਰਣਨ ਕੀਤਾ ਹੈ। ਇਹ ਗ੍ਰੰਥ ੧੮੫੮ ਈ: ਵਿਚ ਲਿਖਿਆ ਗਿਆ ਹੈ। ਇਸ ਗ੍ਰੰਥ ਦੀ ਬੋਲੀ ਪੰਜਾਬੀ ਹੈ ਜਿਸ ਤੇ ਬ੍ਰਜ ਭਾਸ਼ਾ ਦਾ ਪ੍ਰਭਾਵ ਹੈ। ਸ਼ੈਲੀ ਦਾ ਨਮੂਨਾ ਇਹ ਹੈ :

---

*੧. ਜੀਵਨ ਗਾਥਾ, ਪੰਨਾ ੨੫*

*੨. ਜੀਵਨ ਗਾਥਾਂ ਪੰਨਾ ੧੦੮*

*੩. ਗੁਰਮਤ ਸਿਧਾਂਤ ਬਯੋਗ ਪੰਨਾ ੫੦*

"ਸਿੱਖੀ ਪੰਜ ਤਰ੍ਹਾਂ ਦੀ ਹੈ ਇਕ ਧੰਦੇ ਦੀ ਜੋ ਲੋਕ ਨਿਗੁਰਾ ਨ ਕਹੈ ਦੂਸਰੀ ਦੇਖਾ ਦੇਖੀ ਜੋ ਪਦਾਰਥ ਬਹੁਤ ਹੋਣ ਵਾਸਤੇ ਤੀਸਰੀ ਹਿਰਸ਼ੀ ਬਹੁਤੇ ਜੋ ਕਰਨ ਸੋ ਕਰਨਾ...... ਪੰਜਵੀਂ ਸਿਦਕ ਦੀ ਭਾਵ ਦੀ ਗੁਰੂ ਪੂਰਣ ਥੀਂ ਪੂਰਣ ਜਪਣਾ ਆਸ ਬਾਣੀ ਭਜਨ ਕਰਨਾ ਰਿਦੇ ਸੁਧ ਰਖਣਾ।

ਪ੍ਰਸ਼ਾਦ ਵੰਡ ਖਾਵੇ, ਸੁਰਮਾ ਦਿਨ ਨ ਪਾਵੇ; ਨੰਗਾ ਰਾਤੀਂ ਨਾ ਸਵੇਂ ਗੁਰਸਿੱਖਾਂ ਦਾ ਭੋਜਨ ਖਾਵੇ-ਜੂਠਾ ਖਾਣਾ ਨਹੀਂ, ਜਿਉਂ ਸੋਚ ਰਖੋ ਤਿਉਂ ਚੰਗੀ ਹੈ।"

ਇਸ ਗ੍ਰੰਥ ਨੂੰ ਸੰਤ ਸੰਪੂਰਨ ਸਿੰਘ ਜੀ ਤਰਨ-ਤਾਰਨ ਵਾਲਿਆਂ ਨੇ ਸੰਪਾਦਤ ਕਰਕੇ ਪ੍ਰਕਾਸ਼ਤ ਕੀਤਾ ਹੈ।

## ਕਵੀਰਾਜ ਸੰਤ ਹਰਿਭਜਨ ਸਿੰਘ ਜੀ

ਕਵੀਰਾਜ ਸੰਤ ਹਰਿਭਜਨ ਸਿੰਘ ਜੀ ਸੰਸਕ੍ਰਿਤ, ਹਿੰਦੀ, ਬ੍ਰਜ ਭਾਸ਼ਾ ਅਤੇ ਪੰਜਾਬੀ ਦੇ ਮਹਾਨ ਵਿਦਵਾਨ, ਜਪ-ਤਪ, ਸਿਮਰਨ ਵਾਲੇ ਮਹਾਂਪੁਰਖ ਸਨ। ਆਪ ਜੀ ਨੇ ਵਿਦਵਤਾ/ਖੋਜ ਭਰੇ ਹੇਠ ਲਿਖੇ ਗ੍ਰੰਥ ਲਿਖਕੇ ਪ੍ਰਕਾਸ਼ਤ ਕਰਵਾਏ ਹਨ :

੧. ਅਸ਼ਟਾਂਗ ਯੋਗ ੨. ਤਤ੍ਵ ਪ੍ਰਬੋਧ ੩. ਅਦ੍ਵੈਤਾਮ੍ਰਿਤ ਗ੍ਰੰਥ ਭਾਖਾ (ਅਪ੍ਰਕਾਸ਼ਤ) ੪. ਸ੍ਰੀ ਗੁਰੁਪ੍ਰਤਾਪ ਸੂਰਜ ਦੇ ਸਮਸਤ ਮੰਗਲ ਸਟੀਕ ੫. ਜਪੁਜੀ ਜੀ ਕੀ ਸਰਲ ਬੋਧ ਟੀਕਾ ੬. ਸ੍ਰੀ ਗੁਰੂ ਚਰਿਤ੍ਰਚੰਦ੍ਰਕਾ (ਅਪ੍ਰਕਾਸ਼ਤ)।

ਜਪੁਜੀ ਸਟੀਕ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ/ਉਪਕਾਰਾਂ ਨੂੰ ਸੁੰਦਰ ਸ਼ੈਲੀ ਵਿਚ ਅੰਕਿਤ ਕੀਤਾ ਹੈ। ਇਹ ਟੀਕਾ ਹਿੰਦੀ ਵਿਚ ਲਿਖਿਆ ਹੈ। ਭਾਸ਼ਾ ਸਾਹਿਤਕ ਸ਼ੁੱਧ ਹਿੰਦੀ ਵਰਤੀ ਹੈ। ਕੇਵਲ ੯੪ ਪੰਨੇ ਦਾ ਟੀਕਾ ਹੈ। ਲੇਖਕ ਨੇ ਗਾਗਰ ਵਿਚ ਸਾਗਰ ਭਰ ਦਿਤਾ ਹੈ।

'ਸ੍ਰੀ ਗੁਰੁਪ੍ਰਤਾਪ ਸੂਰਜ' ਦੀਆਂ ੧੨ ਰਾਸਾਂ, ਛੇ ਰੁਤਾਂ, ਦੋ ਆਇਨਾਂ ਵਿਚ ਸਮੂੰਹ ਮੰਗਲਾਂ ਦਾ ਟੀਕਾ ਕਰਕੇ ਗੁਰੂਘਰ ਦੇ ਵਿਦਵਾਨਾਂ, ਜਨ ਸਾਧਾਰਨ ਪ੍ਰੇਮੀਆਂ ਤੇ ਅਕਥਨੀਯ ਉਪਕਾਰ ਕੀਤਾ ਹੈ। ਇਹ ਗ੍ਰੰਥ 'ਗੁਰਮਤ ਪ੍ਰੈਸ ਅੰਮ੍ਰਿਤਸਰ' ਵਿਚ ਜੁਲਾਈ ੧੯੨੭ ਈ: ਨੂੰ ਪ੍ਰਕਾਸ਼ਤ ਹੋਇਆ ਹੈ। ਆਪ ਅਦੁੱਤੀ ਕਵੀ ਸਨ।

## ਗਿਆਨੀ ਮੁਖਤਿਆਰ ਸਿੰਘ ਜੀ 'ਸਾਰੰਗ'

ਗਿਆਨੀ ਮੁਖਤਿਆਰ ਸਿੰਘ ਜੀ 'ਸਾਰੰਗ' ਗੁਰਮਤਿ, ਗੁਰਬਾਣੀ ਦੇ ਮਹਾਨ ਵਿਦਵਾਨ ਹਨ। ਸਿੱਖ ਇਤਿਹਾਸ ਅਤੇ ਦਰਸ਼ਨ ਦੇ ਮਹਾਨ ਖੋਜੀ ਹਨ। ਆਪ ਜੀ ਨੇ ਹੇਠ ਲਿਖੇ ਖੋਜ ਪੂਰਤ ਗ੍ਰੰਥ ਅੰਕਿਤ ਕੀਤੇ ਹਨ :

੧. ਗੁਰਦੁਆਰਾ ਸ੍ਰੀ ਭੱਠਾਸਾਹਿਬ (ਬਹੁਪੱਖੀ ਇਤਿਹਾਸਕ ਖੋਜ) ੨. ਕਰਮਸਿਧਾਂਤ ਗੁਰਮਤਿ ਤੱਤ ੩. ਮੂਲਮੰਤ੍ਰ ਤੱਤ ਨਿਰਣੈ ੪. ਬਾਰਾਮਾਹ ਰਾਗ ਤੁਖਾਰੀ ਮਹਲਾ ੧ ਅਰਥ ਵਿਆਖਿਆ ਸਹਿਤ ੫. ਸਦ ਦੀ ਆਲੋਚਨਾਤਮਿਕ ਵਿਆਖਿਆ ਅਤੇ ਅਧਿਐਨ (ਅਪ੍ਰਕਾਸ਼ਤ) ੬. ਖੋਜ ਗੁਰਪ੍ਰਨਾਲੀ ਗੁਰੂ ਸਾਹਿਬਾਨ ਤੇ ਪਿਛੋਕੜ ੭. ਕੁਝ ਧਰਮਾਂ ਦੀਆਂ ਅੰਤਿਮ ਰਸਮਾਂ।

## ਸੰਤ ਗੁਰਦਿੱਤ ਸਿੰਘ ਜੀ ਆਲੋਮੁਹਾਲ ਵਾਲੇ

ਆਪ ਵੀਹਵੀਂ ਸਦੀ ਦੇ ਪ੍ਰਸਿਧ ਪੱਤਰਕਾਰ ਅਤੇ ਲੇਖਕ ਹੋਏ ਹਨ। ਆਪ ਜਿੱਥੇ ਉਘੇ ਵੈਦ ਅਤੇ ਕਈ ਗ੍ਰੰਥਾਂ ਦੇ ਲੇਖਕ ਹਨ ਉਥੇ ਨਿਰਮਲ ਭੇਖ ਵਿਚ ਅਖਬਾਰ ਚਲਾਉਣ ਵਾਲੇ ਪਹਿਲੇ ਪਤਰਕਾਰ ਸਨ। ਆਪ ਜੀ ਨੇ ੧੯੧੪ ਵਿਚ 'ਨਿਰਮਲ ਪੱਤ੍ਰ' ਅਖਬਾਰ ਅੰਮ੍ਰਿਤਸਰ ਤੋਂ ਕਢਿਆ ਸੀ। ਕੁਰਾਨ ਦਾ ਪੰਜਾਬੀ ਵਿਚ ਅਨੁਵਾਦ

ਕੀਤਾ ਅਤੇ ਹੇਠ ਲਿਖੇ ਗ੍ਰੰਥ ਪ੍ਰਕਾਸ਼ਤ ਕੀਤੇ :

੧. ਚਕਿਤਸਾ ਕੋਸ਼ ਚਾਰ ਭਾਗ (ਅਮਰ ਪ੍ਰੈਸ, ਅੰਮ੍ਰਿਤਸਰ ਵਿਚ ੧੮੮੮ ਈਃ ਵਿਚ ਛਪਿਆ ਹੈ)

੨. ਲੌਲੰਮ ਭਾਵਚੰਦ੍ਰੋਦਯ ਟੀਕਾ (ਚਸ਼ਮੇ ਨੂਰ ਪ੍ਰੈਸ, ਅੰਮ੍ਰਿਤਸਰ ਵਿਚ ੧੮੮੮ ਈਃ ਵਿਚ ਛਪਿਆ ਹੈ)

੩. ਕੁਰਾਨ ਦਾ ਪੰਜਾਬੀ ਅਨੁਵਾਦ (ਗੁਰਮਤਿ ਪ੍ਰੈਸ, ਅੰਮ੍ਰਿਤਸਰ ਵਿਚ ੧੯੧੧ ਈਃ ਵਿਚ ਛਪਿਆ ਹੈ)

## ਪੰਡਿਤ ਆਤਮਾ ਸਿੰਘ ਜੀ ਸ਼ਾਹਪੁਰ

ਪੰਡਿਤ ਆਤਮਾ ਸਿੰਘ ਜੀ ਡੇਰਾ ਸ਼ਾਹਪੁਰ ਵਾਲਿਆਂ ਨੇ ਹੇਠ ਲਿਖੇ ਤਿੰਨ ਗ੍ਰੰਥ ਲਿਖੇ ਹਨ :

੧. ਅਭੇਦ ਮੰਡਨ, ੨. ਸਵਾਮੀ ਦਯਾਨੰਦ ਦਾ ਮੱਤ ਔਰ ਅਦ੍ਵੈਤਸਿਧੀ, ੩. ਹਰਿਭਜਨਵਾਲੀ

**ਸੰਤ ਤਾਰਾ ਸਿੰਘ ਜੀ ਲਾਹੌਰ** ਵਾਲਿਆਂ ਨੇ 'ਨਿਰਮਲ ਪ੍ਰਭਾਕਰ' ਅਤੇ 'ਮਲੇਛਮੱਤ ਖੰਡਨ' ਦੋ ਗ੍ਰੰਥ ਲਿਖੇ ਹਨ।

**ਸੰਤ ਨਿਹਾਲ ਸਿੰਘ ਜੀ** ਨੇ 'ਸ੍ਰੀ ਜਗਤ ਗੁਰੂਪੰਥ ਪ੍ਰਬੋਧ ਨਾਟਕ' ਲਿਖਿਆ ਜੋ ਹਾਲੀ ਤਕ ਅਪ੍ਰਕਾਸ਼ਤ ਹੈ।

**ਸੰਤ ਭਗਵਾਨ ਸਿੰਘ ਗਿਆਨੀ ਜੀ** ਨੇ ਆਸਾ ਦੀ ਵਾਰ ਦਾ ਟੀਕਾ ਲਿਖਕੇ ਪ੍ਰਕਾਸ਼ਤ ਕੀਤਾ ਹੈ।

**ਮਹੰਤ ਰਣ ਸਿੰਘ ਜੀ** ਡੇਰਾ ਬਾਬਾ ਖੜਗ ਸਿੰਘ ਚੌਂਕ ਬਾਬਾਸਾਹਿਬ ਅੰਮ੍ਰਿਤਸਰ ਵਾਲਿਆਂ ਨੇ 'ਹੀਰਿਆਂ ਦੇ ਹਾਰ', 'ਨਿਰਮਲ ਪੰਥ', 'ਨਿਰਣੈ ਵਿਚਾਰ' ਅਤੇ 'ਸ੍ਵੈ ਜੀਵਨੀ' ਚਾਰ ਪੁਸਤਕ ਅੰਕਿਤ ਕੀਤੇ ਹਨ। ਹੀਰਿਆਂ ਦੇ ਹਾਰ ਵਿਚ ਨੌਰੰਗਾਬਾਦੀ ਸੰਪ੍ਰਦਾਏ ਦਾ ਵਿਸਤਾਰ ਪੂਰਬਕ ਵਰਣਨ ਹੈ।

**ਪੰਡਿਤ ਨਿਹਾਲ ਸਿੰਘ ਜੀ** ਨੇ 'ਗੁਰਮਤ ਜੀਵਨ' ਗ੍ਰੰਥ ਲਿਖਿਆ ਹੈ।

**ਸੰਤ ਸਰਵਨ ਸਿੰਘ ਜੀ 'ਗੰਧਰਾਧ'** ਡਮੇਲੀ ਵਾਲਿਆਂ ਨੇ 'ਸੁਰ ਸਿਮਰਨ ਸੰਗੀਤ' ਗ੍ਰੰਥ ੭ ਭਾਗਾਂ ਵਿਚ ਅੰਕਿਤ ਹੈ ਇਸ ਗ੍ਰੰਥ ਨੂੰ ਸੰਤ ਪ੍ਰੀਤਮ ਸਿੰਘ ਜੀ ਡਮੇਲੀ ਵਾਲਿਆਂ ਨੇ ਪ੍ਰਕਾਸ਼ਤ ਕੀਤਾ ਹੈ।

**ਸੰਤ ਉਤਮ ਸਿੰਘ ਜੀ ਗਿਆਨੀ ਮਹੰਤ ਗੁਰੂ ਕੋਠਾ** ਵਜ਼ੀਰਾਬਾਦ ਵਾਲਿਆਂ ਨੇ ਗੁਰੂ ਢੰਡੋਰਾ, ਜਪੁਜੀ ਸਟੀਕ, ਨਿਤਨੇਮ ਸਟੀਕ, ਰਹਿਰਾਸ, ਕੀਰਤਨ ਸੋਹਲੇ ਸਮੇਤ ਵੈਰਾਗ ਸ਼ਤਕ ਸਟੀਕ ਲਿਖਿਆ।

**ਸਾਂਈਲੋਕ ਸੰਤ ਸੁਖਾ ਸਿੰਘ ਜੀ-** 'ਸਾਂਈਲੋਕ' ਆਪ ਜੀ ਦਾ ਉਪਨਾਮ ਸੀ। ਆਪ ਜੀ ਨੇ ਹੇਠ ਲਿਖੇ ਗ੍ਰੰਥਾਂ ਦੀ ਰਚਨਾ ਕੀਤੀ ਹੈ :

੧. ਈਸ਼ਵਰ ਪ੍ਰਾਰਥਨਾ। ੨. ਵਿਵੇਕ ਸਾਰ। ੩. ਵੈਰਾਗਚੰਦ੍ਰ।

ਆਪ ਜੀ ਨੇ ਜੋਤਿਸ਼ ਉਪਰ ਵੀ ਗ੍ਰੰਥ ਲਿਖਿਆ ਹੈ ਜੋ ਹਾਲੀ ਤਕ ਅਪ੍ਰਕਾਸ਼ਤ ਹੈ।

**ਸਾਈਂਲੋਕ ਸੰਤ ਰਾਮ ਸਿੰਘ ਜੀ** ਨੇ ਹੇਠ ਲਿਖੇ ਦੋ ਗ੍ਰੰਥ ਲਿਖੇ ਹਨ।

੧. ਸ੍ਰੀ ਵਿਵੇਕ ਪੈਂਤੀਸਅਖਰੀ ੨. ਜਪੁ ਸਾਖੀਸਟੀਕ

**ਪੰਡਿਤ ਤਾਰਾ ਸਿੰਘ ਜੀ** ਗੁਰਮਤਿ, ਸੰਸਕ੍ਰਿਤ ਦੇ ਪੰਡਿਤ ਅਤੇ ਪ੍ਰਸਿਧ ਚਕਿਤਸਕ ਸਨ। ਆਪ ਜੀ ਨੇ ਹੇਠ ਲਿਖੇ ਗ੍ਰੰਥਾਂ ਦੀ ਰਚਨਾ ਕੀਤੀ ਹੈ :

੧. ਸਾਰਵਿਵੇਕ ਗ੍ਰੰਥ, ੨. ਸੁਖਮਨੀਸਾਹਿਬ ਸਟੀਕ, ੩. ਜਪੁਜੀ ਬਾਲਬੋਧਨੀ ਟੀਕਾ, ੪. ਜ਼ਫਰਨਾਮਾ

ਹਕਾਇਤਾਂ ਸਟੀਕ, ੫. ਪਰਿਆਏ ਸ੍ਰੀ ਗੁਰੂ ਗ੍ਰੰਥ ਸਾਹਿਬ, ੬. ਪਰਿਆਏ ਭਗਤ ਬਾਣੀ, ੭. ਸਲੋਕ ਕਬੀਰ-ਫਰੀਦ ਦੇ ਸਟੀਕ।

**ਮਹੰਤ ਹਰੀ ਸਿੰਘ ਜੀ** ਨੇ 'ਨਿਰਮਲ ਭੇਖ ਦਾ ਇਤਿਹਾਸ ਤੇ ਸੰਪ੍ਰਦਾਇਕ ਬੰਸਾਵਲੀ' ਪੁਸਤਕ ੧੯੬੧ ਈ: ਵਿਚ ਪ੍ਰਕਾਸ਼ਤ ਕੀਤੀ ਹੈ।

**ਸੰਤ ਨਾਰਾਇਣ ਸਿੰਘ ਜੀ ਤਰਨ ਤਾਰਨ** ਵਾਲਿਆਂ ਨੇ ਹੇਠ ਲਿਖੇ ਪੁਸਤਕ ਲਿਖੇ ਹਨ :

੧. ਅਸ਼ਟਕ, ਪੰਚਕ, ਸ਼ਤਕ ਸੰਗ੍ਰਹਿ ੨. ਸੰਗ੍ਰਹਿ (ਕੇਵਲ ਪ੍ਰਸ਼ਨ ਜੋਤਿਸ਼, ਵਾਰ ਧੰਨੇ ਭਗਤ ਕੀ) ੩. ਸ੍ਰੀ ਗੁਰੂ ਨਾਨਕ ਪੰਚਕ ੪. ਹਕ ਹਦਾਇਤਨਾਮਾ ਕੁਤਬ ੫. ਗੁਰੂ ਅਸ਼ਟਕ ਸੰਗ੍ਰਹਿ ੬. ਗੋਪ ਗਿਰਾ ਦਸਮੇਸ਼।

ਆਪ ਕਵਿਤਾ ਵੀ ਅਤਿਅੰਤ ਸੁੰਦਰ ਵਿਦਵਤਾ ਭਰੀ ਲਿਖਦੇ ਸਨ।

**ਗਿਆਨੀ ਤੇਜਾ ਸਿੰਘ ਜੀ ਵੈਦਜਸ਼ਾਸਤ੍ਰੀ** ਨੇ ਹੇਠ ਲਿਖੇ ਗ੍ਰੰਥਾਂ ਦੀ ਰਚਨਾ ਕੀਤੀ ਹੈ :

੧. ਚਣਾਕਾ ਰਾਜਨੀਤੀ ੨. ਜੀਵਨ ਧਨੰਤਰੀ ੩. ਦਸਮੇਸ਼ ਉਦੇਸ਼ ੪. ਰੂਪਦੀਪ ਪਿੰਗਲ ਸਟੀਕ ੫. ਇਸਤ੍ਰੀ ਜੀਵਨ।

**ਸੰਤ ਮੰਗਲ ਸਿੰਘ ਜੀ ਪਟਿਆਲਾ** ਵਾਲਿਆਂ ਨੇ ਜੋਤਿਸ਼ ਵਿਦਿਆ ਬਾਰੇ ਅਦਭੁਤ ਵਡ ਅਕਾਰੀ ਗ੍ਰੰਥ 'ਮਹੂਰਤ ਚੰਦ੍ਰਿਕਾ' ਲਿਖਿਆ ਹੈ ਜੋ ੨੪ ਪੁਆਇੰਟ ਦੇ ੭੬੫ ਪੰਨਿਆਂ ਵਿਚ ਹੈ। ਅੰਤ ਦੇ ਚਾਰ ਪੰਨਿਆਂ ਤੇ ਅੰਕ ਨਹੀਂ ਹਨ। ਗ੍ਰੰਥ ਦੇ ਆਰੰਭ ਵਿਚ ਆਪ ਲਿਖਦੇ ਹਨ-

***'ਨਾਮ ਮੁਹੂਰਤ ਚੰਦ੍ਰਿਕਾ, ਸੁਗਮ ਬਾਰਤਿਕ ਗ੍ਰੰਥ***
***ਭਾਖਾ ਮੰਗਲ ਸਿੰਘ ਕ੍ਰਿਤ, ਸਾਧ ਨਿਰਮਲੇ ਪੰਥ।'***

## ਮਹੰਤ ਟਹਿਲ ਸਿੰਘ ਜੀ

ਮਹੰਤ ਟਹਿਲ ਸਿੰਘ ਜੀ ਪਿੰਡ ਸੁਜੋ ਜ਼ਿਲਾ ਜਲੰਧਰ ਗੁਰਬਾਣੀ, ਗੁਰਇਤਿਹਾਸ ਦੇ ਮਹਾਨ ਵਿਦਵਾਨ ਅਤੇ ਸਰਵਪੱਖੀ ਗਿਆਨ ਦੇ ਸੁਆਮੀ ਸਨ। ਆਪ ਜੀ ਨੇ ਗੁਰਬਾਣੀ ਦੇ ਟੀਕੇ ਕਰਕੇ ਜਨ ਸਾਧਾਰਣ ਲਈ ਗੁਰਬਾਣੀ ਸਮਝਣ ਲਈ ਸੁਖੈਨਤਾ ਪੈਦਾ ਕੀਤੀ। ਨਾਲ ਹੀ ਹੋਰ ਵੀ ਕਿੰਨੇ ਹੀ ਵਿਸ਼ਿਆਂ ਤੇ ਰਚਨਾ ਕੀਤੀ ਹੈ। ਸੰਸਾਰ ਵਿਚ ਵਾਪਰੀਆਂ ਅਦਭੁਤ ਘਟਨਾਵਾਂ ਦਾ ਸੰਗ੍ਰਹਿ ਵੀ ਕੀਤਾ ਹੈ ਜਿਨ੍ਹਾਂ ਨੂੰ ਪੜ੍ਹਨ ਨਾਲ ਅਸ਼ਚਰਜਤਾ ਪੈਦਾ ਹੁੰਦਾ ਹੈ। ਗਿਆਨ ਵਿਚ ਵਾਧਾ ਹੁੰਦਾ ਹੈ।

ਆਪ ਜੀ ਦਾ ਲਿਖਿਆ ਪੁਸਤਕ 'ਇਨਸਾਨ ਹੈਵਾਨ ਸੰਬਾਦ' ਪੜ੍ਹਨ ਯੋਗ ਹੈ ਜਿਸ ਵਿਚ ਸੰਸਾਰ ਭਰ ਦੇ ਪਸ਼ੂ ਪੰਛੀਆਂ ਨੇ ਮਨੁਖ ਦੇ ਅਤਿਆਚਾਰੀ ਸੁਭਾਅ ਦੀ ਸ਼ਕਾਇਤ ਕੀਤੀ ਹੈ ਅਤੇ ਦਸਿਆ ਹੈ ਕਿ ਮਨੁਖ ਕਿਵੇਂ ਪਸ਼ੂ-ਪੰਛੀਆਂ ਨੂੰ ਅਕਹਿ ਤੇ ਅਸਹਿ ਤਸੀਹੇ ਦਿੰਦਾ ਹੈ। ਪਸ਼ੂ-ਪੰਛੀ ਆਪਣੇ ਗੁਣ ਅਤੇ ਮਨੁੱਖ ਦੇ ਔਗੁਣ ਦਸਕੇ ਸਿਧ ਕਰ ਦਿੰਦੇ ਹਨ ਕਿ ਮਨੁਖ ਕਿੰਨਾ ਅਤਿਆਚਾਰੀ ਹੈ ? ਆਪ ਜੀ ਦੀ ਕਲਪਨਾ ਅਤੇ ਫੁਰਨਾ ਸ਼ਕਤੀ ਅਗੇ ਸਿਰ ਝੁਕਦਾ ਹੈ। ਆਪ ਜੀ ਨੇ ਹੇਠ ਲਿਖੇ ਗ੍ਰੰਥਾਂ ਦੀ ਰਚਨਾ ਕੀਤੀ ਹੈ :

੧. ਅਸਲੀ ਗੁਰ ਪ੍ਰਕਾਸ਼ ੧੯੩੯ ਈ:, ੨. ਸ੍ਵੈ ਗੁਰਬਾਣੀ ਅਸਲੀ ਗੁਰੂ ਪ੍ਰਕਾਸ਼ ੧੯੩੯ ਈ:, ੩. ਸ੍ਵੈ ਗੁਰਬਾਣੀ ਅੰਮ੍ਰਿਤ ਪ੍ਰਕਾਸ਼ ੧੯੩੧ ਈ:, ੪. ਸ੍ਵੈ ਗੁਰਬਾਣੀ ਸੁਖਮਨੀ ਸਾਹਿਬ, ੫. ਸ੍ਵੈ ਗੁਰਬਾਣੀ ਸੰਪੂਰਨ ਸੁਖਮਨੀ

ਸਾਹਿਬ ੧੯੬੪ ਈਃ, ੬. ਸ੍ਵੈ ਗੁਰਬਾਣੀ ਜੀਵਨ ਪ੍ਰਕਾਸ਼, ੭. ਵਿਦਿਆ ਮਹਿਮਾ ਪ੍ਰਕਾਸ਼, ੮. ਵਿਦਿਆ ਵਯਜੰਤੀ ਮਾਲਾ, ੯. ਸ੍ਵੈ ਗੁਰਬਾਣੀ ਪ੍ਰਕਾਸ਼, ੧੦. ਭਰਮ ਵਿਨਾਸ ਤੇ ਗਿਆਨ ਪ੍ਰਕਾਸ਼, ੧੧. ਗੁਰਦਵਾਰਾ ਤੀਰਥ ਸ੍ਵੈ ਦੇਸ ਯਾਤਰਾ ੧੯੨੫ ਈਃ, ੧੨. ਇਨਸਾਨ ਹੈਵਾਨ ਸੰਬਾਦ ੧੯੪੧ ਈਃ।

## ਮਹੰਤ ਬਿਸ਼ਨ ਸਿੰਘ 'ਕ੍ਰੀਟ' ਗਿਆਨੀ

ਆਪ ਕਲਮ ਦੇ ਧਨੀ, ਮਹਾਨ ਕਵੀ ਸਨ। ਆਪ ਦੀ ਕਵਿਤਾ ਦੀ ਸ਼ਬਦਾਵਲੀ ਸਰਲ ਗੰਗੋਤਰੀ ਦੀ ਧਾਰਾ ਦੀ ਤਰ੍ਹਾਂ ਸੁਭਾਵਿਕ ਹੀ ਵਹਿੰਦੀ ਰਹੀ। ਸ਼ਬਦਾਵਲੀ ਦੀ ਸਰਲਤਾ, ਸੁਖੈਨਤਾ ਇਤਨੀ ਹੈ ਕਿ ਇਕ-ਇਕ ਪੰਕਤੀ ਇਸ ਤਰ੍ਹਾਂ ਉਚਾਰਨ ਹੁੰਦੀ ਜਾਂਦੀ ਜਿਵੇਂ ਪਹਿਲੇ ਕੰਠਸਥ ਹੋਵੇ। ਆਪ ਜੀ ਦੀਆਂ ਵਾਰਤਕ ਅਤੇ ਕਵਿਤਾ ਵਿਚ ਰਚਨਾਵਾਂ ਇਸ ਤਰ੍ਹਾਂ ਹਨ।

(੧) ਦੇਸ ਜਗਾਵਾ, (੨) ਨੂਰੀ ਝਲਕਾਂ ੧੯੩੨, (੩) ਜੀਵਨ ਫੁਹਾਰ ੧੯੪੯, (੪) ਜ਼ਿੰਦਗੀ ਦੇ ਮੋੜ ੧੯੮੦, (੫) ਡੁਲ੍ਹਦਾ ਜੋਬਨ ੧੯੮੨, (੬) ਬਿਖਰੇ ਮੋਤੀ ੧੯੮੦, (੭) ਮਿੱਠਾ ਨਾਨਕ ੧੯੮੨, (੮) ਅੰਮ੍ਰਿਤ ਬਚਨ ਤੇ ਸੰਤ ਦਰਸ਼ਨ, (੯) ਨੂਰੀ ਜੀਵਨ (ਜੀਵਨੀ), (੧੦) ਲੰਘਦੇ ਜਾਂਦੇ ਕਾਫਲੇ।

ਪਾਠਕਾਂ ਦੇ ਮਨੋਰੰਜਨ ਵਾਸਤੇ ਕ੍ਰੀਟ ਜੀ ਦੀਆਂ ਕੁਝ ਕਵਿਤਾਵਾਂ ਅੰਕਿਤ ਕਰਦੇ ਹਾਂ।

ਸਤਿਸੰਗ ਦੀ ਮਹਿਮਾ ਵਰਣਨ ਕਰਦੇ ਹੋਏ ਲਿਖਦੇ ਹਨ :

***"ਸਤਿਸੰਗ ਰੰਗ ਵਿਚ ਰੰਗੇ ਹੋਏ ਜਾਣਦੇ ਨੇ ਧੇ ਕੀ ਹੈ ਧਿਆਤਾ ਕੀ ਹੈ ਔਰ ਹੈ ਧਿਆਨ ਕੀ।***
***ਅਨਹਦ ਝੁਨਕਾਰ ਇਕ ਰਸ ਮਾਨੇ ਜਿਹੜਾ ਰਸ ਵਿਚ ਰਸੇ ਦਿਲ ਦਸੇ ਉਹ ਜ਼ਬਾਨ ਕੀ।***
***ਰਸ ਦੀਆਂ ਰਮਜ਼ਾਂ ਸਮਝ ਤੋਂ ਬਾਹਰ ਹਨ ਰਸ ਬਿਨ ਰਸੀਆਂ ਦਾ ਲਾਵੇ ਅਨਮਾਨ ਕੀ।***
***ਜੋ ਰਸ ਰਸਿਆ ਰਸ ਵਿਚ ਰਸ ਗਿਆ, ਅਨੁਭਵੀ ਰਸ 'ਕ੍ਰੀਟ' ਜਾਣੇ ਅਨਜਾਨ ਕੀ।"***

ਗੁਰੂ ਨਾਨਕ ਦੇਵ ਜੀ ਦੀ ਸਰਵ ਵਿਆਪਕਤਾ ਅੰਕਿਤ ਕਰਦੇ ਹੋਇ ਲਿਖਦੇ ਹਨ :

***"ਨਾਨਕ ਦੇ ਨੂਰ ਤੋਂ ਸਰੂਰ ਲੈ ਭਰਪੂਰ ਹੋਏ ਉਨ੍ਹਾਂ ਲਈ ਔਖਾ ਨਹੀਂ ਨੇੜਾ ਕੋਈ ਦੂਰ ਹੈ।***
***ਨਾਨਕ ਦੀ ਛੋਹ ਨਾਲ ਹੋਏ ਸਰਸ਼ਾਰ ਜਿਹੜੇ ਉਨ੍ਹਾਂ ਵਿਚ ਕਿਬਰ ਹੰਕਾਰ ਨ ਗ਼ਰੂਰ ਹੈ।***
***ਨਾਨਕ ਦੀ ਬਾਣੀ ਸਾਨੀ ਪ੍ਰੇਮ ਨਾਲ ਮਾਨੀ ਜਿਨ੍ਹਾਂ ਅੰਮ੍ਰਿਤ ਰਸਾਨੀ ਜਿੰਦ ਰਿਹਾ ਨ ਫਤੂਰ ਹੈ।***
***ਤਨ ਵਿਚ ਮਨ ਵਿਚ 'ਕ੍ਰੀਟ' ਕਨ ਕਨ ਵਿਚ ਨਾਨਕ ਦੇ ਨੂਰ ਨੂੰ ਸਾਰੇ ਦਸਿਆ ਹਜ਼ੂਰ ਹੈ।"***

ਚਮਕੌਰ ਦੀ ਗੜ੍ਹੀ ਦਾ ਨਜ਼ਾਰਾ ਆਪ ਜੀ ਨੇ ਇਸ ਤਰ੍ਹਾਂ ਵਰਣਨ ਕੀਤਾ ਹੈ, ਜਿਸ ਨਾਲ ਦ੍ਰਿਸ਼ਯ, ਰੇਖਾ ਚਿਤ੍ਰ ਬਣਕੇ ਅੱਖਾਂ ਅਗੇ ਆ ਜਾਂਦੇ ਹਨ।

***"ਚਾਰੇ ਪਾਸੇ ਸ਼ੋਰ ਸੀ। ਬੱਦਲਾਂ ਦੀ ਘਨਘੋਰ ਸੀ।***
***ਦੁਸ਼ਮਨਾਂ ਦਾ ਜ਼ੋਰ ਸੀ। ਚਮਕੌਰ ਦਾ ਰੰਗ ਹੋਰ ਸੀ।***
***ਕੱਚੀ ਜੇਹੀ ਗੜ੍ਹੀ ਸੀ। ਟੁੱਟੀ ਭੱਜੀ ਖੜੀ ਸੀ।***
***ਨਜ਼ਰ ਦਸਮੇਸ਼ ਦੀ ਚੜ੍ਹੀ ਸੀ। ਏਡੀ ਭਿਆਨਕ ਘੜੀ ਸੀ।***
***ਅੰਧਕਾਰ ਸੀ ਗੁਬਾਰ ਸੀ। ਯਾਦ ਇਕ ਦਿਲਦਾਰ ਸੀ।***
***ਸ਼ਹੀਦੀ ਲੋਥ ਤੇ ਲੋਥ ਚੜ੍ਹੀ ਸੀ।***

*ਦਸ ਲਖ ਫੌਜ਼ ਚਾਲੀਆਂ ਨਾਲ ਲੜੀ ਸੀ।*
*ਸਵਾ ਲਾਖ ਸੇ ਏਕ ਲੜਾਊਂ।*
*ਤਬੈ ਗੋਬਿੰਦ ਸਿੰਘ ਨਾਮ ਕਹਾਊਂ।*
*ਹਜ਼ੂਰ ਇਹ ਪੰਗਤੀ ਪੜ੍ਹੀ ਸੀ। ਅਰਸ਼ੀ ਸੁਰਤ ਚੜ੍ਹੀ ਸੀ।"*

ਇਕ ਹੋਰ ਥਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਰਵ ਵਿਆਪਕਤਾ ਨੂੰ ਅੰਕਿਤ ਕਰਦੇ ਹਨ :

*"ਜਲ ਵਿਚ ਥਲ ਵਿਚ ਮਹੀ ਵਿਚ ਅਲ ਵਿਚ, ਘੜੀ ਵਿਚ ਪਲ ਵਿਚ ਤੇਰਾ ਹੀ ਜ਼ਹੂਰ ਹੈ।*
*ਘਰ ਵਿਚ ਬਾਰ ਵਿਚ, ਜੂਹ ਤੇ ਬਜ਼ਾਰ ਵਿਚ, ਚੁਪ ਤੇ ਪ੍ਰਚਾਰ ਵਿਚ ਤੇਰਾ ਹੀ ਸਰੂਰ ਹੈ।*
*ਘੁਪ ਘੋਰ ਅੰਧ ਵਿਚ, ਸੂਰਜ ਤੇ ਚੰਦ ਵਿਚ, ਬਿਜਲੀ ਦੀ ਤੰਦ ਵਿਚ ਤੇਰਾ ਇਕੋ ਨੂਰ ਹੈ।*
*ਰੜਿਆਂ ਮੈਦਾਨਾਂ ਵਿਚ ਚੋਟੀਆਂ ਚਟਾਨਾਂ ਵਿਚ, ਬਾਲ ਬ੍ਰਿਧ ਜਵਾਨਾਂ ਵਿਚ ਸਾਰੇ ਭਰਪੂਰ ਹੈ।*

*ਜਗਤ ਪਸਾਰੇ ਵਿਚ ਪ੍ਰੇਮ ਦੇ ਹੁਲਾਰੇ ਵਿਚ, ਤੇਰੇ ਹੀ ਨਜ਼ਾਰੇ ਵਿਚ ਜਲਿਆ ਕੋਹਿਤੂਰ ਹੈ।*
*ਭਗਤਾਂ ਦੀ ਭਗਤੀ 'ਚ ਸ਼ਿਵ ਯੋਗ ਸ਼ਕਤੀ 'ਚ, ਭੂਸ਼ਨ ਵਿਰਕਤੀ 'ਚ ਤੇਰਾ ਮੋਤੀ ਚੂਰ ਹੈ।*
*ਵੇਈਂ ਵਿਚ ਨ੍ਹਾ ਨ੍ਹਾ ਕੇ ਸੱਚਖੰਡ ਜਾ ਜਾ ਕੇ, ਤਿਰਲੋਕੀ ਲੰਘ ਅਗੇ ਵੇਖਿਆ ਹਜ਼ੂਰ ਹੈ।*
*ਸੱਚ ਦੇ ਵਪਾਰੀਆ ਇਹ ਪਿਆਰ ਪ੍ਰਚਾਰ ਤੇਰਾ, ਨਿਰੰਕਾਰੀ ਨੂਰ ਵਿਚ ਹੋਇਆ ਮਨਜ਼ੂਰ ਹੈ।*

*ਸੱਚਖੰਡੋਂ ਮਾਤ ਲੋਕ ਮਾਤ ਲੋਕੋਂ ਸੱਚਖੰਡ, ਚੰਭਾ ਨਹੀਂ ਤੇਰੇ ਅਗੇ ਨੇੜਾ ਹੈ ਕਿ ਦੂਰ ਹੈ।*
*ਚਾਨਣੀ ਹੈ ਫੈਲੀ ਹੋਈ ਮੱਕੇ ਤੇ ਮਦੀਨੇ ਤੇਰੀ, ਸਾਗਰ ਸੁਮੇਰ ਉਤੇ ਪਾਹਨ ਮਨੂਰ ਹੈ।*
*ਅੱਕ ਦੀਆਂ ਡੋਡੀਆਂ 'ਤੇ ਕੌੜੇ ਰੀਠੇ ਮਿਠੇ ਹੋਏ, ਪੱਥਰ ਪੰਘਾਰ ਦੇਵੇ ਤੇਰਾ ਦਸਤੂਰ ਹੈ।"*

ਗੁਰੂ ਕਲਗੀਧਰ ਸੁਆਮੀ ਬਾਰੇ ਅੰਕਿਤ ਕਰਦੇ ਹਨ।

*"ਵਲੀਆਂ ਦੇ ਵਲ ਛਲ ਪਲ ਵਿਚ ਢਲ ਜਾਂਦੇ, ਚਲ ਜਾਂਦੇ ਤੀਰ ਜਦ ਆਪ ਦੀ ਕਮਾਲ ਦੇ।*
*ਝੜ ਜਾਂਦੇ ਅਕਲ ਦੇ ਉਡਾਰੀ ਵਾਲੇ ਖੰਭ ਸਭ, ਔਂਦੇ ਖਿਆਲ ਜਦ ਆਪ ਦੇ ਖਿਆਲ ਦੇ।*
*ਇਕ ਇਕ ਗੱਲ ਵਿਚ ਲੱਖ ਲੱਖ ਹੱਲ ਹੁੰਦੇ, ਗੱਲ ਗੱਲ ਵਿਚੋਂ ਢੰਗ ਦਿਸਦੇ ਵਿਸ਼ਾਲ ਦੇ।*
*ਪਵਣ ਦੇ ਗਾਵਣ ਦੀ ਚਾਲ ਵੀ ਅਚੱਲ ਹੋਈ, ਕਦਮ ਨ ਪੁਟ ਸਕੇ ਨੀਲੇ ਦੀ ਉਹ ਚਾਲ ਦੇ।*
*ਬਲੀਆਂ ਤੇ ਯੋਧਿਆਂ ਦੇ ਮਾਨ ਤਾਨ ਟੁਟ ਜਾਂਦੇ, ਛੁਟ ਜਾਂਦੇ ਬਾਣ ਜਦ ਗੁਜਰੀ ਦੇ ਲਾਲ ਦੇ।*
*ਬਜਰ ਕਠੋਰ ਦਿਲ ਦਲਾਂ ਦੇ ਨੇ ਦਲ ਦਿਤੇ, ਪਲ ਨਹੀਂ ਖਲ੍ਹ ਸਕੇ ਅਗੇ ਨੌਂ ਨਿਹਾਲ ਦੇ।"*

ਇਕ ਕਵਿਤਾ 'ਹੇਮਕੁੰਟ ਦੀ ਗੋਬਿੰਦ ਗੰਗਾ' ਹੈ, ਜਿਸ ਵਿਚ ਗੰਗਾ ਨਾਉਂ ਦੀਆਂ ਨਦੀਆਂ ਦੀ ਸੁੰਦਰ ਵਿਆਖਿਆ ਕੀਤੀ ਹੈ :

*"ਨੌਂ ਸੌ ਨੜਿਨਵੇਂ ਨਦੀਆਂ ਦੀ ਸੁਣੀ ਕਥਾ ਪੁਰਾਣੀ।*
*ਗੰਗਾ ਜਮਨਾ ਸਰਸਵਤੀ ਦੀ, ਇਕੋ ਜੇਹੀ ਕਹਾਣੀ।*
*ਕੁਝ ਪੜ੍ਹੀ ਕੁਝ ਅੱਖੀਂ ਵੇਖੀ, ਕੁਝ ਸੁਣੀ ਸੰਤਾਂ ਤੋਂ ਬਾਣੀ।*
*ਅੰਮ੍ਰਿਤ ਕਰਕੇ ਰਿਸ਼ੀਆਂ ਪੀਤਾ 'ਕ੍ਰੀਟ' ਗੰਗਾ ਦਾ ਪਾਣੀ।*
*ਅਲਕ ਗੰਗਾ, ਦੁਧ ਗੰਗਾ ਤੇ ਘ੍ਰਿਤ ਗੰਗਾ ਵੀ ਗੰਗਾ।*
*ਗੋਬਿੰਦ ਗੰਗਾ ਹੇਮਕੁੰਟ ਦੀ, ਕਾਕ ਭਸੁੰਡੀ ਗੰਗਾ।*

*ਵਿਸਨੂੰ ਗੰਗਾ ਰੁਧਰ ਗੰਗਾ, ਦੇਵ ਪ੍ਰਾਗ ਦੀ ਗੰਗਾ।*
*ਭਾਗੀਰਥੀ ਗੰਗਾ ਜਾਨਵੀ ਗੰਗਾ, ਗੰਗਾ ਸਾਗਰ ਦੀ ਗੰਗਾ।*
*ਹੇਮਕੁੰਟ ਤੋਂ ਜੋਤੀ ਉਠ ਕੇ, ਪ੍ਰਾਗ ਰਾਜ ਵਿਚ ਆਈ।*
*ਪਟਨੇ ਅੰਦਰ ਜੋਤ ਜਗਾ ਕੇ, ਦੁਨੀਆਂ ਸਭ ਰੁਸ਼ਨਾਈ।*
*ਅਨੰਦਪੁਰੋਂ ਅੰਮ੍ਰਿਤ ਦੇ ਕੇ, ਗੋਦਾਵਰੀ ਜਾ ਵਸਾਈ।*
*ਗੰਗਾ ਦੇ ਇਸ ਬਾਨੀ ਕੋਲੋਂ, ਤੀਰਥਾਂ ਲਈ ਵਡਾਈ।"*

## ਸੰਤ ਵਿਸਾਖਾ ਸਿੰਘ ਕਿਸ਼ਨਪੁਰਾ ਕਲਾਂ

ਸ੍ਰੀਮਾਨ ਸੰਤ ਵਿਸਾਖਾ ਸਿੰਘ ਜੀ ਕਿਸ਼ਨਪੁਰਾ ਕਲਾਂ (ਜ਼ਿਲਾ ਮੋਗਾ) ਵਾਲਿਆਂ ਨੇ ਤਿੰਨ ਜਿਲਦਾਂ ਵਿਚ ਵਡਆਕਾਰੀ 'ਮਾਲਵਾ ਇਤਿਹਾਸ' ੨੦×੨੬/੮ ਸਾਈਜ਼ ਵਿਚ ਇਤਿਹਾਸਕ ਗ੍ਰੰਥ ਲਿਖਕੇ ਪ੍ਰਕਾਸ਼ਤ ਕੀਤਾ ਹੈ। ਏਹ ਕੇਵਲ ਮਾਲਵੇ ਦਾ ਹੀ ਨਹੀਂ ਪੂਰੇ ਪੰਜਾਬ ਦਾ ਇਤਿਹਾਸ ਹੈ। ਇਹ ਸਰਵਪੱਖੀ ਗਿਆਨ ਦਾ ਖਜ਼ਾਨਾ ਹੈ। ਆਰੀਯਾ, ਅਨਾਰੀਯ ਜਾਤੀਆਂ, ਦੇਵਾਸੁਰ ਸੰਗ੍ਰਾਮ ਤੋਂ ਲੈਕੇ ਵੇਦ ਰਚਨਾ ਦਾ ਸਮਾਂ, ਹਿੰਦੂ ਰਾਜ, ਇਸਲਾਮੀ ਰਾਜ, ਸਿੱਖ ਗੁਰੂਆਂ, ਮਿਸਲਾਂ, ਸਿੱਖ ਸੰਪ੍ਰਦਾਵਾਂ, ਗੁਰਦੁਆਰਿਆਂ ਦਾ ਇਤਿਹਾਸ, ਸਿੰਘ ਸਭਾ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਅਕਾਲੀ ਦਲ, ਬਬਰ ਅਕਾਲੀ ਲਹਿਰ, ਗਦਰ ਪਾਰਟੀ, ਕਾਮਾਗਾਟਾ ਮਾਰੂ ਜਹਾਜ਼ ਦੇ ਹਾਲਾਤ, ਦੇਸ਼ ਭਗਤਾਂ, ਸ਼ਹੀਦਾਂ, ਵਿਦਵਾਨਾਂ ਦੇ ਜੀਵਨ ਅੰਕਿਤ ਹਨ। ਇਹ ਗ੍ਰੰਥ ਰਤਨ ਤਿੰਨ ਜਿਲਦਾਂ ਵਿਚ ਅੰਕਿਤ ਹੈ ਜਿਸ ਦੇ ਪੰਨੇ ਹੇਠ ਲਿਖੇ ਅਨੁਸਾਰ ਹਨ :-

| | | | |
|---|---|---|---|
| ਪਹਿਲਾ ਭਾਗ | ਪੰਨੇ | ੫੫੬ | ੧੪ ਸਤੰਬਰ ੧੯੫੪ ਵਿਚ ਪ੍ਰਕਾਸ਼ਤ ਹੋਇਆ। |
| ਦੂਜਾ ਭਾਗ | ਪੰਨੇ | ੬੦੦ | ੧੪ ਸਤੰਬਰ ੧੯੫੪ ਵਿਚ ਪ੍ਰਕਾਸ਼ਤ ਹੋਇਆ। |
| ਤੀਜਾ ਭਾਗ | ਪੰਨੇ | ੭੭੬ | ੨੪ ਫਰਵਰੀ ੧੯੫੯ ਵਿਚ ਪ੍ਰਕਾਸ਼ਤ ਹੋਇਆ। |

ਇਸ ਗ੍ਰੰਥ ਵਿਚ ੧੫੬ ਪੰਨੇ ਦੀ ਭੂਮਿਕਾ ਪੜ੍ਹਨ ਯੋਗ ਹੈ ਜੋ ਧੁਰੰਧਰ ਵਿਦਵਾਨ ਪੰਡਿਤ ਕਰਤਾਰ ਸਿੰਘ ਜੀ ਦਾਖਾ ਨੇ ਲਿਖੀ ਹੈ। ਕੁਲ ੨੨੦੦ ਪੰਨੇ ਦਾ ਮਹਾਨ ਗ੍ਰੰਥ ਹੈ। ਸ੍ਰੀਮਾਨ ਸੰਤ ਵਿਸਾਖਾ ਸਿੰਘ ਜੀ ਨੇ ਇਹ ਗ੍ਰੰਥ ਲਿਖ ਕੇ ਮਹਾਨ ਕੰਮ ਕੀਤਾ ਹੈ। ਅਪੂਰਵ ਗਿਆਨ ਦਾ ਸੋਮਾ ਹੈ, ਪੰਜਾਬ ਦਾ ਸਰਬਪੱਖੀ ਅਦੁੱਤੀ ਕੋਸ਼ ਹੈ।

ਸੰਤ ਵਿਸਾਖਾ ਸਿੰਘ ਜੀ ਨੇ ਮਾਲਵਾ ਇਤਿਹਾਸ ਤੋਂ ਬਿਨਾਂ ਹੇਠ ਲਿਖੇ ਹੋਰ ਵੀ ਗ੍ਰੰਥ ਪ੍ਰਕਾਸ਼ਤ ਕੀਤੇ ਹਨ।

੧. ਸਰੀਰਕ ਰਖਿਆ ੨. ਸੰਤ ਸਿਪਾਹੀ ੩. ਪੰਗਤੀ ਪ੍ਰਮਾਣ ੪. ਸ੍ਰੀ ਦਸਮੇਸ਼ ਜੀ ਦੀਆਂ ਦੁਲਾਰੀਆਂ ੫. ਪੈਂਤੀ ਰੋਗਾਂ ਦਾ ਇਲਾਜ।

**ਸੰਤ ਹਰੀ ਸਿੰਘ ਜੀ ਸਵਤੰਤ੍ਰਾਨੰਦ** ਤਖਤੂਪੁਰਾ ਜ਼ਿਲਾ ਮੋਗਾ (ਸੰਪ੍ਰਦਾਇ ਜਲਾਲ) ਵਾਲਿਆਂ ਨੇ ਧਾਰਮਿਕ ਰਾਜਨੀਤੀ, ਛੰਦ ਸ਼ਾਸਤ੍ (ਪਿੰਗਲ) ਅਤੇ ਜੋਤਿਸ਼ ਉਪਰ ਤਿੰਨ ਗ੍ਰੰਥ ਲਿਖੇ ਹਨ ਜੋ 'ਜਗਤ ਪ੍ਰਿੰਟਿੰਗ ਪ੍ਰੈਸ ਮੋਗਾ' ਤੋਂ ੧੯੬੦ ਈ: ਵਿਚ ਛਪੇ ਹਨ।

**ਸ੍ਰੀਮਾਨ ਸੰਤ ਬਾਬਾ ਜਵੰਦ ਸਿੰਘ ਜੀ** ਖੁਵਾਸਪੁਰ, ਜ਼ਿਲਾ ਅੰਮ੍ਰਿਤਸਰ ਵਾਲਿਆਂ ਨੇ ਹੇਠ ਲਿਖੇ ਚਾਰ ਗ੍ਰੰਥ ਅੰਕਿਤ ਕੀਤੇ, ਜੋ ਅਪ੍ਰਕਾਸ਼ਤ ਹਨ।

੧. ਬ੍ਰਹਮ ਨਿਸਟਾਵਲੀ ੨. ਨਾਮਾਵਲੀ ੩. ਪ੍ਰਯਾਯ ਵੈਰਾਗਸ਼ਤਕ ੪. ਨਾਮ ਮੰਜਰੀ

**ਸੰਤ ਟਹਿਲ ਸਿੰਘ ਜੀ** ਵਿਦਵਾਨ ਕਵੀ/ਲੇਖਕ ਸਨ। ਆਪ ਪੰਡਿਤ ਸ਼ੇਰ ਸਿੰਘ ਜੀ ਨੌਰੰਗਾਬਾਦ ਵਾਲਿਆਂ (ਕਰਤਾ 'ਸ੍ਰੀ ਬੀਰਮ੍ਰਿਗੇਸ ਗੁਰਬਿਲਾਸ ਦੇਵਤਰੂ') ਦੇ ਸ਼ਿਸ਼ ਸਨ। ਆਪ ਜੀ ਨੇ ਤਿੰਨ ਗ੍ਰੰਥ ਲਿਖੇ ਹਨ :

੧. ਅਲੰਕਾਰ ਸਾਗਰਸੁਧਾ ੨. ਬਾਰਾਮਾਹ ੩. ਕਬਿੱਤ ਸਵਯੈ (੧੮੩੧ ਈ:)।

**ਸੰਤ ਗਿਆਨੀ ਅਤਰ ਸਿੰਘ** ਜੀ ਵਿਰਕਤ ਨੇ ਸਾਰਕਤਾਵਲੀ ਦਾ ਟੀਕਾ ਲਿਖਿਆ ਹੈ।

## ਮਹੰਤ ਦਿਆਲ ਸਿੰਘ ਜੀ

ਸ੍ਰੀਮਾਨ ਮਹੰਤ ਦਿਆਲ ਸਿੰਘ ਜੀ ਲਾਹੌਰ ਵਾਲਿਆਂ ਨੇ ਪੂਰੇ ਨਿਰਮਲ ਭੇਖ ਦਾ ਇਤਿਹਾਸ 'ਨਿਰਮਲ ਪੰਥ ਦਰਸ਼ਨ' ਲਿਖਕੇ ਭੇਖ ਤੇ ਮਹਾਨ ਉਪਕਾਰ ਕੀਤਾ ਹੈ। ਇਸ ਗ੍ਰੰਥ ਦੇ ਚਾਰ ਭਾਗ ਹਨ। ਪਹਿਲਾ ਭਾਗ ੫੧੧ ਪੰਨਿਆ ਦਾ ਸੰਮਤ ੨੦੦੯ ਵਿਚ ਪ੍ਰਕਾਸ਼ਿਤ ਹੋਇਆ। ਦੂਜਾ ਭਾਗ ੫੧੨ ਪੰਨੇ ਦਾ 'ਗੁਰੂ ਰਾਮਦਾਸ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ' ਤੋਂ ਸੰਮਤ ੨੦੨੦ ਬਿ: ਵਿਚ ਛਪਿਆ ਹੈ। ਤੀਜਾ ਭਾਗ ੫੫੫ ਪੰਨੇ ਦਾ ਹੈ। ਚੌਥਾ ਭਾਗ ੫੮੮ ਪੰਨੇ ਦਾ 'ਰੀਪਬਲਿਕ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ' ਵਿਚੋਂ ਸੰਨ ੧੯੬੫ ਵਿਚ ਪ੍ਰਕਾਸ਼ਤ ਕੀਤਾ। ਨਿਰਮਲ ਭੇਖ ਉਪਰ ਇਕ ਹੋਰ ਖੋਜ ਪੂਰਤ ਗ੍ਰੰਥ 'ਬਾਬੇ ਨਾਨਕ ਦਾ ਨਿਰਮਲ ਪੰਥ' 'ਕਿਰਪਾਰਾਮ ਪ੍ਰੈਸ, ਲਾਹੌਰ' ਤੋਂ ੧੯੩੫ ਵਿਚ ਛਪਿਆ ਹੈ। 'ਗਿਆਨ ਭੂਮਿਕਾ' (ਜਿਸ ਵਿਚ ਪ੍ਰਭੂ ਪ੍ਰਾਪਤੀ ਦੇ ਸਤ ਪੜਾਉ ਵਰਣਨ ਕੀਤੇ ਹਨ) ਸੰਨ ੧੯੪੯ ਵਿਚ ਛਾਪੀ ਗਈ। 'ਰਿਸ਼ੀਕੇਸ਼ ਭੂਸ਼ਨ' ਪ੍ਰਸਿਧ ਵਿਰਕਤ ਸ੍ਰੀਮਾਨ ਸੁਾਮੀ ਹੀਰਾ ਲਾਲ ਜੀ ਦਾ ਜੀਵਨ ਪੰਜਾਬੀ ਬੈਂਤਾਂ ਵਿਚ ੧੯੨੪ ਈ: ਵਿਚ ਪ੍ਰਕਾਸ਼ਤ ਕੀਤਾ ਸੀ। ਮਹੰਤ ਦਿਆਲ ਸਿੰਘ ਜੀ ਦੀ ਨਿਰਮਲ ਭੇਖ ਸਬੰਧੀ ਸਾਹਿਤਕ ਸੇਵਾ ਵਰਣਨ ਯੋਗ ਹੈ।

ਮਹੰਤ ਦਿਆਲ ਸਿੰਘ ਜੀ ਦੇ ਸ਼ਿਸ਼ **ਸੰਤ ਰਾਜਿੰਦਰ ਸਿੰਘ ਜੀ ਸ਼ਾਸਤ੍ਰੀ** ਸਹਾਇਕ ਨਿਰਦੇਸ਼ਕ ਭਾਸ਼ਾ ਵਿਭਾਗ ਨੇ **ਜੌਨ ਡੌਸ਼ਨ** ਦੀ ਅੰਗ੍ਰੇਜ਼ੀ ਪੁਸਤਕ **'ਹਿੰਦੂ ਕਲਾਸੀਕਲ ਡਿਕਸ਼ਨਰੀ'** ਦਾ 'ਹਿੰਦੂ ਮਿਥਿਹਾਸ ਕੋਸ਼' ਨਾਮ ਹੇਠ ਅਨੁਵਾਦ ਕੀਤਾ ਜੋ ਭਾਸ਼ਾ ਵਿਭਾਗ ਪਟਿਆਲਾ ਨੇ ੧੯੬੩ ਈ: ਵਿਚ ਪ੍ਰਕਾਸ਼ਤ ਕੀਤਾ ਹੈ।

**ਸ੍ਰੀ ਮਾਨ ਮਹੰਤ ਮਨਜੀਤ ਸਿੰਘ ਜੀ** ਡੇਰਾ ਬਾਬਾ ਮਿਸ਼ਰਾ ਸਿੰਘ ਅੰਮ੍ਰਿਤਸਰ ਵਾਲਿਆਂ ਨੇ ੧੯੮੫ ਈ: ਵਿਚ 'ਸੁਧਾਸਰ ਦੇ ਹੰਸ' (ਡੇਰਾ ਬਾਬਾ ਮਿਸ਼ਰਾ ਸਿੰਘ ਦਾ ਇਤਿਹਾਸ) ੫੯੦ ਪੰਨੇ ਦਾ ਵਡ ਅਕਾਰੀ ਗ੍ਰੰਥ ਪ੍ਰਕਾਸ਼ਤ ਕੀਤਾ।

ਸੁਧਾ ਸਰ ਦੇ ਹੰਸ (ਗ੍ਰੰਥ) ਦਾ ਦੂਸਰਾ ਸੰਸਕਰਣ **ਸ੍ਰੀ ਮਾਨ ਮਹੰਤ ਭੁਪਿੰਦਰ ਸਿੰਘ ਜੀ** ਡੇਰਾ ਬਾਬਾ ਮਿਸ਼ਰਾ ਸਿੰਘ ਵਾਲਿਆਂ ਨੇ ੨੦੦੬ ਈ: ਵਿਚ ਮਹਿੰਦਰ ਪ੍ਰਿੰਟ ਐਨ/ਗ੍ਰਾਫਿਕਸ ੧੪੫ ਪ੍ਰੈਸ ਸਈਟ ਉਦਯੋਗਿਕ ਖੇਤਰ ਫੇਜ਼-੧, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ ਹੈ।

**ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ** ਨੇ ਮਹੰਤ ਮਨਜੀਤ ਸਿੰਘ ਜੀ ਅੰਮ੍ਰਿਤਸਰ ਦੇ ਜੀਵਨ ਬਾਰੇ ਵੱਖ-ਵੱਖ ਵਿਦਵਾਨਾਂ ਦੇ ਲੇਖਾਂ ਦਾ ਸਮੂਹ **'ਪਰਮ ਰੂਪ ਪੁਨੀਤ ਮੂਰਤ'** ੧੯੯੫ ਈ: ਨੂੰ ਸੰਪਾਦਤ ਕੀਤਾ, ਜਿਸ ਨੂੰ ਮਹੰਤ ਭੁਪਿੰਦਰ ਸਿੰਘ ਜੀ ਨੇ ਪ੍ਰਕਾਸ਼ਿਤ ਕੀਤਾ ਹੈ।

**ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ** ਨੇ **'ਸੁਧਾ ਸਰ ਕੇ ਰਤਨ'** (ਹਿੰਦੀ ਵਿਚ) ੧੦੮ ਪੰਨੇ ਦਾ ਡੇਰਾ ਬਾਬਾ ਮਿਸ਼ਰਾ ਸਿੰਘ ਦਾ ਇਤਿਹਾਸ ਲਿਖਿਆ ਜਿਸ ਨੂੰ ਮਹੰਤ ਭੁਪਿੰਦਰ ਸਿੰਘ ਜੀ ਨੇ ਪ੍ਰਿੰਟਵੈਲ ੧੪੬-ਫੋਕਲ ਪੁਆਇੰਟ, ਅੰਮ੍ਰਿਤਸਰ ਤੋਂ ੨੦੦੧ ਈ: ਵਿਚ ਪ੍ਰਕਾਸ਼ਤ ਕੀਤਾ ਹੈ।

**ਸੰਤ ਦਲ ਸਿੰਘ ਜੀ ਸੇਖਵਾਂ** ਵਾਲਿਆਂ ਨੇ 'ਗੌੜੀ ਰਾਗ' ਦਾ ਟੀਕਾ ਕੀਤਾ, ਜੋ ੧੯੪੫ ਈ: ਵਿਚ ਅੰਬਾਲਾ ਤੋਂ ਛਪਿਆ ਹੈ।

**ਸੰਤ ਬਿਸ਼ਨ ਸਿੰਘ ਜੀ** ਨੇ 'ਬਾਰਾਂਮਾਹ' ਲਿਖਿਆ ਜਿਸ ਨੂੰ ਸੰਤ ਸ਼ਰਧਾ ਸਿੰਘ ਜੀ ਨੇ ੧੯੯੯ ਈ: ਵਿਚ ਦਬੀਰ ਪ੍ਰੈਸ ਅੰਮ੍ਰਿਤਸਰ ਚੋਂ ਛਾਪਿਆ ਹੈ।

**ਸੰਤ ਬੀਰ ਸਿੰਘ ਜੀ ਜਲਾਲ ਵਾਲਿਆਂ** ਨੇ 'ਸੰਖਯਾ ਸਾਗਰ' ਗ੍ਰੰਥ ਲਿਖਿਆ ਹੈ।

**ਸੰਤ ਖਜ਼ਾਨ ਸਿੰਘ ਜੀ ਚਕਰਵ੍ਰਤੀ** ਪਿੰਡ ਕਾਂਗੜ ਜ਼ਿਲਾ ਬਠਿੰਡਾ ਨੇ ਕਵਿਤਾ ਵਿਚ 'ਪ੍ਰਸੰਗ ਸੰਮਨ ਮੂਸਨ ਕਾ' ੧੯੩੬ ਈ: ਵਿਚ ਲਿਖਿਆ ਹੈ ਜੋ ੨੦×੨੬/੮ ਦਾ ੨੮ ਪੰਨਿਆਂ ਵਿਚ ਕਿੱਸੇ ਦੇ ਰੂਪ ਵਿਚ ਪ੍ਰਕਾਸ਼ਿਤ ਹੋਇਆ ਮਿਲਦਾ ਹੈ।

**ਸੰਤ ਗਿਆਨੀ ਕਰਤਾਰ ਸਿੰਘ** ਜੀ ਵੈਦਰਾਜ ਪਿੰਡ ਚਬੇਵਾਲ ਜ਼ਿਲਾ ਹੁਸ਼ਿਆਰਪੁਰ ਨੇ 'ਗੁਰਮਤਿ ਸਿਧਾਂਤ ਸਾਰ ਸੰਗ੍ਰਹਿ' (ਜਿਸ ਵਿਚ ਵਖ-ਵਖ ਲੇਖ ਹਨ) ਪ੍ਰਕਾਸ਼ਤ ਕੀਤਾ ਹੈ।

**ਪੰਡਿਤ ਨਾਨੂ ਸਿੰਘ ਜੀ** ਨੇ 'ਗੁਰੂ ਗ੍ਰੰਥ ਸਟੀਕ' ਅਧਯਾਤਮ ਰਾਮਾਯਣ, ਇਕਾਦਸੀ ਮਹਾਤਮ, ਹਨੂੰਮਾਨ ਨਾਟਕ ਤੇ ਕੰਮ ਕੀਤਾ ਹੈ।

**ਸੰਤ ਬਖਸ਼ੀਸ਼ ਸਿੰਘ ਜੀ** ਚੌਂਕ ਬਾਬਾਸਾਹਿਬ, ਅੰਮ੍ਰਿਤਸਰ ਨੇ 'ਪ੍ਰਯਾਯ ਸ੍ਰੀ ਦਸਮ ਗ੍ਰੰਥ' ਲਿਖੇ ਹਨ।

**ਸੰਤ ਭਗਵਾਨ ਸਿੰਘ ਜੀ** ਜੋਤਿਸ਼ੀ ਮਾਹਲਾਕਲਾਂ ਜ਼ਿਲਾ ਮੋਗਾ ਵਾਲਿਆਂ ਨੇ 'ਸ੍ਰਿਸ਼ਟੀ ਦਰਪਨ' ਲਿਖਿਆ ਹੈ।

**ਮਹੰਤ ਪ੍ਰਤਾਪ ਸਿੰਘ ਜੀ ਗਾਲਬ ਰਣਸਿੰਘ** ਜ਼ਿਲਾ ਲੁਧਿਆਣਾ ਵਾਲਿਆਂ ਨੇ 'ਨਿਰਮਲ ਪੰਥ ਦਰਪਨ' (ਕੇਵਲ ਸੰਪ੍ਰਦਾਇ ਜਲਾਲ ਦਾ ਇਤਿਹਾਸ) ਸੰਨ ੧੯੭੦ ਈ: ਵਿਚ ਛਾਪਿਆ ਹੈ।

**ਸੰਤ ਮੋਹਨ ਸਿੰਘ ਜੀ ਅਜ਼ਾਦ** ਨੇ ਬੀਸਵੀਂ ਸਦੀ ਦੇ ਮਹਾਂਪੁਰਖਾਂ ਦੀਆਂ ਜੀਵਨੀਆਂ ਲਿਖੀਆਂ ਹਨ।

## ਪੰਡਿਤ ਹਰਦੇਵ ਸਿੰਘ ਜੀ ਰਿਸ਼ੀਕੇਸ਼

ਪੰਡਿਤ ਹਰਦੇਵ ਸਿੰਘ ਜੀ ਰਿਸ਼ੀਕੇਸ਼ ਵਾਲਿਆਂ ਨੇ 'ਨਾਰਾਇਣ ਹਰੀ ਉਪਦੇਸ਼' ਮਹਾਨ ਗ੍ਰੰਥ ਲਿਖਿਆ ਹੈ। ਇਸ ਗ੍ਰੰਥ ਵਿਚ ਆਪ ਜੀ ਨੇ ਆਪਣੇ ਪੂਜਯ ਮਹਾਂਪੁਰਖ ਸ੍ਰੀਮਾਨ ਪੰਡਿਤ ਨਾਰਾਇਣ ਸਿੰਘ ਜੀ ਦਾ ਜੀਵਨ ਚਰਿਤ੍ਰ/ਉਪਦੇਸ਼ ਅੰਕਿਤ ਕੀਤੇ ਹਨ। ਇਹ ਗ੍ਰੰਥ ਸ਼ੁਭ ਉਪਦੇਸ਼ਾਂ ਦਾ ਖਜ਼ਾਨਾ ਅਤੇ ਪਦ-ਪਦਾਰਥਾਂ ਦਾ ਭੰਡਾਰ ਹੈ।

ਇਸ ਗ੍ਰੰਥ ਰਤਨ ਵਿਚ ਗੁਰਬਾਣੀ, ਵੇਦ, ਸ਼ਾਸਤ੍ਰ, ਉਪਨਿਸ਼ਦ, ਪੁਰਾਨ, ਸਿਮ੍ਰਤੀਆਂ, ਗੁਰਪ੍ਰਤਾਪ ਸੂਰਜ, ਪੰਥ ਪ੍ਰਕਾਸ਼, ਗੁਰ ਬਿਲਾਸ, ਭਾਈ ਗੁਰਦਾਸ/ਭਾਈ ਨੰਦ ਲਾਲ ਜੀ ਦੀ ਬਾਣੀ ਦੇ ਪ੍ਰਮਾਣ/ਦ੍ਰਿਸ਼ਟਾਂਤ ਇਕ ਥਾਂ ਸੰਗ੍ਰਹਿ ਕਰ ਦਿਤੇ ਹਨ। ਕਥਾ ਵਾਚਕਾਂ, ਲੈਕਚਰਾਰਾਂ ਅਤੇ ਅਨਯ ਵਿਦਵਾਨਾਂ ਨੂੰ ਇਧਰੋਂ-ਉਧਰੋਂ ਪ੍ਰਮਾਣ ਭਾਲਣ ਦੀ ਲੋੜ ਨਹੀਂ ਹੈ। ਇਸ ਗ੍ਰੰਥ ਵਿਚ ਹੀ ਸਾਰਾ ਸੰਗ੍ਰਹਿ ਕਰ ਦਿਤਾ ਹੈ। ਗ੍ਰੰਥ ਦੇਵਨਾਗਰੀ (ਹਿੰਦੀ) ਅਤੇ ਪੰਜਾਬੀ ਵਿਚ ਪ੍ਰਕਾਸ਼ਤ ਹੋ ਚੁਕਾ ਹੈ।

## ਸ੍ਰੀ ਗੁਰੂ ਸਹਜ ਸੁਅੱਖਰੀ

ਸ੍ਰੀਮਾਨ ਮਹੰਤ ਸਾਧੂ ਸਿੰਘ ਜੀ ਸ਼ਾਸਤ੍ਰੀ ਨੇ ੧੯੯੯ ਈ: ਵਿਚ ਇਸ ਗ੍ਰੰਥ ਨੂੰ ਕਵਿਤਾ ਵਿਚ ਲਿਖਿਆ। ਕਵਿਤਾ ਭਾਵ ਪੂਰਤ ਵਿਦਵਤਾ ਭਰੀ ਹੈ, ਜਿਸ ਉੱਤੇ ਸੰਸਕ੍ਰਿਤ ਅਤੇ ਬ੍ਰਜ ਭਾਸ਼ਾ ਦਾ ਪ੍ਰਭਾਵ ਹੈ। ਗੁਰਬਾਣੀ ਦੀ

ਮਹਿਮਾ, ਸਤਿਗੁਰਾਂ ਦੇ ਉਪਕਾਰਾਂ ਨੂੰ ਕਵਿਤਾ ਵਿਚ ਅੰਕਿਤ ਕੀਤਾ ਹੈ। ਸ਼ਾਸਤ੍ਰੀ ਜੀ ਭਾਵ ਪੂਰਤ ਸੁੰਦਰ ਸ਼ੈਲੀ ਵਿਚ ਕਵਿਤਾ ਲਿਖਣ ਵਾਲੇ ੨੧ਵੀਂ ਸਦੀ ਦੇ ਇਕੋ-ਇਕ ਨਿਰਮਲੇ ਵਿਦਵਾਨ ਸੰਤ ਹਨ। 'ਸਮਰਾਟ' ਸ਼ਾਸਤ੍ਰੀ ਜੀ ਦਾ ਉਪਨਾਮ ਹੈ।[੧] ਇਸ ਗ੍ਰੰਥ ਵਿਚ ੧੨੦ ਕਬਿੱਤ, ੮੩ ਬੈਂਤ, ੩੮ ਦੋਹਰੇ, ੪ ਸਵੈਯੇ, ੨ ਤ੍ਰਿਭੰਗੀ, ੪ ਚੌਪਈ ਛੰਦ, ੩੦ ਫੁਟਕਲ ਛੰਦ ਕੁਲ ੨੮੯ ਛੰਦ ਹਨ।

**ਉਕਤ ਬਿਲਾਸ** :- ਇਹ ਗ੍ਰੰਥ ਸੰਤ ਮੰਗਲ ਸਿੰਘ ਜੀ ਪਿੰਡ ਪਾਲਦੀ ਜ਼ਿਲ੍ਹਾ ਹੁਸ਼ਿਆਰਪੁਰ ਵਾਲਿਆਂ ਨੇ ਕਵਿਤਾ ਵਿਚ ਲਿਖਿਆ ਹੈ ਜੋ ੧੯੦੮ ਬਿ. ਵਿਚ ਸਮਾਪਤ ਹੋਇਆ। ਇਸ ਗ੍ਰੰਥ ਵਿਚ ਅਨੇਕ ਉਪਦੇਸ਼ ਅਤੇ ਅਨੁਭਵ ਦੇ ਵਿਚਾਰ ਅੰਕਿਤ ਹਨ ਪਰ ਇਹ ਗ੍ਰੰਥ ਸੌ ਵਰਸ਼ ਪੰਡੂ ਲਿਪੀ ਵਿਚ ਅਪ੍ਰਕਾਸ਼ਤ ਰਿਹਾ। ਸੰਤ ਮੰਗਲ ਸਿੰਘ ਜੀ ਤੋਂ ਛੇਵੇਂ ਸਥਾਨ ਤੇ ਉਤਰਾਧਿਕਾਰੀ ਮਹੰਤ ਸੰਤੋਖ ਸਿੰਘ ਜੀ ਪਾਲਦੀ ਵਾਲਿਆਂ ਨੇ ੧੯੯੯ ਈਃ ਵਿਚ ਪ੍ਰਕਾਸ਼ਤ ਕੀਤਾ।

**ਸੰਤ ਮੋਹਰ ਸਿੰਘ ਜੀ** :- ਮਹਾਰਾਜਾ ਰਣਜੀਤ ਸਿੰਘ ਜੀ ਦੀ ਫੌਜ ਦਾ ਸੈਨਿਕ, ਜਿਸ ਨੂੰ ਜੰਗ ਕਰਨ ਵਿਚ ਖੁਸ਼ੀ ਚੜ੍ਹਦੀ ਸੀ। ਵਿਸ਼ੇਸ਼ ਕਰਕੇ ਪਠਾਣਾਂ ਮੁਗਲਾਂ ਨੂੰ ਮਾਰਣ ਨਾਲ ਪ੍ਰਸੰਨ ਹੁੰਦਾ ਸੀ। ਜਿਨ੍ਹਾਂ ਪਹਿਲੇ ਜੰਗਜੂ ਸੀ

---

੧. *ਸ੍ਰੀਮਾਨ ੧੦੮ ਮਹੰਤ ਸਾਧੂ ਸਿੰਘ ਜੀ ਸ਼ਾਸਤ੍ਰੀ ਪਿੰਡ ਚੱਕ ਵੇਂਹਡਲ ਜ਼ਿਲ੍ਹਾ ਜਲੰਧਰ ਵਾਲਿਆਂ ਦਾ 'ਨਿਰਮਲ ਪੰਥ ਬੋਧ' ਪੰਨਾ ੮੯੨ ਛਾਪ ਪਹਿਲੀ ਵਿਚ ਵਿਸਤਾਰ ਪੂਰਬਕ ਜ਼ਿਕਰ ਕੀਤਾ ਹੈ ਪਰ ਇਸ ਲੇਖ ਵਿਚ ਕੁਝ ਭ੍ਰਾਂਤਜ ਪੰਕਤੀਆਂ ਵੀ ਜੁੜ ਗਈਆਂ ਹਨ ਜੋ ਸਰਾਸਰ ਗਲਤ ਹਨ। ਇਹ ਪੰਕਤੀਆਂ ਕਿਸੇ ਗੈਰ ਜ਼ਿੰਮੇਦਾਰ ਵਿਅਕਤੀ ਦੀ ਦਿੱਤੀ ਗਲਤ ਜਾਣਕਾਰੀ ਦੇ ਆਧਾਰ ਤੇ ਲਿਖੀਆਂ ਗਈਆਂ।*

*ਇਸ ਡੇਰੇ ਦਾ ਨਾਮ 'ਸੁਖ ਸਹਜ ਸ੍ਰੀ ਗੁਰੂ ਸੰਤ ਸਭਾ' ਅਤੇ 'ਬੁੱਢਾਸਰ' ਪਿੰਡ ਚੱਕ ਵੇਂਹਡਲ ਜ਼ਿਲ੍ਹਾ ਜਲੰਧਰ ਹੈ। ਇਸ ਡੇਰੇ ਨੂੰ ਸ੍ਰੀ ਮਾਨ ੧੦੮ ਮਹੰਤ ਸਾਧੂ ਸਿੰਘ ਜੀ ਸ਼ਾਸਤ੍ਰੀ ਨੇ ਆਪਣੇ ਤਪ-ਤੇਜ, ਪ੍ਰਤਾਪ ਨਾਲ ਕਾਇਮ ਕੀਤਾ ਹੈ। 'ਬੁੱਢਾ ਸਰ' ਨਾਮ ਹੋਣ ਕਰਕੇ ਭ੍ਰਾਂਤੀ ਪੈਦਾ ਹੁੰਦੀ ਹੈ ਕਿ ਇਹ ਸਥਾਨ 'ਬਾਬਾ ਬੁੱਢਾ ਸਾਹਿਬ' ਜੀ ਦੀ ਯਾਦ ਵਿਚ ਬਣਿਆ ਹੋਵੇਗਾ, ਪਰ ਅਜੇਹਾ ਨਹੀਂ ਹੈ। ਇਸ ਡੇਰੇ ਦਾ ਸਿੱਖ ਇਤਿਹਾਸ ਨਾਲ ਕਿਸੇ ਤਰ੍ਹਾਂ ਵੀ ਸੰਪਰਕ ਨਹੀਂ ਹੈ। ਨਾ ਹੀ 'ਬਾਬਾ ਬੁੱਢਾ ਜੀ' ਇਸ ਇਲਾਕੇ ਵਿਚ ਆਏ ਹਨ। ਬਾਬਾ ਬੁੱਢਾ ਜੀ ਦੀ ਨਜ਼ਦੀਕ ਇਲਾਕੇ ਵਿਚ ਹੋਰ ਕੋਈ ਯਾਦਗਾਰ ਵੀ ਨਹੀਂ ਹੈ। ਬਾਬਾ ਬੁੱਢਾ ਜੀ ਦਾ ਪਿੰਡ ਚੱਕ ਵੇਂਹਡਲ ਜਾਂ ਇਸ ਇਲਾਕੇ ਵਿਚ ਔਣ ਦਾ ਕੋਈ ਇਤਿਹਾਸ ਵਿਚ ਵੀ ਜ਼ਿਕਰ ਨਹੀਂ ਹੈ। ਇਸ ਡੇਰੇ ਦਾ ਕਿਸੇ ਹੋਰ ਇਤਿਹਾਸਕ ਵਿਅਕਤੀ ਜਾਂ ਸੰਪ੍ਰਦਾਇ ਨਾਲ ਵੀ ਕੋਈ ਸਬੰਧ ਨਹੀਂ ਹੈ। ਕੇਵਲ ਇਸ ਇਲਾਕੇ ਦੇ ਪ੍ਰੇਮੀਆਂ ਦੀ ਧਰਮ ਨਿਸ਼ਠਾ, ਪ੍ਰੇਮ, ਸ਼ਰਧਾ, ਭਗਤੀ ਵੇਖ ਕੇ ਸ੍ਰੀਮਾਨ ੧੦੮ ਮਹੰਤ ਸਾਧੂ ਸਿੰਘ ਜੀ ਮਹਾਰਾਜ ਨੇ ਇਸ ਆਸ਼੍ਰਮ ਨੂੰ ਧਰਮ ਪ੍ਰਚਾਰ ਵਾਸਤੇ ਕਾਇਮ ਕੀਤਾ ਹੈ।*

*'ਡੇਰਾ ਸੁਧਾ ਸਰ ਸੁਖ ਸਹਜ ਸ੍ਰੀ ਗੁਰੂ ਸੰਤ ਸਭਾ ਚੱਕ ਵੇਂਹਡਲ ਬੁੱਢਾ ਸਰ' ਬਾਰੇ 'ਨਿਰਮਲ ਪੰਥ ਬੋਧ' ਦੇ ਪੰਨਾ ੮੯੨ ਤੇ ਲਿਖੇ ਗਏ ਭ੍ਰਾਂਤਜ (ਗਲਤ) ਲੇਖ ਨੂੰ 'ਡੇਰਾ ਸੁਖ ਸਹਜ ਸ੍ਰੀ ਗੁਰੂ ਸੰਤ ਸਭਾ ਬੁੱਢਾਸਰ' ਬਾਰੇ ਰਾਜਕੀਯ, ਅਰਾਜਕੀਯ (ਸਰਕਾਰੀ, ਗੈਰ ਸਰਕਾਰੀ) ਸਰਬ ਸੰਸਥਾਵਾਂ ਵਿਚ ਪਕਸ਼ ਜਾਂ ਵਿਪਕਸ਼ ਵਿਚ ਪ੍ਰਮਾਣੀਕ ਨਾ ਮੰਨਿਆ ਜਾਵੇ।*

*'ਨਿਰਮਲ ਪੰਥ ਬੋਧ' ਪ੍ਰਕਾਸ਼ਤ ਹੋਣ ਤੋਂ ਮਗਰੋਂ ਅਤਿਅੰਤ ਖੋਜ ਪੜਤਾਲ ਨਾਲ 'ਡੇਰਾ ਸੁਖ ਸਹਜ ਸ੍ਰੀ ਗੁਰੂ ਸੰਤ ਸਭਾ ਬੁੱਢਾਸਰ' ਦਾ ਇਤਿਹਾਸ ਸ਼ੁਧ ਰੂਪ ਵਿਚ 'ਨਿਰਮਲ ਪੰਥ ਦੀ ਗੋਰਵ ਗਾਥਾ' ਵਿਚ ਅੰਕਿਤ ਕੀਤਾ ਹੈ। ਕਿਸੇ ਵੀ ਤਰ੍ਹਾਂ ਦੇ ਵਾਦ ਵਿਵਾਦ ਦੇ ਸੰਬੰਧ ਵਿਚ ਕੇਵਲ 'ਨਿਰਮਲ ਪੰਥ ਦੀ ਗੋਰਵ ਗਾਥਾ' ਦੇ ਇਸ ਲੇਖ ਨੂੰ ਪ੍ਰਮਾਣੀਕ ਮੰਨਿਆ ਜਾਵੇ। ਅਸੀਂ ਇਸ ਲੇਖ ਦ੍ਵਾਰਾ ਪਾਠਕਾਂ ਨੂੰ ਸੂਚਤ ਕਰ ਰਹੇ ਹਾਂ ਕਿ ਵਿਦਿਆ ਮਾਰਤੰਡ ਸ੍ਰੀ ਮਾਨ ੧੦੮ ਪੂਜਯ ਮਹੰਤ ਸਾਧੂ ਸਿੰਘ ਜੀ ਸ਼ਾਸਤ੍ਰੀ ਮਹਾਨ ਵਿਦਵਾਨ ਹਨ, ਸਰਬ ਸ਼ਾਸਤ੍ਰਾਂ ਦੇ ਗਿਆਤਾ, ਮਹਾਨ ਲੇਖਕ, ਅਦੁਤੀਯ ਕਵੀ ਅਪੂਰਵ ਵਿਆਖਿਆਨ-ਵਾਚਸਪਤੀ, ਕਥਾਕਾਰ ਹਨ, ਆਪ ਜੀ ਦੀ ਕਥਾ ਵਿਚ ਅਨੁਭਵੀ ਗਿਆਨ ਦਾ ਪ੍ਰਵਾਹ ਵਹਿੰਦਾ ਹੈ। 'ਅੰਮ੍ਰਿਤ ਸਾਧ ਕੀ ਬਾਣੀ' ਦੇ ਕਥਨ ਅਨੁਸਾਰ ਆਪ ਜੀ ਅਨੇਕ ਸਤਿਸੰਗੀਆਂ ਨੂੰ ਨਾਮ ਬਾਣੀ ਸਿਖੀ ਬ੍ਰਹਮ ਵਿਦਿਆ ਨਾਲ ਜੋੜ ਕੇ ਜੀਵਨ ਸਫਲ ਬਣਾ ਰਹੇ ਹਨ। ਨਿਰਮਲ ਭੇਖ ਵਿਚ ਆਪ ਜੀ ਦਾ ਉੱਚ ਸਥਾਨ ਹੈ। 'ਸਰਬ ਭਾਰਤ ਨਿਰਮਲ ਮਹਾਂਮੰਡਲ (ਰਜਿਃ)' ਅੰਮ੍ਰਿਤਸਰ ਦੇ ਪ੍ਰਧਾਨ ਹਨ।*

ਨਿਰਮਲਾ ਸੰਤ ਬਣ ਕੇ ਉਨ੍ਹਾਂ ਹੀ ਸਰਬ ਨਾਲ ਸਹਾਨਭੂਤੀ ਕਰਨ ਵਾਲਾ, ਸਮਦ੍ਰਿਸ਼ਟੀ ਬਣ ਗਿਆ। ਆਪ ਜੀ ਨੇ ਅਪਣੀ ਸ੍ਵੈ ਜੀਵਨੀ ਵੀ ਲਿਖੀ ਹੈ ਜਿਸ ਵਿਚ ਆਪਣੇ ਗੁਣ-ਅਵਗੁਣ ਬਰਾਬਰ ਵਰਣਨ ਕੀਤੇ ਹਨ। ਕਵਿਤਾ ਅਤੇ ਵਾਰਤਕ ਵਿਚ ਹੋਰ ਵੀ ਕਾਫੀ ਨਿੱਕੀਆਂ-ਨਿੱਕੀਆਂ ਰਚਨਾਵਾਂ ਕੀਤੀਆਂ ਹਨ। ਕਵਿਤਾ ਨਾਲੋਂ ਵਾਰਤਕ ਪ੍ਰਭਾਵਸ਼ਾਲੀ ਹੈ। ਆਪ ਜੀ ਦੀ ਰਚਨਾ ਦਾ ਸੰਗ੍ਰਹਿ ੧੯ਵੀਂ ਸਦੀ ਦੇ ਆਰੰਭ ਵਿਚ ਲਿਥੋ ਪ੍ਰੈਸ ਵਿਚ ਛਪਿਆ ਸੀ। ਹੁਣ ਸੰਨ ੨੦੦੭ ਈ: ਵਿਚ ਬੀਬੀ ਜਸਪਾਲ ਕੌਰ ਪਟਿਆਲਾ ਨੇ ਆਪ ਜੀ ਦੀ ਰਚਨਾ ਨੂੰ **'ਸੰਤ ਮੋਹਰ ਸਿੰਘ ਜੀ ਦਾ ਰਚਨਾ ਸੰਸਾਰ'** ਦੇ ਨਾਮ ਹੇਠ ਸੰਪਾਦਤ ਕਰਕੇ ਪ੍ਰਕਾਸ਼ਤ ਕੀਤਾ ਹੈ।

**ਸੰਤ ਵਤਨ ਸਿੰਘ ਜੀ ਆਦਮਪੁਰ** (ਦੁਆਬਾ) ਵਾਲਿਆਂ ਨੇ ਆਤਮ ਰਾਮ ਪ੍ਰਕਾਸ਼ (ਅਜਾਇਬ ਉਲ ਇਲਮ) ਵੇਦਾਂਤ ਦਾ ੧੧੫ ਪੰਨੇ ਦਾ ਗ੍ਰੰਥ ਲਿਖਿਆ ਜਿਸ ਨੂੰ ਸੰਤ ਸੰਤੋਖ ਸਿੰਘ ਜੀ ਆਦਮਪੁਰ ਵਾਲਿਆਂ ਨੇ ੧੯੭੩ ਈ: ਵਿਚ ਪ੍ਰਕਾਸ਼ਤ ਕੀਤਾ।

**ਮਹੰਤ ਬੁੱਢਾ ਸਿੰਘ ਜੀ ਨਿਰਮਲ ਆਸ਼੍ਰਮ ਰਿਸ਼ੀਕੇਸ਼** ਵਾਲਿਆਂ ਨੇ ਸਿੰਧੀ ਭਾਸ਼ਾ ਵਿਚ 'ਨਿਰਮਲ ਉਪਦੇਸ਼' ਲਿਖਿਆ ਜਿਸ ਦੇ ਪੰਜ ਸੰਸਕਰਣ ਪ੍ਰਕਾਸ਼ਤ ਹੋਏ। ੧੯੭੪ ਈ: ਵਿਚ ਮਹੰਤ ਰਾਮ ਸਿੰਘ ਜੀ ਰਿਸ਼ੀਕੇਸ਼ ਵਾਲਿਆਂ ਦੇ ਯਤਨ ਨਾਲ ਪੰਜਾਬੀ ਭਾਸ਼ਾ ਵਿਚ ਪ੍ਰਕਾਸ਼ਤ ਹੋਇਆ ਹੈ।

**ਪੰਡਿਤ ਨਿੱਕਾ ਸਿੰਘ ਜੀ ਵਿਰਕਤ** ਨੇ ਉਪਦੇਸ਼ ਰੂਪ ਵਿਚ 'ਸਹਜ ਕਥਾ' ਗ੍ਰੰਥ ਲਿਖਿਆ ਜਿਸ ਨੂੰ ਮਹੰਤ ਰਾਮ ਸਿੰਘ ਜੀ ਰਿਸ਼ੀਕੇਸ਼ ਵਾਲਿਆਂ ਨੇ ਪ੍ਰਕਾਸ਼ਤ ਕੀਤਾ ਹੈ।

**ਸੰਤ ਹਰਿਨਾਮ ਸਿੰਘ ਜੀ** ਨੇ ੧੯੨੩ ਈ: ਵਿਚ 'ਹਰਿਨਾਮ ਰਾਮਾਯਣ' ਅਤੇ 'ਹਰਿਨਾਮ ਬਿਲਾਸ' ਆਦਿਕ ਗ੍ਰੰਥਾਂ ਦੀ ਰਚਨਾ ਕੀਤੀ ਜੋ ਅਰੋੜਵੰਸ ਪ੍ਰੈਸ ਵਿਚ ਛਪੇ ਸਨ। ਹੁਣ ਇਸ ਦੁਰਲਭ ਰਚਨਾ ਨੂੰ ਬੀਬੀ (ਡਾ:) ਬਲਜਿੰਦਰ ਕੌਰ 'ਜੋਸ਼ੀ' ਪਟਿਆਲਾ ਨੇ ਸੰਪਾਦਤ ਕਰਕੇ ਸੰਨ ੨੦੦੭ ਈ: ਵਿਚ ਪ੍ਰਕਾਸ਼ਤ ਕੀਤਾ ਹੈ।

**ਸੰਤ ਹਰਿਭਜਨ ਸਿੰਘ ਜੀ** ਪਿੰਡ ਰਕੜਾ ਜ਼ਿਲ੍ਹਾ ਨਵਾਂ ਸ਼ਹਿਰ ਵਾਲਿਆਂ ਨੇ ਹੇਠ ਲਿਖੇ ਗ੍ਰੰਥ ਲਿਖ ਕੇ ਪ੍ਰਕਾਸ਼ਤ ਕੀਤੇ ਹਨ।

੧. ਨਿਰਮਲ ਕਥਾ ਭੰਡਾਰ, ੨. ਨਿਰਮਲ ਸਾਰ-ਵਿਚਾਰ, ੩. ਨਿਰਮਲ ਭਜਨ ਮਾਲਾ।

**ਸੰਤ ਕਰਮ ਸਿੰਘ ਜੀ** ਨੇ 'ਸਦ ਸੁਖ ਪ੍ਰਕਾਸ਼', 'ਸ੍ਰੀ ਗੁਰੂ ਬੰਸ ਚੰਦ੍ਰੋਦੈ', 'ਹਰਿ ਅਦ੍ਰਿਸ਼ਟ' ਤਿੰਨ ਗ੍ਰੰਥ ਲਿਖੇ ਹਨ ਜੋ ਅਪ੍ਰਕਾਸ਼ਤ ਹਨ।

**'ਸੰਤ ਉਤਮ ਸਿੰਘ ਜੀ** ਨੇ 'ਵਿਸ਼ਨੂਪੁਰਾਣ ਭਾਖਾ' ਅਤੇ **ਸੰਤ ਚਤਰ ਸਿੰਘ** (ਵੇਦ ਸਿੰਘ) ਜੀ ਨੇ 'ਸ੍ਰੀਮਦ ਭਾਗਵਤ ਮੋਖਸਾਗਰ ਗ੍ਰੰਥ' ਲਿਖਿਆ ਹੈ।

**ਮਹੰਤ ਖੜਗ ਸਿੰਘ ਜੀ** ਨੇ 'ਗੁਰਬਿਲਾਸ ਬਾਬਾ ਬੀਰ ਸਿੰਘ' ਨੌਰੰਗਾਬਾਦ ਵਾਲਿਆਂ ਬਾਰੇ ਲਿਖਿਆ ਹੈ।

**ਸੰਤ ਗੁਰਦਿੱਤ ਸਿੰਘ ਜੀ** ਨੇ 'ਨਿਰਮਲਿਆਂ ਦੀ ਆਦਿ ਉਤਪਤੀ' ਅੰਕਿਤ ਕੀਤਾ ਹੈ।

**ਸੰਤ ਦਲ ਸਿੰਘ ਜੀ** ਨੇ ਸੋਹੰ ਚਿੰਤਾਮਣੀ, ਬਾਰਾਮਾਸਾ, ਅਨੰਦਪ੍ਰਕਾਸ਼ ਸਤਸੈਯਾ ਤਿੰਨ ਗ੍ਰੰਥ ਲਿਖੇ ਹਨ।

**ਸੰਤ ਬਖਸ਼ੀਸ਼ ਸਿੰਘ ਜੀ** ਨੇ ਜਪੁਜੀ ਸਾਹਿਬ ਦਾ ਟੀਕਾ ਕੀਤਾ ਹੈ।

**ਸੰਤ ਲਾਲ ਸਿੰਘ ਜੀ 'ਨਰੋਤਮ'** ਨੇ ਸ੍ਰੀ ਗੁਰੂ ਭਗਤਮਾਲਾ, ਪ੍ਰਯਾਯ ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਿਮਾ ਪ੍ਰਕਾਸ਼, ਬਾਰਾਂਮਾਹ, ਸਲੋਕ ਸਹਸਕ੍ਰਿਤ ਟੀਕਾ, ਗਿਣਤੀ ਸ਼ਬਦੋਂ ਕੀ, ਪ੍ਰਲੋਕ ਙਾਤੀ, ਸੁਧਾਸਰ ਮਹਾਤਮ ਬਚਨਪ੍ਰਕਾਸ਼,

ਬਾਰਾਂਮਾਹ ਤੁਖਾਰੀ ਸਟੀਕ (ਗੁਰਬਖਸ਼ ਪ੍ਰੈਸ, ਲਾਹੌਰ ਵਿਚ ੧੯੦੯ ਈ:) 'ਚ ਛਪੇ ਹਨ।

ਸੰਤ ਲਾਲ ਸਿੰਘ ਜੀ ਦੇ ਸ਼ਿਸ਼ **ਸੰਤ ਵਰਿਆਮ ਸਿੰਘ ਜੀ** ਨੇ ਵੀ ਕਈ ਗ੍ਰੰਥ ਲਿਖਕੇ ਪ੍ਰਕਾਸ਼ਤ ਕੀਤੇ ਹਨ।

**ਸੰਤ ਜਵਾਲਾ ਸਿੰਘ ਜੀ ਵਿਰਕਤ** ਨੇ 'ਖਾਲਸੇ ਦੇ ਬੋਲੇ' ਨਿਹੰਗ ਸਿੰਘਾਂ ਦੀ ਸੰਕੇਤਕ ਭਾਸ਼ਾ ਦਾ ਸੰਗ੍ਰਹ ਕੀਤਾ।

**ਸੰਤ ਦਲ ਸਿੰਘ ਜੀ** ਨੇ 'ਹਜ਼ਾਰੇ ਦੇ ਸ਼ਬਦ' (ਟੀਕਾ) ੧੯੦੦ ਈ., 'ਰਾਗ ਗਉੜੀ ਸਟੀਕ' ੧੯੦੨ ਈ., ਟੀਕਾ 'ਸੁਖਮਨੀ ਸਾਹਿਬ' ੧੯੧੯ ਈ., ਟੀਕਾ 'ਪੈਂਤੀਸ ਅਖਰੀ' ਸੰਨ ੧੮੯੯ ਈ:, ਬਾਵਨ ਆਖਰੀ, ਭਾਵ ਅਰਥ ਪ੍ਰਦਰਸ਼ਨੀ ਆਦਿ ਗੁਰਬਾਣੀ ਦੇ ਟੀਕੇ ਕੀਤੇ ਹਨ।

**ਸੰਤ ਮਲੂਕ ਸਿੰਘ ਜੀ** ਤਰਨਤਾਰਨ ਵਾਲਿਆਂ ਨੇ ਦੋਹਾਵਲੀ, ਪਰਵਰਤੀਆਂ ਨਾਬਾਯਨਮ ਪੈਂਤੀਸ ਅਖਰੀ, ਸ੍ਵਰੂਪ ਬੋਧਨੀ ਆਦਿ ਲਿਖੇ ਹਨ।

**ਸੰਤ ਮੰਗਲ ਸਿੰਘ ਜੀ** ਨੇ 'ਅਦ੍ਵੈਤਾਮ੍ਰਿਤ ਪ੍ਰਬੋਧ' ਲਿਖਿਆ ਹੈ।

**ਸੰਤ ਹਰੀ ਸਿੰਘ ਜੀ** ਨੇ 'ਸੰਖੇਪ ਬਿਬੇਕ' (ਸੰਨ ੧੯੨੩ ਈ: ਵਿਚ) ਲਿਖਿਆ ਹੈ।

**ਸੰਤ ਹਰੀ ਸਿੰਘ ਹੋਤੀਮਰਦਾਨ** ਨੇ 'ਖਾਲਸਾ ਸਤੋਤ੍ਰ ਗੁਰਮੰਤ੍ਰ ਮਹਾਤਮ' (ਸੰਨ ੧੯੪੮ ਈ:) ਲਿਖਿਆ ਹੈ।

**ਸੰਤ ਹਮੀਰ ਸਿੰਘ ਜੀ** ਨੇ ਬਾਰਾਮਾਹ ਛਾਪਿਆ ਹੈ।

**ਸੰਤ ਗੁਰਮੁਖ ਸਿੰਘ ਜੀ ਹੋਤੀਮਰਦਾਨ** ਨੇ 'ਸ੍ਰੀ ਗੁਰੂ ਗ੍ਰੰਥ ਕੋਸ਼ ਸਮੇਤ ਬਾਣੀ ਬਿਓਰਾ' ਅਤੇ ਸ੍ਰੀ ਗੁਰੂ ਗ੍ਰੰਥ ਬਾਲ ਬੋਧਨੀ, ਗੁਰਬਾਣੀ ਦੀ ਵਿਆਖਿਆ ਤੇ ਗ੍ਰੰਥ ਲਿਖੇ ਹਨ।

**ਸੰਤ ਝੰਡਾ ਸਿੰਘ ਜੀ** ਨੇ 'ਪਾਹਲੁ ਕੀ ਮ੍ਰਿਯਾਦਾ ਕਾ ਗ੍ਰੰਥ' ਲਿਖਕੇ ਅੰਮ੍ਰਿਤ ਤਿਆਰ ਕਰਨ ਅਤੇ ਛਕਾਉਣ ਦੀ ਵਿਧੀ ਲਿਖੀ ਹੈ।

**ਸੰਤ ਸੰਗਤ ਸਿੰਘ ਜੀ** ਪਿੰਡ ਤੋਲੇਵਾਲ (ਜ਼ਿਲਾ ਸੰਗਰੂਰ) ਵਾਲਿਆਂ ਨੇ ਛੰਦ ਸ਼ਾਸਤ੍ਰ ਦਾ ਅਦੁੱਤੀ ਗ੍ਰੰਥ 'ਪਿੰਗਲ ਪ੍ਰਸਤਾਰ' ਲਿਖਿਆ ਜਿਸ ਵਿਚ ਛੰਦਾਂ ਦੇ ਪ੍ਰਸਤਾਰ ਬਣਾਉਣ ਦੀ ਵਿਸਤਾਰ ਪੂਰਬਕ ਵਿਆਖਿਆ ਕੀਤੀ ਹੈ। ਪੰਜਾਬੀ ਵਿਚ ਇਹ ਛੰਦਸ਼ਾਸਤ੍ਰ ਦਾ ਮਹਾਨ ਗ੍ਰੰਥ ਹੈ। ਦੂਸਰਾ ਗ੍ਰੰਥ 'ਗ੍ਰੰਥ ਮਤ ਸੰਗ੍ਰਹਿ' ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਹੋਇਆ ਹੈ।

**ਸੰਤ ਸੁਧ ਸਿੰਘ ਜੀ** ਨੇ 'ਤਰਕ ਸੰਗ੍ਰਹਿ' **ਗਿਆਨੀ ਸੁਰਿੰਦਰ ਸਿੰਘ ਭੰਵਰ** ਨੇ 'ਅਮੋਲਕ ਨਿਰਮਲ ਹੀਰਾ' (ਸੰਨ ੧੯੩੯ ਈ:) **ਮਹੰਤ ਸੂਰਤ ਸਿੰਘ ਜੀ** ਨੇ 'ਸੇਰੇ ਆਲਮ' ਪੁਸਤਕ ਲਿਖੇ ਹਨ।

**ਪੰਡਿਤ ਸ਼ਯਾਮ ਸਿੰਘ ਜੀ** ਡੇਰਾ ਮੰਗਵਾਲ (ਜ਼ਿਲਾ ਜਿਹਲਮ ਹੁਣ ਪਾਕਿਸਤਾਨ) ਵਾਲਿਆਂ ਨੇ 'ਪ੍ਰਯਾਯ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ' ਲਿਖੇ ਜੋ ਐਂਗਲੋ ਉਰਦੂ ਐਂਡ ਗੁਰਮੁਖੀ ਪ੍ਰੈਸ, ਅੰਮ੍ਰਿਤਸਰ ਤੋਂ ੧੯੦੬ ਈ: ਵਿਚ ਪ੍ਰਕਾਸ਼ਤ ਹੋਏ ਸਨ।

**ਸੰਤ ਤਾਰਾ ਸਿੰਘ ਜੀ** ਲਾਹੌਰ ਵਾਲਿਆਂ ਨੇ 'ਨਿਰਮਲ ਪ੍ਰਭਾਕਰ' ਅਤੇ 'ਮਲੇਛ ਮੱਤ ਖੰਡਨ' ਦੋ ਗ੍ਰੰਥ ਲਿਖੇ। **ਗਿਆਨੀ ਬੁਧ ਸਿੰਘ ਜੀ** ਨੇ 'ਜਪੁਜੀ ਸਾਹਿਬ ਸਟੀਕ' ੧੯੦੫ ਵਿਚ ਅੰਮ੍ਰਿਤਸਰ ਤੋਂ ਛਾਪਿਆ। **ਸੰਤ ਬੁਧ ਸਿੰਘ ਜੀ** ਲਾਹੌਰ ਵਾਲਿਆਂ ਨੇ 'ਸ਼ਿੰਗਾਰਸ਼ਤਕ' ਦਾ ਅਨੁਵਾਦ ਕੀਤਾ ਜੋ ਕਾਰੋਨੇਸ਼ਨ ਪ੍ਰਿੰਟਿੰਗ ਵਰਕਸ ਪ੍ਰੈਸ, ਅੰਮ੍ਰਿਤਸਰ ਤੋਂ ੧੯੨੧ ਈ: ਵਿਚ ਛਪਿਆ।

**ਮਹੰਤ ਪ੍ਰਤਾਪ ਸਿੰਘ ਜੀ** ਭਿਖੀਖਟੜਾ ਵਾਲਿਆਂ ਨੇ 'ਗੰਗਯਤੀ ਨਿਦਾਨ' ਦਾ ਟੀਕਾ 'ਤ੍ਰਿਕਾਲ ਦਰਪਨ',

'ਯੋਗ ਨਿਧੀ' (ਗੁਰਮਤ ਪ੍ਰੈਸ, ਅੰਮ੍ਰਿਤਸਰ ੧੯੨੮ ਈ:) 'ਕੁਸ਼ਤਾ ਪ੍ਰਬੋਧ', 'ਰਸ ਮੰਜਰੀ' (ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ ਤੋਂ ੧੯੨੭ ਈ: ਵਿਚ ਛਪੀ) ਪੰਜ ਗ੍ਰੰਥ ਲਿਖ ਕੇ ਛਾਪੇ ਹਨ।

**ਸੰਤ ਨਿਰਭਿੰਦਰ ਸਿੰਘ ਜੀ 'ਸਰਪੰਚ'** ਨੇ ੧੯੯੭ ਵਿਚ ਵੱਡ ਅਕਾਰੀ 'ਅਸਚਰਜ ਵਸਤੂ' ਗ੍ਰੰਥ ਕੇ ਨਿਰਮਲ ਆਸ਼੍ਰਮ ਰਿਸ਼ੀਕੇਸ਼ ਦਾ ਇਤਿਹਾਸ ਮਹੰਤਾਂ ਦੀਆਂ ਜੀਵਨੀਆਂ, ਪਰ ਉਪਕਾਰੀ ਸੇਵਾ ਨੂੰ ਵੇਰਵੇ ਸਹਿਤ ਵਰਣਨ ਕੀਤਾ ਹੈ। ਇਸ ਨੂੰ ਮਹੰਤ ਰਾਮ ਸਿੰਘ ਜੀ ਰਿਸ਼ੀਕੇਸ਼ ਵਾਲਿਆਂ ਨੇ ਪ੍ਰਕਾਸ਼ਤ ਕੀਤਾ ਹੈ।

**ਪੰਡਿਤ ਰਾਮ ਸਿੰਘ ਜੀ** ਨੇ 'ਭਗਵਤ ਗੀਤਾ ਸਟੀਕ' ਅੰਕਿਤ ਕੀਤਾ ਹੈ।

**ਸੰਤ ਟਹਿਲ ਸਿੰਘ ਜੀ** ਲੰਮੇ ਜਗੀਰ ਵਾਲਿਆਂ ਨੇ 'ਗੁਰੂਗਿਰਾ ਰਾਗਮਾਲਾ ਮੰਡਲ ਪ੍ਰਬੋਧ ਗ੍ਰੰਥ' ਲਿਖਕੇ ਗੁਰਬਖਸ਼ ਪ੍ਰੈਸ, ਲਾਹੌਰ ਤੋਂ ੧੯੦੩ ਈ: ਵਿਚ ਪ੍ਰਕਾਸ਼ਤ ਕੀਤਾ ਜਿਸ ਵਿਚ ਰਾਗਮਾਲਾ ਨੂੰ ਪ੍ਰਮਾਣਾਂ ਦੁਆਰਾ ਗੁਰਬਾਣੀ ਸਿਧ ਕੀਤਾ ਹੈ।

**ਸੰਤ ਮੋਹਰ ਸਿੰਘ ਜੀ ਅਪਰਾ** ਨੇ ਬਿਬੇਕ ਬਿਲਾਸ, ਸੀਹਰਫੀ, ਕੋਰੜੇ, ਬੈਂਤਾਂ, ਮੰਤ੍ਰ, ਬੈਂਤਾਂ ਸਮਝੌਤੇ ਕੀਆਂ, ਫਕਰ ਨਾਮਾ, ਗ੍ਰੰਥ ਭ੍ਰਮਤੋੜ, ਗੁਰਉਸਤਤ ਕਵਿਤਾਵਲੀ ਆਦਿਕ ਪੁਸਤਕ ਲਿਖੇ ਹਨ।

**ਗਿਆਨੀ ਗੁਰਚਰਨ ਸਿੰਘ ਜੀ ਮੁਕਤਿਸਰ** ਵਾਲਿਆਂ ਨੇ 'ਇਤਿਹਾਸ ਡੇਰਾ ਬਾਬਾ ਗਾਂਧਾ ਸਿੰਘ ਬਰਨਾਲਾ' ਸੰਖੇਪ ਕਿੰਤੂ ਭਾਵਪੂਰਤ ਖੋਜ ਭਰਿਆ ਗ੍ਰੰਥ ਲਿਖਿਆ ਹੈ।

**ਮਹੰਤ ਸੁਖਚੈਨ ਸਿੰਘ ਜੀ ਗਿਆਨੀ** ਨਿਰਮਲ ਅਖਾੜਾ ਮਹੰਤ ਮੂਲ ਸਿੰਘ ਅੰਮ੍ਰਿਤਸਰ ਵਾਲਿਆਂ ਨੇ ਕਵੀ ਗਿਰਧਰ ਰਾਏ ਦੇ 'ਅਨੁਭਵ ਸ਼ਤਕ' ਗ੍ਰੰਥ ਨੂੰ ਸੰਪਾਦਤ ਕਰਕੇ ਸੰਨ ੧੯੯੮ ਈ: ਵਿਚ ਪ੍ਰਕਾਸ਼ਤ ਕੀਤਾ ਹੈ।

## ਸੰਤ ਨਿਹਾਲ ਸਿੰਘ ਜੀ

ਸੰਤ ਨਿਹਾਲ ਸਿੰਘ ਜੀ ਗੋਬਿੰਦ ਮੰਦਰ ਲਾਹੌਰ ਵਾਲਿਆਂ ਨੇ ਅਕਾਲ ਨਾਟਕ, ਸਿੱਖੀ ਪ੍ਰਭਾਕਰ ਅਤੇ ਨਿਰਮਲ ਪ੍ਰਭਾਕਰ ਆਦਿਕ ਤਿੰਨ ਗ੍ਰੰਥ ਲਿਖੇ ਹਨ। ਆਪ ਮਹਾਨ ਵਿਦਵਾਨ ਸਨ। ਕਵਿਤਾ ਉਚ ਪੱਧਰ ਦੀ ਹੈ। ਛੰਦ ਸ਼ਾਸਤ੍ਰ ਦਾ ਆਪ ਜੀ ਨੂੰ ਪੂਰਨ ਗਿਆਨ ਹੈ। ਪੁਰਾਤਨ ਸਿੱਖ ਸੰਗਤਾਂ ਵਿਚ ਆਪ ਜੀ ਦੀ ਕਵਿਤਾ ਦਾ ਅਤਿ ਸਤਿਕਾਰ ਸੀ।

**ਪੰਡਿਤ ਸੱਦਾ ਸਿੰਘ ਜੀ** ਚੇਤਨਮਠ ਕਾਸ਼ੀ ਵਾਲਿਆਂ ਨੇ ੧੭੬੭ ਈ: ਵਿਚ **'ਅਦ੍ਵੈਤਸਿਧੀ'** ਦੀ **'ਸੁਗਮਸਾਰ ਚੰਦ੍ਰਕਾ'** ਟੀਕਾ ਕੀਤੀ ਹੈ ਜੋ ਵੇਦਾਂਤ ਦਾ ਅਪੂਰਵ ਗ੍ਰੰਥ ਹੈ।

**ਪੰਡਿਤ ਨਿਹਾਲ ਸਿੰਘ ਜੀ** ਨੇ ਸੰਮਤ ੧੮੫੨ ਬਿ: (੧੭੯੫ ਈ:) ਵਿਚ ਜਪੁਜੀ ਦਾ **'ਜਪੁ ਗੂਢਾਰਥ ਦੀਪਕਾ'** ਸੰਸਕ੍ਰਿਤ ਟੀਕਾ ਕੀਤਾ, ਜਿਸ ਵਿਚ ਗੁਰਬਾਣੀ ਦੇ ਸਿਧਾਂਤ ਨੂੰ ਸਪਸ਼ਟ ਕਰਨ ਵਾਸਤੇ ਵੇਦਾਂ, ਉਪਨਿਸ਼ਦਾਂ, ਸ਼ਾਸਤ੍ਰਾਂ ਦੇ ਪ੍ਰਮਾਣ/ਦ੍ਰਿਸ਼ਟਾਂਤ ਦੇਕੇ ਗੁਰਬਾਣੀ ਨੂੰ ਸਰਵ ਸ਼੍ਰੇਸ਼ਟ ਮੋਕਸ਼ ਦਾਇਨੀ ਸਿਧ ਕੀਤਾ ਹੈ।

## ਪੰਡਿਤ ਈਸ਼੍ਵਰ ਸਿੰਘ ਜੀ ਕਾਂਸ਼ੀ

ਆਪ ਸਰਵ ਦਰਸ਼ਨਾਚਾਰਯ, ਸਰਵਪੱਖੀ ਵਿਦਵਾਨ ਹੋਏ ਹਨ। ਆਪ ਜੀ ਨੇ ਪੰਜ ਗ੍ਰੰਥਾਂ ਦੀ ਰਚਨਾ ਕੀਤੀ ਹੈ:

੧. ਗੁਰਮਤ ਦਿਗਵਿਜਯ ੨. ਬੁਧੀ ਬਾਰਧਿ ੩. ਵਾਹਿਗੁਰੂਮੰਤ੍ਰਾਰਥ (ਗੁਰਮੁਖੀ ਵਿਚ) ੪. ਗੁਰੂਮੰਤ੍ਰਾਰਥ

ਪ੍ਰਕਾਸ਼ (ਸੰਸਕ੍ਰਿਤ ਵਿਚ) ੫. ਸ੍ਵੈ ਸੁਪਨ ਨਾਟਕ।

ਆਪ ਜੀ ਗੁਰੂਮੰਤ੍ਰਾਰਥ ਪ੍ਰਕਾਸ਼ (ਸੰਸਕ੍ਰਿਤ) ਦੀ ਭੂਮਿਕਾ ਵਿਚ ਗ੍ਰੰਥ ਲਿਖਣ ਦਾ ਕਾਰਣ ਦਸਦੇ ਹੋਏ ਲਿਖਦੇ ਹਨ ਕਿ ਹਿੰਦੂ ਧਰਮ, ਬ੍ਰਾਹਮਣਾਂ, ਸੰਨਿਆਸੀਆਂ, ਬੈਰਾਗੀਆਂ ਆਦਿਕ ਵਿਦਵਾਨ ਪੰਡਿਤਾਂ ਵਿਚ ਇਹ ਕਿੰਤੂ ਉਠਦਾ ਰਹਿੰਦਾ ਸੀ ਕਿ 'ਵਾਹਿਗੁਰੂ' ਮੰਤ੍ਰ ਮੋਕਸ਼ਦਾਤਾ ਨਹੀਂ ਹੈ। ਮੋਕਸ਼ ਰਾਮ, ਕ੍ਰਿਸ਼ਨਾਦਿਕ ਮੰਤ੍ਰਾਂ ਦੁਆਰਾ ਹੀ ਹੋ ਸਕਦੀ ਹੈ। ਇਸ ਵਿਸ਼ੇ ਤੇ ਆਪ ਜੀ ਨਾਲ ਕਾਸ਼ੀ, ਨਾਸਿਕ, ਆਯੁਧਿਆ, ਪ੍ਰਯਾਗਰਾਜ ਆਦਿਕ ਤੀਰਥਾਂ, ਕੁੰਭ, ਪਰਵਾਂ, ਉਪਰ ਸ਼ਾਸਤ੍ਰਾਰਥ ਹੋਏ। ਸ਼ਾਸਤ੍ਰਾਰਥਾਂ ਸਮੇਂ ਆਪ ਜੀ ਨੇ ਵਾਹਿਗੁਰੂ ਮੰਤ੍ਰ ਨੂੰ ਸਰਵ ਸਿਰੋਮਣੀ ਤਾਰਕ (ਮੋਕਸ਼ਦਾਤਾ) ਸਿਧ ਕਰਕੇ ਵਿਪਕਸ਼ੀਆਂ ਦੇ ਕਿੰਤੂ-ਪ੍ਰੰਤੂ ਨੂੰ ਖਤਮ ਕਰ ਦਿਤਾ।

ਆਪ ਜੀ ਨੇ ਇਕ ਯੁਕਤੀਵਾਕ ਕਿਹਾ ਹੈ ਕਿ ਰਾਮਨੌਮੀ ਨੂੰ ਸ਼੍ਰੀ ਰਾਮਚੰਦ੍ਰ ਜੀ ਦਾ ਜਨਮ ਹੋਇਆ ਸੀ। ਭਾਦਰੋਂ ਦੀ ਅਸ਼ਟਮੀ ਨੂੰ ਸ੍ਰੀ ਕ੍ਰਿਸ਼ਨ ਜੀ ਦਾ ਜਨਮ ਹੋਇਆ ਸੀ ਕਿੰਤੂ ਜਿਸ ਦਾ ਜਨਮ ਨਹੀਂ, ਵੰਸ਼ ਨਹੀਂ, ਜੋ ਮਰਨ ਵਿਚ ਨਹੀਂ ਆਉਂਦਾ ਜੋ ਸਦੈਵ ਹੈ ਸੋ 'ਵਾਹਿਗੁਰੂ'। ਇਸ ਮੰਤ੍ਰ ਦਾ ਇਹੁ ਅਰਥ ਹੈ।

ਅਸੀਂ ਪੰਡਿਤ ਜੀ ਦੇ ਸੰਸਕ੍ਰਿਤ ਸ੍ਵੈ ਅਨੁਵਾਦ ਵਿਚੋਂ ਪਾਠਕਾਂ ਦੇ ਸਮੁਖ ਵਾਹਿਗੁਰੂ ਮੰਤ੍ਰ ਬਾਰੇ ਵਿਚਾਰ ਰਖਦੇ ਹਾਂ ਜਿਸ ਨਾਲ ਪਾਠਕਾਂ ਨੂੰ ਪੰਡਿਤ ਜੀ ਦੀ ਸਾਧ ਭਾਸ਼ਾ ਅਤੇ ਸ਼ੈਲੀ ਦਾ ਵੀ ਪਤਾ ਲਗੇਗਾ :

> "ਵਾਹਿਗੁਰੂ ਮੰਤ੍ਰ ਕੇ ਸਿਧਾਂਤ ਵਿਚਾਰ ਕੋ ਨਿਰੂਪਨ ਕਰਤੇ ਹੈਂ। ਸੋ ਨਯਾਯ, ਵਿਆਕਰਣ, ਵੇਦਾਂਤ ਇਹ ਤੀਨੋ ਕੇ ਵਿਚਾਰ ਕੋ ਲੇਕਰ। ਸੋ ਇਸੀ ਵਾਸਤੇ ਇਸ ਮੰਤ੍ਰ ਕਾ ਅਰਥ ਬਹੁਤ ਕਠਨ ਹੈ। ਇਸ ਮੰਤ੍ਰ ਕੇ ਚਾਰੋਂ ਅਖਰੋਂ ਕੇ ਵੀਚ ਮੇਂ ਧਾਤੂ ਪ੍ਰਤੇ ਪਦ ਅਰਥ ਗਿਆਨ ਯਿਹ ਪਾਂਚੋਂ ਪਾਂਚ ਸੌ ਮੇਂ ਹੈ ਸੋ ਹਮ ਨੇ ਆਪਣੇ ਬਨਾਏ ਹੂਏ ਉਸ ਸੰਸਕ੍ਰਿਤ ਗ੍ਰੰਥ ਕੀ ਰਚਨਾ ਨਿਬੰਧਨ ਕਰੀ ਹੈ ਸੋ ਇਸੀ ਵਾਸਤੇ ਇਸ ਗ੍ਰੰਥ ਮੇਂ ਬੁਧੀ ਬਲ ਕੀ ਬਹੁਤ ਜ਼ਰੂਰਤ ਹੈ। ਸੋ ਈਹਾਂ ਗੁਰਮੁਖੀ ਵਿਦਿਆ ਕੇ ਵੀਚ ਬਹੁਤ ਸੁਗਮ ਅਰਥ ਕਰਕੇ ਲਿਖਾ ਹੈ। ਤਬ ਭੀ ਫਲਤ ਅਰਥ ਬਹੁਤ ਕਠਿਨ ਹੈ। ਕਿਉਂਕਿ ਵਾਹਿਗੁਰੂ ਮੰਤ੍ਰ ਕਾ ਅਰਥ ਵਿਦਿਆ ਕਾ ਖਜ਼ਾਨਾ ਹੈ।"

ਅਗੇ ਆਪ ਲਿਖਦੇ ਹਨ :

> 'ਵਾਹਿਗੁਰੂ ਇਸ ਮੰਤ੍ਰ ਕੇ ਵੀਚ ਮੇਂ ਏਕ ਏਕ ਅਖਰ ਕੇ ਜੁਦੇ ਜੁਦੇ ਅਨੇਕ ਹੀ ਪਦ ਹੈਂ। ਉਨ ਅਨੇਕ ਪਦੋਂ ਕੇ ਅਨੰਤ ਹੀ ਅਰਥ ਹੈਂ। ਔਰ ਅਨੰਤ ਹੀ ਅਰਥੋਂ ਮੇਂ ਗਿਆਨ ਹੈ ਔਰ ਬੇਅੰਤ ਹੀ ਧਾਤੂਆਂ ਹੈਂ, ਬਿਅੰਤ ਹੀ ਪ੍ਰਤੇ ਹੈਂ। ਔਰ ਧਾਤੂ ਪ੍ਰਤਿਓ ਕੇ ਅਰਥ ਭੀ ਬਹੁਤ ਪ੍ਰਕਾਰੋਂ ਸੇ ਹੈਂ ਇਸ ਲੀਏ ਵਾਹਿਗੁਰੂ ਮੰਤ੍ਰ ਮੇਂ ਵਿਚਾਰ ਵ੍ਰਿਤੀਨਿਰੋਧ ਕਰਕੇ ਹੀ ਕਰਣਾ ਯਥਾਰਥ ਹੈ।'

ਵਾਹਿਗੁਰੂ ਮੰਤ੍ਰਾਰਥ (ਗੁਰਮੁਖੀ) ਦੇ ਪੰਨਾ ੪ ਛਾਪ ਪਹਿਲੀ ਤੇ ਇਸ ਗ੍ਰੰਥ ਦੇ ਰਚਨ ਦਾ ਕਾਰਣ ਲਿਖਦੇ ਹਨ :-

> 'ਪੂਰਵ ਦੇਸ ਕੀ ਰਾਜਧਾਨੀ ਕੇ ਨਿਵਾਸੀ ਕਿਸੀ ਰਾਜਾ ਨੇ ਪ੍ਰਸ਼ਨ ਕੀਆ ਥਾ ਜੋ ਕਿ ਹਮ ਸ੍ਰੀ ਗੁਰੂ ਜੀ ਕੇ ਮਤ ਕੇ ਮੰਤ੍ਰ ਕਾ ਉਪਦੇਸ਼ ਲੀਆ ਚਾਹਤੇ ਹੈਂ ਪਰੰਤੂ 'ਵਾਹਿਗੁਰੂ' ਇਸ ਮੰਤ੍ਰ ਕਾ ਅਰਥ ਕੋਈ ਭੀ ਯਥਾਰਥ ਪ੍ਰਤੀਤ ਨਹੀਂ ਹੋਤਾ ਹੈ। ਔਰ ਮੰਤਰੋਂ ਕੇ ਅਰਥ ਬ੍ਰਹਮਾ, ਵਿਸ਼ਨ, ਸ਼ਿਵ, ਬਾਵਨ, ਰਾਮ, ਕ੍ਰਿਸ਼ਨ, ਯਿਹ ਸਭੀ ਯਥਾਰਥ ਹੈਂ। ਸੋ ਐਸੀ ਉਸ ਰਾਜਾ ਕੀ ਵਿਪ੍ਰੀਤ ਭਾਵਨਾ ਦੂਰ ਕਰਣੇ ਵਾਸਤੇ ਸਮਾਨ ਰੀਤੀ ਮੇਂ ਔਰ ਵਿਸ਼ੇਸ਼ ਰੀਤੀ ਮੇਂ ਵਿਚਾਰ ਹੈ ਸੋ ਈਹਾ ਸਮਾਨ ਰੂਪ ਕਰਕੇ ਉਸ ਰਾਜਾ ਕੇ ਪ੍ਰਤੀ ਪ੍ਰਥਮ ਉਥਾਨਕਾ ਕੇ ਵੀਚ ਵਾਹਿਗੁਰੂ ਮੰਤ੍ਰ ਕਾ ਵਿਚਾਰ ਪ੍ਰਦਰਸ਼ਨ ਕਰਤੇ ਹੈਂ। ਤਥਾ ਹੀ। ਮਲੂਮ ਤੋਂ ਬਹੁਤ ਗ੍ਰੰਥੋਂ ਕੇ ਵੀਚ ਮੇਂ ਲਿਖਾ ਹੈ। ਬ੍ਰਹਮਾ ਕਾ ਪਾਂਚਮਾ ਸਿਰ ਸ਼ਿਵ ਜੀ ਨੇ ਕਾਟ ਦੀਆਂ ਥਾ। ਔਰ ਸ਼ਿਵ ਕਾ ਲਿੰਗ ਵਿਸ਼ਨ ਜੀ ਨੇ ਕਾਂਟ ਕੇ ਗਿਆਰਾਂ ਟੁਕੜੇ

ਕਰ ਦੀਆ ਥਾ। ਔਰ ਵਿਸ਼ਨ ਕੇ ਭ੍ਰਿਗੂ ਨੇ ਲਾਤ ਮਾਰੀ ਥੀ ਔਰ ਬਾਵਨ ਬ੍ਰਾਹਮਣ ਥਾ ਰਾਮ ਨੌਮੀ ਕੋ ਰਾਮ ਚੰਦ੍ਰ ਕਾ ਜਨਮ ਹੂਆ ਥਾ ਔਰ ਭਾਦੋਂ ਕੀ ਅਸ਼ਟਮੀ ਕੋ ਕ੍ਰਿਸ਼ਨ ਜੀ ਕਾ ਜਨਮ ਹੂਆ ਥਾ। ਸੋ ਇਸ ਲੀਏ ਵਾਹਿਗੁਰੂ ਇਸ ਮੰਤ੍ਰ ਕੇ ਯਿਹ ਉਕਤ ਛੇ ਅਰਥ ਨਹੀਂ ਹੈ। ਔਰ ਜਿਸ ਕਾ ਜਨਮ ਨਹੀਂ ਜਾਤ ਨਹੀਂ ਕੁਲ ਨਹੀਂ ਔਰ ਮਰਨ ਨਹੀਂ ਕਾਟਾ ਨਹੀਂ। ਮਾਰਾ ਨਹੀਂ ਇਨ ਪਾਂਚ ਦੋਖੋਂ ਸੇ ਜੋ ਰਹਿਤ ਹੈ ਸੋ ਵਾਹਿਗੁਰੂ ਇਸ ਮੰਤ੍ਰ ਕਾ ਅਰਥ ਯਥਾਰਥ ਹੈ।'

**ਗੁਰਮਤਿ ਦਿਗਵਿਜਯ**

ਗੁਰਮਤਿ ਦਿਗਵਿਜਯ ਵਿਚ ਗੁਰਮਤਿ ਦੀ ਵਿਸ਼ੇਸ਼ਤਾ ਵਰਣਨ ਕੀਤੀ ਹੈ, ਜੋ ਸੰਨ ੧੯੦੩ ਈ. ਵਿਚ ਲਿਖਿਆ ਗਿਆ। ਗੁਰੂਮੰਤ੍ਰਾਰਥ ਪ੍ਰਕਾਸ਼ (ਸੰਸਕ੍ਰਿਤ) ਸੰਨ ੧੯੦੬ ਈਃ ਵਿਚ ਅੰਕਿਤ ਕੀਤਾ। ਵਾਹਿਗੁਰੂ ਮੰਤ੍ਰਾਰਥ (ਗੁਰਮੁਖੀ) ਸੰਨ ੧੯੦੯ ਈਃ ਵਿਚ ਲਿਖਿਆ। ਸ੍ਵੈ ਸੁਪਨ ਨਾਟਕ ਵਿਚ ਪੰਡਿਤ ਜੀ ਨੇ ਆਪਣੀ ਸ੍ਵੈ ਜੀਵਨੀ ਸੰਖੇਪ ਵਿਚ ਲਿਖੀ ਹੈ। ਸਾਰੇ ਗ੍ਰੰਥ ਬਾਂਬੇ ਮਸ਼ੀਨ ਪ੍ਰੈਸ, ਲਾਹੌਰ ਤੋਂ ਸੰਨ ੧੯੧੦ ਈਃ ਵਿਚ ਪ੍ਰਕਾਸ਼ਤ ਹੋਏ ਹਨ।

## ਸ੍ਰੀ ਮਹੰਤ ਪੰਡਿਤ ਊਧਵ ਸਿੰਘ ਜੀ

ਆਪ ਜੀ ਨੇ ਦੋ ਗ੍ਰੰਥ ਲਿਖੇ ਹਨ। **੧. ਆਸ਼੍ਰਮ ਧਰਮ ਰਹਸਯ ੨. ਅਭਾਵ ਰਹਸਯ**

(ਇਸ ਗ੍ਰੰਥ ਵਿਚ ਵਿਚਾਰ ਸਾਗਰ ਦੇ ਲੇਖਕ ਸ੍ਵਾਮੀ ਨਿਸ਼ਚਲਦਾਸ ਦੇ ਭੁਲੇਖਿਆਂ ਦਾ ਖੰਡਨ ਕੀਤਾ ਹੈ।)

**ਪੰਡਿਤ ਮੰਗਲ ਸਿੰਘ ਜੀ** ਕਾਸ਼ੀ ਵਾਲਿਆਂ ਨੇ ਵੀ ਨਯਾਯ ਉਪਰ 'ਅਭਾਵਰਹਸਜ' ਅਪੂਰਵ ਗ੍ਰੰਥ ਲਿਖਿਆ ਹੈ।

ਪੰਜਾਬ ਤੋਂ ਬਾਹਰ ਗੁਰਮਤਿ ਦੀ ਵਿਸ਼ੇਸ਼ਤਾ ਦੱਸਣ ਵਾਸਤੇ **ਪੰਡਿਤ ਕੌਰ ਸਿੰਘ ਜੀ** ਨੇ ਗੁਰੂ-ਕੌਮਦੀ ਸੰਸਕ੍ਰਿਤ ਗ੍ਰੰਥ ਲਿਖਿਆ।

**ਠਾਕਰ ਨਿਹਾਲ ਸਿੰਘ ਜੀ ਨੇ 'ਖਾਲਸਾ'** ਸ਼ਬਦ ਦੀ ਵਿਆਖਿਆ, ਉਪਮਾਂ ਵਿਚ 'ਖਾਲਸਾ ਸ਼ਤਕ' ਸੰਸਕ੍ਰਿਤ ਵਿਚ ਸੌ ਸ਼ਲੋਕਾਂ ਦਾ ਸੰਗ੍ਰਹਿ ਕੀਤਾ ਹੈ।

**ਪੰਡਿਤ ਬਾਬਾ ਪ੍ਰੇਮ ਸਿੰਘ ਜੀ** ਰਿਸ਼ੀਕੇਸ਼ ਝਾੜੀ ਵਾਲਿਆਂ ਨੇ 'ਸ੍ਰੀ ਵਾਹਿਗੁਰੂ ਮੰਤ੍ਰ ਸਤੋਤ੍ਰਮ' ਅਤੇ 'ਗੁਰੂ ਸਤੋਤ੍ਰ ਤ੍ਰਯਮ' ਸੰਸਕ੍ਰਿਤ ਵਿਚ ਦੋ ਲਘੂ ਗ੍ਰੰਥ ਅੰਕਿਤ ਕੀਤੇ ਹਨ।

**ਪੰਡਿਤ ਤਾਰਾ ਸਿੰਘ ਜੀ** ਤਰਨ ਤਾਰਨ ਵਾਲਿਆਂ ਨੇ ਸੰਸਕ੍ਰਿਤ ਵਿਚ **'ਮੁਮਖਸੂ ਬੋਧਨ ਪ੍ਰਕਾਸ਼'** ਵੇਦਾਂਤ ਦਾ ਅਦਭੁਤ ਗ੍ਰੰਥ ਲਿਖਿਆ ਹੈ।

**ਸ੍ਰੀ ਪੰਡਿਤ ਹਰੀ ਸਿੰਘ ਜੀ** ਵਿਰਕਤ ਪੰਜਾਬ ਸਿੰਧ ਛੇਤਰ ਰਿਸ਼ੀਕੇਸ਼ ਵਾਲਿਆਂ ਨੇ ਵੇਦਾਂਤ ਦਾ ਅਪੂਰਵ ਗ੍ਰੰਥ ਹਿੰਦੀ ਵਿਚ **'ਅਦ੍ਵੈਤਾਨੁਭਵ ਪ੍ਰਕਾਸ਼'** ਅੰਕਿਤ ਕੀਤਾ ਹੈ ਜਿਸ ਦੀ ਕਵਿਤਾ ਦੀ ਸ਼ੈਲੀ ਇਸ ਤਰ੍ਹਾ ਹੈ :

***ਕਬਿੱਤ***

***"ਭਾਸਤ ਪ੍ਰਪੰਚ ਜੋਈ, ਵਿਖ ਬ੍ਰਿਖ ਸਮ ਸੋਈ, ਦਾਸ ਉਤਪਾਦ ਕੋ, ਨਮਿਤ ਮੋਹੇ ਭਾਖੀਐ।***
***ਪੁਨਾ ਤਾਸ ਨਾਸ਼ ਕਾਜ, ਉਤਮ ਸਮਾਜ ਭਲੋ, ਸਤਿਗੁਰ ਆਪ ਸਮ ਜਗ ਮੈ ਨਾ ਆਖੀਐ।***
***ਆਤਮ ਸਰੂਪ ਜੋਈ, ਸੋਈ ਮਮ ਪੁਨ ਕਹੋ, ਆਪਦ ਕਾ ਸਿੰਧ ਜਿਮ, ਭਵ ਦੁਖ ਨਾਖੀਐ।***
***ਆਇਓ ਮੈਂ ਸਰਣ ਤਵ, ਤਾਰਣ ਤਰਣ ਭਵ, ਜਾਨ ਕੇ ਨਵੀਨ ਦੀਨ, ਭਲੀ ਭਾਂਤ ਭਾਖੀਐ।***
***ਸੁਨ ਸਿਖ ਬਾਤ ਗੁਰ, ਆਨੀ ਹਰਖਾਤ ਉਰ ਭਾਖਤ ਸੁ ਵੇਦ ਸਾਰ, ਤਾਹੀ ਸੁਨ ਲੀਜੀਐ।***

*ਜਗ ਕੋ ਨਿਦਾਨ ਬ੍ਰਹਮ, ਸ਼ਕਤੀ ਸੁਜਾਨ ਜਾਨ, ਆਤਮਾ ਕੋ ਬੋਧ ਤਾਸ, ਨਾਸਕ ਪਿਖੀਜੀਐ।*
*ਸਤ ਚਿਤ ਅਨੰਦ ਜੋਈ, ਆਤਮ ਸਰੂਪ ਸੋਈ, ਬ੍ਰਹਮ ਅਖੰਡ ਇਕ ਰਸ, ਮਨ ਮੈ ਲਖੀਜੀਐ।*
*ਐਸਤਿਵ ਰੂਪ ਮਾਹੀ, ਮੂਲ ਯੁਤ ਜਗ ਨਾਹੀ, ਗਗਨ ਅਰਵਿੰਦ ਸਮ, ਤਾਸ ਲਖ ਲੀਜੀਐ।"*

**ਪੰਡਿਤ ਗਿਆਨ ਸਿੰਘ ਜੀ** ਨੇ **'ਰਿਸ਼ੀ ਨਿਰਮਲ ਗਯਾਨ'** ਅਤੇ **'ਗੁਰੂ ਨਾਨਕ ਨਿਰਮਲ ਪਧਤਿ'** ਦੋ ਗ੍ਰੰਥ ਲਿਖੇ ਹਨ।

**ਸੰਤ ਮਖਨ ਸਿੰਘ ਜੀ ਸ਼ਾਹਪੁਰ** ਨੇ ਨਾਨਕ ਪ੍ਰਕਾਸ਼ ਦਾ ਹਿੰਦੀ ਅਨੁਵਾਦ ਲਿਖਕੇ ਪ੍ਰਕਾਸ਼ਤ ਕੀਤਾ ਹੈ।

**ਸ੍ਰੀਮਾਨ ਪੰਡਿਤ ਬੁਧ ਸਿੰਘ ਜੀ** ਨੇ 'ਨਯਾਯ ਦਰਸ਼ਨ' ਦੇ ਗ੍ਰੰਥ **'ਤਰਕਸੰਗ੍ਰਹਿ'** ਦਾ ਸੰਸਕ੍ਰਿਤ ਵਿਚ **'ਪਦ ਕ੍ਰਿਤਜ'** ਟੀਕਾ ਕੀਤਾ ਹੈ। ਇਹ ਟੀਕਾ ਸੰਸਕ੍ਰਿਤ ਦੇ ਵਿਦਵਾਨਾਂ ਵਿਚ ਸਰਵ ਪ੍ਰਿਯ ਹੈ ਜੋ ਪੰਡਿਤ ਚੰਦ੍ਰਜ ਸਿੰਘ ਦੇ ਟੀਕੇ ਨਾਲ ਵਿਖਿਆਤ ਹੈ।[੧] ਦੂਸਰਾ ਗ੍ਰੰਥ **'ਪ੍ਰਸਤਾਰ ਪ੍ਰਭਾਕਰ'** ਲਿਖਿਆ ਹੈ।

**ਪੰਡਿਤ ਹਰ ਸਿੰਘ ਜੀ ਨਰੋਤਮ** ਕਾਸ਼ੀ ਵਾਲਿਆਂ ਨੇ 'ਸ੍ਰੀ ਗੁਰੁਸਿਧਾਂਤ ਪਾਰਿਜਾਤ' ਗੁਰਮਤਿ ਗੁਰਬਾਣੀ ਦੀ ਵਿਆਖਿਆ ਵਾਸਤੇ ਸੰਸਕ੍ਰਿਤ ਵਿਚ ਲਿਖਿਆ। ਇਸ ਸੰਸਕ੍ਰਿਤ ਗ੍ਰੰਥ ਦਾ ਹਿੰਦੀ ਅਨੁਵਾਦ ਆਪ ਜੀ ਦੇ ਪੋਤੇ ਸ਼ਿਸ਼ ਸੰਤ ਠਾਕਰ ਸਿੰਘ ਜੀ 'ਪਥਿਕ' ਬ੍ਰਹਮਕੁਟੀ ਕਾਸ਼ੀ ਵਾਲਿਆਂ ਨੇ ਕੀਤਾ ਸੀ ਜੋ ਛਪ ਨਹੀਂ ਸਕਿਆ।

## ਪੰਡਿਤ ਗੋਬਿੰਦ ਸਿੰਘ ਜੀ

ਆਪ ਧੁਰੰਧਰ ਵਿਦਵਾਨ ਹੋਏ ਹਨ। ਗੁਰਮਤਿ, ਵੇਦਾਂਤ, ਇਤਿਹਾਸ, ਮਿਥਿਹਾਸ ਅਤੇ ਸੰਸਕ੍ਰਿਤ ਦੇ ਪ੍ਰਕਾਂਡ ਪੰਡਿਤ ਸਨ। ਆਪ ਜੀ ਨੇ ਹਿੰਦੀ, ਦੇਵਨਾਗਰੀ ਲਿਪੀ ਵਿਚ ਕਈ ਗ੍ਰੰਥ ਅੰਕਿਤ ਕੀਤੇ ਹਨ, ਜੋ ਹੇਠ ਲਿਖੇ ਅਨੁਸਾਰ ਹਨ :

**੧. ਨਯਾਯ ਮੁਕਤਾਵਲੀ**

ਆਪ ਜੀ ਨੇ ਇਸ ਪੁਸਤਕ ਦਾ ਹਿੰਦੀ ਟੀਕਾ ਲਿਖਕੇ ਥੋੜ੍ਹੀ ਸੰਸਕ੍ਰਿਤ ਪੜ੍ਹੇ ਵਿਅਕਤੀਆਂ ਉਤੇ ਉਪਕਾਰ ਕੀਤਾ ਹੈ। ਆਪ ਬੁਧੀ ਦੀ ਕਸਵੱਟੀ ਨਾਲ ਪਰਖ-ਪੜਚੋਲ ਕਰਕੇ ਲਿਖਦੇ ਸਨ, ਮੱਖੀ ਤੇ ਮੱਖੀ ਨਹੀਂ ਮਾਰਦੇ ਸਨ। ਇਸ ਵਾਸਤੇ ਨਯਾਯ ਮੁਕਤਾਵਲੀ ਦੀ ਭੂਮਿਕਾ ਵਿਚ ਸ੍ਵਾਮੀ ਸ਼ੰਕਰਾਚਾਰਯ ਤੇ ਤਿੱਖੀ ਆਲੋਚਨਾ ਕੀਤੀ ਹੈ। ਭਗਵਾਨ ਸ਼ੰਕਰ ਨੇ ਦੂਸਰੇ ਪੰਜ ਸ਼ਾਸਤ੍ਰਾਂ (ਨਯਾਯ, ਵੈਸ਼ੇਸਿਕ, ਸਾਂਖਯ, ਯੋਗ, ਪੂਰਵ ਮੀਮਾਂਸਾ) ਨੂੰ ਅਵੈਦਿਕ ਸਿੱਧ ਕਰਨ ਦਾ ਯਤਨ ਕੀਤਾ ਹੈ ਅਤੇ ਵੇਦ ਵਿਰੋਧੀ ਦਸਿਆ ਹੈ। ਸ਼ਾਸਤ੍ਰਾਂ ਦੇ ਲੇਖਕ ਰਿਸ਼ੀਆਂ ਉਪਰ ਹਾਸ ਭਰੀ ਤਰਕ ਕੀਤੀ ਹੈ।

ਆਪ ਜੀ ਨੇ ਦ੍ਰਿੜ੍ਹਤਾ ਨਾਲ ਸ਼ੰਕਰ ਦਾ ਖੰਡਨ ਕੀਤਾ ਹੈ ਅਤੇ ਦਸਿਆ ਹੈ ਕਿ ਪਹਿਲੇ ਕਿਸੇ ਵੀ ਦਰਸ਼ਨ ਲੇਖਕ ਨੇ ਦੂਸਰੇ ਦਰਸ਼ਨਕਾਰ ਦਾ ਖੰਡਨ ਨਹੀਂ ਕੀਤਾ ਸੀ ਬਲਕਿ ਪਰਸਪਰ ਪੂਰਤੀ ਕਰਦੇ ਰਹੇ ਸਨ। ਸਾਂਖਯ ਸ਼ਾਸਤ੍ਰ ਦੇ ਲੇਖਕ ਕਪਲ ਜੀ ਨੇ 'ਤਤ੍ਵ ਸੰਖਯਾਨ' ਨੂੰ ਮੋਕਸ਼ ਦਾ ਮਾਰਗ ਮੰਨਿਆ ਹੈ। 'ਯੋਗ ਸ਼ਾਸਤ੍ਰ' ਚਿੱਤ ਸੁਧੀ

---

*੧. ਇਹ ਟੀਕਾ ਪੰਡਿਤ ਚੰਦ੍ਰਜ ਸਿੰਘ ਟੀਕਾਕਾਰ ਦੇ ਨਾਮ ਨਾਲ ਸਰਵ ਪ੍ਰਸਿੱਧ ਹੈ। ਚੰਦ੍ਰਜ ਸਿੰਘ, ਪੰਡਿਤ ਬੁਧ ਸਿੰਘ ਜੀ ਦਾ ਉਪਨਾਮ ਸੀ। ਪੁਰਾਨਕ ਮਿਥਿਹਾਸ ਦੇ ਆਧਾਰ ਤੇ 'ਬੁਧ' ਤੋਂ 'ਚੰਦ੍ਰਜ' ਨਾਮ ਬਣਾਇਆ ਹੈ। ਪੁਰਾਣਾ ਅਨੁਸਾਰ 'ਚੰਦ੍ਰਮਾ', ਬੁਧ ਦਾ ਪਿਤਾ ਹੈ। 'ਚੰਦ੍ਰਜ' ਸ਼ਬਦ ਦਾ ਅਰਥ ਹੈ 'ਚੰਦ੍ਰਮਾ' ਦਾ ਪੁਤਰ; ਚੰਦ੍ਰਮਾ ਦਾ ਪੁਤਰ ਬੁਧ ਸੀ। ਇਸ ਤਰ੍ਹਾਂ ਕੂਟ ਭਾਸ਼ਾ ਅਨੁਸਾਰ ਪੰਡਿਤ ਜੀ ਨੇ ਇਹ ਉਪਨਾਮ ਧਾਰਨ ਕੀਤਾ ਹੈ।*

ਦ੍ਵਾਰਾ ਗਿਆਨ ਦਾ ਸਹਾਇਕ ਹੈ। ਛੇ ਸ਼ਾਸਤ੍ਰਕਾਰ ਪਰਸਪਰ ਸਮਰਥਕ ਹਨ, ਵਿਰੋਧੀ ਨਹੀਂ। ਸਭ ਤੋਂ ਪਹਿਲਾਂ ਵਿਗਿਆਨ ਭਿਖਸ਼ੂ ਨੇ ਵੇਦਾਂਤ ਦਾ ਖੰਡਨ ਕੀਤਾ ਸੀ। ਇਸ ਤੋਂ ਮਗਰੋਂ ਸ਼ੰਕਰ ਨੇ ਪੰਜਾਂ ਸ਼ਾਸਤ੍ਰਾਂ ਦਾ (ਵੇਦਾਂਤ ਨੂੰ ਛੱਡ ਕੇ) ਖੰਡਨ ਕਰਕੇ ਸਭ ਨੂੰ ਅਵੈਦਿਕ ਆਖਕੇ ਭੰਡਿਆ ਹੈ। ਦੂਜੇ ਪੰਜੇ ਸ਼ਾਸਤ੍ਰ (ਨਯਾਯ; ਵੈਸ਼ੇਸਿਕ, ਸਾਂਖਯ, ਯੋਗ, ਪੂਰਵ ਮੀਮਾਂਸਾ) ਜੀਵ ਨੂੰ ਨਾਨ੍ਹਾ ਮੰਨਦੇ ਹਨ। ਇਸ ਦੇ ਵਿਪ੍ਰੀਤ ਸ਼ੰਕਰ ਨੇ ਇਕ ਮੰਨਿਆ ਹੈ। ਪੰਡਿਤ ਗੋਬਿੰਦ ਸਿੰਘ ਜੀ ਨੇ ਸਾਰੇ ਸ਼ਾਸਤ੍ਰਾਂ ਦਾ ਦੀਰਘੁ-ਦ੍ਰਿਸ਼ਟੀ ਨਾਲ ਅਧਿਐਨ ਕਰਕੇ ਆਪਣਾ ਮੱਤ ਦਸਿਆ ਹੈ ਕਿ 'ਬ੍ਰਹਮ ਸੂਤ੍ਰ' ਵਿਚ ਵਿਆਸ ਜੀ ਨੇ ਕਿਤੇ ਵੀ ਸਪਸ਼ਟ 'ਏਕਾਤਮਵਾਦ' ਦਾ ਜ਼ਿਕਰ ਨਹੀਂ ਕੀਤਾ, ਇਹ ਕੇਵਲ ਸ਼ੰਕਰ ਦੇ ਦਿਮਾਗ ਦੀ ਦੇਣ ਹੈ। ਆਪ ਜੀ ਨੇ ਸ਼ੰਕਰ ਦੇ ਸਿਧਾਂਤ ਵਿਰੁੱਧ ਪ੍ਰਮਾਣ ਦੇਕੇ 'ਏਕਾਤਮਵਾਦ' ਦਾ ਖੰਡਨ ਕੀਤਾ ਹੈ। ਆਪ ਜੀ ਦੀਆਂ ਪ੍ਰਬਲ ਦਲੀਲਾਂ ਅਗੇ ਸ਼ੰਕਰ ਦਾ 'ਏਕਾਤਮਵਾਦ' ਅਸਿਥਰ ਹੋ ਗਿਆ। ਨਯਾਯ ਮੁਕਤਾਵਲੀ ਦੀ ਟੀਕਾ ਸੰਨ ੧੮੩੧ ਈ: ਵਿਚ ਪ੍ਰਕਾਸ਼ਿਤ ਹੋਈ ਸੀ।

**੨. ਵੇਦਾਂਤ ਪਰਿਭਾਸ਼ਾ**

ਵੇਦਾਂਤ ਪਰਿਭਾਸ਼ਾ ਦੇ ਟੀਕੇ ਦਾ ਏਹੀ ਉਦੇਸ਼ ਹੈ ਕਿ ਆਰੰਭਕ ਵਿਦਿਆ ਵਾਲੇ ਵਿਦਿਆਰਥੀ ਵੇਦਾਂਤ ਦੀ ਪਰਿਭਾਸ਼ਾ ਤੋਂ ਜਾਣੂ ਹੋ ਜਾਣ ਅਤੇ ਸੁਗਮਤਾ ਨਾਲ ਅਧਿਐਨ ਕਰ ਸਕਣ। ਉਪਰ ਲਿਖ ਆਏ ਹਾਂ ਕਿ ਆਪ ਜੀ ਨੇ 'ਨਯਾਯਮੁਕਤਾਵਲੀ' ਵਿਚ ਸ੍ਵਾਮੀ ਸ਼ੰਕਰਾਚਾਰਯ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਹੈ। ਇਸੀ ਤਰ੍ਹਾਂ ਵੇਦਾਂਤ ਪਰਿਭਾਸ਼ਾ ਵਿਚ ਛੇ ਸ਼ਾਸਤ੍ਰਾਂ ਦੇ ਕਰਤਾ ਰਿਸ਼ੀਆਂ, ਅਗੇ ਭਾਸਕਾਰ ਅਚਾਰਯਾਂ ਦਾ ਨਿਰਭੈ ਹੋ ਕੇ ਬਾ-ਦਲੀਲ ਖੰਡਨ ਕੀਤਾ ਹੈ। ਆਪ ਜੀ ਨੇ ਲਿਖਿਆ ਹੈ ਕਿ ਜਦ 'ਸਤਯ' ਇਕ ਹੈ ਫਿਰ ਉਸ ਦੇ ਭਿੰਨ-ਭਿੰਨ ਰਸਤੇ ਦਸਣੇ ਠੀਕ ਨਹੀਂ ਹਨ।

ਅਗੇ ਲਿਖਿਆ ਹੈ ਕਿ ਇਕ ਉਹ ਦਰਸ਼ਨਕਾਰ ਹਨ ਜੋ 'ਸ਼ਬਦਪ੍ਰਮਾਣ' ਨੂੰ ਧੁਰਵਾ ਨਹੀਂ ਮੰਨਦੇ ਜਿਵੇਂ 'ਚਾਰ ਵਾਕ', 'ਬੋਧ', 'ਜੈਨ' ਵਿਚਾਰਾਂ ਵਾਲੇ ਹਨ।

ਦੂਸਰੇ 'ਸ਼ਬਦਪ੍ਰਮਾਣ' ਨੂੰ ਅਧਾਰ ਮੰਨਣ ਵਾਲੇ ਨਯਾਯ ਦੇ ਲੇਖਕ ਗੋਤਮ ਰਿਸ਼ੀ, ਵੈਸ਼ੇਸਿਕ ਸ਼ਾਸਤ੍ਰ ਦੇ ਕਰਤਾ ਰਿਸ਼ੀ ਕਣਾਦ, ਸਾਂਖਯ ਸ਼ਾਸਤ੍ਰ ਦੇ ਕਰਤਾ ਰਿਸ਼ੀ ਕਪਲ, ਯੋਗ ਸ਼ਾਸਤ੍ਰ ਦੇ ਰਚਿਤਾ ਪਤੰਜਲੀ, ਪੂਰਵ ਮੀਮਾਂਸਾ ਦੇ ਲੇਖਕ ਜੈਮਿਨੀ ਅਤੇ ਉਤਰ ਮੀਮਾਂਸਾ ਦੇ ਲੇਖਕ ਬਦਰਾਇਣ ਰਿਸ਼ੀ ਹਨ। ਸ਼ਬਦਪ੍ਰਮਾਣ ਨੂੰ ਮੰਨਣ ਵਾਲੇ ਰਿਸ਼ੀਆਂ ਵਿਚ ਵੀ ਵਿਚਾਰਾਂ ਦੀ ਸਾਂਝ ਨਹੀਂ ਹੈ।

ਅਗੇ ਭਾਸ਼ਕਾਰ ਆਚਾਰਯ ਵੀ ਭਿੰਨਤਾ ਰਖਦੇ ਹਨ। ਜਿਵੇਂ ਬਦਰਾਇਣ ਰਿਸ਼ੀ ਦੇ 'ਬ੍ਰਹਮਸੂਤ੍ਰ' ਉਪਰ ਸ੍ਵਾਮੀ ਸ਼ੰਕਰਾਚਾਰਯ ਦਾ 'ਅਦ੍ਵੈਤਵਾਦ', ਸ੍ਵਾਮੀ ਰਾਮਾਨੁਜਾਚਾਰਯ ਦਾ 'ਵਿਸ਼ਸ਼ਟਾਦ੍ਵੈਤਵਾਦ, ਸ੍ਵਾਮੀ ਬਲਭਾਚਾਰਯ ਦਾ 'ਸੁਧ ਦ੍ਵੈਤਵਾਦ' ਪ੍ਰਸਿਧ ਹਨ। ਪੰਡਿਤ ਗੋਬਿੰਦ ਸਿੰਘ ਜੀ ਦੇ ਕਥਨ ਅਨੁਸਾਰ ਇਹ ਸਾਰੇ ਰਿਸ਼ੀ ਅਤੇ ਆਚਾਰਯ ਇਕ ਮੱਤ ਕਹਿੰਦੇ ਹਨ ਕਿ ਭ੍ਰਾਂਤੀ ਖਤਮ ਕਰਨ ਵਾਸਤੇ ਇਹ ਸ਼ਾਸਤ੍ਰ ਰਚੇ ਹਨ। ਵਾਸਤਵ ਵਿਚ ਸਾਰੇ ਰਿਸ਼ੀ ਅਤੇ ਆਚਾਰਯ ਭ੍ਰਾਂਤੀ ਪਾ ਰਹੇ ਹਨ। ਕਿਸ ਰਿਸ਼ੀ/ਆਚਾਰਯ ਦੇ ਸ਼ਾਸਤ੍ਰ ਨੂੰ ਸ਼ਬਦਪ੍ਰਮਾਣ ਮੰਨਿਆ ਜਾਵੇ?

ਪੰਡਿਤ ਗੋਬਿੰਦ ਸਿੰਘ ਜੀ ਨੇ ਇਕ ਪ੍ਰਮਾਣ ਦਿਤਾ ਹੈ ਕਿ, 'ਇਕ ਬਾਲਕ ਜੰਗਲ ਵਿਚ ਰਸਤਾ ਭੁਲ ਗਿਆ ਹੋਵੇ, ਉਥੇ ਦਸ ਸੰਤ ਆਕੇ ਉਸ ਨੂੰ ਦਸ ਹੀ ਦਿਸ਼ਾਵਾਂ ਵਲ ਘਰ/ਪਿੰਡ ਦਾ ਰਸਤਾ ਦੱਸਣ, ਤਾਂ ਉਹ ਬਾਲਕ ਏਹੀ ਸੋਚੇਗਾ ਕਿ ਇਹ ਸੰਤ ਜਾਂ ਬੁਧੀਹੀਨ ਹਨ ਜਾਂ ਠੱਗ ਹਨ, ਕਿਉਂਕਿ ਘਰ ਦਾ ਰਸਤਾ ਤਾਂ ਇਕੋ ਦਿਸ਼ਾ ਵਲ ਹੋ ਸਕਦਾ ਹੈ, ਦਸਾਂ ਦਿਸ਼ਾਵਾਂ ਵਲ ਤਾਂ ਹੋ ਨਹੀਂ ਸਕਦਾ। ਇਹੀ ਸਥਿਤੀ ਸ਼ਾਸਤ੍ਰਕਾਰ ਰਿਸ਼ੀਆ ਅਤੇ ਸ਼ਾਸਤ੍ਰਾਂ ਦੇ

ਭਾਸ਼ਕਾਰ ਆਚਾਰਯਾਂ ਦੀ ਹੈ। ਆਪ ਜੀ ਨੇ ਕਟਾਕਸ਼ ਕਸਦੇ ਹੋਏ ਫੁਰਮਾਇਆ ਹੈ, **'ਸ਼ਤ ਸੁਬੋਧ ਕੀ ਏਕ ਮਤਿ, ਔਰ ਮੂਰਖ ਆਪੋ ਅਪਨੀ।'** ਸੈਂਕੜੇ ਬੁਧੀਮਾਨਾਂ ਦਾ ਇਕ ਹੀ ਵਿਚਾਰ ਹੁੰਦਾ ਹੈ। ਮੂਰਖਾਂ ਦਾ ਇਕ ਹੀ ਵਿਸ਼ੇ ਤੇ ਭਿੰਨ-ਭਿੰਨ ਨਿਰਣੈ ਹੁੰਦਾ ਹੈ। ਹੁਣ ਵਿਚਾਰਸ਼ੀਲ ਪੁਰਸ਼ ਵਿਚਾਰ ਕਰਨ ਕਿ ਸਾਡੇ ਸੰਪ੍ਰਦਾਇ ਪ੍ਰਵਰਤਕ ਆਚਾਰਯ ਲੋਗੋਂ ਕੀ ਕਿਸ ਕੋਟੀ ਮੇਂ ਗਣਨਾ ਹੋਣੀ ਚਾਹੀਏ।'

ਇਸ ਤਰ੍ਹਾਂ ਆਪ ਜੀ ਨੇ 'ਵੇਦਾਂ ਤੇ ਪਰਿਭਾਸ਼ਾ' ਦੀ ਟੀਕਾ ਵਿਚ ਨਿਰਭੈ 'ਸਿੰਘ ਨਾਦ' (ਆਵਾਜ਼) ਵਿਚ ਆਪਣੇ ਵਿਚਾਰਾਂ ਨੂੰ ਪ੍ਰਗਟ ਕੀਤਾ ਹੈ। ਫਿਰ ਵੀ ਆਪ ਜੀ ਨੇ ਪ੍ਰਸਤਾਵਨਾ ਦੇ ਅੰਤ ਵਿਚ ਸੁਾਮੀ ਸ਼ੰਕਰਾਚਾਰਯ ਜੀ ਦੀ ਭੂਰ-ਭੂਰ ਪ੍ਰਸ਼ੰਸਾ ਕੀਤੀ ਹੈ। ਅਨਯ ਆਚਾਰਯਾਂ ਦੇ ਮੁਕਾਬਲੇ ਵਿਚ ਸ਼ੰਕਰ ਅਤੇ ਉਸਦੀ ਸ਼ਿਸ਼ ਮੰਡਲੀ ਨੂੰ ਮਹਾਨ ਦਸਿਆ ਹੈ। ਵੇਦਾਂਤ ਪਰਿਭਾਸ਼ਾ ਦਾ ਟੀਕਾ ਸੰਮਤ ੧੯੭੯ ਬਿਃ ਵਿਚ 'ਲਕਸ਼ਮੀ ਵੈਂਕਟੇਸ਼ੂਰ ਕਲਿਆਣ-ਬੰਬਈ' ਤੋਂ ਪ੍ਰਕਾਸ਼ਿਤ ਹੋਇਆ ਹੈ।

### ੩. ਇਤਿਹਾਸ ਗੁਰੂ ਖਾਲਸਾ

ਇਹ ਗ੍ਰੰਥ ਰਤਨ ਅਤਿਅੰਤ ਖੋਜ ਨਾਲ ਲਿਖਿਆ ਹੈ। ਇਸ ਗ੍ਰੰਥ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਆਪ ਜੀ ਨੇ ਭਾਰਤ ਦੇ ਇਤਿਹਾਸ, ਮਿਥਿਹਾਸ ਦਾ ਕਿੰਨੀ ਦੀਰਘੁ-ਦ੍ਰਿਸ਼ਟੀ ਨਾਲ ਅਧਿਐਨ ਕੀਤਾ ਸੀ। ਮਿਥਿਹਾਸ ਨੂੰ ਇਤਿਹਾਸ ਤੋਂ ਵਖ ਕਰਨ ਦੀ ਮਹਾਨ ਬੁਧੀ ਰਖਦੇ ਸਨ। ਇਤਿਹਾਸ 'ਗੁਰੂ ਖਾਲਸਾ' ਤੋਂ ਇਹ ਵੀ ਪਤਾ ਲਗਦਾ ਹੈ ਕਿ ਆਪ ਜੀ ਨੇ ਪ੍ਰਾਚੀਨ ਮੁਸਲਮਾਨ ਇਤਿਹਾਸਕਾਰਾਂ ਦੀਆਂ ਫਾਰਸੀ/ਉਰਦੂ ਤਾਰੀਖਾਂ ਦਾ ਬਾਰੀਕੀ ਨਾਲ ਅਧਿਐਨ ਕੀਤਾ ਸੀ। ਗੁਰੂਘਰ ਵਿਚ ਆਪ ਜੀ ਦੀ ਅਗਾਧ ਸ਼ਰਧਾ ਸੀ। ਇਸ ਗਲ ਦਾ ਪਤਾ 'ਨਯਾਯ ਮੁਕਤਾਵਲੀ' ਸਟੀਕ ਅਤੇ 'ਵੇਦਾਂਤ ਪਰਿਭਾਸ਼ਾ' ਸਟੀਕ ਤੋਂ ਲਗਦਾ ਹੈ। ਦੋਨਾਂ ਟੀਕਿਆਂ ਵਿਚ ਆਪ ਹਰ ਪ੍ਰਕਰਣ ਦੇ ਆਰੰਭ ਵਿਚ ਸੰਸਕ੍ਰਿਤ ਸ਼ਲੋਕਾਂ ਵਿਚ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ ਕਰਦੇ ਹਨ।

ਇਸ ਤੋਂ ਇਲਾਵਾ ਜਿਥੇ ਆਪ ਜੀ ਨੇ 'ਵੈਰਾਗ ਸ਼ਤਕ' ਗ੍ਰੰਥ ਉਪਰ ਇੱਕ ਟਿੱਪਣੀ ਕੀਤੀ ਹੈ। ਇਕ ਮੌਲਿਕ ਗ੍ਰੰਥ 'ਉਦਯੋਗ ਤਥਾ ਪ੍ਰਾਰਬਧ' ਵੀ ਲਿਖਿਆ ਹੈ।

## ਪੰਡਿਤ ਗੁਰਦਿੱਤ ਸਿੰਘ ਜੀ

ਆਪ ਉੱਚ ਜੀਵਨ ਵਾਲੇ ਪਵਿਤ੍ਰ ਆਤਮਾ ਮਹਾਂਪੁਰਖ ਸਨ। ਆਪ ਜੀ ਨੇ ਹਿੰਦੀ/ਸੰਸਕ੍ਰਿਤ ਵਿਚ ਹੇਠ ਲਿਖੇ ਗ੍ਰੰਥ ਅੰਕਿਤ ਕਰਕੇ ਪ੍ਰਕਾਸ਼ਿਤ ਕੀਤੇ ਹਨ :

### ੧. ਜਪੁਜੀ ਸਟੀਕ

ਆਪ ਜੀ ਨੇ ਇਸ ਟੀਕੇ ਦਾ ਨਾਮ 'ਅਥ ਜਪੁ ਪਦਾਰਥ ਸੁਬੋਧਨੀ ਟੀਕਾ ਲਿਖਯਤੇ' ਰਖਿਆ ਹੈ। ਟੀਕੇ ਦੇ ਦੋ ਭਾਗ ਕੀਤੇ ਹਨ। 'ਅਸੰਖ ਨਾਵ.......' ਵਾਲੀ ਪਉੜੀ ਤਕ ਪੂਰਵਾਰਧ, ਅੰਤ ਤਕ ਉਤਰਾਰਧ ਦੇ ਆਰੰਭ ਵਿਚ ਵੀ ੧ੴ ਲਿਖਿਆ ਹੈ। ਅੰਤ ਵਿਚ 'ੳ' ਹੈ। ਟੀਕੇ ਦੇ ਆਰੰਭ ਵਿਚੋਂ ਬੋਲੀ/ਸ਼ੈਲੀ ਦਾ ਨਮੂਨਾ ਇਸ ਤਰ੍ਹਾ ਹੈ :

> "ਮੋਖ ਕੀ ਪ੍ਰਾਪਤੀ ਕੇ ਸਾਧਨ ਵੇਦਾਂ ਵਿਚ ਸੰਸਕ੍ਰਿਤ ਗ੍ਰੰਥੋਂ ਮੇਂ ਅਨੇਕ ਵਿਚਾਰ ਕਰਨੇ ਮੇਂ ਸਰਬ ਜਨ ਸਮਰਥ ਨਹੀਂ ਐਸੇ ਦੇਖ ਸਰਬ ਜਨੋ ਕੇ ਉਪਕਾਰ ਸ਼ਕਤੀਮਾਨ ਪਰਮ ਕ੍ਰਿਪਾਲੂ ਕਰਤਾ ਪੁਰਖ ਸ੍ਰੀ ਗੁਰੂ ਨਾਨਕ ਦੇਵ ਨਾਮ ਅਵਤਾਰ ਕੋ ਸਰਬ ਜਨੋ ਕੇ ਉਪਕਾਰ ਅਰਥ ਭਾਖਾ ਬਾਨੀ ਮੇਂ ਰਚਨਾ ਕਰਤੇ ਭਏ। ਭਾਖਾ ਹੋਨੇ ਪਰ ਭੀ ਪਰਮ ਗੰਭੀਰ ਅਰਥਾਵਲੀ ਜਪੁਜੀ ਨਾਮਕ ਬਾਨੀ ਕੇ ਤਾਤਪਰਜ ਕੋ ਅਲਪ ਬੁੱਧੀ ਜਗਯਾਸੂ ਜਨ

ਨਹੀਂ ਜਾਨ ਸਕੇਂਗੇ। ਯਿਹ ਵਿਚਾਰ ਕਰ ਮਹਾਤਮਾ ਵਿਦਵਾਨੋਂ ਨੇ ਅਨੇਕ ਟੀਕਾ ਰਚਨਾ ਕੀ ਪਰੰਤੂ ਵਹੁ ਟੀਕਾ ਬਹੁਤ ਵਿਸਤਾਰ ਯੁਕਤ ਇਸ ਲੀਏ ਉਨ ਸੇ ਬੀ ਸੀਘ੍ਰ ਅਰਥ ਦਾ ਲਾਭ ਅਲਪ ਸੰਸਕਾਰ ਵਾਲੋਂ ਕੋ ਨਹੀਂ ਹੋ ਸਕਤਾ ਯਹ ਵਿਚਾਰ ਕਰ ਤਥਾ ਸੁਮਿਤ੍ਵਰ ਕੀ ਪ੍ਰੇਰਨਾ ਕੋ ਸਵੀਕਾਰ ਕਰ ਯਿਹ ਅਲਪ ਟੀਕਾ ਇਸ ਭਿਖੂ ਨੇ ਰਚਨਾ ਕੀ। ਯਦਯਪਿ ਮੇਰੀ ਬੁੱਧੀ ਗੁਰਬਾਣੀ ਕੇ ਅਰਥ ਕਰਨੇ ਮੇਂ ਕੁਛ ਸਾਮਰਥ ਨਹੀਂ ਪ੍ਰੰਤੂ ਜੈਸੇ ਅਨੇਕ ਮਲਨਿ ਨਾਲੋਂ ਕਾ ਜਲ ਸ੍ਰੀ ਗੰਗਾ ਜੀ ਕੇ ਪਾਵਨ ਜਲ ਮੇਂ ਮਿਲ ਕਰ ਸ਼ੁੱਧ ਹੋ ਜਾਤਾ ਹੈ ਵੈਸੇ ਮੇਰੀ ਅਲਪ ਬੁਧੀ ਕਰ ਰਚਨਾ ਕੀ ਹੋਈ ਦੋਖ ਯੁਕਤ ਟੀਕਾ ਪਰਮ ਨਿਰਦੋਖ ਗੁਰਬਾਣੀ ਸੇ ਮਿਲ ਕਰ ਨਿਰਦੋਖਤਾ ਕੋ ਪ੍ਰਾਪਤ ਹੋਗੀ।" ਇਹ ਟੀਕਾ 'ਅਰੋੜਵੰਸ਼ ਯੰਤ੍ਰਾਲਯ ਲਾਹੌਰ' ਵਿਚ ਸੰਮਤ ੧੯੬੮ ਬਿ: (੧੯੧੧ ਈ:) ਵਿਚ ਛਪਿਆ ਹੈ।

**੨. ਸ੍ਰੀ ਗੁਰਗਿਰਾ ਰੂਪਾਂਤਰ**

(ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਲੋਕਾਂ ਦਾ ਸੰਸਕ੍ਰਿਤ ਪਦ ਟੀਕਾ) ੯ਵੇਂ ਮਹਲੇ ਦੇ ਸ਼ਲੋਕਾਂ ਨੂੰ ਸੰਸਕ੍ਰਿਤ ਸ਼ਲੋਕ ਬਣਾਕੇ ਸੁੰਦਰ ਅਨੁਵਾਦ ਕੀਤਾ ਹੈ। ਇਹ ਸਮ ਅਰਥਕ ਸ਼ਲੋਕ ਪੜ੍ਹਨ ਯੋਗ ਹਨ। ਅਨੁਵਾਦ ਅਤਿ ਸ਼ਰਧਾ ਨਾਲ ਕੀਤਾ ਹੈ ਜਿਵੇਂ :

***ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ।***
***ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥***

*(ਪੰਨਾ ੧੪੨੬)*

(ਸੰਸਕ੍ਰਿਤ ਰੂਪ) :

**"हे शिष्य जानीहि पवित्र शिक्षांपचैव भूतानी शरीर हेतू :**
**यतः समुत्पन्न मदोऽन्त काले तत्रैव लीनं भवतीत् सत्यम्।"**

ਭਾਵ :- (ਹੇ ਸ਼ਿਸ਼) ਜਿਗਆਸੂਓ (ਪਵਿਤ੍ਰ ਸ਼ਿਕਸ਼ਾਮ) ਇਸ ਪਵਿਤ੍ਰ ਉਪਦੇਸ਼ ਨੂੰ (ਜਾਨਹਿ) ਤੂੰ ਨਿਸਚੇ ਕਰ ਜਿਸ ਦੇ ਕਾਰਣ ਤੂੰ ਹਰਖ-ਸ਼ੋਕ ਆਦਿ ਤੋਂ ਮੁਕਤਿ ਹੋ ਜਾਵੇਂਗਾ। (ਸਰੀਰ ਹੇਤੂ) ਸਰਵ ਸਰੀਰਾਂ ਕਾਰਣ (ਪੰਚਏਵ) ਪੰਜ ਹੀ (ਭੂਤਾਨਿ) ਤੱਤ ਹੈਂ। ਭਾਵ ਆਕਾਸ਼ ਆਦਿਕ ਪੰਜ ਤਤ ਹੀ ਸਮੂੰਹ ਸਰੀਰਾਂ ਦਾ ਕਾਰਨ ਹੈ। ਇਸ ਵਾਸਤੇ (ਯਤ:) ਜਿਸ ਤੋ ਅਦ: ਇਹ ਸਰੀਰ ਸਮੁਦਾਏ (ਸੁਮਤਪੱਨਮ) ਉਤਪਨ ਹੋਇਆ ਹੈ। (ਤਤ੍ਰ) ਉਸੀ ਵਿਚ (ਏਵ) ਹੀ (ਲੀਨਮ) ਲੀਨ (ਭਵਤਿ) ਹੋ ਜਾਵੇਗਾ। (ਇਤਿ) ਏਹ (ਸਤਯਮ) ਸਚਾ ਨਿਯਮ ਹੈ।

**੩. ਗੁਰਮਤਿ ਸਿਧਾਂਤਸਾਰ**

(ਦੇਵਨਾਗਰੀ ਅਤੇ ਗੁਰਮੁਖੀ ਲਿਪੀ ਵਿਚ) ਇਸ ਗ੍ਰੰਥ ਵਿਚ ਗੁਰਮਤਿ, ਗੁਰਬਾਣੀ ਸਬੰਧੀ ਦੀਰਘੁ ਦ੍ਰਿਸ਼ਟੀ ਨਾਲ ਵਿਚਾਰ ਕੀਤੀ ਹੈ। ਚੰਗਲ ਮਹੱਲਾ ਅਨਾਰਕਲੀ ਲਾਹੌਰ ਵਿਚ ੧੯੩੪ ਈ: ਨੂੰ ਇਹ ਗ੍ਰੰਥ ਛਪਿਆ ਹੈ।

**੪. ਵੇਦਾਂਤ ਸਿਧਾਂਤਮੁਕਤਾਵਲੀ**

(ਹਿੰਦੀ ਭਾਸ਼ਾ ਟੀਕਾ) ਇਹ ਵੇਦਾਂਤ ਦਾ ਅਤਿਅੰਤ ਸੁੰਦਰ ਗ੍ਰੰਥ ਹੈ ਜਿਸ ਦਾ ਟੀਕਾ ਆਪ ਜੀ ਨੇ ਭਾਵ ਪੂਰਤ ਸੁੰਦਰ ਸ਼ੈਲੀ ਵਿਚ ਕੀਤਾ ਹੈ। ਇਹ ਗ੍ਰੰਥ ਸੰਮਤ ੧੯੭੧ ਬਿ: (੧੯੧੪ ਈ:) ਵਿਚ ਲਾਹੌਰ ਵਰਕਸ ਪ੍ਰਿੰਟਿੰਗ ਪ੍ਰੈਸ ਬਾਬੇ ਮਸ਼ੀਨ ਪ੍ਰੈਸ ਲਾਹੌਰ ਵਿਚ ਛਪਿਆ ਸੀ।

**੬. ਗੁਰੂ ਨਾਨਕ ਅਸ਼ਟਕ**

ਸੰਸਕ੍ਰਿਤ ਸ਼ਲੋਕਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤੀ।

**੭. ਸ੍ਰੀਮਦ ਗੁਰੂ ਗੋਬਿੰਦ ਸਿੰਘ 'ਸਜਸ੍ਟਕੰ'**

ਇਸ ਵਿਚ ਦਸਮ ਸਤਿਗੁਰੂ ਜੀ ਦੀ ਉਸਤਤੀ ਕੀਤੀ ਗਈ ਹੈ। (ਰਮੇਸ਼ ਪ੍ਰਿੰਟਿੰਗ ਪ੍ਰੈਸ, ਲਾਹੌਰ)।

**੮. ਜੀਵਨਚਰਿਤ੍ਰ ਪੰਡਿਤ ਹਰੀ ਸਿੰਘ ਜੀ**

ਆਪਣੇ ਗੁਰੁਦੇਵ ਪੰਡਿਤ ਹਰੀ ਸਿੰਘ ਜੀ ਦਾ ਸੰਖੇਪ ਜੀਵਨ, ਉਨ੍ਹਾਂ ਦੇ ਪਰਵਚਨਾਂ ਵਿਚੋਂ ਸਾਰ ਦੇਕੇ ਪ੍ਰਮਾਣ/ਦ੍ਰਿਸ਼ਟਾਂਤ ਦਿਤੇ ਹਨ ਜੋ ਉਪਦੇਸ਼ਾਤਮਿਕ ਹਨ। ਇਹ ਗ੍ਰੰਥ ਤੀਜੀ ਵਾਰ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਨੇ ੧੯੬੨ ਈ: ਵਿਚ ਪ੍ਰਕਾਸ਼ਿਤ ਕੀਤਾ ਹੈ। ਇਸੇ ਤਰ੍ਹਾਂ ਰਾਮਾ ਸ਼ਟਕ ਰਾਮ ਸਤੋਤਰ ਸੰਸਕ੍ਰਿਤ ਵਿਚ ਲਿਖਿਆ ਗਿਆ ਹੈ।

## ਪੰਡਿਤ ਅਰਜਨ ਸਿੰਘ ਜੀ 'ਮੁਨੀ'

ਪੰਡਿਤ ਅਰਜਨ ਸਿੰਘ ਜੀ 'ਮੁਨੀ' ਸ਼ਾਸਤ੍ਰੀ, ਵਿਆਕਰਣਾਚਾਰਯ (ਪ੍ਰੇਮਸਦਨ ਨਿਰਮਲ ਛਾਉਣੀ ਹਰਿਦ੍ਵਾਰ) ਨੇ ਹਿੰਦੀ ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਆਰੰਭ ਕੀਤਾ ਸੀ ਜਿਸ ਦੇ ਦੋ ਭਾਗ ਪ੍ਰਕਾਸ਼ਤ ਹੋਕੇ ਪਾਠਕਾਂ ਦੇ ਕਰ ਕਮਲਾਂ ਵਿਚ ਪੁਜ ਚੁਕੇ ਹਨ। ਮੁਨੀ ਜੀ ਦੇ ਯੁਵਾ ਅਵਸਥਾ ਵਿਚ ਬੈਕੁੰਠ ਗਮਨ ਕਰ ਜਾਣ ਦੇ ਕਾਰਣ ਇਹ ਟੀਕਾ ਸੰਪੂਰਨ ਨ ਹੋ ਸਕਿਆ ਵਰਨਾ ਇਹ ਟੀਕਾ ਗਿਆਨ ਵਿਚ ਵਾਧਾ ਕਰਨ ਵਾਲਾ ਸੀ। ਇਸ ਟੀਕੇ ਵਿਚ ਗੁਰਬਾਣੀ ਦੀ ਵਿਆਖਿਆ ਕਰਦਿਆਂ ਨਵੇਂ-ਨਵੇਂ ਰਹਸੱਜ ਪ੍ਰਗਟ ਕੀਤੇ ਸਨ।

ਇਹ ਸ਼ੰਕਾ ਆਮ ਚਲਦੀ ਰਹਿੰਦੀ ਹੈ ਕਿ ਪਾਠ 'ਇਕ ਓਅੰਕਾਰ' ਹੈ ਜਾਂ 'ਅਉਮ' ਹੈ। ਮੁਨੀ ਜੀ ਨੇ ਇਸ ਨਿਰਣੈ ਨੂੰ ਵੇਦਾਂ, ਸ਼ਾਸਤ੍ਰਾਂ, ਉਪਨਿਸ਼ਦਾਂ, ਗੀਤਾ, ਵਿਆਕਰਨ ਅਤੇ ਗੁਰਬਾਣੀ ਦੁਆਰਾ ੧ਓ (ਇਕ ਓਅੰਕਾਰ) ਪਾਠ ਸਿਧ ਕਰਕੇ ਸ਼ੰਕਾ ਨਿਵ੍ਰਿਤ ਕਰ ਦਿਤੀ ਹੈ। ਮੁਨੀ ਜੀ ਲਿਖਦੇ ਹਨ :

> "ਸਰਵ ਪ੍ਰਾਣਿਯੋ ਕਾ ਪ੍ਰੇਰਕ ਸਬ ਕੋ ਅਪਨੇ ਵਸ ਮੇਂ ਰਖਨੇ ਵਾਲਾ ਅਦ੍ਵਿਤੀਯ ਪ੍ਰਮਾਤਮ ਅਪਨੇ ਏਕ ਹੀ ਰੂਪ ਕੋ ਅਨੇਕ ਪ੍ਰਕਾਰ ਸੇ ਬਨਾਤਾ ਹੈ। ਉਸ ਅੰਤ:ਕਰਣ ਮੇਂ ਸਥਿਤ ਪਰਮੇਸ਼ਵਰ ਕੋ ਜੋ ਗਯਾਨੀ ਪੁਰਸ਼ ਨਿਰੰਤਰ ਦੇਖਤੇ ਹੈਂ ਉਨਹੇ ਸ਼ਾਸਵਤ ਸੁਖ ਪ੍ਰਾਪਤ ਹੋਤਾ ਹੈ; ਅਨਯ ਲੋਗੋਂ ਕੋ ਨਹੀਂ। ਜੈਸੇ ਵੇਦ ਮੇਂ ਗਵਙ ਗਕਙ (ਓ) ਔਰ ਵਿਆਕਰਣ ਮੇਂ ਜਿਹਵਾ ਮੂਲੀਯ ˘ ਕੋ ਇਸ ਪ੍ਰਕਾਰ ਲਿਖਨੇ ਕੀ ਸ਼ੈਲੀ ਹੈ ਵੈਸੇ ਹੀ ਮੂਲ ਮੰਤ੍ਰ ਮੇਂ ੧ਉਅੰਕਾਰ ਕੋ, ਉਅੰ, ਇਸ ਪ੍ਰਕਾਰ ਲਿਖਾ ਜਾਤਾ ਹੈ।" ੧

ਅਗੇ ਮੁਨੀ ਜੀ ਲਿਖਦੇ ਹਨ :

"ਉਅੰਕਾਰ ਸ਼ਬਦ ਕੋ ਹਮ 'ਓਮ' ਤਥਾ 'ਕਾਰ' ਇਨ ਦੋ ਭਾਗੋ ਮੇਂ ਬਾਂਟ ਸਕਤੇ ਹੈਂ। ਸ਼ਕਤੀ ਗ੍ਰਾਹਕ ਵਿਆਕਰਣ ਉਪਮਾਨ ਕੋਸ਼ ਆਪਤਵਾਕਯ ਆਦਿ ਕੇ ਦ੍ਵਾਰਾ ਓਮ ਸ਼ਬਦ ਕੀ ਸ਼ਕਤੀ ਪਾਰਬ੍ਰਹਮ, ਪ੍ਰਾਰੰਭ, ਅਨੁਮਤਿ, ਮਾਂਗਲਿਕ ਆਦਿ ਅਰਥੋਂ ਮੇਂ ਹੈ। ਵੰਦਨੀਯ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਮੇਂ '**ਓਅੰ ਸਤਿਗੁਰ ਨਮਸਕਾਰੰ। ਆਦਿ ਮਧਿ ਅੰਤਿ ਨਿਰੰਕਾਰੰ। ਤਥਾ ਓਅੰ ਗੁਰਮੁਖਿ ਕਿਓ ਅਕਾਰਾ।**'

---

*੧. ਸ੍ਰੀ ਗੁਰੂ ਗ੍ਰੰਥ ਸਾਹਿਬ ਭਾਗ ਪਹਿਲਾ ਪੰਨਾ ੮, ਭੂਮਿਕਾ ਵਿਚੋਂ*

ਇਤਿਆਦਿ ਸ਼ਬਦੋਂ ਮੇਂ ਓਮ੍ ਸ਼ਬਦ ਕੋ ਪਰਮੇਸ਼ਵਰ ਕੇ ਅਰਥ ਮੇਂ ਪ੍ਰਯੁਕਤ ਕਿਯਾ ਹੈ। ਮੂਲ ਮੰਤ੍ਰ ਮੇਂ ਭੀ ਓਮ ਸ਼ਬਦ ਪਾਰਬ੍ਰਹਮ ਕਾ ਬੋਧਕ ਹੈ।'

**'ओमित्येतदक्षरमिदं सर्वं तस्योप व्यारव्यानं भूतं भवद् भविष्यदिति**

**सर्वमोङ्कार एव यच्चान्यत त्रिकालातीतं तदुप्योङ्कार एव ॥'** [੧]

ਅਗੇ ਮੁਨੀ ਜੀ ਆਪਣੇ ਵਿਚਾਰਾਂ ਨੂੰ ਸਪੱਸ਼ਟ ਕਰਦੇ ਹਨ।

'ਮਾਡੂਕਯੋਪਨਿਸ਼ਦ ਕੇ ਇਸ ਮੰਤ੍ਰ ਮੇਂ ਜੈਸੇ ਓਮ੍ ਤਥਾ ਉਅੰਕਾਰ ਦੋਨੋ ਪ੍ਰਕਾਰ ਕੇ ਰੂਪ ਮਿਲਤੇ ਹੈਂ ਵੈਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਮੇਂ ਭੀ– **'ਓਅੰ ਪ੍ਰਿਅ ਪ੍ਰੀਤਿ ਚੀਤਿ ਪਹਲਰਿਆ' 'ਓਅੰਕਾਰਿ ਏਕੋ ਰਵਿ ਰਹਿਆ।' ਉਅੰਕਾਰ ਬ੍ਰਹਮਾ ਉਤਪਤਿ**–ਇਤਿਯਾਦਿ ਸ਼ਬਦੋਂ ਮੇਂ ਦੋਨੋ ਪ੍ਰਕਾਰ ਕੇ ਰੂਪ ਮਿਲਤੇ ਹੈ। ਓਮ੍ ਤਥਾ ਉਅੰਕਾਰ ਕੇ ਰੂਪ ਔਰ ਉਚਾਰਨ ਮੇਂ ਕੁਛ ਵਿਲਕਸ਼ਣਤਾ ਅਵਸ਼ਯ ਪ੍ਰਤੀਤ ਹੋਤੀ ਹੈ। ਪਰੰਤੂ ਦੋਨੋਂ ਕੇ ਅਰਥ ਮੇਂ ਕੋਈ ਵਿਲਕਸ਼ਣਤਾ ਨਹੀਂ, ਗਯਾਨੀ ਲੋਗ ਸਰਵਤ੍ਰ ਮੂਲ ਮੰਤ੍ਰ ਮੇਂ ਉਅੰਕਾਰ ਕਾ ਹੀ ਪਠਨ ਪਾਠਨ ਕਰਤੇ ਹੈਂ। ਪੰਜਾਬੀ ਭਾਸ਼ਾ ਕੇ ਅਨੇਕ ਟੀਕਾਕਾਰੋਂ ਨੇ ਪ੍ਰਾਯਃ ਇਸੀ ਪਕਸ਼ ਦਾ ਸਮਰਥਨ ਕਿਯਾ ਹੈ। ਵੇ ਲੋਗ ਇਸ ਵਿਸ਼ਯ ਮੇਂ ਐਸਾ ਕਹਤੇ ਹੈਂ। ਜੈਸੇ ਵੈਦਿਕ ਤਥਾ ਲੌਕਿਕ ਸੰਸਕ੍ਰਿਤ ਸਾਹਿਤਯ ਕੇ ਸ਼ਬਦੋ ਮੇਂ 'ਮਕਾਰ' ਸੇ ਉਤਪਨ ਬਿੰਦੂ ਕੋ ੴ ਗਵਙ ਯਕਙ. ਔਰ ਅਨੁਸਵਰ ਤਥਾ ਵਿਆਕਰਣ ਮੇਂ 'ਗਕਾਰ' ਏਵੰ 'ਪਕਾਰ' ਸੇ ਪੂਰਵ ਅਰਧ ਵਿਸਰਗ ਸਦ੍ਰਿਸ਼ ੱ–ੱ ਇਸ ਸੰਕੇਤ ਕੋ 'ਜਿਹਵਾਮੂਲੀਯ' ਔਰ 'ਉਪਧਮਾਨੀਯ' ਕਹਿਤੇ ਹੈਂ। ਵੈਸੇ ਹੀ ਮੂਲ ਮੰਤ੍ਰ ਮੇਂ ਓਮ ਕੇ ਉਪਰ ਅਰਧ ਚੰਦ੍ਰਾਕਾਰ ਰੇਖਾ ਕਾ ਨਿਰਦੇਸ਼ ਹੋਨੇ ਕੇ ਕਾਰਣ ਸਰਵਤ੍ਰ ਮੂਲ ਮੰਤ੍ਰ ਮੇਂ ਉਅੰਕਾਰ ਕਾ ਉਚਾਰਨ ਕਰਨਾ ਸਰਵਥਾ ਯੁਕਤਿ ਸੰਗਤ ਹੈ।'

ਅਪਨੇ ਪਕਸ਼ ਦੀ ਪੁਸ਼ਟੀ ਮੇਂ ਮਾਨਨੀਯ ਭਾਈ ਗੁਰਦਾਸ, ਯਾਗਯਵਲਕਯ ਸਿਮ੍ਰਿਤਿ, ਭਗਵਦਗੀਤਾ ਛਾਂਦੋਗਯੋਪਨਿਸ਼ਦ ਕੇ ਪ੍ਰਮਾਣੋ ਕੋ ਭੀ ਗਯਾਨੀ ਲੋਗ ਉਦ੍ਰਤ ਕਰਤੇ ਹੈਂ :

**'ਏਕੰਕਾਰ ਏਕਾਂਗ ਲਿਖ ਊੜਾ ਉਅੰਕਾਰ ਲਖਾਯਾ।'** (੨੯/੧)

**'अदृष्ट विग्रहो देवो भाव ग्राहयो मनोमयः।'**

**'तस्योङ्कारः स्मृतो नाम तेनाहूतः प्रसीदति।'**

**'वेद्य पवित्रमोङ्कार ऋक् साम यजुरेव च।'**

**तद् यथा शंकुना सर्वाणिा पर्णनि संसृणानि।**

**एवमोङ्कारेण सर्वावाक् संतृणा**

**ओङ्कार एवेदं सर्वम् ओङ्कार एवेदं सर्वम'**

ਯਦਯਪਿ (ਵਰਣਾਤਕਾਰਃ) ਯਹ ਵਾਰਤਿਕ ਵਰਣ ਸੇ ਕਾਰ ਪ੍ਰਤਯਯ੍ ਕਰਤਾ ਹੈ। ਤਥਾਪਿ **उच्चैस्तरां वषट्कारः** ਇਸ ਸੂਤ੍ਰ ਕੇ ਨਿਰਦੇਸ਼ ਸੇ ਓਮ੍ ਸ਼ਬਦ ਸੇ ਕਾਰ ਪ੍ਰਤਯਯ੍ ਕਰ ਦੇਨੇ ਸੇ ਓਅੰਕਾਰ ਸ਼ਬਦ ਵਿਆਕਰਣ ਦੀ ਦ੍ਰਿਸ਼ਟਿ ਸੇ ਸਰਵਥਾ ਸ਼ੁਧ ਹੈ। ਪਰੰਤੂ ਸੰਸਕ੍ਰਿਤਗਯ ਮਨੀਸ਼ੀ (**मनीषी**) ਮੂਲ ਮੰਤ੍ਰ ਮੇਂ ਓਮ੍ ਕਾ ਉਚਾਰਨ ਕਰਤੇ ਹੈਂ। ਕਯੋਂਕਿ ਉਨਹੇਂ ਇਤਿਹਾਸ ਕੋਸ਼, ਤਰਕ ਪ੍ਰਮਾਣ ਆਦਿ ਕੇ ਬਿਨਾ ਓਮ ਕੀ ਅਰਧ ਚੰਦ੍ਰਾਕਾਰ ਰੇਖਾ ਮੇਂ ਕਾਰ ਬੋਧਕਤਾ ਸਵੀਕਾਰ ਕਰਨੇ ਮੇਂ ਕੋਈ ਔਚਿਤਯ ਨਹੀਂ ਦਿਖਾਈ ਦੇਤਾ।

---

੧. *ਮਾਂਡੂਕਯ ਉਪਨਿਸ਼ਦ*- **मांडूक्योपनिषद**

ਵਰਣਾਤਕਾਰ :- ਵਾਰਤਿਕ ਵਰਣ ਕੇ ਅਨੁਕਰਣ ਮੇਂ ਕਾਰ ਪ੍ਰਤਯਯ੍ ਕਰਤਾ ਹੈ। ਕਕਾਰ, ਚਕਾਰ, ਟਕਾਰ ਪਕਾਰਾਦਿ ਇਸ ਵਾਰਤਿਕ ਕੇ ਸਰਵ ਸੰਮਤ ਉਦਾਹਰਣ ਹੈ। ਯਦਯਪਿ ਵਾਚਕਤਾ ਸਾਧੂ ਏਵਮ੍ ਅਸਾਧੂ ਦੋਨੋਂ ਪ੍ਰਕਾਰ ਕੇ ਸ਼ਬਦੋਂ ਮੇ ਸਮਾਨ ਹੈ ਤਥਾਪਿ ਪੁਣਯਜਨਕਤਾ ਸਾਧੂ ਸ਼ਬਦੋਂ ਮੇਂ ਮਾਨੀ ਗਈ ਹੈ।

**'वाचकत्वाविशेषेऽपि नियमः पुण्यपापयो एकः शब्दः**

**सम्यग् ज्ञाता सम्यक् सम्प्रयुक्तः स्वर्गो लोके च कामधुग्भवति ।।'**

**ਸ੍ਵਾਮੀ ਹਜ਼ਾਰਾ ਸਿੰਘ ਜੀ 'ਆਤਮਦਰਸ਼ੀ'** ਹਾਂਡੀ ਵਾਲਿਆਂ ਨੇ ਦੋ ਗ੍ਰੰਥ ਦੇਵਨਾਗਰੀ ਲਿਪੀ ਕਵਿਤਾ ਵਿਚ ਲਿਖਕੇ ਪ੍ਰਕਾਸ਼ਤ ਕੀਤੇ ਹਨ ਜਿਨ੍ਹਾਂ ਵਿਚ ਬ੍ਰਹਮਵਿਦਿਆ ਦਾ ਨਿਰੂਪਨ ਕੀਤਾ ਹੈ।

**੧. ਪਾਂਚ ਰਤਨਾਵਲੀ**

ਇਸ ਦੇ ਪੰਜ ਅਧਿਆਏ ਪੰਜ ਨਾਵਾਂ ਹੇਠ ਅੰਕਤ ਕੀਤੇ ਹਨ। ੧. ਦਿਸ਼ਟ ਕੂਟ ਰਤਨ, ੨. ਵਿਰਾਗ ਰਤਨ, ੩. ਜਗਯਾਸਾ ਰਤਨ, ੪. ਅਖਸ਼ਰ ਤਤਯ ਰਤਨ, ੫. ਅਨੁਭਵ ਰਤਨ। ਕਵਿਤਾ ਦੀ ਸ਼ੈਲੀ ਇਹ ਹੈ :

***'ਗਯਾਨ ਕੇ ਸਦ੍ਰਸ਼ ਨਾਹਿ ਕਰਮ ਧਰਮ ਪੂਜਾ ਪਾਠ, ਸ਼ਮ ਦਮ ਦੇਵ ਗੁਨ ਗਯਾਨ ਕੇ ਹੀ ਦਾਸ ਹੈਂ।***
***ਗਯਾਨ ਕੇ ਸਦ੍ਰਸ਼ ਨਾਹਿ ਸਾਧਨ ਹੈ ਔਰ ਕੋਈ, ਮੁਕਤਿ ਕੇ ਪਾਵਨੇ ਕੋ ਗਯਾਨ ਹੀ ਪ੍ਰਕਾਸ਼ ਹੈਂ।***
***ਗ੍ਰਹਨ ਕਰੇ ਗਯਾਨ ਕੋ ਬੁਧਿ ਮਾਨ ਮਨ ਮਾਹਿ, ਜੀਤ ਲੇਵੇ ਬਟ ਦੋਸ਼ ਦੁਖ ਸਬ ਨਾਸ ਹੈਂ।***
***ਬ੍ਰਹਮ ਦਰਸ਼ੀ ਗਯਾਨ ਸਮ ਮੀਤ ਨ ਸੁਹਿਰਦ ਕੋਈ, ਮੁਕਤਿ ਕੇ ਹਿਤ ਕਰੇ ਕਾਮ ਸਭ ਰਾਸ ਹੈਂ।'***

**੨. ਅਥ ਬ੍ਰਹਮਦਰਸ਼ੀ ਪੁਸ਼ਪਮਾਲਾ**

ਇਸ ਦੇ ੧੦੮ ਛੰਦ ਹਨ ਜੋ ਅਠੋਤਰੀ ਮਾਲਾ ਦਾ ਰੂਪ ਹਨ। ਭਾਵੇਂ ਗ੍ਰੰਥ ਦੇਵਨਾਗਰੀ ਲਿਪੀ ਵਿਚ ਪ੍ਰਕਾਸ਼ਤ ਕੀਤੇ ਹਨ ਪਰ ਭਾਸ਼ਾ ਪੰਜਾਬੀ ਹੈ ਅਤੇ ਪੰਜਾਬੀ ਦੇ ਪ੍ਰਸਿਧ ਛੰਦ ਬੈਂਤ ਦੀ ਹੀ ਵਰਤੋਂ ਕੀਤੀ ਹੈ।

***'ਵਿਸ਼ੇ ਵਿਛੂਆ ਡਸੇ ਨੇ ਨਰ ਜੇਹੜੇ ਦਿਨ ਰਾਤ ਸੋ ਪਏ ਤੜਫਦੇ ਨੇ।***
***ਬ੍ਰਹਮ ਵੇਤਾ ਸੋ ਗੁਰਾਂ ਦੀ ਸਰਣ ਬਿਨਾ ਵਿਚ ਦੁਖਾਂ ਦੇ ਪਏ ਧੜਕਦੇ ਨੇ।***
***ਜਿਨਾ ਮਿਲਯਾ ਆਤਮ ਦਰਸ਼ੀ ਗੁਰੂ ਵਿਸ਼ੇ ਡੰਗ ਨ ਉਨ੍ਹਾਂ ਨੂੰ ਰੜਕਦੇ ਨੇ।***
***'ਆਤਮ ਦਰਸ਼ੀ' ਉਹ ਬ੍ਰਹਮਾ ਨੰਦੀ ਹੋਯ ਸੋਯ ਸੁਖ ਸੇ ਕੰਨ ਨ ਫੜਕਦੇ ਨੇ।'***

## ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ

ਸ੍ਰੀ ਮਹੰਤ ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ ਵੇਦਾਂਤਾਚਾਰਯ ਨੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਲੋਂ ਪ੍ਰਕਾਸ਼ਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਰਥ ਦਾ ਹਿੰਦੀ ਟੀਕਾ (ਅਨੁਵਾਦ) ਕੀਤਾ ਹੈ ਜੋ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਹਿੰਦੀ ਪ੍ਰੇਮੀਆਂ ਵਾਸਤੇ ਆਪ ਜੀ ਤੋਂ ਉਚੇਚੇ ਤਿਆਰ ਕਰਵਾਇਆ ਹੈ। ਸ਼ਬਦਾਰਥ ਦਾ ਪ੍ਰਥਮ ਸੰਚਯ (ਪਹਿਲੀ ਜਿਲਦ) ੧੯੬੬ ਈ: ਵਿੱਚ ਗੁਰਦਵਾਰਾ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਹੋਈ ਹੈ। ਇਸ ਗ੍ਰੰਥ ਵਿਚ ਛੇ ਪੰਨੇ ਦੀ ਭੂਮਿਕਾ ਪੜ੍ਹਨਯੋਗ ਹੈ। ਆਪ ਜੀ ਦੀ ਲਿਖਣ ਸ਼ੈਲੀ ਦਾ ਨਮੂਨਾ ਅੰਕਿਤ ਕਰਦੇ ਹਾਂ :

"ਪਰੋਪਕਾਰੀ ਸ਼ਾਂਤਾਵਤਾਰ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਨਮਾਰਗੋ ਪਦੇਸ਼ਟ੍ਰੀ ਲੋਕੋਤਰ ਦਿਭਯ ਬਾਨੀ ਦਾ ਸੰਗ੍ਰਹ ਰੂਪ ਗੁਰੂ ਗ੍ਰੰਥ ਸਾਹਿਬ ਜੀ ਕਾ ੧ੴ ਸਤਿਨਾਮੁ ਸੇ ਉਪਕਰਮ ਕਰਕੇ 'ਤੇਰਾ ਕੀਆ

ਜਾਤੋ ਨਾਹੀ' ਕੇ ਦਵਾਰਾ ਸਰਵ ਸ਼ਕਤੀਮਾਨ ਵਾਹਿਗੁਰੂ ਕੇ ਸਮਕਸ਼ ਆਤਮ ਸਮਰਪਣ ਕਰਤੇ ਹੁਯੇ। 'ਨਾਨਕ ਨਾਮ ਮਿਲੈ ਤਾ ਜੀਵਾ' ਪਰ ਉਸਕੀ ਪ੍ਰਾਪਤੀ ਕੇ ਲਿਏ ਅੰਤਮ ਅਰਦਾਸ (ਪ੍ਰਾਰਥਨਾ) ਕਰਕੇ ਉਪ ਸੰਹਾਰ ਕਿਯਾ ਹੈ। ਗੁਰੂ ਜੀ ਕੇ ਇਸ ਗੁਣਯਪ੍ਰਦ ਬ੍ਰਹਤੁਕਾਰਯ ਕੋ ਸੰਬਤ ੧੬੬੧ ਸੇ ਸਾਂਗੋਪਾਂਗ ਸੰਪੰਨ ਕਰਕੇ ਭਾਦ੍ਰਪਦ ਸੁਦੀ ੧ ਕੋ ਸ੍ਰੀ ਹਰਿਮੰਦਰ ਸਾਹਿਬ ਮੇਂ ਇਸ ਕਾ ਸਰਵ ਪ੍ਰਥਮ ਪ੍ਰਕਾਸ਼ ਕਿਯਾ।

***ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ॥***
***ਗੁਰੁਬਾਣੀ ਕਹੈ ਸੇਵਕ ਜਨ ਮਾਨੈ ਪਰਤਖ ਗੁਰੂ ਨਿਸਤਾਰੇ॥***

ਪਾਠ ਉਚਾਰਣ ਕੇ ਸਬੰਧ ਮੇਂ ਗਯਾਤਵਯ ਵਾਤੋਂ ਕੋ ਧਯਾਨ ਮੇਂ ਰਖਣੇ ਕੀ ਪਰਮਾਵਸ਼ਕਤਾ ਹੈ। ਯਦਪਿ ਪਾਠਕੋਂ ਕੋ ਪ੍ਰਾਰੰਭਿਕ ਅਵਸਥਾ ਮੇਂ ਅਸੁਵਿਧਾ ਅਵਸ਼ਯ ਪ੍ਰਤੀਤ ਹੋਗੀ, ਪਰੰਤੂ ਇਕ ਵਾਰ ਧਯਾਨ ਪੂਰਵਕ ਅਧਿਐਨ ਕਰ ਲੈਨੇ ਕੇ ਪਸ਼ਚਾਤ ਪਾਠ ਏਵੰਭਾਵਰਥ ਅਪਨੇ ਸੇ ਸਰਲ ਤਥਾ ਹਿਰਦਯੰਗਮ ਹੋ ਜਾਯੇਗਾ।

ਸੰਸਕ੍ਰਿਤ ਤਤ ਸਦ੍ਰਸ਼ ਸ਼ਬਦੋਂ ਕਾ ਪ੍ਰਯੋਗ ਪ੍ਰਾਯਃ ਉਨਕੇ ਮੂਲ ਰੂਪ ਮੇਂ ਨ ਕਰਕੇ ਪ੍ਰਤਯੁਤ ਤਤਕਾਲੀਨ ਪ੍ਰਚਲਿਤ ਲੋਕ ਭਾਸ਼ਾ ਕੇ ਉਚਾਰਣ ਕੇ ਅਨੁਸਾਰ ਕਿਯਾ ਹੈ, ਕਤਿਪਯ ਸ਼ਬਦੋਂ ਦਾ ਦਿਗਦਰਸ਼ਨ ਮਾਤ੍ਰ ਗੁਣ ਗ੍ਰਾਹੀ ਪਾਠਕੋਂ ਕੇ ਲਿਯੇ ਗਿਆਨ ਕੀ ਦ੍ਰਿਸ਼ਟੀ ਸੇ ਕਰਾਯਾ ਜਾਤਾ ਹੈ।"

| **ਯਥਾ ਸ਼ਬਦੋਂ ਕਾ ਗੁਰਬਾਣੀ ਕਾ ਰੂਪ** | **ਸ਼ਬਦੋਂ ਕਾ ਸੰਸਕ੍ਰਿਤ ਰੂਪ** | |
|---|---|---|
| ਪੁਰਖ | ਪੁਰਸ਼ | **पूरुष** |
| ਪਰਤਖ | ਪ੍ਰਤਯਕਸ਼ | **प्रत्यक्ष** |
| ਪਰਮੇਸਰ | ਪਰਮੇਸਵਰ | **परमेश्वर** |
| ਸਬਦ | ਸ਼ਬਦ | **शब्द** |
| ਸਲੋਕ | ਸ਼ਲੋਕ | **श्लोक** |
| ਸਰਬ | ਸਰਵ | **सर्वं** |
| ਸ੍ਰੀ | ਸ੍ਰੀ | **श्री** |
| ਅੰਮ੍ਰਿਤ | ਅਮ੍ਰਤ | **अमृत** |
| ਆਗਿਆ | ਆਗਯਾ | **आज्ञा** |
| ਗਿਆਨ | ਗਯਾਨ | **ज्ञान** |
| ਤਿਆਗ | ਤਯਾਗ | **त्याग** |
| ਲਖਮੀ | ਲਕਸ਼ਮੀ | **लक्ष्मी** |

"ਭਿੰਨ ਭਿੰਨ ਗੁਰੂ ਜੀ ਕੀ ਕ੍ਰਿਤਿ ਕੇ ਅੰਤ ਮੇਂ ਕਰਤਾ ਕੇ ਨਾਮ ਕਾ ਨਿਰਦੇਸ਼ ਨ ਕਰਕੇ ਉਸ ਸਥਾਨ ਪਰ 'ਨਾਨਕ' ਹੀ ਲਿਖਾ ਹੈ। ਯਹ ਸਮਝਨੇ ਕੇ ਲਿਯੇ ਕੇ ਵਹ ਬਾਣੀ ਕਿਸ ਗੁਰੂ ਜੀ ਕੀ ਹੈ ਪਦਯ ਕੇ ਆਰੰਭ ਮੇਂ ਮਹਲਾ ੧,੨,੩,੪,੫ ਤਥਾ ੯ ਲਿਖਾ ਹੈ। ਉਸ ਮਹਲਾ ਕਾ ਉਚਾਰਣ ਏਕ, ਦੋ, ਤੀਨ, ਚਾਰ, ਪਾਂਚ ਤਥਾ ਨੌਂ ਨ ਹੋ ਕਰ ਮਹਲਾ ਪਹਿਲਾ, ਦੂਜਾ, ਤੀਜਾ, ਚੌਥਾ, ਪੰਜਵਾਂ ਏਵੇਂ ਨੌਵਾਂ ਉਚਾਰਣ ਹੋਨਾ ਚਾਹਿਯੇ।"

## ਪੰਡਿਤ ਹਕੀਕਤ ਸਿੰਘ ਜੀ 'ਅਰਵਿੰਦ'

ਪੰਡਿਤ ਹਕੀਕਤ ਸਿੰਘ ਜੀ 'ਅਰਵਿੰਦ' ਨੇ 'ਆਤਮ ਸਰਤਾ' ਹਿੰਦੀ ਵਿਚ ਸ੍ਰੀਮਾਨ ਮਹੰਤ ਆਤਮਾ ਸਿੰਘ ਜੀ ਨਿਰਮਲ ਆਸ਼੍ਰਮ ਰਿਸ਼ੀਕੇਸ਼ ਵਾਲਿਆਂ ਦੀ ਜੀਵਨ ਕਥਾ ਅੰਕਿਤ ਕੀਤੀ ਹੈ। ਅਰਵਿੰਦ ਜੀ ਸੰਸਕ੍ਰਿਤ ਦੇ ਪੰਡਿਤ, ਗੁਰਮਤਿ/ਗੁਰਬਾਣੀ ਦੇ ਗਿਆਨੀ ਸਨ। ਇਸ ਵਾਸਤੇ 'ਆਤਮ ਸਰਤਾ' ਰੌਚਕ, ਵਿਦਵਤਾ ਭਰਪੂਰ ਅਨੇਕ ਪਦ-ਪਦਾਰਥਾਂ ਦਾ ਸੰਗ੍ਰਹਿ ਹੈ। ਇਸ ਗ੍ਰੰਥ ਵਿਚ ਉਰਦੂ ਦੀ ਸ਼ਬਦਾਵਲੀ ਤੇ ਸ਼ੇਅਰ ਵੀ ਵੱਧ ਤੋਂ ਵੱਧ ਵਰਤੇ ਹਨ। ਇਹ ੩੮੫ ਪੰਨਿਆਂ ਦਾ ਗ੍ਰੰਥ ਸੇਮਵਾਲ ਪ੍ਰਿੰਟਿੰਗ ਪ੍ਰੈਸ, ਰਿਸ਼ੀਕੇਸ਼ ਤੋਂ ੧੬ ਪੁਆਇੰਟ ਦੇ ਅੱਖਰਾਂ ਵਿਚ ਸੰਨ ੧੯੭੮ ਈ: ਨੂੰ ਛਪਿਆ ਹੈ। ਇਸ ਗ੍ਰੰਥ ਦੇ ਪ੍ਰਕਾਸ਼ਕ ਮਹੰਤ ਨਾਰਾਇਣ ਸਿੰਘ ਨਿਰਮਲ ਆਸ਼੍ਰਮ ਰਿਸ਼ੀਕੇਸ਼ ਵਾਲੇ ਹਨ।

**ਮਹੰਤ ਪਰਸ਼ੋਤਮ ਸਿੰਘ ਜੀ ਸ਼ਾਸਤ੍ਰੀ ਮੋਦੀ ਨਗਰ** ਵਾਲਿਆਂ ਨੇ ਸ੍ਰੀ ਮਹੰਤ ਸ੍ਵਾਮੀ ਸੁੱਚਾ ਸਿੰਘ ਜੀ ਦੀ ਜੀਵਨ ਕਥਾ (ਹਿੰਦੀ ਵਿਚ) ਪ੍ਰਕਾਸ਼ਤ ਕੀਤੀ ਹੈ।

**ਪੰਡਿਤ ਸੰਤ ਸਿੰਘ ਜੀ ਵੇਦਾਂਤਾਚਾਰਯ** ਨੇ 'ਨਿਰਵਚਨ ਵਿਚਾਰ' ਗ੍ਰੰਥ ਲਿਖਿਆ ਹੈ ਜਿਸ ਵਿਚ ਆਰਤੀ, ਕੀਰਤਨ-ਸੋਹਲਾ ਅਤੇ ਵਿਸ਼ੇਸ਼ ਕਰਕੇ ਨਿਰਮਲ ਮਰਯਾਦਾ ਅਨੁਸਾਰ ਅਰਦਾਸ ਕਰਨ ਦੀ ਵਿਧੀ ਵਰਣਨ ਕੀਤੀ ਹੈ। ਇਹ ੩੬ ਪੰਨੇ ਦਾ ਗ੍ਰੰਥ ਹੈ।

**ਪੰਡਿਤ ਬਲਬੀਰ ਸਿੰਘ ਜੀ 'ਵਿਯੋਗੀ'** ਸੰਤਪੁਰਾ, ਜੀ ੧/੨ ਮਾਡਲ ਟਾਊਨ, ਦਿੱਲੀ ਵਾਲਿਆਂ ਨੇ ਹਿੰਦੀ ਵਿਚ ਸ੍ਰੀ ਮਾਨ ੧੦੮ ਸ੍ਵਾਮੀ ਸੁੱਚਾ ਸਿੰਘ ਜੀ (ਸ੍ਰੀ ਮਹੰਤ ਜੀ) ਪਿੰਡੀਘੇਬ ਵਾਲਿਆਂ ਦੀ ਜੀਵਨੀ ਲਿਖਕੇ ਪ੍ਰਕਾਸ਼ਤ ਕੀਤੀ ਹੈ।

**ਪੰਡਿਤ ਆਤਮਦੇਵ ਸਿੰਘ ਜੀ** ਲਾਹੌਰ ਵਾਲਿਆਂ ਨੇ 'ਅਭੇਦਾਖੰਡ ਚੰਦ੍ਰਮਾ' ਸੰਸਕ੍ਰਿਤ ਵਿਚ ਮਿਤ੍ਰਵਿਲਾਸ ਪ੍ਰੈਸ ਲਾਹੌਰ ਤੋਂ ੧੮੮੪ ਈ: ਵਿਚ ਲਿਖਕੇ ਛਪਵਾਇਆ।

**ਪੰਡਿਤ ਸਾਧੂ ਸਿੰਘ ਜੀ ਪੀਲੀਭੀਤ** ਵਾਲੇ ਸੰਸਕ੍ਰਿਤ ਦੇ ਧੁਰੰਧਰ ਵਿਦਵਾਨ ਸਨ। ਆਪ ਜੀ ਨੇ ਜਪੁਜੀ ਦੀ ਹਿੰਦੀ ਟੀਕਾ ਉਨ੍ਹੀਵੀਂ ਸਦੀ ਦੇ ਅੰਤ ਵਿਚ ਕੀਤੀ ਸੀ। ਇਸ ਟੀਕੇ ਵਿਚ ਪ੍ਰੋੜ੍ਹਤਾ ਵਾਸਤੇ ਵੇਦਾਂ, ਉਪਨਿਸ਼ਦਾਂ, ਸ਼ਰੁਤੀਆਂ, ਸਮ੍ਰਿਤੀਆਂ ਦੇ ਅਨੇਕ ਪ੍ਰਮਾਣ ਦਿਤੇ ਹਨ। ਜਪੁਜੀ ਤੋਂ ਬਿਨਾਂ 'ਗੁਰੂ ਗ੍ਰੰਥ ਪ੍ਰਦੀਪ' ਗ੍ਰੰਥ ਵੀ ਲਿਖਿਆ। ਇਸ ਦੇ ਆਰੰਭ ਵਿਚ ਵੀ ਜਪੁਜੀ ਸਾਹਿਬ ਦੀ ਵਿਸਤਾਰ ਪੂਰਬਕ ਵਿਆਖਿਆ ਹੈ। ਇਹ ਗ੍ਰੰਥ ਸੰਨ ੧੯੦੬ ਈ: ਵਿਚ ਪ੍ਰਕਾਸ਼ਿਤ ਹੋਇਆ।

**ਵੇਦਾਂਤ ਕੇਸਰੀ ਸ੍ਵਾਮੀ ਲਾਲ ਸਿੰਘ ਜੀ** (ਪ੍ਰਸਿਧ ਨਿਰਮਲ ਸਵਾਮੀ) ਵੇਦਾਂਤ ਨਕੇਤਨ ਅੰਮ੍ਰਿਤਸਰ ਵਾਲਿਆਂ ਨੇ ਵੀ ਜਪੁਜੀ ਦੀ ਹਿੰਦੀ ਵਿਚ ਮਨੋਹਰ ਟੀਕਾ ਕੀਤੀ ਹੈ ਜਿਸ ਵਿਚ ਅਨੇਕ ਪ੍ਰਮਾਣ/ਦ੍ਰਿਸ਼ਟਾਂਤ ਦੇਕੇ ਗੁਰਬਾਣੀ ਦੇ ਗੌਰਵ ਨੂੰ ਪ੍ਰਗਟ ਕੀਤਾ ਹੈ।

## ਸ੍ਵਾਮੀ ਗਿਆਨੀ ਚੰਦਾ ਸਿੰਘ ਜੀ

ਸ੍ਵਾਮੀ ਗਿਆਨੀ ਚੰਦਾ ਸਿੰਘ ਜੀ ਖਟਸ਼ਾਸਤ੍ਰੀ ਨਿਰਮਲ ਆਸ਼੍ਰਮ ਰਿਸ਼ੀਕੇਸ਼ ਵਾਲਿਆਂ ਨੇ ਹਿੰਦੀ ਭਾਸ਼ਾ ਵਿਚ

'ਕਥਾ ਵਿਆਖਿਆਨ ਭੰਡਾਰ' ਲਿਖਿਆ ਹੈ ਜੋ ਸਚਮੁਚ ਹੀ ਗਿਆਨ ਦਾ ਭੰਡਾਰ ਹੈ। ਕਥਾਵਾਚਕਾਂ, ਲੈਕਚਰਾਰਾਂ ਵਾਸਤੇ ਇਕ ਅਦੁੱਤੀ ਸੰਗ੍ਰਹਿ ਹੈ। ਇਸ ਗ੍ਰੰਥ ਵਿਚ ੫੮ ਵਿਸ਼ਿਆਂ ਤੇ ਵਿਦਵਤਾ ਭਰੇ ਭਿੰਨ-ਭਿੰਨ ਪ੍ਰਕਾਰ ਦੇ ਲੇਖ/ਲੈਕਚਰ ਹਨ। ਵੇਦਾਂ, ਸ਼ਾਸਤ੍ਰਾਂ, ਉਪਨਿਸ਼ਦਾਂ ਪੁਰਾਣਾਂ, ਸਿਮ੍ਰਤੀਆਂ, ਰਾਮਾਇਣ, ਮਹਾਂਭਾਰਤ, ਗੁਰਬਾਣੀ, ਗੁਰਇਤਿਹਾਸ, ਸਾਹਿਤਯ, ਕਾਵ੍ਯ ਦੇ ਅਨੇਕ ਪ੍ਰਮਾਣ/ਦ੍ਰਿਸ਼ਟਾਂਤ ਦੇਕੇ ਹਰ ਵਿਆਖਿਆਨ ਦੇ ਵਿਸ਼ੇ ਨੂੰ ਸਪੱਸ਼ਟ ਰੂਪ ਵਿਚ ਸਿੱਧ ਕੀਤਾ ਹੈ। ਇਸ ਗ੍ਰੰਥ ਦੇ ੮੦੦ ਪੰਨੇ ਹਨ ਜੋ ਸੰਨ ੧੯੫੯ ਈ: ਵਿਚ ਸ੍ਰੀ ਨਾਰਾਇਣ ਪ੍ਰੈਸ, ਰਿਸ਼ੀਕੇਸ਼ ਤੋਂ ੧੮ ਪੁਆਇੰਟ ਵਿਚ ਪ੍ਰਕਾਸ਼ਿਤ ਹੋਇਆ ਹੈ।

## ਸ੍ਵਾਮੀ ਸੱਚਦਾਨੰਦ ਹਰੀ ਜੀ 'ਸਾਕਸ਼ੀ'

ਮਹਾਂਮੰਡਲੇਸ਼ਵਰ ਸ੍ਵਾਮੀ ਸੱਚਦਾਨੰਦ ਹਰੀ ਜੀ 'ਸਾਕਸ਼ੀ' ਸੰਸਕ੍ਰਿਤ ਦੇ ਪ੍ਰਕਾਂਡ ਪੰਡਿਤ (ਸ਼ਾਸਤ੍ਰੀ, ਵਿਆਰਕਣਚਾਰਯ, ਵੇਦਾਂਤਾਚਾਰਯ, ਵਿਦਯਾਵਾਰਿਧਿ, ਐਮ.ਏ. ਪੀ.ਐਚ.ਡੀ.) ਹਨ। ਆਪ ਜੀ ਵਿਦਿਆ, ਧਰਮ, ਰਾਜਨੀਤੀ, ਵਿਵਹਾਰ ਕੁਸ਼ਲਤਾ ਵਿਚ ਨਿਪੁੰਨ ਹਨ। ਮਾਸਕ ਪੱਤਰ 'ਭਗਵਾਨ- ਸੰਦੇਸ਼ 'ਦੇ ਸੰਪਾਦਕ ਅਤੇ ਹਿੰਦੀ ਸੰਸਕ੍ਰਿਤ ਦੇ ਲੇਖਕ ਹਨ। ਆਪ ਜੀ ਨੇ ਹੇਠ ਲਿਖੇ ਗ੍ਰੰਥਾਂ ਦੇ ਭਾਸ਼ਯ/ਟੀਕੇ ਕੀਤੇ ਹਨ :

੧. ਪੰਚ ਦਸੀ (ਸਟੀਕ) ੨. ਗੀਤਾ ਦਰਸ਼ਨ (ਸੁਵਿਸਤਾਰ-ਵਿਆਖਿਆ) ੩. ਅਸ਼ਟਾਵਕਰ ਗੀਤਾ (ਸਟੀਕ)

੪. ਵੈਰਾਗ ਸ਼ਤਕ (ਸਟੀਕ) ੫. ਵਿਚਾਰ ਮਾਲਾ (ਸਟੀਕ)

**ਸੰਤ ਆਤਮ ਸਿੰਘ ਜੀ** ਨੇ ਗੁਰਮਤਿ ਅਤੇ ਵੇਦਾਂਤ ਦਾ ਸਮਨਵੈ ਕਰਕੇ 'ਆਤਮਸਾਰ ਦਿਗਦਰਸ਼ਨ' ੧੪੪ ਪੰਨੇ ਦਾ ਗ੍ਰੰਥ ੧੯੭੫ ਈ: ਨੂੰ ਪ੍ਰਕਾਸ਼ਤ ਕੀਤਾ ਹੈ।

ਨਿਰਮਲ ਭੇਖ ਦੇ ਵਿਦਵਾਨਾਂ ਦੀ ਸਾਹਿਤਯਕ ਘਾਲਣਾ ਉਲੇਖਨੀਯ ਹੈ। ਜਿਵੇਂ ਸਮੁੰਦਰ ਵਿਚ ਗੋਤਾ ਲਾਇਆਂ ਕੋਈ ਨ ਕੋਈ ਰਤਨ ਹੱਥ ਵਿਚ ਆ ਜਾਂਦਾ ਹੈ, ਇਸੀ ਤਰ੍ਹਾਂ ਨਿਰਮਲ ਸਾਹਿਤਯ ਦੇ ਮਹਾਨ ਸਾਗਰ ਵਿਚੋਂ ਕੁਝ ਕੁ ਸਾਹਿਤਯਕ ਰਤਨ ਪ੍ਰਾਪਤ ਕਰਕੇ ਪਾਠਕਾਂ ਨੂੰ ਦਿਗ ਦਰਸ਼ਨ ਕਰਵਾਇਆ ਹੈ, ਵਰਨਾ ਨਿਰਮਲੇ ਮਹਾਂਪੁਰਖਾਂ ਦੀ ਪੰਜਾਬੀ, ਹਿੰਦੀ, ਸੰਸਕ੍ਰਿਤ, ਉਰਦੂ ਅਤੇ ਅਨਯ ਹੋਰ ਕਈ ਭਾਸ਼ਾਵਾਂ ਵਿਚ ਘਾਲਣਾ ਉਲੇਖਣੀਯ ਹੈ। ਯਤਨ ਕੀਤਾ ਗਿਆ ਹੈ ਕਿ ਸਮੂੰਹ ਮਹਾਂਪੁਰਖਾਂ, ਵਿਦਵਾਨਾਂ, ਲੇਖਕਾਂ, ਕਵੀਆਂ, ਸੰਪਾਦਕਾਂ, ਪਤ੍ਰਕਾਰਾਂ ਦਾ ਸੰਖੇਪ ਸਾਹਿਤਯਕ ਸਾਰ ਅੰਕਿਤ ਹੋ ਜਾਵੇ। ਫਿਰ ਵੀ ਦਾਸ ਦੀ ਅਲਪੱਗ ਬੁਧੀ ਦੇ ਕਾਰਣ ਕਈ ਪ੍ਰਸਿਧ ਵਿਦਵਾਨ ਲੇਖਕਾਂ ਦੀ ਸਾਹਿਤਯਕ-ਸੇਵਾ ਇਸ ਨਿਬੰਧ ਵਿਚ ਅੰਕਿਤ ਹੋਣ ਤੋਂ ਰਹਿ ਗਈ ਹੈ ਜਿਵੇਂ ਸ੍ਵਾਮੀ ਮਿਹਰ ਸਿੰਘ ਜੀ ਜਗਰਾਉਂ ਵਾਲਿਆਂ ਦੇ ਪੰਜਾਬੀ ਅਤੇ ਹਿੰਦੀ ਵਿਚ ਲਿਖੇ ਅਮੋਲਕ ਗ੍ਰੰਥ ਨਾ ਮਿਲਣ ਕਰਕੇ ਇਸ ਨਿਬੰਧ ਵਿਚ ਅੰਕਿਤ ਨਹੀਂ ਹੋ ਸਕੇ।

## ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਵਲੋਂ ਪ੍ਰਕਾਸ਼ਤ ਗ੍ਰੰਥ

ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਵਲੋਂ ਵੱਖ-ਵੱਖ ਵਿਦਵਾਨਾਂ ਦੇ ਦੁਰਲੱਭ ਗ੍ਰੰਥ ਜੋ ਅਪ੍ਰਾਪਤ ਸਨ, ਦੁਬਾਰਾ ਪ੍ਰਕਾਸ਼ਤ ਕਰਵਾਏ ਗਏ ਹਨ। ਇਹ ਉਪਕਾਰ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਦੇ ਸੱਚਖੰਡ ਵਾਸੀ ਸ੍ਰੀ ਮਹੰਤ ਪੰਡਿਤ ਸੁੱਚਾ ਸਿੰਘ ਜੀ ਮਹਾਰਾਜ ਨੇ ਕੀਤਾ ਹੈ। ਗ੍ਰੰਥਾਂ ਦੀ ਛਪਾਈ ਵਾਸਤੇ ਪ੍ਰਕਾਸ਼ਨ ਸਮਿਤੀ ਬਣਾਈ ਗਈ ਜੋ ਗ੍ਰੰਥ ਪ੍ਰਕਾਸ਼ਤ ਕਰਦੀ ਰਹੀ ਹੈ। ਗ੍ਰੰਥਾਂ ਨੂੰ ਪ੍ਰਕਾਸ਼ਤ ਅਤੇ ਸੰਪਾਦਿਤ ਕਰਨ ਦੀ ਵੱਖ-ਵੱਖ ਵਿਦਵਾਨਾਂ ਤੋਂ ਸੇਵਾ ਲਈ ਗਈ ਅਤੇ ਹੇਠ ਲਿਖੇ ਗ੍ਰੰਥ ਸੰਪਾਦਿਤ ਕਰਕੇ ਪ੍ਰਕਾਸ਼ਿਤ ਕੀਤੇ ਗਏ :

| ਗ੍ਰੰਥ | ਲੇਖਕ | ਸੰਪਾਦਕ |
|---|---|---|
| ਨਿਰਮਲ ਪੰਥ ਪ੍ਰਦੀਪਕਾ | ਗਿਆਨੀ ਗਿਆਨ ਸਿੰਘ ਜੀ | ਸੰਤ ਇੰਦ੍ਰ ਸਿੰਘ ਚੱਕਰਵ੍ਰਤੀ |
| ਗੁਰਤੀਰਥ ਸੰਗ੍ਰਹਿ | ਪੰਡਿਤ ਤਾਰਾ ਸਿੰਘ 'ਨਰੋਤਮ' | ਪੰਡਿਤ ਕਰਤਾਰ ਸਿੰਘ ਜੀ |
| ਮੋਕਸ਼ ਪੰਥਪ੍ਰਕਾਸ਼ (ਹਿੰਦੀ) | ਪੰਡਿਤ ਗੁਲਾਬ ਸਿੰਘ ਜੀ | ਟੀਕਾਕਾਰ ਪੰਡਿਤ ਤਾਰਾ ਸਿੰਘ ਜੀ 'ਨਰੋਤਮ' |
| ਗੁਰਮਤ ਨਿਰਣਯਸਾਗਰ | ਪੰਡਿਤ ਤਾਰਾ ਸਿੰਘ ਜੀ ਨਰੋਤਮ | ਪੰਡਿਤ ਬਲਬੀਰ ਸਿੰਘ ਜੀ 'ਵਿਯੋਗੀ' |
| ਜੀਵਨੀ ਪੰਡਿਤ ਹਰੀ ਸਿੰਘ ਜੀ ਕਥਾ ਵਾਲੇ (ਹਿੰਦੀ) | ਪੰਡਿਤ ਗੁਰਦਿੱਤ ਸਿੰਘ ਜੀ | —— |
| ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦਾ ਇਤਿਹਾਸ (ਹਿੰਦੀ) | ਪੰਡਿਤ ਅਰਜਨ ਸਿੰਘ ਜੀ 'ਮੁਨੀ' | —— |

## ਪੱਤਰਕਾਰੀ ਵਿਚ ਯੋਗਦਾਨ

ਜਿਸ ਤਰ੍ਹਾਂ ਨਿਰਮਲੇ ਮਹਾਂਪੁਰਖਾਂ ਨੇ ਸਾਹਿਤਯ-ਸੇਵਾ ਕਰਨ ਵਿਚ ਅਣਥੱਕ ਘਾਲਣਾ ਘਾਲੀ ਹੈ ਇਸੀ ਤਰ੍ਹਾਂ ਪੱਤ੍ਰਕਾਰੀ ਵਿਚ ਵੀ ਅਗਰਗਾਮੀ ਰਹੇ ਹਨ। ਵੀਹਵੀਂ ਸਦੀ ਵਿਚ ਅਖਬਾਰ ਪ੍ਰਚਾਰ ਦਾ ਮੁੱਖ ਸਾਧਨ ਬਣ ਗਏ ਤਾਂ ਨਿਰਮਲੇ ਸੰਤਾਂ ਨੇ ਗ੍ਰੰਥ ਰਚਨਾ ਦੇ ਨਾਲ-ਨਾਲ ਸੰਪ੍ਰਦਾਈ ਅਤੇ ਧਰਮ ਪ੍ਰਚਾਰ ਵਾਸਤੇ ਅਖਬਾਰ ਵੀ ਜਾਰੀ ਕੀਤੇ ਜਿਨ੍ਹਾਂ ਵਿਚ ਭੇਖ ਸਬੰਧੀ ਖਬਰਾਂ ਪ੍ਰਕਾਸ਼ਤ ਹੁੰਦੀਆਂ ਸਨ। ਵਿਦਵਾਨਾਂ ਦੇ ਧਾਰਮਿਕ ਅਤੇ ਦਾਰਸ਼ਨਿਕ ਲੇਖ ਵੀ ਹੁੰਦੇ ਸਨ। ਨਿਰਮਲ ਭੇਖ ਦੇ ਸਾਰੇ ਅਖਬਾਰ ਸਪਤਾਹਿਕ ਜਾਂ ਮਾਸਿਕ ਨਿਕਲਦੇ ਸਨ ਜੋ ਪੰਜਾਬੀ ਅਤੇ ਹਿੰਦੀ ਵਿਚ ਛਪਦੇ ਰਹੇ ਹਨ। ਹੁਣ ਤਕ ਨਿਕਲੇ ਅਖਬਾਰਾਂ ਦਾ ਵੇਰਵਾ ਇਸ ਤਰ੍ਹਾਂ ਹੈ :

**੧. ਨਿਰਮਲ ਪੱਤ੍ਰ** : ਸੰਪਾਦਕ ਵੈਦ ਸੰਤ ਗੁਰਦਿੱਤ ਸਿੰਘ ਅੰਮ੍ਰਿਤਸਰ, ੧੯੦੯-੧੯੧੫ ਈ:।

**੨. ਹਰਿਦ੍ਵਾਰ ਸਮਾਚਾਰ** : ਸੰਪਾਦਕ ਪੰਡਿਤ ਮਾਨ ਸਿੰਘ ਜੀ ਸ਼ਾਸਤ੍ਰੀ, ਗੁਰਦ੍ਵਾਰਾ ਗਿਆਨ ਗੋਦੜੀ, ਹਰਿਦ੍ਵਾਰ।

**੩. ਨਿਰਮਲ ਗਜ਼ਟ** : ਸੰਪਾਦਕ ਸ੍ਵਾਮੀ ਸੰਤ ਸਿੰਘ ਜੀ, ਸ੍ਰੀ ਗੁਰੂ ਨਾਨਕ ਆਸ਼ਰਮ, ਹਰਿਦ੍ਵਾਰ।

**੪. ਨਿਰਮਲ ਸਮਾਚਾਰ** : ਸੰਪਾਦਕ ਮਹੰਤ ਕਿਸ਼ਨ ਸਿੰਘ ਜੀ ਡੇਰਾ ਵਰਪਾਲ, ਅੰਮ੍ਰਿਤਸਰ ੧੯੩੨ ਈ:।

**੫. ਨਿਰਮਲ ਪੱਤ੍ਰ** : ਮੁੱਖ ਸੰਪਾਦਕ ਮਹੰਤ ਦਿਆਲ ਸਿੰਘ, ਸੰਪਾਦਕ ਗਿਆਨੀ ਬਿਸ਼ਨ ਸਿੰਘ 'ਕ੍ਰੀਟ' ਅੰਮ੍ਰਿਤਸਰ ੧੯੩੭-੪੨ ਈ:।

**੬. ਪੰਜਾਬੀ ਵੈਦ** : ਸੰਪਾਦਕ ਮਹੰਤ ਹਰੀ ਸਿੰਘ, ਗਲੀ ਬਾਗਵਾਲੀ, ਚੌਂਕ ਬਾਬਾਸਾਹਿਬ, ਅੰਮ੍ਰਿਤਸਰ, ੧੯੫੦-੫੩ ਈ:।

**੭. ਨਿਰਮਲ ਉਦੇਸ਼** : ਸੰਪਾਦਕ ਮਹੰਤ ਹਰੀ ਸਿੰਘ, ਗਲੀ ਬਾਗਵਾਲੀ, ੩ ਨਵੰਬਰ, ੧੯੬੦ ਈ:।

**੮. ਗੁਰਮਤਿ ਸਮਾਚਾਰ** : ਸੰਤ ਵਿਸਾਖਾ ਸਿੰਘ ਜੀ ਕਿਸ਼ਨਪੁਰਾ ਕਲਾਂ ਜ਼ਿਲ੍ਹਾ ਲੁਧਿਆਣਾ।

| | | |
|---|---|---|
| **੯. ਨਿਰਮਲ ਸੰਦੇਸ਼** | : | ਮੁਖ ਸੰਪਾਦਕ ਮਹੰਤ ਪ੍ਰਤਾਪ ਸਿੰਘ, ਸੰਪਾਦਕ ਪੰਡਿਤ ਤੇਜਿੰਦਰ ਸਿੰਘ ਜੀ ਸ਼ਾਸਤ੍ਰੀ ਪਿੰਡ ਕਾਉਂਕੇ ਕਲਾਂ, ਜ਼ਿਲਾ ਲੁਧਿਆਣਾ। |
| **੧੦. ਨਿਰਮਲ ਪ੍ਰਕਾਸ਼** | : | ਸੰਪਾਦਕ ਮਹੰਤ ਪ੍ਰਤਾਪ ਸਿੰਘ, ਕਾਉਂਕੇ ਕਲਾਂ, ਜ਼ਿਲਾ ਲੁਧਿਆਣਾ। |
| **੧੧. ਸਿੱਖ ਸੰਦੇਸ਼** | : | ਸੰਚਾਲਕ ਮਹੰਤ ਬਚਿੱਤਰ ਸਿੰਘ ਜੀ ਨੰਗਾਲੀ ਸਾਹਿਬ, ਮਹੰਤ ਮਨਜੀਤ ਸਿੰਘ ਜੀ ਨੰਗਾਲੀ ਸਾਹਿਬ, ਡੇਰਾ ਡਿਗਿਆਨਾਆਸ਼੍ਰਮ ਜੰਮੂ। |
| **੧੨. ਕਰਮ ਜੋਤਿ** | : | ਸੰਚਾਲਕ ਮਹੰਤ ਰੋਸ਼ਨ ਸਿੰਘ ਜੀ ਮਕਸੂਦਪੁਰ, ਜ਼ਿਲਾ ਕਪੂਰਥਲਾ। |
| **੧੩. ਨਿਰਮਲ ਚਿੰਤਾਮਣੀ** | : | ਮੁੱਖ ਸੰਪਾਦਕ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, ਉਪ-ਸੰਪਾਦਕ ਗਿਆਨੀ ਕੌਰ ਸਿੰਘ ਕੋਠਾਗੁਰੂ ਨੇ ਪਿੰਡ ਕੋਠਾ ਗੁਰੂ ਜ਼ਿਲ੍ਹਾ ਬਠਿੰਡਾ ਤੋਂ ਜਾਰੀ ਕੀਤਾ। |
| **੧੪. ਨਿਰਮਲ ਮਾਰਗ** | : | ਸਰਪ੍ਰਸਤ ਬਾਬਾ ਭਗਵੰਤ ਭਜਨ ਸਿੰਘ ਜੀ ਪਿੰਡ ਦਕੋਹਾ ਜਲੰਧਰ ਤੋਂ ਕੱਢ ਰਹੇ ਹਨ। |
| **੧੫. ਨਿਰਮਲ ਦਰਸ਼ਨ** | : | ਸੰਪਾਦਕ ਮਹੰਤ ਸੁਖਵੰਤ ਸਿੰਘ ਜੀ ਜਲੰਧਰ ਤੋਂ ਕੱਢ ਰਹੇ ਹਨ। |
| **੧੬. ਗੁਰੂ ਨਾਨਕ ਦਰਸ਼ਨ ਮਾਰਗ** | : | ਸੰਪਾਦਕ ਮਹੰਤ ਗੁਰਚਰਨ ਸਿੰਘ ਜੀ ਡੇਰਾ ਪਿੰਡ ਪੰਡਵਾ, ਜ਼ਿਲ੍ਹਾ ਕਪੂਰਥਲਾ |

## ਗੁਰਦੁਆਰਿਆਂ ਦੀ ਕਾਰ-ਸੇਵਾ

ਸੇਵਾ ਸਿਮਰਨ ਨੂੰ ਸਿੱਖੀ ਵਿਚ ਸਰਵੋਪਰੀ ਮੰਨਿਆ ਜਾਂਦਾ ਹੈ। ਸਿਮਰਨ ਤੋਂ ਬਾਅਦ ਸੇਵਾ ਉਤਮ ਸਮਝੀ ਗਈ ਹੈ। ਗੁਰਦੁਆਰਿਆਂ ਦੀ ਕਾਰ-ਸੇਵਾ ਨੂੰ ਤਾਂ ਹੋਰ ਵੀ ਸ਼੍ਰੇਸ਼ਟ ਮੰਨਿਆ ਗਿਆ ਹੈ। ਮਹਾਂਪੁਰਖ ਗੁਰਦੁਆਰਿਆਂ ਦੀ ਸੇਵਾ ਸਦੀਆਂ ਤੋਂ ਕਰਦੇ ਆ ਰਹੇ ਹਨ। ਸਾਰੇ ਸੰਸਾਰ ਦੇ ਇਤਿਹਾਸਿਕ ਗੁਰਦੁਆਰਿਆਂ ਦੀ ਨਿਸ਼ਾਨ-ਦੇਹੀ ਕਰਨ ਵਾਲੇ ਸੰਤ ਹੀ ਹਨ। ਗੁਰਦੁਆਰਿਆਂ ਦੀਆਂ ਸੁੰਦਰ ਤੋਂ ਸੁੰਦਰ ਇਮਾਰਤਾਂ ਦੀ ਉਸਾਰੀ ਸੰਤਾਂ ਨੇ ਹੀ ਕਰਵਾਈ ਹੈ।

ਜਦੋਂ ਸਿੰਘਾਂ ਦੇ ਸਿਰ ਦੇ ਮੁੱਲ ਪੈਂਦੇ ਸਨ। ਖਾਲਸਾ ਪੰਥ ਜੰਗਲਾਂ/ਪਹਾੜਾਂ ਵਿਚ ਰਹਿੰਦਾ ਸੀ। ਉਸ ਵੇਲੇ ਗੁਰਦੁਆਰਿਆਂ ਵਿਚ ਧੂਪ-ਦੀਪ, ਜੋਤਿ ਸੰਤ ਹੀ ਕਰਦੇ ਸਨ। ਸੇਵਾ-ਸੰਭਾਲ ਦਾ ਭਾਰ ਸੰਤਾਂ ਨੇ ਚੁੱਕਿਆ ਹੋਇਆ ਸੀ।

ਮਹਾਂਪੁਰਖ ਗੁਰਦੁਆਰਿਆਂ ਦੀ ਅਕਥਨੀਯ ਸੇਵਾ ਕਰਦੇ ਰਹੇ ਹਨ। ਵੀਹਵੀਂ ਸਦੀ ਵਿਚ ਸ੍ਰੀਮਾਨ ਪੂਜਯ ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣੇ ਵਾਲਿਆਂ ਨੇ ਗੁਰੂਕਾਂਸ਼ੀ ਦਮਦਮਾ ਸਾਹਿਬ ਦੇ ਗੁਰੂਸਰ ਸਰੋਵਰ ਦੀ ਕਾਰ-ਸੇਵਾ ਕਰਕੇ ਇਕ ਤਰ੍ਹਾਂ ਸੇਵਾ ਦਾ ਆਰੰਭ ਕੀਤਾ। ਇਸ ਤੋਂ ਬਾਅਦ ਅਨੇਕ ਮਹਾਂਪੁਰਖ ਗੁਰਦੁਆਰਿਆਂ ਦੀਆਂ ਇਮਾਰਤਾਂ, ਸਰੋਵਰਾਂ, ਹੰਸਲੀਆਂ ਦੀ ਸੇਵਾ ਕਰਨ ਲਗੇ।

ਸੰਤ ਘਨਈਆਂ ਸਿੰਘ ਜੀ ਪਠਲਾਵੇ ਵਾਲਿਆਂ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਗੁਰਦਵਾਰਿਆਂ ਦੀ ਕਾਰ ਸੇਵਾ ਅਰੰਭ ਕੀਤੀ।

ਸੰਤ ਹਰੀ ਸਿੰਘ ਜੀ ਕਹਾਰਪੁਰੀਆਂ ਨੇ ਤਖਤ ਕੇਸਗੜ੍ਹ ਸਾਹਿਬ (ਸ੍ਰੀ ਆਨੰਦਪੁਰ) ਦੀ ਸ਼ਾਨਦਾਰ ਇਮਾਰਤ ਬਣਾਈ ਅਤੇ ਹੋਰ ਗੁਰਸਥਾਨਾਂ ਦਾ ਵੀ ਨਿਰਮਾਣ ਕੀਤਾ।

ਸੰਤ ਮੇਲਾ ਸਿੰਘ ਜੀ ਨਿਰਮਲ ਕੁਟੀਆ ਬੰਗੇ ਵਾਲਿਆਂ ਨੇ ਕਈ ਗੁਰਦਵਾਰਿਆਂ ਦੀ ਕਾਰ ਸੇਵਾ ਕਰਕੇ ਸੁੰਦਰ ਇਮਾਰਤਾਂ ਬਣਾਈਆਂ।

ਸੰਤ ਜੈਮਲ ਸਿੰਘ ਜੀ ਭੂਰੀਵਾਲੇ (ਤਪੋਬਨ ਅੰਮ੍ਰਿਤਸਰ) ਵਾਲਿਆਂ ਨੇ ਕਿੰਨੇ ਹੀ ਗੁਰਦੁਆਰਿਆਂ ਦੀ ਸੇਵਾ ਕੀਤੀ ਹੈ। ਦਰਸ਼ਨੀ ਇਮਾਰਤਾਂ ਬਣਾਈਆਂ, ਸਰੋਵਰ ਬਣਵਾਏ ਅਤੇ ਮੁਰੰਮਤ ਕਰਵਾਈ। ਆਪ ਸ੍ਰੀ ਹਰਿਮੰਦਰ ਸਾਹਿਬ ਜੀ ਅੰਮ੍ਰਿਤਸਰ ਦੀ ਪਰਿਕ੍ਰਮਾਂ ਵਿਚ ਹਰ ਸਮੇਂ ਝਾੜੂ ਫੇਰਨ ਦੀ ਅਣਥੱਕ ਸੇਵਾ ਕਰਦੇ ਸਨ। ਜਦ ਪਰਿਕ੍ਰਮਾਂ ਖੁੱਲ੍ਹੀ ਕਰਨ ਦਾ ਵਿਚਾਰ ਬਣਿਆ, ਤਾਂ ਇਹ ਸੇਵਾ ਦੋ ਮਹਾਨ ਸਤਿਪੁਰਖਾਂ ਨੂੰ ਦਿਤੀ ਗਈ। ਸੰਤ ਗੁਰਮੁਖ ਸਿੰਘ ਜੀ ਜਿਨ੍ਹਾਂ ਨੇ ਘੰਟਾ-ਘਰ ਦੀ ਪਰਿਕ੍ਰਮਾ ਤਿਆਰ ਕਰਵਾਈ ਹੈ ਅਤੇ ਦੂਜੇ ਆਪ ਜੀ ਸਨ ਜਿੰਨ੍ਹਾਂ ਨੇ ਬਾਬਾ ਦੀਪ ਸਿੰਘ ਜੀ ਸ਼ਹੀਦ ਗੰਜ ਵਾਲਾ ਪਾਸਾ ਤਿਆਰ ਕੀਤਾ ਹੈ।

ਆਪ ਜੀ ਦੇ ਉਤਰਾਧਿਕਾਰੀ ਮਹੰਤ ਗੁਰਦਿਆਲ ਸਿੰਘ ਜੀ ਨੇ ਆਪ ਜੀ ਦੀ ਆਰੰਭ ਕੀਤੀ ਹੋਈ ਸੇਵਾ ਨੂੰ ਜਾਰੀ ਰਖਿਆ। ਸਪਤਸਰੋਵਰ ਹਰਿਦੁਆਰ ਵਿਚ 'ਨਾਨਕਪੁਰਾ' ਆਸ਼੍ਰਮ ਕਾਇਮ ਕੀਤਾ। ਗੁਰਦੁਆਰਾ ਤੀਸਰੀ ਪਾਤਸ਼ਾਹੀ-ਡੇਰਾ ਬਾਬਾ ਦਰਗਾਹਾ ਸਿੰਘ ਕਨਖਲ ਦੇ ਨਾਲ ਗੰਗਾ ਜੀ ਤੇ ਫਰਸ਼ ਲਾਕੇ ਪਉੜੀਆਂ ਬਣਵਾਈਆਂ ਜਿਸ ਨਾਲ ਗੁਰਦੁਆਰਾ ਸਾਹਿਬ ਅਤੇ ਗੰਗਾ ਜੀ ਦੇ ਸੁੱਹਪਣ ਵਿਚ ਅਕਹਿ ਵਾਧਾ ਹੋਇਆ ਹੈ ਅਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਵੀ ਗੰਗਾ ਦੀ ਬਾੜ੍ਹ ਤੋਂ ਸੁਰੱਖਿਅਤ ਹੋ ਗਈ ਹੈ।

ਸੰਤ ਕਰਤਾਰ ਸਿੰਘ ਜੀ ਠੱਠੇ ਟਿੱਬੇ ਵਾਲਿਆਂ ਨੇ ਅੰਮ੍ਰਿਤਸਰ ਵਿਖੇ ਜਿੱਥੇ ਸ੍ਰੀ ਹਰਿਮੰਦਰ ਜੀ ਵਿਚ ਉਪਰਲੀ ਛੱਤ ਤੇ ਸੋਨਾ ਲਾਉਣ ਦੀ ਸੇਵਾ ਕੀਤੀ ਉਥੇ ਸ੍ਰੀ ਪਟਨਾ ਸਾਹਿਬ ਅਤੇ ਗੋਇੰਦਵਾਲ ਆਦਿਕ ਅਨੇਕ ਗੁਰਸਥਾਨਾਂ ਦੀ ਕਾਰ ਸੇਵਾ ਵੀ ਸੰਪੰਨ ਕੀਤੀ।

ਮਹੰਤ ਬਲਵੰਤ ਸਿੰਘ ਜੀ ਸੈਕਟਰੀ ਨੇ ਪਿੰਡ ਵਿਲੀ ਜ਼ਿਲਾ ਜਲੰਧਰ ਦੇ ਗੁਰਦਵਾਰੇ ਦੀ ਕਾਰ ਸੇਵਾ ਕਰਕੇ ਦਰਸ਼ਨੀਯ ਭਵ ਇਮਾਰਤ ਬਣਾਈ।

ਸ੍ਰੀ ਮਹੰਤ ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ ਨੇ ਗੁਰਦੁਆਰਾ ਬਾਲਲੀਲ੍ਹਾ ਮੈਣੀ ਸੰਗਤ ਦੀ ਭਵ ਇਮਾਰਤ ਬਣਾਈ ਹੈ ਜੋ ਪਟਨਾ ਸਾਹਿਬ ਵਿਚ ਖਾਲਸਾਪੰਥ ਦੇ ਗੌਰਵ ਨੂੰ ਪ੍ਰਗਟ ਕਰ ਰਹੀ ਹੈ।

ਮਹੰਤ ਦੀਦਾਰ ਸਿੰਘ ਜੀ ਨੇ ਗੁਰਦੁਆਰਾ ੯ਵੀਂ ਪਾਤਸ਼ਾਹੀ ਇਲਾਹਾਬਾਦ ਵਿਚ ਦਰਸ਼ਨੀ ਬਿਲਡਿੰਗ ਬਣਾਈ ਹੈ।

ਮਹੰਤ ਦੇਵਾ ਸਿੰਘ ਜੀ ਨਿਰਮਲਬਾਗ ਹਰਿਦੁਆਰ ਵਾਲਿਆਂ ਨੇ ਅੰਮ੍ਰਿਤਸਰ ਸ੍ਰੀ ਹਰਿਮੰਦਰ ਜੀ ਵਿਚ ਉਪਰਲੀ ਛੱਤ ਦੇ ਜੰਗਲਿਆਂ ਵਿਚ ਸੋਨਾ ਲਵਾਉਣ ਦੀ ਉਲੇਖਨੀਯ ਸੇਵਾ ਕੀਤੀ ਹੈ।

ਮਹੰਤ ਦੇਵਾ ਸਿੰਘ ਜੀ ਨੇ ਸ੍ਰੀ ਅਕਾਲਤਖਤ ਦੀ ਪਹਿਲੀ ਇਮਾਰਤ ਵਿਚ (ਜੋ ੧੯੮੪ ਈਃ ਦੇ ਆਕ੍ਰਮਣ ਸਮੇਂ ਢਹਿ ਗਈ) ਦੇ ਕੋਠਾ ਸਾਹਿਬ ਅਤੇ ਮੂਹਰੇ ਬਰਾਮਦੇ ਵਿਚ ਵੀ ਸੋਨੇ ਦੀ ਮਨੋਹਰ ਚਿਤ੍ਰਕਾਰੀ ਕੀਤੀ ਸੀ। ਆਪ ਜੀ ਦੇ ਸਹਾਇਕ ਮੇਜਰ ਹਰਬੰਸ ਸਿੰਘ ਜੀ ਚੀਮਾ ਜਲੰਧਰ ਵਾਲੇ ਸਿਮਰਨ ਕਰਦੇ ਹੋਏ ਹਰ ਸਮੇਂ ਸੋਨੇ ਦੀ ਸੇਵਾ ਦੀ ਨਿਗਰਾਨੀ ਵਿਚ ਤੱਤਪਰ ਰਹਿੰਦੇ ਸਨ।

ਸੰਤ ਸੇਵਾ ਸਿੰਘ ਜੀ ਅਨੰਦਪੁਰ ਵਾਲਿਆਂ ਨੇ ਤਖ਼ਤ ਦਮਦਮਾ ਸਾਹਿਬ ਦੀ ਇਮਾਰਤ ਅਤੇ ਹੋਰ ਅਨੇਕ ਗੁਰਦੁਆਰਿਆਂ ਦੀ ਸੇਵਾ ਕੀਤੀ। ਹੁਣ ਆਪ ਜੀ ਦੇ ਉਤਰਾਧਿਕਾਰੀ ਸੰਤ ਲਾਭ ਸਿੰਘ ਜੀ ਇਹ ਸੇਵਾ ਕਰ ਰਹੇ ਹਨ।

ਆਗਰੇ ਅਤੇ ਮਥਰਾ ਵਿਚ ਸੰਤ ਸਾਧੂ ਸਿੰਘ ਜੀ 'ਮੋਨੀ' ਨੇ ਇਤਿਹਾਸਿਕ ਗੁਰਦੁਆਰਿਆਂ ਦੀਆਂ ਸੁੰਦਰ ਇਮਾਰਤਾਂ ਬਣਾਈਆਂ ਹਨ।

'ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ', ਤਲਵੰਡੀ ਸਾਬੋ, ਨੇ ਗੁਰੂਸਰ ਸਰੋਵਰ ਕਿਨਾਰੇ ਮੰਜੀ ਸਾਹਿਬ ਗੁਰਦੁਆਰੇ ਦੀ ਅਦਭੁਤ ਇਮਾਰਤ ਬਣਾਈ ਹੈ। ਇਸੀ ਤਰ੍ਹਾਂ ਬੁੰਗਾ ਮਸਤੂਆਣਾ ਵਿਚ ਅਤਿਅੰਤ ਸੁੰਦਰ ਹਰਿਮੰਦਰ ਬਣਾਇਆ ਹੈ। ਗੁਰੂਸਰ ਸਰੋਵਰ ਦੀ ਪਰਿਕ੍ਰਮਾ ਤੇ ਚੌਫੇਰੇ ਬਰਾਮਦੇ ਬਣਾਏ ਗਏ ਹਨ।

ਸੰਤ ਬਲਬੀਰ ਸਿੰਘ ਜੀ ਸੀਚੇਵਾਲ ਵਾਲਿਆਂ ਨੇ ਸਿੱਖ ਇਤਿਹਾਸ ਦੀ ੧੬੦ ਕਿਲੋਮੀਟਰ ਪਵਿੱਤਰ ਨਦੀ 'ਬੇਂਈ' ਨੂੰ ਪ੍ਰਦੂਸ਼ਨ ਰਹਿਤ ਕਰਕੇ, ਸੂਛ ਬਣਾਕੇ ਸੰਗਤਾਂ ਲਈ ਨਦੀ ਨੂੰ ਇਸ਼ਨਾਨਯੋਗ ਬਣਾਇਆ।

ਇਸ ਤਰ੍ਹਾਂ ਨਿਰਮਲ ਭੇਖ ਦੇ ਮਹਾਂਪੁਰਖ ਗੁਰੂਘਰ ਦੀ ਕਾਰ ਸੇਵਾ ਕਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਨ।

## ਤੇਗ ਦੇ ਧਨੀ

ਸ਼ਾਸਤ੍ਰ ਵਿਦਿਆ ਵਿਚ ਤਾਂ ਨਿਰਮਲੇ ਮਹਾਂਪੁਰਖ ਪੂਰਣ ਹਨ ਹੀ ਪਰ ਸ਼ਸਤ੍ਰ ਵਿਦਿਆ ਵਿਚ ਵੀ ਘਟ ਨਹੀਂ ਹਨ। ਲੋੜ ਅਨੁਸਾਰ ਸ਼ਾਸਤ੍ਰ ਅਤੇ ਸ਼ਸਤ੍ਰ ਦੀ ਵਰਤੋਂ ਕਰਦੇ ਰਹੇ ਹਨ। ਇਸੇ ਤਰ੍ਹਾਂ ਧਰਮ ਅਤੇ ਦੇਸ ਸੇਵਾ ਕਰਨ ਵਿਚ ਤੱਤਪਰ ਰਹੇ ਹਨ। ਸ਼ਬਦਵੇਧੀ ਬਾਣ ਮਾਰਨ ਵਾਲੇ ਕੇਵਲ ਏਹੀ ਮਹਾਂਪੁਰਖ ਹੋਏ ਹਨ। ਇਸ ਵਿਦਿਆ ਵਿਚ ਬਾਬਾ ਦਰਗਾਹਾ ਸਿੰਘ ਜੀ ਦਾ ਨਾਂ ਸਭ ਤੋਂ ਉਪਰ ਹੈ। ਆਪ ਗੁਰੂ ਕਲਗੀਧਰ ਪਿਤਾ ਦੇ ਹਜ਼ੂਰੀ ਸਿੱਖ ਸਨ। ਸਤਿਗੁਰੂ ਜੀ ਦੇ ਦਰਬਾਰ ਵਿਚ ਆਪ ਜੀ ਨੇ ਸ਼ਾਸਤ੍ਰ ਅਤੇ ਸ਼ਸਤ੍ਰ ਵਿਦਿਆ ਪ੍ਰਾਪਤ ਕੀਤੀ ਸੀ। ਨਾਂਦੇੜ/ਦੱਖਣ ਤਕ ਸਤਿਗੁਰੂ ਜੀ ਦੇ ਹਮਰਕਾਬ ਰਹੇ। ਇਥੇ ਸਤਿਗੁਰੂ ਜੀ ਨੇ ਆਗਿਆ ਕਰੀ ਕਿ ਹਰਿਦੁਆਰ ਜਾ ਕੇ ਸ੍ਰੀ ਗੁਰੂ ਅਮਰਦਾਸ ਜੀ ਦਾ ਗੁਰਦੁਆਰਾ ਪ੍ਰਗਟ ਕਰੋ। ਆਗਿਆ ਅਨੁਸਾਰ ਸੰਨ ੧੭੧੦ ਈ: ਵਿਚ ਦਸਮ ਸਤਿਗੁਰੂ ਜੀ ਤੋਂ ਕੇਵਲ ਦੋ ਵਰਸ਼ ਮਗਰੋਂ ਕਨਖਲ ਆ ਰਹੇ ਸਨ। ਆਪ ਜੀ ਨਾਲ ਕਾਫੀ ਵਿਰਕਤ ਸੰਤ ਸਨ, ਜਿਨ੍ਹਾਂ ਵਾਸਤੇ ਕੁੱਲੀਆਂ ਪਾਈਆਂ ਗਈਆਂ ਅਤੇ ਆਪ ਬਾਬਾ ਜੀ ਗੰਗਾ ਜੀ ਕਿਨਾਰੇ ਪਿੱਪਲ ਦੇ ਬ੍ਰਿਛ ਉਪਰ ਰਹਿੰਦੇ ਸਨ।

ਇਕ ਵਾਰ ਨਜੀਬਾਬਾਦ ਦੇ ਰੁਹੇਲਿਆਂ ਨੇ ਜਵਾਲਾਪੁਰ ਦੇ ਨਵਾਬ ਰਾਏ ਅਹਿਮਦ (ਰਾਜਪੂਤ) ਉਤੇ ਗੰਗਾ ਜੀ ਦੇ ਪਾਰ ਤੋਂ ਹਮਲਾ ਕਰ ਦਿਤਾ। ਆਕ੍ਰਮਣ ਸੁਣਕੇ ਨਵਾਬ ਘਬਰਾ ਗਿਆ। ਬਾਬਾ ਦਰਗਾਹਾ ਸਿੰਘ ਜੀ ਦੇ ਚਰਨਾਂ ਵਿਚ ਸਹਾਇਤਾ ਲਈ ਬੇਨਤੀ ਕੀਤੀ। ਬਾਬਾ ਜੀ ਬੇਨਤੀ ਮੰਨਕੇ ਦ੍ਰਿੜ੍ਹਤਾ ਨਾਲ ਮੋਰਚੇ ਤੇ ਡੱਟ ਗਏ। ਸ਼ਬਦ ਵੇਧੀ ਬਾਣ ਮਾਰਨ ਵਿਚ ਆਪ ਪ੍ਰਬੀਨ ਸਨ। ਗੰਗਾ ਦੇ ਪਾਰ ਕੋਲਾਹਲ ਮਚਾਉਂਦੇ ਰੁਹੇਲੇ ਬਾਬਾ ਜੀ ਦੇ ਤੀਰਾਂ ਨੇ ਪੁੱਠੇ/ਪਿਛਾਂਹ ਮੋੜ ਦਿਤੇ। ਇਸ ਸਮੇਂ ਰਾਏ ਅਹਿਮਦ ਨੇ ਪੂਰੀ ਤਿਆਰੀ ਕਰ ਲਈ ਸੀ, ਪਰ ਸ਼ਤ੍ਰੂ ਤਾਂ ਪਤਰਾ ਵਾਚ ਚੁੱਕਾ ਸੀ। ਬਾਬਾ ਜੀ ਦੀ ਬਹਾਦਰੀ ਦਾ ਪੰਚਪੁਰੀ ਤੇ ਸਿੱਕਾ ਬੈਠ ਗਿਆ। ਨਵਾਬ ਰਾਏ ਅਹਿਮਦ ਬਾਬਾ ਜੀ ਦਾ ਭਗਤ ਬਣ ਗਿਆ। ਅਨੇਕ ਤਰ੍ਹਾਂ ਦੇ ਪਦਾਰਥ ਉਪਹਾਰ ਲੈਕੇ ਬਾਬਾ ਜੀ ਦੇ ਚਰਨਾਂ ਵਿਚ ਨਤ-

ਮਸਤਕ ਹੋਇਆ। ਸ੍ਰੀ ਗੁਰੂ ਅਮਰਦਾਸ ਜੀ ਦੇ ਗੁਰਦੁਆਰੇ ਵਾਸਤੇ ਚੌਫੇਰੇ ਦੀ ਜ਼ਮੀਨ ਦਾ ਪਟਾ ਲਿਖਕੇ ਬਾਬਾ ਜੀ ਦੀ ਭੇਟ ਕੀਤਾ ਜੋ ਮਗਰੋਂ 'ਬਾੜਾ ਬਾਬਾ ਦਰਗਾਹਾ ਸਿੰਘ' ਦੇ ਨਾਂ ਨਾਲ ਪ੍ਰਸਿੱਧ ਹੋਇਆ।

ਇਸੀ ਤਰ੍ਹਾਂ ਸੰਤ ਅਘੜ ਸਿੰਘ ਜੀ ਕਬੇਰੀਏ, ਠਾਕਰ ਰੋਚਾ ਸਿੰਘ ਜੀ, ਸ੍ਰੀ ਸੰਤ ਮੇਲਾ ਸਿੰਘ ਜੀ, ਸੰਤ ਬਹਾਦਰ ਸਿੰਘ ਜੀ, ਸੰਤ ਹਕੀਕਤ ਸਿੰਘ ਜੀ ਨੰਗਾਲੀ ਸਾਹਿਬ (ਪੁੰਛ), ਸੰਤ ਬੱਲਾ ਸਿੰਘ ਜੀ ਖੰਡੂਰ ਸਾਹਿਬ ਵਾਲੇ ਤੇਗ ਦੇ ਧਨੀ ਹੋਏ ਹਨ। ਜਿੱਥੇ ਵੀ ਧਰਮ, ਸਿੱਖੀ, ਆਨ-ਸ਼ਾਨ ਦਾ ਵਿਰੋਧ ਹੋਇਆ, ਇਨ੍ਹਾਂ ਮਹਾਂਪੁਰਖਾਂ ਦੀ ਤੇਗ ਨੇ ਗੁਰੂ ਕੇ ਨਿੰਦਕਾਂ ਨੂੰ ਸਿੱਧੇ ਤੁਰਨ ਲਾਇਆ।

ਨਿਰਮਲ ਭੇਖ ਭੂਸ਼ਨ ਰਾਜਰਿਸ਼ੀ ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਸ਼ਾਸਤ੍ਰ ਅਤੇ ਸ਼ਸਤ੍ਰ ਦੁਆਰਾ ਸਿੱਖੀ ਦਾ ਉਲੇਖਨੀਯ ਪ੍ਰਚਾਰ ਕੀਤਾ। ਸ਼ਾਸਤ੍ਰ ਦੁਆਰਾ ਨਾਮ/ਬਾਣੀ, ਬ੍ਰਹਮਵਿਦਿਆ ਨਾਲ ਜੋੜਿਆ। ਸ਼ਸਤ੍ਰ ਦੁਆਰਾ ਅਤਿਆਚਾਰੀਆਂ/ਦੁਸ਼ਟਾਂ/ਦੋਖੀਆਂ ਨੂੰ ਸੋਧਕੇ ਧਰਮ ਦੀ ਰੱਖਿਆ ਕੀਤੀ। ਊਨਾ ਰਿਆਸਤ ਕਾਇਮ ਕਰਕੇ ਧਰਮ ਦਾ ਰਾਜ ਸਥਾਪਿਤ ਕੀਤਾ।

## ਸੂਰਬੀਰ ਬਚਨ ਕੇ ਬਲੀ

# ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ

*ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ ॥*
*ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥*
*ਬ੍ਰਹਮ ਗਿਆਨੀ ਸਦਾ ਸਮਦਰਸੀ ॥*
*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥*

*(ਪੰਨਾ ੨੭੨)*

ਬਾਬਾ ਬੀਰ ਸਿੰਘ ਜੀ ਦਾ ਜਨਮ ਸਾਵਨ ਸੁਦੀ ਤੀਜ ਸੰਮਤ ੧੮੨੫ ਬਿ: ਨੂੰ ਪਿੰਡ ਗਗੋਬੂਆ ਜ਼ਿਲ੍ਹਾ ਅੰਮ੍ਰਿਤਸਰ ਵਿਚ ਮਾਤਾ ਕਰਮ ਕੌਰ ਪਿਤਾ ਸ੍ਰ. ਸੇਵਾ ਸਿੰਘ ਦੇ ਘਰ ਹੋਇਆ। ਬਚਪਨ ਪਿੰਡ ਵਿਚ ਲੰਘਿਆ ਅਤੇ ਗੁਰਮੁਖੀ ਵਿਦਿਆ ਪ੍ਰਾਪਤ ਕੀਤੀ। ਕੁਝ ਸਮਾਂ ਸ: ਨਿਹਾਲ ਸਿੰਘ ਜੀ ਅਟਾਰੀ ਵਾਲਿਆਂ ਦੀ ਫੌਜ ਵਿਚ ਨੌਕਰੀ ਕੀਤੀ। ਕਈ ਮੁਹਿੰਮਾ ਵਿਚ ਹਿਸਾ ਲਿਆ। ਫੌਜੀ ਨੌਕਰੀ ਸਮੇਂ ਹੀ ਸੰਤ ਭਾਗ ਸਿੰਘ ਜੀ ਕੁਰੀ ਵਾਲਿਆਂ ਦੀ ਉਪਮਾ ਸੁਣੀ ਦਰਸ਼ਨ ਕਰਨ ਗਏ ਅਤੇ ਸ਼ਿਸ਼ ਬਣ ਗਏ। ਨੌਕਰੀ ਛੱਡ ਦਿੱਤੀ, ਸੇਵਾ ਵਿਚ ਲੱਗ ਗਏ। ਬਾਬਾ ਭਾਗ ਸਿੰਘ ਜੀ ਦੀ ਆਗਿਆ ਨਾਲ ਬਾਬਾ ਸਾਹਿਬ ਸਿੰਘ ਜੀ ਵੇਦੀ ਊਨਾ ਸਾਹਿਬ ਵਾਲਿਆਂ ਦੀ ਸੰਗਤ ਵਿਚ ਪੁਜੇ। ਨਾਮ ਅਭਿਆਸ ਸੇਵਾ ਕਰਦੇ ਰਹੇ। ਸੇਵਾ ਸਿਮਰਨ ਨਾਲ ਆਪ ਜੀ ਦਾ ਤਪ-ਤੇਜ, ਪਰਤਾਪ ਚੰਦਨ ਦੀ ਸੁਗੰਧੀ ਵਾਂਗ ਫੈਲ ਗਿਆ। ਨੌਰੰਗਾਬਾਦ ਦੀ ਸੰਗਤ ਆਪ ਜੀ ਨੂੰ ਆਪਣੇ ਪਿੰਡ ਵਿਚ ਲੈ ਆਈ। ਡੇਰਾ ਬਣ ਗਿਆ, ਨਾਮ ਬਾਣੀ ਦਾ ਪ੍ਰਵਾਹ ਚੱਲ ਪਿਆ।

ਆਪ ਜੀ ਦੇ ਤਪ-ਤੇਜ/ਪ੍ਰਤਾਪ ਦਾ ਇਥੋਂ ਪਤਾ ਲੱਗਦਾ ਹੈ। ਬਾਬਾ ਸਾਹਿਬ ਸਿੰਘ ਜੀ ਸੰਗਤ ਵਿਚ ਕਿਹਾ ਕਰਦੇ ਸਨ, **'ਸਭ ਪਾਸਿਓ ਤੱਤੀ ਹਵਾ ਆਉਂਦੀ ਹੈ ਕੇਵਲ ਨੌਰੰਗਾਬਾਦ ਤੋਂ ਠੰਡੀ ਹਵਾ ਆਉਂਦੀ ਹੈ।'** ਮਹਾਰਾਜਾ ਰਣਜੀਤ ਸਿੰਘ ਦਰਸ਼ਨ ਕਰਨ ਆਇਆ। ਮਹਾਰਾਜੇ ਨੇ ਲੰਗਰ ਦੀ ਸੇਵਾ ਲਈ ਦਾਨ ਕਰਨ ਦੀ ਇੱਛਾ ਪ੍ਰਗਟ ਕੀਤੀ। ਆਪ ਜੀ ਨੇ ਪਰਵਾਨ ਨਹੀਂ ਕੀਤਾ। ਜਨ ਸਾਧਾਰਣ ਤੋਂ ਲੈ ਕੇ ਪੰਜਾਬ ਦੇ ਰਾਜਿਆਂ-ਮਹਾਰਾਜਿਆਂ, ਰਈਸ਼ਾਂ, ਵਿਦਵਾਨਾਂ, ਮਹੰਤਾਂ, ਸੰਤਾਂ ਤੇ ਆਪ ਜੀ ਦਾ ਉਲੇਖਨੀਯ ਪ੍ਰਭਾਵ ਸੀ। ਲੱਖਾਂ ਨੂੰ ਨਾਮ ਬਾਣੀ ਨਾਲ ਜੋੜਿਆ, ਅਤੁੱਟ ਲੰਗਰ ਤੋਰਿਆ। ੨੨੦੦ (ਬਾਈ ਸੌ) ਸਵਾਰ ਹਰ ਸਮੇਂ ਆਪ ਜੀ ਦੇ ਨਾਲ ਰਹਿੰਦੇ ਸਨ। ਆਪ ਜੀ ਆਪਣੇ ਸਮੇਂ ਦੇ ਯੁਗ ਪੁਰਸ਼ ਸਨ।

ਧਰਮ ਪ੍ਰਚਾਰ ਕਰਦਿਆਂ ਨੂੰ ਪਤਾ ਲੱਗਾ ਕਿ ਮਾਤਾ ਜੀ ਬੀਮਾਰ ਹਨ, ਅੰਤ ਸਮਾ ਨੇੜੇ ਹੈ। ਆਪ ਜੀ ਸੰਗਤ ਸਮੇਤ ਜਨਮ ਨਗਰ ਪਹੁੰਚੇ। ਘਰ ਵਿਚ ਜਾ ਕੇ ਮਾਤਾ ਜੀ ਨੂੰ ਨਮਸਕਾਰ ਕੀਤੀ, ਪਿੰਡ ਤੋਂ ਬਾਹਰ ਡੇਰਾ ਕੀਤਾ। ਇਸ ਸਮੇਂ ਸ੍ਰ. ਅਤਰ ਸਿੰਘ ਸੰਧਾਵਾਲੀਆ ਅਤੇ ਸ: ਜਵਾਹਿਰ ਸਿੰਘ ਨਲੂਆ (ਸਪੁਤ੍ਰ ਸ੍ਰ: ਹਰੀ ਸਿੰਘ ਜੀ ਨਲੂਆ)

ਵੀ ਨਾਲ ਸਨ। ਮਾਤਾ ਜੀ ਮਿਲ ਕੇ ਪਰਮ ਪ੍ਰਸੰਨ ਹੋਈ ਅਤੇ ਬੋਲੀ, 'ਬੇਟਾ ਤੂੰ ਪੂਰਨ ਬ੍ਰਹਮਗਿਆਨੀ ਹੈਂ ਮੇਰਾ ਵੀ ਜਨਮ-ਮਰਨ ਦੁਖ ਕਟ ਕੇ ਮੌਖਸ਼ ਦੀ ਅਧਿਕਾਰੀ ਬਣਾਉ। ਮੈਨੂੰ ਇਸ ਗਲ ਦਾ ਮਾਣ ਹੈ ਕਿ ਮੇਰੇ ਬ੍ਰਹਮਗਿਆਨੀ ਪੁੱਤਰ ਦ੍ਵਾਰਾ ਲੱਖਾਂ ਵਿਅਕਤੀਆਂ ਦਾ ਉਧਾਰ ਹੋ ਰਿਹਾ ਹੈ।'

ਬਾਬਾ ਜੀ ਨੇ ਆਖਿਆ, 'ਮਾਤਾ ਜੀ; ਤੁਸੀਂ ਨਿਰਵਾਸਨਾ ਹੋਣ ਦੇ ਕਾਰਣ ਮੁਕਤਿ ਰੂਪ ਹੋਂ। ਹੁਣ ਸਭ ਸੰਕਲਪ ਵਿਕਲਪ ਤਿਆਗਕੇ ਵਾਹਿਗੁਰੂ ਦੇ ਚਿੰਤਨ ਵਿਚ ਲੱਗ ਜਾਓ। ਨਾਮ ਚਿੰਤਨ ਕਰਦੇ ਹੋਏ ਆਤਮ ਚਿੰਤਨ ਵਿੱਚ ਲੀਨ ਹੋ ਜਾਓ।' ਇਸੀ ਤਰ੍ਹਾਂ ਹੋਇਆ, ਮਾਤਾ ਜੀ ਨਾਮ ਅਭਿਆਸ ਵਿਚ ਲਗੇ ਹੋਏ ਹੀ ਅਸੂ ਸੰਮਤ ੧੯੯੫ ਨੂੰ ਬ੍ਰਹਮਲੀਨ ਹੋ ਗਏ। ਮਰਯਾਦਾ ਅਨੁਸਾਰ ਕੀਰਤਨ ਕਰਦੇ ਹੋਏ ਚੰਦਨ ਦੀ ਚਿਤਾ ਵਿਚ ਦਾਹ ਸੰਸਕਾਰ ਕੀਤਾ ਗਿਆ। ਸਹਿਜ ਪਾਠ ਆਰੰਭ ਹੋਇਆ ਅਤੇ ਰੋਜ਼ਾਨਾ ਕੀਰਤਨ ਹੋਣ ਲੱਗਾ। ਦਸਹਿਰੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦਾ ਭੋਗ ਪਿਆ। ਅਤੁਟ ਲੰਗਰ ਵਰਤਿਆ।

ਪਿੰਡ ਦੇ ਇਕ ਪ੍ਰੇਮੀ ਭਾਈ ਚੰਦਾ ਸਿੰਘ ਜੀ ਨੇ ਆਖਿਆ, 'ਮਾਤਾ ਜੀ ਭਾਗਸ਼ੀਲ ਸਨ, ਪੁਤਾਂ-ਪੋਤਰਿਆਂ ਅਤੇ ਆਪ ਜੀ ਦੀ ਹਾਜ਼ਰੀ ਵਿਚ ਚਲਾਣਾ ਹੋਇਆ ਹੈ।'

ਬਾਬਾ ਜੀ ਨੇ ਫਰਮਾਇਆ, 'ਭਾਈ ਚੰਦਾ ਸਿੰਘ! ਮਾਤਾ ਜੀ ਸਾਡੇ ਘਰ ਦਾ ਕਲਪ ਵ੍ਰਿਛ ਸਨ। ਪੁਰਾਤਨ ਗ੍ਰੰਥਾਂ ਵਿਚ ਪਿਤ੍ਰ ਰਿਣ ਅਤੇ ਗੁਰੂ ਰਿਣ, ਦੋ ਰਿਣ ਮੰਨੇ ਹਨ। ਅਸੀਂ ਸ਼ਾਸਤ੍ਰ ਅਨੁਸਾਰ ਪਿਤ੍ਰ ਰਿਣ ਉਤਾਰਨ ਵਾਸਤੇ ਇਨ੍ਹੇ ਦਿਨ ਇਥੇ ਠਹਿਰੇ ਹਾਂ।'

ਸ: ਜਵਾਹਿਰ ਸਿੰਘ ਜੀ ਨਲੂਆ ਨੇ ਆਖਿਆ, 'ਮਹਾਰਾਜ! ਆਪ ਦਾ ਘਰ ਬਹੁਤ ਪੁਰਾਣਾ, ਛੋਟਾ ਅਤੇ ਕੱਚਾ ਹੈ। ਆਪ ਜੀ ਦੇ ਸਤਿਕਾਰ ਅਨੁਸਾਰ ਸੋਭਾ ਨਹੀਂ ਦਿੰਦਾ, ਮੈਂ ਇਸ ਨੂੰ ਵੱਡਾ ਅਤੇ ਪੱਕਾ ਬਣਾਉਣ ਦੀ ਆਗਿਆ ਮੰਗਦਾ ਹਾਂ।'

ਬਾਬਾ ਜੀ ਨੇ ਆਖਿਆ, 'ਭਾਈ ਸਾਧਾਂ ਦੇ ਕਿਹੜੇ ਘਰ ਹੁੰਦੇ ਹਨ? ਅਸੀਂ ਤਾਂ ਦੋ ਰੋਟੀਆਂ ਦੀ ਖਾਤ੍ਰ ਪਿੰਡ ਛਡਿਆ ਹੈ। ਹੁਣ ਸਾਰਾ ਸੰਸਾਰ ਮੇਰਾ ਆਪਣਾ ਘਰ ਬਣ ਗਿਆ ਹੈ, ਮੈਂ ਇਕ ਘਰ ਵਾਲਾ ਨਹੀਂ ਰਿਹਾ। ਜਦ ਸਭ ਦੇ ਘਰ ਪੱਕੇ ਬਣ ਜਾਣਗੇ ਨਾਲ ਇਹ ਵੀ ਪੱਕਾ ਹੋ ਜਾਵੇਗਾ।' ਇਸ ਤਰ੍ਹਾਂ ਆਪਣੀ ਵਿਸ਼ਾਲ ਆਤਮਿਕ ਦ੍ਰਿਸ਼ਟੀ ਦਾ ਗਿਆਨ ਬਖਸ਼ਕੇ ਬਾਬਾ ਜੀ ਵਹੀਰ ਸਮੇਤ ਧਰਮ ਪ੍ਰਚਾਰ ਕਰਨ ਲਈ ਅਗੇ ਨੂੰ ਚਲੇ ਗਏ।

ਆਪ ਜੀ ਨੇ ਮਾਝੇ, ਮਾਲਵੇ, ਦੋਆਬੇ ਅਤੇ ਹਰਿਆਣੇ ਤਕ ਨਾਮ ਬਾਣੀ, ਕਥਾ-ਕੀਰਤਨ, ਸਿੱਖੀ ਪ੍ਰਚਾਰ, ਅੰਮ੍ਰਿਤ ਸੰਚਾਰ ਦੁਆਰਾ ਲੱਖਾਂ ਲੋਕਾਂ ਨੂੰ ਗੁਰੂ ਘਰ ਨਾਲ ਜੋੜਿਆ। ਆਪ ਜੀ ਦੀ ਕਰਣੀ ਕਮਾਈ ਪਰਉਪਕਾਰੀ ਘਾਲਣਾ ਉਲੇਖਨੀਯ ਹੈ। ਅਸੀਂ ਆਪ ਜੀ ਦੇ ਵਿਸ਼ਾਲ ਜੀਵਨ ਦੇ ਅਦੁੱਤੀ ਕਾਰਨਾਮੇ ਲਿਖਣ ਤੋਂ ਅਸਮਰਥਾ ਪ੍ਰਗਟ ਕਰਦੇ ਹੋਏ ਕੇਵਲ ਆਪ ਜੀ ਦੇ ਸ਼ਹੀਦੀ ਸਾਕੇ ਨੂੰ ਅੰਕਿਤ ਕਰਨ ਦੀ ਆਗਿਆ ਮੰਗਦੇ ਹਾਂ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ, ਤਪਤੇਜ਼/ਪ੍ਰਤਾਪ/ਪ੍ਰਭਾਵ ਅਗੇ ਏਸ਼ੀਆ ਅਤੇ ਯੂਰਪ ਵੀ ਸਿਰ ਝੁਕਾਉਂਦੇ ਸਨ। ਇਹ ਖਾਲਸੇ ਦਾ ਰਾਜ ਯਥਾਰਥ ਰੂਪ ਵਿਚ ਸੰਪ੍ਰਦਾਇਕਤਾ ਤੋਂ ਉੱਪਰ ਸਾਰੇ ਪੰਜਾਬੀਆਂ ਦਾ ਰਾਜ ਸੀ ਜਿਸ ਵਿਚ ਹਿੰਦੂ ਮੁਸਲਮਾਨ ਅਤੇ ਅਨਜ ਧਰਮਾਂ ਦੇ ਲੋਕ ਧਾਰਮਿਕ, ਸਮਾਜਿਕ ਸਭ ਤਰ੍ਹਾਂ ਦੇ ਕਰਮ-ਧਰਮ, ਰੀਤੀ-ਰਿਵਾਜ ਸੁਤੰਤ੍ਰਤਾ ਨਾਲ ਕਰਦੇ ਸਨ। ਖਾਲਸਾ ਰਾਜ ਵਿਚ ਸਭ ਕੌਮਾਂ, ਜਾਤੀਆਂ ਦੇ ਲੋਕ ਭਾਈਵਾਲ ਸਨ। ਨਿਰਪੱਖ ਸਮਦ੍ਰਿਸ਼ਟੀ, ਸਮਦਰਸ਼ੀ ਰਾਜ ਪੰਜਾਬ ਦੀ ਧਰਤੀ ਤੇ ਪਹਿਲੀ ਵਾਰ ਹੋਂਦ ਵਿਚ ਆਇਆ ਸੀ ਪਰ ਇਹ ਰਾਜ ਜਿਤਨਾ ਸਮਦਰਸ਼ੀ ਆਦਰਸ਼ਕ ਸੀ, ਮਹਾਰਾਜਾ ਰਣਜੀਤ ਸਿੰਘ ਦੀ ਮੌਤ ਨਾਲ

ਉਨ੍ਹਾ ਹੀ ਛੇਤੀ ਰੇਤ ਦੀ ਕੰਧ ਦੀ ਤਰ੍ਹਾਂ ਵਿਖਰ ਗਿਆ। ੨੭ ਜੂਨ ਸੰਨ ੧੮੩੯ ਈ: ਨੂੰ ਮਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਹੋਈ। ਇਸ ਤੋਂ ਬਾਅਦ ਖਾਲਸਾ ਰਾਜ ਅਰਾਜਕਤਾ ਦਾ ਸ਼ਿਕਾਰ ਹੋ ਗਿਆ। ਅੰਗ੍ਰੇਜ਼ਾਂ ਦਾ ਖੜਯੰਤ੍ਰ, ਡੋਗਰਿਆਂ ਦਾ ਵਿਸ਼੍ਵਾਸਘਾਤ, ਕ੍ਰਿਤਘਣਤਾ/ਸਿੱਖ ਫੌਜਾਂ ਦੇ ਜਰਨੈਲਾਂ ਤੇਜ ਸਿੰਘ[੧] ਅਤੇ ਲਾਲ ਸਿੰਘ ਬ੍ਰਾਹਮਣਾਂ[੨] ਦੀ ਗਦਾਰੀ ਅਤੇ ਸੰਧਾਵਾਲੀਆ ਦਾ ਕੁਲਘਾਤ ਸਿਖ ਰਾਜ ਨੂੰ ਖਤਮ ਕਰਣ ਦਾ ਕਾਰਨ ਬਣੇ। ਲਾਹੌਰ ਕਤਲਾਂ/ਸਾਜ਼ਸ਼ਾਂ ਦਾ ਗੜ੍ਹ ਬਣ ਗਿਆ। ਗੁਲਾਬ ਸਿੰਘ, ਧਿਆਨ ਸਿੰਘ ਡੋਗਰੇ ਖੜਯੰਤ੍ਰ ਰਚਨ ਵਿਚ ਸਿਧਹਸਤ ਸਨ। ਧਿਆਨ ਸਿੰਘ ਨੇ ਪਹਿਲਾਂ ਮਹਾਰਾਜਾ ਖੜਕ ਸਿੰਘ, ਮਹਾਰਾਣੀ ਚੰਦ ਕੌਰ ਅਤੇ ਕੰਵਰ ਨੌਨਿਹਾਲ ਸਿੰਘ ਵਿਚ ਮੱਤ-ਭੇਦ ਖੜ੍ਹੇ ਕਰਕੇ ਵਿਰੋਧ ਪੈਦਾ ਕੀਤਾ। ਮਹਾਰਾਜਾ ਖੜਕ ਸਿੰਘ ਨੂੰ ਜ਼ਹਿਰ ਦੇ ਕੇ ਮਾਰਿਆ ਗਿਆ। ਮਹਾਰਾਜਾ ਖੜਕ ਸਿੰਘ ਦਾ ਸਸਕਾਰ ਕਰਕੇ ਵਾਪਸ ਆ ਰਹੇ ਸਨ ਤਾਂ ਹਜ਼ੂਰੀ ਬਾਗ ਲਾਹੌਰ ਦੀ ਡਿਉਢੀ ਵਿਚੋਂ ਦੀ ਲੰਘ ਰਹੇ ਕੰਵਰ ਨੌਨਿਹਾਲ ਸਿੰਘ ਤੇ ਡਿਉਢੀ ਦਾ ਸੇਜਾ ਸੁਟਿਆ ਗਿਆ। ਕੰਵਰ ਜਖ਼ਮੀ ਹੋ ਗਿਆ। ਇਸ ਹਾਲਤ ਵਿਚ ਡੋਗਰਿਆਂ ਨੇ ਮਹਾਰਾਣੀ ਚੰਦ ਕੌਰ ਅਤੇ ਕੰਵਰ ਨੌਨਿਹਾਲ ਸਿੰਘ ਮਾਂ ਪੁੱਤਰ ਨੂੰ ਮਿਲਣ ਨਹੀਂ ਦਿੱਤਾ। ਤੀਸਰੇ ਦਿਨ ਕੰਵਰ ਨੌਨਿਹਾਲ ਸਿੰਘ ਨੂੰ ਮਾਰ ਦਿੱਤਾ ਗਿਆ।

ਡੋਗਰਿਆਂ ਦੀ ਸਾਜ਼ਸ ਨਾਲ ਹੀ ਮਹਾਰਾਜਾ ਸ਼ੇਰ ਸਿੰਘ ਅਤੇ ਮਹਾਰਾਣੀ ਚੰਦ ਕੌਰ ਵਿਚ ਤਿੰਨ ਦਿਨ ਲੜਾਈ ਹੋਈ। ਅੰਤ ਮਹਾਰਾਜਾ ਸ਼ੇਰ ਸਿੰਘ ਨੂੰ ਤਖ਼ਤ 'ਤੇ ਬਿਠਾਇਆ ਗਿਆ। ਮਹਾਰਾਣੀ ਚੰਦ ਕੌਰ ਨੂੰ ੧੮ ਲੱਖ ਦੀ ਜੰਮੂ ਵਿਚ ਜਾਗੀਰ ਦਿੱਤੀ ਗਈ। ਇਥੇ ਮਹਾਰਾਣੀ ਚੰਦ ਕੌਰ ਨੂੰ ਧਿਆਨ ਸਿੰਘ ਡੋਗਰੇ ਦੀ ਸਾਜ਼ਸ ਨਾਲ ਤਿੰਨ ਗੋਲ੍ਹੀਆਂ (ਦਾਸੀਆਂ) ਨੇ ਪਥਰ ਮਾਰ-ਮਾਰ ਕੇ ਮਾਰ ਦਿੱਤਾ। ਮਗਰੋਂ ਇਹ ਦਾਸੀਆਂ ਭਜਾ ਦਿੱਤੀਆਂ। ਮਹਾਰਾਣੀ ਜ਼ਿੰਦ ਕੌਰ ਨੂੰ ਜ਼ਹਿਰ ਦੇਣ ਦਾ ਯਤਨ ਕੀਤਾ ਗਿਆ।

੧੫ ਸਤੰਬਰ ੧੮੪੩ ਈ: ਨੂੰ ਮਹਾਰਾਜਾ ਸ਼ੇਰ ਸਿੰਘ ਕੁਸ਼ਤੀਆਂ ਵੇਖ ਰਿਹਾ ਸੀ ਅਤੇ ਉਸ ਦਾ ਸਪੁੱਤਰ ਕੰਵਰ ਪ੍ਰਤਾਪ ਸਿੰਘ ਸਾਧੂ/ਬ੍ਰਾਹਮਣਾਂ ਨੂੰ ਦਾਨ ਕਰ ਰਿਹਾ ਸੀ। ਲਹਿਣਾ ਸਿੰਘ ਅਤੇ ਅਜੀਤ ਸਿੰਘ ਸੰਧਾਵਾਲੀਆਂ ਨੇ ਮਹਾਰਾਜਾ ਸ਼ੇਰ ਸਿੰਘ ਨੂੰ ਗੋਲੀ ਮਾਰ ਕੇ ਖਤਮ ਕਰ ਦਿੱਤਾ। ਦਾਨ ਕਰ ਰਹੇ ਕੰਵਰ ਪ੍ਰਤਾਪ ਸਿੰਘ ਨੂੰ ਵੀ ਗੋਲੀ ਦਾ ਨਿਸ਼ਾਨਾ ਬਣਾ ਦਿੱਤਾ। ਅਗੋਂ ਧਿਆਨ ਸਿੰਘ ਡੋਗਰਾ ਮਿਲ ਗਿਆ ਇਹ ਵੀ ਸੰਧਾਵਾਲੀਆਂ ਦੀ ਗੋਲੀ ਦਾ ਸ਼ਿਕਾਰ ਬਣਿਆ।[੩]

ਸੰਧਾਵਾਲੀਆ ਨੇ ਮਹਲਾਂ ਵਿਚ ਜਾ ਕੇ ਪੰਜ ਵਰਸ਼ ਦੇ ਕੰਵਰ ਦਲੀਪ ਸਿੰਘ ਨੂੰ ਮਹਾਰਾਜਾ ਸ਼ੇਰ ਸਿੰਘ ਦੇ ਖ਼ੂਨ ਦਾ ਤਿਲਕ ਲਾ ਕੇ ਤਖ਼ਤ ਤੇ ਬੈਠਾ ਦਿੱਤਾ।

ਧਿਆਨ ਸਿੰਘ ਡੋਗਰੇ ਦੇ ਪੁਤਰ ਹੀਰਾ ਸਿੰਘ ਨੇ ਫੌਜਾਂ ਵਿਚ ਜਾ ਕੇ ਅਪੀਲ ਕੀਤੀ ਕਿ, 'ਸੰਧਾਵਾਲੀਆ ਨੇ

---

*੧. ਤੇਜ ਸਿੰਘ, ਨਿਧੇ ਮਿਸਰ ਦਾ ਪੁਤ੍ਰ, ਜਮਾਦਾਰ ਖ਼ੁਸ਼ਾਲ ਸਿੰਘ ਦਾ ਭਤੀਜਾ, ਪਿੰਡ ਏਕੜੀ, ਜ਼ਿਲ੍ਹਾ ਮੇਰਠ ਦਾ ਗਦਾਰ ਬਾਮ੍ਹਣ ਸੀ।*

*੨. ਲਾਲ ਸਿੰਘ ਜਸੇ ਮਿਸਰ ਦਾ ਪੁਤ੍ਰ, ਪਿੰਡ ਸੰਘੋਈ ਜ਼ਿਲ੍ਹਾ ਜਿਹਲਮ (ਹੁਣ ਪਾਕਿ:) ਦਾ ਬਾਮ੍ਹਣ ਸੀ। ਇਸ ਨਮਕ ਹਰਾਮ ਗਦਾਰ ਨੂੰ ਅੰਗ੍ਰੇਜਾਂ ਨੇ ਹੀ ਕੈਦ ਕਰਕੇ ਪਹਿਲਾਂ ਆਗਰੇ ਰੱਖਿਆ। ਅੰਤ ੧੮੬੬ ਈ: ਨੂੰ ਦੇਹਰਾਦੂਨ ਵਿਚ ਮਰਿਆ।*

*੩. ਧਿਆਨ ਸਿੰਘ, ਗੁਲਾਬ ਸਿੰਘ, ਸੁਚੇਤ ਸਿੰਘ (ਤਿੰਨੇ ਡੋਗਰੇ) ਭਰਾ ਪਿੰਡ ਅਸਮਹਲਪੁਰ (ਜੰਮੂ) ਦੇ ਰਹਿਣ ਵਾਲੇ ਕੇਸਰੀ ਡੋਗਰੇ ਦੇ ਪੁਤ੍ਰ ਸਨ। ਤਿੰਨੇ ਨਮਕ ਹਰਾਮ ਗਦਾਰ ਸਨ। ਧਿਆਨ ਸਿੰਘ ਅਨੇਕ ਤਰ੍ਹਾਂ ਦੇ ਖੜਯੰਤ੍ਰ ਰਚਕੇ ਮਹਾਰਾਜਾ ਰਣਜੀਤ ਸਿੰਘ ਦੇ ਸਾਰੇ ਪਰਿਵਾਰ ਨੂੰ ਖਤਮ ਕਰਕੇ ਅਪਣੇ ਪੁਤ੍ਰ ਹੀਰਾ ਸਿੰਘ ਨੂੰ ਲਾਹੌਰ ਦੇ ਤਖ਼ਤ ਤੇ ਬਿਠਾਉਣ ਦੇ ਸੁਪਨੇ ਲੈਂਦਾ ਸੀ।*

*ਗਦਾਰੀ ਕਰਨ ਵਿਚ ਤਿੰਨੇ ਭਰਾ ਇਕ ਦੂਜੇ ਤੋਂ ਅੱਗੇ ਸਨ, ਪਰ ਗਦਾਰੀ ਦਾ ਲਾਭ (ਜੰਮੂ ਕਸ਼ਮੀਰ ਰਾਜ) ਕੇਵਲ ਗੁਲਾਬ ਸਿੰਘ ਪ੍ਰਾਪਤ ਕਰ ਸਕਿਆ। ਹੈਨਰੀ ਹੈਵਲਾਕ ਨੇ ਲਿਖਿਆ ਹੈ ਕਿ, 'ਜੇ ਏਸ਼ੀਆ ਦੇ ਸਾਜਸ਼ੀਆਂ ਅਤੇ ਮਕਾਰਾਂ ਦੇ ਪ੍ਰਤੱਖ ਦਰਸ਼ਨ ਕਰਨੇ ਹੋਣ ਤਾਂ ਉਹ ਗੁਲਾਬ ਸਿੰਘ ਦੇ ਦਰਸ਼ਨ ਕਰ ਲੈਣ।'*

ਮਹਾਰਾਜਾ ਸ਼ੇਰ ਸਿੰਘ ਅਤੇ ਕੰਵਰ ਪ੍ਰਤਾਪ ਸਿੰਘ ਨੂੰ ਇਸ ਵਾਸਤੇ ਮਾਰਿਆ ਹੈ ਕਿ ਪੰਜਾਬ ਤੇ ਅੰਗ੍ਰੇਜ਼ਾਂ ਦਾ ਕਬਜ਼ਾ ਕਰਵਾਇਆ ਜਾਵੇ। ਮੈਂ ਸੁਗੰਧ ਖਾ ਕੇ ਕਹਿੰਦਾ ਹਾਂ ਮੈਂ ਹਰ ਸਿਪਾਹੀ ਦੀ ਤਨਖਾਹ ੧੨ ਰੁਪਏ ਅਤੇ ਘੋੜ ਸਵਾਰ ਦੀ ਤਨਖਾਹ ੩੦ ਰੁਪਏ ਦੇਵਾਂਗਾ। ਤੁਸੀ ਮਹਾਰਾਜਾ ਸ਼ੇਰ ਸਿੰਘ ਅਤੇ ਕੰਵਰ ਪ੍ਰਤਾਪ ਸਿੰਘ ਦੇ ਖ਼ੂਨ ਦਾ ਬਦਲਾ ਲਉ। ਸਿਖ ਰਾਜ ਨੂੰ ਕਾਇਮ ਕਰਨ ਦਾ ਉੱਦਮ ਕਰੋ।' ਫੌਜਾਂ ਸੰਧਾਵਾਲੀਆ ਦੇ ਖਿਲਾਫ ਹੋ ਗਈਆਂ। ਸੰਧਾਵਾਲੀਏ ਹਾਲੀ ਕਿਲ੍ਹੇ ਵਿਚ ਹੀ ਸਨ ਕਿ ਫੌਜ ਨੇ ਘੇਰਾ ਪਾ ਲਿਆ। ਲਹਿਣਾ ਸਿੰਘ ਅਤੇ ਅਜੀਤ ਸਿੰਘ ਸੰਧਾਵਾਲੀਏ ਮਾਰੇ ਗਏ। ਗਿਆਨੀ ਗੁਰਮੁਖ ਸਿੰਘ ਅਤੇ ਮਿਸ਼ਰ ਬੇਲੀਰਾਮ ਵੀ ਇਸੇ ਸਮੇਂ ਮਾਰੇ ਗਏ। ਸੰਧਾਵਾਲੀਆ ਦੇ ਸਿਰ ਵੱਢ ਕੇ ਫੌਜ ਨੇ ਹੀਰਾ ਸਿੰਘ ਦੇ ਪੇਸ਼ ਕੀਤੇ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਜੋ ਰਾਜਨੀਤਿਕ ਸਥਿਤੀ ਸੀ ਉਸ ਤੋਂ ਤਿੰਨੇ ਮਹਾਂਪੁਰਖ (ਬਾਬਾ ਬੀਰ ਸਿੰਘ ਜੀ, ਬਾਬਾ ਮਹਾਰਾਜ ਸਿੰਘ ਜੀ ਅਤੇ ਬਾਬਾ ਖੁਦਾ ਸਿੰਘ ਜੀ) ਚੰਗੀ ਤਰ੍ਹਾਂ ਜਾਣੂ ਸਨ।

ਮਹਾਰਾਜੇ ਦੀ ਮੌਤ ਤੋਂ ਬਾਅਦ ਧਿਆਨ ਸਿੰਘ, ਗੁਲਾਬ ਸਿੰਘ ਅਤੇ ਹੀਰਾ ਸਿੰਘ ਆਦਿਕ ਡੋਗਰੇ ਆਪਣੀ ਤਾਕਤ ਵਧਾਉਣ ਵਾਸਤੇ ਨਿਤ ਨਵੇਂ ਤੋਂ ਨਵੇਂ ਖੜਯੰਤ੍ਰ ਰਚ ਰਹੇ ਸਨ। ਇਨ੍ਹਾਂ ਡੋਗਰਿਆਂ ਨੇ ਸੰਤ ਸਰੂਪ ਮਹਾਰਾਜਾ ਖੜਕ ਸਿੰਘ ਅਤੇ ਉਸਦਾ ਹੋਣਹਾਰ ਰਾਜਕੁਮਾਰ ਕੰਵਰ ਨੌਨਿਹਾਲ ਸਿੰਘ ਬੜੀ ਬੇਰਹਿਮੀ ਨਾਲ ਮਾਰੇ। ਕੰਵਰ ਨੌਨਿਹਾਲ ਸਿੰਘ ਦੀ ਮਾਤਾ ਮਹਾਰਾਣੀ ਚੰਦ ਕੌਰ ਨੂੰ ਜੰਮੂ ਵਿਚ ਪੱਥਰ ਮਾਰ-ਮਾਰ ਕੇ ਮਰਵਾ ਦਿੱਤਾ ਗਿਆ। ਇਸ ਮਚਦੇ ਭਾਂਬੜ ਵਿਚ ਧਿਆਨ ਸਿੰਘ ਡੋਗਰਾ, ਹੀਰਾ ਸਿੰਘ ਡੋਗਰਾ, ਜਲ੍ਹਾ ਬਾਮਣ, ਮਹਾਰਾਜਾ ਦਲੀਪ ਸਿੰਘ ਦਾ ਮਾਮਾ ਸਃ ਜਵਾਹਿਰ ਸਿੰਘ ਆਦਿਕ ਅਨੇਕ ਵਿਅਕਤੀਆਂ ਦੀ ਅਹੂਤੀ ਪਈ। ਡੋਗਰੇ ਬ੍ਰਾਹਮਣ ਸ਼ਰੇਆਮ ਨੰਗਾ ਨਾਚ ਨੱਚ ਰਹੇ ਸਨ। ਡੋਗਰਿਆਂ ਵੱਲੋਂ ਮਹਾਰਾਣੀ ਜ਼ਿੰਦਾ ਨੂੰ ਵੀ ਜ਼ਹਿਰ ਦੇਣ ਦਾ ਯਤਨ ਕੀਤਾ ਗਿਆ।

ਸੰਧਾਵਾਲੀਏ ਸ੍ਰ. ਅਜੀਤ ਸਿੰਘ ਅਤੇ ਸ੍ਰ. ਲਹਿਣਾ ਸਿੰਘ ਨੇ ਅਪਣੀ ਸ਼ਕਤੀ ਵਧਾਉਣ ਵਾਸਤੇ ਮਹਾਰਾਜਾ ਸ਼ੇਰ ਸਿੰਘ ਅਤੇ ਉਸ ਦੇ ਰਾਜਕੁਮਾਰ ਕੰਵਰ ਪ੍ਰਤਾਪ ਸਿੰਘ ਨੂੰ ਭਰੇ ਦਰਬਾਰ ਵਿਚ ਕਤਲ ਕੀਤਾ।

ਮਹਾਰਾਜਾ ਰਣਜੀਤ ਸਿੰਘ ਦੇ ਦੂਸਰੇ ਰਾਜਕੁਮਾਰ ਕੰਵਰ ਕਸ਼ਮੀਰਾ ਸਿੰਘ, ਕੰਵਰ ਤਾਰਾ ਸਿੰਘ ਡੋਗਰਿਆਂ ਦੀ ਤਲਵਾਰ ਦੀ ਭੇਟ ਚੜੇ। ਅਜੇਹੀ ਧਾਂਦਲੀ ਵੇਖ ਕੇ ਪ੍ਰਸ਼ਨ ਉਠਦਾ ਹੈ ਕਿ ਇਸ ਅਰਾਜਕਤਾ ਨੂੰ ਰੋਕਣ ਵਾਲਾ ਕੋਈ ਨਹੀਂ ਸੀ।

ਸਿੱਖ ਰਾਜ ਕਾਇਮ ਕਰਨ ਵਾਲੇ ਸੂਰਮੇ ਸ਼ਹੀਦੀਆਂ ਪਾ ਗਏ, ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ। ਰਾਜ ਦਰਬਾਰ ਵਿਚ ਯੂ.ਪੀ. ਦੇ ਬਾਮ੍ਹਣਾਂ ਅਤੇ ਜੰਮੂ ਦੇ ਡੋਗਰਿਆਂ ਦਾ ਪ੍ਰਭਾਵ ਵਧ ਗਿਆ। ਸਿੱਖ ਮਿਸਲਾਂ ਦੇ ਸਰਦਾਰਾਂ ਉੱਤੇ ਮਹਾਰਾਜਾ ਰਣਜੀਤ ਸਿੰਘ ਆਪ ਵੀ ਵਿਸ਼ਵਾਸ ਨਹੀਂ ਕਰਦਾ ਸੀ। ਗੈਰ ਸਿੱਖ ਕਾਬਜ ਹੋ ਗਏ।

ਸਿੱਖ ਰਾਜ ਦੇ ਸ਼ੁਭਚਿੰਤਕ ਬਾਬਾ ਬੀਰ ਸਿੰਘ, ਬਾਬਾ ਮਹਾਰਾਜ ਸਿੰਘ, ਸਃ ਚਤਰ ਸਿੰਘ, ਸਃ ਸ਼ਾਮ ਸਿੰਘ ਅਟਾਰੀ, ਸਃ ਜਵਾਹਿਰ ਸਿੰਘ ਨਲੂਆ ਆਦਿਕ ਮਹਾਂਪੁਰਖਾਂ ਅਤੇ ਸਰਦਾਰਾਂ ਦੀ ਡੋਗਰਿਆਂ ਦੇ ਰਚੇ ਖੜਯੰਤ੍ਰਾਂ, ਕੁਲ ਘਾਤਕਾਂ ਦੀ ਮਚਾਈ ਅੱਗ ਅਗੇ, ਪੇਸ਼ ਨਹੀਂ ਜਾਂਦੀ ਸੀ। ਬਾਬਾ ਬੀਰ ਸਿੰਘ, ਬਾਬਾ ਮਹਾਰਾਜ ਸਿੰਘ ਨੇ ਇਸ ਕੁਲ ਘਾਤਕ ਅੱਗ ਨੂੰ ਸ਼ਾਂਤ ਕਰਨ ਲਈ ਆਪਣੇ ਸਰੀਰਾਂ ਦੀ ਅਹੂਤੀ ਦਿੱਤੀ ਅਤੇ ਬਾਬਾ ਖੁਦਾ ਸਿੰਘ ਜੀ ਨੇ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਅਕਹਿ/ਅਸਹਿ ਕਸ਼ਟ ਸਹਿਨ ਕੀਤੇ। [੧]

---

*੧. ਬਾਬਾ ਖੁਦਾ ਸਿੰਘ ਪੰਨਾ ੧੦੬ ਛਾਪ ਪਹਿਲੀ, ਗਿਆਨੀ ਪ੍ਰਤਾਪ ਸਿੰਘ*

ਭਾਵੇਂ ਧਿਆਨ ਸਿੰਘ ਡੋਗਰਾ ਮਾਰਿਆ ਗਿਆ ਪਰ ਸਿੱਖ ਰਾਜ ਦਰਬਾਰ ਵਿਚ ਡੋਗਰਿਆਂ ਦਾ ਅਸਰ ਰਸੂਖ ਕਾਇਮ ਹੋ ਚੁੱਕਾ ਸੀ। ਧਿਆਨ ਸਿੰਘ ਦਾ ਪੁੱਤਰ ਹੀਰਾ ਸਿੰਘ ਪ੍ਰਧਾਨ ਮੰਤਰੀ ਸੀ। ਧਿਆਨ ਸਿੰਘ ਦੇ ਭਰਾ ਗੁਲਾਬ ਸਿੰਘ ਦਾ ਵੀ ਪੂਰਾ ਅਸਰ ਸੀ। ਇਸ ਤਰ੍ਹਾਂ ਖਾਨਾਜੰਗੀ ਹੋਣੀ, ਨਿਤ ਕਤਲ ਹੋਣੇ ਲਾਹੌਰ ਦਰਬਾਰ ਦੀ ਸੁਭਾਵਿਕ ਗਲ ਬਣ ਗਈ। ਗੁਲਾਬ ਸਿੰਘ, ਲਾਭ ਸਿੰਘ ਵਿਸ਼ੇਸ਼ ਕਰਕੇ ਹੀਰਾ ਸਿੰਘ ਡੋਗਰੇ ਨੇ ਚੰਗੇ-ਚੰਗੇ ਸਰਦਾਰ ਮਾਰ ਕੇ ਖਤਮ ਕਰ ਦਿੱਤੇ। ਕੋਈ ਨਾ ਕੋਈ ਖੜਯੰਤ੍ਰ ਰਚ ਕੇ ਕਿਸੇ ਨਾ ਕਿਸੇ ਵਿਅਕਤੀ ਦਾ ਰੋਜ਼ਾਨਾ ਕਤਲ ਹੋਣ ਲੱਗਾ। ਚੰਗੇ-ਚੰਗੇ ਸਿੱਖ ਸਰਦਾਰ ਕੁਝ ਨਿਰਾਸ਼ ਅਤੇ ਉਦਾਸ ਹੋ ਗਏ। ਸਭ ਦੇ ਮਨ ਸਹਿਮੇ ਹੋਏ ਸਨ ਕਿ ਪਤਾ ਨਹੀਂ ਛਿੰਨ ਵਿਚ ਕੀ ਹੋ ਜਾਵੇ, ਕਿਸ ਦੀ ਮੌਤ ਹੋ ਜਾਵੇ? ਹੀਰਾ ਸਿੰਘ ਨੇ ਮਹਾਰਾਣੀ ਜ਼ਿੰਦਾ ਦੇ ਭਰਾ, ਮਹਾਰਾਜਾ ਦਲੀਪ ਸਿੰਘ ਦੇ ਮਾਮੇ ਨੂੰ ਵੀ ਜੇਲ੍ਹ ਵਿੱਚ ਸਿੱਟ ਦਿੱਤਾ। ਸ: ਅਤਰ ਸਿੰਘ ਸੰਧਾਵਾਲੀਆ ਇਸੇ ਡਰ ਕਰਕੇ ਆਪਣੇ ਪਰਿਵਾਰ ਨੂੰ ਲੈਕੇ ਸੰਤ ਬੀਰ ਸਿੰਘ ਜੀ ਦੇ ਡੇਰੇ ਵਿਚ ਜਾ ਬੈਠਾ। ਮਹਾਰਾਜਾ ਰਣਜੀਤ ਸਿੰਘ ਜੀ ਦੇ ਦੋ ਰਾਜਕੁਮਾਰ ਕੰਵਰ ਕਸ਼ਮੀਰਾ ਸਿੰਘ ਅਤੇ ਕੰਵਰ ਪਸ਼ੌਰਾ ਸਿੰਘ ਵੀ ਡੋਗਰੇ ਹੀਰਾ ਸਿੰਘ ਤੋਂ ਡਰ ਦੇ ਮਾਰੇ ਬਾਬਾ ਬੀਰ ਸਿੰਘ ਦੀ ਸ਼ਰਨ ਵਿਚ ਚਲੇ ਗਏ। ਸ: ਹਰੀ ਸਿੰਘ ਨਲੂਏ ਦਾ ਸਪੁਤ੍ਰ ਸ: ਜਵਾਹਿਰ ਸਿੰਘ ਆਪਣੀ ਚਾਰ ਹਜ਼ਾਰ ਫੌਜ ਸਮੇਤ ਬਾਬਾ ਬੀਰ ਸਿੰਘ ਦੇ ਡੇਰੇ ਵਿਚ ਆ ਬੈਠਾ।

ਬਾਬਾ ਬੀਰ ਸਿੰਘ ਸਿੰਘ ਜੀ ਦੀ ਸ਼ਰਨ ਵਿਚ ਸ: ਅਤਰ ਸਿੰਘ ਸੰਧਾਵਾਲੀਆ ਦਾ ਪਰਿਵਾਰ ਹੋਣ ਕਰਕੇ, ਮਹਾਰਾਜਾ ਰਣਜੀਤ ਸਿੰਘ ਦੇ ਦੋ ਰਾਜਕੁਮਾਰ ਕਸ਼ਮੀਰਾ ਸਿੰਘ, ਪਸ਼ੌਰਾ ਸਿੰਘ ਅਤੇ ਸ: ਹਰੀ ਸਿੰਘ ਨਲੂਏ ਦੇ ਸਪੁੱਤਰ ਸ: ਜਵਾਹਿਰ ਸਿੰਘ ਦੇ ਹੋਣ ਕਰਕੇ, ਹੁਣ ਹੀਰਾ ਸਿੰਘ ਡੋਗਰੇ ਨੇ ਬਾਬਾ ਬੀਰ ਸਿੰਘ ਜੀ ਨੂੰ ਮਾਰਨ ਦਾ ਨਿਰਣੈ ਕਰ ਲਿਆ।

ਹੀਰਾ ਸਿੰਘ ਡੋਗਰੇ ਨੇ ਰਾਜ ਦਰਬਾਰ ਵਿਚ ਇਕਤ੍ਰਤਾ ਕਰਕੇ ਕਿਹਾ, 'ਸੰਧਾਵਾਲੀਏ ਸਾਡੇ ਵੈਰੀ ਹਨ, ਉਨ੍ਹਾਂ ਨੂੰ ਮਾਰਨਾ ਅਤਿ ਜ਼ਰੂਰੀ ਹੈ। ਜੇਕਰ ਉਹ ਨਾ ਮਾਰੇ ਗਏ ਸਾਨੂੰ ਕਦੇ ਵੀ ਨਹੀਂ ਛਡਣਗੇ। ਅਤਰ ਸਿੰਘ ਸੰਧਾਵਾਲੀਆ ਬਾਬਾ ਬੀਰ ਸਿੰਘ ਦੇ ਡੇਰੇ ਵਿਚ ਚਲਾ ਗਿਆ ਹੈ। ਉਸ ਦੇ ਨਾਲ ਕੰਵਰ ਕਸ਼ਮੀਰਾ ਸਿੰਘ, ਕੰਵਰ ਪਸ਼ੌਰਾ ਸਿੰਘ ਅਤੇ ਸ: ਜਵਾਹਿਰ ਸਿੰਘ ਨਲੂਆ ਆਪਣੀਆਂ-ਆਪਣੀਆਂ ਫੌਜਾਂ ਲੈ ਕੇ ਬਾਬਾ ਬੀਰ ਸਿੰਘ ਦੇ ਡੇਰੇ ਵਿਚ ਇਕੱਠੇ ਹੋ ਗਏ ਹਨ। ਬਾਬਾ ਬੀਰ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਰਾਜ ਗੁਰੂ ਸਮਝਿਆ ਜਾਂਦਾ ਹੈ। ਹੁਣ ਅਜਿਹੀ ਵਿਧੀ ਦਸੋ ਜਿਸ ਨਾਲ ਸੰਤ ਬੀਰ ਸਿੰਘ ਨੂੰ ਪਾਸੇ ਕਰਕੇ ਅਤਰ ਸਿੰਘ ਆਦਿਕ ਸਰਬ ਵਿਰੋਧੀ ਫੜੇ ਜਾਣ ਜਾਂ ਮਾਰੇ ਜਾਣ।'

ਜਲ੍ਹੇ ਬਾਮ੍ਹਣ[੧] ਨੇ ਹੀਰਾ ਸਿੰਘ ਨੂੰ ਆਖਿਆ, 'ਕੁਝ ਸਰਦਾਰਾਂ ਨੂੰ ਬਾਬਾ ਬੀਰ ਸਿੰਘ ਕੋਲ ਭੇਜਿਆ ਜਾਵੇ ਅਤੇ ਮੰਗ ਕੀਤੀ ਜਾਵੇ ਕਿ ਅਤਰ ਸਿੰਘ ਨੂੰ ਸਾਡੇ ਹਵਾਲੇ ਕਰਨ, ਜੇਕਰ ਅਜਿਹਾ ਨਹੀ ਕਰਦੇ ਫਿਰ ਫੌਜ ਭੇਜ ਕੇ ਤੋਪਾਂ ਦੇ ਨਾਲ ਡੇਰੇ ਨੂੰ ਉਡਾ ਦਿੱਤਾ ਜਾਵੇ।'

ਹੀਰਾ ਸਿੰਘ ਨੇ ਜਲ੍ਹੇ ਬਾਮ੍ਹਣ ਦੀ ਰਾਏ ਅਨੁਸਾਰ ਪਤ੍ਰਕਾ ਲਿਖ ਕੇ ਬਾਬਾ ਬੀਰ ਸਿੰਘ ਨੂੰ ਭੇਜੀ ਕਿ, 'ਅਸੀਂ ਆਪ ਜੀ ਦੇ ਦਾਸ ਹਾਂ, ਸਾਡਾ ਆਪ ਜੀ ਨਾਲ ਕੋਈ ਵਿਰੋਧ ਨਹੀਂ ਹੈ ਪਰ ਅਤਰ ਸਿੰਘ ਸੰਧਾਵਾਲੀਆ ਸਾਡਾ ਵੈਰੀ ਹੈ, ਉਹ ਸਾਡੇ ਹਵਾਲੇ ਕੀਤਾ ਜਾਵੇ। ਜੇਕਰ ਅਜਿਹਾ ਨਹੀਂ ਕਰਦੇ ਫਿਰ ਫੌਜ ਆਵੇਗੀ।'

ਸੰਤ ਬੀਰ ਸਿੰਘ ਜੀ ਨੇ ਉੱਤਰ ਵਿਚ ਪਤ੍ਰਕਾ ਲਿਖੀ ਕਿ, 'ਅਸੀਂ ਸਾਧੂ ਹਾਂ। ਕੋਈ ਸਾਡੇ ਡੇਰੇ ਆ ਕੇ ਰਹੇ,

*੧. ਜਲ੍ਹਾ ਕੌਲ ਮਿਸਰ ਡੋਗਰਿਆਂ ਦਾ ਹਿਮਾਇਤੀ, ਅਹੰਕਾਰੀ ਬਾਮ੍ਹਣ ਸੀ।*

ਅਸੀਂ ਰੋਕ ਨਹੀ ਸਕਦੇ। ਅਸੀਂ ਕਿਸੇ ਨੂੰ ਬਲਾਉਣ ਵੀ ਨਹੀਂ ਜਾਂਦੇ, ਜੋ ਡੇਰੇ ਵਿਚ ਲੰਗਰ ਚੱਲਦਾ ਹੈ ਇਹ ਗੁਰੂ ਕਾ ਹੈ, ਜੇਕਰ ਕੋਈ ਲੰਗਰ ਛੱਕਣ ਸਾਡੇ ਕੋਲ ਆ ਜਾਵੇ ਅਸੀਂ ਉਸਨੂੰ ਵੀ ਰੋਕ ਨਹੀਂ ਸਕਦੇ। ਨਾ ਅਸੀਂ ਆਪਣੇ ਹੱਥ ਨਾਲ ਕਿਸੇ ਨੂੰ ਫੜਾ ਸਕਦੇ ਹਾਂ। ਜੋ ਸ਼ਰਨ ਵਿਚ ਆਉਂਦਾ ਹੈ ਉਸ ਨੂੰ ਫੜਾ ਦੇਣਾ ਸਾਡਾ ਧਰਮ ਨਹੀਂ ਹੈ। **ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥** (ਪੰਨਾ ੫੪੪) ਤੁਹਾਡੀ ਜਦੋਂ ਇਛਾ ਹੈ ਫੌਜ ਨੂੰ ਚਾਹੜ ਦਿਉ ਸਾਨੂੰ ਮਾਰਕੇ ਅਤਰ ਸਿੰਘ ਨੂੰ ਫੜ ਲੈਣਾ। ਜਿਤਨਾ ਚਿਰ ਸਾਡੇ ਸਰੀਰ ਵਿਚ ਪ੍ਰਾਣ ਹਨ ਅਸੀਂ ਹੱਥ ਨਾਲ ਕਿਸੇ ਨੂੰ ਨਹੀਂ ਫੜਾ ਸਕਦੇ।

ਬਾਬਾ ਜੀ ਦੀ ਪਤ੍ਰਕਾ ਲਾਹੌਰ ਪੜ੍ਹੀ ਗਈ। ਹੀਰਾ ਸਿੰਘ ਡੋਗਰਾ ਅਤੇ ਜਲ੍ਹਾ ਬਾਮ੍ਹਣ ਮਚ ਕੇ ਕੋਲੇ ਹੋ ਗਏ। ਜਲ੍ਹੇ ਬਾਮ੍ਹਣ ਨੇ ਨਜੀਮਾਂ (ਮੁਸਲਮਾਨ) ਪਲਟਨਾਂ ਨੂੰ ਹੁਕਮ ਦਿੱਤਾ ਕਿ ਉਹ ਬਾਬਾ ਜੀ ਤੇ ਚੜ੍ਹਾਈ ਕਰਨ। ਪਲਟਨ ਦੇ ਮੁਸਲਮਾਨ ਅਫ਼ਸਰ ਨੇ ਜਲ੍ਹੇ ਨੂੰ ਆਖਿਆ, 'ਸਾਨੂੰ ਕਾਬਲ ਕੰਧਾਰ ਅਫਗਾਨਸਤਾਨ ਦੀਆਂ ਸਰਹੱਦਾਂ ਤੇ ਭੇਜ ਦਿਉ ਅਸੀਂ ਤਿਆਰ ਹਾਂ। ਸਿੱਖ ਰਾਜ ਦੀ ਖਾਤ੍ਰ ਮੁਸਲਮਾਨਾਂ ਨਾਲ ਅੰਤਿਮ ਸਵਾਸਾਂ ਤਕ ਲੜਾਂਗੇ। ਜੇਕਰ ਕਿਸੀ ਹੋਰ ਥਾਂ ਭੇਜਣਾ ਹੈ ਜਾਣ ਵਾਸਤੇ ਤਿਆਰ ਹਾਂ। ਹਿਮਾਲੀਏ ਪਹਾੜ ਦੀਆਂ ਬਰਫਾਂ ਵਿਚ ਜਾਣ ਲਈ ਹਾਜ਼ਿਰ ਹਾਂ ਪਰ ਬਾਬਾ ਬੀਰ ਸਿੰਘ ਪੂਰੇ ਪੀਰ ਅਤੇ ਫਕੀਰ ਹਨ, ਕਰਾਮਾਤੀ ਮਹਾਂਪੁਰਖ ਹਨ, ਅਸੀਂ ਉਨ੍ਹਾਂ ਤੇ ਹੱਥ ਨਹੀ ਉੱਠਾ ਸਕਦੇ। ਅਸੀਂ ਪੇਟ ਦੀ ਖਾਤ੍ਰ ਖੁਦਾ ਪ੍ਰਸਤ ਨੇਕ ਇਨਸਾਨ ਤੇ ਵਾਰ ਨਹੀਂ ਕਰ ਸਕਦੇ।' ਜਲ੍ਹੇ ਨੇ ਆਖਿਆ, 'ਤੁਹਾਨੂੰ ਵੱਡੇ-ਵੱਡੇ ਆਹੁਦੇ ਅਤੇ ਇਨਾਮ ਦਿੱਤੇ ਜਾਣਗੇ।'

ਮੁਸਲਮਾਨ ਅਫ਼ਸਰਾਂ ਨੇ ਆਖਿਆ, 'ਪੀਰਾਂ ਫਕੀਰਾਂ ਨੂੰ ਮਾਰਕੇ ਸਾਨੂੰ ਕਿਸੇ ਆਹੁਦੇ ਅਤੇ ਇਨਾਮਾਂ ਦੀ ਲੋੜ ਨਹੀਂ ਹੈ।' ਮੁਸਲਮਾਨ ਪਲਟਨ ਨੇ ਦ੍ਰਿੜ੍ਹਤਾ ਨਾਲ ਜਵਾਬ ਦੇ ਦਿੱਤਾ। ਜਲ੍ਹਾ ਬ੍ਰਾਮ੍ਹਣ ਅਤੇ ਹੀਰਾ ਸਿੰਘ ਨਿਰਾਸ ਹੋ ਗਏ। ਫਿਰ ਸਿੱਖਾਂ ਅਤੇ ਡੋਗਰਿਆਂ ਦੀਆਂ ਰਲੀਆਂ ਮਿਲੀਆਂ ਪਲਟਨਾਂ ਨੂੰ ਬਾਬਾ ਜੀ ਤੇ ਚੜ੍ਹਾਈ ਕਰਨ ਦਾ ਹੁਕਮ ਦਿੱਤਾ। ਲਾਭ ਸਿੰਘ ਡੋਗਰਾ ਅਤੇ ਗੁਲਾਬ ਸਿੰਘ ਕਲਕਤੀਆ ਅਫ਼ਸਰ ਨਿਯਤ ਹੋਏ। ੧੨ ਪਲਟਨਾਂ, ੫੦੦ ਜੰਬੂਰੇ, ੧੨੦ ਤੋਪਾਂ ਲੈ ਕੇ ਫੌਜ ਨੇ ਕੂਚ ਕੀਤਾ।

ਸਿੱਖ ਪਲਟਨਾਂ ਵਿਚ ਅਤੇ ਪਿੰਡਾਂ ਵਿਚ ਬਾਬਾ ਬੀਰ ਸਿੰਘ ਜੀ ਦੇ ਵਿਰੁੱਧ ਇਸ ਤਰ੍ਹਾਂ ਦਾ ਪ੍ਰਚਾਰ ਕੀਤਾ ਗਿਆ ਕਿ, 'ਗਊ ਨੂੰ ਮਾਰਨਾ ਪਾਪ ਹੈ, ਜੇਕਰ ਗਊ ਮਾਰਨ ਲਗੇ, ਫਿਰ ਉਸਦੇ ਸਿੰਗ ਭੰਨਣੇ ਚਾਹੀਦੇ ਹਨ। ਬਾਬਾ ਬੀਰ ਸਿੰਘ ਧਾਰਮਿਕ ਮਰਯਾਦਾ ਛੱਡ ਕੇ ਰਾਜਨੀਤੀ ਵਿਚ ਹਿੱਸਾ ਲੈ ਰਿਹਾ ਹੈ ਅਤੇ ਸਾਡੇ ਵੈਰੀਆਂ ਨੂੰ ਪਨਾਹ ਦੇ ਰਿਹਾ ਹੈ। ਇਸ ਵਾਸਤੇ ਇਸ ਦਾ ਸਿਰ ਭੰਨਣਾ ਜ਼ਰੂਰੀ ਹੈ।'

ਬਾਬਾ ਜੀ ਦੇ ਕੋਲ ਵੀ ਖ਼ਬਰ ਪਹੁੰਚ ਗਈ ਕਿ ਲਾਹੌਰ ਤੋਂ ਫੌਜ ਚੱਲ ਪਈ ਹੈ। ਨਾਲ ਹੀ ਸਾਰੇ ਇਲਾਕੇ ਵਿਚ ਪਤਾ ਲੱਗ ਗਿਆ ਕਿ ਬਾਬਾ ਜੀ ਉੱਪਰ ਫੌਜ ਚੜ੍ਹ ਕੇ ਆ ਰਹੀ ਹੈ। ਜਿਵੇਂ-ਜਿਵੇਂ ਖ਼ਬਰ ਫੈਲਦੀ ਗਈ ਸੰਗਤਾਂ ਬਾਬਾ ਜੀ ਦੇ ਦਰਸ਼ਨ ਨੂੰ ਆਉਣ ਲੱਗੀਆਂ। ਇਸ ਸਮੇਂ ਸ: ਅਤਰ ਸਿੰਘ ਸੰਧਾਵਾਲੀਆ, ਕੰਵਰ ਕਸ਼ਮੀਰਾ ਸਿੰਘ, ਕੰਵਰ ਪਸ਼ੌਰਾ ਸਿੰਘ ਅਤੇ ਸ: ਜਵਾਹਿਰ ਸਿੰਘ ਨਲੂਏ ਦੀਆਂ ਫੌਜਾਂ ਵੀ ਬਾਬਾ ਜੀ ਦੇ ਕੋਲ ਸਨ। ਹਮਲੇ ਦਾ ਪਤਾ ਲੱਗਣ ਤੇ ਸੰਗਤਾਂ ਦਾ ਜੋਸ਼ ਹੁਲਾਰੇ ਖਾਣ ਲੱਗਾ। ਉਪ੍ਰੋਕਤ ਰਾਜਕੁਮਾਰਾਂ ਅਤੇ ਸਰਦਾਰਾਂ ਦੀਆਂ ਫੌਜਾਂ, ਸਿੱਖ ਸੰਗਤਾਂ ਵੈਰੀ ਦੇ ਮੁਕਾਬਲੇ ਲਈ ਤਿਆਰ ਸਨ।

ਇਸ ਸਮੇਂ ਬਾਬਾ ਜੀ ਨੇ ਹੁਕਮ ਸੁਣਾਇਆ ਕਿ ਲਾਹੌਰ ਤੋਂ ਆ ਰਹੀ ਫੌਜ ਤੇ ਸਾਡੇ ਵਲੋਂ ਕਿਸੇ ਨੇ ਹੱਥ ਨਹੀਂ ਚੁੱਕਣਾ। ਜਿਸ ਨੂੰ ਆਪਣੀ ਜਾਨ ਪਿਆਰੀ ਹੈ ਉਹ ਆਪਣੇ ਧਨ-ਪਦਾਰਥ, ਪੁੱਤਾਂ-ਧੀਆਂ ਨੂੰ ਲੈ ਕੇ ਇਥੋਂ ਚਲਾ

ਜਾਵੇ। ਜਿਸ ਨੇ ਸੀਸ ਦੇਣਾ ਹੈ ਉਹ ਸਾਡੇ ਕੋਲ ਆਰਾਮ ਨਾਲ ਬੈਠਾ ਰਹੇ।

ਪੰਡਿਤ ਸ਼ੇਰ ਸਿੰਘ ਜੀ ਨੇ 'ਬੀਰਮ੍ਰਿਗੇਸ ਗੁਰਬਿਲਾਸ ਦੇਵਤਰੂ' ਗ੍ਰੰਥ ਵਿਚ ਲਿਖਿਆ ਹੈ ਕਿ ਸੰਗਤ ਨੇ ਪੁੱਛਿਆ ਹੁਣ ਕੀ ਹੋਵੇਗਾ ? ਬਾਬਾ ਜੀ ਨੇ ਭਵਿਸ਼ਯਤ ਬਾਰੇ ਦਸਿਆ ਕਿ 'ਇਥੇ ਮਲੇਛ ਖਾਲਸਾ ਆਵੇਗਾ। ਭਿਆਨਕ ਲੁੱਟ ਮੱਚੇਗੀ। ਸਾਡਾ ਸਰੀਰ ਗੋਲੀਆਂ ਨਾਲ ਖਤਮ ਹੋ ਜਾਵੇਗਾ। ਜੋ ਪੰਜ ਤੱਤਾਂ ਦਾ ਸਰੂਪ ਤੁਹਾਨੂੰ ਦਿਸ ਰਿਹਾ ਹੈ ਇਹ ਕਲ ਦੇ ਰੋਜ ਨਹੀਂ ਹੋਵੇਗਾ।'

ਇਸ ਸਮੇਂ ਬਹੁਤ ਪ੍ਰਸਿੱਧ-ਪ੍ਰਸਿੱਧ ਸਰਦਾਰ ਬਾਬਾ ਜੀ ਦੀ ਸੇਵਾ ਵਿਚ ਫੌਜਾਂ ਸਮੇਤ ਹਾਜ਼ਿਰ ਸਨ। ਫਿਰ ਸਾਰਿਆਂ ਨੇ ਬੇਨਤੀ ਕੀਤੀ ਕਿ, 'ਮਹਾਰਾਜ ਸਾਨੂੰ ਯੁੱਧ ਕਰਨ ਦੀ ਆਗਿਆ ਦਿਉ। ਇਸ ਤਰ੍ਹਾਂ ਬੈਠਿਆਂ ਨੂੰ ਤਾਂ ਸਾਨੂੰ ਬੁਰਛੇ ਦਾਹੜੀਓ ਅਤੇ ਬਾਹਾਂ ਤੋਂ ਫੜਕੇ ਲੈ ਜਾਣਗੇ। ਜੇਕਰ ਜੰਗ ਨਹੀਂ ਕਰਨਾ ਤਾਂ ਸਤਲੁਜ ਤੋਂ ਪਾਰ ਅੰਗ੍ਰੇਜ਼ੀ ਇਲਾਕੇ ਵਿਚ ਚਲੇ ਚਲੀਏ ਇਸ ਤਰ੍ਹਾਂ ਸੁਰਖਯਤ ਹੋ ਸਕਾਂਗੇ। ਬਾਬਾ ਜੀ ਨੇ ਕਿਹਾ, ਜੇਕਰ ਫੌਜ ਨਾਲ ਲੜੋਗੇ ਉਹ ਵੀ ਸਿੱਖ ਹਨ। ਲੋਕ ਕਹਿਣਗੇ ਸਿੱਖ ਆਪਸ ਵਿਚ ਹੀ ਲੜਕੇ ਮਰ ਗਏ। ਅਸੀਂ ਸਾਧੂ ਹਾਂ, ਖਿਮਾ ਸਾਡਾ ਭੂਸ਼ਨ ਹੈ, ਸਾਧੂ ਨੂੰ ਰੁਖਾਂ ਦੀ ਜੀਰਾਂਦ ਚਾਹੀਦੀ ਹੈ। ਪਰਮਾਰਥ ਦ੍ਰਿਸ਼ਟੀ ਨਾਲ ਵੇਖੀਏ ਇਹ ਸੰਸਾਰ ਅਸਥਿਰ ਹੈ, ਜਿਸ ਵਿਚ ਅਸੀਂ ਸਦਾ ਨਹੀਂ ਰਹਿਣਾ, ਫਿਰ ਕਿਸੇ ਨਾਲ ਲੜਾਈ ਝਗੜਾ ਕਿਉਂ ਕਰੀਏ? ਅੰਗ੍ਰੇਜ਼ੀ ਇਲਾਕੇ ਵਿਚ ਜਾਕੇ ਜੇਕਰ ਸਦਾ ਲਈ ਅਮਰ ਹੋ ਜਾਵਾਂਗੇ, ਉਸ ਇਲਾਕੇ ਵਿਚ ਮੌਤ ਨਹੀਂ ਹੁੰਦੀ, ਤਾਂ ਅੰਗ੍ਰੇਜ਼ੀ ਇਲਾਕੇ ਵਿਚ ਚਲੇ ਜਾਈਏ। ਅੰਗ੍ਰੇਜ਼ੀ ਇਲਾਕੇ ਵਿਚ ਵੀ ਮੌਤ ਨੇ ਅਵਸ਼ਯ ਆਉਣਾ ਹੈ। ਫਿਰ ਸਤਲੁਜ ਤੋਂ ਪਾਰ ਜਾਣ ਦੀ ਕੀ ਲੋੜ ਹੈ।?'

ਬਾਬਾ ਜੀ ਨੇ ਫਿਰ ਕਿਹਾ, 'ਗੁਰਮੁਖ ਪਿਆਰਿਓ ! ਸੰਸਾਰ ਵਿਚ ਕੋਈ ਅਮਰ ਨਹੀਂ ਹੈ, ਜਿਸ ਦਾ ਜਨਮ ਹੈ ਉਸਦੀ ਮ੍ਰਿਤੂਯ ਵੀ ਅਵਸ਼ਯ ਹੈ। ਜਦ ਇਸ ਸਰੀਰ ਨੇ ਨਾਸ ਹੋਣਾ ਹੈ ਤਾਂ ਇਹ ਮਲ ਮੂਤ੍ਰ ਦਾ ਭਾਂਡਾ ਜ਼ਾਲਮ ਬੁਰਛਿਆਂ ਦੇ ਸਿਰ ਕਿਉਂ ਨਾ ਭੰਨਕੇ ਬ੍ਰਹਮਲੀਨ ਹੋਈਏ। ਅਠ ਪਹਿਰ ਨਿਸ਼ਚਿੰਤ ਰਹੋ, ਆਰਾਮ ਕਰੋ, ਫਿਰ ਜੋ ਭਾਣਾ ਵਰਤੇਗਾ ਉਸਨੂੰ ਚੜਦੀ ਕਲਾ ਵਿਚ ਰਹਿ ਕੇ ਸਹਾਰਨ ਲਈ ਤਿਆਰ ਰਹੋ।' ਬ੍ਰਹਮਗਿਆਨੀ ਦੇ ਗਿਆਨ ਭਰਪੂਰ ਅੰਮ੍ਰਿਤ ਬਚਨ/ਵਿਚਾਰ ਸਰਵਨ ਕਰਕੇ ਸੰਗਤ ਦਾ ਸ਼ੋਕ ਮੋਹ ਦੂਰ ਹੋ ਗਿਆ ਅਤੇ ਮੌਤ ਦਾ ਡਰ ਮਨ ਵਿਚੋਂ ਜਾਂਦਾ ਰਿਹਾ। ਇਸ ਸਮੇਂ ਬਾਬਾ ਜੀ ਪਿੰਡ ਸਭਰਾਵਾਂ ਜ਼ਿਲ੍ਹਾ ਤਰਨ ਤਾਰਨ ਵਿਚ ਵਿਰਾਜ ਰਹੇ ਸਨ।

ਹੀਰਾ ਸਿੰਘ ਡੋਗਰੇ, ਜਲੇ ਬਾਮਣ ਅਤੇ ਗੁਲਾਬ ਸਿੰਘ ਆਦਿਕ ਬੁਰਛਿਆਂ ਨੇ ਸਲਾਹ ਕੀਤੀ ਕਿ, 'ਫੌਜ ਨੂੰ ਕਹੋ ਪ੍ਰਤੀ ਸਿਪਾਹੀ ਪੰਜ ਰੁਪਏ ਹੋਰ ਦਿਤੇ ਜਾਣਗੇ। ਬਾਬਾ ਬੀਰ ਸਿੰਘ, ਕੰਵਰ ਕਸ਼ਮੀਰਾ ਸਿੰਘ ਅਤੇ ਸ: ਅਤਰ ਸਿੰਘ ਸੰਧਾਵਾਲੀਆ ਇਹ ਤਿੰਨਾਂ ਦੇ ਸਿਰ ਵੱਡ ਕੇ ਲਾਹੌਰ ਲੈ ਆਓ।' ਫੌਜ ਦੀ ਮੁੜਪ੍ਰੇਡ ਕੀਤੀ ਗਈ। ਚਾਰ ਪਲਟਨਾਂ ਮੁਸਲਮਾਨਾਂ ਦੀਆਂ ਸਨ। ਹੀਰਾ ਸਿੰਘ ਡੋਗਰੇ ਨੇ ਸਾਰੀ ਫੌਜ ਅਗੋਂ ਦੀ ਘੋੜੇ ਤੇ ਚੜ੍ਹਕੇ ਪ੍ਰਤਿ ਸਿਪਾਹੀ ਪੰਜ ਰੁਪਏ ਹੋਰ ਦੇਣ ਦਾ ਲਾਲਚ ਦਿੱਤਾ, ਪਰ ਮੁਸਲਮਾਨ ਫੌਜ ਨੇ ਮੁੜ ਪਹਿਲੀ ਗੱਲ ਦੁਹਰਾਈ ਕਿ, 'ਅਸੀਂ ਬੰਨੂ ਟਾਂਕ ਤੀਰਾਹ ਦੀ ਮੁਹਿੰਮ ਤੇ ਜਾ ਸਕਦੇ ਹਾਂ। ਅਫਗਾਨਸਤਾਨ ਦੇ ਪਠਾਨਾਂ ਨਾਲ ਲੜ ਸਕਦੇ ਹਾਂ, ਖੁਦਾ ਪ੍ਰਸਤ ਨੇਕ ਪੁਰਖ ਬਾਬਾ ਬੀਰ ਸਿੰਘ ਤੇ ਹੱਥ ਨਹੀਂ ਚੁੱਕ ਸਕਦੇ।'

ਮਾਝੇ ਦੇ ਪਿੰਡ-ਪਿੰਡ ਵਿਚ ਬਾਬਾ ਬੀਰ ਸਿੰਘ ਦੇ ਵਿਰੁੱਧ ਪ੍ਰਚਾਰ ਕਰਨ ਵਾਸਤੇ ਹੀਰਾ ਸਿੰਘ ਡੋਗਰੇ ਦੇ ਸੈਂਕੜੇ ਵਿਅਕਤੀ ਫਿਰ ਕੇ ਪ੍ਰਚਾਰ ਕਰਨ ਲਗੇ ਕਿ ਗਊ ਦਾ ਸਤਿਕਾਰ ਕੀਤਾ ਜਾਂਦਾ ਹੈ, ਪਰ ਜੇਕਰ ਗਊ ਮਾਰਨ ਆਵੇ ਫਿਰ ਉਸ ਦਾ ਮੂੰਹ ਭੰਨਣਾ ਪੈਂਦਾ ਹੈ। ਇਸੀ ਤਰ੍ਹਾਂ ਹੁਣ ਬੀਰ ਸਿੰਘ ਸਾਧ ਫਿੱਟ ਗਿਆ ਹੈ। ਇਹ ਅਹੰਕਾਰ ਨਾਲ

ਲਾਹੌਰ ਤੇ ਕਬਜ਼ਾ ਕਰਨਾ ਚਾਹੁੰਦਾ ਹੈ, ਇਸ ਵਾਸਤੇ ਇਸ ਨੂੰ ਮਾਰਨਾ ਪਾਪ ਨਹੀਂ ਹੈ।

ਬਾਬਾ ਜੀ ਸਭਰਾਵਾਂ ਤੋਂ ਭਾਊਵਾਲ ਜਾ ਰਹੇ। ਭਾਊਵਾਲ ਵਿਚ ਢੀਂਡਸਾ ਥਾਨੇਦਾਰ ਸੀ, ਇਸ ਨੂੰ ਲਾਹੌਰ ਤੋਂ ਹੀਰਾ ਸਿੰਘ ਦਾ ਹੁਕਮ ਮਿਲਿਆ ਕਿ, 'ਬਾਬੇ ਨੂੰ ਇਲਾਕੇ ਵਿਚੋਂ ਕੋਈ ਚੀਜ਼ ਅੰਨ-ਪਾਣੀ ਆਦਿਕ ਨਾ ਲੈਣ ਦਿੱਤਾ ਜਾਵੇ।' ਇਸ ਥਾਣੇਦਾਰ ਨੇ ਇਲਾਕੇ ਦੇ ਸਭ ਲੋਕ ਬਾਬਾ ਜੀ ਨਾਲ ਮਿਲਣ ਤੋਂ ਰੋਕ ਦਿਤੇ।

ਇਸ ਸਮੇਂ ਸ: ਸ਼ਾਮ ਸਿੰਘ ਜੀ ਅਟਾਰੀ ਵਾਲਿਆਂ ਨੇ ਕਸੂਰ ਦੇ ਇਲਾਕੇ ਦੀ ਅਪਣੀ ਜਾਗੀਰ ਵਿਚੋਂ ਅਨਾਜ ਦੇ ਗੱਡੇ ਭਰ ਕੇ ਬਾਬਾ ਜੀ ਦੇ ਲੰਗਰ ਲਈ ਸਭ ਤਰ੍ਹਾਂ ਦਾ ਸਾਮਾਨ ਭੇਜ ਦਿੱਤਾ ਅਤੇ ਨਾਲ ਹੀ ਲਾਹੌਰ ਦੇ ਹਲਾਤ ਤੋਂ ਜਾਣੂ ਕੀਤਾ। ਇਸ ਵਾਰਤਾ ਨੂੰ ਭਾਈ ਮੋਹਰ ਸਿੰਘ ਜੀ ਨੇ ਇਸ ਤਰ੍ਹਾਂ ਲਿਖਿਆ ਹੈ :

"ਸਾਰੇ ਖ਼ਬਰ ਸੁਣ ਪਾਈ ਕਿ ਲਾਹੌਰੋਂ ਬਾਬਾ ਜੀ ਨੂੰ ਮਾਰਨ ਵਾਸਤੇ ਫੌਜਾਂ ਚੜ੍ਹ ਪਈਆਂ ਹਨ। ਸਿਖ ਸੰਤ ਸੁਣਕੇ ਮਾਝੇ ਵਿਚੋਂ ਸਾਰੇ ਪ੍ਰੀਤਵਾਨ ਚਲੇ ਆਏ ਆਪ ਜੀ ਦੇ ਕੋਲ ਲੜਨ ਵਾਸਤੇ। ਜੇ ਬਾਬਾ ਜੀ ਲੜਨਗੇ ਤਾਂ ਨਾਲ ਹੋਇਕੇ ਧੂਮ ਜੁਧ ਕਰਾਂਗੇ। ਹੋਰ ਸਰਦਾਰਾਂ ਦੀਆਂ ਸਭੀ ਫੌਜਾਂ ਕਠੀਆਂ ਹੋ ਗਈਆਂ। ਚਾਰ ਹਜ਼ਾਰ ਦੀਆਂ ਚਾਰ ਪ੍ਰਤਿਲਾਂ ਕਸ਼ਮੀਰ ਸਿੰਘ ਦੀਆਂ ਤੇ ਮੁਕਤਿਆਂ ਦੀਆਂ ਕਠੀਆਂ ਹੋਈਆਂ ਲੜਨ ਵਾਸਤੇ। ਚਾਰ ਹਜ਼ਾਰ ਅਤਰ ਸਿੰਘ ਸੰਧਾਵਾਲੀਏ ਦੀ ਫੌਜ ਕੱਠੀ ਹੋਈ ਜੁਧ ਕਰਨ ਵਾਸਤੇ। ਸਭਰਾਵਾਂ ਤੋਂ ਬਾਬਾ ਜੀ ਨੇ ਕੂਚ ਕੀਤਾ।

ਇਕ ਹਥਨੀ ਸਾਹਿਬਾਂ (ਬਾਬਾ ਬੀਰ ਸਿੰਘ) ਦੀ ਹੌਦਾ ਪਾਇਆ ਹੋਇਆ ਚਾਂਦੀ ਦਾ ਸ਼ਾਮ ਸਿੰਘ ਅਟਾਰੀ ਵਾਲੇ ਨੇ ਬਾਬਾ ਜੀ ਦੇ ਚੜ੍ਹਨ ਵਾਸਤੇ ਦਿੱਤੀ ਹੋਈ ਸੀ। 'ਮੌਲਾ ਪਿਆਰੀ' ਨਾਮ ਹਥਨੀ ਦਾ ਸੀ। ਅਤੇ ਪੰਜ ਹਾਥੀ ਸੀ। ਇਕ ਚੰਦਾ ਸਿੰਘ ਪੱਟੀ ਵਾਲੇ ਦਾ, ਇਕ ਜਵਾਹਰ ਸਿੰਘ, ਹਰੀ ਸਿੰਘ ਨਲੂਏ ਦੇ ਪੁਤ੍ਰ ਦਾ, ਇਕ ਬਾਬਾ ਜੀ ਦਾ, ਇਕ ਅਤਰ ਸਿੰਘ ਸੰਧਾਵਾਲੀਏ ਦਾ, ਅਗੇ ਪੰਜ ਧੌਂਸੇ ਵਜਦੇ ਜਾਣ। ਬਾਬਾ ਜੀ ਦੇ ਅਗੇ ਦਲੀਪ ਸਿੰਘ ਨਿਕੀ ਬੁਵਾਹ ਗੁਰੂ ਵਾਲਾ ਵਾਹਿਗੁਰੂ ਬੁਲਾਈ ਜਾਂਦਾ ਸਾਰਿਆਂ ਦੇ ਅਗੇ ਖਾਲਸਾ ਜੀ ਵਾਹਿਗੁਰੂ ਬੋਲਣਾ। ਬੋਲੋ ਸਿਖੋ ਵਾਹਿਗੁਰੂ। ਘੋੜੇ ਉੱਤੇ ਸਭਨਾ ਦੇ ਅਗੇ ਉੱਚੀ ਦੇ ਕੇ ਲੰਮੀ ਸੁਰ ਬਲੌਂਦਾ। ਉਸ ਦੇ ਪਿਛੇ ਰਾਮ ਸਿੰਘ ਨਿਸ਼ਾਨਚੀ ਹਰਸਾ ਸਿੰਘ ਧੌਂਸਈ, ਭੋਲਾ ਸਿੰਘ ਮਿਰਾਜਕਾ ਧੌਂਸਈ ਬਾਬੇ ਬਕਾਲੇ ਦਾ, ਦੋ ਮਜ਼ਬੀ ਸਿੰਘਾਂ ਦੇ ਧੌਂਸਈ ਅਤੇ ਨਿਸ਼ਾਨਚੀ ਮਜ਼ਬੀਆਂ ਸਿੰਘਾਂ ਨੂੰ ਗੁਰੂ ਜੀ ਨੇ ਪੱਕਾ ਖੂਹ ਆਪ ਲਵਾ ਕੇ ਦਿੱਤਾ ਹੋਇਆ ਸੀ।"

ਭਾਈ ਮੋਹਰ ਸਿੰਘ ਅਗੇ ਹੋਰ ਲਿਖਦਾ ਹੈ :

"ਢੀਂਡਸਾ ਠਾਣੇਦਾਰ ਕਿਸੇ ਨੂੰ ਔਣ ਨਾ ਦੇਵੇ। ਸ਼ਾਮ ਸਿੰਘ ਅਟਾਰੀ ਵਾਲੇ ਨੇ ਆਪਣੇ ਟਹਿਲੀਏ ਨੂੰ ਪ੍ਰਵਾਨਾ ਦੇ ਕੇ ਭੇਜਿਆ, ਜੀ ਲਾਹੌਰੋਂ ਫੌਜਾਂ ਚੜ ਪਈਆਂ ਹੈ। ਉਧਰੇ ਸ਼ਾਮ ਸਿੰਘ ਨੂੰ ਕਸੂਰ ਸ੍ਰਕਾਰ ਨੇ ਜਗੀਰ ਦਿੱਤੀ ਹੋਈ ਸੀ। ਉਥੇ ਸ਼ਾਮ ਸਿੰਘ ਨੇ ਖੁਸ਼ਾਲ ਸਿੰਘ ਤਸੀਲਦਾਰ ਆਪਣਾ ਚਾਚਾ ਛਡਿਆ ਹੋਇਆ ਸੀ। ਉਸ ਨੂੰ ਪ੍ਰਵਾਨਾ ਲਿਖ ਭੇਜਿਆ ਕਿ ਮਹਾਰਾਜ (ਬਾਬਾ ਬੀਰ ਸਿੰਘ ਜੀ) ਨੂੰ ਜੋ ਖਰਚ ਪਠੇ ਦੀ ਲੋੜ ਹੋਵੇ ਸੋ ਭੇਜਣਾ, ਸੰਗਤਾਂ ਔਣੋ ਬੰਦ ਹੋ ਗਈਆਂ ਹਨ। ਬਾਬਾ ਜੀ ਔਖੇ ਨਾ ਹੋਣ ਕਿਸੀ ਗਲੋਂ।"[੧]

---

*੧. ਭਾਈ ਮੋਹਰ ਸਿੰਘ ਜੀ ਦੀ ਲਿਖੀ ੯੮ ਪੰਨੇ ਦੀ ਅਪ੍ਰਕਾਸ਼ਤ ਪੋਥੀ 'ਗੁਰ ਬਿਲਾਸ ਬਾਬਾ ਬੀਰ ਸਿੰਘ' ਦਮਦਮਾ (ਸਾਹਿਬ) ਠੱਠਾ ਟਿੱਬਾ, ਜ਼ਿਲ੍ਹਾ ਕਪੂਰਥਲਾ ਵਿਚ ਸੁਰਖਯਤ ਹੈ। ਇਸ ਪੋਥੀ ਵਿਚੋਂ ਅਸੀਂ ਧੰਨਵਾਦ ਸਹਿਤ ਇਹ ਹਵਾਲੇ ਦਰਜ ਕੀਤੇ ਹਨ। ਭਾਈ ਮੋਹਰ ਸਿੰਘ ਜੀ, ਬਾਬਾ ਜੀ ਦੀ ਸ਼ਹੀਦੀ ਸਮੇਂ ਹਜ਼ੂਰੀ ਵਿਚ ਸਨ ਜਿਨ੍ਹਾਂ ਨੇ ਅੱਖੀ ਡਿਠੇ, ਆਪਣੇ ਨਾਲ ਵਰਤੇ ਇਤਿਹਾਸ ਨੂੰ ਅੰਕਿਤ ਕੀਤਾ ਹੈ।*

ਸ: ਖੁਸ਼ਾਲ ਸਿੰਘ ਨੇ ਸੁਣ ਕੇ ਬਹੁਤ ਸਾਰੇ ਗੱਡੇ ਰਸਦ ਆਟਾ, ਦਾਣਾ, ਦਾਲ, ਘਿਉ, ਤੇਲ, ਲੂਣ ਅਤੇ ਦਾਰੂ ਸਿਕੇ ਸਮੇਤ ਭਰ ਕੇ ਰਾਤੋ ਰਾਤ ਬਾਬਾ ਜੀ ਦੀ ਸੇਵਾ ਵਿਚ ਭੇਜ ਦਿੱਤੇ। ਬਾਬਾ ਜੀ ਦਾ ਜਿਥੇ ਵੀ ਡੇਰਾ ਹੁੰਦਾ ਬਲਕਿ ਰਸਤੇ ਵਿਚ ਬਾਬਾ ਮਹਾਰਾਜ ਸਿੰਘ ਜੀ ਲੰਗਰ ਤਿਆਰ ਕਰਦੇ ਰਹਿੰਦੇ। ਬਾਬਾ ਜੀ ਦਾ ਵਹੀਰ ਭਾਊਵਾਲ ਆਕੇ ਰੁਕਿਆ ਹੋਇਆ ਸੀ, ਦੀਵਾਨ ਸਜਿਆ ਹੋਇਆ ਸੀ, ਕੀਰਤਨ ਹੋ ਰਿਹਾ ਸੀ। ਲਾਹੌਰ ਤੋਂ ਫੌਜਾਂ ਚੱਲ ਪਈਆਂ ਸਨ। ਸ: ਸ਼ਾਮ ਸਿੰਘ ਦੀ ਇਕ ਹੋਰ ਪਤ੍ਰਕਾ ਆਈ ਜਿਸ ਵਿਚ ਲਾਹੌਰ ਤੋਂ ਚਲੀ ਫੌਜ ਦਾ ਸਾਰਾ ਵੇਰਵਾ ਸੀ। ਬਾਬਾ ਜੀ ਨੇ ਚਿਠੀ ਵਾਚ ਕੇ ਪਤ੍ਰਵਾਹਕ (ਕਾਸਦ) ਨੂੰ ਕਿਹਾ ਕਿ, 'ਸ: ਸ਼ਾਮ ਸਿੰਘ ਨੂੰ ਕਹੋ ਸਾਡੇ ਕੋਲ ਆ ਜਾਵੇ ਇਕੱਠੇ ਬੈਕੁੰਠ ਚਲੀਏ। ਦੋ ਦਿਨ ਮਗਰੋਂ ਵੀ ਆਉਣਾ ਹੀ ਹੈ।'

ਬਾਬਾ ਜੀ ਦੇ ਵਹੀਰ ਦੇ ਸਰਦਾਰਾਂ ਨੇ ਆਪਸ ਵਿਚ ਸਲਾਹ ਕਰਕੇ ਕਿਹਾ ਕਿ ਬਾਬਾ ਜੀ ਨੂੰ ਕਹੀਏ ਸਾਨੂੰ ਲੁਲਿਆਣੀ ਨੇੜੇ ਜੰਗ ਕਰਨ ਦੀ ਆਗਿਆ ਦਿਉ। ਬਾਬਾ ਜੀ ਨੇ ਗੱਲ ਅਣ ਸੁਣੀ ਕਰਕੇ ਕਿਹਾ, 'ਰਾਗੀਆਂ ਨੂੰ ਕਹੋ ਕੀਰਤਨ ਕਰਨ।' ਫਿਰ ਕੁਝ ਸਮੇਂ ਉਪ੍ਰੰਤ ਬਾਬਾ ਜੀ ਨੇ ਮੁਠਿਆ ਵਾਲੇ ਨੂੰ ਕੂਚ ਕਰ ਦਿੱਤਾ। ਇਸ ਸਮੇਂ ਦੇ ਦ੍ਰਿਸ਼ ਨੂੰ ਭਾਈ ਮੋਹਰ ਸਿੰਘ ਜੀ ਇਸ ਤਰ੍ਹਾਂ ਅੰਕਿਤ ਕਰਦੇ ਹਨ।

> "ਤੇਰ੍ਹਾਂ ਹਜ਼ਾਰ ਘੋੜ ਚੜ੍ਹੇ ਨਾਲ ਹੈ ਅਤੇ ਪੰਜ ਸੋ ਮਜ੍ਹਬੀ ਸਿੰਘ ਧੌਂਸੇ ਵਜਾਂਦੇ ਜਾਂਦੇ ਹਨ। ਪੰਜ ਧੌਂਸੇ ਅਤੇ ਪੰਜ ਨਿਸ਼ਾਨ ਬਾਬਾ ਜੀ ਦੇ ਅਗੇ ਚਲਦੇ ਹਨ। ਹੋਰ ਪੰਜ ਸੌ ਸਿੰਘ ਕਸੋਲੀਆਂ ਦਾ, ਤਿੰਨ ਸਰਦਾਰ ਖੁਸ਼ਾਲ ਸਿੰਘ ਬੰਗੇਰੀਆ, ਬੂਟਾ ਸਿੰਘ, ਸਰਦਾਰ ਕਰਮ ਸਿੰਘ ਕੈਂਥਲ ਦੇ ਤਿੰਨ ਸਰਦਾਰ ਨਾਲ ਭਾਣਾ ਵਰਤਾਣ ਲਈ ਮੁਠਿਆਂ ਵਾਲੇ ਨੂੰ ਚਲੇ। ਕਸ਼ਮੀਰਾ ਸਿੰਘ ਸਰਕਾਰ ਦਾ ਬੇਟਾ, ਅਮੀਰ ਸਿੰਘ ਸਿਆਲ ਕੋਟੀਆ, ਲਾਲ ਸਿੰਘ ਗੁਜਰਾਂਵਾਲੀਆ, ਸ: ਹਰੀ ਸਿੰਘ ਖਾਈਵਾਲਾ, ਚਾਰ ਹਜ਼ਾਰ ਕਸ਼ਮੀਰਾ ਸਿੰਘ ਨਾਲ ਫੌਜ, ਮੁਕਤਿਆਂ ਦੀਆਂ ਪੜਤਲਾਂ, ਚਾਰ ਹਜ਼ਾਰ ਅਤਰ ਸਿੰਘ ਸੰਧਾਵਾਲੀਏ ਦੇ ਨਾਲ, ਹਕੀਕਤ ਸਿੰਘ ਭਕਨੀਆ ਅਤੇ ਉਸ ਨਾਲ ਵਿਸਾਖਾ ਸਿੰਘ ਜਵਾਈ, ਜਵਾਲਾ ਸਿੰਘ ਚੀਚੇਵਾਲਾ ਅਤਰ ਸਿੰਘ ਦਾ ਜਵਾਈ, ਸ਼ੇਰ ਸਿੰਘ ਸੰਧਾਵਾਲੀਆ ਸਰਦਾਰ ਚਾਰੇ ਪੁਤਰਾਂ ਸਮੇਤ, ਨਿਧਾਨ ਸਿੰਘ ਸੰਧਾਵਾਲੀਆਂ, ਸ: ਸਦਾ ਸਿੰਘ ਕਰਨੈਲ, ਹਰੀ ਸਿੰਘ ਨਲੂਏ ਦਾ ਪੁਤਰ ਜਵਾਹਰ ਸਿੰਘ ਹੋਰ ਸਰਬੱਤ ਸਰਦਾਰ ਬਾਬਾ ਜੀ ਦੇ ਨਾਲ ਹਨ। ਹੋਰ ਸਿੰਘ ਸਾਹਿਬ ਟੇਕ ਸਿੰਘ ਜੀ ਨਾਲ ਹਨ। ਹੋਰ ਸੰਤ ਮਹੰਤ ਵੀ ਬਹੁਤ ਹਨ। ਭਾਈ ਸੁਹੇਲ ਸਿੰਘ ਮਾਲੂਵਾਲੀਆ, ਮਹੰਤ ਸਭਰਾਵਾਂ ਦਾ ਡੇਰਾ ਨਾਲ ਹੈ। ਨਕਈਆਂ ਦਾ ਡੇਰਾ ਨਾਲ ਭਾਈ ਲਾਲ ਸਿੰਘ ਨਕਈ, ਨਾਲ ਪੋਠੋਹਾਰੀਆਂ ਦਾ ਡੇਰਾ, ਸੂਬਾ ਸਿੰਘ ਬਾਟੀ ਦਾ ਡੇਰਾ, ਭਾਈ ਅਰੂੜ ਸਿੰਘ ਵਰਨਾ ਵਾਲਾ, ਨਿਕੀ ਫੌਜ ਦੇ ਅੱਸੀ ਸਿੰਘ ਹੱਥੀ ਸਲੋਤਰ ਫੜੇ ਹੋਏ, ਭਾਈ ਨਿਧਾਨ ਸਿੰਘ .ਲੰਙਾ ਪੜੌਣ ਵਾਲਾ, ਪੋਠੋਹਾਰੀਏ ਮਲਕਪੁਰੀਏ ਭਾਈ ਲਾਲ ਸਿੰਘ ਮੁਣਸੀ ਕੰਜਰੂੜ ਦਤਾਂ ਵਾਲੇ, ਗੁਰਸਾ ਸਿੰਘ ਬੰਦੇਸਾ ਸਰਦਾਰ ਸਮੇਤ ਡੇਰੇ ਨਾਲ। ਬਾਬਾ ਗੰਡਾ ਸਿੰਘ ਅਤੇ ਝੰਡਾ ਸਿੰਘ ਸੋਢੀ ਸੰਗਤ ਪੁਰੀਏ, ਬਾਬਾ ਬੇਅੰਤ ਸਿੰਘ ਬੇਦੀ ਸਾਹਿਬਜਾਦੇ। ਤੇਰ੍ਹਾਂ ਹਜ਼ਾਰ ਫੌਜ ਸਮੇਤ ਮੁਠਿਆਂ ਵਾਲੇ ਨੂੰ ਚਲੇ।"

ਇਸ ਸਮੇਂ ਇਹ ਖ਼ਬਰ ਵੀ ਆਈ ਕਿ ਲਾਹੌਰ ਦੀਆਂ ਫੌਜਾਂ ਪਿੰਡ ਲੁਲਿਆਣੀ ਪਹੁੰਚ ਗਈਆਂ ਹਨ। ਸਭ ਨੇ ਫਿਰ ਬਾਬਾ ਜੀ ਅਗੇ ਬੇਨਤੀ ਕੀਤੀ ਕਿ, 'ਸਾਨੂੰ ਹੁਕਮ ਦਿਉ ਅਸੀਂ ਅਗੇ ਜਾ ਕੇ ਲਾਹੌਰੀਏ, ਡੋਗਰਿਆਂ ਦਾ ਮੂੰਹ ਭੰਨੀਏ।' ਬਾਬਾ ਜੀ ਨੇ ਆਖਿਆ, 'ਤੁਸੀ ਆਪਣਾ ਡੇਰਾ ਅੱਡ ਕਰ ਲਉ। ਅਸੀਂ ਨਹੀਂ ਕਿਸੇ ਨਾਲ ਲੜਣਾ। ਅਸੀਂ ਇਤਿਹਾਸ ਵਿਚ ਇਹ ਕਲੰਕਤ ਪੰਕਤੀ ਨਹੀਂ ਪਾਉਣੀ ਕਿ **ਸਿੱਖ ਆਪਸ ਵਿਚ ਲੜ ਕੇ ਮਰ ਗਏ।'**

ਪੰਡਿਤ ਸ਼ੇਰ ਸਿੰਘ ਜੀ ਨੇ 'ਬੀਰਮ੍ਰਿਗੇਸ ਗੁਰਬਿਲਾਸ ਦੇਵਤਰੂ' ਵਿਚ ਲਿਖਿਆ ਹੈ ਕਿ ੨੫ ਵਿਸਾਖ ਦਿਨ

ਐਤਵਾਰ ਸੰਮਤ ੧੯੦੧ ਬਿ: ਨੂੰ ਬਾਬਾ ਜੀ ਨੇ ਹਰੀਕੇ ਪਤਨ ਆਣ ਡੇਰਾ ਕੀਤਾ। ਫੌਜ ਦੀ ਚੜ੍ਹਾਈ ਸੁਣ ਕੇ ਦੂਰ-ਦੂਰ ਦੀਆਂ ਸੰਗਤਾਂ ਬਾਬਾ ਜੀ ਦੇ ਦਰਸ਼ਨ ਨੂੰ ਪੁੱਜਣ ਲੱਗੀਆਂ। ਸਾਰੇ ਦੇਸ ਵਿਚ ਅਤਿਅੰਤ ਗੁਸਾ ਅਤੇ ਜੋਸ਼ ਸੀ। ਇਸ ਸਮੇਂ ਤਕ ਬਾਬਾ ਜੀ ਕੋਲ ੨੫ ਹਜ਼ਾਰ ਸ਼ਸਤ੍ਰਧਾਰੀ ਸੂਰਮੇ ਸਨ। ਅਪਾਰ ਸੰਗਤਾਂ ਦਾ ਸਮੂਹ ਦਰਸ਼ਨ ਕਰਨ ਆ ਰਿਹਾ ਸੀ।

ਇਸ ਸਮੇਂ ਬਾਬਾ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਕੇ ਆਖਿਆ, 'ਇਥੇ ਭਿਆਨਕ ਸਾਕਾ ਵਰਤਣ ਵਾਲਾ ਹੈ। ਅਸੀਂ ਆਪਣਾ ਸਰੀਰ ਤਿਆਗ ਦੇਣਾ ਹੈ। ਸਾਡੇ ਕਰਕੇ ਕਿਸੇ ਨੂੰ ਕੋਈ ਤਕਲੀਫ ਨਾ ਹੋਵੇ ਸਭ ਘਰੋਂ ਘਰੀ ਚਲੇ ਜਾਉ।' ਪਰ ਸ਼ਰਧਾਲੂਆਂ ਦੇ ਮਨਾਂ ਤੇ ਬਾਬਾ ਜੀ ਦੇ ਬਚਨ ਦਾ ਕੋਈ ਅਸਰ ਨਹੀਂ ਹੋਇਆ। ਸੰਗਤਾਂ ਨਾਮ-ਸਿਮਰਨ, ਅੰਮ੍ਰਿਤ ਦ੍ਰਿਸ਼ਟੀ ਵਾਲੇ ਨੇਤ੍ਰਾਂ ਨੂੰ, ਸੋਹਣੇ ਕਮਲ ਮੁਖ ਨੂੰ ਤਕਦੀਆਂ ਤ੍ਰਿਪਤ ਨਹੀਂ ਹੋ ਰਹੀਆਂ ਸਨ। ਸ਼ਰਧਾ ਭਗਤੀ ਵਾਲੇ ਸ਼ਰਧਾਲੂਆਂ ਦਾ ਸਮੁੰਦਰ ਠਾਠਾ ਮਾਰ ਰਿਹਾ ਸੀ। ਹਰੀਕੇ ਪਤਨ ਉੱਤੇ ਪ੍ਰੇਮ-ਪਿਆਰ, ਨਾਮ-ਸਿਮਰਨ, ਕੀਰਤਨ, ਲੰਗਰ, ਸਤਿਸੰਗ ਅਤੇ ਸੂਰਬੀਰ ਖਾਲਸੇ ਦੇ ਫੌਜੀ ਕੈਂਪ ਵਿਚ ਇਕੋ ਸਮੇਂ ਇਹ ਦ੍ਰਿਸ਼ਯ ਦ੍ਰਿਸ਼ਟੀਗੋਚਰ ਹੋ ਰਿਹਾ ਸੀ।

ਅਜਿਹੇ ਸ਼ਾਂਤ ਠਿਕਾਣੇ ਵਾਤਾਵਰਣ ਵਿਚ ਬਾਬਾ ਜੀ ਨੇ ਫਰਮਾਇਆ, 'ਅੱਜ ਸਾਰੀ ਰਾਤ ਕੀਰਤਨ ਹੁੰਦਾ ਰਹੇ। ਪੰਜ ਸੌ ਰੁਪਏ ਦਾ ਕੜਾਹ ਪ੍ਰਸਾਦਿ ਤਿਆਰ ਕੀਤਾ ਜਾਵੇ। ਲੰਗਰ ਅਗੇ ਨਾਲੋਂ ਵੱਧ ਤਿਆਰ ਕੀਤਾ ਜਾਵੇ।'

ਸੰਗਤ ਨੇ ਪ੍ਰਾਰਥਨਾ ਕੀਤੀ, 'ਮਹਾਰਾਜ ਤੁਸੀ ਕਹਿੰਦੇ ਹੋ ਮਲੇਛ ਪੰਥ ਨੇ ਆਕੇ ਕਤਲੇਆਮ ਕਰ ਦੇਣੀ ਹੈ। ਆਪ ਜੀ ਦੇ ਕਹਿਣ ਅਨੁਸਾਰ ਆਪ ਜੀ ਦਾ ਸਰੀਰ ਛਨਣੀ-ਛਨਣੀ ਹੋ ਜਾਣਾ ਹੈ। ਗੋਲੀਆਂ/ਤੋਪਾਂ ਦਾ ਨਿਸ਼ਾਨਾ ਬਣ ਜਾਣਾ ਹੈ। ਫਿਰ ਕੜਾਹ ਪ੍ਰਸਾਦਿ ਤੇ ਲੰਗਰ ਕਾਹਦੇ ਲਈ ਤਿਆਰ ਕਰਨਾ ਹੈ।'

ਬਾਬਾ ਜੀ ਨੇ ਆਖਿਆ, 'ਭਾਈ ਗੁਰਮਰਯਾਦਾ ਅਨੁਸਾਰ ਜਦ ਸਿੰਘ ਚੜ੍ਹਾਈ ਕਰ ਜਾਂਦਾ ਹੈ ਤਦ ਸਰੀਰ ਸ਼ਾਂਤ ਹੋਣ ਤੋਂ ਮਗਰੋਂ ਕੀਰਤਨ ਸੋਹਲੇ ਦੇ ਪਾਠ ਦੀ ਅਰਦਾਸ ਕਰਨ ਦੀ ਅਤੇ ਦੇਗ ਵਰਤਾਉਣ ਦੀ ਮਰਯਾਦਾ ਹੈ। ਕੜਾਹ ਪ੍ਰਸਾਦਿ ਦੀ ਰਸਦ ਵਧਾ ਦਿਉ ਸਿੱਖ ਖਾਲਸਾ ਬਹੁਤ ਆਇਆ ਹੈ। ਸਭ ਨੂੰ ਕੜਾਹ ਪ੍ਰਸਾਦਿ ਛਕਾਓ। ਕੋਰੇ ਘੜੇ ਮੰਗਾਇਕੇ ਦਾਲ ਉੱਲਦ ਛਡੋ। ਛੋਲਿਆਂ ਦੀਆਂ ਘੁੰਗਣੀਆਂ ਉਬਾਲੋ। ਮਹਾਰਾਜ ਸਿੰਘ ਨੂੰ ਕਹੋ ਸਾਰੀ ਰਾਤ ਪ੍ਰਸਾਦਿ ਤਿਆਰ ਹੁੰਦਾ ਰਹੇ।'

ਇਸ ਸਮੇਂ ਬਾਬਾ ਜੀ ਨੇ ਆਪ ਵੀ ਲੰਗਰ ਛਕਿਆ ਅਤੇ ਸੰਗਤ ਵੀ ਲੰਗਰ ਛੱਕਣ ਲੱਗੀ। ਲੰਗਰ ਤੋਂ ਉਪ੍ਰੰਤ ਕੀਰਤਨ ਆਰੰਭ ਹੋਇਆ। ਸਾਰੀ ਰਾਤ ਦੀਵਾਨ ਸਜਿਆ ਰਿਹਾ, ਕੀਰਤਨ ਹੁੰਦਾ ਰਿਹਾ। ਬਾਬਾ ਜੀ ਦੇ ਅਮੋਲਕ ਜੀਵਨ ਦੀ ਇਹ ਅੰਤਿਮ ਰਾਤ ਸੀ। ਅੰਤਿਮ ਘੜੀਆਂ ਤੇਜੀ ਨਾਲ ਬੀਤ ਰਹੀਆਂ ਸਨ। ਬ੍ਰਹਮਲੀਨ ਹੋਣ ਦਾ ਸਮਾ ਨੇੜੇ ਆ ਗਿਆ ਸੀ ਪਰ ਆਪ ਨਿਸ਼ਚਿੰਤ, ਨਿਰਭੈ, ਸ਼ੋਕ ਚਿੰਤਾ ਤੋਂ ਰਹਿਤ, ਅਡੋਲ ਆਪਣੇ ਆਤਮਿਕ ਆਨੰਦ ਵਿਚ ਪ੍ਰਸੰਨ ਚਿੱਤ ਬੈਠੇ ਸਨ। ਮਨ ਉੱਤੇ ਕਿਸੇ ਤਰ੍ਹਾਂ ਦਾ ਕੋਈ ਡਰ, ਕਸ਼ੋਭ ਨਹੀਂ ਸੀ। ਸਿਮਰਨ ਨਿਰੰਤਰ ਚਲ ਰਿਹਾ ਸੀ। ਸੁਰਤੀ ਇਕਾਗਰ ਨਾਮ ਨਾਲ ਜੁੜੀ ਹੋਈ ਸੀ। ਆਪ ਜੀ ਹਿਮਾਲੀਏ ਦੀ ਤਰ੍ਹਾਂ ਅਡੋਲ ਬੈਠੇ ਸਨ। ਅੰਤਿਮ ਰਾਤ ਇਕਾਗਰਤਾ ਪੂਰਬਕ ਸਿਮਰਨ ਵਿਚ ਬਤੀਤ ਹੋਈ। ਸਵਾ ਪਹਿਰ ਰਾਤ ਰਹਿੰਦੀ ਤੋਂ ਸਮਾਧੀ ਤੋਂ ਉਥਾਨ ਹੋਏ। ਸੌਚ, ਸਨਾਨ, ਨਿਤਕ੍ਰਿਆ ਕਰਕੇ ਗੁਰਬਾਣੀ ਦਾ ਨਿਤਨੇਮ (ਪਾਠ) ਕੀਤਾ ਅਤੇ ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋ ਗਿਆ।

ਅੰਮ੍ਰਿਤ ਵੇਲੇ ਦਾ ਮਨੋਹਰ ਸਮਾ ਸੀ, ਮੰਦ-ਮੰਦ ਪਵਨ ਚਲ ਰਹੀ ਸੀ, ਸਤਿਲੁਜ ਸ਼ਾਂਤ ਵਗ ਰਿਹਾ ਸੀ।

ਅਕਾਸ਼ ਵਿਚ ਤਾਰੇ ਡਲਕ ਰਹੇ ਸਨ ਜਿਨ੍ਹਾਂ ਦਾ ਅਕਸ ਸਤਲੁਜ ਵਿਚ ਪੈ ਰਿਹਾ ਸੀ। ਇਸ ਤਰ੍ਹਾਂ ਅਨੁਭਵ ਹੁੰਦਾ ਸੀ ਜਿਵੇਂ ਦੇਵ ਲੋਕ ਵਿਚੋਂ ਦੈਵੀ ਰੂਹਾਂ ਪ੍ਰਿਥਵੀ ਉੱਤੇ ਉਤਰ ਆਈਆਂ ਹੋਣ। ਨਾਲ ਹੀ ਪੂਰਬ ਵੱਲੋਂ ਸੂਰਜ ਦੀਆਂ ਸੁਨਿਹਰੀ ਕਿਰਨਾਂ ਉਤਰ ਆਈਆਂ ਅਤੇ ਸਾਰੇ ਪ੍ਰਕਾਸ਼ ਹੋ ਗਿਆ। ਬਾਬਾ ਜੀ ਅਡੋਲ ਇਕਾਗਰ ਚਿੱਤ ਬੈਠੇ ਰਹੇ। ਸੰਗਤਾਂ ਕੀਰਤਨ ਸਰਵਨ ਕਰ ਰਹੀਆਂ ਹਨ। ਲਾਹੌਰ ਤੋਂ ਚਲੀਆਂ ਡੋਗਰਿਆਂ ਦੀਆਂ ਫੌਜਾਂ ਹਰੀਕੇ ਪਤਨ ਤੇ ਆ ਪਹੁੰਚੀਆਂ।

ਭਾਈ ਮੋਹਰ ਸਿੰਘ ਜੀ ਲਿਖਦੇ ਹਨ :

"ਸਰਦਾਰਾਂ ਨੇ ਅਰਜ਼ ਕੀਤੀ, 'ਮਹਾਰਾਜ ! ਸਾਨੂੰ ਬੁਰਛੇ ਦਾਹੜਿਓਂ ਫੜ ਕੇ ਲੈ ਜਾਣਗੇ ਕੁਛ ਹੁਕਮ ਦਿਓ।'

ਤਦ ਬਾਬਾ ਜੀ ਨੇ ਕਿਹਾ, 'ਮੈਂ ਤੁਹਾਨੂੰ ਹੁਕਮ ਦਿਆਂ ? ਮੇਰੇ ਵਿਚ ਕੁਛ ਬਲ ਨਹੀਂ। ਉਦਾਲਿਓ ਸੰਗਤ ਬੰਦ ਕਰ ਦਿੱਤੀ। ਕੋਈ ਦਰਸ਼ਨ ਕਰਨ ਨਾ ਆਵੇ।'

ਸਰਦਾਰਾਂ ਨੇ ਬਾਬਾ ਜੀ ਪਾਸ ਫਿਰ ਅਰਜ਼ ਕੀਤੀ, 'ਮਹਾਰਾਜ ਸਾਨੂੰ ਹੁਕਮ ਨਹੀਂ ਦਿੱਤਾ ਸਾਨੂੰ ਦਾਹੜਿਓ ਫੜ ਕੇ ਲੈ ਜਾਣਗੇ।'

ਹੁਕਮ ਹੋਇਆ, 'ਬਿਨਾ ਹੁਕਮ ਕੋਈ ਸ਼ਸਤ੍ਰ ਨ ਚਲਾਵੇ।' ਨਿੱਕੀ ਫੌਜ ਦੇ ਮੁਨਸ਼ੀ ਅਤੇ ਬਖਸ਼ੀ ਨੰਦ ਸਿੰਘ ਅਰਜ਼ ਕੀਤੀ, 'ਲੰਗਰ ਲਈ ਰਸਦ ਨਹੀਂ ਕੀ ਹੁਕਮ ਹੈ?'

ਦੋ ਸਵਾਰ ਘੋੜਾ ਦੁੜਾਕੇ ਗਏ। ਵੇਖਿਆ ਕਿ ਮਾਲਵੇ ਦੀਆਂ ਗੱਡੀਆਂ, ਊਠ ਤੇ ਬੌਲਦ ਲੱਦੇ ਚਲੇ ਆਉਂਦੇ ਹਨ। ਆਟਾ, ਦਾਣਾ, ਦਾਲ, ਛੋਲੇ ਲਾਹੌਰ ਨੂੰ ਜਾਂਦੇ ਸਨ।

ਹੁਕਮ ਹੋਇਆ, 'ਮਲਵਈਓ ਗੱਡੇ ਉਲਟ ਦਿਓ, ਊਠ ਤੇ ਗੱਡੇ ਸਭ ਉਲਟ ਦਿਓ ਤੁਸਾਂ ਲਾਹੌਰ ਜਾ ਕੇ ਜਿਸ ਭਾ ਦੇਣੇ ਹਨ ਸੋ ਇਥੇ ਦਿਉ।' ਤਾਂ ਉਹਨਾਂ ਗੱਡੇ 'ਤੇ ਊਠ ਲਾ ਦਿੱਤੇ।

ਮਾਝੇ, ਮਾਲਵੇ, ਦੁਆਬੇ ਵਿਚੋਂ ਬਾਬਾ ਜੀ ਦੇ ਹਜ਼ਾਰਾਂ ਸਰਧਾਲੂ ਸਿੱਖ, ਸੰਤ, ਫੌਜੀ ਲੜਨ-ਮਰਨ ਲਈ ਤਿਆਰ ਹੋ ਕੇ ਆ ਰਹੇ ਸਨ।

ਭਾਈ ਮੋਹਰ ਸਿੰਘ ਜੀ ਦੇ ਕਥਨ ਅਨੁਸਾਰ 'ਹਰੀਕੇ ਪਤਨ ਤੇ ਲਾਹੌਰ ਦੀਆਂ ਅੱਸੀ ਹਜ਼ਾਰ ਫੌਜਾਂ ਅਤੇ ਅੱਸੀ ਤੋਪਾਂ ਸਨ। ਲਾਹੌਰ ਅਤੇ ਅੰਮ੍ਰਿਤਸਰ ਤੋਂ ਫੌਜ ਲਗਾਤਾਰ ਤੁਰੀ ਆ ਰਹੀ ਸੀ।'

ਲਾਭ ਸਿੰਘ ਡੋਗਰੇ ਅਤੇ ਗੁਲਾਬ ਸਿੰਘ ਮਨਿਹਾਲੀਏ ਨੇ ਅਪਣਾ ਇਕ ਆਦਮੀ ਬਾਬਾ ਜੀ ਕੋਲ ਭੇਜਿਆ। ਇਸ ਆਦਮੀ ਨੇ ਆ ਕੇ ਕਿਹਾ ਕਿ, 'ਮਹਾਰਾਜ ! ਅਤਰ ਸਿੰਘ ਸੰਧਾਵਾਲੀਆ ਅਤੇ ਕੰਵਰ ਕਸ਼ਮੀਰਾ ਸਿੰਘ ਸਾਨੂੰ ਫੜਾ ਦਿਓ, ਤੁਸੀ ਸੰਤ ਹੋ ਪਾਸੇ ਰਹੋ।'

ਬਾਬਾ ਜੀ ਨੇ ਆਖਿਆ, 'ਜਾਹ ਚਲਿਆ ਜਾਹ।' ਸਾਹਿਬ ਨੌਵੀ ਪਾਤਸ਼ਾਹੀ ਦਾ ਕਹਿਣਾ ਹੈ :

***ਬਾਹ ਜਿਨ੍ਹਾਂ ਦੀ ਪਕੜੀਏ ਸਿਰ ਦੀਜੈ ਬਾਹ ਨਾ ਛੋੜੀਏ ।***
***ਤੇਗ ਬਹਾਦਰ ਬੋਲਿਆ ਧਰ ਪਈਏ ਧਰਮ ਨਾ ਛੋੜੀਏ।***

ਲਾਭ ਸਿੰਘ ਡੋਗਰੇ ਨੇ ਬਾਬਾ ਜੀ ਦਾ ਇਹ ਉੱਤਰ ਸੁਣ ਕੇ ਫੌਜ ਨੂੰ ਬਾਬਾ ਜੀ ਦੇ ਡੇਰੇ ਤੇ ਹਮਲਾ ਕਰਨ ਦਾ ਹੁਕਮ ਸੁਣਾਇਆ।

ਪੰਡਿਤ ਸ਼ੇਰ ਸਿੰਘ ਜੀ ਨੇ 'ਬੀਰਮ੍ਰਿਗੇਸ ਗੁਰਬਿਲਾਸ ਦੇਵਤਰੂ' ਵਿਚ ਲਿਖਿਆ ਹੈ।

ਉਸ ਵਕਤ ੧੪ ਪਲਟਨਾਂ, ੧੨ ਰਜਮਟਾਂ, ੧੨੦ ਤੋਪਾਂ, ੫੦੦ ਜੰਬੂਰੇ ਸਨ। ਤਿੰਨ ਪਾਸਿਆਂ ਤੋਂ ਬਾਬਾ ਜੀ ਦੇ ਦੀਵਾਨ ਤੇ ਹਮਲਾ ਕੀਤਾ ਗਿਆ। ਬਾਬਾ ਜੀ ਅਡੋਲ ਸ਼ਾਂਤ ਚਿਤ ਦੀਵਾਨ ਵਿਚ ਬੈਠੇ ਰਹੇ। ਚੁਫੇਰੇ ਹਜ਼ਾਰਾਂ ਸੰਤ, ਸੇਵਕ, ਸੂਰਬੀਰ ਸ਼ਸਤ੍ਰਧਾਰੀ ਸਿੰਘ ਰਾਜਕੁਮਾਰ ਅਤੇ ਸਰਦਾਰ ਬੈਠੇ ਸਨ।

ਭਾਈ ਮੋਹਰ ਸਿੰਘ ਹਮਲੇ ਦੇ ਅੱਖੀ ਡਿਠੇ ਹਾਲਾਤ ਇਸ ਤਰ੍ਹਾਂ ਲਿਖਦਾ ਹੈ :-

"ਸੂਰਜ ਦੀ ਟਿਕੀ ਥੋੜੀ ਜਿਹੀ ਨਿਕਾਲੀ ਹੋਈ ਹੈ ਤਾਂ ਪਹਿਲਾ ਗੋਲਾ ਚੋਬ ਦੇ ਉਤੇ ਥੀਂ ਲੰਘ ਕੇ ਦਰਿਆ ਵਿਚ ਜਾ ਪਿਆ। ਸ਼ਾਂ-ਸ਼ਾਂ ਕਰਦਾ ਲੰਘ ਗਿਆ। ਜਿਸ ਵੇਲੇ ਗੋਲਾ ਲੰਘਿਆ, ਉਸ ਵਕਤ ਤਾਂ ਸਰਦਾਰ ਸਾਰੇ ਉਠ ਕੇ ਗਏ ਹੋਏ ਸੀ ਸੁਚ ਪਾਣੀ। ਤਾਂ ਸਭੀ ਭਜ ਕੇ ਬਾਬਾ ਜੀ ਦੇ ਪਾਸ ਆਇ ਗਏ।

'ਸਰਦਾਰ ਕੋਲ ਬੈਠੇ ਸਨ। ਮੋਹਰਿਓ ਗੋਲੇ ਲਗੇ ਆਉਣ। ਸਿਖ ਜੋ ਦਇਆਵਾਨ ਗੋਲ ਅੰਦਾਜ਼ ਸਨ, ਉਹ ਗੋਲੇ ਉੱਤੋਂ ਦੀ ਘਲਣ। ਗੋਲੇ ਡੇਰੇ ਉਤੋਂ ਥੀ ਲੰਘ ਕੇ ਦਰਿਆ ਵਿਚ ਜਾਇ ਪੈਣ। ਸਿਖ ਮੋਰਚਿਆਂ ਵਿਚੋਂ ਆਇ ਕਹਿਣ, 'ਮਹਾਰਾਜ ! ਹੁਕਮ ਦਿਉ ਅਸੀਂ ਜੁਧ ਕਰੀਏ।' ਪਰ ਆਪ ਨੇ ਹੁਕਮ ਨਾ ਦਿੱਤਾ। ਦਨਾ-ਦਨ ਕਰਦੇ ਤੋਪਾਂ ਦੇ ਗੋਲੇ ਵਰ੍ਹਨ ਲੱਗ ਪਏ, ਕੜ-ਕੜ ਕਰਦੀਆਂ ਗੋਲੀਆਂ ਦਾ ਮੀਂਹ ਵਰ੍ਹਨ ਲੱਗ ਪਿਆ। ਸਤਲੁਜ ਦੇ ਕੰਢੇ ਤੇ ਸਬਰ ਤੇ ਜਬਰ ਦਾ ਜੰਗ ਸ਼ੁਰੂ ਹੋ ਗਿਆ। ਇਕ ਪਾਸਿਓ ਤੋਪਾਂ ਤੇ ਬੰਦੂਕਾਂ ਚੱਲ ਰਹੀਆਂ ਸਨ। ਦੂਜੇ ਪਾਸੇ ਹਜ਼ਾਰਾਂ ਸਿੰਘ ਸ਼ਸਤ੍ਰ ਹੁੰਦਿਆਂ ਸ਼ਾਂਤਮਈ ਰਹਿਕੇ ਸਤਿਨਾਮੁ ਵਾਹਿਗੁਰੂ ਦਾ ਜਾਪ ਤੇ ਬਾਣੀ ਦਾ ਪਾਠ ਕਰ ਰਹੇ ਸਨ। ਗੋਲੀਆਂ ਨਾਲ ਸੈਂਕੜੇ ਸਿੰਘ ਸ਼ਹੀਦ ਹੋਣ ਲੱਗੇ। ਸਰਦਾਰ, ਰਾਜਕੁਮਾਰ, ਸ਼ਸਤ੍ਰਧਾਰੀ ਫੌਜੀ ਸਿੰਘ ਬਾਬਾ ਜੀ ਦੇ ਹੁਕਮ ਦੇ ਬਧੇ ਦਾਣਿਆਂ ਦੀ ਤਰ੍ਹਾਂ ਭੁਜ ਰਹੇ ਹਨ। ਵਾਛੜ ਦੀ ਤਰ੍ਹਾਂ ਗੋਲੀਆਂ ਦੀ ਵਰਖਾ ਹੋ ਰਹੀ ਹੈ।"

ਭਾਈ ਮੋਹਰ ਸਿੰਘ ਦੇ ਕਥਨ ਅਨੁਸਾਰ ਸਰਦਾਰਾਂ ਨੇ ਫਿਰ ਬੇਨਤੀ ਕੀਤੀ, 'ਸਾਨੂੰ ਆਗਿਆ ਦਿਉ ਅਸੀਂ ਬੁਰਛਿਆਂ ਨਾਲ ਯੁਧ ਕਰੀਏ।'

ਬਾਬਾ ਜੀ ਨੇ ਉੱਤਰ ਦਿੱਤਾ, 'ਮੈਂ ਤੁਹਾਨੂੰ ਹੁਕਮ ਦੇਵਾ ਜੇਕਰ ਅਗੋਂ ਤੁਰਕ ਹੋਵਣ। ਫਰੰਗੀ ਆਉਣ ਤਾਂ ਮੈਂ ਆਖਾਂ ਯੁੱਧ ਕਰੋ, ਜੇਹੇ ਤੁਸੀਂ ਤੇਹੇ ਉਹ, ਕੀਹਦੇ ਉਤੇ ਤੁਹਾਨੂੰ ਹੁਕਮ ਦੇਵਾਂ ?'

ਸਿੰਘਾਂ ਨੇ ਕਿਹਾ, 'ਇਹ ਤਾਂ ਤੁਰਕ ਹਨ ਔਰੰਗਜੇਬ ਦੇ ਵੇਲੇ ਦੇ, ਰੂਹਾਂ ਤੁਰਕਾਂ ਕੀਆਂ ਤੇ ਖਲੜੇ ਸਿਖਾਂ ਦੇ ਹਨ।'

ਤਦ ਬਾਬਾ ਜੀ ਨੇ ਕਿਹਾ, 'ਰੂਪ ਤਾਂ ਸਿੱਖਾਂ ਦਾ ਹੈ।'

ਉਸ ਵਕਤ ਤੇਰਾਂ ਹਜ਼ਾਰ ਫੌਜ ਸ਼ਸਤ੍ਰਾਂ ਸਮੇਤ ਘੋੜਿਆਂ ਤੇ ਚੜ੍ਹੀ ਹੋਈ ਹੈ। ਉਸ ਨੇ ਘੋੜਿਆਂ ਦੀਆਂ ਵਾਗਾਂ ਫੜੀਆਂ ਹੋਈਆਂ ਹਨ ਹਮਲਾ ਕਰਨ ਲਈ ਬਾਬਾ ਜੀ ਦੇ ਹੁਕਮ ਦੀ ਉਡੀਕ ਕਰ ਰਹੇ ਹਨ।

ਪਰ ਬਾਬਾ ਜੀ ਨੇ ਆਖਿਆ, 'ਜਿਸ ਨੇ ਸਾਡੇ ਨਾਲ ਖੁਲ੍ਹੇ ਦਰਵਾਜੀਂ ਬੈਕੁੰਠ ਨੂੰ ਜਾਣਾ ਹੋਵੇ ਉਹ ਚਲੇ। ਛੱਡ ਦਿਉ ਘੋੜਿਆਂ ਦੀਆਂ ਵਾਗਾਂ ਨੂੰ, ਸ਼ਸਤ੍ਰ ਸਭ ਹੱਥਾਂ ਵਿਚੋਂ ਸੁਟ ਦਿਉ। ਸਾਡੇ ਹੁਕਮ ਬਿਨ੍ਹਾਂ ਕਿਸੇ ਬੁਰਛਿਆਂ ਦੇ ਸਾਹਮਣੇ ਹੱਥ ਖੜ੍ਹਾ ਨਹੀਂ ਕਰਨਾ।' ਬਾਬਾ ਜੀ ਦੀਵਾਨ ਲਾ ਕੇ ਬੈਠ ਗਏ, ਆਪਣੇ ਸਾਥੀਆਂ ਨੂੰ ਲੜਨ ਦਾ ਹੁਕਮ ਨਹੀਂ ਦਿੱਤਾ।

ਬਾਬਾ ਜੀ ਦੀ ਸ਼ਹੀਦੀ ਦਾ ਅੰਤਿਮ ਦ੍ਰਿਸ਼ਯ ਭਾਈ ਮੋਹਰ ਸਿੰਘ ਜੀ ਇਸ ਤਰ੍ਹਾਂ ਅੰਕਿਤ ਕਰਦੇ ਹਨ :

"ਸਾਹਮਣੇ ਬਾਬਾ ਜੀ ਦੇ ਰਾਗੀਆਂ ਦੀ ਚੌਂਕੀ ਬੈਠ ਗਈ, ਚੌਰੀ ਕਰਦਾ ਹੈ ਭਾਈ ਲਹਿਣਾ ਸਿੰਘ, ਭਾਈ ਮਖਣ ਸਿੰਘ ਅੰਮ੍ਰਿਤਸਰੀ ਦਾ ਪੁਤਰ। ਜਿਉਂ ਗੋਲੀਆਂ ਘੂਕਦੀਆਂ ਆਈਆਂ, ਇਕ ਗੋਲੀ ਲਹਿਣਾ ਸਿੰਘ ਦੀ ਅੱਖ ਵਿਚ ਵੱਜੀ। ਦੜ ਕਰਦਾ ਜਾ ਪਿਆ ਬਾਬਾ ਜੀ ਦੇ ਕੋਲ। ਸਿਖਾਂ ਨੇ ਲੋਥ ਚੁੱਕ ਕੇ ਬਾਬਾ ਜੀ ਦੇ ਲਾਂਭੇ ਕਰ ਦਿੱਤੀ।

ਤਦ ਇਕ ਹੋਰ ਸਿਖ ਉਠ ਕੇ ਚੌਰੀ ਕਰਨ ਲੱਗ ਪਿਆ। ਉਸ ਨੂੰ ਵੀ ਗੋਲੀ ਲੱਗੀ, ਉਹ ਉੱਡ ਗਿਆ। ਇਕ ਹੋਰ ਉਠਿਆ। ਉਹ ਵੀ ਉੱਡ ਗਿਆ। ਚੌਥਾ ਉਠਿਆ ਉਹ ਵੀ ਉੱਡ ਗਿਆ। ਅੱਠ ਸਿਖ ਚੌਰੀ ਕਰਨ ਵਾਲੇ ਉੱਡ ਗਏ।

ਹੋਰ ਦੁਆਨ (ਦੀਵਾਨ) ਵਿਚ ਗੋਲੇ ਵਜੇ। ਕਦੀ ਪੰਜ, ਕਦੀ ਦਸ, ਕਦੀ ਪੰਦਰਾਂ, ਕਦੀ ਵੀਹ ਉੱਡ ਜਾਣ। ਡੇਰਾ ਸਾਰਾ ਉਡਦਾ ਜਾਇ।

ਸਿਖ ਸੰਤ ਸਾਧ ਸਭੀ ਚੌਕੜੀਆਂ ਲਾਇ ਕਰ ਭਜਨ ਬੰਦਗੀ ਕਰ ਰਹੇ ਤੇ ਬਾਣੀ ਪੜ੍ਹਦੇ ਹਨ। ਕੋਈ ਜਪੁਜੀ ਪੜ੍ਹਦਾ ਹੈ, ਕੋਈ ਜਾਪ ਸਾਹਿਬ, ਕੋਈ ਚੌਪਈ ਤੇ ਕੋਈ ਅਕਾਲ ਉਸਤਤਿ ਪੜ੍ਹਦਾ ਹੈ। ਸ੍ਰੀ ਵਾਹਿਗੁਰੂ ਦਾ ਜਾਪ ਕਰ ਰਹੇ ਹਨ। ਏਸੇ ਤਰ੍ਹਾਂ ਭਜਨ ਬਾਣੀ ਦੀ ਧੁਨੀ ਲਗੀ ਹੋਈ ਹੈ। ਲੋਥਾਂ ਦੇ ਅੰਬਾਰ (ਢੇਰ) ਲੱਗ ਗਏ। ਹੇਠ ਉੱਤੇ ਲੋਥਾਂ ਪਈਆਂ ਹੋਈਆਂ ਹਨ। ਸਾਰਾ ਡੇਰਾ ਉੱਡ ਗਿਆ। ਉਧਰ ਬੁਰਛੇ ਲੁਟੀ ਜਾਣ।"

ਕਈ ਹਜ਼ਾਰ ਸਿੰਘ ਸ਼ਹੀਦ ਹੋ ਗਏ। ਸਿੱਖ ਪੰਥ ਵਿਚ ਮੰਨੇ ਵਿਦਵਾਨ, ਸਿਮਰਨ ਵਾਲੇ ਜਪੀ-ਤਪੀ, ਮਹੰਤ-ਸੰਤ ਬੇਅੰਤ ਸ਼ਹੀਦ ਹੋ ਗਏ। ਬਾਬਾ ਜੀ ਦੇ ਵੀ ਤੋਪ ਦਾ ਗੋਲਾ ਵਜਿਆ। ਸਿੰਘ ਜੋਸ਼ ਵਿਚ ਆ ਗਏ ਲੜਨ ਮਰਨ ਲਈ ਲੂਹਰੀਆਂ ਲੈ ਰਹੇ ਸਨ ਪਰ ਬਾਬਾ ਜੀ ਬੋਲੇ, 'ਭਰਾਵਾਂ ਉੱਤੇ ਵਾਰ ਨਹੀਂ ਕਰਨਾ।'

ਬਾਬਾ ਜੀ ਦਾ ਵੱਡਾ ਭਰਾ ਗੁਰਮੁਖ ਸਿੰਘ ਘੋੜੇ ਤੇ ਸਵਾਰ ਹੋ ਕੇ ਆਇਆ ਅਤੇ ਬਾਬਾ ਜੀ ਨੂੰ ਕਹਿਣ ਲੱਗਾ। 'ਜੇਕਰ ਲੜਨ ਦਾ ਹੁਕਮ ਨਹੀਂ ਸੀ ਦੇਣਾ ਤਾਂ ਇਹ ਇਕੱਠ ਕਿਉਂ ਕੀਤਾ ? ਤੁਸੀਂ ਹੁਣ ਵੀ ਹੁਕਮ ਦਿਓ ਮੈਂ ਮਲੇਛ ਪੰਥ ਨੂੰ ਹੱਥ ਵਿਖਾਵਾਂ।'

ਬਾਬਾ ਜੀ ਬੋਲੇ, 'ਘੋੜੇ ਤੋਂ ਉਤਰ ਆਓ।'

ਭਾਈ ਗੁਰਮੁਖ ਸਿੰਘ ਨੇ ਆਖਿਆ, 'ਤੁਸੀਂ ਹਜ਼ਾਰਾਂ ਗੁਣੀ ਗਿਆਨੀ, ਨਾਮ ਅਭਿਆਸੀ, ਮਹੰਤ-ਸੰਤ, ਸਿੱਖ-ਸਰਦਾਰ ਫੌਜੀ ਮਰਵਾ ਦਿੱਤੇ। ਜੇਕਰ ਸਾਨੂੰ ਲੜਨ ਦੀ ਆਗਿਆ ਨਹੀਂ ਦੇਣੀ ਸੀ ਤਾਂ ਇਨ੍ਹਾਂ ਚਿਰ ਇਹ ਸ਼ਸਤ੍ਰਾਂ ਦਾ ਭਾਰ ਕਿਉਂ ਚੁਕਾਇਆ।' ਬਾਬਾ ਜੀ ਬੋਲੇ, 'ਭਾਈ! ਕਿਸ ਨੂੰ ਮਾਰੀਏ ? ਸਾਨੂੰ ਮਾਰਨ ਵਾਲੇ ਵੀ ਆਪਣੇ ਹਨ। ਅਸੀਂ ਸਾਧੂ ਹਾਂ ਕਿਸੇ ਨੂੰ ਹੱਥਾਂ ਨਾਲ ਨਹੀ ਮਾਰ ਸਕਦੇ ਇਸ ਲਈ ਤੁਸੀਂ ਵੀ ਖਿਮਾ ਦੇ ਘਰ ਵਿਚ ਆਓ।'

ਭਾਈ ਗੁਰਮੁਖ ਸਿੰਘ ਜੀ ਨੇ ਘੋੜੇ ਤੋਂ ਉੱਤਰ ਕੇ ਬਾਬਾ ਜੀ ਦੇ ਚਰਨਾਂ ਵਿਚ ਮੱਥਾ ਟੇਕਿਆ। ਇਕ ਗੋਲਾ ਆਕੇ ਵਜਾ ਜਿਸ ਨਾਲ ਪ੍ਰਲੋਕ ਸਿਧਾਰ ਗਿਆ।

ਲਾਹੌਰ ਦਰਬਾਰ ਦੀਆਂ ਫੌਜਾਂ ਨੂੰ ਬਾਬਾ ਜੀ ਦੀ ਸੰਗਤ ਤੇ ਗੋਲੀਆਂ/ਤੋਪਾਂ ਚਲਾਉਂਦਿਆਂ ਇਕ ਪਹਿਰ ਹੋ ਗਿਆ। ਲਾਭ ਸਿੰਘ ਡੋਗਰੇ ਅਤੇ ਬੁਰਛਿਆਂ ਨੇ ਸੋਚਿਆ ਅਗੋਂ ਗੋਲੀ ਦਾ ਕੋਈ ਜਵਾਬ ਨਹੀਂ ਆ ਰਿਹਾ ਕਿਉਂ

ਦਾਰੂ ਸਿਕਾ ਬਰਬਾਦ ਕਰ ਰਹੇ ਹਾਂ? ਇਹ ਵਿਚਾਰ ਕਰਕੇ ਗੁਲਾਬ ਸਿੰਘ ਮਨਿਹਾਲੀਏ ਨੂੰ ਬਾਬਾ ਜੀ ਕੋਲ ਭੇਜਿਆ ਕਿ, 'ਅਜੇ ਵੀ ਸਮਾ ਹੈ ਸਾਨੂੰ ਅਤਰ ਸਿੰਘ ਸੰਧਾਵਾਲੀਏ ਨੂੰ ਫੜਾ ਦਿਉ।' ਅਤਰ ਸਿੰਘ ਸੰਧਾਵਾਲੀਏ ਨੇ ਬਾਬਾ ਜੀ ਨੂੰ ਕਿਹਾ, 'ਮਹਾਰਾਜ! ਹੁਣ ਤਾਂ ਬੁਰਛੇ ਮੈਨੂੰ ਫੜਨ ਆ ਗਏ ਹਨ ਕੀ ਹੁਕਮ ਹੈ?' ਬਾਬਾ ਜੀ ਨੇ ਕਿਹਾ, **ਜੇ ਸਕਤਾ ਸਕਤੇ ਕੌ ਮਾਰੇ ਤਾ ਮਨਿ ਰੋਸੁ ਨ ਹੋਈ ॥** (ਪੰਨਾ ੩੬੦) 'ਤੂੰ ਆਪਣੇ ਵਰਗੇ ਨਾਲ ਜਿਵੇਂ ਇੱਛਾ ਹੈ ਨਿਬੜ ਲੈ ਗਰੀਬ ਤੇ ਹੱਥ ਨਾ ਚੁਕੀਂ।'

ਗੁਲਾਬ ਸਿੰਘ ਦੇ ਅਰਦਲੀ ਅਤਰ ਸਿੰਘ ਨੂੰ ਫੜਨ ਲਈ ਅਗੇ ਵਧੇ। ਅਤਰ ਸਿੰਘ ਅਤੇ ਉਸ ਦੇ ਦੋ ਜੁਆਈ ਸ਼ੇਰ ਸਿੰਘ ਅਤੇ ਧਿਆਨ ਸਿੰਘ ਤਲਵਾਰਾਂ ਸੂਤ ਕੇ ਗੁਲਾਬ ਸਿੰਘ ਤੇ ਸ਼ੇਰ ਦੀ ਤਰ੍ਹਾਂ ਪਏ। ਗੁਲਾਬ ਸਿੰਘ ਘੋੜੇ ਨੂੰ ਭਜਾ ਕੇ ਦੌੜ ਗਿਆ। ਅਤਰ ਸਿੰਘ ਨੇ ਭਜੇ ਜਾਂਦੇ ਗੁਲਾਬ ਸਿੰਘ ਦੇ ਗੋਲੀ ਮਾਰੀ ਜੋ ਉਥੇ ਹੀ ਚਿੱਤ ਹੋ ਗਿਆ। ਘੋੜਾ ਲੋਥ ਧੂਹ ਕੇ ਭਜ ਗਿਆ। ਫੌਜਾਂ ਵਿਚ ਵੀ ਭਗਦੜ ਮਚ ਗਈ ਕਿ ਬਾਬਾ ਜੀ ਨੇ ਹਮਲਾ ਕਰ ਦਿੱਤਾ ਹੈ। ਸ: ਅਤਰ ਅਤੇ ਉਸਦੇ ਜੁਆਈ ਲੜਦੇ-ਲੜਦੇ ਸ਼ਹੀਦ ਹੋ ਗਏ। ਬੁਰਛੇ ਸ: ਅਤਰ ਸਿੰਘ ਦਾ ਸਿਰ ਲਾਹ ਕੇ ਨੇਜੇ ਤੇ ਟੰਗ ਕੇ ਲੈ ਗਏ। ਇਸ ਤੋਂ ਮਗਰੋਂ ਬੁਰਛਿਆਂ ਨੇ ਤੋਪਾਂ ਬੰਦੂਕਾਂ ਦਾ ਮੀਂਹ ਵਰਾ ਦਿੱਤਾ।

ਪੰਡਿਤ ਸ਼ੇਰ ਸਿੰਘ ਜੀ 'ਬੀਰਮ੍ਰਿਗੇਸ ਗੁਰਬਿਲਾਸ ਦੇਵਤਰੂ' ਗ੍ਰੰਥ ਵਿਚ ਲਿਖਦੇ ਹਨ ਕਿ ਮਲੇਛ ਪੰਥ ਨੇ **੧੮** ਗੋਲੀਆਂ ਬਾਬਾ ਜੀ ਦੇ ਸਰੀਰ ਵਿੱਚ ਮਾਰੀਆਂ। ੧੦ ਗੋਲੀਆਂ ਛਾਤੀ ਵਿਚ ੪ ਬਾਂਹਾਂ ਵਿਚ, ਦੋ ਸੀਸ ਵਿਚ, ਦੋ ਨਲਾਂ ਵਿਚ ਲੱਗੀਆਂ। ਸੱਜੀ ਵਖੀ ਵਿਚ ਜੰਬੂਰ ਦਾ ਗੋਲਾ ਵਜਾ। ਤੋਪ ਦਾ ਗੋਲਾ ਆਪ ਜੀ ਦੇ ਪੱਟ ਵਿਚ ਲੱਗਾ ਸੀ ਜਿਸ ਨਾਲ ਕੇਵਲ ਦੋ ਉਂਗਲਾਂ ਖਲ ਜੁੜੀ ਰਹਿ ਗਈ ਸੀ, ਬਾਕੀ ਹੱਡੀਆਂ ਚਕਨਾ ਚੂਰ ਹੋ ਗਈਆਂ। ਬਾਬਾ ਜੀ ਦੇ ਸਾਰੇ ਸਰੀਰ ਵਿਚੋਂ ਲਹੂ ਦੇ ਫਵਾਰੇ ਵਗ ਰਹੇ ਸਨ। ਇਨੀਆਂ ਗੋਲੀਆਂ, ਗੋਲੇ ਵੱਜਣ ਨਾਲ ਆਪ ਜੀ ਨੇ ਕਿਸੇ ਤਰ੍ਹਾਂ ਦਾ ਕਸ਼ੋਭ/ਦੁਖ ਨਹੀਂ ਮੰਨਿਆ। ਮਸਤਕ ਉਪਰ ਦੁਖ ਦਾ ਕੋਈ ਚਿੰਨ੍ਹ ਨਹੀਂ ਦਿਸ ਰਿਹਾ ਸੀ। ਸ਼ਾਂਤ, ਸੁਦ੍ਰਿੜ, ਅਡੋਲ ਪਲੰਘ ਤੇ ਸਜੇ ਬੈਠੇ ਸਨ।

ਭਾਈ ਮੋਹਰ ਸਿੰਘ ਨੇ ਇਸ ਸਮੇਂ ਦੇ ਦਰਦਨਾਕ ਦ੍ਰਿਸ਼ਯ ਨੂੰ ਇਸ ਤਰ੍ਹਾਂ ਲਿਖਿਆ ਹੈ :

"ਦੋ ਉਂਗਲਾਂ ਖੱਲ ਜੁੜੀ ਰਹੀ ਪਿੰਨੀ ਤੇ ਪੱਟ ਦੀ। ਪੰਜਾਬ ਸਿੰਘ ਖਤਰਾਈਆਂ ਤੇ ਹੋਰ ਸਿੰਘ ਵੰਨ੍ਹਦੇ ਹਨ ਪਰ ਬਝਦੀ ਨਹੀਂ। ਨਾਈ ਸਿੱਖ ਗਗੋਬੂਏ ਦਾ ਜੀਵਨ ਸਿੰਘ ਤੇ ਮੈ ਲਠੇ ਦੀ ਚਾਦਰ ਲੈ ਕੇ ਦੋਹਰੀ-ਚੌਹਰੀ ਕਰਕੇ ਬੰਨ ਰਹੇ ਹਾਂ ਪਰ ਲੱਤ ਬਝਦੀ ਨਹੀਂ। ਬਾਬਾ ਜੀ ਕਹਿਣ ਲਗੇ, 'ਲੱਤ ਵਢ ਦੇਹੁ।'

ਮੈਂ ਕਿਹਾ, 'ਜੀ! ਲੱਤ ਵੱਢਣ ਨੂੰ ਜੀਅ ਨਹੀਂ ਕਰਦਾ।'

ਤਦ ਸਾਹਿਬਾਂ ਨੇ ਲੱਤ ਉੱਤੇ ਕਰਕੇ ਚੌਕੜੀ ਲਾ ਲਈ ਪਲੰਘ ਉੱਤੇ।"

ਇਸ ਸਮੇਂ ਬਾਬਾ ਜੀ ਨੇ ਭਾਈ ਮਹਾਰਾਜ ਸਿੰਘ ਨੂੰ ਯਾਦ ਕੀਤਾ।

ਭਾਈ ਮਹਾਰਾਜ ਸਿੰਘ ਜੀ ਚਰਨਾਂ ਵਿਚ ਆ ਗਏ। ਨਮਸਕਾਰ ਕਰਕੇ ਬੋਲੇ, 'ਮਹਾਰਾਜ! ਮੇਰਾ ਸਰੀਰ ਹਾਜ਼ਿਰ ਹੈ। ਲੰਗਰ ਤੇ ਡੇਰਾ ਸਭ ਲੁਟਿਆ ਗਿਆ।' ਸਵਾ ਪਹਿਰ ਤੋਂ ਵਧੀਕ ਸੂਰਜ ਚੜ੍ਹ ਚੁੱਕਾ ਸੀ। ਬਾਬਾ ਜੀ ਦੇ ਸਰੀਰ ਵਿਚੋਂ ਬਹੁਤ ਖ਼ੂਨ ਵਹਿ ਚੁੱਕਾ ਸੀ। ਇਸ ਸਮੇਂ ਬਾਬਾ ਜੀ ਨੇ ਪੀਣ ਲਈ ਪਾਣੀ ਮੰਗਿਆ। ਜਿਹੜਾ ਜਲ ਲੈਣ ਜਾਵੇ ਤੋਪ ਦੇ ਗੋਲੇ ਨਾਲ ਉੱਡ ਜਾਵੇ। ਭਾਈ ਹੀਰਾ ਸਿੰਘ ਗੜਵਾ ਲੈ ਕੇ ਦਰਿਆ ਵਿਚੋਂ ਪਾਣੀ ਲੈਣ ਗਿਆ। ਬੁਰਛਿਆ ਨੇ ਗੜਵਾ ਖੋਹਕੇ ਕੁਟ-ਕੁਟ ਵਿਹੋਸ਼ ਕਰ ਦਿੱਤਾ।

ਬਾਬਾ ਜੀ ਨੂੰ ਦਸਿਆ ਗਿਆ ਬੁਰਛੇ ਪਾਣੀ ਲੈਣ ਨਹੀਂ ਦਿੰਦੇ, ਵਰਤਨ ਖੋਹ ਕੇ ਕੁਟ ਮਾਰ ਕਰਦੇ ਹਨ। ਬਾਬਾ ਜੀ ਨੇ ਕਿਹਾ, 'ਮਿੱਟੀ ਦਾ ਭਾਂਡਾ ਲੈ ਜਾਉ ਜਾਂ ਚਾਦਰ ਭਿਉ ਕੇ ਲਿਆਓ।' ਭਾਈ ਮੋਹਰ ਸਿੰਘ ਗੜਵਾ ਲੈ ਕੇ ਸਤਲੁਜ ਵੱਲ ਜਲ ਲੈਣ ਤੁਰਨ ਲੱਗਾ। ਬਾਬਾ ਜੀ ਨੇ ਕਿਹਾ, 'ਸਾਨੂੰ ਦਰਿਆ ਦਾ ਜਲ ਨਹੀਂ ਪਚਦਾ ਖੂਹ ਦਾ ਪਾਣੀ ਲੈ ਕੇ ਆਓ।' ਕੁਝ ਸਿੰਘਾਂ ਨੇ ਕਪੜਾ ਭਿਉਂਕੇ ਬਾਬਾ ਜੀ ਦੇ ਮੂੰਹ ਵਿਚ ਜਲ ਪਾਇਆ ਪਰ ਭਾਈ ਮੋਹਰ ਸਿੰਘ ਜੀ ਮੁਠਿਆ ਵਾਲੇ ਦੇ ਖੂਹ ਤੋਂ ਇਕ ਘੜਾ ਭਰ ਲਿਆਇਆ। ਬਾਬਾ ਜੀ ਨੇ ਘੜੇ ਦਾ ਤਿੰਨ ਵਾਰ ਜਲ ਛਕਿਆ।

ਅਜਿਹੀ ਅਵਸਥਾ ਸਮੇਂ ਸਿੰਘ ਅਤਿਅੰਤ ਸ਼ੋਕ ਕਰ ਰਹੇ ਸਨ ਕਿ ਵੇਖੋ ਪਰਮੇਸ਼ੂਰ ਦੀ ਗਤੀ। ਜਿਹੜੇ ਬਾਬਾ ਜੀ ਗਰਮੀਆਂ ਵਿਚ ਗੁਲਾਬ, ਕਿਉੜਾ, ਸੰਦਲ, ਨੀਲੋਫਰ ਤੇ ਬੇਦਮੁਸ਼ਕ ਛਕਦੇ ਸਨ। ਜਿਨ੍ਹਾ ਦੇ ਡੇਰੇ ਵਿਚੋਂ ਹਜ਼ਾਰਾਂ ਵਿਅਕਤੀ ਭੁਖ ਤੇ ਪਿਆਸ ਮਿਟਾਉਂਦੇ ਸਨ ਉਨ੍ਹਾਂ ਲਈ ਅੱਜ ਜਲ ਨਹੀਂ ਮਿਲ ਰਿਹਾ, ਕਪੜਾ ਭਿਉਕੇ ਮੂੰਹ 'ਚ ਕੁਝ ਪਾਣੀ ਪਾਇਆ ਜਾ ਰਿਹਾ ਹੈ।

ਚੋਣਵੇਂ ਮੁਖੀ ਸਿੰਘਾਂ ਨੇ ਪੁਛਿਆ, 'ਹੁਣ ਕੀ ਹੁਕਮ ਹੈ? 'ਬਾਬਾ ਜੀ ਨੇ ਫਰਮਾਇਆ, 'ਜੋ ਸਿੰਘ ਚੜ੍ਹਾਈ ਕਰ ਗਏ ਸਭ ਨੂੰ ਸਤਲੁਜ ਵਿਚ ਪਰਵਾਹ ਦਿਉ, ਬਾਕੀਆਂ ਦੀ ਮਲ੍ਹਮ ਪੱਟੀ ਕਰੋ।' ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪੁਜਾਰੀ ਭਾਈ ਮੱਖਣ ਸਿੰਘ ਦਾ ੧੮ ਵਰਸ਼ ਦਾ ਸਪੁੱਤਰ ਲਹਿਣਾ ਸਿੰਘ ਬਾਬਾ ਜੀ ਨੂੰ ਚੌਰ ਕਰਦਾ ਤੋਪ ਦੇ ਗੋਲੇ ਨਾਲ ਉੱਡ ਗਿਆ ਸੀ। ਬਾਬਾ ਨੇ ਭਾਈ ਮੱਖਣ ਸਿੰਘ ਨੂੰ ਫਰਮਾਇਆ, 'ਤੁਸੀਂ ਸ਼ੋਕ ਨਹੀ ਕਰਨਾ ਸੰਸਾਰ ਸੁਪਨੇ ਦੀ ਤਰ੍ਹਾਂ ਹੈ ਇਹ ਹਰ ਘੜੀ ਬਦਲਦਾ ਹੈ ਖਿਨਭੰਗਰ ਹੈ। ਲਹਿਣਾ ਸਿੰਘ ਆਪਣੇ ਕਰਤੱਵਯ ਨੂੰ ਸੋਹਣਾ ਨਿਭਾਕੇ ਗਿਆ ਹੈ।'

ਇਸ ਸਮੇਂ ਭਾਈ ਜੋਧ ਸਿੰਘ ਅਕਾਲ ਬੁੰਗੇ ਵਾਲਾ ਚੌਰ ਕਰ ਰਿਹਾ ਸੀ। ਨਾਲ ਹੀ ਕਸ਼ੋਭ ਵਿਚ ਰੁਧਾ-ਕੰਠ ਹੋਇਆ ਅੰਸੂ ਵਹਾਉਂਦਾ ਹੋਇਆ ਬੇਨਤੀ ਕਰਨ ਲੱਗਾ, 'ਮਹਾਰਾਜ ਮੈਥੋਂ ਆਪ ਜੀ ਦੀ ਪੀੜ ਸਹਿਨ ਨਹੀਂ ਹੋ ਰਹੀ।'

ਬਾਬਾ ਜੀ ਨੇ ਫਰਮਾਇਆ, 'ਪੁਤ੍ਰ! ਤੂੰ ਸਾਨੂੰ ਦੇਹ ਸਮਝਦਾ ਹੈਂ, ਅਸੀਂ ਦੇਹ ਨਹੀਂ ਹਾਂ, ਆਤਮ ਸਰੂਪ ਹਾਂ ਜਿਸ ਨੂੰ ਸੰਸਾਰ ਦੀ ਕੋਈ ਸ਼ਕਤੀ ਮਾਰ ਨਹੀਂ ਸਕਦੀ, ਸ਼ਸਤ੍ਰ ਕਟ ਨਹੀਂ ਸਕਦਾ, ਅਗਨੀ ਜਲਾ ਨਹੀਂ ਸਕਦੀ, ਮੈਂ ਉਹ ਸ਼ੁਧ ਚਿਤ ਆਨੰਦ ਰੂਪ ਹਾਂ। ਦੁਖ-ਸੁਖ, ਜਨਮ-ਮਰਨ ਪੰਚ ਭੂਤਕ ਸਰੀਰ ਦਾ ਧਰਮ ਹੈ। ਸਰੀਰ ਕਦੀ ਕਾਇਮ ਨਹੀਂ ਰਹਿ ਸਕਦਾ ਅਸੀਂ ਸਰੀਰ ਤੋਂ ਨਿਆਰੇ ਹਾਂ। ਸ਼ੋਕ ਉਸ ਵਸਤੂ ਦਾ ਕਰੀਦਾ ਹੈ ਜੋ ਅਣਹੋਣੀ ਹੋਏ, ਸਰੀਰ ਦਾ ਅੰਤ ਅਣਹੋਣੀ ਗਲ ਨਹੀਂ ਹੈ। ਇਹ ਸੁਪਨਾ ਇਕ ਘੜੀ ਪਲ ਦਾ ਹੈ। ਅਸੀਂ ਨਿਰੰਕਾਰ ਨਾਲ ਅਭੇਦ ਹੋ ਰਹੇ ਹਾਂ। ਇਸ ਵਾਸਤੇ ਸ਼ੋਕ ਨਹੀਂ ਕਰਨਾ।' ਨਾਲ ਹੀ ਭਾਈ ਜੋਧ ਸਿੰਘ ਦੇ ਸਿਰ ਤੇ ਹੱਥ ਰੱਖ ਕੇ ਕ੍ਰਿਪਾ ਦ੍ਰਿਸ਼ਟੀ ਨਾਲ ਉਸ ਵੱਲ ਤਕਿਆ ਅਤੇ ਭਾਈ ਜੋਧ ਸਿੰਘ ਸੁਖ-ਦੁਖ, ਚਿੰਤਾ/ਡਰ/ਸਹਿਮ ਤੋਂ ਉਪਰ ਉੱਠ ਕੇ ਆਤਮ ਮੰਡਲ ਵਿਚ ਵਿਚਰਨ ਲੱਗਾ। ਨਿਰਭੈ ਹੋ ਕੇ ਵਾਹਿਗੁਰੂ ਦੇ ਨਾਲ ਜੁੜ ਗਿਆ।

ਸੈਂਕੜੇ ਸਿੰਘ ਰੁਧਾ-ਕੰਠ ਹੋਏ ਸ਼ੋਕ ਵਿਚ ਡੁਬੇ ਹੋਏ ਸਨ। ਕੁਝ ਸਿੰਘਾਂ ਨੇ ਸਜਲ ਨੇਤ੍ਰਾਂ ਨਾਲ ਕਿਹਾ, 'ਸਾਨੂੰ ਵੀ ਬੈਕੁੰਠ ਨਾਲ ਲੈ ਚਲੋ।'

ਬਾਬਾ ਜੀ ਨੇ ਫਰਮਾਇਆ, 'ਜਿਨ੍ਹਾਂ ਨੇ ਸਚਖੰਡ ਜਾਣਾ ਸੀ ਅਸੀਂ ਲੈ ਚਲੇ ਹਾਂ, ਤੁਸੀਂ ਆਪਣੇ-ਆਪਣੇ ਘਰਾਂ ਨੂੰ ਜਾਉ, ਨਾਮ ਜਪੋ, ਕ੍ਰਿਤ ਕਰੋ, ਵੰਡ ਛਕੋ, ਬਾਣੀ ਦਾ ਨਿਤਨੇਮ ਕਰੋ, ਸੇਵਾ ਪਰ-ਉਪਕਾਰ ਕਰੋ, ਸਿਖੀ

ਦਾ ਮੁਖ ਸਿਧਾਂਤ ਇਹ ਹੈ।'

ਬਾਬਾ ਮਹਾਰਾਜ ਸਿੰਘ ਨੂੰ ਫਰਮਾਇਆ, 'ਤੁਸੀ ਡੇਰੇ ਨੌਰੰਗਾਬਾਦ ਜਾਓ, ਸੇਵਾ ਸਿਮਰਨ ਦਾ ਪਰਵਾਹ ਅਤੇ ਲੰਗਰ ਚਲਾਓ।'

ਇਕ ਸਿੰਘ ਨੇ ਕਿਹਾ, 'ਮਹਾਰਾਜ ਲਾਹੌਰ ਦੇ ਬੁਰਛਿਆਂ ਨੇ ਅਤਿਅੰਤ ਘਿਰਣਤ ਕੰਮ ਕੀਤਾ ਹੈ, ਇਨ੍ਹਾਂ ਨੂੰ ਜ਼ਰੂਰ ਸਰਾਪ ਮਿਲਣਾ ਚਾਹੀਦਾ ਹੈ।'

ਬਾਬਾ ਜੀ ਬੋਲੇ, 'ਅਸੀਂ ਸੁਖ-ਦੁਖ, ਮਾਨ-ਅਪਮਾਨ ਤੋਂ ਉੱਪਰ ਹਾਂ। ਅਸੀਂ ਕਿਸੇ ਨੂੰ ਕੋਈ ਸਰਾਪ ਨਹੀਂ ਦੇਣਾ। ਜਾਓ ਹੁਣ ਸਾਰੇ ਸਿਮਰਨ ਕਰੋ।'

ਭਾਈ ਮੋਹਰ ਸਿੰਘ ਜੀ ਬਾਬਾ ਜੀ ਦੀ ਸ਼ਹੀਦੀ ਦਾ ਅੰਤਿਮ ਸਮਾਂ ਇਸ ਤਰ੍ਹਾਂ ਦਸਦੇ ਹਨ :

'ਸ: ਜਵਾਹਰ ਸਿੰਘ ਹਰੀ ਸਿੰਘ ਨਲੂਏ ਦਾ ਪੁੱਤਰ ਮੈਥੋਂ ਜਲ ਲੈ ਕੇ ਭੁੰਜੇ ਪੋਚਾ ਪਾਣ ਲੱਗ ਪਿਆ।

ਇਹ ਵੇਖ ਕੇ ਬਾਬਾ ਜੀ ਨੇ ਬਚਨ ਕੀਤਾ।

'ਸਾਡਾ ਸਰੀਰ ਪਲੰਘ ਉੱਤੇ ਹੀ ਛੁਟ ਜਾਏ। ਭੁੰਜੇ ਨਹੀਂ ਲਾਹੁਣਾ। ਸਸਕਾਰ ਨਹੀਂ ਕਰਨਾ। ਪਲੰਘ ਸਣੇ ਜਲ ਪ੍ਰਵਾਹ ਕਰ ਦੇਣਾ। ਉਪਰ ਕੋਈ ਬਸਤਰ ਨਹੀਂ ਪਾਉਣਾ। ਜਿਧਰ ਸਾਰੀ ਸੰਗਤ ਗਈ ਹੈ ਉਧਰ ਹੀ ਅਸੀਂ ਵੀ ਜਾਣਾ ਹੈ।'

ਬਾਬਾ ਜੀ ਨੇ ਅਗੇ ਫਰਮਾਇਆ :

'ਭਾਈ ਜਸ ਹੁਰਾਂ ਨੂੰ ਬਲਾਉ ਕੀਰਤਨ ਸ਼ੁਰੂ ਕਰੋ।' ਭਾਈ ਜਸ ਨੇ ਬੇਨਤੀ ਕੀਤੀ, 'ਮਹਾਰਾਜ ਸਾਜ ਕੋਈ ਨਹੀਂ ਹੈ ਸਭ ਬੁਰਛਿਆਂ ਨੇ ਲੁਟ ਲਏ ਹਨ।' ਬਾਬਾ ਜੀ ਬੋਲੇ, 'ਗੁਰੂ ਕਾ ਸ਼ਬਦ ਤਾਂ ਤੁਹਾਡੇ ਪਾਸ ਹੈ, ਉਸ ਦਾ ਕੀਰਤਨ ਕਰੋ।' ਭਾਈ ਜਸ ਨੇ ਮਾਰੂ ਰਾਗ ਦੇ ਇਹ ਦੋ ਸ਼ਬਦ ਗਾਇਨ ਕੀਤੇ :

***॥ਮਾਰੂ ਮਹਲਾ 5॥***

***ਖੁਲਿਆ ਕਰਮ ਕ੍ਰਿਪਾ ਭਈ ਠਾਕੁਰ ਕੀਰਤਨ ਹਰਿ ਹਰਿ ਗਾਈ॥***

*(ਪੰਨਾ ੧੦੦੦)*

***॥ਮਾਰੂ ਮਹਲਾ 5॥***

***ਮਾਨ ਮੋਹ ਅਰ ਲੋਭ ਬਿਕਾਰ ਬੀਓ ਚੀਤ ਨ ਘਾਲਿਓ॥***

*(ਪੰਨਾ ੧੦੦੦)*

ਦੁਪਹਿਰ ਢਲ ਰਹੀ ਸੀ। ਸਾਰੰਗ ਰਾਗ ਦੇ ਗਾਉਣ ਦਾ ਸਮਾਂ ਆ ਗਿਆ ਸੀ। ਭਾਈ ਜਸ ਨੇ ਸਾਰੰਗ ਵਿਚੋਂ ਮਿੱਠੀ ਸੁਰ/ਵੈਰਾਗ ਵਿਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜੁਨ ਦੇਵ ਜੀ ਦਾ ਇਹ ਸ਼ਬਦ ਪ੍ਰੇਮ/ਪਿਆਰ ਨਾਲ ਗਾਇਨ ਕੀਤਾ :

***॥ ਸਾਰੰਗ ਮਹਲਾ 5॥***

***ਅਬ ਮੇਰੋ ਨਾਚਨੋ ਰਹੋ॥ ਲਾਲ ਰੰਗੀਲਾ ਸਹਜੇ ਪਾਇਓ ਸਤਿਗੁਰ ਬਚਨਿ ਲਹੋ॥***

*(ਪੰਨਾ ੧੨੦੩)*

ਭਾਈ ਮੋਹਰ ਸਿੰਘ ਜੀ ਅਗੇ ਲਿਖਦੇ ਹਨ।

"ਬਾਬਾ ਜੀ ਨੇ ਸਰਬੱਤ ਖਾਲਸੇ ਨੂੰ ਸੀਸ ਫੇਰਕੇ ਜੋ ਜਖਮੀ ਸੀ, ਭੰਨੇ ਟੁਟੇ ਸਨ ਦਰਸ਼ਨ ਦਿਤਾ। ਫਿਰ ਮਲਮਲ ਦਾ ਦੁਪੱਟਾ ਤਾਣ ਕੇ ਬਿਰਾਜ ਗਏ। ਲੱਤ ਉੱਡੀ ਹੋਈ ਨਿਸਲ ਕਰ ਲਈ। ਸਾਹਿਬ ਲੱਗੇ ਦੇਹ ਛਡਣ। ਪਹਿਲਾਂ ਚਰਨਾ ਤੋਂ ਸੁਆਸ ਖਿੱਚੇ ਤਾਂ ਚਰਨ ਜ਼ਰਾ-ਜ਼ਰਾ ਹਿਲੇ। ਫੇਰ ਪਿੰਨੀਆਂ ਵਿਚੋਂ ਖਿੱਚੇ ਤਾਂ ਪਿੰਨੀਆਂ ਹਿਲੀਆਂ। ਜਦ ਪੇਟ ਚੋਂ ਸੁਆਸ ਖਿੱਚੇ ਤਾਂ ਪੇਟ ਹਿਲਿਆ। ਫਿਰ ਸੁਆਸ ਮੁਖ ਵਿਚ ਲਿਆਂਦੇ।

ਫਿਰ ਮੁਖ ਤੋਂ ਪੱਲਾ ਲਾਹ ਕੇ ਦੀਦਾਰ ਦਿੱਤਾ। ਮਹਾਰਾਜ ਸਿੰਘ ਤੇ ਆਪ ਦੇ ਨੇਤਰਾਂ ਦਾ ਦੋ ਚੱਪੇ ਫਰਕ ਸੀ। ਉਹ ਪਲੰਘ ਦੀ ਬਾਹੀ ਤੇ ਕੁੱਬੇ ਖਲੋਤੇ ਪੱਖਾ ਕਰ ਰਹੇ ਸਨ।

ਸੰਤ ਬਾਬਾ ਬੀਰ ਸਿੰਘ ਨੇ ਆਪਣੇ ਨੇਤਰਾਂ ਦੀ ਜੋਤਿ ਬਾਬਾ ਮਹਾਰਾਜ ਸਿੰਘ ਦੇ ਨੇਤਰਾਂ ਨਾਲ ਮਿਲਾਈ।" ਗੁਰਬਾਣੀ ਦੇ ਮਹਾਂਵਾਕ

***ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥***
***ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥***

*(ਪੰਨਾ ੮੪੬)*

ਅਨੁਸਾਰ ੨੭ ਵਿਸਾਖ ਸੰਮਤ ੧੯੦੧ ਬਿ: ਦਿਨ ਮੰਗਲਵਾਰ ਨੂੰ ਸਤਲੁਜ ਦੇ ਕਿਨਾਰੇ ਤੇ ੭੬ ਵਰਸ਼ ਦੀ ਆਯੂ ਵਿਚ ਨਿਰਾਕਾਰ ਬ੍ਰਹਮ ਨਾਲ ਬ੍ਰਹਮਲੀਨ ਹੋ ਗਏ। ਬਾਬਾ ਮਹਾਰਾਜ ਸਿੰਘ, ਭਾਈ ਜੋਧ ਸਿੰਘ ਅਕਾਲ ਬੁੰਗੇ ਵਾਲਾ, ਭਾਈ ਮਖਣ ਸਿੰਘ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਦੇ ਪੁਜਾਰੀ ਅਤੇ ਸ: ਜਵਾਹਿਰ ਸਿੰਘ ਨਲੂਆ ਚੌਹਾਂ ਨੇ ਪਲੰਘ ਚੁੱਕ ਲਿਆ ਅਤੇ ਸਤਲੁਜ ਵਿਚ ਜਲ ਪ੍ਰਵਾਹ ਕਰਨ ਲੈ ਤੁਰੇ।

ਇਸ ਸਮੇਂ ਬਾਬਾ ਜੀ ਦੇ ਸ਼ਰਧਾਲੂ ਵੀ ਅਤੇ ਬਾਬਾ ਜੀ ਦੇ ਕਾਤਲ ਵੀ ਬਾਬਾ ਜੀ ਨੂੰ ਯਾਦ ਕਰਕੇ ਦੋਨੋ ਰੋ ਰਹੇ ਸਨ। ਕਾਤਲ ਕਹਿ ਰਹੇ ਸੀ, 'ਅਸਾਥੋਂ ਜੀਵਨ ਵਿਚ ਸਭ ਤੋਂ ਵੱਡਾ ਅਤਿਆਚਾਰ ਹੋਇਆ ਹੈ। ਅਸੀਂ ਅਪਣੇ ਪੈਰ ਆਪ ਕੁਹਾੜਾ ਮਾਰਿਆ ਹੈ। ਅਸੀਂ ਬਾਬਾ ਜੀ ਦੇ ਅੰਤਿਮ ਦਰਸ਼ਨਾਂ ਦੀ ਭੀਖ ਮੰਗਦੇ ਹਾਂ। 'ਫਿਰ ਪਲੰਘ ਲਾਹਿਆ ਗਿਆ। ਮੁਖ ਤੋਂ ਦੁਪੱਟਾ ਉਤਾਰ ਕੇ ਸਭ ਨੂੰ ਦਰਸ਼ਨ ਕਰਾ ਦਿੱਤੇ। ਬਾਬਾ ਜੀ ਦੇ ਮੁਖ ਦੀ ਲਾਲੀ ਦਗ ਦਗ ਕਰ ਰਹੀ ਸੀ। ਮੁੜ ਸੰਗਤਾਂ ਅਥਾਹ ਵੈਰਾਗ ਕਰਨ ਲੱਗੀਆਂ। ਪਲੰਘ ਉਠਾਇਆ ਗਿਆ, ਸਤਲੁਜ ਵਿਚ ਜਲ ਪਰਵਾਹ ਕਰਨ ਤੋਂ ਪਹਿਲਾਂ ਅਰਦਾਸ ਕੀਤੀ ਗਈ ਮੁੜ, ਪਲੰਘ ਜਲ ਪਰਵਾਹ ਕਰ ਦਿੱਤਾ।

ਬਾਬਾ ਜੀ ਦਾ ਪਲੰਘ ਡੇਢ ਕੋਹ ਜਾ ਕੇ ਮੁਠਿਆ ਵਾਲੇ ਦੇ ਨੇੜੇ ਬੂਝਿਆਂ ਵਿਚ ਅੜ ਗਿਆ। ਭਾਈ ਗੰਡਾ ਸਿੰਘ ਨਿਹੰਗ ਸਿੰਘ ਨੂੰ ਬਾਬਾ ਜੀ ਨੇ ਸੁਪਨੇ ਵਿਚ ਦਸਿਆ, 'ਕਿ ਸਾਡਾ ਪਲੰਘ ਮੁਠਿਆਂ ਵਾਲੇ ਦੇ ਨੇੜੇ ਹੈ ਉਸ ਨੂੰ ਕੱਢ ਕੇ ਸਸਕਾਰ ਕਰ ਦਿਉ।' ਭਾਈ ਗੰਡਾ ਸਿੰਘ ਨਿਹੰਗ ਸਿੰਘ ਨੇ ਬਾਬਾ ਜੀ ਦਾ ਸਰੀਰ ਕੱਢ ਕੇ ਬਾਬਾ ਮਹਾਰਾਜ ਸਿੰਘ, ਸ: ਜਵਾਹਿਰ ਸਿੰਘ, ਸੰਤ ਫੂਲਾ ਸਿੰਘ ਅਤੇ ਭਾਈ ਮੋਹਰ ਸਿੰਘ ਨੂੰ ਦਸਿਆ ਕਿ 'ਬਾਬਾ ਜੀ ਦਾ ਸਰੀਰ ਮਿਲ ਗਿਆ ਹੈ।' ਸ: ਜਵਾਹਿਰ ਸਿੰਘ ਨਹੀ ਆਇਆ। ਉਸ ਨੇ ਕਿਹਾ, 'ਸਾਨੂੰ ਬਾਬਾ ਜੀ ਦਾ ਹੁਕਮ ਜਲ ਪਰਵਾਹ ਕਰਨ ਦਾ ਸੀ ਅਸੀਂ ਆਗਿਆ ਦਾ ਪਾਲਣ ਕਰ ਦਿੱਤਾ ਹੈ ਹੁਣ ਤੁਸੀਂ ਜਿਵੇਂ ਇੱਛਾ ਹੈ ਕਰੋ।' ਨਾਲ ਹੀ ਬਾਬਾ ਜੀ ਵਾਸਤੇ ਕਪੜੇ ਦਾ ਇਕ ਥਾਨ ਅਤੇ ੨੫ ਰੁਪਏ ਕੜਾਹ ਪ੍ਰਸਾਦਿ ਦੀ ਦੇਗ ਲਈ ਭੇਜ ਦਿੱਤੇ। ਭਾਈ ਗੰਡਾ ਸਿੰਘ ਜੀ ਨੇ ਸਸਕਾਰ ਕਰਕੇ ਫੁਲ ਚੁਣਕੇ ਇਕ ਗਾਗਰ ਵਿਚ ਪਾ ਲਏ ਅਤੇ ਸਰਦਾਰ ਜਵਾਹਿਰ ਸਿੰਘ ਕੋਲ ਭੇਜ ਦਿੱਤੇ। ਸਰਦਾਰ ਜੀ ਨੇ ਫੁਲਾਂ ਨੂੰ ਸੰਭਾਲ ਲਿਆ ਅਤੇ ਕਿਹਾ, 'ਮੇਰੇ ਧੰਨ ਭਾਗ! ਬਾਬਾ ਜੀ ਇਸ ਰੂਪ ਵਿਚ ਵੀ ਮੇਰੇ ਘਰ ਆਏ ਹਨ।' ਅਨੇਕ ਪਿੰਡਾਂ ਦੇ ਲੋਕ ਬਾਬਾ ਜੀ ਦੇ ਅੰਗੀਠੇ ਦੀ ਵਿਭੂਤੀ ਲੈ ਗਏ। ਨੌਰੰਗਾਬਾਦ,

ਰਤੋਕੀ, ਗਗੋਬੂਆ, ਦਮਦਮਾ ਸਾਹਿਬ ਠਠਾ ਟਿਬਾ ਵਿਚ ਬਾਬਾ ਜੀ ਦੀ ਯਾਦ ਵਿਚ ਸਥਾਨ ਬਣਾਏ ਗਏ ਮੁਠਿਆ ਵਾਲੇ ਵੀ ਅੰਗੀਠਾ ਬਣਾਇਆ ਗਿਆ।

ਬੁਧੀਵਾਨ ਚੰਗੇ ਕੰਮ ਤੇ ਮਾਣ ਕਰਦੇ ਹਨ ਪਰ ਮਲੇਛ ਪੰਥੀਏ ਬੁਰਛੇ ਸਿੱਖ, ਡੋਗਰਿਆਂ ਦੇ ਆਖੇ ਲੱਗ ਕੇ ਪੰਥ ਦੀ ਪਰ ਉਪਕਾਰੀ ਆਤਮਾ ਬ੍ਰਹਮ ਨੇਸ਼ਟੀ, ਬ੍ਰਹਮਗਿਆਨੀ ਬਾਬਾ ਬੀਰ ਸਿੰਘ ਨੂੰ ਮਾਰਨ ਦੇ ਪਾਪ ਕਰਮ ਤੇ ਵੀ ਮਾਣ ਕਰਦੇ ਸਨ। ਕੌਮੀ ਕਵੀ ਸ਼ਾਹ ਮੁਹੰਮਦ ਦੇ ਕਥਨ ਅਨੁਸਾਰ :

'ਬੀਰ ਸਿੰਘ ਨੂੰ ਮਾਰਿਆ ਡਾਹ ਤੋਪਾਂ ਨਹੀਂ ਛਡਿਆ ਸਾਧ ਤੇ ਸੰਤ ਮੀਆਂ।'

ਪਰ ਬਾਬਾ ਜੀ ਨੂੰ ਮਾਰਨ ਵਾਲੀ ਫੌਜ ਦਾ ਨਾਮ 'ਗੁਰੂ ਮਾਰੀ' ਪੈ ਗਿਆ। ਇਨ੍ਹਾਂ ਨੂੰ ਪਿੰਡਾਂ ਵਿਚ ਕਿਸੇ ਨੇ ਵੀ ਮੂੰਹ ਨਹੀਂ ਲਾਇਆ। ਇਹ ਲੋਕ-ਪ੍ਰਲੋਕ ਗਵਾਕੇ ਨਰਕਾਂ ਦੇ ਅਧਿਕਾਰੀ ਬਣੇ। [੧]

ਬਾਬਾ ਜੀ ਦੀ ਸ਼ਹੀਦੀ ਤੇ ਅੰਗ੍ਰੇਜ਼ਾਂ ਨੇ ਅਤਿਅੰਤ ਖੁਸ਼ੀ ਮਨਾਈ ਜਿਸ ਕਰਕੇ ਬਾਬਾ ਬੀਰ ਸਿੰਘ ਜੀ ਨਾਲ ਹੋਈ ਲੜਾਈ ਬਾਰੇ ਉਤਰੀ ਪੱਛਮੀ ਸਰਹੱਦ ਦੇ ਗਵਰਨਰ ਜਨਰਲ ਦੇ ਏਜੰਟ ਰਿਚਮੰਡ ਨੇ ਆਪਣੇ ੮ ਅਪ੍ਰੈਲ ੧੮੪੪ ਦੇ ਪਤ੍ਰ ਵਿਚ ਭਾਰਤ ਸਰਕਾਰ ਨੂੰ ਸਾਰਾ ਵੇਰਵਾ ਇਸ ਤਰ੍ਹਾਂ ਲਿਖ ਕੇ ਭੇਜਿਆ ਹੈ।

## ਭਾਈ ਬੀਰ ਸਿੰਘ ਜੀ ਦਾ ਅਕਾਲ ਚਲਾਣਾ

ਵਲੋਂ

ਏਜੰਟ-ਗਵਰਨਰ ਜਨਰਲ, ਉੱਤਰੀ-ਪੱਛਮੀ,<br>ਸਰਹੱਦ।

ਸੇਵਾ ਵਿਖੇ,

ਐਫ. ਕਿਊਰੀ, ਐਸਕੁਆਇਰ,<br>ਸਕੱਤਰ-ਭਾਰਤ ਸਰਕਾਰ,<br>ਫੋਰਟ ਵਿਲੀਅਮ।

ਸ੍ਰੀ ਮਾਨ ਜੀ,

ਮੈਂ ਲਾਹੌਰ ਤੋਂ ਇਸ ਮਹੀਨੇ ਦੀ ਅੱਠ ਤਾਰੀਖ ਤੱਕ ਦੀ ਖ਼ਬਰ ਦੱਸ ਰਿਹਾ ਹਾਂ, ਜਿਸ ਤੋਂ ਕੋਈ ਸ਼ੱਕ ਬਾਕੀ

---

*੧. ਹੰਕਾਰੀ ਹੀਰਾ ਸਿੰਘ ਡੋਗਰੇ ਅਤੇ ਜਲ੍ਹੇ ਮਿਸ਼ਰ ਨੇ ਮਹਾਰਾਣੀ ਜਿੰਦ ਕੌਰ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਭੀ ਤੰਗ ਕਰਨਾ ਸ਼ੁਰੂ ਕਰ ਦਿੱਤਾ। ਇਸ ਦਾ ਸਿੱਖ ਫੌਜਾਂ ਵਲੋਂ ਸਖ਼ਤ ਵਿਰੋਧ ਹੋਇਆ। ਫੌਜ ਨੇ ਕਿਹਾ, 'ਸਾਰੇ ਪੁਆੜੇ ਦੀ ਜੜ੍ਹ ਜਲ੍ਹਾ ਮਿਸ਼ਰ ਹੈ ਉਹ ਸਾਡੇ ਹਵਾਲੇ ਕੀਤਾ ਜਾਵੇ।' ਹੁਣ ਹੀਰਾ ਸਿੰਘ ਸਮਝ ਗਿਆ ਕਿ ਫੌਜ ਸਾਡੇ ਖਿਲਾਫ ਹੋ ਗਈ ਹੈ। ਇਸ ਵਾਸਤੇ ਹੀਰਾ ਸਿੰਘ ਅਤੇ ਜਲ੍ਹਾ ਸਭ ਧਨ ਪਦਾਰਥ ਇਕੱਠਾ ਕਰਕੇ ਸਰਕਾਰੀ ਉਠਾਂ ਤੇ ਗੁਪਤ ਜੰਮੂ ਨੂੰ ਭੱਜ ਗਏ। ਪਤਾ ਲਗਣ ਤੇ ਫੌਜ ਵੀ ਮਗਰ ਭੱਜੀ। ਸ੍ਰ: ਸ਼ਾਮ ਸਿੰਘ ਅਟਾਰੀ ਅਤੇ ਸ੍ਰ: ਸੇਵਾ ਸਿੰਘ ਮਜੀਠੀਏ ਦੇ ਫੌਜੀ ਦਸਤਿਆਂ ਨੇ ਰਾਵੀ ਤੋਂ ਪਾਰ ਜਾ ਘੇਰੇ। ਹੀਰਾ ਸਿੰਘ ਤਰਗਲ ਦੇ ਕਿਲ੍ਹੇ ਵਿਚ ਲੁਕ ਗਿਆ। ਇਥੋਂ ਵੀ ਨਿਕਲ ਕੇ ਲਬਾਣਿਆਂ ਦੇ ਇਕ ਪਿੰਡ ਵਿਚ ਪਾਣੀ ਪੀਂਦਾ ਘੇਰਿਆ ਗਿਆ। ਸਖਤ ਲੜਾਈ ਹੋਈ। ੨੧ ਦਸੰਬਰ ੧੮੪੪ ਨੂੰ ਹੀਰਾ ਸਿੰਘ, ਲਾਭ ਸਿੰਘ, ਸੋਹਣ ਸਿੰਘ ਅਤੇ ਜਲ੍ਹਾ ਮਿਸ਼ਰ ਮਾਰੇ ਗਏ। ਸਾਰਾ ਧਨ ਫੌਜਾਂ ਦੇ ਕੰਮ ਆਇਆ। ਚਾਰਾਂ ਦੇ ਸਿਰ ਲਾਹੌਰ ਲਿਆ ਕੇ ਗੰਦਗੀ ਦੇ ਢੇਰ ਉੱਤੇ ਸਿਟੇ ਗਏ। ਬਾਬਾ ਬੀਰ ਸਿੰਘ ਜੀ ਦੀ ਸ਼ਹੀਦੀ ਤੋਂ ਕੇਵਲ ਸੱਤ ਮਹੀਨੇ ਮਗਰੋਂ ਇਨ੍ਹਾਂ ਸੰਤ ਦੋਖੀਆਂ ਦਾ ਅੰਤ ਹੋਇਆ। ਗੁਰਬਾਣੀ ਦਾ ਕਥਨ ਹੈ :*

***ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ ॥***<br>***ਆਪਨ ਬੀਜਿ ਆਪੇ ਹੀ ਖਾਹਿ ॥*** *(ਪੰਨਾ ੨੮੦)*

ਨਹੀਂ ਰਹਿ ਜਾਂਦਾ ਕਿ ਸਰਦਾਰ ਅਤਰ ਸਿੰਘ 'ਸੰਧਾਵਾਲੀਏ' ਦੀ ਰਾਜਾ ਹੀਰਾ ਸਿੰਘ ਦੀ ਪਦਵੀ ਤੱਕ ਪਹੁੰਚ ਸਕਣ ਦੀ ਵਿਰੋਧਤਾ, ਜਿਹੜੀ ਕਿ ਸ਼ਾਇਦ ਉਸਨੇ ਸੋਚੀ ਸੀ, ਖਤਮ ਹੋ ਗਈ ਹੈ। ਰਾਜੇ ਨੇ ਆਪਣੀਆਂ ਫ਼ੌਜਾਂ ਨੂੰ, ਉਨ੍ਹਾਂ ਵਿਰੁੱਧ ਲੜਨ ਲਈ ਸੁਚੇਤ ਕਰ ਦਿੱਤਾ ਹੈ ਜਿਹੜੇ ਕਿ ਮਹਾਰਾਜ ਦਾ ਤਖ਼ਤ ਉਲਟ-ਪੁਲਟ ਕਰਨ ਆਏ ਸਨ। ਰਾਜੇ ਨੇ ਫ਼ੌਜਾਂ ਨੂੰ ਇਨਾਮ ਅਤੇ ਮਾਣ ਦੇਣ ਦਾ ਵਾਇਦਾ ਕੀਤਾ। ਇੰਝ ਪ੍ਰਤੀਤ ਹੁੰਦਾ ਹੈ ਕਿ ਉਸਨੇ ਉਨ੍ਹਾਂ ਨੂੰ ਇਹ ਕਹਿ ਕੇ ਵੀ ਉਕਸਾਇਆ ਕਿ ਸਰਦਾਰ ਸਾਡੇ ਨਾਲ ਮਿਲਿਆ ਹੋਇਆ ਸੀ।

ਜਿਥੋਂ ਤੱਕ 'ਭਾਈ ਬੀਰ ਸਿੰਘ' ਦਾ ਸੰਬੰਧ ਹੈ, ਰਾਜਾ ਇਸ ਗੱਲ ਤੇ ਅੜਿਆ ਹੋਇਆ ਸੀ ਕਿ ਕਿਉਂਕਿ 'ਭਾਈ ਬੀਰ ਸਿੰਘ' ਭਗਤੀ ਦੇ ਰਸਤੇ ਤੋਂ ਦੁਰੇਡੇ ਚਲੇ ਗਏ ਹਨ। ਉਨ੍ਹਾਂ ਨੇ ਸਰਕਾਰੀ ਮਾਮਲਿਆਂ ਵਿਚ ਦਖਲ ਦੇ ਕੇ ਅਤੇ ਰਾਜ-ਵਿਰੁੱਧ ਹਥਿਆਰ ਚੁੱਕ ਕੇ ਆਪਣੇ ਧਾਰਮਿਕ ਆਚਰਣ ਨੂੰ ਭੰਗ ਕੀਤਾ ਹੈ, ਸੋ ਉਨ੍ਹਾਂ ਨਾਲ ਵੀ ਬਗਾਵਤ ਵਿਚ ਹਿੱਸਾ ਲੈਣ ਵਾਲੇ ਦੂਸਰੇ ਵਿਅਕਤੀਆਂ ਦੀ ਤਰ੍ਹਾਂ ਹੀ ਵਰਤਾਉ ਕੀਤਾ ਜਾਣਾ ਚਾਹੀਦਾ ਹੈ।

ਪ੍ਰਤੀਤ ਹੁੰਦਾ ਹੈ ਕਿ ਵੀਹ ਹਜ਼ਾਰ ਦੇ ਲਗਭਗ ਵਿਅਕਤੀ ਅਤੇ ੫੦ ਤੋਪਖਾਨੇ ਮੀਆਂ ਲਾਭ ਸਿੰਘ ਦੀ ਕਮਾਂਡ ਅਧੀਨ 'ਸਰਦਾਰ ਅਤੇ ਭਾਈ ਜੀ ਦੇ ਕੈਂਪ' ਨੂੰ ਸੱਤ ਮਾਰਚ ਨੂੰ ਘੇਰਾ ਪਾਉਣ ਦੇ ਉਦੇਸ਼ ਨਾਲ ਪੰਜ ਤਾਰੀਖ ਨੂੰ ਲਾਹੌਰੋਂ ਚੱਲ ਪਏ। ਇਹ ਕੈਂਪ ਸਤਲੁਜ ਦੇ ਸਜੇ ਕਿਨਾਰੇ 'ਹਰੀ ਕੇ ਘਾਟ' ਦੇ ਲਗਭਗ ਹੇਠਾਂ ਵੱਲ ਅਤੇ ਫੀਰੋਜ਼ਪੁਰ ਤੋਂ ਵੀਹ ਮੀਲ ਦੇ ਫ਼ਾਸਲੇ ਤੇ ਅਸਥਿੱਤ ਸੀ। ਪ੍ਰਤੀਤ ਹੁੰਦਾ ਹੈ ਕਿ 'ਭਾਈ ਬੀਰ ਸਿੰਘ' ਨੂੰ ਪਹਿਲਾਂ (ਰਾਜੇ ਵੱਲੋਂ) ਕਿਹਾ ਗਿਆ ਕਿ ਉਹ ਆਪਣੇ ਕੈਂਪ ਵਿਚ ਰਹਿ ਰਹੇ ਹਥਿਆਰਬੰਦ ਸਰਦਾਰ ਅਤਰ ਸਿੰਘ 'ਸੰਧਾਵਾਲੀਏ' ਨੂੰ ਛੱਡ ਦੇਣ। ਇੰਝ ਲੱਗਦਾ ਹੈ ਕਿ ਅਜਿਹਾ ਸ਼ਾਇਦ ਗੁਰੂ ਜੀ ਦੇ ਧਾਰਮਿਕ ਆਚਰਣ ਅਤੇ ਸਤਿਕਾਰ ਨੂੰ ਮੁੱਖ ਰੱਖ ਕੇ ਕੀਤਾ ਗਿਆ ਸੀ। ਪਰੰਤੂ ਭਾਈ ਬੀਰ ਸਿੰਘ ਜੀ ਨੇ ਇਨਕਾਰ ਕਰ ਦਿੱਤਾ। ਨਤੀਜੇ ਵਜੋਂ ਬਿਨਾਂ ਵਿਤਕਰੇ ਤੋਂ ਤੋਪਖਾਨੇ ਅਤੇ ਹੋਰ ਛੋਟੇ ਹਥਿਆਰਾਂ ਦੇ ਮੂੰਹ ਉਨ੍ਹਾਂ ਦੇ ਜਥੇ ਵੱਲ ਖੋਲ੍ਹ ਦਿੱਤੇ ਗਏ। 'ਭਾਈ ਜੀ' ਅਤੇ ਸਃ ਅਤਰ ਸਿੰਘ 'ਸੰਧਾਵਾਲੀਆ' ਵੀ ਇਸ ਕਤਲੇਆਮ ਵਿਚ ਸ਼ਾਮਲ ਸਨ ਅਤੇ ਸਰਦਾਰ ਦਾ ਸਿਰ ਤੁਰੰਤ ਹੀ ਲਾਹੌਰ ਦਿਖਾਉਣ ਲਈ ਭੇਜ ਦਿੱਤਾ ਗਿਆ। ਖ਼ਬਰ ਦੇ ਅੰਤ ਵਿਚ ਦਸਿਆ ਗਿਆ ਹੈ ਕਿ ਫ਼ੌਜ ਰਾਜਧਾਨੀ ਨੂੰ ਵਾਪਿਸ ਬੁਲਾ ਲਈ ਗਈ ਸੀ।...........

ਮੈਂ ਹਾਂ

ਗਵਰਨਰ ਜਨਰਲ ਏਜੰਸੀ,
ਉੱਤਰੀ ਪੱਛਮੀ ਸਰਹੱਦ
ਕੈਂਪ-ਕਸੌਲੀ ੧੧ ਮਈ ੧੮੪੪

ਸਹੀ/-ਏ. ਐਫ. ਰਿਚਮੰਡ,
ਏਜੰਟ ਗਵਰਨਰ ਜਨਰਲ।

*(ਵਿਦੇਸ਼ੀ ਅਤੇ ਰਾਜਨੈਤਿਕ ਮਹਿਕਮਿਆਂ ਦੀਆਂ ਕਾਰਵਾਈਆਂ ਦੇ, ੧੫ ਜੂਨ ੧੮੪੪ ਦੇ ਗਜਟ ਦਾ ਸਫਾ ਨੰ: ੩੨੦੪)।*

# ਬਾਬਾ ਮਹਾਰਾਜ ਸਿੰਘ ਜੀ

*ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ॥*
*ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥1॥*
*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥2॥*

*(ਪੰਨਾ ੧੧੦੫)*

ਬਾਬਾ ਬੀਰ ਸਿੰਘ ਜੀ ਦੀ ਸ਼ਹੀਦੀ ਦਾ ਸਾਕਾ ਵਰਤਣ ਤੋਂ ਬਾਅਦ ਬਾਬਾ ਮਹਾਰਾਜ ਸਿੰਘ ਜੀ ਨੌਰੰਗਾਬਾਦ ਡੇਰੇ ਵਿਚ ਜਾ ਰਹੇ। ਬਾਬਾ ਬੀਰ ਸਿੰਘ ਜੀ ਦੀ ਯਾਦ ਵਿਚ ਸਹਿਜਪਾਠ ਅਤੇ ਅਖੰਡਪਾਠ ਆਰੰਭ ਕੀਤੇ ਗਏ, ਦਸਹਿਰੇ ਤੇ ਮਹਾਨ ਇਕੱਠ ਹੋਇਆ। ਭੋਗ ਤੋਂ ਬਾਅਦ ਨੌਰੰਗਾਬਾਦ ਦਾ ਮਹੰਤ ਨਿਯਤ ਕਰਨ ਤੇ ਵੀ ਵਿਚਾਰ ਹੋਈ। ਬਹੁਤੇ ਵਿਅਕਤੀਆਂ ਦਾ ਵਿਚਾਰ ਸੀ ਬਾਬਾ ਖੁਦਾ ਸਿੰਘ ਨੂੰ ਮਹੰਤ ਨਿਯਤ ਕੀਤਾ ਜਾਵੇ। ਬਾਬਾ ਖੁਦਾ ਸਿੰਘ ਜੀ ਆਪਣੇ ਸੀਸ ਉੱਤੇ ਕਈ ਦਸਤਾਰੇ ਸਜਾ ਕੇ ਰੱਖਿਆ ਕਰਦੇ ਸਨ। ਬਾਬਾ ਖੁਦਾ ਸਿੰਘ ਜੀ ਨੇ ਆਪਣੇ ਸੀਸ ਤੋਂ ਇਕ ਦਸਤਾਰ ਉਤਾਰਕੇ ਬਾਬਾ ਮਹਾਰਾਜ ਸਿੰਘ ਦੇ ਸਿਰ ਤੇ ਬੰਨ ਦਿੱਤੀ ਅਤੇ ਕਿਹਾ, 'ਭਾਈ! ਮਹਾਰਾਜ ਸਿੰਘ ਜੀ ਨੇ ਲੰਗਰ ਦੀ ਅਥਾਹ ਸੇਵਾ ਕੀਤੀ ਹੈ। ਸਾਰਾ ਜੀਵਨ ਬਾਬਾ (ਬੀਰ ਸਿੰਘ) ਜੀ ਦੀ ਆਗਿਆ ਵਿਚ ਰਹੇ ਹਨ। ਮਹਾਨ ਸਾਕੇ ਸਮੇਂ ਤੋਪਾਂ ਦੇ ਵਰ੍ਹਦੇ ਗੋਲਿਆਂ ਵਿਚ ਬੰਦੂਕਾਂ ਦੀ ਵਛਾੜ ਸਮੇਂ ਬਾਬਾ ਜੀ ਦੀ ਸੇਵਾ ਵਿਚ ਹਾਜ਼ਿਰ ਰਹਿਕੇ ਹੁਕਮ ਦੀ ਪਾਲਣਾ ਕਰਦੇ ਰਹੇ ਹਨ। ਮਹੰਤੀ ਦੇ ਅਧਿਕਾਰੀ ਭਾਈ ਮਹਾਰਾਜ ਸਿੰਘ ਜੀ ਹਨ। ਪੰਡ, ਪਾਂਡੀਆਂ ਦੇ ਸਿਰ ਤੇ ਹੀ ਸੋਹਣੀ ਲੱਗਦੀ ਹੈ।' ਇਕ ਪੱਗ ਸੀਸ ਤੋਂ ਹੋਰ ਉਤਾਰ ਕੇ ਬਾਬਾ ਬੀਰ ਸਿੰਘ ਜੀ ਦੇ ਭਤੀਜੇ ਭਾਈ ਸਤੀਆ ਸਿੰਘ ਦੇ ਸਿਰ ਤੇ ਬੰਨ ਦਿੱਤੀ। ਮਹੰਤੀ ਦਾ ਚਰਚਾ ਖਤਮ ਹੋ ਗਿਆ।

ਇਸ ਤੋਂ ਉਪ੍ਰੰਤ ਬਾਬਾ ਮਹਾਰਾਜ ਸਿੰਘ ਜੀ, ਬਾਬਾ ਖੁਦਾ ਸਿੰਘ ਅਤੇ ਸੰਗਤ ਨੂੰ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ ਪੁਜੇ। ਬਾਬਾ ਜੀ ਦੀਆਂ ਅਸਤੀਆਂ ਅਤੇ ਵਿਭੂਤੀ ਸੁਧਾਸਰ ਦੀਆਂ ਚੌਹਾਂ ਬਾਹੀਆਂ ਵਿਚ ਪਾਈ। ਪੰਜ ਘੋੜੇ ਕਾਠੀਆਂ ਸਮੇਤ ਸ੍ਰੀ ਹਰਿਮੰਦਰ ਜੀ ਅਤੇ ਪੰਜ ਘੋੜੇ ਅਕਾਲ ਬੁੰਗੇ ਨੂੰ ਦਾਨ ਕੀਤੇ। ਢਾਈ ਸੌ ਪੁਸ਼ਾਕਾਂ ਸਮਰਪਣ ਕੀਤੀਆਂ। ਸਵਾ ਸੌ ਰੁਪਏ ਦਾ ਕੜਾਹ ਪ੍ਰਸਾਦਿ ਕਰਾਇਆ ਅਤੇ ਹੋਰ ਵੀ ਬੇਅੰਤ ਪੁੰਨ ਦਾਨ ਕੀਤਾ ਗਿਆ।

ਇਸ ਤੋਂ ਬਾਅਦ ਬਾਬਾ ਮਹਾਰਾਜ ਸਿੰਘ ਜੀ ਡੇਰਾ ਨੌਰੰਗਾਬਾਦ ਦਾ ਪ੍ਰਬੰਧ ਕਰਨ ਲਗੇ। ਕਥਾ-ਕੀਰਤਨ, ਸਤਿਸੰਗ ਦਾ ਪ੍ਰਵਾਹ ਤੋਰਿਆ, ਨਾਲ ਹੀ ਡੋਗਰਿਆਂ ਦੀ ਗਦਾਰੀ, ਅੰਗ੍ਰੇਜ਼ਾਂ ਦੀ ਕੁਟਲ ਨੀਤੀ ਅਤੇ ਸਿੱਖ ਰਾਜ ਦੀ ਡੁਬ ਰਹੀ ਬੇੜੀ ਨੂੰ ਕਿਨਾਰੇ ਲਾਉਣ ਵਾਸਤੇ ਦਿਨ ਰਾਤ ਸੋਚ ਵਿਚਾਰ ਵਿਚ ਡੁਬੇ ਰਹਿੰਦੇ ਸਨ।

ਬਾਬਾ ਮਹਾਰਾਜ ਸਿੰਘ ਜੀ ਦਾ ਜਨਮ ਪਿੰਡ ਰਬੋਂ, ਮਲੌਦ ਦੇ ਨੇੜੇ ਜ਼ਿਲ੍ਹਾ ਲੁਧਿਆਣਾ ਵਿਚ ਸੰਨ ੧੭੮੦ ਈ: ਵਿਚ ਹੋਇਆ। ਮਾਤਾ-ਪਿਤਾ ਨੇ ਨਾਮ ਨਿਹਾਲ ਸਿੰਘ ਰੱਖਿਆ। ਬਚਪਨ ਵਿਚ ਆਪ ਸੰਤ ਤੋਤਾ ਸਿੰਘ ਜੀ ਕੋਲ

ਨਿਰਮਲ ਡੇਰੇ ਪਿੰਡ ਠੀਕਰੀਵਾਲੇ ਜ਼ਿਲ੍ਹਾ ਸੰਗਰੂਰ ਚਲੇ ਗਏ। ਇਥੇ ਸੇਵਾ ਕਰਦੇ, ਵਿਦਿਆ ਪੜ੍ਹਦੇ ਰਹੇ। ਠੀਕਰੀ ਵਾਲੇ ਤੋਂ ਸੰਤ ਸਮੁੰਦ ਸਿੰਘ ਜੀ ਮਾਹਲੋਂ ਵਾਲਿਆਂ ਕੋਲ ਚਲੇ ਗਏ।

ਇਥੇ ਆਪ ਜੀ ਨੇ ਭਾਈ ਗੁਰਦਾਸ ਜੀ ਦੀ ਬਾਣੀ, ਦਸਮ ਗ੍ਰੰਥ, ਸਾਹਿਤਜ, ਕਾਵਜ, ਨੀਤੀ, ਛੰਦ ਸ਼ਾਸਤ੍ਰ ਅਤੇ ਵੇਦਾਂਤ ਦੇ ਗ੍ਰੰਥਾਂ ਦਾ ਪਠਨ-ਪਾਠਨ ਕੀਤਾ। ਆਪ ਨਿਮ੍ਰਤਾ ਨਾਲ ਸੇਵਾ ਦੀ ਲਗਨ ਵਾਲੇ ਸਰਬਤ ਨਾਲ ਪ੍ਰੇਮ ਕਰਨ ਵਾਲੇ ਸਨ। ਆਪ ਜੀ ਦੇ ਮਹਾਨ ਗੁਣਾਂ ਨੂੰ ਵੇਖਕੇ ਸੰਤ ਸਮੁੰਦ ਸਿੰਘ ਜੀ ਨੇ ਅਨੁਭਵ ਕੀਤਾ ਕਿ ਨਿਹਾਲ ਸਿੰਘ ਮਹਾਨ ਆਤਮਾ ਹੈ ਜੋ ਕੌਮ ਲਈ ਚਾਨਣ ਮੁਨਾਰਾ ਬਣ ਸਕਦਾ ਹੈ। ਇਹ ਵਿਚਾਰ ਕਰਕੇ ਸਮੁੰਦ ਸਿੰਘ ਜੀ ਆਪ ਨੂੰ ਨਾਲ ਲੈਕੇ ਬਾਬਾ ਬੀਰ ਸਿੰਘ ਜੀ ਦੇ ਡੇਰੇ ਪੁਜੇ। ਦੂਸਰੇ ਦਿਨ ਬਾਬਾ ਬੀਰ ਸਿੰਘ ਜੀ ਨੇ ਪੰਜ ਪਿਆਰਿਆਂ ਵਿਚ ਆਪ ਸ਼ਾਮਲ ਹੋਕੇ ਨਿਹਾਲ ਸਿੰਘ ਨੂੰ ਅੰਮ੍ਰਿਤ ਛਕਾਇਆ। ਗੁਰੂ ਗ੍ਰੰਥ ਸਾਹਿਬ ਵਿਚੋਂ ਆਏ ਮਹਾਂਵਾਕ ਅਨੁਸਾਰ ਨਾਮ ਭਗਵਾਨ ਸਿੰਘ ਰੱਖਿਆ [੧] ਅਤੇ ਆਪ ਜੀ ਨੂੰ ਲੰਗਰ ਦੀ ਸੇਵਾ ਤੇ ਲਾ ਦਿੱਤਾ। ਬਾਬਾ ਬੀਰ ਸਿੰਘ ਜੀ ਦਾ ਮਹਾਨ/ਵਿਸ਼ਾਲ/ਅਖੰਡ ਲੰਗਰ ਸੀ, ਜੋ ਹਰ ਸਮੇਂ ਤਿਆਰ ਹੁੰਦਾ ਰਹਿੰਦਾ। ਭਾਵੇਂ ਸਾਰੇ ਲਾਂਗਰੀ ਸੇਵਾ ਦਾ ਸਾਕਾਰ ਰੂਪ ਸਨ ਪਰ ਆਪ ਜੀ ਅਤਿਅੰਤ ਨਿਮ੍ਰ, ਮਿੱਠ ਬੋਲੜੇ, ਮਧੁਰ ਭਾਸ਼ੀ ਸਨ। ਸੇਵਾ ਕਰਦੇ ਸੰਗਤ ਵਿਚ ਲੰਗਰ ਵਰਤਾਉਂਦੇ, ਸਭ ਨੂੰ ਲਉ ਮਹਾਰਾਜ, ਛਕੋ ਮਹਾਰਾਜ! ਇਸ ਤਰ੍ਹਾਂ ਸਰਬਤ ਨੂੰ ਮਹਾਰਾਜ ਕਹਿਕੇ ਸੰਬੋਧਨ ਕਰਦੇ। ਇਸੇ ਕਾਰਣ ਆਪ ਜੀ ਦਾ ਨਾਮ ਮਹਾਰਾਜ ਸਿੰਘ ਪ੍ਰਸਿੱਧ ਹੋ ਗਿਆ।

ਪੰਡਿਤ ਸ਼ੇਰ ਸਿੰਘ ਜੀ 'ਬੀਰਮ੍ਰਿਗੇਸ ਗੁਰਬਿਲਾਸ ਦੇਵਤਰੂ ਦੇ ਪੰਨਾ ੧੮੮੫ ਤੇ ਲਿਖਦੇ ਹਨ ਕਿ ਕਈ ਵਾਰ ਨੌਰੰਗਾਬਾਦ ਦੇ ਲੰਗਰ ਵਿਚ ਵੀਹ-ਵੀਹ ਹਜ਼ਾਰ ਆਦਮੀਆਂ ਦੀ ਪੰਗਤ ਲੱਗ ਜਾਂਦੀ ਸੀ। ਸਤ ਸੌ ਮਣ ਆਟਾ ਅਤੇ ਢਾਈ ਸੌ ਮਣ ਦਾਲ ਲੱਗਦੀ ਸੀ।

ਇਸ ਤੋਂ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਲੰਗਰ ਦੇ ਸੇਵਾਦਾਰਾਂ ਨੂੰ ਕਿਤਨੀ ਕਠਨ ਘਾਲਣਾ ਘਾਲਣੀ ਪੈਂਦੀ ਸੀ। ਸੰਤ ਨਿਹਾਲ ਸਿੰਘ ਜੀ ਸਿਮਰਨ ਕਰਦੇ ਹੋਏ ਰਾਤ-ਦਿਨ ਲੰਗਰ ਵਿਚ ਹੀ ਨਿਵਾਸ ਰੱਖਦੇ ਸਨ। ਸੇਵਾ ਸਿਮਰਨ ਵਾਲੀ ਆਤਮਾ ਵਿਚ ਰਿਧੀਆਂ-ਸਿਧੀਆਂ ਸੁਭਾਵਿਕ ਹੀ ਆ ਜਾਂਦੀਆਂ ਹਨ।

***ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥***

*(ਪੰਨਾ ੨੬੨)*

ਇਕ ਦਿਨ ਲੰਗਰ ਵਿਚ ਦੇਗੇ ਵਿਚਲੀ ਦਾਲ ਉਬਲ ਗਈ, ਕੜਛੀ ਨਾ ਮਿਲਣ ਕਰਕੇ ਛੇਤੀ ਨਾਲ ਉਬਲਦੀ ਦਾਲ ਵਿਚ ਬਾਂਹ ਹੀ ਫੇਰ ਦਿੱਤੀ। ਆਪ ਜੀ ਦੀ ਬਾਂਹ ਬਗੈਰ ਜਲੇ ਮਚੇ ਤੋਂ ਠੀਕ ਰਹੀ ਅਤੇ ਬਾਂਹ ਤੇ ਕੋਈ ਅਸਰ ਨਹੀਂ ਹੋਇਆ। ਸਿੰਘਾਂ ਨੇ ਗੱਲ ਬਾਬਾ ਬੀਰ ਸਿੰਘ ਨੂੰ ਦੱਸੀ ਤਾਂ ਬਾਬਾ ਜੀ ਨੇ ਫਰਮਾਇਆ ਕਿ, 'ਭਾਈ ਇਹ ਸੇਵਾ ਸਿਮਰਨ ਨਾਲ ਰਿਧੀਆਂ-ਸਿਧੀਆਂ ਸੁਭਾਵਿਕ ਆ ਜਾਂਦੀਆਂ ਹਨ। ਸੇਵਾ ਕਰਦਿਆਂ ਕੋਈ ਸੁਭਾਵਿਕ ਸ਼ਕਤੀ ਵਰਤੀ ਜਾਵੇ ਤਾਂ ਕੋਈ ਦੋਸ਼ ਨਹੀਂ, ਪਰ ਹਉਮੈ/ਅੰਹਕਾਰ ਵਿਚ ਲੋਕਾਂ ਨੂੰ ਨਾਟਿਕ-ਚੇਟਿਕ ਵਿਖਾਉਣੇ ਗੁਰਮਤਿ ਦੇ ਉਲਟ ਹੈ।' ਬਾਬਾ ਮਹਾਰਾਜ ਸਿੰਘ ਜੀ ਸਰਬ ਸ਼ਕਤੀ ਸੰਪੰਨ, ਨਾਮ ਅਭਿਆਸੀ, ਸੇਵਾ ਦੇ ਪੁੰਜ, ਪੂਰਨ ਗਿਆਨਵਾਨ, ਆਤਮਿਕ ਦਰਸ਼ੀ ਸਨ।

ਬਾਬਾ ਬੀਰ ਸਿੰਘ ਜੀ ਦੀ ਸ਼ਹੀਦੀ ਸਮੇਂ ਹਰੀਕੇ ਪਤਨ ਤੇ ਬਾਬਾ ਮਹਾਰਾਜ ਸਿੰਘ ਜੀ ਬਾਬਾ ਬੀਰ ਸਿੰਘ ਜੀ

---

*੧. ਸ੍ਰ. ਸ਼ਮਸ਼ੇਰ ਸਿੰਘ ਜੀ 'ਅਸ਼ੋਕ' ਨੇ ਲਿਖਿਆ ਹੈ ਕਿ ਨਿਹਾਲ ਸਿੰਘ ਨੇ ਠੀਕਰੀ ਵਾਲੇ ਦੇ ਡੇਰੇ ਵਿਚ ਸੰਤ ਤੋਤਾ ਸਿੰਘ ਜੀ ਤੋਂ ਅੰਮ੍ਰਿਤ ਪਾਨ ਕੀਤਾ। ਆਪ ਜੀ ਦਾ ਨਾਮ 'ਟਹਲ ਸਿੰਘ' ਰੱਖਿਆ ਗਿਆ। (ਅਖਬਾਰ ਵਰਤਮਾਨ, ੨੮ ਜੂਨ ੧੯੫੩)*

ਦੀ ਆਗਿਆ ਨਾਲ ਸਾਰੀ ਰਾਤ ਲੰਗਰ ਤਿਆਰ ਕਰਦੇ ਰਹੇ ਅਤੇ ਕੜਾਹ ਪ੍ਰਸਾਦਿ ਦੇ ਕੜਾਹੇ ਕੱਢਦੇ ਰਹੇ। ਬੰਦੂਕਾਂ ਦੀ ਛਲਕ ਅਗੇ, ਤੋਪਾਂ ਦੇ ਗੋਲਿਆਂ ਵਿਚ, ਆਪ ਜੀ ਨੇ ਲੰਗਰ ਦੀ ਸੇਵਾ ਨੂੰ ਜਾਰੀ ਰੱਖਿਆ। ਲੰਗਰ ਦੀ ਸੇਵਾ ਕਰਦਿਆਂ ਰਾਤ-ਦਿਨ ਹਰ ਸਮੇਂ ਸਿਮਰਨ ਜਾਰੀ ਰਹਿੰਦਾ ਸੀ। ਪੰਜ ਬਾਣੀਆਂ ਦੇ ਨਿਤਨੇਮ ਤੋਂ ਉਪ੍ਰੰਤ ਜਪੁਜੀ ਸਾਹਿਬ, ਸੁਖਮਨੀ ਸਾਹਿਬ ਅਤੇ ਅਕਾਲ ਉਸਤਤਿ ਦੇ ਕਈ ਪਾਠ ਕਰਦੇ ਸਨ। ਉਪ੍ਰੰਤ ਵਾਹਿਗੁਰੂ ਮੰਤ੍ਰ ਦਾ ਸਿਮਰਨ ਲਗਾਤਾਰ ਜਾਰੀ ਰਹਿੰਦਾ ਸੀ। ਸੇਵਾ ਸਿਮਰਨ ਨਾਲ ਆਪ ਜੀ ਦੀ ਆਤਮਾ ਬਹੁਤ ਉੱਚੀ ਹੋ ਚੁੱਕੀ ਸੀ।

ਨੌਰੰਗਾਬਾਦ ਕੁਝ ਦਿਨ ਰਹਿਣ ਤੋਂ ਉਪ੍ਰੰਤ ਡੇਰੇ ਦਾ ਪ੍ਰਬੰਧ ਬਾਬਾ ਖੁਦਾ ਸਿੰਘ ਜੀ ਅਤੇ ਬਾਬਾ ਛੋਟੇ ਬੀਰ ਸਿੰਘ ਜੀ ਨੂੰ ਸੰਭਾਲਕੇ ਆਪ ਪਿੰਡ ਮੁਠਿਆਂਵਾਲੇ ਚਲੇ ਗਏ। ਇਥੇ ਬਾਬਾ ਬੀਰ ਸਿੰਘ ਜੀ ਦੀ ਯਾਦ ਵਿਚ ਸਥਾਨ ਕਾਇਮ ਕੀਤਾ। ਮੁਠਿਆਂਵਾਲੇ ਤੋਂ ਅੰਮ੍ਰਿਤਸਰ ਪਹੁੰਚਕੇ ਬਾਬਾ ਬੀਰ ਸਿੰਘ ਜੀ ਦੀ ਯਾਦ ਵਿਚ ਬਹੁਤ ਵੱਡਾ ਸਮਾਗਮ ਕੀਤਾ। ਇਸ ਸਮੇਂ ਅਥਾਹ ਇਕੱਠ ਹੋਇਆ ਜਿਸ ਵਿਚ ਸਾਧੂ, ਸੰਤਾਂ, ਸਦ ਗ੍ਰਹਿਸਥੀਆਂ ਤੋਂ ਇਲਾਵਾ ਹਿੰਦੂ, ਮੁਸਲਮਾਨ ਵੀ ਬਹੁ ਸੰਖਯਾ ਵਿਚ ਪੁਜੇ। ਬਾਬਾ ਜੀ ਨੇ ਇਸ ਇਕੱਠ ਵਿਚ ਅੰਗ੍ਰੇਜ਼ਾਂ ਦੀ ਪੰਜਾਬ ਵਿਚ ਬੇਲੋੜੀ ਦਖਲ ਅੰਦਾਜ਼ੀ ਦਾ ਵਿਰੋਧ ਵੀ ਕੀਤਾ ਅਤੇ ਇਹ ਸੰਕੇਤ ਵੀ ਕੀਤਾ ਕਿ ਸਰਬ ਪੰਜਾਬੀਆਂ ਦੇ ਸਹਿਯੋਗ ਨਾਲ ਫਰੰਗੀਆਂ ਨੂੰ ਪੰਜਾਬ ਵਿਚੋਂ ਕੱਢਣ ਦਾ ਯਤਨ ਕੀਤਾ ਜਾਵੇਗਾ। ਆਪ ਜੀ ਦੇ ਉਦਾਲੇ ਇਤਨਾ ਇਕੱਠ ਵੇਖਕੇ ਫਿਰੰਗੀ ਹੋਰ ਘਬਰਾ ਗਿਆ ਅਤੇ ਪੁਲੀਸ ਦੁਆਰਾ ਹਰ ਸਮੇਂ ਨਿਗਰਾਨੀ ਹੋਣ ਲੱਗੀ। ਮਹਾਰਾਣੀ ਜਿੰਦਾਂ ਜਦੋਂ ਅੰਮ੍ਰਿਤਸਰ ਵਿਚ ਦਰਸ਼ਨ ਕਰਨ ਆਉਂਦੀ ਤਾਂ ਮਹਾਰਾਜਾ ਦਲੀਪ ਸਿੰਘ ਸਮੇਤ ਬਾਬਾ ਮਹਾਰਾਜ ਸਿੰਘ ਜੀ ਦੀ ਸੇਵਾ ਵਿਚ ਅਵਸ਼ਯ ਹਾਜ਼ਿਰ ਹੁੰਦੀ। ਅੰਗ੍ਰੇਜ਼ ਬਾਬਾ ਜੀ ਨੂੰ ਹੋਰ ਕੈਰੀ ਅੱਖ ਨਾਲ ਵੇਖਣ ਲੱਗੇ। ਬਾਬਾ ਜੀ ਦੇ ਪ੍ਰਭਾਵ ਨੂੰ ਖਤਮ ਕਰਨ ਵਾਸਤੇ, ਬਾਬਾ ਜੀ ਤੇ ਕੇਸ ਚਲਾਉਣ ਵਾਸਤੇ ਪ੍ਰੇਮਾ ਨਾਮ ਦੇ ਪਹਾੜੀਏ ਨੂੰ ਤਿਆਰ ਕੀਤਾ। ਇਹ ਪਹਾੜੀਆ ਗੁਲਾਬ ਸਿੰਘ ਡੋਗਰੇ ਦਾ ਬਾਡੀ ਗਾਰਡ ਰਹਿ ਚੁੱਕਾ ਸੀ। ਇਸ ਕੋਲੋ ਇਸ ਭਾਵ ਦਾ ਬਿਆਨ ਦੁਆਇਆ ਗਿਆ ਕਿ ਬਾਬਾ ਮਹਾਰਾਜ ਸਿੰਘ ਰੈਜੀਡੈਂਟ ਲਾਰੰਸ ਅਤੇ ਉਸ ਦੇ ਸਾਥੀਆਂ ਨੂੰ ਕਤਲ ਕਰਨਾ ਚਾਹੁੰਦੇ ਹਨ। ਬਾਬਾ ਜੀ ਦੀ ਮਹਾਰਾਣੀ ਜਿੰਦਾਂ ਨਾਲ ਵੀ ਗੁਪਤ ਗੱਲ ਚੱਲ ਰਹੀ ਹੈ।

ਇਸ ਬਾਰੇ ਲੈਫਟੀਨੈਂਟ ਕਰਨਲ ਐਚ.ਐਮ. ਲਾਰੰਸ ਨੇ ਗਵਰਨਰ ਜਨਰਲ ਡਲਹੌਜੀ ਨੂੰ ੧ ਜੂਨ ੧੮੪੭ ਨੂੰ ਇਕ ਪਤ੍ਰਕਾ ਲਿਖੀ ਜਿਸ ਵਿਚ ਦਰਜ ਸੀ ਕਿ 'ਪ੍ਰੇਮਾ' ਮੈਨੂੰ ਚਾਰ ਵਾਰ ਮਿਲ ਚੁੱਕਾ ਹੈ। ਉਹ ਕਹਿੰਦਾ ਹੈ ਕਿ ਮਹਾਰਾਜ ਸਿੰਘ ਅੰਮ੍ਰਿਤਸਰ ਦਾ ਪ੍ਰਭਾਵਸ਼ਾਲੀ ਸਿੱਖ ਹੈ। ਉਸ ਦੇ ਸ਼ਕੀਆ ਵਿਹਾਰ ਬਾਰੇ ਮੈਨੂੰ ਕਈ ਖ਼ਬਰਾਂ ਮਿਲ ਚੁੱਕੀਆਂ ਹਨ। ਉਹ ਅਜਿਹਾ ਹਰ ਕੰਮ ਕਰਦਾ ਹੈ ਜੋ ਉਸ ਨੂੰ ਮਹਾਰਾਣੀ ਜਿੰਦਾਂ ਆਖਦੀ ਹੈ।.....

'ਅਸੀਂ ਪ੍ਰੇਮੇ ਨੂੰ ਬਾਰਾਂ ਸਰਦਾਰਾਂ ਦੇ ਅਗੇ ਪੇਸ਼ ਕੀਤਾ ਹੈ। ਉਹ ਇਹ ਸਮਝਦੇ ਹਨ ਕਿ ਪ੍ਰੇਮਾ, ਬੂਟਾ ਸਿੰਘ ਨੂੰ ਮਿਲਿਆ ਸੀ ਤੇ ਉਸ ਨੂੰ ਰਾਣੀ ਨੇ ਹੀ ਮਹਾਰਾਜ ਸਿੰਘ ਕੋਲ ਭੇਜਿਆ ਸੀ।' ਇਸੇ ਪਤ੍ਰਕਾ ਵਿਚ ਅਗੇ ਲਿਖਿਆ ਹੈ। 'ਪ੍ਰੇਮਾ ਗੱਲਾਂ ਤੇ ਕਰਦਾ ਹੈ ਕਿ ਕਈ ਸਰਦਾਰ ਇਸ ਨਾਲ ਸਬੰਧ ਰੱਖਦੇ ਹਨ ਪਰ ਸਬੂਤ ਕੋਈ ਨਹੀਂ ਦੇ ਸਕਦਾ।' ਇਸ ਕੇਸ ਦਾ ਸਰਕਾਰੀ ਮੁਖਬਰ ਪ੍ਰੇਮਾ ਭਾਵੇਂ ਕੋਈ ਸਬੂਤ ਨਹੀਂ ਦੇ ਸਕਿਆ ਪਰ ਫਿਰ ਵੀ ਪ੍ਰੇਮੇ ਦੀ ਮੁਖਬਰੀ ਨੂੰ ਅਧਾਰ ਬਣਾਕੇ ਫਰੰਗੀ ਨੇ ਬਾਬਾ ਮਹਾਰਾਜ ਸਿੰਘ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿੱਤਾ। ੫੦ ਸਿਪਾਹੀ ਲੈਕੇ ਜੈਮਲ ਸਿੰਘ ਥਾਣੇਦਾਰ ੧੫ ਜੂਨ ੧੮੪੭ ਨੂੰ ਬਾਬਾ ਜੀ ਦੇ ਸਥਾਨ ਤੇ ਅੰਮ੍ਰਿਤਸਰ ਆਇਆ, ਪਰ ਬਾਬਾ ਜੀ ਪਹਿਲਾਂ ਹੀ ਪਤ੍ਰਾ ਵਾਚ ਚੁੱਕੇ ਸਨ। ਗੁੱਸੇ ਵਿਚ ਥਾਣੇਦਾਰ ਨੇ ਬਾਬਾ ਜੀ ਦੀ ਨਿਗਰਾਨੀ ਲਈ ਨਿਯਤ ਕੀਤੇ ਜੀਵਨ ਸਿੰਘ ਪੁਲਸੀਏ ਨੂੰ ਗ੍ਰਿਫ਼ਤਾਰ ਕਰ ਲਿਆ ਕਿ ਬਾਬਾ ਜੀ ਨੂੰ ਇਸ ਨੇ ਹੀ ਭਜਾਇਆ ਹੈ। ਜੀਵਨ ਸਿੰਘ ਨੂੰ ਉਸ ਵੇਲੇ ਛਡਿਆ ਗਿਆ ਜਦ ਉਸ ਨੇ ਬਾਬਾ ਜੀ ਨੂੰ ਗ੍ਰਿਫ਼ਤਾਰ ਕਰਾਉਣ ਦਾ ਵਿਸ਼੍ਵਾਸ ਦੁਆਇਆ।

ਗੋਰਾਸ਼ਾਹੀ ਨੇ ਹੁਕਮ ਕੀਤਾ ਕਿ ਜੋ ਬਾਬਾ ਜੀ ਨਾਲ ਸੰਪਰਕ ਰਖੇਗਾ, ਪਨਾਹ ਦੇਵੇਗਾ ਉਸਦਾ ਘਰ-ਘਾਟ, ਜਾਇਦਾਦ, ਜਾਗੀਰ ਜ਼ਬਤ ਕੀਤੀ ਜਾਵੇਗੀ। ਬਾਬਾ ਜੀ ਦੀ ਗ੍ਰਿਫਤਾਰੀ ਲਈ ਇਕ ਹਜ਼ਾਰ ਰੁਪਏ ਦਾ ਇਨਾਮ ਰੱਖਿਆ ਗਿਆ ਜੋ ਮਗਰੋਂ ਦਸ ਹਜ਼ਾਰ ਕਰ ਦਿੱਤਾ ਗਿਆ।

੨੩ ਜੂਨ ੧੮੪੭ ਨੂੰ ਸ: ਲਹਿਣਾ ਸਿੰਘ ਮਜੀਠੀਏ ਨੂੰ ਹੁਕਮ ਦਿੱਤਾ ਗਿਆ ਕਿ ਉਹ ਅੰਮ੍ਰਿਤਸਰ ਜਾ ਕੇ ਬਾਬਾ ਜੀ ਦੀ ਕੁਲ ਸੰਪਤੀ (ਮਾਲ ਡੰਗਰ) ਨੀਲਾਮ ਕਰ ਦੇਣ। ਸ: ਲਹਿਣਾ ਸਿੰਘ ਨੇ ਛੇ ਹਜ਼ਾਰ ਰੁਪਏ ਵਿਚ ਸਾਰੀ ਜਾਇਦਾਦ ਦੀ ਨੀਲਾਮੀ ਕਰ ਦਿੱਤੀ। ਗਊਆਂ, ਮਹੀਆਂ, ਘੋੜੇ ਸ਼ਹਿਰ ਦੇ ਗ੍ਰੰਥੀਆਂ ਅਤੇ ਨਿਹੰਗਾਂ ਸਿੰਘਾਂ ਵਿਚ ਵੰਡ ਦਿੱਤੇ ਗਏ।

ਲਾਹੌਰ ਦੇ ਨਜ਼ਦੀਕ ਇਕ ਵਾਰ ਬਾਰੂਦ ਫਟ ਗਿਆ। ਗੋਰਾਸ਼ਾਹੀ ਨੇ ਇਹ ਕਾਰਾ ਵੀ ਬਾਬਾ ਮਹਾਰਾਜ ਸਿੰਘ ਦਾ ਸਮਝਿਆ ਅਤੇ ਹੁਕਮ ਚਾਹੜਿਆ ਗਿਆ ਕਿ ਬਾਬਾ ਮਹਾਰਾਜ ਸਿੰਘ ਜੀ ਨਾਲ ਸਬੰਧ ਰੱਖਣ ਵਾਲਿਆਂ ਦੇ ਨੱਕ ਅਤੇ ਕੰਨ ਕੱਟ ਦਿੱਤੇ ਜਾਣਗੇ। ਅੰਗ੍ਰੇਜ਼ ਬਾਬਾ ਜੀ ਦੇ ਪ੍ਰਭਾਵ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਫਰੰਗੀ ਨੂੰ ਇਹ ਵੀ ਸ਼ੱਕ ਸੀ ਕਿ ਮਹਾਰਾਣੀ ਜਿੰਦਾਂ ਅਤੇ ਬਾਬਾ ਮਹਾਰਾਜ ਸਿੰਘ ਮਿਲਕੇ ਗੋਰਾਸ਼ਾਹੀ ਵਿਰੁੱਧ ਜੰਗ ਆਰੰਭ ਕਰਨਾ ਚਾਹੁੰਦੇ ਹਨ। ਇਸ ਕਰਕੇ ੧੯ ਅਗਸਤ ੧੮੪੭ ਈ: ਵਿਚ ਮਹਾਰਾਣੀ ਨੂੰ ਕੈਦ ਕਰਕੇ ਸੇਖੂਪੁਰੇ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ।

ਬਾਬਾ ਜੀ ਦੀ ਸਰਗਰਮੀ ਵੇਖਕੇ ਕੁਝ ਆਦਮੀ ਸੌ ਸਾਖੀ ਦੇ ਆਧਾਰ ਤੇ ਪਿੰਡਾਂ ਵਿਚ ਕਹਿਣ ਲੱਗ ਪਏ ਕਿ ਗੋਰਿਆਂ ਦਾ ਰਾਜ ਖਤਮ ਹੋਣ ਵਾਲਾ ਹੈ। ਪਿੰਡਾਂ ਵਿਚ ਇਸ ਪ੍ਰਚਾਰ ਦਾ ਬੜਾ ਅਸਰ ਹੋਇਆ। ਪ੍ਰਚਾਰ ਕਰਨ ਵਾਲੇ ਵਿਅਕਤੀਆਂ ਵਿਚੋਂ ਜੀਵਨ ਸਿੰਘ, ਬੁਧ ਸਿੰਘ, ਚੇਤ ਸਿੰਘ ਫੜ੍ਹਕੇ ਕਾਲੇ ਪਾਣੀ ਭੇਜੇ ਗਏ।

ਲਾਹੌਰ ਦਰਬਾਰ ਤੇ ਅੰਗ੍ਰੇਜ਼ਾਂ ਦਾ ਕਬਜ਼ਾ ਹੋ ਜਾਣ ਤੋਂ ਬਾਅਦ ਵੀ ਬਾਬਾ ਜੀ ਸਿੱਖ ਫੌਜੀਆਂ ਨੂੰ ਜਥੇਬੰਦ ਕਰਦੇ ਰਹੇ। ਬਾਬਾ ਜੀ ਪੰਜਾਬ ਵਿਚ ਫੌਜੀ ਬਗਾਵਤ ਕਰਾਉਣੀ ਚਾਹੁੰਦੇ ਸਨ। ਉਨ੍ਹਾਂ ਨੇ ਤਾਰੀਖ ਵੀ ਨਿਯਤ ਕਰ ਦਿੱਤੀ ਸੀ ਪਰ ਸਫਲ ਨ ਹੋਏ। ਬਾਬਾ ਜੀ ਗੁਜ਼ਰਾਂ ਵਾਲੇ ਦੇ ਇਲਾਕੇ ਵਿਚ ਗੋਰਾਸ਼ਾਹੀ ਵਿਰੁੱਧ ਪ੍ਰਚਾਰ ਕਰ ਰਹੇ ਸਨ। ਇਨ੍ਹਾਂ ਨੂੰ ਫੜ੍ਹਨ ਵਾਸਤੇ ਇਕ ਫੌਜੀ ਦਸਤਾ ਕਪਤਾਨ ਕਾਕਸ ਦੀ ਕਮਾਨ ਹੇਠ ਭੇਜਿਆ ਪਰ ਬਾਬਾ ਜੀ ਅਲੋਪ ਹੋ ਗਏ। ਹੁਣ ਬਾਬਾ ਜੀ ਅਤੇ ਫਰੰਗੀ ਦੀ ਫੌਜ ਲੁਕਣਮੀਟੀ ਖੇਡਨ ਲੱਗੇ। ਕਾਕਸ ਨੂੰ ਪਤਾ ਲੱਗਾ ਬਾਬਾ ਜੀ ਸੇਖੂਪੁਰੇ ਦੇ ਇਲਾਕੇ ਵਿਚ ਫਿਰ ਰਹੇ ਹਨ। ਉਸ ਨੇ ਬਾਬਾ ਜੀ ਨੂੰ ਘੇਰਨ ਦਾ ਯਤਨ ਕੀਤਾ ਪਰ ਅਸਫਲ ਹੋਇਆ। ਮੁੜ ਸਾਵਧਾਨ ਹੋਕੇ ਚਾਰ ਸੌ ਗੋਰੇ ਸਿਪਾਹੀਆਂ ਨਾਲ ਬਾਬਾ ਜੀ ਦਾ ਪਿਛਾ ਕਰਨ ਲੱਗਾ ਪਰ ਬਾਬਾ ਜੀ ਝੰਗ ਵਲ ਨਿਕਲ ਗਏ। ਅੰਗ੍ਰੇਜ਼ਾਂ ਨੇ ਝੰਗ ਵੱਲ ਇਕ ਮਾਲੀ ਸਿੰਘ ਨੂੰ ਦੋ ਸੌ ਸਵਾਰ ਦੇਕੇ ਅਗੋਂ ਰੋਕਣ ਦਾ ਯਤਨ ਕੀਤਾ ਪਰ ਬਾਬਾ ਜੀ ਸ਼ੇਰਕੋਟ ਨੂੰ ਚਲੇ ਗਏ, ਇਥੋਂ ਮੁੜ ਝੰਗ ਪਹੁੰਚ ਗਏ। ਜਨ ਸਾਧਾਰਣ ਲੋਕਾਂ ਨੇ ਅਕਹਿ ਸਤਿਕਾਰ ਕੀਤਾ। ੨੫੦੦੦/- ਰੁਪਏ ਤੇ ਹੋਰ ਸਮਾਨ ਸਮਰਪਣ ਕੀਤਾ, ਲੋਕਾਂ ਦਾ ਅਥਾਹ ਜੋਸ਼ ਵੇਖਕੇ ਅੰਗ੍ਰੇਜ਼ ਨੂੰ ਤਾਪ ਚੜ੍ਹ ਗਿਆ। [੧]

ਲਾਹੌਰ ਵਿਚ ਖਬਰ ਪੁਜੀ ਕਿ ਬਾਬਾ ਜੀ ਅਠ ਹਜ਼ਾਰ ਸਾਥੀਆਂ ਸਮੇਤ ਚਨਾਬ (ਨਦੀ) ਵਿਚ ਡੁਬ ਗਏ ਹਨ। ਫਰੰਗੀ ਦੇ ਸਾਹ ਵਿਚ ਸਾਹ ਆਇਆ। ਝੰਗ ਤੋਂ ਬਾਬਾ ਜੀ ਮੁਲਤਾਨ ਨੂੰ ਚਲੇ ਗਏ ਅਤੇ ਰਸਤੇ ਵਿਚ ਕਮਾਲੀਏ ਨੇੜੇ ਕਾਕਸ ਨੇ ਘੇਰਨ ਦਾ ਯਤਨ ਕੀਤਾ ਪਰ ਬਾਬਾ ਜੀ ਉਸਦੇ ਅਖੀਂ ਘਟਾ ਪਾਕੇ ਨਿਕਲ ਗਏ।

---

*੧. ਭਾਈ ਮਹਾਰਾਜ ਸਿੰਘ ਦੀ ਲਿਖਤ, ਸ: ਨਾਹਰ ਸਿੰਘ ਐਮ.ਏ.*

ਕਾਕਸ ਮੂੰਹ ਵੇਖਦਾ ਰਹਿ ਗਿਆ। ਬਾਬਾ ਜੀ ਮੂਲਰਾਜ ਅਤੇ ਸ: ਸ਼ੇਰ ਸਿੰਘ ਵਰਗੇ ਅੰਗ੍ਰੇਜ਼ ਵਿਰੋਧੀਆਂ ਨੂੰ ਮਿਲਦੇ ਹੋਏ ਯੋਜਨਾ ਘੜਦੇ ਅਗੇ ਵਧਦੇ ਰਹੇ।

ਦੁਰਭਾਗਵਸ ਸਿੱਖ ਮੁਲਤਾਨ, ਚੇਲਿਆਂਵਾਲੀ, ਗੁਜਰਾਤ ਅਤੇ ਰਾਮਨਗਰ ਦੀਆਂ ਲੜਾਈਆਂ ਹਾਰ ਗਏ। ਸਭ ਨੇ ਅੰਗ੍ਰੇਜ਼ਾਂ ਅਗੇ ਹਥਿਆਰ ਸੁਟ ਦਿੱਤੇ ਪਰ ਬਾਬਾ ਬਿਕ੍ਰਮ ਸਿੰਘ ਊਨੇ ਵਾਲੇ, ਕਰਨਲ ਰਛਪਾਲ ਸਿੰਘ ਅਤੇ ਬਾਬਾ ਮਹਾਰਾਜ ਸਿੰਘ ਨੇ ਹਥਿਆਰ ਨਹੀਂ ਸੁਟੇ। ਇਹ ਸੂਤੰਤ੍ਰਤਾ ਸੰਗ੍ਰਾਮ ਲਈ ਉਸੀ ਤਰ੍ਹਾਂ ਮੈਦਾਨ ਵਿਚ ਡਟੇ ਰਹੇ। ਬਾਬਾ ਮਹਾਰਾਜ ਸਿੰਘ ਜੀ ਦੇ ਮੈਦਾਨ ਵਿਚ ਸਰਗਰਮ ਰਹਿਣ ਬਾਰੇ ਗੁਪਤਚਰ ਵਿਭਾਗ ਨੇ ਆਪਣੀ ਟਿਪਣੀ ਇਸ ਤਰ੍ਹਾਂ ਕੀਤੀ ਹੈ।

## ਦਸਤਾਵੇਜ਼ ਨੰ. ੬

ਵੱਲੋਂ

ਬਦੇਸ਼ ਵਿਭਾਗ (ਗੁਪਤ) — ਕੈਂਪ ਫਿਰੋਜ਼ਪੁਰ

ਸੇਵਾ ਵਿਖੇ — ੨੪ ਮਾਰਚ ੧੮੪੯

ਸਤਿਕਾਰ ਯੋਗ ਮੈਂਬਰਾਨ ਖੁਫੀਆ ਕਮੇਟੀ

ਸ੍ਰੀ ਮਾਨ ਜੀਓ, — ਨੰ : ੧੮

ਭਾਈ ਮਹਾਰਾਜ ਸਿੰਘ (ਜੋ ਅਜੇ ਜਿਉਂਦੇ ਜਾਪਦੇ ਹਨ) ਅਤੇ ਕਰਨਲ ਰਛਪਾਲ ਸਿੰਘ ਨੂੰ ਛੱਡਕੇ, ਬਾਕੀ ਸਭ ਸਰਦਾਰਾਂ ਨੇ ਹਥਿਆਰ ਸੁੱਟ ਦਿੱਤੇ ਹਨ। ਇਹ ਦੋਵੇਂ ਵਿਅਕਤੀ ਭਗੌੜੇ ਹੋ ਗਏ ਹਨ ਪਰ ਇਹਨਾਂ ਦੇ ਮਗਰ ਲੱਗਣ ਵਾਲੇ ਕੋਈ ਨਹੀਂ ਹਨ।

ਮੈਂ ਹਾਂ

ਦਸਤਖਤ/- ਐੱਚ.ਐੱਮ. ਇਲੀਅਟ

Sd/-H.M. Eliot

ਬਾਬਾ ਜੀ ਅਟਕ ਦੇ ਕੋਲ ਮੁੜ ਅੰਗ੍ਰੇਜ਼ਾਂ ਨਾਲ ਲੜਨਾ ਚਾਹੁੰਦੇ ਸਨ ਪਰ ਸ: ਚਤਰ ਸਿੰਘ ਅਤੇ ਸ: ਸ਼ੇਰ ਸਿੰਘ ਸਹਿਮਤ ਨ ਹੋਏ। ਬਾਬਾ ਜੀ ਰਾਵਲਪਿੰਡੀ ਤੋਂ ਅਲੋਪ ਹੋਕੇ ਸਿੱਖ ਫੌਜਾਂ ਨੂੰ ਜਥੇਬੰਦ ਕਰਨ ਲੱਗ ਪਏ ਅਤੇ ਦੇਵੀ ਬਟਾਲਾ, ਚੰਬੀ (ਕਸ਼ਮੀਰ) ਵਲ ਚਲੇ ਗਏ। ਮਾਝਾ, ਮਾਲਵਾ ਅਤੇ ਦੁਆਬਾ ਬਾਬਾ ਜੀ ਦਾ ਅਤਿ ਸਤਿਕਾਰ ਕਰਦਾ ਸੀ। ਅਮੀਰ ਕਾਬਲ ਨਾਲ ਸਿਧੀ ਜਾਣ-ਪਛਾਣ ਸੀ। ਦੋਨਾਂ ਵਿਚ ਚਿੱਠੀ ਪਤ੍ਰ ਚੱਲਦਾ ਸੀ। ਹੁਣ ਬਾਬਾ ਜੀ ਨੇ ਗੁਰੀਲਾ ਜੰਗ ਕਰਨ ਦੀ ਨੀਤੀ ਬਣਾਈ। ਰਾਜਾ ਗੁਲਾਬ ਸਿੰਘ ਡੋਗਰੇ ਦਾ ਸਪੁਤ੍ਰ ਕੰਵਰ ਰਣਬੀਰ ਸਿੰਘ ਦਾਣੇ-ਪਠੇ (ਰਾਸ਼ਨ) ਦੀ ਗੁਪਤ ਸਹਾਇਤਾ ਕਰਦਾ ਰਿਹਾ।

ਬਾਬਾ ਜੀ ਮਹਾਰਾਣੀ ਜਿੰਦਾਂ ਨੂੰ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਗੋਰਿਆਂ ਦੇ ਪੰਜੇ ਵਿਚੋਂ ਕੱਢਕੇ ਆਪਣੀ ਛਤ੍ਰ ਛਾਇਆ ਹੇਠ ਰੱਖਕੇ ਉਨ੍ਹਾਂ ਦੇ ਨਾਮ ਤੇ ਜੰਗ ਕਰਨਾ ਚਾਹੁੰਦੇ ਸਨ। ਮਹਾਰਾਜਾ ਦਲੀਪ ਸਿੰਘ ਨੂੰ ਆਪਣੇ ਕਬਜੇ ਵਿਚ ਕਰਨ ਲਈ ਆਪਣੇ ਸ਼ਿਸ਼ ਸੰਤ ਰਾਮ ਸਿੰਘ ਦੀ ਡਿਊਟੀ ਲਾਈ ਅਤੇ ਨਾਲ ਵਿਸ਼੍ਵਾਸਪਾਤ੍ਰ ੭ ਸਿੰਘ

ਅਤੇ ੧੧੦੦/- ਰੁਪਏ ਦਿੱਤੇ। ਇਹ ਜੱਥਾ ਲਾਹੌਰ ਜਾਕੇ ਇਕ ਧਰਮਸ਼ਾਲਾ ਵਿਚ ਠਹਰਿਆ ਅਤੇ ਸ਼ੱਕ ਦੇ ਕਾਰਣ ਗ੍ਰਿਫਤਾਰ ਕੀਤਾ ਗਿਆ।

ਅੰਗ੍ਰੇਜ਼ਾਂ ਨੇ ਇਸੇ ਕਾਰਨ ਮਹਾਰਾਣੀ ਨੂੰ ਸੇਖੂਪੁਰੇ ਦੇ ਕਿਲੇ ਵਿਚੋਂ ਕੱਢਕੇ ਕੁਝ ਦਿਨ ਇਲਾਹਾਬਾਦ, ਬਨਾਰਸ ਵਿਚ ਰੱਖਕੇ ਚਨਾਰ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ। ਮਹਾਰਾਜਾ ਦਲੀਪ ਸਿੰਘ ਨੂੰ ਵੀ ਪੰਜਾਬ ਤੋਂ ਬਾਹਰ ਲੈ ਜਾਣ ਦੀ ਯੋਜਨਾ ਘੜੀ ਗਈ।

ਬਾਬਾ ਜੀ ਜੰਮੂ ਦੇ ਇਲਾਕੇ ਵਿਚੋਂ ਸੂਜੋਵਾਲ ਜਿਲ੍ਹਾ ਹੁਸ਼ਿਆਰਪੁਰ ਵਿਚ ਆ ਗਏ। ਅੰਗ੍ਰੇਜ਼ ਸਾਮਰਾਜ ਦੇ ਵਿਰੁੱਧ ਲੜਨ ਲਈ ਮਾਝੇ ਅਤੇ ਦੁਆਬੇ ਦੇ ਸਿੰਘਾਂ ਨੂੰ ਜਥੇਬੰਦ ਕਰਨ ਲਗੇ।

੧੯ ਨਵੰਬਰ ੧੮੪੮ ਨੂੰ ਲਾਹੌਰ ਦਰਬਾਰ ਨਾਲ ਅੰਗ੍ਰੇਜਾਂ ਦੀ ਸੰਧੀ ਹੋਈ ਜਿਸ ਅਨੁਸਾਰ ਜਦ ਮਹਾਰਾਜਾ ਦਲੀਪ ਸਿੰਘ ਬਾਲਗ ਹੋ ਜਾਵੇਗਾ, ਪੰਜਾਬ ਦਾ ਰਾਜ ਉਸ ਨੂੰ ਸੰਭਾਲ ਦਿੱਤਾ ਜਾਵੇਗਾ। ਮਹਾਰਾਜਾ ਦਲੀਪ ਸਿੰਘ ਨੇ ੧੮੫੪ ਵਿਚ ਬਾਲਗ ਹੋ ਜਾਣਾ ਸੀ, ਪਰ ਫਰੰਗੀ ਖਾਲਸਾ ਰਾਜ ਨੂੰ ਬਰਤਾਨਵੀ ਰਾਜ ਵਿਚ ਸ਼ਾਮਲ ਕਰਨ ਲਈ ਉਤਾਵਲਾ ਸੀ। ਇਸ ਮੰਤਵ ਲਈ ੨੮ ਮਾਰਚ ੧੮੪੯ ਨੂੰ ਲਾਰਡ ਡਲਹੌਜੀ ਗਵਰਨਰ ਜਨਰਲ ਨੇ ਆਪਣੇ ਸਕੱਤਰ ਸਰ ਇਲੀਅਟ ਨੂੰ ਲਾਹੌਰ ਭੇਜਿਆ ਜਿਸ ਨੇ ਦਰਬਾਰ ਦੇ ਮੁਖੀ ਸਰਦਾਰਾਂ ਰਾਜਾ ਤੇਜਾ ਸਿੰਘ, ਦੀਵਾਨ ਦੀਨਾਨਾਥ, ਸੇਖ ਇਮਾਮਦੀਨ ਅਤੇ ਭਾਈ ਨਿਧਾਨ ਸਿੰਘ ਨਾਲ ਗੱਲ ਕਰਕੇ ਦੂਸਰੇ ਦਿਨ ੨੯ ਮਾਰਚ ੧੮੪੯ ਨੂੰ ਦਰਬਾਰ ਕਰਕੇ ਮਹਾਰਾਜਾ ਦਲੀਪ ਸਿੰਘ ਤੋਂ ਲਾਰਡ ਡਲਹੌਜੀ ਦੇ ਭੇਜੇ ਸੰਧੀਪਤ੍ਰ ਤੇ ਹਸਤਾਖਰ ਕਰਵਾ ਲਏ ਜਿਸ ਤੇ ਦਰਜ ਸੀ।

'ਅੱਜ ਤੋਂ ਪੰਜਾਬ ਬਰਤਾਨਵੀ ਸਾਮਰਾਜ ਵਿਚ ਸ਼ਾਮਲ ਕੀਤਾ ਜਾਂਦਾ ਹੈ, ਮਹਾਰਾਜਾ ਦਲੀਪ ਸਿੰਘ ਅਤੇ ਉਸ ਦੇ ਵਾਰਸਾਂ ਨੇ ਪੰਜਾਬ ਦੇ ਸਾਰੇ ਅਧਿਕਾਰ ਛੱਡ ਦਿੱਤੇ ਹਨ। ਲਾਹੌਰ ਦਰਬਾਰ ਦੀ ਧਨ ਸੰਪਤੀ ਉੱਤੇ ਈਸਟ ਇੰਡੀਆ ਕੰਪਨੀ ਦਾ ਅਧਿਕਾਰ ਹੋ ਗਿਆ ਹੈ। ਮਹਾਰਾਜਾ ਦਲੀਪ ਸਿੰਘ ਨਾਲ ਸਰਕਾਰ ਅੰਗ੍ਰੇਜ਼ੀ ਚੰਗਾ ਵਰਤਾਉ ਕਰੇਗੀ।'

ਇਸ ਸਮੇਂ ਦੀਵਾਨ ਦੀਨਾਨਾਥ ਨੇ ਉੱਠ ਕੇ ਕਿਹਾ, 'ਇਸ ਵੇਲੇ ਬਰਤਾਨੀਆਂ ਸਰਕਾਰ ਨੂੰ ਖੁਲ੍ਹ ਦਿਲੀ ਦਾ ਸਬੂਤ ਦੇਣਾ ਚਾਹੀਦਾ ਹੈ। ਨਾਬਾਲਗ ਮਹਾਰਾਜਾ ਦਲੀਪ ਸਿੰਘ ਦਾ ਰਾਜ ਖੋਹਣਾ ਨਹੀਂ ਚਾਹੀਦਾ।'

ਇਲੀਅਟ ਨੇ ਕ੍ਰੋਧ ਵਿਚ ਗੁੱਸੇ ਨਾਲ ਦੀਵਾਨ ਨੂੰ ਕਿਹਾ, 'ਚੁਪ ਰਹੋ ਆਪ ਨੂੰ ਕੈਦ ਅਤੇ ਜਾਇਦਾਦ ਦੀ ਜਬਤੀ ਹੋ ਸਕਦੀ ਹੈ।'

ਡਾ. ਲਾਗਨ ਤੇ ਉਸ ਦੀ ਪਤਨੀ ਨੂੰ ੧੨੦੦/- ਰੁਪਏ ਮਾਸਿਕ ਫੀਸ ਦੇ ਕੇ ਮਹਾਰਾਜਾ ਦਲੀਪ ਸਿੰਘ ਦਾ ਟੀਊਟਰ ਨਿਯਤ ਕੀਤਾ ਗਿਆ। ੧੧ ਦਸੰਬਰ ੧੮੪੯ ਨੂੰ ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਵਿਚੋਂ ਕੱਢਕੇ ਫਤਹਿਗੜ੍ਹ (ਯੂ.ਪੀ.) ਵਿਚ ਭੇਜ ਦਿੱਤਾ। ਉਸ ਤੋਂ ਬਾਅਦ ਵਲਾਇਤ ਲੈ ਜਾਕੇ ਈਸਾਈ ਬਣਾਇਆ ਗਿਆ। ਬਾਬਾ ਜੀ ਅਤੇ ਉਨ੍ਹਾਂ ਦੇ ਸਾਥੀ ਅਜ਼ਾਦੀ ਦੀ ਲਹਿਰ ਨੂੰ ਪ੍ਰਚੰਡ ਕਰਦੇ ਹੋਏ ਆਦਮਪੁਰ ਜਿਲ੍ਹਾ ਜਲੰਧਰ ਵਿਖੇ ਇਕ ਜੰਗਲ ਵਿਚ ਮੀਟਿੰਗ ਕਰ ਰਹੇ ਸਨ ਜੋ ਇਥੋਂ ਅੰਮ੍ਰਿਤਸਰ ਜਾ ਕੇ ਮਾਝੇ ਵਿਚ ਅਜ਼ਾਦੀ ਪਰਵਾਨਿਆਂ ਨੂੰ ਜਥੇਬੰਦ ਕਰਨਾ ਚਾਹੁੰਦੇ ਸਨ। ਇਕ ਮੁਖਬਰ ਨੇ ੨੮ ਦਸੰਬਰ ੧੮੪੯ ਨੂੰ ਜਲੰਧਰ ਦੇ ਡਿਪਟੀ ਕਮਿਸ਼ਨਰ ਹੈਨਰੀ ਵੈਨਸਟਾਰਟ ਨੂੰ ਖ਼ਬਰ ਦਿੱਤੀ ਕਿ ਬਾਬਾ ਜੀ ਇਸ ਵੇਲੇ ਆਦਮਪੁਰ ਦੀ ਝਿੜੀ ਵਿਚ ਹਨ। ਡਿਪਟੀ ਕਮਿਸ਼ਨਰ ੩੦-੪੦ ਸਿਪਾਹੀ ਤੇ ਇਕ ਕੋਤਵਾਲ ਨੂੰ ਨਾਲ ਲੈਕੇ ਉਸੇ ਵੇਲੇ ਆਦਮਪੁਰ ਨੂੰ ਚੱਲ ਪਿਆ। ਜਾਂਦਿਆਂ ਨੂੰ ਰਾਤ ਪੈ ਚੁੱਕੀ

ਸੀ, ਚੰਦ ਚੜ੍ਹਿਆ ਹੋਇਆ ਸੀ। ਸਿਪਾਹੀਆਂ ਨੇ ਫੜਲੌ-ਫੜਲੌ ਦਾ ਰੌਲਾ ਪਾਇਆ। ਪਹਿਲਾਂ ਛੇ ਆਦਮੀ ਨਿਕਲੇ ਅਤੇ ਇਕ ਨੇ ਡੀ.ਸੀ. ਤੇ ਬਰਸੀ ਨਾਲ ਵਾਰ ਕੀਤਾ, ਪਰ ਡੀ.ਸੀ. ਨੇ ਪਸਤੌਲ ਮਾਰਕੇ ਉਸਦੀ ਬਾਂਹ ਨੂੰ ਨਿਕਾਰਾ ਕਰ ਦਿੱਤਾ। ਉਸ ਤੋਂ ਬਾਅਦ ਡੀ.ਸੀ. ਦੀ ਆਗਿਆ ਅਨੁਸਾਰ ਘੇਰਾ ਤੰਗ ਕਰਦੇ ਹੋਏ ਅਗੇ ਵਧੇ ਅਤੇ ਬਾਬਾ ਮਹਾਰਾਜ ਸਿੰਘ ਜੀ ਨੂੰ ੨੧ ਸਿੰਘਾਂ ਸਮੇਤ ਗ੍ਰਿਫਤਾਰ ਕਰ ਲਿਆ। ਇਨ੍ਹਾਂ ਸਿੰਘਾਂ ਵਿਚ ਬਹੁਤੇ ਦੁਆਬੇ ਦੇ ਸਨ।

ਬਾਬਾ ਜੀ ਨੂੰ ਜੇਲ੍ਹ ਵਿਚ ਬੰਦ ਕਰਨ ਸਮੇਂ ਜਾਮਾ ਤਲਾਸ਼ੀ ਲਈ ਗਈ ਜਿਸ ਵਿਚੋਂ ਇਕ ਗੁਰੂ ਗ੍ਰੰਥ ਸਾਹਿਬ ਜੀ ਦੀ ਛੋਟੀ ਬੀੜ ਅਤੇ ਇਕ ਚਿੱਠੀ ਦੋਸਤ ਮੁਹੰਮਦ ਖਾਂ ਅਮੀਰ ਕਾਬਲ ਦੀ ਮਿਲੀ।

ਡੀ.ਸੀ. ਨੇ ੨੯ ਅਤੇ ੩੦ ਦਸੰਬਰ ੧੮੪੯ ਨੂੰ ਮਿ: ਮੈਕਲੋਡ ਕਮਿਸ਼ਨਰ ਤੇ ਸੁਪਰਡੈਂਟ ਜਲੰਧਰ ਡਵੀਜ਼ਨ ਨੂੰ ਦੋ ਚਿੱਠੀਆਂ ਲਿਖੀਆਂ ਜਿਨ੍ਹਾਂ ਵਿਚ ਦਰਜ ਸੀ ਕਿ ਮਹਾਰਾਜ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਸਾਥੀਆਂ ਸਮੇਤ ਜਲੰਧਰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਹੈ। ਸਿੱਖ ਗਾਰਡ ਨੇ ਮਹਾਰਾਜ ਸਿੰਘ ਨੂੰ ਨਮਸਕਾਰ ਕੀਤੀ ਹੈ। ਸਾਰਾ ਦਿਨ ਹਿੰਦੂ ਉਨ੍ਹਾਂ ਦੇ ਦਰਸ਼ਨਾਂ ਨੂੰ ਜੇਲ੍ਹ ਦੀ ਪਰਿਕ੍ਰਮਾ ਕਰਦੇ ਰਹੇ ਹਨ।

ਬਾਬਾ ਜੀ ਦਾ ਜਨ ਸਾਧਾਰਣ ਵਿਚ ਪਰਮ ਸਤਿਕਾਰ ਵੇਖਕੇ ਡੀ.ਸੀ. ਨੂੰ ਸ਼ੱਕ ਹੋਇਆ ਕਿ ਪਹਿਰੇ ਤੇ ਲਗੇ ਸਿੱਖ ਸਿਪਾਹੀ ਕਿਤੇ ਬਗਾਵਤ ਨ ਕਰ ਦੇਣ। ਸਿੱਖਾਂ ਦੀ ਥਾਂ ਤੇ ਮੁਸਲਮਾਨ ਅਤੇ ਅੰਗ੍ਰੇਜ਼ ਸਿਪਾਹੀਆਂ ਨੂੰ ਪਹਿਰੇ ਉੱਤੇ ਲਾਇਆ ਗਿਆ। ਜਲੰਧਰ ਛਾਉਣੀ ਵਿਚ ਸਖਤ ਪਹਿਰੇ ਹੇਠ ਦੋ ਦਿਨ ਰੱਖਿਆ ਗਿਆ। ਬਾਬਾ ਜੀ ਦੀ ਗ੍ਰਿਫਤਾਰੀ ਦੀ ਗੋਰਾਸ਼ਾਹੀ ਵਿਚ ਅਥਾਹ ਖੁਸ਼ੀ ਮਨਾਈ ਗਈ।

## ਦਸਤਾਵੇਜ਼ ਨੰ: ੧੩

ਵੱਲੋਂ

ਹੈਨਰੀ ਵੈਨਸਿੱਟਰਟ ਐਸਕੁਆਇਰ
ਡਿਪਟੀ ਕਮਿਸ਼ਨਰ, ਜਲੰਧਰ।

ਸੇਵਾ ਵਿਖੇ

ਡੀ.ਐੱਫ. ਮੈਕਲਾਉਡ ਐਸਕੁਆਇਰ,
ਕਮਿਸ਼ਨਰ ਅਤੇ ਸੁਪਰਿੰਟੈਂਡੈਂਟ,
ਟਰਾਂਸ ਸਤਲੁਜ।

ਦਫਤਰ, ਡਿਪਟੀ ਕਮਿਸ਼ਨਰ
ਜਲੰਧਰ
੩੦ ਦਸੰਬਰ, ੧੮੪੯

ਸ੍ਰੀਮਾਨ ਜੀ,

੧. ਜਦੋਂ ਮਹਾਰਾਜ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਜੇਲ੍ਹ ਲਿਜਾਇਆ ਗਿਆ ਤਾਂ ਸਿੱਖ ਗਾਰਦਾਂ (Sikh Guards) ਵਿਚੋਂ ਕਈਆਂ ਨੇ ਉਸ ਅੱਗੇ ਸਿਰ ਝੁਕਾਇਆ। ਸਾਰਾ ਦਿਨ ਅਨੇਕਾਂ ਹਿੰਦੂ ਉਸ ਇਮਾਰਤ ਦੇ ਦਰਸ਼ਨ ਕਰਨ ਲਈ ਜੇਲ੍ਹ ਦੁਆਲੇ ਇਕੱਠੇ ਹੁੰਦੇ ਰਹੇ ਜਿਸ ਵਿਚ ਉਸ ਨੂੰ ਕੈਦ ਕੀਤਾ ਹੋਇਆ ਸੀ, ਅਤੇ ਮੈਂ ਜੋ ਹੁਣ ਤਕ ਹਿੰਦੂ ਲੋਕਾਂ ਵਿਚ ਹਰਮਨ ਪਿਆਰਾ ਸਾਂ ਇਸ ਵੇਲੇ ਉਹਨਾਂ ਦੀ ਘ੍ਰਿਣਾ ਦਾ ਪਾਤਰ ਬਣ ਗਿਆ ਹਾਂ।

੨. ਇਸ ਦੇ ਨਾਲ ਹੀ ਜਦੋਂ ਮੈਂ ਉਹ ਤੱਥ ਵੀ ਜੋੜਦਾ ਹਾਂ ਜਿਸ ਬਾਰੇ ਮੈਨੂੰ ਪੱਕਾ ਵਿਸ਼ਵਾਸ ਹੋ ਚੁੱਕਾ ਹੈ ਕਿ ਸ਼ਾਇਦ ਹੀ ਕੋਈ ਦਿਨ ਅਜਿਹਾ ਲੰਘਿਆ ਹੋਣਾ ਹੈ ਜਦੋਂ ਸੈਂਕੜੇ ਸ਼ਰਧਾਲੂਆਂ ਨੇ ਉਸ ਦੀ ਅਰਾਧਨਾ ਨਾ ਕੀਤੀ ਹੋਵੇ, ਅਤੇ ਦੁਆਬੇ ਵਿਚ ਆਲੇ-ਦੁਆਲੇ ਦੇ ਸਾਰੇ ਪਿੰਡਾਂ ਵਿਚ ਹੀ ਲੋਕਾਂ ਨੂੰ ਉਸ ਦੀ ਇਸ ਇਲਾਕੇ ਵਿਚ ਮੌਜੂਦਗੀ ਬਾਰੇ ਬੜੀ ਚੰਗੀ ਤਰ੍ਹਾਂ ਪਤਾ ਸੀ ਅਤੇ ਇਕ ਅਜਿਹੀ ਵਿਉਂਤ ਬਣਾਈ ਜਾ ਰਹੀ ਸੀ ਜਿਸ ਨੂੰ ਅਮਲ ਵਿਚ ਲਿਆਉਣ ਲਈ ਬੁੱਧਵਾਰ ਦਾ ਦਿਨ ਮਿਥਿਆ ਗਿਆ ਸੀ ਅਤੇ ਉਸ ਦਿਨ ਦੀ ਰਾਤ ਨੂੰ ਹਜ਼ਾਰਾਂ ਦੀ ਸੰਖਿਆ ਵਿਚ ਆਦਮੀਆਂ ਨੇ ਇਕੱਠੇ ਹੋ ਕੇ ਇਸ ਵਿਉਂਤ ਨੂੰ ਅਮਲ ਵਿਚ ਲਿਆਉਣਾ ਸੀ, ਚਾਹੇ ਇਹ ਵਿਉਂਤ ਕੁਝ ਵੀ ਹੋਵੇ—ਜਦੋਂ ਇਹ ਤੱਥ ਮੇਰੇ ਵਿਸ਼ਵਾਸ ਅਨੁਸਾਰ ਸਿੱਧ ਹੋ ਚੁੱਕਾ ਹੈ ਤਾਂ ਮੈਂ ਇਹ ਗੱਲ ਜ਼ੋਰ ਦੇ ਕੇ ਆਖਦਾ ਹਾਂ ਕਿ ਗੁਰੂ ਨੂੰ ਹਿਰਾਸਤ ਵਿਚ ਰੱਖਣ ਲਈ ਜਲੰਧਰ ਕੋਈ ਸੁਰੱਖਿਅਤ ਥਾਂ ਨਹੀਂ ਹੈ, ਅਤੇ ਸਭ ਤੋਂ ਘੱਟ ਸੁਰੱਖਿਅਤਾ ਸਿੱਖ ਬਟਾਲੀਅਨ ਦੇ ਪਹਿਰੇਦਾਰਾਂ ਕਰਕੇ ਉਤਨਾ ਚਿਰ ਰਹੇਗੀ ਜਦੋਂ ਤਕ ਉਹਨਾਂ ਨੂੰ ਇਕ ਯੂਰਪੀਨ ਅਫ਼ਸਰ ਦੀ ਸਿੱਧੀ ਨਿਗਰਾਨੀ ਅਧੀਨ ਨਹੀਂ ਰੱਖਿਆ ਜਾਂਦਾ।

੩. ਵੱਧ ਤੋਂ ਵੱਧ ਤਨਖਾਹ ਜੋ ਮੈਂ ਇਕ ਦਰੋਗੇ ਨੂੰ ਦੇ ਸਕਦਾ ਹਾਂ ਉਹ ੩੬੦ ਰੁਪਏ ਸਾਲਾਨਾ ਹੈ। ਕੱਲ੍ਹ ਤਕ ਜੇਕਰ ਅਜਿਹੀਆਂ ਸੰਭਾਵਨਾਵਾਂ ਪੈਦਾ ਹੋ ਜਾਣ ਕਿ ਇਸ ਆਦਮੀ ਦੀ ਰਿਹਾਈ ਖਰੀਦੀ ਜਾ ਸਕਦੀ ਹੋਵੇ ਤਾਂ ਮੈਂ ਦੋ ਲੱਖ ਰੁਪਏ ਇਕੱਠੇ ਕਰਨ ਤਕ ਵੀ ਚਲਾ ਜਾਵਾਂਗਾ। **ਗੁਰੂ ਕੋਈ ਸਾਧਾਰਨ ਆਦਮੀ ਨਹੀਂ ਹੈ। ਦੇਸ਼ ਦੇ ਲੋਕਾਂ ਲਈ ਉਹ ਉਹੋ ਕੁਝ ਹੈ ਜੋ ਅਤਿ ਸ਼ਰਧਾਵਾਨ ਈਸਾਈਆਂ ਲਈ ਯਿਸੂ ਮਸੀਹ। ਉਸ ਦੀਆਂ ਕਰਾਮਾਤਾਂ ਹਜ਼ਾਰਾਂ ਲੋਕਾਂ ਨੇ ਵੇਖੀਆਂ ਹਨ ਅਤੇ ਉਨ੍ਹਾਂ ਉੱਤੇ ਪ੍ਰਾਚੀਨ ਸਮੇਂ ਦੇ ਪੈਗੰਬਰਾਂ ਦੀਆਂ ਕਰਾਮਾਤਾਂ ਨਾਲੋਂ ਵੀ ਵਧੇਰੇ ਅਸਾਨੀ ਨਾਲ ਵਿਸ਼ਵਾਸ ਕੀਤਾ ਜਾਂਦਾ ਹੈ।**

੪. ਪਰ ਹੁਣ ਇਸ ਪੁਰਸ਼ ਨੂੰ ਕਾਬੂ ਕਰ ਲਿਆ ਗਿਆ ਹੈ ਤੇ ਉਹ ਸਾਰੀ ਤਾਕਤ ਜੋ ਪਟਿਆਲੇ ਤੋਂ ਪੇਸ਼ਾਵਰ ਤਕ ਦੇ ਸਿੱਖ ਮਨਾਂ ਨੂੰ ਹਲੂਣ ਸੁਟਦੀ ਸੀ ਬੜੀ ਤੇਜ਼ੀ ਨਾਲ ਖੁਰ ਰਹੀ ਹੈ। ਇਹ ਪੁਰਸ਼ ਜੋ ਕਦੇ ਰੱਬ ਸੀ ਹੁਣ ਸਾਡੇ ਹੱਥਾਂ ਵਿਚ (ਜੇਕਰ ਉਹ ਸਾਡੀ ਨਿਗਰਾਨੀ ਤੋਂ ਨਾ ਬਚ ਨਿਕਲੇ) ਇਕ ਆਮ ਆਦਮੀ ਹੈ ਅਤੇ ਉਸ ਦੀਆਂ ਯੋਜਨਾਵਾਂ ਜੋ ਅਜੇ ਅੱਧ-ਵਿਚਾਲੇ ਸਨ ਅਸਫਲ ਬਣਾ ਦਿੱਤੀਆਂ ਗਈਆਂ ਹਨ।

੫. ਜਦੋਂ ਮੈਂ ਇਨ੍ਹਾਂ ਯੋਜਨਾਵਾਂ ਬਾਰੇ ਲਿਖਦਾ ਹਾਂ ਤਾਂ ਤੁਸੀਂ ਮੈਨੂੰ ਪੁੱਛੋਗੇ ਕਿ ਤੇਰੇ ਕੋਲ ਇਸ ਦਾ ਕੀ ਸਬੂਤ ਹੈ। ਤਾਂ ਮੈਨੂੰ ਉੱਤਰ ਦੇਣਾ ਪਏਗਾ—ਕੋਈ ਨਹੀਂ। ਜੋ ਵਿਅਕਤੀ (Parties) ਹੁਣ ਤਕ ਫੜੇ ਗਏ ਹਨ ਉਹਨਾਂ ਨੇ ਇਸ ਬਾਰੇ ਬਿਲਕੁਲ ਮੂੰਹ ਨਹੀਂ ਖੋਲ੍ਹਿਆ। ਅਤੇ ਸੱਚੀ ਗੱਲ ਹੈ ਨਾ ਹੀ ਖੁਦ ਮਹਾਰਾਜ ਸਿੰਘ ਨੂੰ ਇਸ ਬਾਰੇ ਪੁੱਛਣ ਦੀ ਮੇਰੀ ਕੋਈ ਇੱਛਾ ਹੈ। ਇਸ ਵੇਲੇ ਤਾਂ ਉਸ ਦੇ ਮਨ ਵਿਚ ਇਹ ਵਾਦ-ਵਿਵਾਦ ਚੱਲ ਰਿਹਾ ਹੈ ਕਿ ਕੀ ਉਸ ਨੂੰ ਹਰ ਪ੍ਰਕਾਰ ਦੇ ਭੋਜਨ ਦਾ ਤਿਆਗ ਕਰਕੇ ਭੁੱਖੇ ਮਰ ਜਾਣਾ ਚਾਹੀਦਾ ਹੈ ਜਾਂ ਨਹੀਂ। ਉਸ ਦਾ ਦ੍ਰਿੜ੍ਹ ਇਰਾਦਾ ੩੮ ਘੰਟੇ ਤਕ ਤਾਂ ਕਾਇਮ ਰਿਹਾ ਹੈ ਅਤੇ ਇਹ ਫੈਸਲਾ ਤਾਂ ਉਸ ਨੇ ਆਪ ਕਰਨਾ ਹੈ ਕਿ ਕੀ ਉਹ ਇਸ ਪ੍ਰਕਾਰ ਦੀ ਮੌਤ ਮਰ ਕੇ ਆਪਣੇ ਪੈਰੋਕਾਰਾਂ ਦੇ ਦਿਲਾਂ ਵਿਚ ਆਪਣਾ ਅਮਿਟ ਨਾਂ ਛੱਡ ਜਾਵੇ ਜਾਂ ਆਪਣੇ ਜੀਵਨ ਦੇ ਬਾਕੀ ਦਿਨ, ਜੋ ਵੀ ਉਸ ਨੂੰ ਈਸ਼ਵਰ ਜਾਂ ਸਰਕਾਰ ਨੇ ਬਖਸ਼ਣੇ ਹਨ, ਵਾਸਤਵਿਕ ਤੌਰ ਤੇ ਸ਼ਰਮਿੰਦਗੀ ਵਾਲਾ ਜੀਵਨ ਜਿਉਣ ਵਿਚ ਬਿਤਾਵੇ। ਪਰ ਭਾਵੇਂ ਇਸ ਗੱਲ ਦਾ ਸਬੂਤ ਤਾਂ ਮੇਰੇ ਕੋਲ ਕੋਈ ਨਹੀਂ, ਫਿਰ ਵੀ ਜਿਸ ਪ੍ਰਕਾਰ ਮੈਂ ਲੋਕਾਂ ਵਿਚ ਵਿਚਰਦਾ ਹਾਂ, ਮੇਰੇ ਮਨ ਵਿਚ ਇਹ ਵਿਸ਼ਵਾਸ ਕਮਜ਼ੋਰ ਨਹੀਂ ਹੋਇਆ।

੬. ਇਸ ਲਈ ਮੈਂ ਇਹ ਗੱਲ ਲਿਖਦਾ ਹਾਂ ਕਿ ਜੇਕਰ ਸਿੱਖ ਸੈਨਾ ਦੇ ਉਪ-ਕਮਾਂਡਰ ਕੈਪਟਨ ਟਰਨਰ ਨੇ ਇਸ ਵਿਅਕਤੀ (ਮਹਾਰਾਜ ਸਿੰਘ) ਦੀ ਸੰਭਾਲ ਦੀ ਜ਼ਿੰਮੇਵਾਰੀ ਨਾ ਲਈ (ਭਾਵੇਂ ਉਸਨੇ ਵਾਅਦਾ ਕੀਤਾ ਹੈ ਕਿ

ਹੁਸ਼ਿਆਰਪੁਰ ਤੋਂ ਹੁਕਮ ਮਿਲਣ ਦੀ ਹਾਲਤ ਵਿਚ ਉਹ ਅਜਿਹਾ ਕਰੇਗਾ) ਤਾਂ ਮੈਂ ਇਸ ਗ੍ਰੋਹ ਨੂੰ ਜਾਂ ਤਾਂ ਬਰੀ-ਗੇਡੀਅਰ ਵੀਲਰ ਸੀ.ਬੀ. ਦੀ ਸੁਰੱਖਿਅਤ ਹਿਰਾਸਤ ਵਿਚ ਦੇ ਦਿਆਂਗਾ ਜਾਂ ਫਿਰ ਜੇਲ੍ਹ ਵਿਚ (ਪਹਿਰੇ ਤੇ ਲੱਗੇ) ਸਿੱਖ ਸੈਨਿਕਾਂ ਨੂੰ ਉਥੋਂ ਹਟਾ ਕੇ ਉਹਨਾਂ ਦੀ ਥਾਂ ਤੇ ਮੁਸਲਮਾਨ ਚਪੜਾਸੀਆਂ ਨੂੰ ਲਗਾ ਦਿਆਂਗਾ ਅਤੇ ਫਾਟਕ ਦੇ ਬਾਹਰ ਗਸ਼ਤ ਕਰਨ ਲਈ ਵੱਡੀ ਸੰਖਿਆ ਵਿਚ ਅਨਿਯਮਤ ਘੋੜ-ਸਵਾਰ (Irregular Horse) ਨਿਯੁਕਤ ਕਰ ਦੇਵਾਂਗਾ।

੭. ਮੇਰੀ ਇੱਛਾ ਤਾਂ ਇਹੋ ਰਹੀ ਹੈ ਕਿ ਮੈਂ ਇਸ ਪੁਰਸ਼ ਦੀ ਮਹੱਤਤਾ ਤੇ ਜ਼ੋਰ ਨਾ ਦੇਵਾਂ ਤੇ ਇਸ ਨਾਲ ਇਕ ਸਧਾਰਨ ਕੈਦੀ ਵਰਗਾ ਹੀ ਸਲੂਕ ਕਰਾਂ ਪਰ ਮੈਂ ਨਾ ਤਾਂ ਸਾਰੇ ਦੇਸ਼ ਦੀ ਧਾਰਮਿਕ ਕੱਟੜਤਾ ਦਾ ਅਤੇ ਨਾ ਹੀ ਇਕ ਮਹਾਨ ਕੌਮ ਦੀ ਸਾਂਝੀ ਦੌਲਤ ਦਾ ਵਿਰੋਧ ਕਰਨ ਦੇ ਯੋਗ ਹਾਂ।

੮. ਅਤੇ ਜੇਕਰ ਮਹਾਰਾਜ ਸਿੰਘ ਬਚ ਕੇ ਨਿਕਲ ਗਿਆ ਅਤੇ ਦੁਬਾਰਾ ਨਾ ਫੜਿਆ ਜਾ ਸਕਿਆ ਤਾਂ ਸਿੱਖ ਕੌਮ ਦੀ ਸੋਚ ਮਿਲ ਕੇ ਇਕ ਵਿਅਕਤੀ (ਮਹਾਰਾਜ ਸਿੰਘ) ਦੀ ਸੋਚ ਬਣ ਜਾਵੇਗੀ। ਅਜਿਹੀ ਹਾਲਤ ਨਾਲੋਂ ਤਾਂ ਮਹਾਰਾਜ ਸਿੰਘ ਨੂੰ ਨਾ ਪਕੜਨਾ ਹਜ਼ਾਰ ਗੁਣਾ ਚੰਗਾ ਹੁੰਦਾ।

੯. ਸਿੱਟੇ ਵਜੋਂ ਮੈਂ ਇਹ ਗੱਲ ਕਹਾਂਗਾ ਕਿ ਮਹਾਰਾਜ ਸਿੰਘ ਨਾਲ ਕੋਈ ਸਖ਼ਤੀ ਨਹੀਂ ਵਰਤੀ ਗਈ। ਨਾ ਤਾਂ ਉਸ ਦੇ ਪੈਰੀਂ ਬੇੜੀਆਂ ਪਾਈਆਂ ਗਈਆਂ ਹਨ ਤੇ ਨਾ ਹੀ ਉਸ ਨੂੰ ਜ਼ੰਜ਼ੀਰਾਂ ਵਿਚ ਜਕੜਿਆ ਗਿਆ ਹੈ। ਰਾਤ ਵੇਲੇ ਉਸ ਦਾ ਸੱਜਾ ਹੱਥ ਇਕ ਦ੍ਰਿੜ੍ਹ ਇਰਾਦੇ ਵਾਲੇ ਮੁਸਲਮਾਨ ਦੇ ਖੱਬੇ ਹੱਥ ਨਾਲ ਬੰਨ੍ਹ ਦਿੱਤਾ ਜਾਂਦਾ ਹੈ। ਜੇਕਰ ਇਹ ਪੁਰਸ਼ ਜੋ ਇਸ ਵੇਲੇ ਇਕ ਨਿਮਾਣਾ ਕੈਦੀ ਹੈ, ਦ੍ਰਿੜ੍ਹ ਇਰਾਦਾ ਕਰ ਕੇ ਭੁੱਖਾ ਮਰ ਗਿਆ ਅਤੇ ਮਰਨ ਤੋਂ ਪਿਛੋਂ ਆਉਣ ਵਾਲੀਆਂ ਨਸਲਾਂ ਦੇ ਦਿਲਾਂ ਵਿਚ ਆਪਣਾ ਨਾਂ ਸਦਾ ਲਈ ਅਮਰ ਕਰ ਗਿਆ—ਉਹੀ ਨਾਂ ਜਿਹੜਾ ਉਸ ਦੇ ਦੋ ਸਾਲ ਲਈ ਜੇਲ੍ਹ ਵਿਚ ਜਿਉਂਦੇ ਰਹਿਣ ਪਿਛੋਂ ਹੌਲੀ-ਹੌਲੀ ਲੋਕਾਂ ਦੇ ਮਨਾਂ ਵਿਚੋਂ ਨਿਕਲਦਾ-ਨਿਕਲਦਾ ਖ਼ਤਮ ਹੋ ਜਾਣਾ ਹੈ—ਤਾਂ ਇਹ ਇਕ ਮੰਦਭਾਗੀ ਗੱਲ ਹੋਵੇਗੀ।

| | |
|---|---|
| ਜਲੰਧਰ | ਮੈਂ ਹਾਂ.......................... |
| ਦਫ਼ਤਰ, ਡਿਪਟੀ ਕਮਿਸ਼ਨਰ | ਦਸਤਖ਼ਤ/ਐੱਚ. ਵੈਨਸਿੱਟਰਟ |
| ੩੦ ਦਸੰਬਰ, ੧੮੪੯ | ਡਿਪਟੀ ਕਮਿਸ਼ਨਰ |

ਗਵਰਨਰ ਜਨਰਲ ਲਾਰਡ ਡਲਹੌਜੀ ਨੇ ੧੩ ਜਨਵਰੀ ੧੮੫੦ ਦੇ ਇਕ ਨੋਟ ਵਿਚ ਲਿਖਿਆ ਹੈ :

ਇਹ ਖ਼ਬਰ ਭਰੋਸੇ ਨਾਲ ਸੁਣੀ ਗਈ ਹੈ ਕਿ ਮਹਾਰਾਜ ਸਿੰਘ ਨੂੰ ਮਿ: ਵੈਨਸਟਾਰਟ ਡੀ.ਸੀ. ਜਲੰਧਰ ਨੇ ਗ੍ਰਿਫਤਾਰ ਕਰ ਲਿਆ ਹੈ। ਜਿਸ ਹਿੰਮਤ ਦਲੇਰੀ ਹੌਸਲੇ ਤੋਂ ਕੰਮ ਲੈ ਕੇ ਉਨ੍ਹਾਂ ਨੇ ਮਹਾਨ (ਖਤਰਨਾਕ) ਬਾਗੀ ਨੂੰ ਫੜਿਆ ਹੈ ਉਹ ਸ਼ਲਾਘਾਯੋਗ ਹੈ।

ਮੇਰੀ ਇੱਛਾ ਹੈ ਕਿ ਅਜਿਹੇ ਖਤਰਨਾਕ ਦਰੋਹੀ ਨੂੰ ਕਚਹਿਰੀ ਰਾਹੀ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ। ਮੇਰਾ ਬੋਰਡ ਨਾਲ ਇਸ ਗੱਲੋ ਮਤਿਭੇਦ ਹੈ ਕਿ ਭਾਈ ਜੀ ਨੂੰ ਖੁਲ੍ਹੀ ਕਚਹਿਰੀ ਵਿਚ ਪੇਸ਼ ਕੀਤਾ ਜਾਵੇ। ਇਸ ਨਾਲ ਗੈਰ ਯਕੀਨੀ ਹਾਲਾਤ ਵਧਣਗੇ ਅਤੇ ਭੜਕਾਹਟ ਵੱਧ ਸਕਦੀ ਹੈ। ਸ਼ਨਾਖਤ ਹੋ ਚੁਕਣ ਉਪ੍ਰੰਤ ਬਾਬਾ ਜੀ ਨੂੰ ਇਲਾਹਾਬਾਦ ਦੇ ਕਿਲ੍ਹੇ ਵਿਚ ਭੇਜਿਆ ਜਾਵੇ। ਫਿਰ ਕਲਕੱਤੇ ਭੇਜ ਦਿੱਤਾ ਜਾਵੇ। ਉਸ ਸਮੇਂ ਬੋਰਡ ਇਸ ਯੋਗ ਹੋ ਸਕੇਗਾ ਕਿ ਬਾਬਾ ਲਈ ਕੋਈ ਸਰਦਾਰ (ਸਿੱਖ) ਵੀ ਪਹਿਰਾ ਦੇ ਸਕੇ।

ਗਵਰਨਰ ਜਨਰਲ ਸਮੇਤ ਕੌਂਸਲ ਦੇ ਹੁਕਮ ਨਾਲ ਬਾਬਾ ਜੀ ਨੂੰ ਰੈਗੂਲੇਸ਼ਨ ਬੰਗਾਲ ੧੮੧੮ ਦੇ ਅਧੀਨ

ਇਲਾਹਾਬਾਦ ਕਿਲ੍ਹੇ ਵਿਚ ਭੇਜਿਆ ਗਿਆ। ਇਥੋਂ ਬਦਲਕੇ ਫੋਰਟ ਵਿਲੀਅਮ ਕਲਕੱਤੇ ਵਿਚ ਬੰਦ ਕਰ ਦਿੱਤਾ ਗਿਆ।

ਬਾਬਾ ਜੀ ਦੀ ਗ੍ਰਿਫਤਾਰੀ ਦੀ ਕਿੰਨ੍ਹੀ ਖੁਸ਼ੀ ਮਨਾਈ ਗਈ ਇਸ ਦਾ ਇਕ ਹੋਰ ਪ੍ਰਮਾਣ ਪ੍ਰਧਾਨ ਈਸਟ ਇੰਡੀਆ ਕੰਪਨੀ ਸਮੇਤ ਕੌਂਸਲ ਦੀ ਇਕ ਚਿੱਠੀ ੧੪ ਜਨਵਰੀ ੧੮੫੦ ਤੋਂ ਮਿਲਦਾ ਹੈ।

ਅਸੀਂ ਇਸ ਗੱਲ ਤੇ ਪ੍ਰਸੰਨ ਹਾਂ ਕਿ ਦਲੀਪ ਸਿੰਘ ਨੂੰ ਲਾਹੌਰ ਤੋਂ ਲੈ ਆਂਦਾ ਹੈ। ਉਸ ਨੂੰ ਛੇਤੀ ਹੀ ਅਸਲ ਟਿਕਾਣੇ ਤੇ ਪਹੁੰਚਾ ਦਿੱਤਾ ਜਾਵੇਗਾ। ਸਾਨੂੰ ਇਸ ਗੱਲ ਦੀ ਅਤਿ ਤਸੱਲੀ ਹੋਈ ਹੈ ਕਿ ਅੰਤ ਸਾਡੀ ਮੁਹਿੰਮ ਸਰ ਹੋ ਗਈ ਹੈ।

ਅਸੀਂ ਸਮਝਦੇ ਹਾਂ ਮਹਾਰਾਜ ਸਿੰਘ ਦਾ ਫੜਿਆ ਜਾਣਾ ਕਿਸੇ ਤਰ੍ਹਾਂ ਵੀ ਉਨ੍ਹਾਂ ਗੱਲਾਂ ਨਾਲੋਂ ਘੱਟ ਮਹਾਨਤਾ ਨਹੀਂ ਰੱਖਦਾ। ਅਸੀਂ ਗਵਰਨਰ ਜਨਰਲ ਦੀ ਸਿਫਾਰਸ਼ ਨਾਲ ਜੋ ਉਸ ਨੇ ਵੈਨਸਟਾਰਟ ਬਾਰੇ ਕੀਤੀ ਹੈ ਸ਼ਲਾਘਾ ਤੇ ਮਾਣ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਅਜਿਹੇ ਕੈਦੀਆਂ ਦੀ ਸੰਭਾਲ ਤੇ ਰੱਖਿਆ ਕਰਨੀ ਐਸੇ ਸਮੇਂ ਸਾਰੇ ਨੀਤੀ ਵਾਨ ਤੇ ਤਕਬਰ ਸਹਿਤ ਹੋਣ ਦਾ ਚਿੰਨ੍ਹ ਹੈ।

ਈਸਟ ਇੰਡੀਆ ਕੰਪਨੀ ਹਾਊਸ<br>
ਅਸੀਂ ਤੁਹਾਡੇ ਸ਼ੁਭ ਚਿੰਤਕ<br>
ਸਹੀ ਐਚ ਸੈਲਵੇ<br>
ਹਾਬਰਟ ਕੈਪਬੈਲ ਤੇ ਜੋਹਨ ਸੈਫਰਲਡ

ਅੰਤ ੨੩ ਮਾਰਚ ੧੮੫੦ ਨੂੰ ਗਵਰਨਰ ਜਨਰਲ ਨੇ ਹੁਕਮ ਦਿੱਤਾ ਕਿ ਮਹਾਰਾਜ ਸਿੰਘ ਨੂੰ ਸਿੰਘਾਪੁਰ ਭੇਜਿਆ ਜਾਵੇ। ਜੇਲ੍ਹ ਦੇ ਦਰਵਾਜੇ ਦੇ ਉਪਰਲੇ ਕਮਰੇ ਵਿਚ ਰੱਖਿਆ ਜਾਵੇ ਤਾਂ ਕਿ ਬਾਕੀ ਕੈਦੀਆਂ ਤੋਂ ਵਖ ਰਹਿ ਸਕੇ।

੭ ਮਈ ੧੮੫੦ ਨੂੰ ਬਾਬਾ ਜੀ ਨੂੰ ਸੇਵਾਦਾਰ ਬਾਬਾ ਖੜਕ ਸਿੰਘ ਸਮੇਤ ਮੁਹੰਮਦਸ਼ਾਹ ਨਾਮੀ ਸਮੁੰਦਰੀ ਜਹਾਜ਼ ਰਾਹੀਂ ਸਿੰਘਾਪੁਰ ਨੂੰ ਤੋਰਿਆ ਗਿਆ। ਉਥੋਂ ਦੇ ਇੰਨਚਾਰਜ ਨੂੰ ਗਵਰਨਰ ਜਨਰਲ ਹਿੰਦ ਦੇ ਸਕੱਤਰ ਵੱਲੋਂ ਲਿਖਿਆ ਗਿਆ।

"ਮੈਨੂੰ ਆਪ ਜੀ ਨੂੰ ਦੱਸਣ ਦੀ ਆਗਿਆ ਹੋਈ ਹੈ ਕਿ ਬਾਬਾ ਮਹਾਰਾਜ ਸਿੰਘ ਜੀ ਦੀ ਨਿਗਰਾਨੀ ਅੰਗ੍ਰੇਜ਼ ਸਰਕਾਰ ਲਈ ਖਾਸ ਸਥਾਨ ਰੱਖਦੀ ਹੈ। ਇਸ ਲਈ ਅਤਿ ਜ਼ਰੂਰੀ ਹੈ ਉਸ ਨੂੰ ਨੇੜਿਓ ਵੇਖੇ ਜਾਣ ਵਾਲੀ ਥਾਂ ਤੇ ਪ੍ਰਬੰਧ ਹੇਠ ਰੱਖਿਆ ਜਾਵੇ ਪਰ ਯਾਦ ਰਹੇ ਇਹ ਸ਼ਾਹੀ ਕੈਦੀ ਹੈ। ਉਸ ਨਾਲ ਗਲਤ ਵਰਤਾਉ ਨਾ ਕੀਤਾ ਜਾਵੇ।

ਗਵਰਨਰ ਜਨਰਲ ਜਦ ਸਿੰਘਾਪੁਰ ਗਏ ਸਨ, ਸਾਨੂੰ ਇਹ ਯਾਦ ਹੈ ਸਿੰਘਾਪੁਰ ਦੀ ਜੇਲ੍ਹ ਵਿਚ ਉਪਰਲੀ ਮੰਜ਼ਿਲ ਦਾ ਕਮਰਾ ਬਹੁਤ ਚੰਗਾ ਹੈ। ਉਹ ਰਾਖੀ ਦੀ ਦ੍ਰਿਸ਼ਟੀ ਨਾਲ ਵੀ ਠੀਕ ਹੈ। ਮੈਨੂੰ ਆਗਿਆ ਹੋਈ ਹੈ ਇਹ ਪ੍ਰਬੰਧ ਹੋ ਸਕੇ ਤਾਂ ਅਵੱਸ਼ ਕੀਤਾ ਜਾਵੇ। ਆਉਣ ਵਾਲੇ ਸਮੇਂ ਤੱਕ ਗੋਰੇ ਫੌਜੀ ਤੇ ਕਮਿਸ਼ਨਡ ਅਫ਼ਸਰ ਇਸ ਕੰਮ ਉੱਤੇ ਲਾਏ ਜਾਣ ਭਾਵੇਂ ਉਨ੍ਹਾਂ ਨੂੰ ਅਲਾਊਂਸ ਦਿੱਤਾ ਜਾਵੇ। ਇਹ ਗਵਰਨਰ ਜਨਰਲ ਸਾਹਿਬ ਦੀ ਆਗਿਆ ਹੈ। ਕੈਦੀਆਂ ਦੇ ਰਿਹਾਇਸ਼ੀ ਸਥਾਨ ਤੇ ਕਮਾਂਡਰ ਦੀ ਆਗਿਆ ਬਿਨਾਂ ਕੋਈ ਨਾ ਜਾਵੇ। ਕਮਾਂਡਰ ਵੀ ਹਫਤੇ ਵਿਚ ਘਟੋ-ਘੱਟ ਤਿੰਨ ਚਾਰ ਵਾਰ ਆਪ ਜਾਕੇ ਵੇਖਣ ਕਾ ਯਤਨ ਕਰੇ।"

ਬਾਬਾ ਮਹਾਰਾਜ ਸਿੰਘ ਅਤੇ ਉਨ੍ਹਾਂ ਦੇ ਸਹਾਇਕ ਬਾਬਾ ਖੜਕ ਸਿੰਘ ਨੂੰ ਸਿੰਘਾਪੁਰ ਜੇਲ੍ਹ ਦੀ ਉਪਰਲੀ ਛੱਤ ਦੇ ਕਮਰੇ ਵਿਚ ਰੱਖਿਆ ਗਿਆ। ਕਮਰੇ ਦੇ ਚੁਫੇਰੇ ਹੋਰ ਵੀ ਉੱਚੀ ਚਾਰ ਦੀਵਾਰੀ ਕਰ ਦਿੱਤੀ ਗਈ। ਕਮਰੇ ਦੀਆਂ ਖਿੜਕੀਆਂ ਵੀ ਬੰਦ ਕਰ ਦਿੱਤੀਆਂ ਗਈਆਂ। ਸੂਛ ਹਵਾ (ਵਾਯੂ) ਆਉਣੀ ਜਾਣੀ ਬੰਦ ਕਰ ਦਿੱਤੀ ਗਈ। ਇਸ ਕਾਲ ਕੋਠੜੀ ਵਿਚ ਵੀ ਬਾਬਾ ਜੀ ਚੜ੍ਹਦੀ ਕਲਾ ਵਿਚ ਰਹੇ। ਮਨ ਨਾਮ ਨਾਲ ਜੁੜ ਗਿਆ। ਅਠੇ ਪਹਿਰ-ਸਿਮਰਨ ਕਰਨ ਲੱਗੇ। ਕਾਲ ਕੋਠੜੀ ਬੰਧਨ ਪ੍ਰਤੀਤ ਨਹੀ ਹੁੰਦੀ ਸੀ। ਇਸ ਨੂੰ ਇਕਾਗਰਤਾ ਵਾਸਤੇ ਇਕਾਂਤ ਸਥਾਨ ਸਮਝਦੇ ਸਨ। ਕਿਸੇ ਸ਼ਾਇਰ ਦੇ ਕਥਨ ਅਨੁਸਾਰ :

***ਗੁਜ਼ਰਜਾ ਸਬਰੋ ਰਜ਼ਾ ਸੇ ਬੇ ਨਿਆਜ਼ਾਨਾ॥***
***ਕਿ ਇਸ ਕੇ ਬਾਅਦ ਕੋਈ ਇਮਤਹਾਂ ਬਾਕੀ ਨਹੀ ਰਹਿਤਾ॥***

ਭਾਣੇ ਵਿਚ ਅਡੋਲ, ਆਨੰਦ ਚਿੱਤ ਰਹਿਣ ਲੱਗੇ। ਗੁਰਬਾਣੀ ਦੇ ਕਥਨ ਅਨੁਸਾਰ ਇਸ ਅਵਸਥਾ ਦੇ ਧਾਰਨੀ ਬਣ ਗਏ।

***ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥***
***ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥***

*(ਪੰਨਾ ੭੨੬)*

ਬਾਬਾ ਜੀ ਨੂੰ ਜੇਲ੍ਹ ਵੱਲੋਂ ਰਾਸ਼ਨ ਤਾਂ ਮਿਲਦਾ ਸੀ ਪਰ ਲਾਂਗਰੀ ਨਹੀਂ ਮਿਲਿਆ ਸੀ। ਲੰਗਰ ਬਾਬਾ ਖੜਕ ਸਿੰਘ ਜੀ ਤਿਆਰ ਕਰਦੇ ਸਨ। ਇਕ ਦਿਨ ਬਾਬਾ ਖੜਕ ਸਿੰਘ ਜੀ ਦਾ ਜੇਲ੍ਹ ਦੇ ਕਰਮਚਾਰੀਆਂ ਨਾਲ ਵਾਦ-ਵਿਵਾਦ ਹੋ ਗਿਆ ਪਰ ਬਾਬਾ ਮਹਾਰਾਜ ਸਿੰਘ ਜੀ ਸ਼ਾਂਤ ਰਹੇ ਅਤੇ ਦੋਨ੍ਹਾਂ ਧਿਰਾਂ ਨੂੰ ਟਿਕਾ ਦਿੱਤਾ। ਨਾਲ ਹੀ ਆਪ ਜੀ ਨੇ ਜੇਲ੍ਹਰ ਨੂੰ ਕਿਹਾ, 'ਅਸੀਂ ਅੰਗ੍ਰੇਜ਼ ਸਰਕਾਰ ਦੇ ਵਿਰੁੱਧ ਲੜੇ ਹਾਂ, ਇਸ ਵਾਸਤੇ ਸਾਨੂੰ ਅੰਗ੍ਰੇਜ਼ਾਂ ਕੋਲੋਂ ਚੰਗੇ ਵਰਤਾਉ ਦੀ ਆਸ਼ਾ ਨਹੀਂ, ਫਿਰ ਵੀ ਸਾਨੂੰ ਤੰਗੀ ਨਹੀਂ ਦੇਣੀ ਚਾਹੀਦੀ।'

ਬਾਬਾ ਜੀ ਦੀ ਨਿਗਰਾਨੀ ਲਈ ਨਿਯਤ ਅੰਗ੍ਰੇਜ਼ ਕਮਾਂਡਰ ਨੇ ਕਿਹਾ, 'ਜੇਕਰ ਤੁਸੀਂ ਸਾਨੂੰ ਲਿਖਕੇ ਦਿਉ ਕਿ ਅਸੀਂ ਰਾਜਨੀਤੀ ਵਿਚ ਹਿੱਸਾ ਨਹੀਂ ਲਵਾਂਗੇ, ਆਪਣੇ ਡੇਰੇ ਵਿਚ ਰਹਾਂਗੇ, ਕੇਵਲ ਭਜਨ ਪਾਠ ਕਰਾਂਗੇ, ਅੰਗ੍ਰੇਜ਼ ਸਰਕਾਰ ਦੇ ਕੰਮਾਂ ਵਿਚ ਦਖਲ ਨਹੀਂ ਦੇਵਾਂਗੇ ਤਦ ਤੁਹਾਨੂੰ ਹੁਣ ਵੀ ਰਿਹਾ ਕੀਤਾ ਜਾ ਸਕਦਾ ਹੈ।'

ਬਾਬਾ ਜੀ ਨੇ ਕਿਹਾ, 'ਇਹ ਕਿਵੇ ਹੋ ਸਕਦਾ ਹੈ? **ਸੂਰਬੀਰ ਬਚਨ ਕੇ ਬਲੀ** ਅਸੀਂ ਆਪਣੇ ਸਿਧਾਂਤ ਨੂੰ ਕਿਵੇਂ ਤਿਆਗ ਸਕਦੇ ਹਾਂ ?'

ਜੇਲ੍ਹਰ ਬਾਬਾ ਜੀ ਦੇ ਦ੍ਰਿੜ੍ਹ ਇਰਾਦੇ ਤੋਂ ਅਤਿਅੰਤ ਪ੍ਰਭਾਵਤ ਹੋਇਆ ਉਸਨੇ ਆਪਣੀ ਰਿਪੋਰਟ ਵਿਚ ਗਵਰਨਰ ਜਨਰਲ ਲਾਰਡ ਡਲਹੌਜੀ ਨੂੰ ਲਿਖਿਆ।

'ਬਾਬਾ ਮਹਾਰਾਜ ਸਿੰਘ ਜੀ ਦਾ ਸੁਭਾਅ ਮਿਲਵਰਤਨ ਬਹੁਤ ਚੰਗਾ ਹੈ ਪਰ ਖੜਕ ਸਿੰਘ ਨੇ ਮੇਰਾ ਅਪਮਾਨ ਕੀਤਾ ਹੈ ਜਿਸ ਦੇ ਕਾਰਣ ਸਾਰੇ ਕਰਮਚਾਰੀ ਮੈਨੂੰ ਹੱਸਦੇ ਹਨ।' ਅਸੀਂ ਉਪਰ ਲਿਖ ਆਏ ਹਾਂ ਕਿ ਬਾਬਾ ਜੀ ਨੂੰ ਜਿਸ ਕਮਰੇ ਵਿਚ ਰੱਖਿਆ ਗਿਆ ਸੀ ਉਸ ਵਿਚ ਕੋਈ ਜਾਲੀ, ਜੰਗਲਾ, ਰੌਸ਼ਨਦਾਨ ਨਹੀਂ ਸੀ। ਤੁਰਨ-ਫਿਰਨ ਲਈ ਅਗੇ ਵੇਹੜਾ ਨਹੀਂ ਸੀ। ਕੋਈ ਗੱਲਬਾਤ ਨਹੀਂ ਕਰ ਸਕਦਾ ਸੀ। ਕਈ ਵਰਸ਼ ਇਕੋ ਕਮਰੇ ਵਿਚ ਬੰਦ ਰਹਿਣ ਕਰਕੇ, ਉਨ੍ਹਾਂ ਦਾ ਸ੍ਵਸਥ ਕਮਜ਼ੋਰ ਹੋਣ ਲੱਗ ਪਿਆ। ਗੋਡਿਆਂ ਵਿਚ ਪੀੜਾ ਹੋਣ ਲੱਗੀ। ਨੇਤ੍ਰਾਂ ਵਿਚ ਮੋਤੀਆ ਬਿੰਦ ਉਤਰ ਆਇਆ।

ਮਿ: ਚਰਚ ਰੈਜੀਡੈਂਟ ਸਾਹਿਬ ਕੌਂਸਲ ਵਿਚ ਲਿਖਿਆ ਹੈ ਕਿ ਮਹਾਰਾਜ ਸਿੰਘ ਨੂੰ ੧੮੫੦ ਵਿੱਚ ਕਾਲ ਕੋਠੜੀ ਵਿਚ ਬੰਦ ਕੀਤਾ ਸੀ। ਹੁਣ ੩੦ ਜੂਨ ੧੮੫੩ ਹੈ। ਇਕੋ ਥਾਂ ਰਹਿਣ ਕਰਕੇ ਤੁਰਨ-ਫਿਰਨ ਨਾ ਹੋਣ ਕਰਕੇ ਗੋਡਿਆਂ ਵਿਚ ਪੀੜ ਪੈਦਾ ਹੋ ਗਈ ਹੈ, ਅੱਖਾਂ ਦੀ ਨਿਗ੍ਹਾ ਜਾਂਦੀ ਰਹੀ ਹੈ। ਚਰਚ ਨੇ ਅਗੇ ਲਿਖਿਆ ਹੈ :

'ਮਹਾਰਾਜ ਸਿੰਘ ਨੂੰ ਬਾਹਰ ਤੁਰਨ ਫਿਰਨ ਦੀ ਆਗਿਆ ਦਿੱਤੀ ਜਾਵੇ, ਉਸ ਨਾਲ ਕੋਈ ਕੈਦੀ ਗੱਲਬਾਤ ਨਹੀ ਕਰ ਸਕੇਗਾ ਕਿਉਂਕਿ ਗੋਰੇ ਸਿਪਾਹੀ ਅਤੇ ਅਫ਼ਸਰ ਨਾਲ ਹੋਣਗੇ।'

ਜਿਹੜਾ ਗਵਰਨਰ ਜਨਰਲ ਲਾਰਡ ਡਲਹੌਜੀ ਲਿਖਤੀ ਰੂਪ ਵਿਚ ਇਹ ਕਹਿੰਦਾ ਸੀ ਕਿ ਮਹਾਰਾਜ ਸਿੰਘ ਸ਼ਾਹੀ ਕੈਦੀ ਹੈ, ਇਨ੍ਹਾਂ ਨਾਲ ਚੰਗਾ ਵਰਤਾਉ ਕੀਤਾ ਜਾਵੇ, ਉਸ ਦੇ ਕਰਮਚਾਰੀ ਬਾਬਾ ਜੀ ਉੱਤੇ ਅਤਿਅੰਤ ਸਖਤੀ ਕਰ ਰਹੇ ਸਨ। ਇਹ ਲਿਖਤਾਂ ਕਹਿਣ ਮਾਤ੍ਰ ਹੀ ਸਨ, ਅਮਲ ਵਾਸਤੇ ਨਹੀਂ ਸਨ ਕਿਉਂਕਿ ਗਵਰਨਰ ਜਨਰਲ ਲਾਰਡ ਡਲਹੌਜੀ ਨੇ ਵੀ ਮਿ: ਚਰਚ ਦੀ ਸਿਫਾਰਿਸ਼ ਅਤੇ ਡਾਕਟਰੀ ਰਿਪੋਰਟ ਤੇ ਕੋਈ ਅਮਲ ਨਹੀਂ ਕੀਤਾ ਬਲਕਿ ਜਵਾਬ ਵਿਚ ਲਿਖਿਆ। 'ਹੁਣ ਸ਼ਾਹੀ ਕੈਦੀਆਂ ਬਾਰੇ ਕਾਨੂੰਨ ਦੀ ਸਖ਼ਤੀ ਨਾਲ ਵਰਤੋਂ ਕੀਤੀ ਜਾਵੇ।'

੧੪ ਜਨਵਰੀ ਸੰਨ ੧੮੫੪ ਨੂੰ ਗਵਰਨਰ ਸਿੰਘਾਪੁਰ ਦੇ ਸਕੱਤਰ ਨੇ ਹਿੰਦ ਸਰਕਾਰ ਨੂੰ ਲਿਖਿਆ।

'ਮੈ ਆਪ ਜੀ ਦੀ ਸੇਵਾ ਵਿਚ ਭਾਈ ਮਹਾਰਾਜ ਸਿੰਘ ਬਾਰੇ ਅਸਿਸਟੈਂਟ ਸਰਜਨ ਦੀ ਰਿਪੋਰਟ ਭੇਜ ਰਿਹਾ ਹਾਂ, ਜਿਸ ਵਿਚ ਮਹਾਰਾਜ ਸਿੰਘ ਅਤੇ ਖੜਕ ਸਿੰਘ ਦੀ ਸਿਹਤ ਦਾ ਵੇਰਵਾ ਹੈ। ਭਾਈ ਮਹਾਰਾਜ ਸਿੰਘ ਬਿਲਕੁਲ ਨੇਤ੍ਰਹੀਨ ਹੋ ਚੁੱਕੇ ਹਨ, ਹੁਣ ਉਨ੍ਹਾਂ ਲਈ ਅਪ੍ਰੇਸ਼ਨ ਵੀ ਸਫਲ ਨਹੀ ਹੋ ਸਕਦਾ।' ਇਸ ਪਤ੍ਰ ਦਾ ਜਵਾਬ ਆਇਆ।

'ਭਾਈ ਮਹਾਰਾਜ ਸਿੰਘ ਦੇ ਸੁਸਥ ਬਾਰੇ ਯੋਗ ਪ੍ਰਬੰਧ ਕੀਤਾ ਜਾਵੇ।' ਪਰ ਹੋਇਆ ਕੁਝ ਨਹੀਂ। ੧ ਜੁਲਾਈ ੧੮੫੬ ਨੂੰ ਅਸਿਸਟੈਂਟ ਸਰਜਨ ਮਿ: ਜੈਸਕੂਪਰ ਸਿੰਘਾਪੁਰ ਜੇਲ੍ਹ ਨੇ ਸ਼ਾਹੀ ਕੈਦੀਆਂ ਬਾਰੇ ਅਪਣੀ ਛਿਮਾਹੀ ਰਿਪੋਰਟ ਵਿਚ ਗਵਰਨਰ ਜਨਰਲ ਨੂੰ ਲਿਖਿਆ।

ਮੈਂ ਬੇਨਤੀ ਕਰਦਾ ਹਾਂ ਕਿ ਖੜਕ ਸਿੰਘ ਦੀ ਸਿਹਤ ਬਿਲਕੁਲ ਠੀਕ ਹੈ ਪਰ ਮਹਾਰਾਜ ਸਿੰਘ ਦੀ ਹਾਲਤ ਚਿੰਤਾ ਜਨਕ ਹੈ। ਪਿਛਲੇ ਦੋ ਮਹੀਨਿਆਂ ਤੋਂ ਉਸ ਦੀ ਸਿਹਤ ਬਹੁਤ ਗਿਰਦੀ ਜਾ ਰਹੀ ਹੈ। ਉਸ ਦੀ ਜੀਭ ਉਪਰ ਖਬੇ ਪਾਸੇ ਕੈਂਸਰ ਹੋ ਗਿਆ ਹੈ, ਜਿਸ ਵਿਚੋਂ ਖ਼ੂਨ ਰਿਸਦਾ ਰਹਿੰਦਾ ਹੈ। ਇਸ ਕਰਕੇ ਹਾਲਤ ਬਹੁਤ ਖਰਾਬ ਹੈ। ਉਹ ਕਈ ਹਫਤਿਆਂ ਤੋਂ ਪਾਣੀ ਵਿਚ ਨਿੰਬੂ ਤੇ ਲੂਣ ਦਾ ਰਸ ਮਿਲਾਕੇ ਲੈ ਰਿਹਾ ਹੈ। ਮੈਂ ਸਿਫਾਰਿਸ਼ ਕਰਦਾ ਹਾਂ ਕਿ ਕੈਦੀਆਂ ਨੂੰ ਬਾਹਰ ਸੈਰ ਕਰਨ ਦੀ ਖੁਲ੍ਹ ਦਿੱਤੀ ਜਾਵੇ। ਗੰਦੇ ਖ਼ੂਨ ਦੇ ਡਿੱਗਣ ਦੇ ਕਾਰਨ ਕਮਰੇ ਅੰਦਰ ਦੁਰਗੰਧੀ ਫੈਲ ਗਈ ਹੈ। ਕਮਰੇ ਵਿਚ ਤਾਜ਼ੀ ਹਵਾ ਦਾ ਪ੍ਰਵੇਸ਼ ਨਹੀਂ ਹੁੰਦਾ। ਇਸ ਕਰਕੇ ਕਮਰਾ ਬਹੁਤ ਗੰਦਾ ਹੈ। ਖੁਲੀ ਹਵਾ ਵਾਸਤੇ ਇਨ੍ਹਾਂ ਦੀ ਹਵਾਲਾਤ ਵਿਚ ਤਬਦੀਲੀ ਕਰਨੀ ਜ਼ਰੂਰੀ ਹੈ- ਜੇਕਰ ਹੋਰ ਕੁਝ ਨਹੀ ਹੋ ਸਕਦਾ ਤਾਂ ਇਨ੍ਹਾਂ ਨੂੰ ਕਿਸੇ ਘੋੜ ਗੱਡੀ ਵਿਚ ਬੈਠਾ ਕੇ ਖੁਲ੍ਹੀ ਹਵਾ ਵਿਚ ਫਿਰਾਇਆ ਜਾਵੇ। ਸੈਰ ਬਹੁਤ ਜ਼ਰੂਰੀ ਹੈ। ਘਟੋ-ਘੱਟ ਹਫਤੇ ਵਿਚ ਦੋ ਵਾਰ ਸੈਰ ਕਰਾਈ ਜਾਵੇ।

ਪਰ ਅਸਿਸਟੈਂਟ ਸਰਜਨ ਜੈਸਕੂਪਰ ਦੀ ਰਿਪੋਰਟ ਤੇ ਕੋਈ ਅਮਲ ਨਹੀਂ ਹੋਇਆ। ਬਾਬਾ ਜੀ ਦੀ ਹਾਲਤ ਅਤਿਅੰਤ ਖਰਾਬ ਹੋ ਗਈ। ਉਪ੍ਰੋਕਤ ਡਾਕਟਰੀ ਰਿਪੋਰਟ ਵਿਚ ਬਾਬਾ ਜੀ ਦੀਆਂ ਭਿਆਨਕ ਅਕਹਿ/ਅਸਹਿ ਬੀਮਾਰੀਆਂ ਦਾ ਜ਼ਿਕਰ ਕੀਤਾ ਗਿਆ ਹੈ। ਇਹ ਬੀਮਾਰੀਆਂ ਗੋਰਾਸ਼ਾਹੀ ਦੀ ਘੜੀ ਨੀਤੀ ਅਨੁਸਾਰ ਹੀ ਪੈਦਾ ਹੋਈਆਂ ਸਨ। ਕਿਉਂਕਿ ਬਾਬਾ ਜੀ ਨੂੰ ਜੇਲ੍ਹ ਦੇ ਉਪਰਲੇ ਕਮਰਿਆਂ ਵਿਚੋਂ ਇਕ ਅਤਿਅੰਤ ਛੋਟੇ ਕਮਰੇ ਵਿਚ ਬੰਦ ਕੀਤਾ ਗਿਆ ਸੀ, ਇਸ ਕਮਰੇ ਦੇ ਜੰਗਲੇ ਰੌਸ਼ਨਦਾਨ ਅਤੇ ਬਾਰੀਆਂ ਬੰਦ ਕੀਤੇ ਗਏ ਸਨ। ਚੁਫੇਰੇ ਦੀਵਾਰ ਹੋਰ

ਉੱਚੀ ਕਰ ਦਿੱਤੀ ਗਈ ਸੀ ਜਿਸ ਨਾਲ ਹਵਾ ਦਾ ਆਉਣਾ ਜਾਣਾ ਬੰਦ ਹੋ ਗਿਆ ਸੀ। ਕਿਸੇ ਹਿੰਦੁਸਤਾਨੀ ਨਾਲ ਗੱਲਬਾਤ ਨਹੀਂ ਕਰਨ ਦਿੱਤੀ ਜਾਂਦੀ ਸੀ। ਰਾਤ ਨੂੰ ਜਾਂ ਦਿਨ ਨੂੰ ਤੁਰਨ-ਫਿਰਨ ਦੀ ਆਗਿਆ ਨਹੀਂ ਸੀ। ਇਹ ਗੁਰੂ ਕਲਗੀਧਰ ਪਿਤਾ ਦਾ ਸ਼ੇਰ ਪਤਾ ਨਹੀ ਕਿੰਨੇ ਸੰਕਲਪ ਵਿਕਲਪ ਕਰਦਾ ਹੋਇਆ ਅਨੇਕ ਬੀਮਾਰੀਆਂ ਨਾਲ ਗ੍ਰਸਿਆ ਗਿਆ। ਗੋਡਿਆਂ ਦੀ ਬੀਮਾਰੀ ਨਾਲ ਪੀੜਤ ਹੋ ਗਿਆ, ਨੇਤ੍ਰਾਂ ਦੀ ਜੋਤ ਜਾਂਦੀ ਰਹੀ। ਮੂੰਹ ਦੇ ਖਬੇ ਪਾਸੇ ਕੈਂਸਰ ਹੋ ਗਿਆ ਜਿਸ ਕਰਕੇ ਖਾਣਾ ਪੀਣਾ ਵੀ ਬੰਦ ਹੋ ਗਿਆ। ਜੇਲ੍ਹਰਾਂ ਵਲੋਂ ਕਮਰਾ ਸਾਫ ਕਰਨ ਦੀ ਜ਼ਰੂਰਤ ਨਹੀਂ ਸਮਝੀ ਜਾਂਦੀ ਸੀ। ਦੇਸ ਵਾਸੀਆਂ ਨੂੰ ਇਸ ਅਜ਼ਾਦੀ ਘੁਲਾਟੀਏ ਦਾ ਕੋਈ ਪਤਾ ਨਹੀ ਸੀ ਕਿ ਉਹ ਕਿਥੇ ਹੈ? ਕਿਸ ਤਰ੍ਹਾਂ ਦੀ ਹਾਲਤ ਵਿਚ ਹੈ? ਜੀਵਤ ਹੈ ਕਿ ਮਰ ਗਿਆ? ਡੇਰਾ ਨੌਰੰਗਾਬਾਦ ਦੇ ਪ੍ਰਬੰਧਕ ਬਾਬਾ ਜੀ ਬਾਰੇ ਪੂਰੀ ਤਰ੍ਹਾਂ ਅਗਿਆਤ ਸਨ।

ਇਸ ਕਰਕੇ ਪੰਡਿਤ ਸ਼ੇਰ ਸਿੰਘ ਜੀ ਨੇ ਬੀਰਮ੍ਰਿਗੇਸ ਗੁਰਬਿਲਾਸ ਕਲਪ ਤਰੂ ਗ੍ਰੰਥ ਦੇ ਪੰਨਾ ੧੫੯੩ ਤੇ ਲਿਖਿਆ ਹੈ ਕਿ, 'ਬਾਬਾ ਜੀ ਨੂੰ ੧੯੦੫ ਬਿ: ਨੂੰ ਅੰਗਰੇਜ਼ ਫੜਕੇ ਕਾਲੇ ਪਾਣੀ ਲੈ ਗਏ ਜਿਥੇ ਉਹ ਸੱਚਖੰਡ ਸਿਧਾਰ ਗਏ।' ਜਦੋਂ ਕਿ ਨਿਰਮਲ ਪੰਥ ਦਾ ਇਹ ਅਨਮੋਲ ਰਤਨ ਸਿੰਘਾਪੁਰ ਦੀ ਜੇਲ੍ਹ ਵਿਚ ਅਕਹਿ/ਅਸਹਿ ਤਸੀਹੇ ਸਹਿੰਦਾ ਹੋਇਆ ੫ ਜੁਲਾਈ ੧੮੫੬ ਨੂੰ ਅੰਮ੍ਰਿਤ ਵੇਲੇ ਸੱਚਖੰਡ ਸਿਧਾਰ ਗਿਆ।

ਆਪ ਜੀ ਦਾ ਸੰਘਰਸ਼ ਸਪਸ਼ਟ ਰਾਜਨੀਤਿਕ ਸੰਗ੍ਰਾਮ ਸੀ। ਕਿਸੇ ਤਰ੍ਹਾਂ ਦੀ ਧਾਰਮਿਕ ਭਾਵਨਾ ਪ੍ਰਗਟ ਕਰਕੇ ਸਹਿਯੋਗੀਆਂ ਨੂੰ ਕਿਸੇ ਤਰ੍ਹਾਂ ਦੇ ਭੁਲੇਖੇ ਵਿਚ ਨਹੀ ਪਾਇਆ ਸੀ। ਸਾਥੀਆਂ ਨੂੰ ਸਪਸ਼ਟ ਦਸਿਆ ਸੀ ਕਿ ਮੁੜ ਤੋਂ ਸਿਖ ਰਾਜ ਸਥਾਪਨ ਕਰਨ ਲਈ ਜਾਨਾਂ ਵਾਰਨੀਆਂ ਹਨ। ਗੋਰੇ ਨੂੰ ਪੰਜਾਬ ਵਿਚੋਂ ਕੱਢਣਾ ਹੈ। ਮਹਾਰਾਜਾ ਦਲੀਪ ਸਿੰਘ ਨੂੰ ਆਪਣੇ ਕਬਜ਼ੇ ਵਿਚ ਕਰਕੇ ਮਹਾਰਾਜਾ ਦਲੀਪ ਸਿੰਘ ਦੇ ਨਾਉਂ ਹੇਠ ਲੜਾਈ ਲੜਨ ਦੀ ਯੋਜਨਾ ਸੀ। ਮਹਾਰਾਣੀ ਜਿੰਦਾਂ ਨੂੰ ਫਰੰਗੀਆਂ ਦੀ ਕੈਦ ਵਿਚੋਂ ਕੱਢਕੇ ਸੁਰਖਯਤਾ ਦੇਣੀ ਇਸ ਯੋਜਨਾ ਵਿਚ ਸ਼ਾਮਲ ਸੀ। ਬਾਬਾ ਜੀ ਸੁਤੰਤ੍ਰਤਾ ਪ੍ਰਾਪਤੀ ਨੂੰ ਕ੍ਰਿਆਤਮਿਕ ਰੂਪ ਦੇਣ ਲਈ ਲੜਾਈ ਦੇ ਮੈਦਾਨ ਵਿਚ ਉਤਰੇ ਸਨ। ਆਪ ਜੀ ਦੀ ਇਨਕਲਾਬੀ ਸੋਚ ਨੇ ਫਰੰਗੀਆਂ ਦੀ ਨੀਂਦ ਹਰਾਮ ਕਰ ਦਿੱਤੀ ਸੀ। ਸਮਕਾਲੀ ਅਖਬਾਰ 'ਅੰਮ੍ਰਿਤਸਰ' ਬਾਬਾ ਜੀ ਦੇ ਕ੍ਰਾਂਤੀਕਾਰੀ ਕਾਰਨਾਮਿਆਂ ਦੀਆਂ ਖ਼ਬਰਾਂ ਪਹਿਲੇ ਸਫੇ ਤੇ ਪ੍ਰਕਾਸ਼ਤ ਕਰਦਾ ਸੀ। ਮਾਝੇ, ਮਾਲਵੇ ਅਤੇ ਦੁਆਬੇ ਦੇ ਸਿਖ ਰਾਜ ਦੇ ਸਾਬਿਕ ਫੌਜੀ ਬਾਬਾ ਜੀ ਦੀ ਸਕੀਮ ਤੇ ਅਪਣੀਆਂ ਜਾਨਾਂ ਵਾਰਨ ਲਈ ਤਰਲੋਮੱਛੀ ਹੋ ਰਹੇ ਸਨ। ਅੰਗ੍ਰੇਜ਼ਾਂ ਦਾ ਸਾਰਾ ਗੁਪਤ ਸਰਕਾਰੀ ਰਿਕਾਰਡ ਜਿਥੇ ਬਾਬਾ ਜੀ ਨੂੰ 'ਡਾਕੂ' ਕਹਿਕੇ ਅਪਣੇ ਮਨ ਨੂੰ ਹੋਲਾ ਕਰਦਾ ਹੈ ਨਾਲ ਹੀ 'ਗੁਰੂ' ਕਹਿਕੇ ਬਾਬਾ ਜੀ ਦੇ ਉੱਚ ਆਚਰਨ, ਕੁਸ਼ਲ ਨੀਤੀ, ਨਿਪੁੰਨਤਾ, ਜਥੇਬੰਦਕ, ਸੰਗਠਨ ਦੀ ਭਰਪੂਰ ਪ੍ਰਸ਼ੰਸਾ ਵੀ ਕਰਦਾ ਹੈ।

ਬਸ! ਦੇਸ਼ ਦੇ ਪਹਿਲੇ ਰਾਜਨੀਤਿਕ ਸੰਗ੍ਰਾਮੀਏ ਹੋਣ ਦਾ ਮਾਣ ਬਾਬਾ ਜੀ ਨੂੰ ਹੀ ਜਾਂਦਾ ਹੈ। ਇਸੇ ਕਰਕੇ ਬਾਬਾ ਜੀ ਅਜ਼ਾਦੀ ਦੀਆਂ ਲਹਿਰਾਂ ਦੇ ਪਥ-ਪ੍ਰਦਰਸ਼ਕ ਅਤੇ ਸੁਤੰਤ੍ਰਤਾ ਸੰਗ੍ਰਾਮੀਆਂ ਦੇ ਸਰਦਾਰ ਬਣੇ ਸਨ।

ਬਾਬਾ ਮਹਾਰਾਜ ਸਿੰਘ ਜੀ ਦੀ ਅਪੂਰਵ ਘਾਲਣਾ ਨੂੰ ਦੇਸ਼ ਵਾਸੀ ਪੂਰੀ ਤਰ੍ਹਾਂ ਭੁਲ ਚੁੱਕੇ ਸਨ। ਬਾਬਾ ਜੀ ਦੀ ਅਦੁੱਤੀ ਕਰਣੀ ਦਾ ਵੇਰਵਾ ਅੰਗ੍ਰੇਜ ਅਫ਼ਸਰ ਥਾਣੇਦਾਰ ਤੋਂ ਲੈ ਕੇ ਡਿਪਟੀ ਕਮਿਸ਼ਨਰ, ਗਵਰਨਰ ਅਤੇ ਵਾਇਸਰਾਏ ਤੱਕ ਆਪਣੇ ਚਿੱਠੀ-ਪਤ੍ਰ ਡਾਇਰੀਆਂ, ਮੁਕਦਮੇ ਦੀਆਂ ਫਾਇਲਾਂ ਵਿਚ ਸਰਬਪੱਖੀ ਜਾਣਕਾਰੀ ਦਰਜ ਕਰਦੇ ਰਹੇ। ਬਾਬਾ ਜੀ ਨੂੰ ਡਾਕੂ/ਦੇਸ ਧ੍ਰੋਹੀ ਲਿਖਦੇ ਹੋਏ ਵੀ ਬਾਬਾ ਜੀ ਦੀ ਮਹਾਨ ਕੁਰਬਾਨੀ ਦੀ ਪ੍ਰਸ਼ੰਸਾ ਕਰਨੋ ਰਹਿ ਨਹੀ ਸਕੇ। ਸਮਕਾਲੀ ਅਖਬਾਰ 'ਅੰਮ੍ਰਿਤਸਰ' ਬਾਬਾ ਜੀ ਦੀਆਂ ਖ਼ਬਰਾਂ ਨੂੰ ਪ੍ਰਮੁੱਖ ਥਾਂ ਦਿੰਦਾ ਸੀ। ਅਸੀਂ ਅੰਗ੍ਰੇਜ਼ਾਂ ਦੇ ਇਸ ਗਲੋਂ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਲਿਖਤਾਂ ਦੇ ਕਾਰਣ ਬਾਬਾ ਜੀ ਦੀ ਕੁਰਬਾਨੀ ਪ੍ਰਕਾਸ਼ ਵਿਚ ਆਈ ਹੈ।

ਅੰਗ੍ਰੇਜ਼ਾਂ ਦੇ ਗੁਪਤ ਦਸਤਾਵੇਜ਼ ਜੋ ਹੁਣ ਭਾਰਤ ਸਰਕਾਰ ਨੇ ਸਰਬਤ ਦੇ ਅਧਿਐਨ ਵਾਸਤੇ ਖੋਲ੍ਹ ਦਿੱਤੇ ਹਨ। ਇਨ੍ਹਾਂ ਦਸਤਾਵੇਜ਼ਾਂ ਵਿਚੋਂ ਸ੍ਰ. ਨਾਹਰ ਸਿੰਘ ਜੀ ਨੇ ਬਾਬਾ ਮਹਾਰਾਜ ਸਿੰਘ ਜੀ ਨਾਲ ਸਬੰਧਤ ਰਿਕਾਰਡ ਉਤਾਰ ਕੇ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਤ ਕੀਤਾ ਜਿਸ ਦਾ ਪੰਜਾਬੀ ਅਨੁਵਾਦ ਭਾਈ ਅਮਰੀਕ ਸਿੰਘ ਜੀ ਨੇ ਕੀਤਾ ਹੈ। ਅਸੀਂ ਇਸ ਅਨੁਵਾਦ ਤੋਂ ਧੰਨਵਾਦ ਸਹਿਤ ਲਾਭ ਉਠਾਇਆ ਹੈ। ਪਾਠਕਾਂ ਦੇ ਗਿਆਨ ਵਿਚ ਵਾਧਾ ਕਰਨ ਲਈ ਦਸਤਾਵੇਜ਼ ਅਤੇ ਉਨ੍ਹਾਂ ਦਾ ਸਾਰ ਇਥੇ ਅੰਕਿਤ ਕਰ ਰਹੇ ਹਾਂ।

**੧੮ ਅਗਸਤ ੧੮੪੭**

ਸਰਦਾਰ ਲਹਿਣਾ ਸਿੰਘ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਉਨ੍ਹਾਂ ਪੰਚਾਂ ਨੂੰ ਰਿਹਾ ਕਰ ਦੇਵੇ ਜੋ ਭਾਈ ਮਹਾਰਾਜ ਸਿੰਘ ਦੇ ਪੈਰੋਕਾਰਾਂ ਸਮੇਤ ਫੜੇ ਗਏ ਸਨ। ਭਾਈ (ਮਹਾਰਾਜ ਸਿੰਘ) ਦੇ ਲੁਕਣ ਦੀ ਥਾਂ ਬਾਰੇ ਕੋਈ ਸੁਰਾਗ ਨਹੀਂ ਮਿਲਿਆ।

**੪ ਜੂਨ**

ਸੁਣਿਆ ਹੈ ਕਿ ਭਾਈ ਮਹਾਰਾਜ ਸਿੰਘ (ਚਨਾਬ ਦਰਿਆ ਵਿਚ) ਡੁੱਬ ਗਏ ਹਨ ਅਤੇ ਉਨ੍ਹਾਂ ਦੇ ਪੈਰੋਕਾਰਾਂ ਵਿਚੋਂ ਬਹੁਤਿਆਂ ਨੇ ਹਥਿਆਰ ਸੁੱਟ ਦਿੱਤੇ ਹਨ। ਇਹ ਗੱਲ ਐਨ ਅਜਿਹੇ ਢੁੱਕਵੇਂ ਸਮੇਂ ਤੇ ਹੋਈ ਹੈ ਜਦੋਂ ਉਨ੍ਹਾਂ ਦੇ ਧਰਮ-ਯੁੱਧ ਦਾ ਪ੍ਰਚਾਰ ਮੇਰੇ ਕੈਂਪ ਵਿਚ ਅਜੇ ਸ਼ੁਰੂ ਹੀ ਹੋਇਆ ਸੀ। ਉਪ੍ਰੋਕਤ ਵਿਚਾਰ ਨੂੰ ੧੫ ਜੂਨ ਨੂੰ ਮੁੜ ਗੁਪਤਚਰ ਵਿਭਾਗ ਨੇ ਦੁਹਰਾਇਆ ਹੈ।

**੧੫ ਜੂਨ**

ਲਾਹੌਰ ਦੇ ਗੁਪਤਚਰ ਵਿਭਾਗ ਤੋਂ ਪਤਾ ਲੱਗਾ ਹੈ ਕਿ ਬਾਗ਼ੀ ਭਾਈ ਮਹਾਰਾਜ ਸਿੰਘ ਚਨਾਬ ਵਿਚ ਡੁੱਬ ਗਏ ਹਨ। ਉਹਨਾਂ ਦੇ ੮੦੦ ਦੀਵਾਨੇ ਪੈਰੋਕਾਰ ਤਾਂ ਉਹਨਾਂ ਦੇ ਨਾਲ ਹੀ ਡੁੱਬ ਗਏ ਪਰ ਬਾਕੀ ਦੇ ੫੦੦ ਪੈਰੋਕਾਰਾਂ ਨੂੰ ਪਕੜ ਲਿਆ ਗਿਆ ਹੈ।

ਜਦੋਂ ਸਰਦਾਰ ਗੁਲਾਬ ਸਿੰਘ ਪਾਸ ਇਸ ਦਾ ਜ਼ਿਕਰ ਕੀਤਾ ਗਿਆ ਤਾਂ ਉਸ ਨੇ ਸਿਰ ਫੇਰਿਆ ਅਤੇ ਭਾਈ ਮਹਾਰਾਜ ਸਿੰਘ ਦੀ ਮੌਤ ਦੀ ਖ਼ਬਰ ਤੇ ਸ਼ੰਕਾ ਪ੍ਰਗਟ ਕੀਤੀ।

**ਲਾਹੌਰ ਦੀਆਂ ਰਾਜਸੀ ਡਾਇਰੀਆਂ**

**ਜਿਲਦ IV (1846-48)**

ਵੱਲੋਂ

ਕੈਪਟਨ ਜੇ. ਐਬਟ, ਸ਼ੇਰਵਾਨ ਹਜ਼ਾਰਾ
ਸਹਾਇਕ ਰੈਜ਼ੀਡੈਂਟ 9 ਜੂਨ, 1848

ਵਿਸ਼ਾ : ਮਹਾਰਾਜ ਸਿੰਘ, ਭਾਈ

ਕੱਲ੍ਹ ਦੀ ਡਾਕ ਵਿਚ ਮੈਨੂੰ ਮੇਜਰ ਨੇਪੀਅਰ (Major Napier) ਵੱਲੋਂ ਭੇਜਿਆ ਇਕ ਪੱਤਰ ਮਿਲਿਆ ਜਿਸ ਵਿਚ ਭਾਈ ਮਹਾਰਾਜ ਸਿੰਘ ਨੂੰ ਫੜਨ ਲਈ ਕੀਤੇ ਗਏ ਅਸਫਲ ਜਤਨਾਂ ਦਾ ਵਰਨਣ ਸੀ। ਮੈਂ ਰਿਕਾਰਡ ਵਿਚ ਇਹ ਗੱਲ ਦਰਜ ਕੀਤੇ ਬਿਨਾਂ ਨਹੀਂ ਰਹਿ ਸਕਦਾ ਕਿ ਪਿਛਲੇ ਫਰਵਰੀ ਮਹੀਨੇ ਵਿਚ ਮੈਂ ਕਾਰਜ-ਚਾਲਕ ਰਾਜ-ਪ੍ਰਤੀਨਿਧੀ (Officiating Resident) ਨੂੰ ਜ਼ੋਰ ਦੇ ਕੇ ਇਹ ਗੱਲ ਕਹੀ ਸੀ ਕਿ ਇਸ ਵਿਅਕਤੀ ਨੂੰ ਤੁਰੰਤ ਕਾਬੂ

ਕਰਨਾ ਅਤੀ ਜ਼ਰੂਰੀ ਹੈ। ਮੈਂ ਇਸ ਗੱਲ ਵੱਲ ਵੀ ਧਿਆਨ ਦਿਵਾਇਆ ਸੀ ਕਿ ਇਸ ਮਨੋਰਥ ਲਈ ਭੇਜੀ ਗਈ ਸੈਨਿਕ ਟੁਕੜੀ ਲੋੜੀਂਦੀ ਸਮਰੱਥਾ ਤੋਂ ਕਿੰਨੀ ਘੱਟ ਸੀ। ਮੈਂ ਉਸਨੂੰ ਇਸ ਤੱਥ ਵੱਲ ਵੀ ਧਿਆਨ ਦੇਣ ਲਈ ਆਖਿਆ ਸੀ ਕਿ ਸੈਨਿਕ ਟੁਕੜੀ ਦੇ ਆਪਣੇ ਕਾਰਵਾਈ ਵਾਲੇ ਸਥਾਨ ਤੇ ਪੁੱਜਣ ਤੋਂ ਇਕ ਹਫਤਾ ਪਹਿਲਾਂ ਹੀ ਸੈਨਿਕ ਟੁਕੜੀ ਦੀ ਰਵਾਨਗੀ ਅਤੇ ਇਸ ਦੇ ਮੰਤਵ ਬਾਰੇ ਅਖ਼ਬਾਰਾਂ ਨੇ ਖ਼ਬਰਾਂ ਛਾਪ ਦਿੱਤੀਆਂ ਸਨ। ਜੋ ਕੰਮ ਉਸ ਸਮੇਂ ਬਿਲਕੁਲ ਅਸਾਨ ਸੀ, ਉਹ ਹੁਣ ਅਸੰਭਵ ਹੋ ਗਿਆ ਹੈ ਕਿਉਂਕਿ ਮੁਲਤਾਨ ਵਿਚ ਬਗਾਵਤ ਦਾ ਉਭਰਨਾ ਅਤੇ ਇਸ ਡਾਕੂ ਦਾ, ਜਿਸਨੂੰ ਸੈਨਾ ਇਕ ਸੰਤ ਮਹਾਤਮਾ ਦਾ ਦਰਜਾ ਦੇਣ ਲਈ ਬਿਹਬਲ ਹੈ, ਬਚ ਨਿਕਲਣਾ ਬਾਗੀਆਂ ਦੇ ਹੱਥ ਮਜ਼ਬੂਤ ਕਰੇਗਾ। ਪੋਠੋਹਾਰ ਦੇ ਇਲਾਕੇ ਵਿਚੋਂ ਕੈਪਟਨ ਨਿਕਲਸਨ (Captain Nicholson) ਵਰਗੇ ਜ਼ਬਰਦਸਤ ਨਿਗਰਾਨ ਨੂੰ ਹਟਾ ਲੈਣ ਨਾਲ ਬਰਤਾਨਵੀ ਪ੍ਰਭਾਵ ਦਾ ਜੋ ਇਕ ਵਿਸ਼ਾਲ ਖਲਾਅ ਪੈਦਾ ਹੋ ਗਿਆ ਹੈ, ਇਸ ਦਾ ਬਾਗੀਆਂ ਨੂੰ ਭਾਰੀ ਲਾਭ ਪੁੱਜੇਗਾ।

ਗਵਰਨਰ ਜਨਰਲ ਦੇ
ਉੱਤਰ-ਪੱਛਮੀ ਸਰਹੱਦ ਦੇ ਪੇਸ਼ਾਵਰ ਸਥਿਤ ਏਜੰਟ
ਦੇ ਮੁੱਖ-ਸਹਾਇਕ, ਮੇਜਰ ਜਾਰਜ ਸਟ. ਪੀ. ਲਾਰੈਂਸ
ਦੀ ਰਾਜਸੀ ਡਾਇਰੀ ਵਿਚੋਂ।

## ਦਸਤਾਵੇਜ਼ ਨੰ. ੧੭

ਸੇਵਾ ਵਿਖੇ

ਮੇਜਰ ਐੱਚ ਪਾਮਰ ਐੱਮ.ਬੀ.
ਜਲੰਧਰ।

ਸ੍ਰੀ ਮਾਨ ਜੀ,

(ਮਹਾਰਾਜ ਸਿੰਘ ਨੂੰ) ਜੇਲ੍ਹ ਵਿਚੋਂ ਬਚਾਕੇ ਲੈ ਜਾਣ ਦੇ ਕਿਸੇ ਯਤਨ ਦਾ ਤਾਂ ਪ੍ਰਸ਼ਨ ਹੀ ਨਹੀ ਸੀ ਉੱਠਦਾ। ਪਰ ਇਹ ਗੱਲ ਪੱਕੀ ਸੀ ਕਿ ਸਿੱਖ ਪਹਿਰੇਦਾਰਾਂ ਨੂੰ ਜਾਂ ਮੇਰੇ ਆਪਣੇ ਆਦਮੀਆਂ ਨੂੰ ਜਾਂ ਦੋਹਾਂ ਨੂੰ ਰਿਸ਼ਵਤ ਦੇ ਦਿੱਤੀ ਜਾਣੀ ਸੀ। ਜਿਹੜਾ ਰਾਜਸੀ ਕੈਦੀ ਪਹਿਲਾਂ ਜੇਲ੍ਹ 'ਚੋਂ ਭੱਜ ਗਿਆ ਸੀ ਉਹ ਨਾ ਤਾਂ ਕੋਈ ਰਸੂਖ ਵਾਲਾ ਆਦਮੀ ਸੀ ਤੇ ਨਾ ਹੀ ਉਸਦੇ ਨਾਂ ਨਾਲ ਗੁਰੂ ਦੇ ਨਾਂ ਜਿੰਨੀ ਪਾਵਨਤਾ ਜੁੜੀ ਹੋਈ ਸੀ, ਫਿਰ ਵੀ ਉਹ ਆਦਮੀ ਜੇਲ੍ਹ 'ਚੋਂ ਭੱਜਣ ਵਿਚ ਸਫਲ ਹੋ ਗਿਆ।

ਮੈਂ ਚਾਹੁੰਦਾ ਸਾਂ ਕਿ ਮੈਨੂੰ ਸੈਨਿਕਾਂ ਦੀ ਇਕ ਕੰਪਨੀ ਜਾਂ ਘਟੋ-ਘਟ ਅੱਸੀ ਪਹਿਰੇਦਾਰ ਅਤੇ ਉਤਨੇ ਹੀ ਸਿੱਖ ਪਹਿਰੇਦਾਰ ਦਿੱਤੇ ਜਾਣ ਜਿਨ੍ਹਾਂ ਦੀ ਕਮਾਨ ਸਿੱਧੀ ਇਕ ਯੂਰਪੀਨ ਅਫਸਰ ਦੇ ਹੱਥ ਹੋਵੇ। ਕੈਪਟਨ ਟਰਨਰ ਨੇ ਇਹਨਾਂ ਵਿਅਕਤੀਆਂ ਦੀ ਸੰਭਾਲ ਦਾ ਕੰਮ ਆਪਣੇ ਜਿੰਮੇ ਲੈ ਲਿਆ ਹੈ ਅਤੇ ਉਸ ਨੂੰ ਆਸ ਹੈ ਕੱਲ੍ਹ ਨੂੰ ਕੁਝ ਹੋਰ ਆਦਮੀ ਮਿਲ ਜਾਣਗੇ ਅਤੇ ਮੈਨੂੰ ਪੰਜਾਹ ਅਨਿਯਮਿਤ ਘੋੜ ਸਵਾਰ ਮਿਲ ਗਏ ਹਨ।

ਜਲੰਧਰ
ਦਫਤਰ, ਡਿਪਟੀ ਕਮਿਸ਼ਨਰ
੩੦ ਦਸੰਬਰ, ੧੮੪੯

ਮੈਂ ਹਾਂ
ਦਸਤਖਤ/ ਐਚ ਵੈਨਸਿੱਟਰਟ,
ਡਿਪਟੀ ਕਮਿਸ਼ਨਰ

## ਦਸਤਾਵੇਜ਼ ਨੰ. ੫੦

ਜਿੰਨੀ ਛੇਤੀ ਹੋ ਸਕੇ ਭਾਈ ਮਹਾਰਾਜ ਸਿੰਘ ਨੂੰ ਸਿੰਘਾਪੁਰ ਭੇਜ ਦਿੱਤਾ ਜਾਵੇ। ਸਫਰ ਸਮੇਂ ਉਸ ਦੇ ਭੋਜਨ ਆਦਿਕ ਦਾ ਪੂਰਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਉਸਨੂੰ ਬੇ ਲੋੜੀਆਂ ਤਕਲੀਫਾਂ ਤੋਂ ਬਚਾਇਆ ਜਾ ਸਕੇ।

ਭਾਈ ਮਹਾਰਾਜ ਸਿੰਘ ਨਾਲ ਉਪਰੋਕਤ ਸਾਰਜੰਟ ਅਤੇ ਇਕ ਛੋਟੀ ਗਾਰਦ ਭੇਜੀ ਜਾਵੇ ਅਤੇ ਉਸ ਨੂੰ 'ਸਟਰੇਟਸ ਸੈਟਲਮੈਂਟ (Straits Settlements) ਦੇ ਗਵਰਨਰ ਦੇ ਸਪੁਰਦ ਕਰ ਦਿੱਤਾ ਜਾਵੇ।

ਕਰਨਲ ਵਟਰਵਰਥ ਨੂੰ ਹਦਾਇਤ ਕੀਤੀ ਜਾਣੀ ਚਾਹੀਦੀ ਹੈ ਕਿ ਜੇਕਰ ਸੰਭਵ ਹੋਵੇ ਤਾਂ ਉਹ ਭਾਈ ਮਹਾਰਾਜ ਸਿੰਘ ਨੂੰ ਸਿੰਘਾਪੁਰ ਦੀ ਜੇਲ੍ਹ ਦੇ ਉਪਰਲੀ ਮੰਜ਼ਲ ਦੇ ਕਮਰਿਆਂ ਵਿਚ ਰਖੇ। ਇਹ ਥਾਂ ਪੂਰਨ ਤੌਰ ਸੁਰੱਖਿਅਤ ਅਤੇ ਸਿਹਤ ਲਈ ਚੰਗੀ ਹੈ।

ਕਰਨਲ ਬਟਰਵਰਥ ਨੂੰ ਇਹ ਵੀ ਸੂਚਿਤ ਕਰ ਦਿੱਤਾ ਜਾਵੇ ਕਿ ਭਾਈ ਮਹਾਰਾਜ ਸਿੰਘ ਇਕ ਰਾਜਸੀ ਕੈਦੀ ਹੈ, ਇਸ ਲਈ ਉਸ ਨਾਲ ਕਠੋਰ ਵਰਤਾਉ ਨਾ ਕੀਤਾ ਜਾਵੇ ਪਰ ਉਸਨੂੰ ਠੀਕ ਤਰ੍ਹਾਂ ਹਿਫਾਜਤ ਵਿਚ ਰੱਖਣਾ ਵੀ ਬੜਾ ਜ਼ਰੂਰੀ ਹੈ।

ਚਨਾਰ ਦੇ ਸਥਾਨ ਤੇ ਵੀ ਉਹੀ ਸਾਵਧਾਨੀਆਂ ਵਰਤੀਆਂ ਜਾਣੀਆਂ ਚਾਹੀਦੀਆਂ ਹਨ ਜੋ ਹੋਰਨਾਂ ਸਥਾਨਾਂ ਤੇ ਵਰਤਣੀਆਂ ਹਨ। ਕਮਾਂਡਿੰਗ ਅਫ਼ਸਰ ਦੀ ਇਹ ਜ਼ਿੰਮੇਵਾਰੀ ਹੋਵੇਗੀ ਕਿ ਉਹ ਬਨਾਰਸ ਵਿਖੇ ਗਵਰਨਰ ਜਨਰਲ ਦੇ ਸਹਾਇਕ ਨੂੰ ਰਿਪੋਰਟ ਭੇਜੇ ਅਤੇ ਉਹ ਅਜਿਹੀ ਰਿਪੋਰਟ ਭੇਜਣ ਲਈ ਹੋਰਨਾਂ ਅਧਿਕਾਰੀਆਂ ਵਾਂਗ ਹੀ ਕੈਦੀਆਂ ਪਾਸ ਹਰ ਮਹੀਨੇ ਜਾਇਆ ਕਰੇ। ਭਾਈ (ਮਹਾਰਾਜ ਸਿੰਘ) ਅਤੇ ਮੂਲ ਰਾਜ ਨੂੰ ਬਿਨ-ਬੁਲਾਏ ਮਿਲਣ ਆਏ ਵਿਅਕਤੀਆਂ ਨੂੰ ਅੰਦਰ ਜਾਣ ਤੋਂ ਰੋਕਣ ਲਈ ਖਾਸ ਚੌਕਸੀ ਵਰਤੀ ਜਾਵੇ। ਨਿਰਸੰਦੇਹ, ਲੋਕ ਉਹਨਾਂ ਨਾਲ ਮੁਲਾਕਾਤ ਕਰਨ ਲਈ ਬੜੇ ਉਤਸੁਕ ਹੋਣਗੇ।

ਸਹੀ/ ਡਲਹੌਜੀ (ਗਵਰਨਰ ਜਨਰਲ)

੯ ਅਪ੍ਰੈਲ, ੧੮੫੦

## ਦਸਤਾਵੇਜ਼ ਨੰ. ੫੯

ਵੱਲੋਂ

ਰੈਜ਼ੀਡੈਂਟ ਕੌਂਸਿਲਰ,
ਸਿੰਘਾਪੁਰ।

ਸੇਵਾ ਵਿਖੇ

ਐੱਫ.ਜੇ. ਹੈਲਿਡੇ ਐਸਕੁਆਇਰ,
ਕਾਰਜ ਵਾਹਕ ਸਕੱਤਰ ਹਿੰਦ ਸਰਕਾਰ,
ਫੋਰਟ ਵਿਲੀਅਮ।

ਸਿੰਘਾਪੁਰ,
੧੪ ਜੂਨ, ੧੮੫੦

ਸ੍ਰੀ ਮਾਨ ਜੀ,

ਰਾਜਸੀ ਕੈਦੀ ਭਾਈ ਮਹਾਰਾਜ ਸਿੰਘ ਅਤੇ ਖੜਕ ਸਿੰਘ ਸਹੀ ਸਲਾਮਤ ਇਥੇ ਪਹੁੰਚ ਗਏ ਹਨ ਅਤੇ ਹਦਾਇਤ ਅਨੁਸਾਰ ਉਹਨਾਂ ਨੂੰ ਜੇਲ੍ਹ ਦੇ ਉਪਰਲੇ ਕਮਰਿਆਂ ਵਿਚ ਰਖਿਆ ਗਿਆ ਹੈ।

ਸਤਿਕਾਰ ਸਹਿਤ।

ਤੁਹਾਡਾ ਅਤਿ ਆਗਿਆਕਾਰੀ ਨੌਕਰ

ਸਿੰਘਾਪੁਰ — ਸਹੀ/-

੧੪ ਜੂਨ, ੧੮੫੦ — ਰੈਜ਼ੀਡੈਂਟ ਕੌਂਸਿਲਰ

ਦਸਤਾਵੇਜ਼ ੮੦ ਵਿਚ ਟੀ ਚਰਚ ਰੈਜ਼ੀਡੈਂਟ ਕੌਂਸਲਰ ਸਿੰਘਾਪੁਰ ਨੇ ੨ ਅਗਸਤ ੧੮੫੩ ਦੇ ਪਤਰ ਵਿਚ ਲੈਫਟੀਨੈਟ ਆਰ ਚਰਚ ਸਕੱਤਰ ਸਰਕਾਰ ਸਟੇਟਸ ਸੈਟਲਮੈਂਟ ਤੋਂ ਆਗਿਆ ਮੰਗੀ ਹੈ ਕਿ ਭਾਈ ਮਹਾਰਾਜ ਸਿੰਘ ਅਤੇ ਖੜਕ ਸਿੰਘ ਨੇ ਦੋ ਪੱਤਰ ਨੌਰੰਗਾਬਾਦ ਭੇਜਣ ਦੀ ਆਗਿਆ ਮੰਗੀ ਹੈ।

ਨਾਲ ਹੀ ਲਿਖਿਆ ਹੈ ਇਨ੍ਹਾਂ ਪਤ੍ਰਾਂ ਦਾ ਭਾਵ (ਅਰਥ) ਸਮਝਣ ਦਾ ਮੇਰੇ ਕੋਲ ਕੋਈ ਸਾਧਨ ਨਹੀਂ ਹੈ ਪਰ ਉਹ ਭਰੋਸਾ ਦਵਾ ਰਹੇ ਹਨ ਇਨ੍ਹਾਂ ਪਤ੍ਰਾਂ ਵਿਚ ਕੇਵਲ ਪਰਵਾਰਿਕ ਗੱਲਾਂ ਬਾਤਾਂ ਹੀ ਲਿਖੀਆਂ ਹਨ।

ਦਸਤਾਵੇਜ਼ ੮੧ ਵਿਚ ੭ ਸਤੰਬਰ ੧੮੫੩ ਨੂੰ ਕਾਰਜਵਾਹਕ ਉਪ ਸਕੱਤਰ ਜੇ. ਲਾਰੰਸ ਐਸਕੁਆਇਰ ਚੀਫ ਕਮਿਸ਼ਨਰ ਪੰਜਾਬ ਨੂੰ ਲਿਖਿਆ ਹੈ ਮੈਂ ਤੁਹਾਨੂੰ ਸਿੰਘਾਪੁਰ ਦੀ ਜੇਲ੍ਹ ਵਿਚ ਬੰਦ ਦੋ ਰਾਜਸੀ ਕੈਦੀਆਂ ਭਾਈ ਮਹਾਰਾਜ ਸਿੰਘ ਅਤੇ ਖੜਕ ਸਿੰਘ ਵੱਲੋਂ ਪ੍ਰਾਪਤ ਹੋਏ ਪਤ੍ਰ ਭੇਜ ਰਿਹਾ ਹਾਂ ਅਤੇ ਇਸ ਦੇ ਨਾਲ ਹੀ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਪਤ੍ਰਾਂ ਦਾ ਉਲਥਾ ਕਰਵਾ ਲਿਆ ਜਾਵੇ ਅਤੇ ਜੇਕਰ ਇਨ੍ਹਾਂ ਵਿਚ ਕੋਈ ਇਤਰਾਜ ਯੋਗ ਗੱਲ ਨਾ ਲਭੇ ਤਾਂ ਇਨ੍ਹਾਂ ਨੂੰ ਸਿਰਨਾਵੇਂ ਦਾਰਾਂ ਤੱਕ ਪਹੁੰਚਾਉਣ ਦਾ ਪ੍ਰਬੰਧ ਕੀਤਾ ਜਾਵੇ।

ਇਸੇ ਦਸਤਾਵੇਜ਼ ਦੇ ਅਗਲੇ ਪੈਰੇ ਵਿਚ ਫਰੰਗੀ ਅਪਣੀ ਕੁਟਲਨੀਤੀ ਵਰਣਨ ਕਰਦਾ ਹੋਇਆ ਲਿਖਦਾ ਹੈ। 'ਮੈਨੂੰ ਇਹ ਗੱਲ ਦਸ ਦੇਣ ਦੀ ਹਦਾਇਤ ਵੀ ਹੋਈ ਹੈ ਕਿ ਗਵਰਨਰ ਜਨਰਲ ਇਨ ਕੌਂਸਲ ਗੁਰੂ (ਮਹਾਰਾਜ ਸਿੰਘ) ਵਲੋਂ ਲਿਖੇ ਕਿਸੇ ਪਤ੍ਰ ਨੂੰ ਭੇਜੇ ਜਾਣ ਦੇ ਵਿਰੁੱਧ ਹਨ।

ਦਸਤਾਵੇਜ਼ ਨੰ. ੧੪ ਵਿਚ ਲਿਖਿਆ ਹੈ, 'ਗੁਰੂ ਦਾ ਚੇਲਾ ਖੜਕ ਸਿੰਘ ਇਕ ਪੱਕਾ ਬਦਮਾਸ਼ ਹੈ।'

ਇਨ੍ਹਾਂ ਪੰਕਤੀਆਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਭਾਵੇ ਸੰਤ ਮਹਾਰਾਜ ਸਿੰਘ ਨੇ ਸਿੰਘਾਪੁਰ ਦੀ ਜੇਲ੍ਹ ਵਿਚੋਂ ਅਨੇਕ ਪਤ੍ਰ ਲਿਖੇ ਹੋਣਗੇ ਪਰ ਉਹ ਫਰੰਗੀ ਦੀ ਫਾਈਲ ਦਾ ਸ਼ਿੰਗਾਰ ਬਣਦੇ ਰਹੇ ਜਾਂ ਜਲਾ ਦਿੱਤੇ ਜਾਂਦੇ ਰਹੇ। ਬਾਬਾ ਜੀ ਦੇ ਪਤ੍ਰਾਂ ਨੂੰ ਨੌਰੰਗਾਬਾਦ ਜਾਂ ਬਾਬਾ ਜੀ ਦੇ ਕਿਸੇ ਹਿਤੈਸ਼ੀ ਕੋਲ ਭੇਜਣ ਦੇ ਵਿਰੁੱਧ ਫਰੰਗੀ ਦਾ ਰਿਕਾਰਡ ਬੋਲ ਰਿਹਾ ਹੈ

ਦਸਤਾਵੇਜ਼ ੮੨ ਤੋਂ ਪਤਾ ਲੱਗਦਾ ਹੈ ਕਿ "ਮੋਤੀਏ ਦੇ ਕਾਰਣ ਭਾਈ ਮਹਾਰਾਜ ਸਿੰਘ ਦੀ ਨਿਗ੍ਹਾ ਬਿਲਕੁਲ ਚਲੀ ਗਈ ਹੈ। ਮੋਤੀਏ ਦਾ ਉਪਰੇਸ਼ਨ ਕਰਨ ਨਾਲ ਵੀ ਨਿਗ੍ਹਾ ਠੀਕ ਹੋਣ ਦੀ ਕੋਈ ਬਹੁਤੀ ਸੰਭਾਵਨਾ ਨਹੀਂ।"

ਦਸਤਾਵੇਜ਼ ਨੰ. ੮੪ ਵਿਚ ਲਿਖਿਆ ਹੈ। ਭਾਈ ਮਹਾਰਾਜ ਸਿੰਘ ਦੀ ਸਿਹਤ ਪਿਛਲੇ ਮਹੀਨਿਆਂ ਵਿਚ

ਬਹੁਤ ਹੀ ਖਰਾਬ ਹੋ ਗਈ ਹੈ। ਉਸ ਦੀ ਜੀਭ ਦੇ ਖੱਬੇ ਪਾਸੇ ਕੈਂਸਰ ਵਰਗਾ ਜਖ਼ਮ ਹੋ ਗਿਆ ਹੈ ਜਿਸ ਵਿਚੋਂ ਸਮੇਂ-ਸਮੇਂ ਤੇ ਚੌਖਾ ਖ਼ੂਨ ਵਗਦਾ ਰਹਿੰਦਾ ਹੈ। ਉਸ ਦੀ ਧੌਣ ਦੇ ਥੱਲੇ ਦੀਆਂ ਗਿਲਟੀਆਂ ਸੁਜ ਗਈਆਂ ਹਨ। ਪਿਛਲੇ ਦੋ ਤਿੰਨ ਹਫਤਿਆਂ ਤੋਂ ਤਾਂ ਉਹ ਬਹੁਤ ਥੋੜ੍ਹਾ ਖਾਂਦਾ ਹੈ ਅਤੇ ਕੁਝ ਦਿਨਾਂ ਤੋਂ ਤਾਂ ਉਹ ਕੇਵਲ ਥੋੜ੍ਹੀ ਜਿਹੀ ਕਾਂਜੀ ਅਤੇ ਪਾਣੀ ਪੀਂਦਾ ਹੈ।

ਦਸਤਾਵੇਜ਼ ਨੰ. ੮੬ ਵਿਚ ਲਿਖਿਆ ਹੈ ਕਿ "ਇਸ ਮਹੀਨੇ ਦੀ ੫ ਤਾਰੀਕ ਨੂੰ ਰਾਜਸੀ ਕੈਦੀ ਭਾਈ ਮਹਾਰਾਜ ਸਿੰਘ ਦਾ ਦਿਹਾਂਤ ਹੋ ਗਿਆ ਹੈ।"

ਇਹ ਹੈ ਭਾਰਤ ਦੇ ਪਹਿਲੇ ਸੁਤੰਤ੍ਰਤਾ ਸੰਗ੍ਰਾਮੀ ਅਜ਼ਾਦੀ ਦੀ ਲਹਿਰ ਨੂੰ ਪੈਦਾ ਕਰਨ ਵਾਲੇ ਸੂਰਬੀਰ ਬਾਬਾ ਮਹਾਰਾਜ ਸਿੰਘ ਜੀ ਦੀ ਅਪੂਰਵ ਕਰਨੀ ਜਿਸ ਨੇ ਪੰਜਾਬ ਦੀ ਅਜ਼ਾਦੀ ਦਾ ਸਮਦੂ ਦੇ ਤਲਾ ਤੇ ਪ੍ਰਣ ਕੀਤਾ ਸੀ।

**ਸੂਰਬੀਰ ਧੀਰਜ ਮਤਿ ਪੂਰਾ ॥** ਆਪਣੇ ਅੰਤਮ ਸੁਆਸਾਂ ਤੱਕ ਦ੍ਰਿੜ੍ਹ ਰਿਹਾ। ਸਿੰਘਾਪੁਰ ਦੀ ਜੇਲ੍ਹ ਦੇ ਕਰਮਚਾਰੀਆਂ ਦੇ ਮਾਨ-ਅਪਮਾਨ ਤੋਂ ਉੱਪਰ ਉੱਠਕੇ ਨਾਮ ਚਿੰਤਨ ਵਿਚ ਇਕਾਗਰ ਹੋ ਗਿਆ। ਗੋਰਿਆਂ ਦੀਆਂ ਘ੍ਰਿਣਤ/ਅਪਮਾਨਤ ਕਰਤੂਤਾਂ ਦੇ ਕਾਰਣ ਕਦੀ-ਕਦੀ ਬਾਬਾ ਖੜਕ ਸਿੰਘ ਗੋਰਿਆਂ ਨਾਲ ਅਜਿਹਾ ਵਰਤਾਉ ਕਰਨ ਲਈ ਉਤਾਰੂ ਹੋ ਜਾਂਦੇ ਸਨ ਜਿਸ ਤਰ੍ਹਾਂ ਦਾ ਵਰਤਾਵਾ ਗੋਰੇ ਕਰਦੇ ਸਨ।

ਦਸਤਾਵੇਜ਼ ੭੪ ਵਿਚ ਗਵਰਨਰ ਪ੍ਰਿੰਸ ਆਫ਼ ਵੇਲਜ ਦੀਪ ਸਮੂਹ ਸਿੰਘਾਪੁਰ ਅਤੇ ਅਲਾਕਾ ੨੪ ਜਨਵਰੀ ੧੮੫੧ ਦੀ ਪਤ੍ਰਕਾ ਵਿਚ ਲਿਖਦਾ ਹੈ, "ਮੈਨੂੰ ਵੇਖਕੇ ਦੁਖ ਹੁੰਦਾ ਹੈ ਕਿ ਪਿਛਲੇ ਕੁਝ ਸਮੇਂ ਤੋਂ ਖੜਕ ਸਿੰਘ ਬਹੁਤ ਪ੍ਰੇਸ਼ਾਨ ਕਰ ਰਿਹਾ ਹੈ। ਉਹ ਅਜਿਹੀਆਂ ਚੀਜ਼ਾਂ ਮੰਗਦਾ ਹੈ ਜਿਹੜੀਆਂ ਸਟਰੇਟਸ ਵਿਚ ਮਿਲਦੀਆਂ ਨਹੀਂ ਜਾਂ ਸਰਕਾਰ ਵੱਲੋਂ ਅਜਿਹੀਆਂ ਵਸਤਾਂ ਦਿਤੇ ਜਾਣ ਦੀ ਪ੍ਰਵਾਨਗੀ ਨਹੀਂ ਅਤੇ ਉਸ ਦਾ ਵਿਉਹਾਰ ਬੜਾ ਹੀ ਭੈੜਾ ਹੈ।......

......ਇਹ ਵੀ ਵੇਖਿਆ ਗਿਆ ਹੈ ਖੜਕ ਸਿੰਘ ਗੁਸੇ ਵਿਚ ਆਕੇ ਭੋਜਨ ਖਾਣ ਤੋਂ ਨਾਂਹ ਕਰ ਦਿੰਦਾ ਹੈ ਅਤੇ ਸਰੀਰ ਦੇ ਕਪੜੇ ਪਾੜ-ਪਾੜ ਕੇ ਸੁਟਦਾ ਹੈ। ਜਦੋਂ ਮਿਸਟਰ ਚਰਚ ਅਤੇ ਮਿਸਟਰ ਹੈਮੰਡ ਨੇ ਜੇਲ੍ਹ ਦਾ ਦੌਰਾ ਕੀਤਾ ਤਾਂ ਖੜਕ ਸਿੰਘ ਦਾ ਸਾਰਾ ਵਿਉਹਾਰ ਹੀ ਇਨਾਂ ਅਪਮਾਨ ਜਨਕ ਅਤੇ ਗੁਸਤਾਖ ਸੀ ਕਿ ਮਿਸਟਰ ਚਰਚ ਨੇ ਤਾਂ ਆਪਣੇ ਹੀ ਸਿਪਾਹੀਆਂ ਦੀਆਂ ਅੱਖਾਂ ਸਾਹਮਣੇ ਅਜਿਹਾ ਅਪਮਾਨ ਹੁੰਦਾ ਵੇਖਕੇ ਸ਼ਿਰਮਿੰਦਗੀ ਮਹਿਸੂਸ ਕੀਤੀ। ਪਰ ਇਸਦੇ ਉਲਟ ਭਾਈ ਮਹਾਰਾਜ ਸਿੰਘ ਨੂੰ ਜੋ ਕੁਝ ਵੀ ਦਿੱਤਾ ਜਾਂਦਾ ਹੈ ਉਹ ਉਸ ਨਾਲ ਸੰਤੁਸ਼ਟ ਹੋ ਜਾਂਦਾ ਹੈ ਅਤੇ ਆਪਣੇ ਸਾਥੀ ਕੈਦੀਆਂ ਵਲੋਂ ਕੀਤੇ ਜਾਂਦੇ ਅਜਿਹੇ ਵਿਉਹਾਰ ਪ੍ਰਤੀ ਸ਼ਰਮਿੰਦਗੀ ਅਤੇ ਘ੍ਰਿਣਾ ਪ੍ਰਗਟ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਸਦਾ ਅਜਿਹਾ ਕਰਨ ਤੋਂ ਰੋਕਣ ਦਾ ਯਤਨ ਕਰਦਾ ਹੈ।"

ਕਰਨੀ ਸ੍ਰੇਸ਼ਟ ਉਹ ਹੁੰਦੀ ਹੈ ਜਿਸਦੀ ਸ਼ਤ੍ਰੂ ਵੀ ਪ੍ਰਸ਼ੰਸਾ ਕਰੇ। ਬਾਬਾ ਜੀ ਦੀ ਦੇਸ ਭਗਤੀ, ਸੰਘਰਸ਼ ਦੀ ਅੰਗ੍ਰੇਜ ਅਧਿਕਾਰੀਆਂ ਨੇ ਭਰਪੂਰ ਪ੍ਰਸ਼ੰਸਾ ਕੀਤੀ ਹੈ ਜੋ ਸਰਕਾਰੀ ਰਿਕਾਰਡ ਵਿਚ ਸੁਰਖਯਤ ਹੈ। ਬਾਬਾ ਜੀ ਨੂੰ ਗ੍ਰਿਫਤਾਰ ਕਰਨ ਵਾਲੇ ਜਲੰਧਰ ਦੇ ਡਿਪਟੀ ਕਮਿਸ਼ਨਰ ਵੈਨਸਟਾਰਟ ਨੇ ਅਪਣੀ ਇਕ ਪਤ੍ਰਕਾ ਵਿਚ ਮਿ: ਮਕਲੋਡ ਕਮਿਸ਼ਨਰ ਦੁਆਬਾ ਨੂੰ ਲਿਖਿਆ ਹੈ 'ਕਿ ਮਹਾਰਾਜ ਸਿੰਘ ਦੇ ਤਿੰਨ ਹਫਤੇ ਦੁਆਬੇ ਵਿਚ ਰਹਿਣ ਨਾਲ ਜੋ ਗੜਬੜ ਹੋਈ ਹੈ, ਮਾਝੇ ਵਿਚ ਇਸ ਤੋਂ ਵੀ ਵੱਧ ਹੋ ਸਕਦੀ ਸੀ ਕਿਉਂਕਿ ਮਹਾਰਾਜ ਸਿੰਘ ਮਾਝੇ ਵਿਚ ਬਹੁਤ ਸਮਾ ਰਹੇ ਸਨ। ਉਹ ਉਥੋਂ ਦੇ ਹਾਲਾਤ ਤੋਂ ਪੂਰੀ ਤਰ੍ਹਾਂ ਜਾਣੂ ਸਨ।'

ਅਗੇ ਚੱਲਕੇ ਇਹੀ ਡਿਪਟੀ ਕਮਿਸ਼ਨਰ ਲਿਖਦਾ ਹੈ, **'ਭਾਈ ਮਹਾਰਾਜ ਸਿੰਘ ਕੋਈ ਸਾਧਾਰਣ ਵਿਅਕਤੀ**

**ਨਹੀਂ ਹੈ, ਉਸ ਦਾ ਆਪਣੇ ਦੇਸ਼ ਵਾਸੀਆਂ ਵਿਚ ਓਹੀ ਸਨਮਾਨ ਹੈ ਜੋ ਈਸਾਈਆਂ ਦਾ ਈਸਾ ਵਿਚ। ਹਜ਼ਾਰਾਂ ਲੋਕ ਉਸ ਦੇ ਚਮਤਕਾਰਾਂ ਤੋਂ ਪ੍ਰਭਾਵਿਤ ਹਨ, ਉਸ ਵਿਚ ਪੁਰਾਤਨ ਪੈਗੰਬਰਾਂ ਵਾਲੇ ਸਾਰੇ ਗੁਣ ਵਿਦਯਮਾਨ ਹਨ।'**

ਇਸੇ ਪ੍ਰਕਰਣ ਵਿਚ ਬਾਬਾ ਜੀ ਦੇ ਪ੍ਰਭਾਵ (ਅਸਰ ਰਸੂਖ) ਨੂੰ ਵਰਣਨ ਕਰਦੇ ਹੋਏ ਲਿਖਿਆ ਹੈ।

**'ਜੇਕਰ ਮਹਾਰਾਜ ਸਿੰਘ ਬਚ ਕੇ ਨਿਕਲ ਗਿਆ ਅਤੇ ਦੁਬਾਰਾ ਨਾ ਫੜਿਆ ਗਿਆ ਤਾ ਸਿੱਖ ਕੌਮ ਦੀ ਸੋਚ ਮਿਲ ਕੇ ਇਕ ਵਿਅਕਤੀ (ਮਹਾਰਾਜ ਸਿੰਘ) ਦੀ ਸੋਚ ਬਣ ਜਾਏਗੀ।'**

ਮਿ: ਮਕਲੋਡ ਕਮਿਸ਼ਨਰ ਦੁਆਬੇ ਨੇ ੧੧ ਅਕਤੂਬਰ ੧੮੫੦ ਨੂੰ ਆਪਣੀ ਰਿਪੋਰਟ ਵਿਚ ਬਾਬਾ ਮਹਾਰਾਜ ਸਿੰਘ ਜੀ ਦੇ ਸ੍ਰੇਸ਼ਟ ਮਹਾਨ ਗੁਣਾਂ ਦਾ ਵਰਣਨ ਕਰਦੇ ਹੋਏ ਲਿਖਿਆ ਹੈ :

**'ਮੈਨੂੰ ਇਹ ਨਿਸ਼ਚੇ ਪੂਰਬਕ ਚੰਗੀ ਤਰ੍ਹ ਪਤਾ ਹੈ ਕਿ ਮਹਾਰਾਜ ਸਿੰਘ ਪੂਜਨੀਯ ਮਹਾਂਪੁਰਖ ਹਨ, ਉਨ੍ਹਾਂ ਵਿਚ ਮਹਾਨ ਸਿਆਣਪ, ਸ੍ਵੈ ਵਿਸ਼੍ਵਾਸ ਹੈ।'**

ਉਹ ਆਪਣੇ ਅੰਦਰ ਸੰਤਪੁਣੇ, ਸ੍ਵੈ-ਭਰੋਸੇ ਦੇ ਗੁਣ ਰਖਦੇ ਹਨ। ਉਨ੍ਹਾਂ ਦੇ ਅਨੁਆਈ ਮੰਨਦੇ ਹਨ ਕਿ ਉਹ ਸ਼ਾਂਤ ਗੰਭੀਰ ਰਹਿਣ ਵਾਲੇ ਹਨ। ਉਨ੍ਹਾਂ ਦੇ ਜੋ ਵਿਚਾਰ ਸਨ ਇਸ ਨੂੰ ਉਹ ਆਪ ਹੀ ਜਾਣਦੇ ਸਨ। ਉਨ੍ਹਾਂ ਵਿਚ ਇਹ ਵਿਸ਼ੇਸ਼ ਗੁਣ ਸੀ ਉਹ ਜੋ ਵੀ ਕੰਮ ਚਾਹੁੰਦੇ ਦੂਸਰਿਆਂ ਤੋਂ ਕਰਵਾਉਣ ਦੀ ਸਮਰਥਾ ਰਖਦੇ ਸਨ। ਵਾਪਰਨ ਵਾਲੀਆਂ ਘਟਨਾਵਾਂ ਦਾ ਉਨ੍ਹਾਂ ਨੂੰ ਪਹਿਲਾਂ ਹੀ ਗਿਆਨ ਹੁੰਦਾ ਸੀ। ਜੋ ਗੁਣ ਇਕ ਮਹਾਂਪੁਰਖ ਵਿਚ ਹੁੰਦੇ ਹਨ ਉਨ੍ਹਾਂ ਵਿਚ ਉਹ ਸਾਰੇ ਗੁਣ ਸਨ।

ਉਨ੍ਹਾਂ ਵਿਚ ਸ੍ਵੈ ਵਿਸ਼ਵਾਸ ਦ੍ਰਿੜਤਾ ਉਲੇਖਨੀਯ ਸੀ, ਅਣਖ ਗੈਰਤ ਦੇ ਪੁਤਲੇ ਸਨ। ਇਨ੍ਹਾਂ ਮਹਾਨ ਗੁਣਾਂ ਨੇ ਉਨ੍ਹਾਂ ਨੂੰ ਆਗੂ ਬਣਾਇਆ।' ਆਪਣੀ ਰਿਪੋਰਟ ਦੇ ਅੰਤ ਵਿਚ ਮਿ. ਮੈਕਲੋਡ ਨੇ ਲਿਖਿਆ ਹੈ।

'ਬਾਬਾ ਮਹਾਰਾਜਾ ਸਿੰਘ ਜੀ ਦਾ ਪਵਿੱਤਰ ਜੀਵਨ ਮਹਾਨ ਗੁਣ ਸੀ ਜਿਸ ਕਾਰਣ ਲੋਕਾਂ ਵਿਚ ਉਨ੍ਹਾਂ ਵਾਸਤੇ ਹੁਣ ਤਕ ਸਤਿਕਾਰ ਹੈ। ਸਾਰੇ ਇਲਾਕਿਆਂ ਵਿਚੋਂ ਉਨ੍ਹਾਂ ਨੇ ਹਜ਼ਾਰਾਂ ਆਦਮੀਆਂ ਨੂੰ ਇਕਤਰ ਕਰ ਲਿਆ ਸੀ।

ਜਦ ਉਹ ਜੰਮੂ ਦੇ ਇਲਾਕੇ ਵਿਚ ਫਿਰ ਰਹੇ ਸਨ ਤਾਂ ਹਜ਼ਾਰਾਂ ਵਿਅਕਤੀ ਉਨ੍ਹਾਂ ਦੇ ਨਾਲ ਸਨ। ਇਸ ਤੋਂ ਪਤਾ ਲੱਗਦਾ ਕਿ ਉਨ੍ਹਾਂ ਦਾ ਪ੍ਰਭਾਵ ਇਕੱਲੇ ਦੁਆਬੇ ਵਿਚ ਨਹੀਂ ਮਾਝੇ ਅਤੇ ਮਾਲਵੇ ਵਿਚ ਵੀ ਉਨ੍ਹਾਂ ਦੀ ਲਹਿਰ ਦਾ ਅਸਰ ਸੀ।'

ਜਿਵੇਂ ਅਸੀਂ ਉਪਰ ਲਿਖਿਆ ਹੈ ਸੰਤ ਮਹਾਰਾਜ ਸਿੰਘ ਜੀ ਭਾਰਤ ਵਿਚ ਸੁਤੰਤ੍ਰਤਾ ਦੀ ਲਹਿਰ ਦਾ ਪਹਿਲਾ ਸੰਗਰਾਮੀਆਂ ਸੀ ਜਿਸ ਨੇ ਹਰਿਮੰਦਰ ਜੀ ਸੁਧਾਸਰ ਸਰੋਵਰ ਵਿਚ ਇਸ਼ਨਾਨ-ਅਰਦਾਸ ਕਰਕੇ ਕੰਡਿਆਂ ਦਾ ਰਸਤਾ ਚੁਣਨ ਲਈ ਇਨਕਲਾਬੀ ਪ੍ਰਣ ਨੂੰ 'ਸਮਦੂ ਦੇ ਤਲਾ' ਤੇ ਆਪਣੇ ਸਾਥੀਆਂ ਅੱਗੇ ਇਸ ਤਰ੍ਹਾਂ ਦੁਹਰਾਇਆ ਸੀ।

**'ਗੋਰੇ ਨੂੰ ਦੇਸ਼ ਵਿਚੋਂ ਕੱਢਣ ਲਈ ਮੈਂ ਪੂਰੀ ਸ਼ਕਤੀ ਲਾਵਾਂਗਾ। ਸਰੀਰ ਦੇ ਅੰਤਿਮ ਸ੍ਵਾਸਾਂ ਤੱਕ ਇਸ ਧਰਮ ਯੁਧ ਵਿਚ ਲਗਾ ਰਹਾਂਗਾ। ਜੇਕਰ ਮੰਦ ਭਾਗਾਂ ਨਾਲ ਹਾਰ ਜਾਵਾਂਗਾ ਤਾਂ ਵੀ ਫਰੰਗੀ ਜਾਂ ਕਿਸੇ ਦੇਸ਼ ਘਾਤਕ ਅੱਗੇ ਹਥਿਆਰ ਨਹੀਂ ਸੁਟਾਂਗਾ ਅਤੇ ਗੁਰੂ ਜੀ ਦੀ ਬਖਸ਼ੀ ਹੋਈ ਕ੍ਰਿਪਾਨ ਦਾ ਅਪਮਾਨ ਨਹੀਂ ਹੋਣ ਦੇਵਾਂਗਾ। ਅੰਗ੍ਰੇਜ਼ ਦੇ ਅਨੁਸਾਰ ਚਲਣ ਵਾਲੇ ਸਿੱਖਾਂ ਅਤੇ ਅਨਯ ਲੋਕਾਂ ਨਾਲ ਕੋਈ ਸੰਪਰਕ ਨਹੀਂ ਰਖਾਂਗਾ।'**

ਬਾਬਾ ਜੀ ਇਸ ਮਹਾਨ ਪ੍ਰਣ ਅਨੁਸਾਰ ੧੮੪੬ ਤੋਂ ੧੮੫੬ (ਅੰਤਿਮ ਸ੍ਵਾਸਾਂ) ਤਕ ਆਪਣੇ ਪ੍ਰਣ ਤੇ

ਦ੍ਰਿੜ੍ਹਤਾ ਨਾਲ ਕਾਇਮ ਰਹੇ।

ਬਾਬਾ ਜੀ ਨੇ ਅੰਗ੍ਰੇਜ਼ ਨੂੰ ਪੰਜਾਬ (ਅਤੇ ਦੇਸ਼) ਵਿਚੋਂ ਕੱਢਣ ਲਈ ਕਿੰਨ੍ਹਾਂ ਸੰਘਰਸ਼ ਕੀਤਾ। ਕਿਵੇਂ ਪੰਜਾਬ ਨੂੰ ਜੱਥੇਬੰਦ ਕੀਤਾ? ਸੰਘਰਸ਼ ਵਿਚ ਹਿੰਦੂਆਂ, ਮੁਸਲਮਾਨਾਂ, ਡੋਗਰਿਆਂ, ਰਾਜਪੂਤਾਂ ਨੂੰ ਇਕ ਸੂਤ੍ਰ ਵਿਚ ਬੰਨ੍ਹਿਆ। ਇਨ੍ਹੇ ਮਹਾਨ ਇਕੱਠ ਲਈ ਲੰਗਰ ਦਾ ਪ੍ਰਬੰਧ, ਚਿੱਠੀ ਪਤ੍ਰ ਦਾ ਪ੍ਰਬੰਧ, ਆਪਣੇ ਅਗਿਆਤਵਾਸ ਦਾ ਪ੍ਰਬੰਧ ਕਰਨ ਤੋਂ ਬਾਬਾ ਜੀ ਦੀ ਕੁਸ਼ਲ ਵਿਵਹਾਰਕਤਾ, ਦੂਰ ਦ੍ਰਿਸ਼ਟੀ, ਰਾਜਨੀਤਿਕ ਸੂਝ ਦਾ ਪਤਾ ਲੱਗਦਾ ਹੈ।

ਬਾਬਾ ਮਹਾਰਾਜ ਸਿੰਘ ਜੀ ਤੋਂ ੧੯ ਵਰਸ਼ ਮਗਰੋਂ ੧੮੫੭ ਦਾ ਗਦਰ ਹੋਇਆ। ਗਦਰ ਤੋਂ ੩ ਵਰਸ਼ ਬਾਅਦ ਕੂਕਿਆਂ ਦੀ ਲਹਿਰ ਚੱਲੀ। ਇਹ ਦੋਨੋਂ ਲਹਿਰਾਂ ਧਰਮ ਦੇ ਸਹਾਰੇ ਨਾਲ ਤੋਰੀਆਂ ਗਈਆਂ। ਦੋਨ੍ਹਾਂ ਲਹਿਰਾਂ ਦੀ ਕੋਈ ਨਿਸ਼ਚਤ ਸੇਧ ਨਹੀਂ ਸੀ। ੧੮੫੭ ਦਾ ਗਦਰ ਤਾਂ ਨਿਰੋਲ ਹੀ ਜ਼ਿੰਦਗੀ ਤੋਂ ਹਾਰੇ, ਬੇ-ਸੇਧੇ, ਨਿਰਾਸ਼ਾਵਾਦੀ ਵਿਅਕਤੀਆ ਦੀ ਹੁਲੜਬਾਜੀ ਸੀ। ਇਨ੍ਹਾਂ ਦਾ ਕੋਈ ਵਿਧੀਵਤ ਸੰਗਠਨ ਨਹੀਂ ਸੀ, ਪ੍ਰਮੁੱਖ ਆਗੂ ਨਹੀਂ ਸੀ, ਕੋਈ ਲਕਸ਼ ਨਹੀਂ ਸੀ। ਇਸ ਲਹਿਰ ਦੇ ਮੰਗਲਪਾਂਡੇ ਨਾਮ ਦੇ ਸਿਪਾਹੀ ਨੂੰ ਬੜਾ ਉਭਾਰਿਆ ਜਾ ਰਿਹਾ ਹੈ ਪਰ ਉਹ ਅਨੇਕ ਨਸ਼ਿਆਂ ਦਾ ਸੇਵਨ ਕਰਨ ਵਾਲਾ ਸਾਹਸ ਹੀਣ ਵਿਅਕਤੀ ਸੀ। ਕੇਵਲ ਸੁਖ ਨਿਧਾਨ ਦੀ ਮੌਜ਼ ਵਿਚ ਤਲਵਾਰ ਕੱਢਕੇ ਕੋਲ ਖੜ੍ਹਿਆਂ ਨੂੰ ਬੋਲਿਆ, 'ਫਰੰਗੀ ਤੁਹਾਡੇ ਕੋਲ ਖੜ੍ਹਾ ਹੈ, ਇਸ ਨੂੰ ਤੁਸੀਂ ਕੁਝ ਨਹੀਂ ਕਰਨ ਜੋਗੇ। ਅਸੀਂ ਕਾਰਤੂਸ ਮੂੰਹ ਨਾਲ ਤੋੜ ਕੇ ਆਪਣਾ ਧਰਮ ਨਹੀਂ ਗਵਾਉਣਾ।'

ਦੋ ਅੰਗ੍ਰੇਜ਼ ਅਫਸਰਾਂ ਨੇ ਉਸ ਨੂੰ ਤੁਰੰਤ ਕਾਬੂ ਕਰ ਲਿਆ। ਮੰਗਲਪਾਂਡੇ ਗੋਲੀ ਨਾਲ ਆਪਣੀ ਆਤਮ ਹਤਿਆ ਕਰਨ ਲੱਗਾ ਪਰ ਇਹ ਵੀ ਨਾ ਕਰ ਸਕਿਆ।

ਕੁਝ ਦਿਨ ਉਸ ਤੇ ਮੁਕਦਮਾ ਚਲਾ ਕੇ ਸਥਾਨਕ ਬੋਹੜ ਦੇ ਬ੍ਰਿਛ ਨਾਲ ੧੦ ਮਈ ੧੮੫੭ ਨੂੰ ਫਾਂਸੀ ਦੇ ਦਿੱਤਾ ਗਿਆ। ੫੭ ਦੇ ਬਾਗੀਆਂ ਨੇ ਜਨ ਸਾਧਾਰਣ ਨੂੰ ਭੜਕਾਉਣ ਵਾਸਤੇ ਕਈ ਮੁੱਦੇ ਕਲਪੇ ਸਨ।

੧. ਕਾਰਤੂਸਾਂ ਨੂੰ ਮੂੰਹ ਨਾਲ ਇਸ ਵਾਸਤੇ ਤੋੜਨ ਲਈ ਆਖਿਆ ਜਾਂਦਾ ਹੈ ਇਨ੍ਹਾਂ ਵਿਚ ਗਊ ਅਤੇ ਸੂਰ ਦੀ ਚਰਬੀ ਹੈ। ਹਿੰਦੂਆਂ ਅਤੇ ਮੁਸਲਮਾਨਾਂ ਦਾ ਧਰਮ ਖਤਮ ਕਰਨ ਲਈ ਇਉਂ ਕੀਤਾ ਗਿਆ ਹੈ।

੨. ਟੈਲੀਫੋਨ ਦੀ ਤਾਰ ਬਾਰੇ ਵੀ ਪ੍ਰਚਾਰ ਕੀਤਾ ਗਿਆ ਕਿ ਸਾਡਾ ਧਰਮ ਭ੍ਰਿਸ਼ਟ ਕਰਨ ਲਈ ਚੌਫੇਰੇ ਜਾਦੂ ਦਾ ਜੰਤ੍ਰ ਤਾਣਿਆ ਗਿਆ ਹੈ।

੩. ਰੇਲ ਦੇ ਇਕ ਡੱਬੇ ਵਿਚ ਇਕੋ ਫੱਟੇ ਤੇ ਬ੍ਰਾਹਮਣ, ਸ਼ੂਦਰ ਅਤੇ ਅਛੂਤਾਂ ਦਾ ਬਰਾਬਰ ਬੈਠਣਾ ਧਰਮ ਮਰਯਾਦਾ ਦੇ ਉਲਟ ਹੈ।

੪. ਹਵਨ ਦੇ ਧੂਏਂ ਦੇ ਬਰਾਬਰ ਰੇਲਵੇ ਦੇ ਕੋਲੇ ਦੇ ਧੂਏਂ ਤੋਂ ਦੇਵਤਿਆਂ ਦੀ ਨਰਾਜਗੀ ਦਾ ਸਹਿਮ ਵੀ ਪਾਇਆ ਗਿਆ।

ਮੇਰਠ (ਉਤਰ ਪ੍ਰਦੇਸ਼) ਦੀ ਛਾਉਣੀ ਦੇ ੩੦੦ ਸਿਪਾਹੀ ਕਾਰਤੂਸਾਂ ਦਾ ਮੁੱਦਾ ਲੈਕੇ ਦਿੱਲੀ ਵਲ ਚਲ ਪਏ। ਰਸਤੇ ਵਿਚ ਹੋਰ ਅਨੇਕ ਲੋਕ ਮਿਲਦੇ ਗਏ। ਦਿੱਲੀ ਜਾਕੇ ਨਾਮ ਧਰੀਕ ਬਾਦਸ਼ਾਹ ਬਹਾਦਰਸ਼ਾਹ ਨੂੰ ਦੇਸ਼ ਦਾ ਬਾਦਸ਼ਾਹ ਘੋਸ਼ਤ ਕਰ ਦਿੱਤਾ। ਬਹਾਦਰਸ਼ਾਹ ਨਾ ਬਹਾਦਰ ਸੀ, ਨਾ ਤਲਵਾਰ ਦਾ ਧਨੀ ਸੀ, ਨਾ ਉਸ ਨੂੰ ਕੋਈ ੧੮੫੭ ਦੀ ਲਹਰ ਨਾਲ ਲਗਾਉ ਸੀ, ਨਾ ਉਸ ਦੀ ਇੱਛਾ ਨਾਲ ਇਹ ਲਹਿਰ ਖੜੀ ਹੋਈ ਸੀ, ਉਹ ਲਾਲ ਕਿਲ੍ਹੇ ਵਿਚ ਅਰਾਮ ਦੇ ਦਿਨ ਕਟਣ ਦੀ ਇੱਛਾ ਰਖਦਾ ਸੀ। ਈਸਟ ਇੰਡੀਆਂ ਕੰਪਨੀ ਦਾ ਇਸ ਨੂੰ ਕਲਪਤ ਬਾਦਸ਼ਾਹੀ

ਲਕਬ ਦਿੱਤਾ ਹੋਇਆ ਸੀ। ਇਸ ਲਕਬ ਦੀ ਇਸ ਨੇ ਸਿੱਖ ਰਾਜ ਦੇ ਖ਼ਤਮ ਹੋਣ ਵਾਲੇ ਦਿਨ ੨੧ ਤੋਪਾਂ ਚਲਾਕੇ ਵਰਤੋਂ ਕੀਤੀ ਸੀ। ਸਿੱਖ ਰਾਜ ਦੇ ਖਤਮ ਹੋਣ ਦੀ ਖੁਸ਼ੀ ਮਨਾਈ ਸੀ ਅਤੇ ਈਸ਼ਟ ਇੰਡੀਆਂ ਕੰਪਨੀ ਨੂੰ ਪ੍ਰਸੰਨ ਕੀਤਾ ਸੀ। ਚਾਂਦਨੀ ਚੌਂਕ ਵਿਚ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਸੀਸ ਗੰਜ ਢੁਹਾ ਕੇ ਮਸੀਤ ਉਸਾਰ ਦਿੱਤੀ ਸੀ। ਇਹ ਕੰਮ ਬਹਾਦਰਸ਼ਾਹ ਨੇ ਕੀਤਾ ਸੀ।

੧੮੫੭ ਦੇ ਗਦਰ ਦੇ ਜਿਨ੍ਹਾਂ ਭਈਆਂ ਨੂੰ ਭਾਰਤ ਦੀ ਕੇਂਦਰੀ ਸਰਕਾਰ ਮਹਾਨ ਦੇਸ਼ ਭਗਤ ਕਹਿੰਦੀ ਫੁਲੀ ਨਹੀਂ ਸਮਾਉਂਦੀ ਅਤੇ ਕ੍ਰੋੜਾਂ ਰੁਪਏ ਖਰਚ ਕਰ ਰਹੀ ਹੈ। ਇਹ ਭਈਏ ਥੋੜ੍ਹੇ ਦਿਨ ਪਹਿਲਾਂ ਫਰੰਗੀ ਦੇ ੨-੨ ਰੁਪਏ ਤੇ ਨੌਕਰ ਹੋਕੇ ਮੁਦਕੀ ਅਤੇ ਹੋਰ ਲੜਾਈਆਂ ਵਿਚ ਸਿੱਖ ਰਾਜ ਦੇ ਵਿਰੁੱਧ ਲੜੇ ਸਨ। ਆਪਣੇ ਪਿੰਡਾਂ ਵਿਚ ਬੜੇ ਫ਼ਖ਼ਰ ਨਾਲ ਤਾਲੀ ਮਾਰਕੇ ਹੱਸਦੇ ਹੋਏ ਕਿਹਾ ਕਰਦੇ ਸਨ, 'ਹਮ ਤੇ ਸਾਹਿਬਾਂ ਨੇ ਸੀਂਘੜਿਉਂ ਕੋ ਲੋਹੇ ਕੇ ਚਨੇ ਚਬਾ ਦੀਏ।' ਇਹ ਸਿੱਖ ਰਾਜ ਨੂੰ ਖਤਮ ਕਰਨ ਵਿਚ ਹਿੱਸਾ ਪਾਉਣ ਵਾਲੇ ਭਈਏ ਹੁਣ ਦੇਸ ਭਗਤ ਬਣ ਗਏ।

ਝਾਂਸੀ ਰਿਆਸਤ ਦੀ ਨਿਰ ਸੰਤਾਨ ਵਿਧਵਾ ਮਹਾਰਾਣੀ ਦਾ ਇਕ ਬੱਚਾ ਮਤਵੰਨਾ ਬਣਾਇਆ ਹੋਇਆ ਸੀ ਜਿਸ ਬਾਰੇ ਅੰਗ੍ਰੇਜ਼ ਸਰਕਾਰ ਨੇ ਬਹੁਤ ਚਿਰ ਪਹਿਲੇ ਸਪਸ਼ਟ ਕਰ ਦਿੱਤਾ ਸੀ ਕਿ ਇਹ ਮਤਵਨਾ ਪਰਵਾਨ ਨਹੀਂ ਹੈ, ਤੇਰੇ ਮਰਨ ਉਪਰੰਤ ਰਿਆਸਤ ਅੰਗ੍ਰੇਜ਼ੀ ਇਲਾਕੇ ਵਿਚ ਮਿਲਾਈ ਜਾਵੇਗੀ। ੧੮੫੭ ਦੇ ਗਦਰ ਸਮੇਂ ਮਹਾਰਾਣੀ ਝਾਂਸੀ ਵਾਰ-ਵਾਰ ਬਿਨੈ ਪਤ੍ਰ ਦਿੰਦੀ ਰਹੀ ਕਿ ਜੇ ਮੇਰੇ ਮਤਵੰਨੇ ਨੂੰ ਪਰਵਾਨ ਕਰ ਲਉਂ ਮੈਂ ਬਾਗੀਆਂ ਦਾ ਇਕ ਦਿਨ ਵਿਚ ਸਫਾਇਆ ਕਰ ਦੇਵਾਂਗੀ ਪਰ ਗੋਰਿਆਂ ਨੇ ਉਸ ਦੇ ਕਿਸੇ ਪ੍ਰਾਰਥਨਾ ਪਤ੍ਰ ਤੇ ਧਿਆਨ ਨਹੀਂ ਦਿੱਤਾ, ਬੇਵੱਸ ਨਿਰਾਸ ਹੋਈ ਜੂਨ ੧੮੫੮ ਨੂੰ ਆਪਣੇ ਮਤਵੰਨੇ ਸਹਿਤ ਅੰਗ੍ਰੇਜ਼ਾਂ ਨਾਲ ਲੜਦੀ ਹੋਈ ਮਾਰੀ ਗਈ। ੧੮੫੭ ਦਾ ਗਦਰ ਆਜ਼ਾਦੀ ਦੀ ਜੰਗ ਨਹੀਂ ਸੀ, ਇਹ ਰਾਜਿਆਂ ਰਈਸਾਂ ਦੇ ਆਪਣੇ ਆਪਣੇ ਮੁਫਾਦਾਂ ਦਾ ਰੋਸਾ ਸੀ ਇਸ ਬਲਵੇ ਵਿਚ ਜਨ ਸਾਧਾਰਣ ਨੂੰ ਕਾਰਤੂਸਾਂ ਵਰਗੇ ਭੁਲੇਖਿਆਂ ਵਿਚ ਪਾ ਕੇ ਮਰਵਾਇਆ ਗਿਆ। ਇਹ ਬਲਵਾ ਬਾਬਾ ਮਹਾਰਾਜ ਸਿੰਘ ਜੀ ਦੇ ਸੰਘਰਸ਼ ਤੋਂ ੧੯ ਵਰਸ ਮਗਰੋਂ ਹੋਇਆ ਸੀ। ਇਹ ਬੇ-ਸਿਟਾ, ਬੇ-ਸੇਧਾ ਅਰਥ ਹੀਨ ਸੀ।

ਬਾਬਾ ਰਾਮ ਸਿੰਘ ਜੀ ਨਾਮ ਅਭਿਆਸੀ ਸਿਮਰਨ ਵਾਲੀ ਆਤਮਾ ਸਨ। ਆਪ ਜੀ ਗੁਰਬਾਣੀ ਦਾ ਪਾਠ ਅਤੇ ਸ੍ਵਾਸ-ਸ੍ਵਾਸ ਸਿਮਰਨ ਕਰਦੇ ਸਨ। ਆਪਣੀ ਸੰਗਤ ਅਤੇ ਸਰਬੱਤ ਨੂੰ ਵਾਰਵਾਰ ਨਾਮ ਜਪਣ ਦਾ ਉਪਦੇਸ਼ ਦਿੰਦੇ ਸਨ। ਸਿਖ ਰਾਜ ਦੇ ਖ਼ਤਮ ਹੋ ਜਾਣ ਦਾ ਉਨ੍ਹਾਂ ਦੇ ਮਨ ਵਿਚ ਬਹੁਤ ਦੁਖ ਸੀ। ਉਹ ਮਨ ਬਾਣੀ ਕਰਕੇ ਫਰੰਗੀ ਨੂੰ ਦੇਸ਼ ਵਿਚੋਂ ਕਢਣ ਦੀ ਤੀਬਰ ਇੱਛਾ ਰਖਦੇ ਸਨ ਪਰ ਗਊ ਰਖਿਆ ਨੂੰ ਪ੍ਰਮੁੱਖਤਾ ਦੇਣ ਕਰਕੇ ਆਪ ਜੀ ਦੇ ਪੈਰੋਕਾਰ ਆਪ ਜੀ ਦੀ ਆਗਿਆ ਤੋਂ ਬੇ-ਵਾਹਰੇ ਹੋ ਗਏ। ੧੫ ਸਤੰਬਰ ੧੮੭੧ ਨੂੰ ਅੰਮ੍ਰਿਤਸਰ ਵਿਚ ਬੁਚੜ ਮਾਰਨ ਦੇ ਦੋਸ਼ ਵਿਚ ੪ ਚਾਰ ਨਾਮਧਾਰੀ ਸਿੰਘ ਫਾਂਸੀ ਚਾਹੜੇ ਗਏ। ੧੩ ਜਨਵਰੀ ੧੮੭੨ ਨੂੰ ਮਲੌਦ ਤੇ ਹਮਲਾ ਕੀਤਾ। ੧੪ ਜਨਵਰੀ ੧੮੭੨ ਨੂੰ ਮਲੇਰ ਕੋਟਲੇ ਬੁਚੜ ਖਾਨੇ ਤੇ ਹਮਲਾ ਕੀਤਾ। ਅਸਲ ਉਦੇਸ (ਸੁਤੰਤ੍ਰਤਾ ਪ੍ਰਾਪਤੀ) ਪਾਸੇ ਰਹਿ ਗਿਆ। ਇਨ੍ਹਾਂ ਘਟਨਾਵਾਂ ਵਿਚ ਗ੍ਰਿਫਤਾਰ ਕੀਤੇ ਨਾਮਧਾਰੀ ਸਿੰਘ ਮਲੇਰਕੋਟਲੇ ਵਿਚ ਤੋਪਾਂ ਨਾਲ ਉਡਾਏ ਗਏ ਅਤੇ ੧੮ ਜਨਵਰੀ ੧੮੭੨ ਨੂੰ ਬਾਬਾ ਰਾਮ ਸਿੰਘ ਨੂੰ ਜ਼ਲਾ ਵਤਨ ਕੀਤਾ ਗਿਆ।

ਬਾਬਾ ਜੀ ਨੇ ਫਰੰਗੀ ਦਾ ਪੱਕਾ ਬਾਈਕਾਟ ਕੀਤਾ, ਨਾ ਮਿਲਵਰਤਨ ਨੂੰ ਦ੍ਰਿੜ੍ਹਤਾ ਨਾਲ ਲਾਗੂ ਕੀਤਾ। ਫਰੰਗੀ ਦੇ ਡਾਕ ਵਿਭਾਗ ਦਾ, ਕਚਹਿਰੀ ਦਾ, ਸਭ ਤਰ੍ਹਾਂ ਦੀਆਂ ਵਿਦੇਸ਼ੀ ਵਸਤੂਆਂ ਅਤੇ ਰੇਲਵੇ ਦਾ ਪੂਰੀ ਤਰ੍ਹਾਂ ਬਾਈਕਾਟ ਰਖਿਆ। ਪੈਰੋਕਾਰ ਬਾਬਾ ਜੀ ਦੀ ਆਗਿਆ ਵਿਚ ਚਲਦੇ, ਸ਼ਾਇਦ ਕੋਈ ਸਫਲਤਾ ਪ੍ਰਾਪਤ ਹੁੰਦੀ ਪਰ ਇਹ ਲਹਿਰ ਗਊ ਰਖਿਆ ਤਕ ਹੀ ਸੀਮਤ ਹੋ ਕੇ ਰਹਿ ਗਈ।

# ਬਾਬਾ ਖੁਦਾ ਸਿੰਘ ਜੀ

***ਜਾ ਕਉ ਹਰਿ ਰੰਗੁ ਲਾਗੋ ਇਸੁ ਜਗੁ ਮਹਿ ਸੋ ਕਹੀਅਤ ਹੈ ਸੂਰਾ ॥***
***ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥***

*(ਪੰਨਾ ੬੭੯)*

ਬ੍ਰਹਮਸ੍ਰੋਤ੍ਰੀਯ, ਬ੍ਰਹਮਨੇਸ਼ਟੀ, ਬ੍ਰਹਮਗਿਆਨੀ ਬਾਬਾ ਖੁਦਾ ਸਿੰਘ ਜੀ ਦਾ ਜਨਮ ਮਾਤਾ ਸੁਖਦੇਈ, ਪਿਤਾ ਸ੍ਰ: ਨੱਥਾ ਸਿੰਘ ਦੇ ਘਰ ਪਿੰਡ ਸਿਆਮਗੜ੍ਹ ਜ਼ਿਲ੍ਹਾ ਕੁਰੂਕਸ਼ੇਤ੍ਰ (ਹਰਿਆਣਾ) ਵਿਚ ਹੋਇਆ। ਮਾਤਾ-ਪਿਤਾ ਨੇ ਆਪ ਜੀ ਦਾ ਨਾਮ 'ਜਸਵੰਤ ਸਿੰਘ' ਰਖਿਆ। ਬਚਪਨ ਵਿਚ ਆਪ ਜੀ ਨੂੰ ਹਰ ਤਰ੍ਹਾਂ ਦੀ ਸਿਖਿਆ ਦਿੱਤੀ ਗਈ। ਗੁਰਮੁਖੀ ਪੜ੍ਹਾਕੇ ਗੁਰਬਾਣੀ ਦੇ ਪਾਠੀ ਬਣਾਇਆ ਗਿਆ। ਘੋੜ ਸਵਾਰੀ, ਧਨੁਰ ਵਿਦਿਆ (ਸ਼ਸਤ੍ਰ ਅਭਿਆਸ) ਵਿਚ ਪ੍ਰਪੱਕ ਕੀਤਾ ਗਿਆ। ਛੇ ਵਰਸ਼ ਦੀ ਆਯੂ ਵਿਚ ਅੰਮ੍ਰਿਤਪਾਨ ਕਰਾਇਆ ਗਿਆ। ਆਪ ਜੀ ਗੁਰਬਾਣੀ ਦਾ ਮਧੁਰ ਸੁਰ ਵਿਚ ਸ਼ੁਧ ਪਾਠ ਕਰਦੇ ਸਨ। ੧੭ ਵਰਸ਼ ਦੀ ਆਯੂ ਵਿਚ ਬੀਬੀ ਚੰਦ ਕੌਰ ਨਾਲ ਵਿਆਹ ਹੋਇਆ। ਮਾਤਾ ਚੰਦ ਕੌਰ ਵੀ ਸ੍ਰੇਸ਼ਟ ਪਰਿਵਾਰ ਦੀ ਲੜਕੀ ਸੀ। ਉਪਰੰਤ ਮਾਤਾ ਪਿਤਾ ਦੀ ਆਗਿਆ ਨਾਲ ਪੁਲਿਸ ਵਿਚ ਭਰਤੀ ਹੋ ਗਏ ਅਤੇ ਕੁਰੜੀ ਜ਼ਿਲ੍ਹਾ ਕੁਰੂਕਸ਼ੇਤ੍ਰ ਦੇ ਥਾਨੇ ਵਿਚ ਥਾਨੇਦਾਰ ਲਗ ਗਏ। ਆਪ ਜੀ ਗੁਰਬਾਣੀ ਦੇ ਨਿਤਨੇਮੀ, ਪਰਮਾਰਥ ਦੀ ਲਗਨ ਵਾਲੇ, ਉੱਚੇ ਵਿਚਾਰਾਂ ਵਾਲੇ ਧਾਰਮਿਕ ਵਿਅਕਤੀ ਸਨ।

ਇਕ ਵਾਰ ਬਾਬਾ ਬੀਰ ਸਿੰਘ ਜੀ ਕੁਰੜੀ ਵਿਚ ਆਏ। ਸੁਬਹ ਅੰਮ੍ਰਿਤ ਵੇਲੇ ਜਸਵੰਤ ਸਿੰਘ ਜੀ ਧਰਮਸ਼ਾਲਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰ ਰਹੇ ਸਨ। ਬਾਬਾ ਬੀਰ ਸਿੰਘ ਜੀ ਧਰਮਸ਼ਾਲਾ ਵਿਚ ਆਕੇ ਪਾਠ ਸ਼ਰਵਨ ਕਰਦੇ ਰਹੇ। ਪਾਠ ਦੀ ਸਮਾਪਤੀ ਕਰਕੇ ਜਸਵੰਤ ਸਿੰਘ ਜੀ ਨੇ ਬਾਬਾ ਜੀ ਨੂੰ ਨਮਸਕਾਰ ਕੀਤੀ। ਬਾਬਾ ਜੀ ਨੇ ਪ੍ਰਸੰਨ ਮੁੱਖ ਫੁਰਮਾਇਆ, 'ਭਾਈ ਜਸਵੰਤ ਸਿੰਘ, ਅਸੀਂ ਤਾਂ ਤੁਹਾਨੂੰ ਲੈਣ ਆਏ ਹਾਂ।'

ਜਸਵੰਤ ਸਿੰਘ ਨੇ ਆਖਿਆ, 'ਜੀ ! ਸਤਿ ਬਚਨ।'

ਬਾਬਾ ਜੀ ਨੌਰੰਗਾਬਾਦ ਨੂੰ ਆ ਗਏ ਅਤੇ ਭਾਈ ਜਸਵੰਤ ਸਿੰਘ ਵੀ ਤਿਆਗ ਪੱਤਰ ਦੇਕੇ ਬਾਬਾ ਜੀ ਕੋਲ ਨੌਰੰਗਾਬਾਦ ਪਹੁੰਚ ਗਏ। ਭਾਈ ਜਸਵੰਤ ਸਿੰਘ ਨੇ ਨੌਰੰਗਾਬਾਦ ਅਤੇ ਊਨਾ ਸਾਹਿਬ ਵਿਚ ਅਣਥੱਕ, ਅਕਹਿ ਸੇਵਾ ਕੀਤੀ। ਸ੍ਵਾਸ-ਸ੍ਵਾਸ ਸੇਵਾ ਸਿਮਰਨ ਵਿਚ ਬਤੀਤ ਹੋਣ ਲੱਗਾ। ਨਾਮ ਅਭਿਆਸ ਨਾਲ ਅਵਸਥਾ ਬਹੁਤ ਉੱਚੀ ਹੋ ਗਈ। ਆਪ ਆਪਣੇ ਆਨੰਦ ਅਤੇ ਮਸਤੀ ਵਿਚ ਭ੍ਰਮਣ ਕਰਦੇ ਸਤਿਨਾਮੁ ਦਾ ਉਪਦੇਸ਼ ਦਿੰਦੇ ਹੋਏ ਪੋਠੋਹਾਰ, ਅਟਕ, ਨੁਸ਼ਹਿਰਾ, ਪਿਸ਼ਾਵਰ, ਕਾਬਲ, ਕੰਧਾਰ, ਗਜਨੀ, ਬਲਖ, ਬੁਖਾਰੇ ਅਤੇ ਸਾਰੇ ਅਫਗਾਨਿਸਤਾਨ ਵਿਚ ਨਿਰਭੈ ਫਿਰਦੇ ਹੋਏ ਗੁਰੂ ਨਾਨਕ ਦੇਵ ਜੀ ਦੇ ਨਾਮ ਦਾ ਪ੍ਰਚਾਰ ਕਰਦੇ ਰਹੇ। ਹਿੰਦੂ ਸਾਧੂਆਂ ਨੇ ਮਲੇਛ ਧਰਤੀ ਕਹਿਕੇ ਅਫਗਾਨਿਸਤਾਨ ਦਾ ਤਿਆਗ ਕੀਤਾ ਹੋਇਆ ਸੀ। ਕਈ ਸਦੀਆਂ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਾਵਨ ਚਰਨ ਕਮਲ ਨਾਲ ਅਫਗਾਨਿਸਤਾਨ ਨੂੰ ਪਾਵਨ ਕੀਤਾ ਅਤੇ ਲੱਖਾਂ ਵਿਅਕਤੀਆਂ ਨੂੰ ਸੱਚੇ

ਮਾਰਗ ਪਾਇਆ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਬਾਬਾ ਖੁਦਾ ਸਿੰਘ ਜੀ ਪਹਿਲੇ ਨਿਰਭਉ-ਨਿਰਵੈਰ ਸਮਦ੍ਰਿਸ਼ਟੀ ਬ੍ਰਹਮਗਿਆਨੀ ਸਨ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਨਾਮ ਦਾ ਇਸ ਧਰਤੀ ਤੇ ਝੰਡਾ ਗਡਿਆ। ਜਨ ਸਾਧਾਰਣ ਲੋਕਾਂ ਵਿਚ ਹੀ ਨਹੀਂ ਸ਼ਾਹੀ ਮਸੀਤ ਵਿਚ ਮੁਲਾਂ, ਕਾਜੀਆਂ ਨੂੰ ਅਤੇ ਸ਼ਾਹੀ ਮਹਲਾਂ ਵਿਚ ਬਾਦਸ਼ਾਹ ਸਮੇਤ ਸ਼ਾਹੀ ਪਰਿਵਾਰ ਨੂੰ ਆਪਣੇ ਤਪ-ਤੇਜ਼ ਨਾਲ ਝੁਕਾਇਆ। ਬਾਬਾ ਜੀ ਦਾ ਸਾਰਾ ਜੀਵਨ ਪਰ-ਉਪਕਾਰੀ, ਆਲੌਕਿਕ ਚਮਤਕਾਰੀ, ਵਿਸਮਯ ਕਰ ਦੇਣ ਵਾਲਾ ਹੈ ਪਰ ਅਸੀਂ ਪਾਠਕਾਂ ਤੋਂ ਖਿਮਾਂ ਮੰਗਦੇ ਹੋਏ ਬਾਬਾ ਜੀ ਦੇ ਕੇਵਲ ਕੁਰਬਾਨੀ ਵਾਲੇ ਭਾਗ ਨੂੰ ਅੰਕਿਤ ਕਰਨ ਤਕ ਸੀਮਤ ਰਹਾਂਗੇ।

ਬਾਬਾ ਖੁਦਾ ਸਿੰਘ ਜੀ ਮਸਤ ਅਲਬੇਲੇ ਬ੍ਰਹਮਗਿਆਨੀ ਮਹਾਂਪੁਰਖ ਸਨ। ਹਰਖ-ਸ਼ੋਕ, ਮਾਨ-ਅਪਮਾਨ ਤੋਂ ਉਪਰ ਸਨ। ਉੱਚੀ ਆਤਮਿਕ ਅਵਸਥਾ ਦੇ ਸੁਆਮੀ ਸਨ। ਆਪ ਜੀ ਦੇ ਪੂਜਯ ਮਹਾਂਪੁਰਖ ਬ੍ਰਹਮਗਿਆਨੀ ਬਾਬਾ ਬੀਰ ਸਿੰਘ ਜੀ ਦੀ ਅਵਸਥਾ ਵੀ ਸਤ੍ਰ-ਮਿਤ੍ਰ ਦੇ ਅੰਤਰ ਤੋਂ ਉੱਚੀ ਸੀ। ਪਾਠਕ ਉਪਰ ਅਧਿਐਨ ਕਰ ਆਏ ਹਨ।

ਸਿੱਖਾਂ ਦੀ ਰਾਜਸੀ ਅਵਸਥਾ ਨੂੰ, ਸਿੱਖ ਰਾਜ ਨੂੰ ਕਾਇਮ ਰਖਣ ਲਈ ਬਾਬਾ ਮਹਾਰਾਜ ਸਿੰਘ ਜੀ ਨੇ ਤਿੱਖੇ ਖੰਡੇ ਦੀ ਧਾਰ ਦੇ ਮਾਰਗ ਨੂੰ ਅਪਣਾਇਆ। ਰਾਮ ਨਗਰ, ਚੇਲਿਆਂ ਵਾਲੀ, ਗੁਜਰਾਤ ਦੀਆਂ ਲੜਾਈਆਂ ਵਿਚ ਹਿੱਸਾ ਲਿਆ ਅਤੇ ਫਰੰਗੀ ਨੂੰ ਦੇਸ਼ ਵਿਚੋਂ ਕਢਣ ਲਈ ਸੰਘਰਸ਼ ਆਰੰਭ ਦਿੱਤਾ।

ਇਸ ਸਮੇਂ ਸ: ਜਵਾਹਰ ਸਿੰਘ ਜੀ ਨਲੂਏ ਨੇ ਗੁਰੂ ਦਾ ਵਾਸਤਾ ਪਾਕੇ ਬਾਬਾ ਖੁਦਾ ਸਿੰਘ ਨੂੰ ਪਤ੍ਰਕਾ ਭੇਜੀ ਕਿ ਸਾਨੂੰ ਦਰਸ਼ਨ ਦੇਕੇ ਸਤਿਆ ਬਖਸ਼ੋ। ਬਾਬਾ ਖੁਦਾ ਸਿੰਘ ਜੀ ਸੰਤ ਮੰਡਲੀ ਸਹਿਤ ਗੁਜਰਾਤ ਪੁਜ ਗਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਦੁਆਰੇ ਵਿਚ ਠਹਿਰੇ। ਇਥੇ ਇਕ ਸਿੰਘ 'ਵੈਰਾਗਸ਼ਤਕ' ਪੜ੍ਹ ਰਿਹਾ ਸੀ। ਬਾਬਾ ਖੁਦਾ ਸਿੰਘ ਜੀ ਨੇ ਕਿਹਾ ਇਹ ਵੈਰਾਗਸ਼ਤਕ ਪੜ੍ਹਨ ਦਾ ਕਿਹੜਾ ਸਮਾਂ ਹੈ ? ਹੁਣ ਦਸਮ ਪਾਤਸ਼ਾਹ ਦੀ ਬੀਰ ਰਸੀ ਬਾਣੀ ਪੜ੍ਹਨ ਦੀ ਲੋੜ ਹੈ। ਸਿੱਖ ਸਾਰੀਆਂ ਲੜਾਈਆਂ ਵਿਚ ਹਾਰ ਗਏ। ਪ੍ਰਸਿੱਧ ਆਗੂ ਗ੍ਰਿਫਤਾਰ ਕਰਕੇ ਜ਼ੇਲ੍ਹਾਂ ਵਿਚ ਸਿਟੇ ਗਏ ਅਤੇ ਜਲਾਵਤਨ ਕੀਤੇ ਗਏ। ਬਾਬਾ ਖੁਦਾ ਸਿੰਘ ਜੀ ਨੂੰ ੨੦-੨੫ ਸੰਤਾਂ ਨਾਲ ਗ੍ਰਿਫਤਾਰ ਕਰਕੇ ਹੈਰੀਸਨ ਦੇ ਕੈਂਪ ਵਿਚ ਬੰਦ ਕਰ ਦਿੱਤਾ ਗਿਆ। ਇਸ ਸਮੇਂ ਬਾਬਾ ਜੀ ਦੀ ਧਰਮ ਪਤਨੀ ਮਾਤਾ ਚੰਦ ਕੌਰ ਵੀ ਨਾਲ ਸੀ।

ਕਈ ਕਮਜ਼ੋਰ ਸੰਤਾਂ ਨੇ ਕਿਹਾ, 'ਅਸੀਂ ਅਕਾਰਣ ਹੀ ਫਸ ਗਏ।' ਬਾਬਾ ਜੀ ਨੇ ਕਿਹਾ, 'ਜਿਸ ਨੇ ਜਾਣਾ ਹੈ ਚਲੇ ਜਾਉ, ਤੁਹਾਡੇ ਲਈ ਹੁਣ ਵੀ ਦਰਵਾਜੇ ਖੁਲ੍ਹੇ ਹਨ।' ਹੈਰੀਸਨ ਸੁਬਹ-ਸ਼ਾਮ ਜ਼ੇਲ੍ਹ ਵਿਚ ਆਉਂਦਾ ਅਤੇ ਕਾਫੀ ਸਮਾਂ ਬਾਬਾ ਜੀ ਕੋਲ ਖੜ੍ਹਕੇ ਸਹਿਮ ਪਾਉਣ ਵਾਲੀਆਂ ਗੱਲਾਂ ਕਰਦਾ ਰਹਿੰਦਾ ਪਰ ਬਾਬਾ ਜੀ ਨੇ ਕਦੇ ਉਸ ਨਾਲ ਅੱਖ ਨਹੀਂ ਮਿਲਾਈ ਸੀ।

ਇਕ ਦਿਨ ਮਾਤਾ ਚੰਦ ਕੌਰ ਨੇ ਆਖਿਆ, 'ਮਹਾਰਾਜ ! ਤੁਸੀਂ ਉਠਕੇ ਹੈਰੀਸਨ ਨੂੰ ਸਲਾਮ ਤਾਂ ਕਹਿ ਦਿਉ ਕਰੋ।'

ਬਾਬਾ ਜੀ ਨੇ ਸਿੰਘਘੋਸ਼ਨਾ ਵਿਚ ਆਖਿਆ, 'ਤੂੰ ਸਾਨੂੰ ਡਰਾਉਂਦੀ ਹੈ?' ਅਸੀਂ ਖੁਦ ਬਾਦਸ਼ਾਹ ਹਾਂ, ਸਰਬ ਦੇਵਤੇ ਸਾਡੇ ਅੱਗੇ ਝੁਕਦੇ ਹਨ। ਅਸੀਂ ਹੈਰੀਸਨ ਨੂੰ ਕਿਉਂ ਸਲਾਮ ਕਰੀਏ? ਅਸੀਂ ਕਿਸੇ ਦੇ ਅਧੀਨ ਨਹੀਂ ਹਾਂ।'

ਪਹਿਰੇ ਤੇ ਖੜ੍ਹੇ ਪਹਿਰੇਦਾਰ ਨੇ ਕਿਹਾ, 'ਤੁਸੀਂ ਕੈਦੀ ਹੋ।'

ਬਾਬਾ ਜੀ ਨੇ ਕਿਹਾ, 'ਸਾਰਾ ਸੰਸਾਰ ਕੈਦੀ ਹੈ। ਕੋਈ ਘਰ ਵਿਚ ਕੈਦੀ ਹੈ, ਕੋਈ ਨੌਂਕਰੀ ਵਿਚ ਕੈਦੀ ਹੈ, ਕੋਈ ਖਾਹਸ਼ਾਂ ਦਾ ਕੈਦੀ ਹੈ, ਅਸੀਂ ਸੁਤੰਤ੍ਰ ਹਾਂ। ਅਸੀਂ ਕਿਤੇ ਉਠੀਏ-ਬੈਠੀਏ ਸਾਡੇ ਤੇ ਕੋਈ ਪ੍ਰਤਿਬੰਧ ਨਹੀਂ, ਤੂੰ ਵੱਡਾ

ਕੈਦੀ ਹੈਂ। ਇਥੋਂ ਕਿਸੇ ਪਾਸੇ ਜਾ ਨਹੀਂ ਸਕਦਾ। ਤੇਰਾ ਹੈਰੀਸਨ ਆਪਣੇ ਤੋਂ ਉਪਰਲੇ ਵੱਡੇ ਦਾ ਕੈਦੀ ਹੈ। ਅਸੀਂ ਹਰ ਤਰ੍ਹਾਂ ਆਪਣੇ ਆਨੰਦ ਵਿਚ ਸੁਤੰਤ੍ਰ ਹਾਂ।' :

*ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥*
*ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥*

*(ਪੰਨਾ ੨੭੩)*

ਇਸ ਵੇਲੇ ਸੰਤ ਹੁਕਮ ਸਿੰਘ, ਸੰਤ ਹਜ਼ੂਰਾ ਸਿੰਘ ਸਾਰੀ ਸੰਤ ਮੰਡਲੀ ਵਾਸਤੇ ਸ਼ਹਿਰ ਵਿਚੋਂ ਮਧੂਕਰੀ ਕਰ ਕੇ ਲਿਆਉਂਦੇ ਸਨ। ਬਾਬਾ ਜੀ ਸਮੇਤ ਸਾਰੀ ਮੰਡਲੀ ਨੂੰ ਭੋਜਨ ਛਕਾਉਂਦੇ ਸਨ।

ਇਕ ਦਿਨ ਹੈਰੀਸਨ ਦੇ ਹੁਕਮ ਨਾਲ ਸਾਰੀ ਸੰਤ ਮੰਡਲੀ ਨੂੰ ਰਿਹਾ ਕਰਕੇ, ਇਕ ਸੇਵਾਦਾਰ ਸਮੇਤ ਬਾਬਾ ਜੀ ਨੂੰ ਵਜ਼ੀਰਾਬਾਦ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ, ਮਗਰੋਂ ਗੁਜ਼ਰਾਂਵਾਲੇ ਦੇ ਕਿਲ੍ਹੇ ਵਿਚ ਭੇਜ ਦਿੱਤੇ। ਕਿਲ੍ਹੇ ਵਿਚ ਇਕ ਕੈਦੀ ਸੋਢੀ ਸਦਾ ਸਿੰਘ ਬਹੁਤ ਉਦਾਸ ਸੀ ਜੋ ਬਾਬਾ ਜੀ ਦੇ ਚਰਨਾਂ ਵਿਚ ਡਿੱਗਕੇ ਰੋਣ ਲੱਗ ਪਿਆ।

ਬਾਬਾ ਜੀ ਨੇ ਕਿਹਾ, 'ਪਹਿਲਾਂ ਕੀ ਕਰਦਾ ਸੀ ?' ਜਵਾਬ ਵਿਚ ਸੋਢੀ ਸਦਾ ਸਿੰਘ ਨੇ ਕਿਹਾ, 'ਸ਼ਰਾਬੀ ਕਬਾਬੀ ਸਾਂ, ਸ਼ਿਕਾਰ ਦੁਆਰਾ ਅਨੇਕ ਜੀਵ ਮਾਰਦਾ ਸਾਂ।' ਬਾਬਾ ਜੀ ਨੇ ਕਿਹਾ, 'ਜੇ ਹੁਣ ਕੈਦ ਤੋਂ ਰਿਹਾ ਹੋ ਜਾਵੇਂ ਤਾਂ ਕੀ ਕਰੇਂਗਾ ?'

ਸਦਾ ਸਿੰਘ ਨੇ ਆਖਿਆ, 'ਮਹਾਰਾਜ ! ਸਾਰਾ ਜੀਵਨ ਸੇਵਾ ਉਪਕਾਰ ਲਈ ਚੰਗੇ ਕੰਮਾਂ ਵਿਚ ਲਾਵਾਂਗਾ। ਬਾਬਾ ਜੀ ਦਾ ਇਕ ਅਨਨਯ ਸੇਵਕ ਕਰਮ ਸਿੰਘ ਸੀ। ਉਸ ਨੇ ਬੇਨਤੀ ਕੀਤੀ, 'ਮੈਂ ਆਪ ਜੀ ਦੀ ਜ਼ਮਾਨਤ ਕਰਾਉਣੀ ਚਾਹੁੰਦਾ ਹਾਂ।' ਬਾਬਾ ਜੀ ਨੇ ਆਖਿਆ, 'ਅਸੀਂ ਇਥੇ ਹਰ ਤਰ੍ਹਾਂ ਪ੍ਰਸੰਨ ਹਾਂ ਸਾਨੂੰ ਕਿਸੇ ਤਰ੍ਹਾਂ ਦਾ ਕਸ਼ੋਭ ਨਹੀਂ। ਇਕਾਂਤ ਸਥਾਨ ਹੋਣ ਕਰਕੇ ਸਿਮਰਨ ਵਿਚ ਮਨ ਇਕਾਗਰ ਰਹਿੰਦਾ ਹੈ। ਤੁਸੀਂ ਸੋਢੀ ਸਦਾ ਸਿੰਘ ਦੀ ਜ਼ਮਾਨਤ ਕਰਵਾ ਦਿਉ। ਭਾਈ ਕਰਮ ਸਿੰਘ ਜੀ ਨੇ ਬਾਬਾ ਜੀ ਦੇ ਨਾਲ ਸੋਢੀ ਸਦਾ ਸਿੰਘ ਦੀ ਜ਼ਮਾਨਤ ਵੀ ਕਰਵਾ ਦਿੱਤੀ। ਬਾਬਾ ਜੀ ਜ਼ੇਲ੍ਹ ਤੋਂ ਬਾਹਰ ਆ ਗਏ। ੧੦ ਦਿਨ ਗੁਜ਼ਰਾਂਵਾਲੇ ਕਥਾ ਕੀਰਤਨ, ਸਤਿਸੰਗ, ਨਾਮ ਬਾਣੀ ਦਾ ਪ੍ਰਵਾਹ ਚਲਦਾ ਰਿਹਾ। ਡਿਪਟੀ ਕਮਿਸ਼ਨਰ ਨੇ ਬਾਬਾ ਜੀ ਨੂੰ ਵਜ਼ੀਰਾਬਾਦ ਬੁਲਾਇਆ। ੧੯ ਦਿਨ ਵਜੀਰਾਬਾਦ ਸਤਿਸੰਗ ਹੁੰਦਾ ਰਿਹਾ। ਅਨੇਕ ਆਦਮੀ ਨਾਮ ਬਾਣੀ ਨਾਲ ਜੁੜੇ। ਅੰਗ੍ਰੇਜ਼ ਅਫਸਰਾਂ ਨੂੰ ਨਿਸ਼ਚੈ ਹੋ ਗਿਆ ਕਿ ਇਹ ਨਿਰੋਲ ਧਾਰਮਿਕ ਮਹਾਂਪੁਰਖ ਹਨ। ਇਨ੍ਹਾਂ ਨੂੰ ਸੰਸਾਰ ਨਾਲ ਕੋਈ ਲਗਾਉ ਨਹੀਂ ਹੈ। ਵਜ਼ੀਰਾਬਾਦ ਤੋਂ ਅਨੇਕ ਪਿੰਡਾਂ ਵਿਚ ਸਤਿਸੰਗ ਕਰਦੇ ਸਤਿਨਾਮੁ ਦਾ ਉਪਦੇਸ਼ ਦਿੰਦੇ ਡੇਹਰਾ ਬਾਬਾ ਨਾਨਕ ਦਰਸ਼ਨ ਕਰਨ ਚਲੇ ਗਏ ਪਰ ਡੇਹਰਾ ਬਾਬਾ ਨਾਨਕ ਦੇ ਮਹੰਤ ਨੇ ਮੁਖਬਰੀ ਕਰ ਦਿੱਤੀ ਕਿ 'ਸਰਕਾਰ ਦੇ ਸਭ ਤੋਂ ਵੱਡੇ ਵਿਰੋਧੀ ਭਾਈ ਮਹਾਰਾਜ ਸਿੰਘ ਦੇ ਸੰਤ ਖੁਦਾ ਸਿੰਘ ਜੀ ਗੁਰਭਾਈ ਹਨ। ਇਨ੍ਹਾਂ ਤੋਂ ਭਾਈ ਮਹਾਰਾਜ ਸਿੰਘ ਦੀ ਸੰਪਤੀ ਦਾ ਪਤਾ ਕਰਨਾ ਚਾਹੀਦਾ ਹੈ।' ਆਪ ਜੀ ਨੂੰ ਫਿਰ ਗ੍ਰਿਫਤਾਰ ਕਰ ਲਿਆ ਗਿਆ। ਬੇਦੀ ਅਤਰ ਸਿੰਘ ਅਤੇ ਹੋਰ ਬੇਦੀ ਸਾਹਿਬਜ਼ਾਦਿਆਂ ਨੇ ਜ਼ਮਾਨਤ ਦੇਕੇ ਛਡਵਾਇਆ ਅਤੇ ਮਹੰਤ ਨੂੰ ਫਿਟਕਾਰਾਂ ਪਾਈਆਂ। ਬਾਬਾ ਮਹਾਰਾਜ ਸਿੰਘ ਤੋਂ ਡਰੇ ਹੋਏ ਅੰਗ੍ਰੇਜ਼ ਅੰਦਰ ਗਤੀ ਬਾਬਾ ਖੁਦਾ ਸਿੰਘ ਤੇ ਵੀ ਨਿਗਰਾਨੀ ਰਖਦੇ ਸਨ ਅਤੇ ਨੌਰੰਗਾਬਾਦ ਦੇ ਡੇਰੇ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਦੇ ਸਨ।

ਬਾਬਾ ਜੀ ਨੌਰੰਗਾਬਾਦ ਆਕੇ ਠਹਿਰੇ ਹੋਏ ਸਨ। ਨੌਰੰਗਾਬਾਦ ਦੇ ਨੰਬਰਦਾਰ ਫਤਹ ਸਿੰਘ ਅਤੇ ਮਤਾਬ ਸਿੰਘ ਟੁੰਡੇ ਨੇ ਸ਼ਿਕਾਇਤ ਕੀਤੀ ਕਿ ਨੌਰੰਗਾਬਾਦ ਦੇ ਡੇਰੇ ਵਿਚ ਹਥਿਆਰਾਂ ਦਾ ਜ਼ਖੀਰਾ ਹੈ ਅਤੇ ਬਾਬਾ ਖੁਦਾ ਸਿੰਘ

ਦੀਆਂ ਸਰਗਰਮੀਆਂ ਅੰਗ੍ਰੇਜ਼ਾ ਦੇ ਖਿਲਾਫ ਹਨ। ਇਸ ਕਰਕੇ ਡਿਪਟੀ ਕਮਿਸ਼ਨਰ ਸੈਂਡਲ ਤੇ ਫੌਜ਼ੀ ਕਮਾਂਡਰ ਹੈਰੀਸਨ ਨੇ ਬਾਬਾ ਜੀ ਨੂੰ ਅੰਮ੍ਰਿਤਸਰ ਬੁਲਾਇਆ। ਬਾਬਾ ਜੀ ਨੌਰੰਗਾਬਾਦ ਤੋਂ ਅੰਮ੍ਰਿਤਸਰ ਪੁੱਜੇ ਅਤੇ ਕਾਲਿਆਵਾਲੀ ਦੇ ਬੁੰਗੇ ਵਿਚ ਠਹਿਰੇ। ਇਥੇ ਵੀ ਸੁਬਹ-ਸ਼ਾਮ ਸਤਿਸੰਗ ਆਰੰਭ ਹੋ ਗਿਆ। ਸੰਗਤ ਦਾ ਅਥਾਹ ਇਕੱਠ ਹੋਣ ਲੱਗਾ।

ਮਗਰੋਂ ਤਰਨ ਤਾਰਨ ਦੇ ਥਾਨੇਦਾਰ ਨੇ ਨੌਰੰਗਾਬਾਦ ਦੇ ਡੇਰੇ ਦੀ ਤਲਾਸ਼ੀ ਲਈ ਅਤੇ ਸਾਰੇ ਡੇਰੇ ਨੂੰ ਅਤਿਅੰਤ ਡੂੰਘਿਆਈ ਤਕ ਪੁਟ ਸਿਟਿਆ ਪਰ ਡੇਰੇ ਵਿਚੋਂ ਕੁਝ ਵੀ ਪ੍ਰਾਪਤ ਨਹੀਂ ਹੋਇਆ।

ਬਾਬਾ ਖੁਦਾ ਸਿੰਘ ਜੀ ਕੋਲ ਸੰਗਤਾਂ ਦੀ ਆਵਾਜਾਈ ਵੇਖਕੇ ਆਪਣੀ ਪੂਜਾ ਵਿਚ ਫਰਕ ਪੈਂਦਾ ਵੇਖਕੇ ਪੁਜਾਰੀਆਂ ਨੇ ਡਿਪਟੀ ਕਮਿਸ਼ਨਰ ਕੋਲ ਸ਼ਿਕਾਇਤ ਕੀਤੀ ਕਿ ਬਾਬਾ ਖੁਦਾ ਸਿੰਘ ਜੀ ਬਾਬਾ ਮਹਾਰਾਜ ਸਿੰਘ ਦੇ ਵੱਡੇ ਗੁਰਭਾਈ ਹਨ, ਇਨ੍ਹਾਂ ਨੂੰ ਬਹੁਤੀ ਖੁਲ੍ਹ ਦੇਣੀ ਚੰਗੀ ਨਹੀਂ ਹੈ।

ਇਕ ਦਿਨ ਸੰਗਤ ਦਾ ਅਥਾਹ ਇਕੱਠ ਸੀ। ਡਿਪਟੀ ਕਮਿਸ਼ਨਰ ਸੈਂਡਲ ਅਤੇ ਫੌਜੀ ਕਮਾਂਡਰ ਹੈਰੀਸਨ ਨੇ ਕੰਵਰ ਨੌਨਿਹਾਲ ਸਿੰਘ ਦੇ ਬੁੰਗੇ ਵਿਚ ਬੈਠਕੇ ਸਾਰੇ ਇਕੱਠ ਨੂੰ ਦੂਰਬੀਨ ਨਾਲ ਵੇਖਿਆ। ਬਾਬਾ ਜੀ ਦਾ ਪ੍ਰਭਾਵ, ਸੰਗਤਾਂ ਨਾਲ ਪ੍ਰੇਮ ਵੇਖਕੇ ਇਨ੍ਹਾਂ ਨੇ ਇਹੀ ਪ੍ਰਭਾਵ ਲਿਆ ਕਿ ਬਾਬਾ ਜੀ ਸਰਕਾਰ ਵਾਸਤੇ ਕਿਸੇ ਵੇਲੇ ਵੀ ਖਤਰਨਾਕ ਬਣ ਸਕਦੇ ਹਨ। ਇਸ ਲਈ ਬਾਬਾ ਜੀ ਨੂੰ ਕੋਤਵਾਲੀ ਸਦਿਆ ਗਿਆ ਅਤੇ ਪੁਛਿਆ, 'ਮਹਾਰਾਜ ਸਿੰਘ ਜੀ ਨਾਲ ਤੁਹਾਡਾ ਕੀ ਸੰਬੰਧ ਹੈ?'

ਬਾਬਾ ਜੀ ਨੇ ਆਖਿਆ, 'ਅਸੀਂ ਦੋਨੋਂ ਬਾਬਾ ਬੀਰ ਸਿੰਘ ਜੀ ਦੇ ਸ਼ਿਸ਼ ਹਾਂ। ਉਹ ਮੇਰੇ ਗੁਰਭਾਈ ਅਤੇ ਡੇਰੇ ਦੇ ਮਹੰਤ ਸਨ।' ਇਸ ਤੋਂ ਬਾਅਦ ਬਾਬਾ ਜੀ ਨੂੰ ਅੰਮ੍ਰਿਤਸਰ ਕੁਤਵਾਲੀ ਵਿਚ ਬੰਦ ਕਰ ਦਿੱਤਾ ਗਿਆ। ਫਿਰ ਵੀ ਪੁਛ-ਪੜਤਾਲ ਕਰਦੇ ਰਹੇ। ਅੰਤ 'ਸਰ ਜਾਨਲਾਰੰਸ' ਨੇ ਬਾਬਾ ਜੀ ਨੂੰ ਪੰਜ ਸਾਥੀਆਂ ਸਮੇਤ ਤਿੰਨ-ਤਿੰਨ ਸਾਲ ਦੀ ਕੈਦ ਬਾਮੁਸ਼ਕਤ ਜਾਂ ਪੰਜ-ਪੰਜ ਹਜ਼ਾਰ ਦੀਆਂ ਨਕਦ ਜ਼ਮਾਨਤਾ ਦੇਕੇ ਬਾਹਰ ਰਹਿਣ ਦਾ ਹੁਕਮ ਸੁਣਾਇਆ।

ਬਾਬਾ ਜੀ ਨੇ ਜਾਨਲਾਰੰਸ ਦਾ ਹੁਕਮ ਸੁਣਾਉਣ ਵਾਲੇ ਜ਼ਮਾਦਾਰ ਨੂੰ ਕਿਹਾ, 'ਸਾਡੀ ਲਾਰੰਸ ਨਾਲ ਗੱਲ ਕਰਾਉ।' ਜਾਨਲਾਰੰਸ ਨੇ ਗੱਲ ਕਰਨ ਤੋਂ ਇਨਕਾਰ ਕੀਤਾ ਤੇ ਕਿਹਾ, 'ਮੈਨੂੰ ਪਤਾ ਹੈ ਬਾਬਾ ਜੀ ਬੇਕਸੂਰ ਹਨ ਪਰ ਮੈਂ ਮਜ਼ਬੂਰ ਹਾਂ' ਅਤੇ ਬਾਬਾ ਜੀ ਨੂੰ ਅੰਮ੍ਰਿਤਸਰ ਤੋਂ ਲਾਹੌਰ ਲੈ ਜਾਕੇ ਜ਼ੇਲ੍ਹ ਵਿਚ ਬੰਦ ਕਰ ਦਿੱਤਾ। ਜ਼ੇਲ੍ਹ ਵਿਚ ਪਹਿਲਾਂ ਵੀ ਕਈ ਸਿੰਘ ਬੰਦ ਸਨ ਜੋ ਦਰਸ਼ਨ ਕਰਕੇ ਪਰਮ ਪ੍ਰਸੰਨ ਹੋਏ। ਜ਼ੇਲ੍ਹ ਵਿਚ ਵੀ ਸਤਿਸੰਗ ਹੋਣ ਲੱਗਾ ਪਰ ਕੁਝ ਸਮੇਂ ਮਗਰੋਂ ਬਾਬਾ ਜੀ ਨੂੰ ਲਾਹੌਰ ਤੋਂ ਅੰਮ੍ਰਿਤਸਰ ਜ਼ੇਲ੍ਹ ਵਿਚ ਭੇਜ ਦਿੱਤਾ। ਪਹਿਲੇ ਸਿੰਘ ਉਦਾਸ ਹੋ ਗਏ ਅਤੇ ਬੋਲੇ, 'ਮਹਾਰਾਜ! ਸਾਨੂੰ ਵੀ ਨਾਲ ਲੈ ਚਲੋ।' ਬਾਬਾ ਜੀ ਨੇ ਆਖਿਆ, 'ਭਾਈ ਸਭ ਕੁਝ ਗੁਰੂ ਦੇ ਹੁਕਮ ਵਿਚ ਵਰਤ ਰਿਹਾ ਹੈ ਚਿੰਤਾ ਨਾ ਕਰੋ ਤੁਸੀਂ ਛੇਤੀ ਹੀ ਬੰਧਨ ਮੁਕਤ ਹੋ ਜਾਵੋਗੇ। ਸੁਬਹ ਉਠ ਕੇ ਸ਼ਨਾਨ ਕਰਕੇ ਸ਼ਬਦ ਦਾ ਅਭਿਆਸ ਕਰੋ, ਨਿਤਨੇਮ ਦੀ ਬਾਣੀ ਦਾ ਪਾਠ ਕਰਕੇ ਸੁਖਮਨੀ ਸਾਹਿਬ ਅਤੇ ਅਕਾਲ ਉਸਤਤ ਦਾ ਪਾਠ ਕਰਨਾ।' ਬਾਬਾ ਜੀ ਦੀ ਜ਼ਮਾਨਤ ਦਾ ਯਤਨ ਕੀਤਾ ਗਿਆ ਤਾਂ ਸਰਕਾਰ ਨੇ ੧੫ ਹਜ਼ਾਰ ਰੁਪਏ ਦੀ ਜ਼ਮਾਨਤ ਮੰਗੀ।

ਲਾਹੌਰ ਦੇ ਚਾਰ ਮਹਾਂਪੁਰਖਾਂ ਸੰਤ ਸਾਹਿਬ ਸਿੰਘ, ਮਹੰਤ ਭਗਤ ਸਿੰਘ ਸ਼ਹੀਦਗੰਜ ਵਾਲੇ, ਭਾਈ ਅਮੋਲਕ ਸਿੰਘ ਨਿਹੰਗ ਅਤੇ ਸ: ਜੀਤ ਸਿੰਘ ਨੇ ਬਾਬਾ ਜੀ ਦੀ ਜ਼ਮਾਨਤ ਦੇਣ ਦਾ ਵਿਚਾਰ ਬਣਾਇਆ। ਇਸ ਭਾਵ ਦੀ ਜ਼ਿਲ੍ਹੇ ਵਿਚ ਬਿਨੈ ਪਤ੍ਰਕਾ ਦਿੱਤੀ। ਉਹ ਵਾਪਸ ਖੁਦਾਬਖਸ਼ ਕੋਤਵਾਲ ਕੋਲ ਆਈ। ਉਸਨੇ ਇਨ੍ਹਾਂ ਚੌਹਾਂ ਜ਼ਮਾਨਤੀਆਂ

ਦੀ ਆਰਥਕ ਅਵਸਥਾ ਵੇਖਕੇ ਸ਼ਿਫਾਰਸ਼ ਕਰ ਦਿੱਤੀ। ਜਮਾਨਤ ਪਰਵਾਨ ਹੋ ਗਈ ਅਤੇ ਬਾਬਾ ਜੀ ਨੂੰ ਰਿਹਾ ਕਰ ਦਿੱਤਾ ਗਿਆ।

ਜ਼ਮਾਨਤੀਆਂ ਨੇ ਡੀ.ਸੀ. ਨੂੰ ਪੁੱਛਿਆ, 'ਹੁਣ ਬਾਬਾ ਜੀ ਕਿਥੇ ਰਹਿਣ?'

ਡੀ.ਸੀ. ਨੇ ਆਖਿਆ, 'ਜਿਥੇ ਇਨ੍ਹਾਂ ਦੀ ਇੱਛਾ ਹੈ।'

ਬਾਬਾ ਜੀ ਨੇ ਚਾਰਾਂ ਜ਼ਮਾਨਤੀਆਂ ਨੂੰ ਆਖਿਆ, 'ਭਾਈ ਹੁਣ ਅਸੀਂ ਤੁਹਾਡੇ ਕੋਲ ਲਾਹੌਰ ਵਿਚ ਹੀ ਰਹਾਂਗੇ।'

ਅੰਮ੍ਰਿਤਸਰ ਦੀ ਸੰਗਤ ਨੇ ਬਾਬਾ ਜੀ ਦਾ ਅਤੇ ਚਾਰਾਂ ਜ਼ਮਾਨਤੀਆਂ ਦਾ ਪੁਸ਼ਪਹਾਰ ਪਹਿਨਾਕੇ ਜਲੂਸ ਕਢਿਆ। ਜਲੂਸ ਅੱਗੇ ਗਤਕਾ ਪਾਰਟੀਆਂ ਬੈਂਡ ਵਾਜੇ ਵਾਲੇ ਚਲ ਰਹੇ ਸਨ। ਸੰਗਤਾਂ ਉਪਰ ਕੇਸਰ ਛਿੜਕਿਆ ਜਾ ਰਿਹਾ ਸੀ, ਫੁੱਲਾਂ ਦੀ ਵਰਖਾ ਹੋ ਰਹੀ ਸੀ, ਰਣਸਿੰਘੇ ਵੱਜ ਰਹੇ ਸਨ। ਜੈਕਾਰੇ ਆਕਾਸ਼ ਗੁੰਜਾ ਰਹੇ ਸਨ। ਇਹ ਮਹਾਨ ਸ਼ੋਭਾ ਯਾਤ੍ਰਾ ਸ੍ਰੀ ਹਰਿਮੰਦਰ ਸਾਹਿਬ ਜਾਕੇ ਸਮਾਪਤ ਹੋਈ। ਬਾਬਾ ਜੀ ਨੇ ਸੁਧਾਸਰ ਸਰੋਵਰ ਵਿਚ ਇਸ਼ਨਾਨ ਕਰਕੇ ਸ੍ਰੀ ਹਰਿਮੰਦਰ ਸਾਹਿਬ, ਅਕਾਲ ਤਖ਼ਤ ਅਤੇ ਹੋਰ ਗੁਰਦੁਆਰਿਆਂ ਵਿਚ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਚੜ੍ਹਾਕੇ ਸਤਿਗੁਰਾਂ ਦਾ ਸ਼ੁਕਰਾਨਾ ਕੀਤਾ ਅਤੇ ਲਾਹੌਰ ਨੂੰ ਚਲੇ ਗਏ।

ਬਾਬਾ ਜੀ ਲਾਹੌਰ ਵਿਚ ਰਹਿਕੇ ਨਾਮ-ਬਾਣੀ, ਕਥਾ-ਕੀਰਤਨ ਨਾਲ ਜਨ ਸਾਧਾਰਣ ਨੂੰ ਸਦ-ਮਾਰਗ ਪਾਉਣ ਲੱਗੇ। ਸੰਗਤ ਦਾ ਅਥਾਹ ਇਕੱਠ ਰਹਿਣ ਲੱਗਾ। ਸਾਧਾਂ, ਸੰਤਾਂ, ਸਦ-ਗ੍ਰਹਿਸਥੀਆਂ ਦੀ ਹਰ ਵੇਲੇ ਆਵਾਜਾਈ ਲੱਗੀ ਰਹਿੰਦੀ।

ਇਕ ਦਿਨ ਕਿਸੇ ਵਿਸ਼ੇਸ਼ ਆਦਮੀ ਨੇ 'ਸਰ ਜਾਨਲਾਰੰਸ' ਨੂੰ ਕਿਹਾ, 'ਤੁਸੀਂ ਬਾਬਾ ਖੁਦਾ ਸਿੰਘ ਨੂੰ ਲਾਹੌਰ ਵਿਚ ਬਿਠਾ ਲਿਆ ਹੈ। ਉਨ੍ਹਾਂ ਕੋਲ ਹਰ ਵੇਲੇ ਅਥਾਹ ਇਕੱਠ ਰਹਿੰਦਾ ਹੈ। ਇਸ ਵਾਸਤੇ ਉਨ੍ਹਾਂ ਦੇ ਗੁਜ਼ਾਰੇ ਦਾ ਵੀ ਤੁਹਾਨੂੰ ਪ੍ਰਬੰਧ ਕਰਨਾ ਚਾਹੀਦਾ ਹੈ।'

ਜਾਨਲਾਰੰਸ ਨੇ ਕਿਹਾ, 'ਬਾਬਾ ਜੀ ਸਰਬ ਸਮਰੱਥ ਹਨ, ਸਰਵਗਯ ਹਨ, ਅਸੀਂ ਮੁਲਾਜ਼ਮ ਉਨ੍ਹਾਂ ਦੀ ਕੀ ਸਹਾਇਤਾ ਕਰ ਸਕਦੇ ਹਾਂ।'

ਇਕ ਦਿਨ ਸ: ਜਵਾਹਰ ਸਿੰਘ ਜੀ ਨਲੂਏ ਨੇ ਬਾਬਾ ਜੀ ਨੂੰ ਬੇਨਤੀ ਕੀਤੀ, 'ਜੇ ਆਗਿਆ ਦਿਉ ਤਾਂ 'ਸਰ ਜਾਨਲਾਰੰਸ' ਨੂੰ ਗੁਜ਼ਾਰੇ ਵਾਸਤੇ ਬਿਨੈ ਕੀਤੀ ਜਾਵੇ।'

ਬਾਬਾ ਜੀ ਨੇ ਆਖਿਆ, 'ਸ਼ੇਰ ਕਿਸੇ ਅੱਗੇ ਹੱਥ ਨਹੀਂ ਅਡਿਆ ਕਰਦੇ, ਉਹ ਆਪਣੀ ਮਾਰ ਆਪ ਮਾਰਦੇ ਹਨ। ਪੰਜੇ ਨਾਲ ਹਾਥੀਆਂ ਦੇ ਸਿਰ ਫੋੜ ਦਿੰਦੇ ਹਨ। ਬਾਜ ਕਦੀ ਦੂਜਿਆਂ ਦੀ ਮਾਰ ਵੱਲ ਨਹੀਂ ਤਕਦੇ। ਅੱਗੇ ਵਾਸਤੇ ਅਜਿਹੀ ਕਮਜ਼ੋਰੀ ਵਾਲੀ ਗੱਲ ਸਾਡੇ ਅੱਗੇ ਨਹੀਂ ਕਰਨੀ। ਸਾਡੀ ਚਿੰਤਾ ਗੁਰੂ ਕਲਗੀਧਰ ਪਾਤਸ਼ਾਹ ਨੂੰ ਹੈਂ, ਅਸੀਂ ਸਰਬ ਸੰਸਾਰ ਦੇ ਪਾਤਸ਼ਾਹ ਦੇ ਪੁੱਤਰ ਹਾਂ। ਅਸੀਂ ਜਾਨਲਾਰੰਸ ਨੂੰ ਕੁਝ ਨਹੀਂ ਸਮਝਦੇ।'

ਸੰਮਤ ੧੯੦੯ ਬਿ: ਵਿਚ ਬਾਬਾ ਖੇਮ ਸਿੰਘ ਜੀ ਬੇਦੀ ਬਾਬਾ ਜੀ ਨੂੰ ਮਿਲਣ ਆਏ। ਬਾਬਾ ਖੇਮ ਸਿੰਘ ਨੇ ਵੀ ਬਾਬਾ ਬੀਰ ਸਿੰਘ ਤੋਂ ਅੰਮ੍ਰਿਤ ਛਕਿਆ ਸੀ। ਇਸ ਤਰ੍ਹਾਂ ਬਾਬਾ ਖੇਮ ਸਿੰਘ ਜੀ ਬਾਬਾ ਜੀ ਦੇ ਗੁਰਭਾਈ ਸਨ। ਬਾਬਾ ਜੀ ਨੇ ਬੇਦੀ ਜੀ ਨੂੰ ਆਖਿਆ, 'ਤੁਸੀਂ ਗੁਰੂ ਨਾਨਕ ਦੇਵ ਜੀ ਦੀ ਅੰਸ ਵੰਸ ਹੋ, ਜੀਵ ਘਾਤ ਨਾ ਕਰੋ। ਆਪ ਨਾਮ ਜਪੋ। ਅੱਗੇ ਸੰਗਤ ਨੂੰ ਜਪਾਓ, ਸਤਿ ਸੰਗਤ ਕਰੋ, ਲੰਗਰ ਚਲਾਉ।'

੧੯੧੬ ਬਿ: ਵਿਚ ਬਾਬਾ ਜੀ ਦੇ ਪੂਜਯ ਮਾਤਾ ਜੀ ਆਪ ਜੀ ਦੀ ਹਾਜ਼ਿਰੀ ਵਿਚ ਸਚਖੰਡ ਸਿਧਾਰੇ। ਮਾਤਾ ਜੀ ਦੇ ਦੁਸਹਿਰੇ ਤੱਕ ਸਹਿਜਪਾਠ ਅਤੇ ਕਥਾ ਕੀਰਤਨ ਹੁੰਦਾ ਰਿਹਾ। ਦਸਹਿਰੇ ਤੇ ਅਪਾਰ ਸੰਗਤ ਇਕਤਰ ਹੋਈ। ਇਸ ਸਮੇਂ ਅਤੁੱਟ ਲੰਗਰ ਵਰਤਾਇਆ।

ਸੰਮਤ ੧੯੧੭ ਵਿਚ ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾਪਤੀ ਦਰਸ਼ਨ ਕਰਨ ਆਇਆ ਅਤੇ ਬੇਨਤੀ ਕੀਤੀ, 'ਮੈਨੂੰ ਕੋਈ ਸੇਵਾ ਦੱਸੋ ਮੈਂ ਲੰਗਰ ਲਈ ਕੁਝ ਭੇਟਾ ਕਰਨਾ ਚਾਹੁੰਦਾ ਹਾਂ।'

ਬਾਬਾ ਜੀ ਨੇ ਆਖਿਆ 'ਸਾਨੂੰ ਕਿਸੇ ਚੀਜ਼ ਦੀ ਲੋੜ ਨਹੀਂ, **ਰਾਜੇ ਚੁਲੀ ਨਿਆਵ ਕੀ** ਅਨੁਸਾਰ ਪਰਜਾ ਦੀ ਪਾਲਨਾ ਕਰੋ। ਨਿਆਏ ਅਤੇ ਅਜਿਹਾ ਪ੍ਰਬੰਧ ਕਰੋ ਜਿਸ ਨਾਲ ਸਭ ਸੁਖੀ ਰਹਿਣ।'

ਮੁਦਕੀ, ਫੇਰੂ ਸ਼ਹਿਰ ਅਤੇ ਸਭਰਾਵਾਂ ਦੀਆਂ ਲੜਾਈਆਂ ਵਿਚ ਗਦਾਰੀ ਕਰਨ ਵਾਲਾ ਮੇਰਠ ਦਾ ਗੌੜ ਬ੍ਰਾਹਮਣ/ਸਿੱਖ ਜਰਨੈਲ ਤੇਜ ਸਿੰਘ ਵੀ ਲਾਹੌਰ ਵਿਚ ਰਹਿੰਦਾ ਸੀ। ਉਸ ਦੀ ਇੱਛਾ ਸੀ ਕਿ ਬਾਬਾ ਜੀ ਮੇਰੇ ਘਰ ਲੰਗਰ ਛੱਕਣ ਜਾਂ ਮੈਂ ਡੇਰੇ ਵਿਚ ਹਾਜ਼ਿਰ ਹੋਕੇ ਲੰਗਰ ਛਕਾਵਾਂ ਪਰ ਬਾਬਾ ਜੀ ਨੇ ਸਿੱਖ ਰਾਜ ਦਾ ਬੇੜਾ ਡੋਬਣ ਵਾਲੇ ਗਦਾਰ ਨੂੰ ਆਪਣੀ ਨੀਤੀ ਨਾਲ ਨਾ ਡੇਰੇ ਆਉਣ ਦਾ ਮੌਕਾ ਦਿੱਤਾ ਅਤੇ ਨਾ ਉਸ ਦੇ ਘਰ ਗਏ।

ਅੰਮ੍ਰਿਤਸਰ ਦੇ ਇਕ ਪਾਪੀ ਨੇ ਬਾਬਾ ਮਹਾਰਾਜ ਸਿੰਘ ਵੱਲੋਂ ਬਾਬਾ ਜੀ ਦੇ ਨਾਮ ਲਿਖੀ ਨਕਲੀ ਚਿੱਠੀ ਡਿਪਟੀ ਕਮਿਸ਼ਨਰ ਸੈਂਡਲ ਨੂੰ ਦਿੱਤੀ। ਡੀ.ਸੀ. ਨੇ ਬਾਬਾ ਜੀ ਨੂੰ ਲਾਹੌਰ ਤੋਂ ਅੰਮ੍ਰਿਤਸਰ ਬੁਲਾਇਆ।

ਬਾਬਾ ਜੀ ਅੰਮ੍ਰਿਤਸਰ ਪੁੱਜੇ। ਡੀ.ਸੀ. ਨੇ ਕਿਹਾ, 'ਤੁਸੀਂ ਲਾਹੌਰ ਦੇ ਡੀ.ਸੀ. ਨੂੰ ਅੰਮ੍ਰਿਤਸਰ ਆਉਣ ਦੀ ਇਤਿਲਾਹ ਦੇ ਕੇ ਨਹੀਂ ਆਏ?'

ਬਾਬਾ ਜੀ ਨੇ ਕਿਹਾ, 'ਇਕ ਵਾਰ ਵਾਹਿਗੁਰੂ ਅਕਾਲ ਪੁਰਖ ਨੂੰ ਇਤਿਲਾਹ ਦੇ ਦਿੱਤੀ ਹੈ ਹੁਣ ਵਾਰ-ਵਾਰ ਬੰਦਿਆਂ ਨੂੰ ਇਤਿਲਾਹ ਦੇਣ ਦੀ ਲੋੜ ਨਹੀਂ।'

ਡੀ.ਸੀ.—'ਅੱਜ ਕੱਲ ਬਾਬਾ ਮਹਾਰਾਜ ਸਿੰਘ ਜੀ ਕਿੱਥੇ ਹਨ?'

ਬਾਬਾ ਜੀ—'ਤੁਹਾਡੇ ਪੇਟ ਵਿਚ ਹਨ।'

ਡੀ.ਸੀ.—(ਚਿੱਠੀ ਵਿਖਾਕੇ) 'ਕੀ ਇਹ ਚਿੱਠੀ ਬਾਬਾ ਮਹਾਰਾਜ ਸਿੰਘ ਨੇ ਤੁਹਾਨੂੰ ਭੇਜੀ ਹੈ।'

ਬਾਬਾ ਜੀ—ਜਦੋਂ ਉਸ ਪਵਿੱਤ੍ਰ ਆਤਮਾ (ਬਾਬਾ ਮਹਾਰਾਜ ਸਿੰਘ) ਨੂੰ ਤੁਸੀਂ ਖਾ ਲਿਆ ਹੈ ਤਾਂ ਚਿੱਠੀ ਕਿਸ ਨੇ ਲਿਖਣੀ ਸੀ? ਨਕਲੀ ਚਿੱਠੀਆਂ ਭਾਵੇਂ ਰੋਜ਼ਾਨਾ ਲਿਖੀ ਜਾਉ।'

ਇਸ ਸਮੇਂ ਫੇਰ ਭਾਈ ਭਗਤ ਸਿੰਘ ਜੀ ਨੇ ਪੰਜ ਹਜ਼ਾਰ ਦੀ ਜ਼ਮਾਨਤ ਦਿੱਤੀ। ਤਿੰਨ ਸਾਲ ਖ਼ਤਮ ਹੋਣ ਤੋਂ ਬਾਅਦ ਬਾਬਾ ਹਾਕਮ ਸਿੰਘ ਜੀ ਗੋਇੰਦਵਾਲ ਵਾਲਿਆਂ ਨੇ ਤੀਜੀ ਵਾਰ ਜ਼ਮਾਨਤ ਕਰਾਈ।

ਬਾਬਾ ਜੀ ਆਪਣੇ ਡੇਰੇ ਲਾਹੌਰ ਵਿਚ ਰਹਿੰਦੇ ਰਹੇ। ਡੇਰੇ ਦਾ ਨਾਮ **'ਬਾਬਾ ਖੁਦਾ ਸਿੰਘ ਵਾਲਾ ਡੇਰਾ'** ਪ੍ਰਸਿੱਧ ਹੋ ਗਿਆ। ਆਪਣੀ ਮਰਯਾਦਾ ਅਨੁਸਾਰ ਸਤਿਸੰਗ ਕਰਦੇ ਜਨ-ਸਾਧਾਰਣ ਨੂੰ ਨਾਮ-ਬਾਣੀ ਨਾਲ ਜੋੜਦੇ ਰਹੇ।

੧੫ ਦਿਨ ਪਹਿਲਾਂ ਆਪ ਜੀ ਨੇ ਦਸ ਦਿੱਤਾ ਕਿ, 'ਭਾਈ ! ਹੁਣ ਅਸੀਂ ਸੱਚਖੰਡ ਨੂੰ ਜਾਵਾਂਗੇ।' ਇਹ ਕਹਿਣ ਤੋਂ ਬਾਅਦ ਨਿਜਾਨੰਦ ਵਿਚ ਇਕਾਗਰ ਆਤਮਿਕ ਚਿੰਤਨ ਵਿਚ ਲੱਗ ਗਏ। ਪੰਜ ਦਿਨ ਪਹਿਲਾਂ ਅੰਨ ਪਾਣੀ ਦਾ ਤਿਆਗ ਕਰ ਦਿੱਤਾ।

ਅਸੂ ਵਦੀ ੧੦ਵੀਂ ਸੰਮਤ ੧੯੧੮ ਬਿ: ਨੂੰ ਸਤਿਨਾਮੁ ਦਾ ਚਿੰਤਨ ਕਰਦੇ ਹੋਏ ਸਤਿ ਨਾਲ ਅਭੇਦ ਹੋ ਗਏ।

## ਨਿਰਮਲੇ ਸੰਤਾਂ ਦੀ ਦੇਸ਼ ਭਗਤੀ ਦਾ ਅਲੌਕਿਕ ਕ੍ਰਿਸ਼ਮਾ
## ਮਹਾਰਾਣੀ ਜਿੰਦਾ ਨੂੰ ਚੁਨਾਰ ਦੇ ਕਿਲ੍ਹੇ 'ਚੋਂ ਕਢਣ ਵਾਲੇ
# ਨਿਰਮਲੇ ਸੰਤਾਂ ਦੀ ਨੇਪਾਲ ਵਿਚ ਨਾਦੀ ਬੰਸ

ਸ੍ਰੀਮਾਨ ਬਾਬਾ ਮਹਾਰਾਜ ਸਿੰਘ ਜੀ ਸਿੱਖ ਰਾਜ ਨੂੰ ਸਥਿਰ ਰਖਣ ਦੇ ਹਮਾਇਤੀ ਜੋਧੇ, ਮਹਾਨ ਸੰਗ੍ਰਾਮੀ, ਅੰਗਰੇਜ਼ਾਂ ਦੇ ਕਟੜ ਵਿਰੋਧੀ ਅਤੇ ਭਾਰਤ ਦੀ ਆਜ਼ਾਦੀ ਦੇ ਪਹਿਲੇ ਨਾਇਕ ਸਨ। ਭਾਵੇਂ ਆਪ ਨੂੰ ਜਲਾਵਤਨ ਕਰਕੇ ਸਿੰਘਾਪੁਰ ਦੀ ਜੇਲ੍ਹ ਵਿਚ ਭੇਜ ਦਿੱਤਾ ਗਿਆ ਜਿਥੇ ਆਪ ਅਨੇਕ ਤਸੀਹੇ ਸਹਿੰਦੇ ਹੋਏ ੭ ਸਾਲ ਜ਼ੇਲ੍ਹ ਵਿਚ ਰਹਿਕੇ ੫ ਜੁਲਾਈ ਸੰਨ ੧੮੫੬ ਵਿਚ ਸੱਚਖੰਡ ਸਿਧਾਰ ਗਏ ਪਰ ਆਪ ਜੀ ਦੀ ਜਗਾਈ ਆਜ਼ਾਦੀ ਦੀ ਜੋਤਿ ਹੋਰ ਵੀ ਤੇਜ ਹੋਕੇ ਜਗਣ ਲਗੀ। ਬਾਬਾ ਜੀ ਬੜੇ ਨੀਤੀ ਨਿਪੁੰਨ, ਵਿਵਹਾਰ ਕੁਸ਼ਲ ਅਤੇ ਜੱਥੇਬੰਦਕ ਸਨ। ਆਪ ਜੀ ਨੇ ਸ੍ਰੀ ਸੰਤ ਰਾਮ ਸਿੰਘ ਜੀ ਵਿਰਕਤ ਦੀ ਪ੍ਰਧਾਨਗੀ ਹੇਠ ਅੱਠ ਸੰਤਾਂ ਦਾ ਇਕ ਜੱਥਾ ਇਸ ਵਾਸਤੇ ਬਣਾਇਆ ਸੀ ਕਿ ਮਹਾਰਾਜਾ ਦਲੀਪ ਸਿੰਘ ਜੀ ਨੂੰ ਚੁਕ ਕੇ ਅਤੇ ਆਪਣੇ ਕਬਜੇ ਵਿਚ ਕਰਕੇ ਮਹਾਰਾਜਾ ਦਲੀਪ ਸਿੰਘ ਜੀ ਦੇ ਨਾਮ ਹੇਠ ਅੰਗਰੇਜ਼ਾਂ ਨੂੰ ਪੰਜਾਬ ਵਿਚੋਂ ਕਢਣ ਵਾਸਤੇ ਸੰਘਰਸ਼ ਤੇਜ ਕੀਤਾ ਜਾਵੇ। ਖਾਸ-ਖਾਸ ਆਦਮੀਆਂ ਦੇ ਨਾਉਂ ਚਿਠੀਆਂ ਲਿਖ ਕੇ ਖਰਚ ਵਾਸਤੇ ੧੧੦੦/- ਯਾਰਾਂ ਸੌ ਰੁਪਏ ਦੇਕੇ ਲਾਹੌਰ ਨੂੰ ਤੋਰਿਆ ਗਿਆ ਜੋ ਲਾਹੌਰ ਜਾਕੇ ਇਕ ਧਰਮਸ਼ਾਲਾ ਵਿਚ ਠਹਿਰੇ। ਸ਼ੱਕ ਦੀ ਹਾਲਤ ਵਿਚ ਇਸ ਧਰਮਸ਼ਾਲਾ ਦੀ ਤਲਾਸ਼ੀ ਹੋਈ ਅਤੇ ਅੱਠੇ ਸੰਤ ਗ੍ਰਿਫਤਾਰ ਕੀਤੇ ਗਏ।

ਇਸੀ ਤਰ੍ਹਾਂ ਬਾਬਾ ਮਹਾਰਾਜ ਸਿੰਘ ਜੀ ਦੀ ਸਕੀਮ ਅਨੁਸਾਰ ਦੂਸਰਾ ਜੱਥਾ ਤਿਆਰ ਕੀਤਾ ਗਿਆ ਸੀ ਕਿ ਮਹਾਰਾਣੀ ਜਿੰਦਾਂ ਨੂੰ ਅੰਗਰੇਜ਼ਾਂ ਦੇ ਕਬਜੇ ਵਿਚੋਂ ਸੁਤੰਤ੍ਰ ਕੀਤਾ ਜਾਵੇ। ਮਹਾਰਾਣੀ ਜਿੰਦਾਂ ਨੂੰ ਅੰਗਰੇਜ਼ ਨੇ ਪਹਿਲਾਂ ਸ਼ੇਖੂਪੁਰੇ ਦੇ ਕਿਲ੍ਹੇ ਵਿਚ, ਮਗਰੋਂ 'ਚੁਨਾਰ' ਦੇ ਕਿਲ੍ਹੇ (ਉਤਰ ਪ੍ਰਦੇਸ਼) ਵਿਚ ਨਜ਼ਰਬੰਦ ਕੀਤਾ ਹੋਇਆ ਸੀ। ਮਹਾਰਾਣੀ ਚੁਨਾਰ ਦੇ ਕਿਲ੍ਹੇ ਵਿਚੋਂ ਦੌੜ ਕੇ ਨੇਪਾਲ ਚਲੀ ਗਈ।

ਮਹਾਰਾਣੀ ਆਪਣੇ ਆਪ ਨੇਪਾਲ ਥੋੜ੍ਹੋ ਚਲੀ ਗਈ ਸੀ ? ਇਸ ਸਾਰੇ ਕਾਰਜ ਪਿਛੇ ਨਿਰਮਲੇ ਸੰਤਾਂ ਦਾ ਉਹ ਜੱਥਾ ਕੰਮ ਕਰ ਰਿਹਾ ਸੀ ਜਿਸ ਦੀ ਡਿਊਟੀ ਸੰਤ ਬਾਬਾ ਮਹਾਰਾਜ ਸਿੰਘ ਜੀ ਨੇ ਲਾਈ ਸੀ। ਇਹ ਬੜੀ ਰੌਚਕ ਕਹਾਣੀ ਹੈ ਜੋ ਹਾਲੀ ਤਕ ਪ੍ਰਕਾਸ਼ ਵਿਚ ਨਹੀਂ ਆਈ।

ਮਹਾਰਾਣੀ ਨੂੰ ਚੁਨਾਰ ਦੇ ਕਿਲ੍ਹੇ ਚੋਂ ਕਢਣ ਵਾਲੇ ਪੰਜ ਨਿਰਮਲੇ ਸੰਤ ਸਨ। ਇਸ ਕਾਰਜ ਨੂੰ ਅਮਲੀ ਰੂਪ ਦੇਣ ਵਾਸਤੇ ਕਈ ਮਹੀਨੇ ਵਿਚਾਰ-ਵਿਮਰਸ਼ ਹੁੰਦਾ ਰਿਹਾ ਅਤੇ ਸਾਰੀ ਯੋਜਨਾ ਤਿਆਰ ਕੀਤੀ ਗਈ। ਮਹਾਰਾਣੀ ਨੂੰ ਅਤੇ ਦਾਸੀ ਨੂੰ ਪੂਰੀ ਟਰੇਨਿੰਗ ਦਿੱਤੀ ਗਈ। ਰਸਤੇ ਦਾ, ਨਦੀਆਂ ਦਾ, ਕਿਸ਼ਤੀਆਂ ਦਾ, ਨਿਰਣੈ ਕੀਤਾ ਗਿਆ। ਮਹਾਰਾਣੀ ਦੇ ਦੌੜਨ ਤੋਂ ਬਾਅਦ ਤੁਰੰਤ ਸੰਭਾਲ ਦਾ ਪ੍ਰਬੰਧ ਕੀਤਾ ਗਿਆ। ਮਹਾਰਾਣੀ ਦਾ ਭੇਸ ਬਦਲਿਆ ਗਿਆ। ਸਫਰ ਵਿਚ ਦੋ ਸੰਤ ੪-੫ ਮੀਲ ਅਗੇ-ਅਗੇ ਚਲਦੇ ਸਨ ਜੋ ਸਾਰੇ ਖਤਰੇ ਦਾ ਨਿਰਣੈ ਕਰਦੇ

ਸਨ। ਦੋ ਸੰਤ ਮਹਾਰਾਣੀ ਦੇ ਨਾਲ ਸਨ। ਇਕ ਸੰਤ ੪-੫ ਮੀਲ ਪਿਛੇ ਰਹਿਕੇ ਹਾਲਾਤ ਤੇ ਨਿਗਾਹ ਰਖ ਰਿਹਾ ਸੀ। ਅੰਤ ਇਹ ਯਤਨ ਸਫਲ ਹੋਇਆ। ਮਹਾਰਾਣੀ ਹਿੰਦੁਸਤਾਨ ਦੀ ਸੀਮਾ ਪਾਰ ਕਰਕੇ, ਨੇਪਾਲ ਚਲੀ ਗਈ ਅਤੇ ਕਠਮੰਡੂ ਪਹੁੰਚ ਗਈ। ਨੇਪਾਲ ਨਰੇਸ਼ ਨੂੰ ਮਿਲਕੇ ਰਾਜਸੀ ਸ਼ਰਣ ਮੰਗੀ ਗਈ। ਨੇਪਾਲ ਨਰੇਸ਼ ਨੇ ਸ੍ਵੀਕਾਰ ਕਰਕੇ ਮਹਾਰਾਣੀ ਨੂੰ ਰਾਜਸੀ ਸ਼ਰਣ ਦੇਕੇ 'ਥਾਪਾਥਲੀ ਦੇ ਰਾਣਾਵਾਂ ਦੇ ਮਹੱਲ' ਵਿਚ ਰਹਿਣ ਦੀ ਆਗਿਆ ਦੇ ਦਿਤੀ।

ਮਹਾਰਾਣੀ ਨੂੰ ਸੁਰਖ੍ਯਤ ਸਥਾਨ ਤੇ ਪਹੁੰਚਾਕੇ ਮਹਾਰਾਣੀ ਨਾਲ ਆਏ ਦੋਨੋ ਸੰਤ, ਸੰਤ ਰਣਜੋਧ ਸਿੰਘ ਜੀ ਅਤੇ ਸੰਤ ਰਣਧੀਰ ਸਿੰਘ ਜੀ ਪੱਛਮੀ ਨੇਪਾਲ ਦੇ 'ਮੁਕਤੀਨਾਥ' ਅਤੇ 'ਪਵਿੱਤਰ ਗੰਡਕੀ' ਦੇ ਉਦਗਮ ਸਥਲ ਵਲ ਚਲੇ ਗਏ। ਸੰਤਾਂ ਦੇ ਇਥੇ ਜਾਣ ਦੇ ਤਿੰਨ ਕਾਰਣ ਹਨ।

(੧) ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਵਲੋਂ ਮਹਾਰਾਜਾ ਨੇਪਾਲ ਤੇ ਦਬਾਉ ਵਧ ਰਿਹਾ ਸੀ ਕਿ ਮਹਾਰਾਣੀ ਜਿੰਦਾਂ ਨੂੰ ਅੰਗਰੇਜ਼ ਦੇ ਹਵਾਲੇ ਕੀਤਾ ਜਾਵੇ। ਸੰਤ ਨਹੀਂ ਚਾਹੁੰਦੇ ਸਨ ਕਿ ਨੇਪਾਲ ਰਾਜ ਉਪਰ ਦਬਾਉ ਹੋਰ ਸਖਤ ਹੋਵੇ ਅਤੇ ਇਹ ਸਾਬਤ ਹੋਵੇ ਇਕੱਲੀ ਮਹਾਰਾਣੀ ਨਹੀਂ ਹੋਰ ਸਿੱਖ ਬਾਗੀਆਂ ਨੂੰ ਵੀ ਮਹਾਰਾਜਾ ਸ਼ਰਣ ਦੇ ਰਿਹਾ ਹੈ।

(੨) ਸੰਤ ਮਹਾਰਾਜੇ ਤੇ ਬੋਝ ਵੀ ਨਹੀਂ ਬਣਨਾ ਚਾਹੁੰਦੇ ਸਨ।

(੩) ਨੇਪਾਲ ਦੇ ਕਾਨੂੰਨ ਅਨੁਸਾਰ ਕੋਈ ਵਿਦੇਸ਼ੀ ਨਾਗਰਕ ਨੇਪਾਲ ਵਿਚ ਰਹਿ ਨਹੀਂ ਸੀ ਸਕਦਾ।

ਇਸ ਸਥਿਤੀ ਨੂੰ ਵਿਚਾਰਕੇ, ਨੀਤੀ ਅਨੁਸਾਰ ਦੋਨੋ ਸੰਤ 'ਮਹਾਂਕਾਲੇਸ੍ਵਰ' ਸਥਿਤ ਦੁਰਗਮ ਪਹਾੜੀਆਂ ਦੇ ਜੰਗਲ ਵਿਚ ਗੁਫਾਵਾਸੀ ਹੋ ਗਏ।[੧] ਮਗਰੋਂ ਦੂਸਰੇ ਤਿੰਨੇ ਸੰਤ, ਸੰਤ ਰਣਬੀਰ ਸਿੰਘ ਜੀ, ਸੰਤ ਰਣਵਿਜਯ ਸਿੰਘ ਜੀ ਅਤੇ ਸੰਤ ਰਣਵਿਕ੍ਰਮ ਸਿੰਘ ਜੀ ਆਣ ਮਿਲੇ ਅਤੇ ਪੰਜੇ ਸੰਤ ਇਕੱਠੇ ਹੋ ਗਏ।

ਇਹ ਪੰਜੇ ਸੰਤ ੧੯੨੫ ਈਃ ਤਕ ਜੀਵਤ ਰਹੇ ਜਿਨ੍ਹਾਂ ਦੇ ਅੱਗੇ ੩੫ ਸ਼ਿਸ਼ ਬਣੇ। ਇਹ ਸਾਰੇ ਮਹਾਂਪੁਰਖ ਭਾਵੇਂ ਭਾਰਤ ਅਤੇ ਸੰਸਾਰ ਨਾਲੋਂ ਸੰਪਰਕ ਤੋੜ ਬੈਠੇ ਹਨ ਪਰ ਗੁਰਮਤਿ, ਗੁਰਬਾਣੀ ਨਾਲ ਹੋਰ ਵੀ ਦ੍ਰਿੜ੍ਹ ਹੋ ਗਏ

---

੧. *ਮਹਾਂਕਾਲੇਸ੍ਵਰ-ਮੁਕਤਿਨਾਥ ਦਾ ਮੰਦਰ ਦੁਰਗਮ ਪਹਾੜੀਆਂ ਵਿਚ ਘਿਰਿਆ ਭਿਆਨਕ ਜੰਗਲ ਵਿਚ ਹੈ। ਨੇਪਾਲ ਦੇ ਸ਼ਹਿਰ ਪੋਖੜਾ ਤੋਂ ਦਸ ਦਿਨ ਦੀ ਪੈਦਲ ਯਾਤਰਾ ਹੈ। ਪੁਰਾਨਕ ਕਥਾ ਅਨੁਸਾਰ-ਦੇਵਤੇ ਦੈਂਤਾਂ ਦੇ ਸਮੁੰਦਰ ਮੰਥਨ ਸਮੇਂ ਨਿਕਲੇ ੧੪ ਰਤਨਾਂ ਵਿਚੋਂ ਭਗਵਾਨ ਸ਼ੰਕਰ ਨੇ ਹਲਾਹਲ ਦਾ ਸੇਵਨ ਕਰਕੇ, ਇਥੇ ਨਿਵਾਸ ਰਖਿਆ ਸੀ। ਭਾਵੇਂ ਇਥੇ ਅਤਿਅੰਤ ਬਰਫ਼ ਪੈਂਦੀ ਹੈ ਪਰ ਸ਼ਿਵ ਜੀ ਦੀ ਵਿਸ਼ ਦੇ ਪ੍ਰਭਾਵ ਕਰਕੇ, ਠੰਡ ਘਟ ਹੈ।*

*ਇਥੇ ਬੁਧ-ਕਾਲ ਸਮੇਂ ਦੀਆਂ ੧੦੮ ਗੁਫਾਵਾਂ (ਅਜੰਟਾਇਲੋਰਾ ਦੀ ਤਰ੍ਹਾਂ) ਬਣੀਆਂ ਹੋਈਆਂ ਹਨ ਜਿਨ੍ਹਾਂ ਵਿਚ ਇਹ ਪੰਜੇ ਸੰਤ ਜਾ ਕੇ ਰਹੇ।*

*ਇਨ੍ਹਾਂ ਗੁਫਾਵਾਂ ਵਿਚ ਇਹ ਇਕੱਲੇ ਸੰਤ ਹੀ ਨਹੀਂ ਸਨ, ਹੋਰ ਮੱਤਾਂ ਦੇ ਸਾਧੂ ਵੀ ਨਿਵਾਸ ਰਖਦੇ ਹਨ ਜਿਨ੍ਹਾਂ ਵਿਚ ਸੰਨਿਆਸੀ, ਨਾਥ, ਬੋਧੀ, ਲਾਮੇਂ, ਤਾਂਤ੍ਰਿਕ ਅਤੇ ਮੁਸਲਮਾਨ ਆਦਿਕ ਕਈ ਸੰਪ੍ਰਦਾਵਾਂ/ਮੱਤਾਂ ਦੇ ਸਾਧੂ ਪ੍ਰੇਮ ਪੂਰਬਕ ਰਹਿੰਦੇ ਸਨ। ਕੁਲ ੧੦੮ ਸਾਧੂ ਰਹਿ ਰਹੇ ਹਨ। ਸਾਰੇ ਯੋਗਾਭਿਆਸੀ ਹਨ। ਸੰਸਾਰ ਨਾਲੋਂ ਟੁਟੇ ਹੋਏ, ਆਪਣੇ ਆਪ ਆਨੰਦ ਵਿਚ ਹਨ। ਨਾਮ ਚਿੰਤਨ, ਤਪਸਿਆ ਵਿਚ ਦ੍ਰਿੜ੍ਹ ਹਨ। ਯੋਗਾਭਿਆਸ ਦੇ ਕਾਰਣ ਸਭ ਦੀ ਆਯੂ ੧੦੦ ਸਾਲ ਤੋਂ ਉਪਰ ਹੈ। ਸ੍ਵਸਥ/ਅਰੋਗ ਅਤੇ ਪ੍ਰਤੀਤ ਇਸ ਤਰ੍ਹਾਂ ਹੁੰਦੇ ਹਨ, ਜਿਵੇਂ ੫੫-੫੬ ਵਰਸ਼ ਦੀ ਆਯੂ ਦੇ ਹੋਣ। ਭਿੰਨ-ਭਿੰਨ ਸੰਪ੍ਰਦਾਵਾਂ ਦੇ ਹੁੰਦੇ ਹੋਏ ਵੀ ਪ੍ਰੇਮ ਸਤਿਕਾਰ ਉਲੇਖਨੀਯ ਹੈ। ਸਮ-ਦ੍ਰਿਸ਼ਟੀ ਵਾਲੇ, ਉੱਚਆਤਮਿਕ ਅਵਸਥਾ ਦੇ ਸ੍ਵਾਮੀ ਹਨ। ਸੰਸਾਰ ਨਾਲੋਂ ਟੁਟਕੇ ਈਸ਼੍ਵਰ ਨਾਲ ਜੁੜੇ ਹੋਏ ਹਨ। ਸਮੂੰਹ ਮਹਾਂਪੁਰਖਾਂ ਦਾ ਭੋਜਨ ਕੇਵਲ ਚਾਵਲ ਹੈ, ਜੋ ਗਰਮ ਚਸ਼ਮੇ ਵਿਚ ਉਬਾਲੇ ਜਾਂਦੇ ਹਨ। ਇਹ ਲੰਗਰ ਬਨਾਉਣ ਦੀ ਸੇਵਾ ਨਿਰਮਲੇ ਸੰਤਾਂ ਨੇ ਸੰਭਾਲੀ ਹੋਈ ਹੈ।*

ਹਨ। ਪਹਿਲੇ ਪੰਜਾਂ ਸੰਤਾਂ ਨੇ ਆਪਣੇ ਸਾਰੇ ਸ਼ਿਸ਼ਾਂ ਨੂੰ ਗੁਰਮਰਯਾਦਾ ਅਨੁਸਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸਮ ਗ੍ਰੰਥ ਜੀ ਅਰਥਾਂ ਸਹਿਤ ਪੜ੍ਹਾਏ ਹਨ। ਸਾਰਿਆਂ ਨੂੰ ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਸ਼ਟ ਦ੍ਰਿੜ੍ਹ ਕਰਾਏ ਹਨ। 'ਵਾਹਿਗੁਰੂ' ਮੰਤ੍ਰ ਦਾ ਜਾਪ, ਗੁਰਬਾਣੀ ਦਾ ਨਿਤਨੇਮ ਪ੍ਰਪੱਕ ਕਰਾਇਆ ਹੈ। ਕਈ ਸੰਤ ਬ੍ਰਾਹਮਣ ਪਰਿਵਾਰ ਵਿਚੋਂ ਹਨ। ਸਾਰੇ ਸੰਸਕ੍ਰਿਤ ਦੇ ਵਿਦਵਾਨ ਹਨ। ਸੰਸਕ੍ਰਿਤ ਵੀ ਉਪ੍ਰੋਕਤ ਪੰਜ ਦੇਸ਼ਭਗਤ ਸੰਤਾਂ ਨੇ ਹੀ ਪੜ੍ਹਾਈ ਹੈ। ਇਸ ਤੋਂ ਪਤਾ ਲਗਦਾ ਹੈ ਕਿ ਉਹ ਜਿਥੇ ਮਹਾਨ ਦੇਸ਼ਭਗਤ ਸਿੱਖ ਰਾਜ ਦੇ ਸ਼ੁਭਚਿੰਤਕ ਸਨ ਉਥੇ ਗੁਰਮਤਿ, ਗੁਰਬਾਣੀ ਅਤੇ ਸੰਸਕ੍ਰਿਤ ਦੇ ਵੀ ਗਿਆਤਾ ਸਨ।

## ੧. ਸੰਤ ਰਣਜੋਧ ਸਿੰਘ ਜੀ (ਮ੍ਰਿਤਯੂ ੧੯੨੦ ਈ:) ਦੇ ਸ਼ਿਸ਼

| | |
|---|---|
| (੧) ਸੰਤ ਵੀਰਭਦ੍ਰ ਸਿੰਘ | (ਪੰਜਾਬ) |
| (੨) ਸੱਚਖੰਡਵਾਸੀ ਸੰਤ ਅਰਧਨਾਰੀਸ਼ੂਰ ਸਿੰਘ (ਮ੍ਰਿਤਯੂ ੧੯੩੩ ਈ:) | (ਮਦਰਾਸ) |
| (੩) ਸੰਤ ਆਸ਼ੁਤੋਸ਼ ਅਵਿਨਾਸ਼ ਸਿੰਘ | (ਉਤਰ ਪ੍ਰਦੇਸ਼) |
| (੪) ਸੰਤ ਵਸੁੰਧਰਾ ਸਿੰਘ ਜੀ | (ਉਤਰ ਪ੍ਰਦੇਸ਼) |
| (੫) ਸੱਚਖੰਡਵਾਸੀ ਸੰਤ ਮੱਲਿਕਾਰਜੁਨ ਸਿੰਘ (ਮ੍ਰਿਤਯੂ ੧੯੩੯ ਈ:) | (ਮਦਰਾਸ) |
| (੬) ਸੰਤ ਅਮੇਯਵੀਰ ਵਿਕ੍ਰਮ ਸਿੰਘ ਜੀ | (ਉਤਰ ਪ੍ਰਦੇਸ਼) |
| (੭) ਸੰਤ ਅੰਮ੍ਰਿਤਧਾਰੀ ਸਿੰਘ ਜੀ ਯਾਯਾਵਰ | (ਪੰਜਾਬ) |

## ੨. ਸੰਤ ਰਣਧੀਰ ਸਿੰਘ ਜੀ (ਮ੍ਰਿਤਯੂ ੧੯੧੮ ਈ:) ਦੇ ਸ਼ਿਸ਼

| | |
|---|---|
| (੮) ਸੰਤ ਨਰਹਰੀ ਸਿੰਘ ਜੀ | (ਪੰਜਾਬ) |
| (੯) ਸੱਚਖੰਡਵਾਸੀ ਸੰਤ ਅੰਮ੍ਰਿਤ ਸਿੰਘ ਜੀ (ਮ੍ਰਿਤਯੂ ੧੯੧੪ ਈ:) | (ਪੰਜਾਬ) |
| (੧੦) ਸੱਚਖੰਡਵਾਸੀ ਸੰਤ ਨਿਰਮਲ ਸਿੰਘ ਜੀ (ਮ੍ਰਿਤਯੂ ੧੯੨੯ ਈ:) | (ਪੰਜਾਬ) |
| (੧੧) ਸੱਚਖੰਡਵਾਸੀ ਸੰਤ ਅਜਯ ਸਿੰਘ ਜੀ (ਮ੍ਰਿਤਯੂ ੧੯੩੫ ਈ:) | (ਪੰਜਾਬ) |
| (੧੨) ਸੱਚਖੰਡਵਾਸੀ ਸੰਤ ਅਭਯ ਸਿੰਘ ਜੀ (ਮ੍ਰਿਤਯੂ ੧੯੩੧ ਈ:) | (ਪੰਜਾਬ) |
| (੧੩) ਸੱਚਖੰਡਵਾਸੀ ਸੰਤ ਵਿਵੇਕ ਸਿੰਘ ਜੀ (ਮ੍ਰਿਤਯੂ ੧੯੨੪ ਈ:) | (ਪੰਜਾਬ) |
| (੧੪) ਸੱਚਖੰਡਵਾਸੀ ਸੰਤ ਮ੍ਰਿਗੇਂਦ੍ਰ ਸਿੰਘ ਜੀ | (ਪੰਜਾਬ) |
| (੧੫) ਸੰਤ ਉਦਯਪ੍ਰਤਾਪ ਸਿੰਘ ਜੀ | (ਪੁੰਨਛ) |
| (੧੬) ਸੰਤ ਭਾਨੂਪ੍ਰਤਾਪ ਸਿੰਘ ਜੀ | (ਪੁੰਨਛ) |
| (੧੭) ਸੰਤ ਯੁਧਵੀਰ ਸਿੰਘ ਜੀ | (ਪੁੰਨਛ) |
| (੧੮) ਸੰਤ ਯੁਧਿਸ਼ਠਿਰ ਸਿੰਘ ਜੀ | (ਪੁੰਨਛ) |
| (੧੯) ਸੰਤ ਰੰਜਨਕੁਮਾਰ ਸਿੰਘ ਜੀ | (ਪੰਜਾਬ) |

(੨੦) ਸੰਤ ਮਯੰਕ ਸਿੰਘ ਜੀ (ਪੁੰਨਛ)

(੨੧) ਸੰਤ ਸ਼ਸੀਕਸ਼ੇਖਰ ਸਿੰਘ ਜੀ (ਪੁੰਨਛ)

(੨੨) ਸੰਤ ਪ੍ਰਿਯਦਰਸ਼ਨ ਸਿੰਘ ਜੀ (ਪੁੰਨਛ)

(੨੩) ਸੰਤ ਦ੍ਰੋਣਾਚਾਰਯ ਸਿੰਘ ਜੀ (ਪੁੰਨਛ)

## ੩. ਸੰਤ ਰਣਬੀਰ ਸਿੰਘ ਜੀ (ਮ੍ਰਿਤਯੂ ੧੯੨੨ ਈ:) ਦੇ ਸ਼ਿਸ਼

(੨੪) ਸੱਚਖੰਡਵਾਸੀ ਸੰਤ ਅਜੀਤ ਸਿੰਘ ਜੀ (ਪੰਜਾਬ)

(੨੫) ਸੰਤ ਨਰੇਂਦ੍ਰ ਸਿੰਘ ਜੀ (ਪੰਜਾਬ)

(੨੬) ਸੰਤ ਸੁਰਜੀਤ ਸਿੰਘ ਜੀ (ਪੰਜਾਬ)

(੨੭) ਸੰਤ ਕਾਰਤਿਕੇਯ ਸਿੰਘ ਜੀ (ਪੰਜਾਬ)

(੨੮) ਸੰਤ ਪ੍ਰਜਾਪਤੀ ਸਿੰਘ ਜੀ (ਪੰਜਾਬ)

(੨੯) ਸੰਤ ਨਾਗੇਂਦ੍ਰ ਸਿੰਘ ਜੀ (ਪੰਜਾਬ)

(੩੦) ਸੰਤ ਨਾਗੇਸ੍ਵਰ ਸਿੰਘ ਜੀ (ਪੰਜਾਬ)

## ੪. ਸੰਤ ਰਣਵਿਜਯ ਸਿੰਘ (ਮ੍ਰਿਤਯੂ ੧੯੨੫ ਈ:) ਦੇ ਸ਼ਿਸ਼

(੩੧) ਸੰਤ ਅਰੁਣ ਸਿੰਘ ਜੀ (ਪੰਜਾਬ)

(੩੨) ਸੰਤ ਵਿਨੋਦ ਸਿੰਘ ਜੀ (ਪੰਜਾਬ)

(੩੩) ਸੰਤ ਪ੍ਰਮੋਦ ਸਿੰਘ ਜੀ (ਪੰਜਾਬ)

(੩੪) ਸਚਖੰਡਵਾਸੀ ਸੰਤ ਕੇਸਵ ਸਿੰਘ ਜੀ (ਮ੍ਰਿਤਯੂ ੧੯੪੧ ਈ:) (ਪੰਜਾਬ)

(੩੫) ਸੰਤ ਅਗਨੀਵੇਸ਼ ਸਿੰਘ ਜੀ (ਪੰਜਾਬ)

(੩੬) ਸਚਖੰਡਵਾਸੀ ਸੰਤ ਭਕਤਵਤਸਲ ਸਿੰਘ ਜੀ (ਮ੍ਰਿਤਯ ੧੯੪੭ ਈ:) (ਪੰਜਾਬ)

(੩੭) ਸੰਤ ਵੇਦਾਂਤਕੇਸਰੀ ਸਿੰਘ ਜੀ (ਪੰਜਾਬ)

(੩੮) ਸੰਤ ਵਚਿਤ੍ਰਵੀਰਜ ਸਿੰਘ ਜੀ (ਪੰਜਾਬ)

## ੫. ਸੰਤ ਰਣਵਿਕ੍ਰਮ ਸਿੰਘ ਜੀ (ਮ੍ਰਿਤਯੂ ੧੯੨੫ ਈ:) ਦੇ ਸ਼ਿਸ਼

(੩੯) ਸੰਤ ਸ਼ਿਵਰਾਜ ਸਿੰਘ ਜੀ (ਪੰਜਾਬ)

(੪੦) ਸੰਤ ਰਸ਼ਮੀਰਥੀ ਸਿੰਘ ਜੀ (ਪੰਜਾਬ)

(੪੧) ਸੰਤ ਭਗੀਰਥ ਸਿੰਘ ਜੀ (ਪੰਜਾਬ)

(੪੨) ਸੰਤ ਅਰੁਣਧ੍ਵਜ ਸਿੰਘ ਜੀ (ਪੰਜਾਬ)

(੪੩) ਸੰਤ ਕੀਰਤੀਵਿਜਯ ਸਿੰਘ ਜੀ (ਪੰਜਾਬ)

(੪੪) ਸੰਤ ਅਨਿਰੁਧ ਸਿੰਘ ਜੀ (ਪੰਜਾਬ)

(੪੫) ਸੰਤ ਮਾਰਤੰਡਭੈਰਵ ਸਿੰਘ ਜੀ (ਪੰਜਾਬ)

ਇਨ੍ਹਾਂ ਸੰਤਾਂ ਨੇ ਅਗੇ ਕੋਈ ਸ਼ਿਸ਼ ਨਹੀਂ ਬਣਾਇਆ।

ਸੰਤ ਅਰਧਨਾਰੀਸ੍ਵਰ ਸਿੰਘ ਜੀ, ਸੰਤ ਮੱਲਿਕਾਰਜੁਨ ਸਿੰਘ ਜੀ ਅਤੇ ਸੰਤ ਭਕਤਵਤਸਲ ਸਿੰਘ (ਤਿੰਨੋਂ ਸਚਖੰਡਵਾਸੀ) ਪਹਿਲੇ ਸੰਨਿਆਸੀ ਸੰਪ੍ਰਦਾਇ ਦੇ (ਬ੍ਰਹਮਚਾਰੀ) ਸਾਧੂ ਸਨ ਜੋ ਬਾਅਦ ਵਿਚ ਨਿਰਮਲ ਪੰਥ ਵਿਚ ਸ਼ਾਮਲ ਹੋਕੇ ਗੁਰਬਾਣੀ ਦਾ ਚਿੰਤਨ ਕਰਦੇ ਰਹੇ। ਤਿੰਨੇ ਹੀ ਮਦਰਾਸ ਵਿਸ਼ਵਵਿਦਿਆਲਯ ਤੋਂ ਬੀ.ਏ. ਸਨ। ਜਨਮਤਿਥਿ, ਮਾਤਾ-ਪਿਤਾ, ਪਿੰਡ ਬਾਰੇ ਅੰਮ੍ਰਿਤਧਾਰੀ ਸਿੰਘ ਜੀ ਤੋਂ ਬਿਨਾਂ ਹੋਰ ਕਿਸੇ ਦਾ ਪਤਾ ਨਹੀਂ ਹੈ। ਬਹੁਤੇ ਬ੍ਰਾਹਮਣ ਵੰਸ਼ ਵਿਚੋਂ ਹਨ। ਜਿਸ ਪ੍ਰਾਂਤ ਵਿਚੋਂ ਹਨ ਨਾਲ ਲਿਖ ਦਿਤਾ ਹੈ।

## ਗਊ ਰੱਖਿਆ ਅਤੇ ਦੇਸ਼ ਸੇਵਾ

ਜਿਥੇ ਵੀ ਆਨ-ਸ਼ਾਨ ਅਣਖ/ਗੈਰਤ/ਧਰਮ ਤੇ ਹਮਲਾ ਹੋਇਆ। ਨਿਰਮਲੇ ਮਹਾਂਪੁਰਖ ਮੈਦਾਨ ਵਿਚ ਡਟ ਗਏ। ਧਰਮ ਅਤੇ ਦੇਸ਼ ਦੀ ਆਜ਼ਾਦੀ ਖਾਤਰ ਆਪਣਾ-ਆਪ ਵਾਰ ਦਿਤਾ। ਅਜੇਹੀਆਂ ਅਨੇਕ ਘਟਨਾਵਾਂ ਪ੍ਰਸਿੱਧ ਹਨ।

ਬ੍ਰਹਮਕੁਟੀ (ਕਾਸ਼ੀ) ਦੇ ਮਹੰਤ ਪੰਡਿਤ ਬਸੰਤ ਸਿੰਘ ਜੀ ਮਹਾਨ ਦੇਸ਼ਭਗਤ ਸਨ। ਬ੍ਰਹਮਕੁਟੀ ਦੇਸ਼ਭਗਤਾਂ ਦੀਆਂ ਸਰਗਰਮੀਆਂ ਦਾ ਕੇਂਦਰ ਸੀ। ਸ੍ਰੀ ਜੈਪ੍ਰਕਾਸ਼ ਨਾਰਾਇਣ ਨੇ ਬ੍ਰਹਮਕੁਟੀ ਵਿਚ ਕਾਫੀ ਸਮਾਂ ਅਗਿਆਤ ਵਾਸ ਕੀਤਾ ਸੀ। ਅੰਗਰੇਜ਼ ਸਰਕਾਰ ਦੇ ਵਿਰੁੱਧ ਜੋ ਕਾਸ਼ੀ ਦੇ ਇਲਾਕੇ ਵਾਸਤੇ ਸਾਹਿਤਯ ਪ੍ਰਕਾਸ਼ਿਤ ਹੁੰਦਾ ਸੀ, ਉਹ ਬ੍ਰਹਮਕੁਟੀ ਵਿਚ ਹੀ ਛਪਦਾ ਸੀ। ਮਹੰਤ ਸਾਧੂ ਸਿੰਘ ਜੀ ਕਨਖਲ ਵਾਲੇ ਕਾਂਗਰਸ ਅੰਦੋਲਨ ਵਿਚ ੯ ਮਹੀਨੇ ਜੇਲ੍ਹ ਵਿਚ ਰਹੇ ਸਨ।

ਸੰਮਤ ੧੯੭੫ ਬਿ: ਵਿਚ ਹਰਿਦ੍ਵਾਰ ਦੇ ਨਜ਼ਦੀਕ ਪਿੰਡ ਕਟਾਰਪੁਰ ਵਿਚ ਮੁਸਲਮਾਨਾਂ ਨੇ ਗਊਬੱਧ ਕਰਨ ਦਾ ਐਲਾਨ ਕੀਤਾ। ਗੁਰਦ੍ਵਾਰਾ ਪਾਤਸ਼ਾਹੀ ਤੀਸਰੀ, ਡੇਰਾ ਬਾਬਾ ਦਰਗਾਹਾ ਸਿੰਘ ਦੇ ਮਹੰਤ ਹਰਨਾਮ ਸਿੰਘ ਜੀ ਨੇ ਆਪਣਾ ਧਰਮ ਜਾਣਕੇ ਗਊ ਰੱਖਿਆ ਵਾਸਤੇ ਦ੍ਰਿੜ੍ਹ ਨਿਸਚੈ ਕਰ ਲਿਆ। ਨਿਯਤ ਸਮੇਂ ਤੇ ਦੋਨਾਂ ਪਾਸਿਆਂ ਤੋਂ ਇਕੱਠ ਹੋ ਗਿਆ। ਮੁਸਲਮਾਨ ਗਊਬੱਧ ਲਈ ਦ੍ਰਿੜ੍ਹ ਸਨ। ਮਹੰਤ ਹਰਨਾਮ ਸਿੰਘ ਜੀ ਨੇ ਬਹੁਤ ਸਮਝਾਇਆ ਪਰ ਮੁਸਲਮਾਨ ਆਪਣੀ ਜਿੱਦ ਤੇ ਅੜੇ ਰਹੇ। ਅੰਤ ਲੜਾਈ ਹੋਈ, ਗਊਆਂ ਛੁਡਾਈਆਂ ਗਈਆਂ। ਮਹੰਤ ਜੀ ਕਤਲ ਕੇਸ ਵਿਚ ਗ੍ਰਿਫਤਾਰ ਕਰ ਲਏ ਅਤੇ ੪-੫ ਸਾਲ ਮੁਕੱਦਮਾ ਚਲਿਆ। ੮ ਅਗਸਤ ੧੯੧੯ ਈ: ਨੂੰ ਮਹੰਤ ਜੀ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ, ਜੋ ਅਪੀਲ ਕਰਨ ਨਾਲ ਉਮਰ ਕੈਦ ਵਿਚ ਬਦਲ ਗਈ। ੮ ਵਰਸ਼ ਲਖਨਊ ਅਤੇ ਇਲਾਹਾਬਾਦ ਦੀਆਂ ਜੇਲ੍ਹਾਂ ਵਿਚ ਸਜ਼ਾ ਭੁਗਤਕੇ ੨੮ ਦਸੰਬਰ ੧੯੨੬ ਈ: ਨੂੰ ਰਿਹਾ ਹੋਏ।

ਇਸ ਤਰ੍ਹਾਂ ਧਰਮ, ਸੱਤ, ਗਊ-ਗਰੀਬ ਦੀ ਖਾਤਰ ਇਹ ਮਹਾਂਪੁਰਖ ਆਪਣੇ ਪ੍ਰਾਣਾਂ ਤੱਕ ਨੂੰ ਵਾਰਦੇ ਆ ਰਹੇ ਹਨ।

## ਗੁਰਦੁਆਰਾ ਸੁਧਾਰ ਵਿਚ ਸੇਵਾ

ਸੰਨ ੧੯੨੦ ਤੋਂ ੧੯੨੫ ਤਕ ਅਕਾਲੀ ਲਹਿਰ/ਗੁਰਦੁਆਰਾ ਸੁਧਾਰ ਲਹਿਰ ਚਲੀ ਜਿਸ ਵਿਚ ਸਿਖ ਕੌਮ ਨੇ ਅਥਾਹ ਕੁਰਬਾਨੀ ਕੀਤੀ। ਵਾਸਤੂ ਵਿਚ ਇਹ ਅੰਗਰੇਜ਼ ਦੇ ਖਿਲਾਫ ਆਜ਼ਾਦੀ ਦੀ ਲਹਿਰ ਸੀ। ਇਸ ਸਮੇਂ ਹਜ਼ਾਰਾਂ ਆਦਮੀ ਜੇਲ੍ਹਾਂ ਵਿਚ ਸੁਟੇ ਗਏ। ਲੱਖਾਂ ਨੇ ਜੁਰਮਾਨੇ ਭਰੇ, ਕੁਰਕੀਆਂ ਕਰਵਾਈਆਂ, ਅਕਹਿ-ਅਸਹਿ ਕਸ਼ਟ ਸਹੇ ਅਤੇ ਸ਼ਹੀਦੀਆਂ ਪਾਈਆਂ।

ਇਸ ਸਮੇਂ ਹਰ ਮੋਰਚੇ ਵਿਚ ਨਿਰਮਲੇ ਸੰਤਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਦੁਖ-ਤਸੀਹੇ ਝੱਲੇ ਅਤੇ ਜਲਾਵਤਨ ਹੋਏ। ੧੯੨੦ ਤੋਂ ਲੈਕੇ ਹੁਣ ਤਕ ਪੰਥ ਦਾ ਸਾਥ ਦਿੰਦੇ ਆ ਰਹੇ ਹਨ। ਭਾਵੇਂ ਮਹਾਂਪੁਰਖਾਂ ਦਾ ਇਤਿਹਾਸ ਬੜਾ ਲੰਮਾ ਹੈ ਜਿਵੇਂ ਮਹੰਤ ਮੂਲ ਸਿੰਘ ਜੀ ਛੇ ਮਹੀਨੇ ਕੈਦ ਰਹੇ। ਮਗਰੋਂ ਆਪ ਸ਼੍ਰੋ. ਗ. ਪ੍ਰ. ਕਮੇਟੀ ਦੇ ਮੈਂਬਰ ਚੁਣੇ ਗਏ। ਇਸ ਸਮੇਂ ਆਪ ਦੋ ਸਾਲ ਮੁਲਤਾਨ ਜੇਲ੍ਹ ਵਿਚ ਰਹੇ। ੫੦੦/- ਰੁਪਏ ਜੁਰਮਾਨਾ ਭਰਿਆ। ਸਾਰੇ ਮਹਾਂਪੁਰਖਾਂ ਦੀ ਇਸ ਤਰ੍ਹਾਂ ਦੀ ਸੇਵਾ ਹੈ। ਇਨ੍ਹਾਂ ਸੰਤਾਂ ਤੋਂ ਬਿਨ੍ਹਾਂ ਜੋ ਵੱਖ-ਵੱਖ ਮੋਰਚਿਆਂ ਵਿਚ ਅਕਹਿ ਅਸਹਿ ਤਸੀਹੇ ਸਹਿੰਦੇ ਰਹੇ ਉਨ੍ਹਾਂ ਮਹਾਂਪੁਰਖਾਂ ਦੇ ਕੇਵਲ ਨਾਵਾਂ ਦੀ ਸੂਚੀ ਇਸ ਤਰ੍ਹਾਂ ਹੈ।

ਸੰਤ ਗੁਰਬਖਸ਼ ਸਿੰਘ ਜੀ ਗਿਆਨੀ ਲਿਖਾਰੀ ਬੁੰਗਾ ਤਲਵੰਡੀ ਸਾਬੋ, ਸੰਤ ਬਲਬੀਰ ਸਿੰਘ ਜੀ 'ਵਿਯੋਗੀ' ਸੰਤਪੁਰਾ ਮਾਡਲਟਾਊਨ ਦਿੱਲੀ, ਸੰਤ ਪ੍ਰੀਤਮ ਸਿੰਘ ਜੀ ਕੋਟਫਤੂਹੀ ਜ਼ਿਲਾ ਜਲੰਧਰ, ਸੰਤ ਪ੍ਰਤਾਪ ਸਿੰਘ ਜੀ 'ਰਾਣਾ' ਹਰਿਦੁਆਰ, ਸੰਤ ਗੁਰਦਿਆਲ ਸਿੰਘ ਜੀ ਬੋਪਾਰਾਏ, ਸੰਤ ਅਜਾਇਬ ਸਿੰਘ ਜੀ ਲੰਮਾ ਜੱਟਪੁਰਾ, ਪੰਡਿਤ ਬਸੰਤ ਸਿੰਘ ਜੀ ਵੈਦ ਬ੍ਰਹਮਕੁਟੀ ਵਾਰਾਣਸੀ, ਮਹੰਤ ਟਹਿਲ ਸਿੰਘ ਜੀ ਡਫਰਵਾਲ ਵਾਲੇ, ਸੰਤ ਗਿਆਨੀ ਸੁੰਦਰ ਸਿੰਘ ਜੀ ਕਥਾਵਾਲੇ, ਮਹੰਤ ਕੁੰਢਾ ਸਿੰਘ ਜੀ ਕੋਟਭਾਈ, ਮਹੰਤ ਸੁੱਚਾ ਸਿੰਘ ਜੀ ਕੋਟ ਭਾਈ, ਮਹੰਤ ਨਾਰਾਇਣ ਸਿੰਘ ਜੀ ਜੰਮੂ (ਕਸ਼ਮੀਰ), ਸੰਤ ਗਿਆਨੀ ਰਾਮ ਸਿੰਘ ਜੀ ਪਿੰਡੀਘੇਬ, ਸੰਤ ਹਾਕਮ ਸਿੰਘ ਜੀ ਗਿਆਨੀ (ਛੋਟੇ ਸੰਤ), ਸੰਤ ਪਾਲਾ ਸਿੰਘ ਜੀ, ਸੰਤ ਗੁਰਬਖਸ਼ ਸਿੰਘ ਜੀ ਜਬੋਵਾਲ, ਸੰਤ ਰਾਮ ਸਿੰਘ ਜੀ ਸੂਰਮਾ ਆਦਿ।

ਜੈਤੋ ਦੇ ਮੋਰਚੇ ਵਿਚ ਪੰਜ ਸੌ ਸਿੰਘਾਂ ਦਾ ੧੧ਵਾਂ ਸ਼ਹੀਦੀ ਜੱਥਾ ਸ੍ਰੀਮਾਨ ਸੰਤ ਸੰਤੋਖ ਸਿੰਘ ਜੀ [੧] ਬਡੂਵਾਲ ਵਾਲਿਆਂ ਦੀ ਪ੍ਰਧਾਨਗੀ (ਜਥੇਦਾਰੀ) ਹੇਠ ੨੩ ਜੁਲਾਈ ੧੯੨੪ ਨੂੰ ਸ੍ਰੀ ਅਕਾਲ ਤਖਤ (ਅੰਮ੍ਰਿਤਸਰ) ਤੋਂ ਅਰਦਾਸ ਕਰਕੇ ਤੁਰਿਆ। ਅਨੇਕ ਪਿੰਡਾਂ ਵਿਚ ਦੀ ਪ੍ਰਚਾਰ ਕਰਦਾ ਹੋਇਆ ਪਹਿਲੀ ਸਤੰਬਰ (੧੯੨੪ ਈ:) ਨੂੰ ਜੈਤੋ ਵਿਚ ਆਕੇ ਗ੍ਰਿਫਤਾਰ ਹੋਇਆ। (ਭਾਈ ਮੇਜਰ ਸਿੰਘ ਜੀ, ਪਿੰਡ ਭੂਚੋ ਕਲਾਂ ਦੁਆਰਾ ਪ੍ਰਾਪਤ)

ਪੰਜ ਸੌ ਸਿੰਘਾਂ ਦਾ ੭ਵਾਂ ਸ਼ਹੀਦੀ ਜੱਥਾ ਪਹਿਲੀ ਜੂਨ ੧੯੨੪ ਈ: ਨੂੰ ਤਖ਼ਤ ਕੇਸਗੜ੍ਹ (ਸ੍ਰੀ ਅਨੰਦਪੁਰ ਸਾਹਿਬ) ਤੋਂ ਅਰਦਾਸ ਕਰਕੇ ਤੁਰਿਆ ਜੋ ਅਨੇਕ ਪਿੰਡਾਂ ਵਿਚ ਦੀ ਪ੍ਰਚਾਰ ਕਰਦਾ ਹੋਇਆ ੨੯ ਜੂਨ (੧੯੨੪ ਈ:) ਨੂੰ ਜੈਤੋ ਜਾ ਕੇ ਗ੍ਰਿਫਤਾਰ ਹੋਇਆ। ਇਸ ਜਥੇ ਵਿਚ ਦੁਆਬੇ ਦੇ ਨਿਰਮਲ ਭੇਖ ਦੇ ਮਹਾਂਪੁਰਖ, ਨਾਮ-ਅਭਿਆਸੀ, ਵਿਦਵਾਨ, ਵਿਰਕਤ, ਜਤਿੰਦ੍ਰੇ, ਮਹੰਤ, ਸੰਤ ਵਿਸ਼ੇਸ਼ ਰੂਪ ਵਿਚ ਸ਼ਾਮਲ ਹੋਏ ਜਿਨ੍ਹਾਂ ਵਿੱਚੋਂ ਹੇਠ ਲਿਖੇ ਮਹਾਂਪੁਰਖਾਂ ਦੇ ਨਾਮ ਵਰਣਨਯੋਗ ਹਨ।

ਸੰਤ ਹਰਨਾਮ ਸਿੰਘ ਜੀ ਜਿਆਨ ਵਾਲੇ, ਸੰਤ ਸ੍ਵਾਮੀ ਦਲੇਲ ਸਿੰਘ ਜੀ ਵਿਰਕਤ ਸ਼ਾਹਅਬਾਦ ਵਾਲੇ, ਸੰਤ

---

*੧. ਸੰਤ ਸੰਤੋਖ ਸਿੰਘ ਜੀ ਦਾ ਜਨਮ ਨਗਰ ਪਿੰਡ ਭੁਚੋਂ ਕਲਾਂ ਜ਼ਿਲ੍ਹਾ ਬਠਿੰਡਾ ਵਿਚ ਸੀ। ਆਪ ਜੀ ਡੇਰਾ ਬਾਬਾ ਦਲ ਸਿੰਘ ਭੁਚੋ ਕਲਾਂ ਦੇ ਮਹੰਤ ਸਨ। ਵਿਸਤਾਰ ਲਈ ਵੇਖੋ 'ਡੇਰਾ ਬਾਬਾ ਦਲ ਸਿੰਘ' ਪੰਨਾ ੧੮, ਗਿਆਨੀ ਬਲਵੰਡ ਸਿੰਘ ਕੋਠਾ ਗੁਰੂ।*

ਹਰੀ ਸਿੰਘ ਜੀ ਕਹਾਰਪੁਰ ਵਾਲੇ, ਸੰਤ ਦੀਵਾਨ ਸਿੰਘ ਜੀ, ਸੰਤ ਬਿਸ਼ਨ ਸਿੰਘ ਜੀ ਨੰਗਲ ਖ਼ੁਰਦ, ਸੰਤ ਪਾਲ ਸਿੰਘ ਜੀ, ਸੰਤ ਰਤਨ ਸਿੰਘ ਜੀ ਗਿਆਨੀ, ਸੰਤ ਪ੍ਰੀਤਮ ਸਿੰਘ ਜੀ ਲਹਿਲੀ ਖ਼ੁਰਦ, ਸੰਤ ਹਰੀ ਸਿੰਘ ਜੀ ਸੁਖਈ, ਸੰਤ ਪ੍ਰਦਮਨ ਸਿੰਘ ਜੀ, ਸੰਤ ਪੰਡਿਤ ਪੂਰਨ ਸਿੰਘ ਜੀ, ਸੰਤ ਦਲੀਪ ਸਿੰਘ ਜੀ ਡਮੇਲੀ।[੧]

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ

ਸ਼੍ਰੋ. ਗੁ. ਪ੍ਰ. ਕਮੇਟੀ ਸਿੱਖਪੰਥ ਦੀ ਪ੍ਰਤਿਨਿਧ ਸੰਸਥਾ ਹੈ। ਸ਼੍ਰੋ. ਗੁ. ਪ੍ਰ. ਕਮੇਟੀ ਦੀ ਸਥਾਪਨਾ ਤੋਂ ਲੈਕੇ ਹੁਣ ਤਕ ਨਿਰਮਲੇ ਸੰਤਾਂ ਨੂੰ ਸ਼੍ਰੋ. ਗੁ. ਪ੍ਰ. ਕਮੇਟੀ ਵਿਚ ਪ੍ਰਤਿਨਿਧਤਾ ਮਿਲਦੀ ਆਈ ਹੈ। ਹੇਠ ਲਿਖੇ ਮਹਾਂਪੁਰਖ ਸ਼੍ਰੋ. ਗੁ. ਪ੍ਰ. ਕਮੇਟੀ ਵਿਚ ਮੈਂਬਰ ਰਹਿ ਚੁਕੇ ਹਨ।

ਮਹੰਤ ਮੂਲ ਸਿੰਘ ਜੀ ਅੰਮ੍ਰਿਤਸਰ, ਮਹੰਤ ਪ੍ਰੇਮ ਸਿੰਘ ਜੀ ਮੁਰਾਲਾ, ਸੰਤ ਗੁਰਦਿਆਲ ਸਿੰਘ ਜੀ ਬੋਪਾਰਾਏ, ਮਹੰਤ ਕੁੰਢਾ ਸਿੰਘ ਜੀ ਕੋਟਭਾਈ, ਮਹੰਤ ਸੁੱਚਾ ਸਿੰਘ ਜੀ ਕੋਟਭਾਈ, ਮਹੰਤ ਨਾਰਾਇਣ ਸਿੰਘ ਜੀ ਜੰਮੂ (ਕਸ਼ਮੀਰ), ਮਹੰਤ ਬਚਿੱਤਰ ਸਿੰਘ ਜੀ ਨੰਗਾਲੀ ਸਾਹਿਬ, ਗਿਆਨੀ ਕਰਨੈਲ ਸਿੰਘ ਜੀ 'ਅਮਰ' ਸੂਰੇਵਾਲਾ, ਸੰਤ ਸ਼ੇਰ ਸਿੰਘ ਜੀ ਅਤੇ ਸੰਤ ਬਾਬਾ ਮਿੱਠਾ ਸਿੰਘ ਜੀ ਅਗਜੈਕਟਿਵ ਮੈਂਬਰ।

## ਨਿਰਮਲੇ ਸੰਤ ਸ਼ਹੀਦ ਵੀ ਹੁੰਦੇ ਰਹੇ ਹਨ

ਆਪਣੇ ਸਿਧਾਂਤ ਮਰਯਾਦਾ/ਧਰਮ ਤੇ ਪਹਿਰਾ ਦਿੰਦੇ ਹੋਏ ਬਹੁਤ ਸਾਰੇ ਨਿਰਮਲੇ ਮਹਾਂਪੁਰਖ ਸਤਿਗੁਰੂ ਜੀ ਦੇ ਸਮੇਂ ਤੋਂ ਲੈਕੇ ਹੁਣ ਤਕ ਸ਼ਹੀਦ ਵੀ ਹੁੰਦੇ ਰਹੇ ਹਨ ਪਰ ਆਪਣੇ ਅਸੂਲ ਦਾ ਤਿਆਗ ਨਹੀਂ ਕੀਤਾ। ਭਾਈ ਮਨੀ ਸਿੰਘ ਜੀ ਬੰਦ-ਬੰਦ ਕਟਵਾਕੇ ਲਾਹੌਰ ਵਿਚ ਸ਼ਹੀਦ ਹੋਏ। ਬਾਬਾ ਦੀਪ ਸਿੰਘ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਅੰਮ੍ਰਿਤਸਰ ਦੀ ਰਖਿਆ ਵਾਸਤੇ ਸ਼ਹੀਦੀ ਪ੍ਰਾਪਤ ਕੀਤੀ। ਬਾਬਾ ਦੀਪ ਸਿੰਘ ਜੀ ਦੇ ਉਤਰਾਧਿਕਾਰੀ ਵੀ ਸ਼ਹੀਦ ਹੋਏ। ਇਸ ਤਰ੍ਹਾਂ ਸਮਾਂ ਆਉਣ ਤੇ ਨਿਰਮਲੇ ਮਹਾਂਪੁਰਖ ਆਪਣੇ-ਆਪ ਦਾ ਬਲੀਦਾਨ ਕਰਦੇ ਰਹੇ ਹਨ।

ਇਕ ਵਾਰ ਕਾਸ਼ੀ ਜੀ (ਵਾਰਾਣਸੀ) ਵਿਚ ਅੰਗਰੇਜ਼ ਸਰਕਾਰ ਦੇ ਵਿਰੁੱਧ ਜਲੂਸ ਨਿਕਲਿਆ ਜਿਸ ਦੀ ਅਗਵਾਈ ਨਿਰਮਲ ਭੇਖ ਦੇ ਸੰਤਾਂ ਨੇ ਕੀਤੀ। ਇਸ ਸਮੇਂ ਨਿਰਮਲ ਭੇਖ ਦੇ ਸੰਤ ਨਰੇਂਦਰ ਸਿੰਘ ਜੀ (ਸ਼ਿਸ਼ ਸ੍ਰੀਮਾਨ ਮਹੰਤ ਗਨੇਸ਼ਾ ਸਿੰਘ ਜੀ ਡੇਰਾ ਅੰਤਰਜਾਮੀ, ਅੰਮ੍ਰਿਤਸਰ) ਚੌਂਕ ਗਦੌਲੀਆਂ ਵਿਚ ਸਰਕਾਰ ਵਿਰੁੱਧ ਵਿਆਖਿਆਨ ਦਿੰਦੇ ਹੋਏ ਪੁਲੀਸ ਦੀ ਗੋਲੀ ਨਾਲ ਸ਼ਹੀਦ ਹੋਏ।

---

*੧. ਸੰਤ ਦਲੀਪ ਸਿੰਘ ਜੀ (੧੮੮੩-੧੯੪੮) ਨੇ ਆਪਣੇ ਨਾਨਕੇ ਪਿੰਡ ਡਮੇਲੀ ਵਿਚ ਕੁਟੀਆ ਬਣਾ ਕੇ ਦਿਨ-ਰਾਤ ਅਕਹਿ ਸਿਮਰਨ ਕੀਤਾ। ਸਿਮਰਨ ਨਾਲ ਉਲੇਖਨੀਯ ਤਪ-ਤੇਜ ਪ੍ਰਤਾਪ ਵਧਿਆ ਸੰਤ ਦਲੀਪ ਸਿੰਘ ਜੀ ਆਪ ਚੱਕੀ ਤੇ ਆਟਾ ਪੀਹ ਕੇ ਆਪਣਾ ਭੋਜਨ ਤਿਆਰ ਕਰਦੇ ਸਨ। ਅਪੰਗ, ਅੰਨ੍ਹੇ, ਗੂੰਗੇ, ਬਹਿਰੇ (ਬੋਲ਼ੇ) ਬੀਮਾਰ, ਯਤੀਮਾਂ ਨੂੰ ਵੀ ਲੰਗਰ ਜਾਰੀ ਕਰ ਦਿੱਤਾ। ਅਜਿਹੇ ਅਪੰਗ ਰੋਗੀ ਜਿਥੋਂ ਵੀ ਮਿਲਦੇ ਕੁਟੀਆ ਵਿਚ ਲਿਆ ਕੇ ਸੇਵਾ ਸੰਭਾਲ ਕਰਦੇ ਅਤੇ ਵਿਦਿਆ ਪੜ੍ਹਾਉਂਦੇ। ਗੁਰਬਾਣੀ ਦਾ ਪਾਠ, ਰਾਗ, ਕੀਰਤਨ ਆਦਿਕ ਗੁਣਾਂ ਵਿਚ ਭਰਪੂਰ ਕਰਕੇ ਰੋਜ਼ਗਾਰ ਦੇ ਯੋਗ ਬਣਾ ਦਿੰਦੇ ਸਨ। ਅਨੇਕ ਗੁਣਹੀਨ ਆਪ ਜੀ ਨੇ ਗੁਣਵਾਨ ਬਣਾ ਦਿਤੇ। ਆਪ ਜੀ ਨੇ ਸਿੱਖੀ ਪ੍ਰਚਾਰ, ਅੰਮ੍ਰਿਤ ਸੰਚਾਰ ਕਰਕੇ ਹਜ਼ਾਰਾਂ ਨੂੰ ਗੁਰਮਤਿ ਨਾਲ ਜੋੜਿਆ। ਆਪ ਜੀ ਦਾ ਡੇਰਾ 'ਬੱਬਰ ਅਕਾਲੀਆਂ' ਦਾ ਵੀ ਗੜ੍ਹ ਸੀ। ਡੇਰੇ ਵਿਚ ਬੱਬਰ ਨਿਰਭੈ ਰਹਿ ਕੇ ਆਰਾਮ ਕਰਦੇ ਅਤੇ ਅਗਲੀ ਯੋਜਨਾ ਘੜ੍ਹਦੇ ਸਨ। ਗੁਰਦਵਾਰਾ ਸੁਧਾਰ ਵਿਚ ਸਰਗਰਮੀ ਨਾਲ ਹਿੱਸਾ ਲਿਆ, ਇਕ ਸੌ ਸਿੰਘਾਂ ਦਾ ਜੱਥਾ ਲੈ ਕੇ ਜੈਤੋ ਦੇ ਮੋਰਚੇ ਵਿਚ ਗ੍ਰਿਫਤਾਰ ਹੋਏ। ੧੯੪੭ ਈ: ਦੇ (ਹਿੰਦੂ-ਮੁਸਲਮ) ਦੰਗਿਆਂ ਵਿੱਚ ਹਜ਼ਾਰਾਂ ਮੁਸਲਮਾਨਾਂ ਦੀ ਜਾਨ ਬਚਾਈ, ਡਮੇਲੀ ਦਾ ਖਾਲਸਾ ਕਾਲਜ ਆਪ ਜੀ ਦੀ ਸਿਮ੍ਰਤੀ ਨੂੰ ਪ੍ਰਗਟ ਕਰ ਰਿਹਾ ਹੈ।*

ਸੰਤ ਉਤਮ ਸਿੰਘ ਜੀ ਨੇ ਸ਼ਾਹਦਰਾ (ਲਾਹੌਰ) ੧੯੪੭ ਈ: ਵਿਚ ਸ਼ਹੀਦੀ ਪਾਈ। ਸੰਤ ਜੋਗਾ ਸਿੰਘ ਜੀ ੧੯੪੭ ਈ: ਵਿਚ ਸ਼ਹੀਦ ਹੋਏ। ਸੰਤ ਕਿਸ਼ਨ ਸਿੰਘ ਜੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਬੈਠੇ) ਪੁੰਨਛ ੧੯੪੭ ਈ: ਨੂੰ ਸ਼ਹੀਦ ਹੋਏ। ਸੰਤ ਰਤਨਾਕਰ ਸਿੰਘ ਜੀ ਸ਼ਿਸ਼ ਸੰਤ ਕਪੂਰ ਸਿੰਘ ਜੀ ਨੇ ਵੀ ਸ਼ਹੀਦੀ ਪ੍ਰਾਪਤ ਕੀਤੀ। ਮਹੰਤ ਕਰਮ ਸਿੰਘ ਜੀ 'ਕਰਮਵੀਰ' ੧੯੮੪ ਈ: ਦੇ ਦੰਗਿਆਂ ਸਮੇਂ ਪੀਲੀਕੋਠੀ ਇਲਾਹਾਬਾਦ ਵਿਚ ਸ਼ਹੀਦੀ ਪਾ ਗਏ।

## ਧਾਰਮਿਕ ਅਤੇ ਰਾਜਨੀਤਿਕ ਪਦਵੀਆਂ

ਨਿਰਮਲ ਭੇਖ ਦੇ ਬਹੁਤ ਸਾਰੇ ਸੰਤ ਧਾਰਮਿਕ, ਵਿਦਿਅਕ ਸੰਸਥਾਵਾਂ ਅਤੇ ਰਾਜਨੀਤੀ ਵਿਚ ਹਿੱਸਾ ਲੈਂਦੇ ਹੋਏ ਹੇਠ ਲਿਖੀਆਂ ਧਾਰਮਿਕ ਅਤੇ ਰਾਜਨੀਤਿਕ ਪਦਵੀਆਂ ਤੇ ਸੇਵਾ ਕਰਦੇ ਰਹੇ ਹਨ।

ਮਹੰਤ ਮੂਲ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਜੀ ਅੰਮ੍ਰਿਤਸਰ ਦੇ ਆਨਰੇਰੀ ਹੈਡਗ੍ਰੰਥੀ।

ਸਿੰਘ ਸਾਹਿਬ ਗਿਆਨੀ ਭੂਪਿੰਦਰ ਸਿੰਘ ਜੀ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ,

ਪ੍ਰਧਾਨ ਸ੍ਰੋ. ਅਕਾਲੀ ਦਲ ਅਤੇ ਮੈਂਬਰ ਪਾਰਲੀਮੈਂਟ ਰਹੇ।

ਸੰਤ ਪ੍ਰੇਮ ਸਿੰਘ ਜੀ ਮਰਾਲਾ ਪੰਜਾਬ ਅਸੈਂਬਲੀ ਦੇ ਮੈਂਬਰ।

ਸੰਤ ਹਰਨਾਮ ਸਿੰਘ ਜੀ ਐਮ. ਐਲ. ਏ. ਅਤੇ ਵਜ਼ੀਰ ਰਹੇ।

ਮਹੰਤ ਹਾਕਮ ਸਿੰਘ ਜੀ ਡੇਰਾ ਬਾਬਾ ਮਿਸ਼ਰਾ ਸਿੰਘ ਧਾਰਮਿਕ ਕਮੇਟੀ ਦੇ ਮੈਂਬਰ।

ਗਿਆਨੀ ਨਾਹਰ ਸਿੰਘ ਜੀ ਰੋਪੜ ਵਾਲੇ ਤਖਤ ਕੇਸਗੜ੍ਹ (ਅਨੰਦਪੁਰ) ਦੇ ਹੈੱਡਗ੍ਰੰਥੀ।

ਸੰਤ ਹਾਕਮ ਸਿੰਘ ਜੀ ਬੁੰਗਾ ਮਸਤੂਆਣਾ ਤਖਤ ਦਮਦਮਾ ਸਾਹਿਬ ਦੇ ਜਥੇਦਾਰ।

ਮਹੰਤ ਮਿਹਰ ਸਿੰਘ ਜੀ ਤਖਤ ਦਮਦਮਾ ਸਾਹਿਬ ਦੇ ਹੈਡਗ੍ਰੰਥੀ ਅਤੇ ਕਾਇਮੁਕਾਮ ਜਥੇਦਾਰ।

ਮਹਾਂ ਮੰਡਲੇਸ਼੍ਵਰ ਸ੍ਵਾਮੀ ਸਚਦਾਨੰਦ ਹਰੀ 'ਸਾਕਸ਼ੀ' ਮੈਂਬਰ ਪਾਰਲੀਮੈਂਟ।

# ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੀ ਸਥਾਪਨਾ

ਨਿਰਮਲੇ ਸੰਤ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ, ਸਤਿਗੁਰੂਆਂ ਦੀ ਸੇਵਾ ਵਿਚ ਉਪਸਥਿਤ ਰਹੇ। ਸਤਿਗੁਰੂਆਂ ਦੇ ਉਪਦੇਸ਼ ਹਿਰਦੇ ਵਿਚ ਧਾਰਨ ਕੀਤੇ ਅਤੇ ਕ੍ਰਿਆਤਮਿਕ ਰੂਪ ਵਿਚ ਕਮਾਉਂਦੇ ਰਹੇ। ਨਾਮ ਸਿਮਰਨ, ਬ੍ਰਹਮ ਚਿੰਤਨ ਕਰਦੇ ਰਹੇ। ਸੰਸਾਰ ਦੇ ਪਦਾਰਥਾਂ ਨਾਲ ਕਦੀ ਲਗਾਉ ਰਖਣ ਦਾ ਸੰਕਲਪ ਨਹੀ ਕੀਤਾ। ਕੇਵਲ ਵਿਦਿਆ ਅਧਿਐਨ ਕਰਨਾ ਅਤੇ ਕਰਵਾਉਣਾ, ਨਾਮ ਜਪਣਾ ਅਤੇ ਜਪਾਉਣਾ ਸਾਰੇ ਮਹਾਂਪੁਰਖਾਂ ਦਾ ਕੰਮ ਸੀ। ਡੇਰੇ ਬਨਾਉਣੇ, ਧਨ-ਪਦਾਰਥ ਸੰਗ੍ਰਹਿ ਕਰਨਾ, ਜ਼ਮੀਨਾਂ-ਜਾਗੀਰਾਂ ਦੀ ਪ੍ਰਾਪਤੀ ਵਾਸਤੇ ਕਦੀ ਸੋਚਿਆ-ਵਿਚਾਰਿਆਂ ਵੀ ਨਹੀਂ ਸੀ। ਵੀਤਰਾਗ ਵਿਰਕਤ ਮਹਾਤਮਾ ਤੀਰਥਾਂ ਅਤੇ ਕੁੰਭ ਮੇਲਿਆਂ ਤੇ ਜਾਂਦੇ ਤਾਂ ਜਿਥੇ-ਜਿਥੇ ਮਨ ਕਰਦਾ ਠਹਿਰ ਜਾਂਦੇ ਸਨ। ਛੇਤਰਾਂ ਵਿਚੋਂ ਭੋਜਨ ਲੈਕੇ ਛਕ ਲੈਂਦੇ ਸਨ। ਨਿਰਮਲੇ ਸੰਤਾਂ ਦਾ ਪੁਰਾਤਨ ਤੀਰਥਾਂ (ਹਰਿਦੁਆਰ, ਨਾਸਿਕ, ਪ੍ਰਯਾਗਰਾਜ, ਉਜੈਨ, ਕੁਰੂਕਸ਼ੇਤ੍ਰ ਆਦਿਕ) ਉਪਰ ਆਪਣਾ ਕੋਈ ਆਸ਼੍ਰਮ ਨਹੀਂ ਸੀ। ਇਸ ਵਾਸਤੇ ਇਨ੍ਹਾਂ ਤੀਰਥਾਂ ਉਪਰ ਸਮੇਂ ਦੇ ਪਰਿਵਰਤਨ ਨਾਲ ਡੇਰੇ ਵੀ ਕਾਇਮ ਕਰਨੇ ਪਏ ਅਤੇ ਨਿਰਮਲ ਪੰਚਾਇਤੀ ਅਖਾੜਾ ਵੀ ਸਥਾਪਿਤ ਕਰਨਾ ਪਿਆ।

ਸਮੇਂ ਅਨੁਸਾਰ ਸਾਰੇ ਭੇਖਾਂ ਵਿਚੋਂ ਸਮਦ੍ਰਿਸ਼ਟੀ ਵਾਲੀ ਭਾਵਨਾ ਖਤਮ ਹੋਣ ਲੱਗੀ। ਦਿਨੋ-ਦਿਨ ਨਫਰਤ, ਈਰਸ਼ਾ, ਦ੍ਵੈਸ਼ ਵਧਣ ਲਗੀ। ਇਸ ਵਾਸਤੇ ਅਨਯ ਭੇਖਾਂ ਦੇ ਸਾਧੂ ਨਿਰਮਲੇ ਵਿਰਕਤ ਮਹਾਂਪੁਰਖਾਂ ਨਾਲ ਈਰਖਾ ਕਰਨ ਲਗੇ। ਕੁ-ਵਾਕ ਬੋਲਣ ਲਗੇ। ਇਥੋਂ ਤਕ ਕਿ ਜਦੋਂ ਕੋਈ ਨਿਰਮਲਾ ਸੰਤ ਇਨ੍ਹਾਂ ਦੇ ਆਸ਼੍ਰਮ ਵਿਚ ਭੋਜਨ ਪਾਉਣ ਜਾਂਦਾ ਤਾਂ ਉਂਗਲਾਂ ਦੀ ਕੈਂਚੀ ਬਣਾਕੇ ਕਹਿੰਦੇ, 'ਚੋਟੀ ਦਿਉ, ਰੋਟੀ ਲਉ।' ਅਜੇਹੇ ਅਪਮਾਨ ਜਨਕ ਸ਼ਬਦ ਸੁਬ੍ਹਾ-ਸ਼ਾਮ ਸੁਣਨੇ ਪੈਂਦੇ ਸਨ। ਇਸ ਵਾਸਤੇ ਨਿਰਮਲੇ ਸੰਤਾਂ ਦਾ ਸ੍ਵੈਮਾਨ ਭੀ ਜਾਗ ਪਿਆ। ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ :

*'ਦਸਮ ਗੁਰੂ ਕੇ ਜੇ ਸਿੱਖ ਸਾਧੂ। ਤਹਾਂ ਬਿਹੰਗਮ ਜਾਤ ਅਬਾਧੂ।*
*ਪੈਸਾ ਪਾਸ ਨ ਜੋਊ ਰਖੈਹੈਂ। ਅਕਸਰ ਭੋਜਨ ਪਾਯੋ ਚੈਹੈਂ।*
*ਝੰਡੇ ਖੜ੍ਹੇ ਕਰਤ ਹੈਂ ਜਾਈ। ਸਾਧ ਉਦਾਸੀ ਔਰ ਗੁਸਾਂਈ।*
*ਲੰਗਰ ਵੀ ਦੇਵਤ ਬਡ ਵੈ ਹੈਂ। ਨਿਜ ਨਿਜ ਭੇਖਣ ਤਈ ਸਭੈ ਹੈਂ।*
*ਸਿੰਘ ਨਾਮ ਵਾਰੇ ਜਬਿ ਗੁਨ ਕੈ। ਭੋਜਨ ਪਾਵਨ ਚੈਹੈ ਉਨ ਕੈ।*
*ਕੈਂਚੀ ਅੱਗਯੋ ਸੋਊ ਦਿਖੈ ਹੈਂ। ਮੁੰਡ ਮੁੰਡਾਓ ਖਾਓ ਕੈ ਹੈਂ।*
*ਤਾਨ੍ਹੇ ਔਰ ਅਧਿਕਧਾ ਦੈ ਕੈ। ਬੇ ਸਿਦਕੀ ਸਿੰਘੈ ਭੁਚਲੈ ਕੈ।*
*ਮੁੰਡ ਮੁੰਡਿ ਨਿਜ ਸਾਧੂ ਬਨੈਹੈ। ਇਹੁ ਘਾਟਾ ਸਿੰਘਨ ਮੈਂ ਪੈ ਹੈ।'* [1]

---

*੧. ਸ੍ਰੀ ਗੁਰ ਪੰਥ ਪ੍ਰਕਾਸ਼ ਪੰਨਾ ੨੮੦੩—੪ ਸੰਪਾਦਤ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ*

ਇਸ ਵਾਸਤੇ ਸ੍ਰੀ ਅੰਮ੍ਰਿਤਸਰ, ਤਰਨ ਤਾਰਨ, ਕੁਰੁਕਸ਼ੇਤ੍ਰ, ਹਰਿਦ੍ਵਾਰ, ਰਿਸ਼ੀਕੇਸ਼, ਪ੍ਰਯਾਗ (ਝੂਸੀ), ਕਾਸ਼ੀ ਆਦਿਕ ਤੀਰਥਾਂ 'ਚ ਆਸ਼੍ਰਮ, ਡੇਰੇ ਮਠ ਕਾਇਮ ਕਰਨੇ ਆਰੰਭ ਕਰ ਦਿਤੇ ਸਨ। ਸ੍ਰੈਮਾਨ ਨਾਲ ਤੀਰਥਾਂ ਦੀ ਯਾਤ੍ਰਾ, ਕੁੰਭ-ਮੇਲੇ ਕਰਨ ਵਾਸਤੇ ਪਹਿਲੀ ਇਕੱਤ੍ਰਤਾ ਤਾਂ ਸੰਮਤ ੧੮੧੬ ਬਿ: (੧੭੫੯ ਈ:) ਵਿਚ ਹੋ ਗਈ ਸੀ। ਇਸ ਤੋਂ ਮਗਰੋਂ ਸੰਮਤ ੧੮੨੨ ਬਿ: (੧੭੬੫ ਈ:) ਦੀ ਅਰਧ ਕੁੰਭੀ (ਹਰਿਦ੍ਵਾਰ) ਉਤੇ, ਫਿਰ ੧੮੨੮ ਬਿ: (੧੭੭੧ ਈ:) ਹਰਿਦ੍ਵਾਰ ਦੇ ਕੁੰਭ ਮੇਲੇ ਤੇ ਨਿਰਮਲੇ ਵਿਰਕਤਾਂ ਦੀਆਂ ਇਕੱਤ੍ਰਤਾਵਾਂ ਹੋਈਆਂ। ਇਨ੍ਹਾਂ ਜੋੜ-ਮੇਲਿਆਂ ਤੇ ਕਦੇ ਕਿਤੇ, ਕਦੇ ਕਿਤੇ, ਸਭਾ ਲਗਦੀਆਂ ਰਹੀਆਂ ਪਰ ਕੋਈ ਪੱਕਾ ਥਾਉਂ ਨਹੀਂ ਸੀ। ਇਨ੍ਹਾਂ ਸਭਾਵਾਂ ਦੇ ਲਗਣ ਨਾਲ ਇਹ ਪਤਾ ਲਗ ਗਿਆ ਕਿ ਸਭਾਵਾਂ ਕਰਨ ਵਿਚ ਕਿੰਨਾ ਲਾਭ ਹੈ। ਜੇਕਰ ਪੱਕਾ ਸਥਾਨ ਹੋਵੇ ਤਾਂ ਕਿੰਨਾ ਸੁੱਖ ਆਰਾਮ ਹੋਵੇ। ਸੰਮਤ ੧੮੩੪ (੧੭੭੭ ਈ:) ਦੀ ਹਰਿਦ੍ਵਾਰ ਅਰਧ ਕੁੰਭੀ ਤੇ ਸਭਾ ਲਾਉਣ ਦਾ ਵਿਚਾਰ ਬਣਾਇਆ ਗਿਆ ਪਰ ਲੰਗਰ ਦਾ ਪ੍ਰਬੰਧ ਨਾ ਹੋਣ ਕਰਕੇ ਸਭਾ ਦਾ ਥੋੜ੍ਹਾ ਹੀ ਪ੍ਰਬੰਧ ਕੀਤਾ। ਇਸ ਸਮੇਂ ਪ੍ਰੇਮੀਆਂ ਨੇ ਅਜੇਹੀ ਅਣਥੱਕ ਸੇਵਾ ਕੀਤੀ, ਲੰਗਰ ਨਾ ਹੋਣ ਦਾ ਅਨੁਭਵ ਹੀ ਨਹੀਂ ਹੋਣ ਦਿਤਾ। ਸੰਮਤ ੧੮੪੦ (੧੭੮੩ ਈ:) ਦੇ ਹਰਿਦ੍ਵਾਰ ਕੁੰਭ ਤੇ ਚੰਗੇ-ਚੰਗੇ ਵਿਦਵਾਨ, ਪੰਡਿਤ, ਨਿਰਮਲੇ ਮਹਾਂਪੁਰਖ ਪਹੁੰਚੇ ਜਿਨ੍ਹਾਂ ਵਿਚੋਂ ਪੰਡਿਤ ਗੁਲਾਬ ਸਿੰਘ ਜੀ ਕਰਤਾ 'ਮੋਕਸ਼ ਪੰਥ ਪ੍ਰਕਾਸ਼', ਪੰਡਿਤ ਸਦਾ ਸਿੰਘ ਜੀ 'ਅਦ੍ਵੈਤ ਸਿਧੀ' (ਸੁਗਮ ਸਾਰ ਚੰਦ੍ਰਕਾ) ਦੇ ਟੀਕਾਕਾਰ ਕਾਸ਼ੀ, ਪੰਡਿਤ ਨਿਹਾਲ ਸਿੰਘ ਜੀ 'ਜਪੁਜੀ ਸੰਸਕ੍ਰਿਤ' ਦੇ ਟੀਕਾਕਾਰ ਆਦਿਕ ਪ੍ਰਸਿਧ ਹਨ। ਇਸ ਸਮੇਂ ਸਪਤ-ਸਰੋਵਰ ਕੈਂਪ ਲਗਾਇਆ ਗਿਆ। ਕਥਾ ਕੀਰਤਨ ਦਾ ਰਾਤ-ਦਿਨ ਪ੍ਰਵਾਹ ਚਲਣ ਲਗਾ। ਗੁਰਮਤਿ ਦਾ ਮਹਾਨ ਪ੍ਰਚਾਰ ਹੋਇਆ। ਇਸ ਸਮੇਂ ਲੰਗਰ ਦੀ ਸੇਵਾ ਮੈਣ ਦੁਆਬੀਏ ਸਰਦਾਰਾਂ ਨੇ ਸੰਭਾਲੀ। ਜਿਥੇ-ਜਿਥੇ ਵੀ ਕਿਸੇ ਮਹਾਂਪੁਰਖ (ਨਿਰਮਲੇ ਸੰਤ) ਦਾ ਨਿਵਾਸ ਸੀ, ਇਹ ਲੰਗਰ ਉਥੇ-ਉਥੇ ਹੀ ਪਹੁੰਚਾਉਂਦੇ ਰਹੇ। ਇਸ ਤਰ੍ਹਾਂ ੧੮੪੬ (੧੭੮੯ ਈ:) ਦੀ ਅਰਧ ਕੁੰਭੀ ਅਤੇ ਸੰਮਤ ੧੮੫੨ (੧੭੯੫ ਈ:) ਦਾ ਕੁੰਭ ਮੇਲਾ ਫਿਰ ਧੂਮ-ਧਾਮ ਨਾਲ ਮਨਾਇਆ ਗਿਆ। ਭਰਵਾਂ ਦੀਵਾਨ ਹੁੰਦਾ ਰਿਹਾ, ਕਥਾ-ਕੀਰਤਨ ਦਾ ਅਤਿ ਪ੍ਰਵਾਹ ਚਲਿਆ। ਇਸ ਵਾਰ ਡੇਰੇਦਾਰ ਸੰਤ, ਮਹੰਤ ਅਤੇ ਸਿਖ ਸੇਵਕ ਰਸਦਾਂ ਦੇ ਗੱਡੇ ਭਰਕੇ ਲਿਆਏ। ਲੰਗਰ ਖੁਲ੍ਹਾ-ਡੁਲ੍ਹਾ ਚਲਿਆ। ਸੰਤ ਮਹਾਤਮਾ ਅਤੇ ਸੰਗਤਾਂ ਜਲ ਪਾਣੀ ਵਲੋਂ ਬੇਫਿਕਰ ਹੋਕੇ ਸਤਿ-ਸੰਗ ਦਾ ਲਾਹਾ ਲੈਣ ਲੱਗੀਆਂ।

ਇਸੀ ਤਰ੍ਹਾਂ ਸੰਮਤ ੧੮੫੮ (੧੮੦੧ ਈ:) ਦੀ ਅਰਧ ਕੁੰਭੀ ਵੀ ਨਿਭ ਗਈ। ੧੮੬੪ ਬਿ. (੧੮੦੭ ਈ:) ਦਾ ਕੁੰਭ ਮੇਲਾ ਆਇਆ ਤਾਂ ਨਿਰਮਲੇ ਮਹਾਂਪੁਰਖਾਂ ਨੇ ਵਿਚਾਰ ਬਣਾਇਆ ਕਿ ਕੁੰਭ ਦੇ ਸਮਾਗਮ ਨੂੰ ਪੂਰੇ ਓਤਸ਼ਾਹ ਨਾਲ ਮਨਾਉਣ ਵਾਸਤੇ ਡੇਰੇਦਾਰ ਸੰਤਾਂ, ਮਹੰਤਾਂ, ਮਹਾਂਪੁਰਖਾਂ ਤੋਂ ਖੁਲ੍ਹੀ ਉਗਰਾਹੀ ਕੀਤੀ ਜਾਵੇ। ਵਿਚਾਰ ਕਰਨ ਦੀ ਦੇਰ ਸੀ ਸਾਰੇ ਭੇਖ ਦੇ ਸੰਤਾਂ, ਮਹੰਤਾਂ ਨੇ ਵਧ ਤੋਂ ਵਧ ਉਗਰਾਹੀ ਦਿਤੀ। ਸਾਰੀ ਪੂੰਜੀ ਇਕੱਠੀ ਕਰਕੇ ਇਸ ਵਾਰ ਬਾਬਾ ਦਰਗਾਹਾ ਸਿੰਘ ਦੇ ਡੇਰੇ ਰਿਹਾਇਸ਼ ਦੇ ਪ੍ਰਬੰਧ ਕੀਤੇ ਗਏ। ਦੀਵਾਨ ਤੇ ਲੰਗਰ ਲਾਇਆ ਗਿਆ ਅਤੇ ਰਿਹਾਇਸ਼ ਦਾ ਪ੍ਰਬੰਧ ਵੀ ਕੀਤਾ ਗਿਆ। ਕਥਾ-ਕੀਰਤਨ, ਗੁਰਬਾਣੀ ਦਾ ਹਰ ਸਮੇਂ ਪ੍ਰਵਾਹ ਚਲਣ ਲਗਾ। ਗੁਰਸਿਖ ਹੰਸ, ਸ਼੍ਰੋਤੇ ਗੁਰਬਾਣੀ ਮਾਨ-ਸਰੋਵਰ ਵਿਚੋਂ ਨਾਮ ਦੇ ਪ੍ਰਵਾਹ ਵਿਚ ਟੁਬੀਆਂ ਲਾਕੇ ਆਤਮਿਕ ਆਨੰਦ ਲੈਣ ਲਗੇ। ਇਸ ਕੁੰਭ ਮਹਾਂਪਰਵ ਤੇ ਮਹੰਤਾਂ, ਸੰਤਾਂ, ਸੰਗਤਾਂ, ਸਦ-ਗ੍ਰਹਿਸਥੀਆਂ ਦੀ ਰਿਹਾਇਸ਼, ਲੰਗਰ ਬਣਾਉਣ, ਵਰਤਾਉਣ ਦੀ ਸਾਰੀ ਸੇਵਾ ਵਿਰਕਤਾਂ ਨੇ ਸੰਭਾਲੀ ਹੋਈ ਸੀ। ਵਿਰਕਤ ਮਹਾਂਪੁਰਖ ਕਮਰਕੱਸੇ ਲਾਕੇ, ਰਾਤ ਦਿਨ ਇਕ ਕਰਕੇ ਸੇਵਾ ਵਿਚ ਤੱਤਪਰ ਰਹੇ। ਇਸ ਕੁੰਭ ਮੇਲੇ ਉਤੇ ਵਯੋਵ੍ਰਿਧ ਪੰਡਿਤ ਮਾਨ ਸਿੰਘ ਕਬੇਰ ਵਾਲੇ, ਪੰਡਿਤ ਨਿੱਕਾ ਸਿੰਘ ਜੀ ਅਤੇ ਪੰਡਿਤ ਜਮੀਅਤ ਸਿੰਘ ਬਰਨਾਲੇ ਵਾਲੇ, ਮਹੰਤ ਮਸਤਾਨ ਸਿੰਘ ਜੀ ਮਰਾਝ

ਵਾਲੇ, ਪੰਡਿਤ ਸਾਹਿਬ ਸਿੰਘ ਜੀ ਕਾਸ਼ੀ ਵਾਲੇ, ਸੰਤ ਚੇਤ ਸਿੰਘ ਜੀ ਕੈਂਥਲ ਵਾਲੇ, ਸੰਤ ਭਗਤ ਸਿੰਘ ਜੀ, ਸੰਤ ਰਣ ਸਿੰਘ ਜੀ, ਸੰਤ ਧਰਮ ਸਿੰਘ ਜੀ ਅੰਮ੍ਰਿਤਸਰ ਵਾਲੇ, ਪੰਡਿਤ ਨਿਹਾਲ ਸਿੰਘ ਜਪੁਜੀ ਸੰਸਕ੍ਰਿਤ ਦੇ ਟੀਕਾਕਾਰ, ਸੰਤ ਦੇਵਾ ਸਿੰਘ ਜੀ ਗੋਦੜੀਏ ਅਹੀਆਪੁਰ ਵਾਲੇ ਆਦਿਕ ਪ੍ਰਸਿਧ ਮਹਾਂਪੁਰਖ ਪੁਜੇ ਹੋਏ ਸਨ।

ਨਿਰਮਲੇ ਸੰਤਾਂ ਦੇ ਕਥਾ-ਕੀਰਤਨ ਅਤੇ ਲੰਗਰ ਦਾ ਕੁੰਭ ਮੇਲੇ ਦੇ ਯਾਤਰੀਆਂ ਉਤੇ ਦੀਰਘ ਪ੍ਰਭਾਵ ਪਿਆ। ਸੰਤਾਂ ਦਾ ਆਚਾਰ/ਵਿਹਾਰ, ਰਹਿਤ ਮਰਯਾਦਾ, ਸੇਵਾ, ਸਿਮਰਨ ਵੇਖਕੇ ਜਨ ਸਾਧਾਰਣ ਜਨਤਾ ਵਿਸ਼ੇਸ਼ ਕਰਕੇ ਨਾਨਕਪੰਥੀ ਅਤੇ ਸਿੱਖ ਤਾਂ ਚਰਨ ਸੇਵਕ ਬਣ ਗਏ। ਇਸ ਕੁੰਭ ਉਤੇ ਮਹਾਰਾਜਾ ਰਣਜੀਤ ਸਿੰਘ ਵੀ ਇਸ਼ਨਾਨ ਕਰਨ ਆਏ ਹੋਏ ਸਨ ਜੋ ਪੰਡਿਤ ਨਿਹਾਲ ਸਿੰਘ 'ਜਪੁਜੀ ਸੰਸਕ੍ਰਿਤ' ਟੀਕਾਕਾਰ ਦੀ ਗੁਰਬਾਣੀ ਦੀ ਕਥਾ ਸੁਣਕੇ ਪਰਮ ਪ੍ਰਸੰਨ ਹੋਏ।

ਸੰਮਤ ੧੮੭੬ (੧੮੧੯ ਈ:) ਦਾ ਕੁੰਭ ਮਹਾਂਪਰਵ ਵੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਕੁੰਭ ਮੇਲੇ ਤੇ ਸੰਤ ਭਗਤ ਸਿੰਘ ਜੀ, ਪੰਡਿਤ ਸ਼ਮੀਰ ਸਿੰਘ ਜੀ, ਸੰਤ ਗੁਰਦਿਆਲ ਸਿੰਘ ਜੀ, ਸੰਤ ਸਰਦੂਲ ਸਿੰਘ ਜੀ, ਮਹੰਤ ਲਖਾ ਸਿੰਘ ਜੀ ਬਰਨਾਲੇ ਵਾਲੇ, ਸੰਤ ਰੋਚਾ ਸਿੰਘ ਜੀ, ਸੰਤ ਬੁਧ ਸਿੰਘ ਜੀ, ਸੰਤ ਅਜੀਤ ਸਿੰਘ ਜੀ, ਸੰਤ ਜੱਸਾ ਸਿੰਘ ਜੀ, ਸੰਤ ਮੋਹਰ ਸਿੰਘ ਜੀ, ਸੰਤ ਸੁਜਾਨ ਸਿੰਘ ਜੀ, ਸੰਤ ਤੋਤਾ ਸਿੰਘ ਜੀ ਠੀਕਰੀਵਾਲੇ, ਸੰਤ ਹਜ਼ੂਰਾ ਸਿੰਘ ਜੀ, ਸੰਤ ਜੋਗਾ ਸਿੰਘ ਜੀ, ਸੰਤ ਧਰਮ ਸਿੰਘ ਜੀ, ਸੰਤ ਚਾਨਣਾ ਸਿੰਘ ਜੀ, ਸੰਤ ਮਸਤਾਨ ਸਿੰਘ ਜੀ ਆਦਿਕ ਪ੍ਰਸਿਧ ਮਹਾਂਪੁਰਖ ਪੁਜੇ ਹੋਏ ਸਨ। ਕੁੰਭ ਦਾ ਮੇਲਾ ਧੂਮ-ਧਾਮ ਨਾਲ ਮਨਾਇਆ ਗਿਆ ਜਿਸ ਦਾ ਖਟ ਦਰਸ਼ਨ ਸਾਧੂ ਸਮਾਜ ਤੇ ਅਕਹਿ ਪ੍ਰਭਾਵ ਪਿਆ।

ਸੰਮਤ ੧੮੮੮ (੧੮੩੧ ਈ:) ਵਿਚ ਮੁੜ ਬਾਬਾ ਦਰਗਾਹਾ ਸਿੰਘ ਜੀ ਦੇ ਡੇਰੇ ਵਿਚ ਕੁੰਭ ਮਹਾਂਪਰਵ ਮਣਾਇਆ ਗਿਆ। ਇਸ ਤੋਂ ਪਹਿਲਾਂ ਜਿੰਨੇ ਵੀ ਕੁੰਭ, ਅਰਧ ਕੁੰਭੀਆਂ ਮਨਾਈਆਂ ਗਈਆਂ ਸਨ, ਕਿਸੇ ਮੇਲੇ ਤੇ ਧ੍ਵਜਾ ਨਹੀਂ ਸੀ ਖੜ੍ਹੀ ਕੀਤੀ। ਇਸ ਸਮੇਂ ਪਹਿਲੀ ਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕੇਸਰੀ ਨਿਸ਼ਾਨ ਖੜ੍ਹਾ ਕੀਤਾ ਗਿਆ। ਇਸ ਕੁੰਭ ਪਰਵ ਤੇ ਸੰਤ ਜੋਗਾ ਸਿੰਘ ਜੀ ਅੰਮ੍ਰਿਤਸਰ, ਸੰਤ ਰੋਚਾ ਸਿੰਘ ਜੀ ਖਡੂਰ ਸਾਹਿਬ, ਸੰਤ ਭਾਗ ਸਿੰਘ ਜੀ ਗੋਦੜੀਆਂ, ਸੰਤ ਦੌਲਤ ਸਿੰਘ ਜੀ ਠੀਕਰੀਵਾਲਾ, ਸੰਤ ਖਜ਼ਾਨ ਸਿੰਘ ਦੂਧਾਧਾਰੀ ਚੱਕ ਵਾਲਾ, ਸੰਤ ਮੰਨਾ ਸਿੰਘ ਜੀ, ਸੰਤ ਦਿਆਲ ਸਿੰਘ ਜੀ, ਸੰਤ ਹਜ਼ੂਰਾ ਸਿੰਘ ਜੀ, ਸੰਤ ਝੰਡਾ ਸਿੰਘ ਜੀ, ਸੰਤ ਸਰੂਪ ਸਿੰਘ ਜੀ, ਸੰਤ ਚਾਨਣਾ ਸਿੰਘ ਜੀ, ਸੰਤ ਲੱਖਾ ਸਿੰਘ ਜੀ, ਸੰਤ ਦੇਵਾ ਸਿੰਘ ਜੀ ਆਦਿਕ ਅਨੇਕ ਸੰਤ, ਮਹੰਤ, ਵਿਦਵਾਨ ਇਕੱਤਰ ਹੋਏ।

ਇਸੀ ਤਰ੍ਹਾਂ ਸੰਮਤ ੧੯੦੦ (੧੮੪੩ ਈ:) ਦਾ ਕੁੰਭ ਮੇਲਾ ਵੀ ਮਨਾਇਆ ਗਿਆ। ਕੇਸਰੀ ਨਿਸ਼ਾਨ ਸਾਹਿਬ ਦੀ ਛਤਰ ਛਾਇਆ ਹੇਠਾਂ ਕਥਾ-ਕੀਰਤਨ, ਲੰਗਰ, ਸਤਿਸੰਗ ਦਾ ਪ੍ਰਵਾਹ ਚਲਿਆ। ਯਾਤਰੀ ਭੋਜਨ ਅਤੇ ਭਜਨ ਦਾ ਆਨੰਦ ਪ੍ਰਾਪਤ ਕਰਕੇ ਨਿਰਮਲ ਪੰਥ ਦਾ ਜਸ ਕਰ ਰਹੇ ਸਨ। ਇਸ ਸਮੇਂ ਮਹੰਤ ਗਾਂਧਾ ਸਿੰਘ ਜੀ ਬਰਨਾਲਾ, ਸੰਤ ਤੋਤਾ ਸਿੰਘ ਜੀ, ਸੰਤ ਹੀਰਾ ਸਿੰਘ ਜੀ ਠੀਕਰੀਵਾਲਾ, ਸੰਤ ਦਿਆਲ ਸਿੰਘ ਜੀ, ਸੰਤ ਸੌਣ ਸਿੰਘ ਜੀ, ਸੰਤ ਬੱਲਾ ਸਿੰਘ ਜੀ ਖਡੂਰ ਸਾਹਿਬ, ਸੰਤ ਜੋਗਾ ਸਿੰਘ ਜੀ ਅੰਮ੍ਰਿਤਸਰ, ਪੰਡਿਤ ਰਾਮ ਸਿੰਘ ਜੀ ਕਬੇਰੀਏ, ਸੰਤ ਗੁਲਾਬ ਸਿੰਘ ਜੀ ਸਿਠਾਂਵਾਲੇ, ਠਾਕਰ ਗੁਰਦਿਆਲ ਸਿੰਘ ਜੀ ਗੰਧੀਆਂਵਾਲੇ, ਸੰਤ ਗੁਰਦਿੱਤ ਸਿੰਘ ਜੀ, ਪੰਡਿਤ ਖੜਕ ਸਿੰਘ ਜੀ ਲੰਮੀਆਂਵਾਲੇ, ਸੰਤ ਮਸਤਾਨ ਸਿੰਘ ਜੀ ਮਰਾਝ ਵਾਲੇ, ਸੰਤ ਥਰਾਜ ਸਿੰਘ ਜੀ ਸੇਖਵਾਂ ਵਾਲੇ, ਸੰਤ ਰਣ ਸਿੰਘ ਜੀ ਹਰੀਕੇ ਕਲਾਂ ਵਾਲੇ, ਸੰਤ ਸਰਵਗਜ ਸਿੰਘ ਨਾਂਗਾ, ਸੰਤ ਮੱਲ ਸਿੰਘ ਜੀ ਪੰਡੋਰੀ ਵਾਲੇ, ਸੰਤ ਦੇਵਾ ਸਿੰਘ ਜੀ ਗੋਦੜੀਏ ਅਹੀਆਪੁਰ ਵਾਲੇ ਅਤੇ ਦੇਸ਼ ਭਰ ਦੇ ਅਨੇਕ ਸੰਤ, ਮਹੰਤ, ਪੰਡਿਤ, ਵਿਦਵਾਨ

ਪੁਜੇ ਹੋਏ ਸਨ। ਇਸ ਸਮੇਂ ਜੋੜ-ਮੇਲਾ ਪਟਿਆਲੇ ਵਾਲੀ ਹਵੇਲੀ ਵਿਚ ਕੀਤਾ ਗਿਆ। ਮੈਣ ਦੁਆਬੀਏ ਸਰਦਾਰਾਂ ਨੇ ਉਤਸ਼ਾਹ ਨਾਲ ਸੇਵਾ ਕੀਤੀ।

ਹੁਣ ਤਕ ਨਿਰਮਲ ਭੇਖ ਨੇ ਕਥਾ-ਕੀਰਤਨ/ਪ੍ਰਚਾਰ/ਲੰਗਰ ਦਾ ਘੇਰਾ ਕੇਵਲ ਹਰਿਦ੍ਵਾਰ ਤਕ ਹੀ ਰਖਿਆ ਸੀ। ਇਕ ਸਮੇਂ ਭੇਖ ਦੇ ਮੁਖੀ ਸੰਤਾਂ/ਮਹੰਤਾਂ ਨੇ ਵਿਚਾਰ ਬਣਾਇਆ ਕਿ ਇਲਾਹਾਬਾਦ ਦੇ ਕੁੰਭ ਮਹਾਂਪਰਵ ਉਪਰ ਵੀ ਛਾਉਣੀ ਲਾਕੇ ਗੁਰਮਤਿ ਦਾ ਪ੍ਰਚਾਰ ਕਰਨਾ ਚਾਹੀਦਾ ਹੈ ਅਤੇ ਗੁਰਸਿਖਾਂ (ਨਾਨਕ ਪੰਥੀਆਂ) ਵਾਸਤੇ ਲੰਗਰ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਸ ਪ੍ਰਸਤਾਵ ਅਨੁਸਾਰ ਸੰਮਤ ੧੯੦੨ (੧੮੪੫ ਈ:) ਦੇ ਕੁੰਭ ਤੇ ਬੰਧੇ ਕੋਲ ਛਾਉਣੀ ਲਾਕੇ ਕੇਸਰੀ ਨਿਸ਼ਾਨ ਖੜ੍ਹਾ ਕੀਤਾ ਗਿਆ। ਦੀਵਾਨ ਵਿਚ ਸ਼ਾਨਦਾਰ ਪੰਡਾਲ ਬਣਾਕੇ ਸਟੇਜ ਸਜਾਈ ਗਈ। ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਅਖੰਡਪਾਠਾਂ ਦੀ ਲੜੀ ਚਲ ਪਈ। ਸੁਬ੍ਹਾ-ਸ਼ਾਮ ਕਥਾ-ਕੀਰਤਨ, ਵਿਆਖਿਆਨ ਹੋਣ ਲਗੇ। ਦੇਸ਼ ਦੇ ਮਹੰਤ, ਸੰਤ, ਪੰਡਿਤ ਵਿਦਵਾਨ, ਗੁਣੀ-ਗਿਆਨੀ ਪੁਜ ਗਏ। ਇਸ ਸਮੇਂ ਚਾਰ ਹਜ਼ਾਰ ਮਹੰਤ, ਸੰਤ ਪੁਜਕੇ ਦਰਸ਼ਨ ਦੇ ਰਹੇ ਹਨ। ਖਟ ਦਰਸ਼ਨ ਸਾਧੂ ਸਮਾਜ ਅਤੇ ਪੂਰਬ ਦੀ ਜਨਤਾ ਕਥਾ-ਕੀਰਤਨ, ਵਿਸ਼ਰਾਮ ਤੇ ਲੰਗਰ ਛਕਕੇ ਅਤਿ ਪ੍ਰਭਾਵਿਤ ਹੋ ਰਹੀ ਸੀ। ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਜੈ ਦੇ ਥਾਂ-ਥਾਂ ਜੈਕਾਰੇ ਗੱਜ ਰਹੇ ਹਨ। ਇਸ ਪਰਵ ਤੇ ਪੁਜੇ ਹਜ਼ਾਰਾਂ ਮਹਾਂਪੁਰਖਾਂ ਵਿਚੋਂ ਕੁਝ ਪ੍ਰਸਿੱਧ ਮਹੰਤਾਂ, ਸੰਤਾਂ, ਵਿਦਵਾਨਾਂ ਅਤੇ ਗੁਣੀ ਗਿਆਨੀਆਂ ਦੇ ਨਾਮ ਇਸ ਤਰ੍ਹਾਂ ਹਨ :

ਪੰਡਿਤ ਰਾਮ ਸਿੰਘ ਜੀ ਕਬੇਰੀਏ, ਸੰਤ ਬੋਧ ਸਿੰਘ ਜੀ, ਪੰਡਿਤ ਸ਼ਮੀਰ ਸਿੰਘ ਜੀ, ਪੰਡਿਤ ਸਰੂਪ ਸਿੰਘ ਜੀ, ਪੰਡਿਤ ਰਾਮ ਸਿੰਘ ਜੀ ਕਾਸ਼ੀਵਾਲੇ, ਸੰਤ ਜੋਗਾ ਸਿੰਘ ਜੀ, ਸੰਤ ਝੰਡਾ ਸਿੰਘ ਜੀ, ਸੰਤ ਚੇਤ ਸਿੰਘ ਜੀ ਪੰਡੋਰੀ ਵਾਲੇ, ਸੰਤ ਗੁਲਾਬ ਸਿੰਘ ਜੀ, ਸੰਤ ਗੁਰਮੁਖ ਸਿੰਘ ਜੀ, ਸੰਤ ਸਰਬਗਜ ਸਿੰਘ ਜੀ, ਸੰਤ ਨਿਹਾਲ ਸਿੰਘ ਜੀ ਲੰਮਾਂ, ਅਵਧੂਤ ਦੀਵਾਨ ਸਿੰਘ ਵਿਰਕਤ ਡਰੋਲੀਵਾਲੇ, ਸੰਤ ਸੁਦਾਗਰ ਸਿੰਘ ਜੀ, ਸੰਤ ਵਿਸਾਵਾ ਸਿੰਘ ਜੀ ਰਾਜੋ ਮਾਜਰੀਏ ਆਦਿਕ ਮਹਾਂਪੁਰਖ ਪੁਜਕੇ ਸ਼ੋਭਾ ਵਧਾ ਰਹੇ ਸਨ।

ਸੰਮਤ ੧੯੦੬ (੧੮੪੯) ਵਿਚ ਹਰਿਦ੍ਵਾਰ ਦੀ ਅਰਧ ਕੁੰਭੀ ਹੋਈ। ਇਸ ਅਰਧਕੁੰਭੀ ਤੇ ਭੇਖ ਵਲੋਂ ਨਿਰਮਲੇ ਸੰਤਾਂ ਨੇ ਰਿਹਾਇਸ਼/ਕਥਾ-ਕੀਰਤਨ/ਲੰਗਰ ਦਾ ਕੋਈ ਪ੍ਰਬੰਧ ਨਾ ਕੀਤਾ। ਕੋਈ ਕਿਤੇ, ਕੋਈ ਕਿਤੇ, ਅਨਯ ਸਾਧੂਆਂ ਦੇ ਸਥਾਨਾਂ ਵਿਚ ਜਾ ਕੇ ਠਹਿਰੇ। ਇਸ ਵਾਸਤੇ ਕਈ ਚੰਗੇ-ਚੰਗੇ ਮਹਾਂਪੁਰਖਾਂ ਨੂੰ ਵੀ ਅਪਮਾਨ ਸਹਿਨ ਕਰਨਾ ਪਿਆ। ਇਸ ਅਰਧ ਕੁੰਭੀ ਨੇ ਤਾਂ ਨਿਸਚੈ ਕਰਵਾ ਦਿਤਾ ਕਿ ਹਰਿਦ੍ਵਾਰ ਆਦਿਕ ਤੀਰਥਾਂ ਤੇ ਆਪਣੇ ਸਥਾਨ-ਲੰਗਰ ਦਾ ਕੋਈ ਸਤਿਕਾਰਯੋਗ ਪ੍ਰਬੰਧ ਹੋਣਾ ਚਾਹੀਦਾ ਹੈ।

ਇਸ ਵਾਸਤੇ ਹਰਿਦ੍ਵਾਰ ਵਿਚ ਇਕ ਵਿਸ਼ੇਸ਼ ਇਕੱਠ ਬੁਲਾਇਆ ਗਿਆ ਕਿ ਨਿਰਮਲ ਭੇਖ ਦੇ ਸਾਧੂਆਂ, ਗੁਰਸਿੱਖਾਂ ਦੀ ਰਿਹਾਇਸ਼, ਲੰਗਰ ਦਾ ਕੋਈ ਯੋਗ ਪ੍ਰਬੰਧ ਕੀਤਾ ਜਾਵੇ। ਇਕੱਠ ਵਿਚ ਸਾਰੇ ਦੇਸ਼ ਦੇ ਮਹੰਤ, ਸੰਤ, ਵਿਦਵਾਨ, ਮੁਖੀ ਨਿਰਮਲੇ ਮਹਾਂਪੁਰਖ ਇਕੱਤਰ ਹੋਏ ਜਿਨ੍ਹਾਂ ਵਿਚੋਂ ਹੇਠ ਲਿਖੇ ਮਹਾਂਪੁਰਸ਼ ਪ੍ਰਸਿਧ ਹਨ :

ਸ੍ਰੀਮਾਨ ਬਾਬਾ ਮਹਿਤਾਬ ਸਿੰਘ ਜੀ ਵਿਰਕਤ, ਸੰਤ ਧਿਆਨ ਸਿੰਘ ਜੀ ਝਾੜੀਵਾਲੇ, ਸੰਤ ਗੁਲਾਬ ਸਿੰਘ ਜੀ, ਸੰਤ ਸਾਹਿਬ ਸਿੰਘ ਜੀ ਵਿਰਕਤ, ਠਾਕਰ ਨਿਹਾਲ ਸਿੰਘ ਜੀ ਅੰਮ੍ਰਿਤਸਰ, ਸੰਤ ਮਸਤਾਨ ਸਿੰਘ ਜੀ ਮੁਕਤਿਸਰ, ਮਹੰਤ ਗਾਂਧਾ ਸਿੰਘ ਜੀ ਬਰਨਾਲਾ, ਮਹੰਤ ਰਾਮ ਸਿੰਘ ਜੀ ਕਬੇਰੀਏ, ਠਾਕਰ ਗੁਰਦਿਆਲ ਸਿੰਘ ਜੀ ਗੰਧੀਆਂਵਾਲੇ, ਪੰਡਿਤ ਫੌਜਾ ਸਿੰਘ ਜੀ ਮੰਡਲੀਵਾਲੇ, ਮਹੰਤ ਹੀਰਾ ਸਿੰਘ ਜੀ ਠੀਕਰੀਵਾਲੇ, ਮਹੰਤ ਸੁਧਾ ਸਿੰਘ ਜੀ ਦੌਧਰ, ਸੰਤ ਮੱਲ ਸਿੰਘ ਜੀ ਪੰਡੋਰੀ, ਮਹੰਤ ਖੜਕ ਸਿੰਘ ਜੀ, ਮਹੰਤ ਉਤਮ ਸਿੰਘ ਜੀ ਲੰਮੀਆਂ, ਮਹੰਤ

ਜਵਾਹਰ ਸਿੰਘ ਜੀ ਸਕਰੁਲਾਪੁਰ, ਮਹੰਤ ਗੁਲਾਬ ਸਿੰਘ ਜੀ ਬੇਰਵਾਲੇ, ਮਹੰਤ ਮੇਵਾ ਸਿੰਘ ਜੀ ਲੋਹਗੜ੍ਹ, ਮਹੰਤ ਜਗਤ ਸਿੰਘ ਜੀ ਡਰੋਲੀ, ਮਹੰਤ ਗੁਲਾਬ ਸਿੰਘ ਜੀ ਸਿਆਲੇ ਵਾਲੇ, ਮਹੰਤ ਦੇਵਾ ਸਿੰਘ ਜੀ ਬੱਲੋਕੇ, ਮਹੰਤ ਹਰੀ ਸਿੰਘ ਲਸ਼ਕਰੀ ਵਾਲੇ, ਮਹੰਤ ਦਇਆ ਸਿੰਘ ਜੀ ਮਲਕਵਾਲੇ, ਮਹੰਤ ਗੁਰਮੁਖ ਸਿੰਘ ਜੀ ਰਾਏਪੁਰ, ਮਹੰਤ ਭੂਪ ਸਿੰਘ ਜੀ ਬੜੀਵਾਲੇ, ਮਹੰਤ ਨਾਰਾਇਣ ਸਿੰਘ ਜੀ ਸੇਖਵਾਂ, ਮਹੰਤ ਸ਼ਮੀਰ ਸਿੰਘ ਜੀ ਬਲੌਂਗੀ ਵਾਲੇ ਆਦਿਕ ਸੈਂਕੜੇ ਮਹਾਂਪੁਰਖਾਂ ਨੇ ਪਰਸਪਰ ਦੀਰਘ ਵਿਚਾਰ ਦੁਆਰਾ ਚਾਰੇ ਕੁੰਭ ਮੇਲਿਆਂ ਅਤੇ ਅਨਯ ਤੀਰਥਾਂ ਉਤੇ ਸਿੱਖ ਧਰਮ ਦੇ ਪ੍ਰਚਾਰ ਵਾਸਤੇ ਰਿਹਾਇਸ਼/ਲੰਗਰ ਦੇ ਪ੍ਰਬੰਧ ਵਾਸਤੇ 'ਸ੍ਰੀ ਨਿਰਮਲ ਪੰਚਾਇਤੀ ਅਖਾੜਾ' ਸਥਾਪਨ ਕਰਨ ਦਾ ਪ੍ਰਸਤਾਵ ਪਾਸ ਕੀਤਾ। ਇਹ ਵੀ ਪਾਸ ਕੀਤਾ ਕਿ ਆ ਰਹੇ ਹਰਿਦੁਆਰ ਦੇ ਕੁੰਭ ਮਹਾਂਪੁਰਵ ਤੇ ਵਿਧੀਵਤ 'ਸ੍ਰੀ ਮਹੰਤ' ਨਿਯਤ ਕਰਕੇ ਛਾਉਣੀ ਬਣਾਈ ਜਾਵੇ। ਆਏ ਮਹੰਤਾਂ, ਸੰਤਾਂ, ਗੁਰਸਿਖਾਂ, ਸਦਗ੍ਰਹਿਸਥੀਆਂ ਵਾਸਤੇ ਹਰ ਤਰ੍ਹਾਂ ਦੀ ਸੁਖ-ਸੁਵਿਧਾ ਬਣਾਈ ਜਾਵੇ ਅਤੇ ਸ਼ਾਹੀ ਕਢੀ ਜਾਵੇ।

ਸੰਮਤ ੧੯੦੮ (੧੮੫੧ ਈ:) ਵਿਚ ਪ੍ਰਯਾਗਰਾਜ ਦੀ ਅਰਧਕੁੰਭੀ ਤੇ ਨਿਰਮਲ ਭੇਖ ਵਲੋਂ ਛਾਉਣੀ ਲਾਈ ਗਈ, ਜਿਸ ਦੇ ਪ੍ਰਬੰਧ ਵਾਸਤੇ ਸੰਤ ਜੀਵਾ ਸਿੰਘ ਜੀ ਅਤੇ ਸੰਤ ਰੋਚਾ ਸਿੰਘ ਜੀ ਆਦਿਕ ਚਾਰ ਸੰਤ ਨਿਯਤ ਹੋਏ, ਜਿਨ੍ਹਾਂ ਨੇ ਮੇਲੇ ਦੇ ਸਾਰੇ ਪ੍ਰਬੰਧ ਨੂੰ ਯੋਗਤਾ ਨਾਲ ਨਿਭਾਇਆ। ਇਸ ਸਮੇਂ ਸੁਹਾਣੇ ਵਾਲੇ ਸਰਦਾਰਾਂ ਨੇ ਪ੍ਰੇਮ ਪੂਰਬਕ ਸੇਵਾ ਕੀਤੀ।

ਸੰਮਤ ੧੯੧੨ (੧੮੫੫ ਈ:) ਵਿਚ ਹਰਿਦੁਆਰ ਦਾ ਕੁੰਭ ਆ ਗਿਆ ਜਿਸ ਤੇ ਨਿਰਮਲ ਭੇਖ ਦੇ ਮਹਾਂਪੁਰਖ ਉਤਸ਼ਾਹ ਨਾਲ ਪੁਜੇ। ਸਪਤਸਰੋਵਰ ਛਾਉਣੀ ਕਾਇਮ ਕੀਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਉਚਾ ਮੰਚ ਬਣਾਇਆ ਗਿਆ। ਕੇਸਰੀ ਨਿਸ਼ਾਨ ਖੜ੍ਹਾ ਕੀਤਾ ਗਿਆ। ਲੰਗਰ ਦਾ ਸ਼ਾਨਦਾਰ ਪ੍ਰਬੰਧ ਕੀਤਾ ਗਿਆ। ਇਸ ਕੁੰਭ ਮੇਲੇ ਤੇ ਸਾਰੇ ਭੇਖ ਦੇ ਬੀਤਰਾਗ ਵਿਰਕਤ ਮਹਾਤਮਾ, ਮਹੰਤ, ਸੰਤ, ਪੰਡਿਤ, ਵਿਦਵਾਨ, ਧੂਮ-ਧਾਮ ਨਾਲ ਪੁਜੇ ਸਨ ਜਿਨ੍ਹਾਂ ਵਿਚ ਸ੍ਰੀਮਾਨ ਬਾਬਾ ਮਹਿਤਾਬ ਸਿੰਘ ਜੀ ਵਿਰਕਤ, ਸੰਤ ਤਾਰਾ ਸਿੰਘ ਜੀ, ਮਹੰਤ ਨਿਹਾਲ ਸਿੰਘ ਜੀ, ਸੰਤ ਬਹਾਲ ਸਿੰਘ ਜੀ, ਸੰਤ ਸੌਣ ਸਿੰਘ ਜੀ, ਠਾਕਰ ਦਿਆਲ ਸਿੰਘ ਜੀ ਅੰਮ੍ਰਿਤਸਰ, ਮਹੰਤ ਗਾਂਧਾ ਸਿੰਘ ਜੀ ਬਰਨਾਲਾ, ਮਹੰਤ ਬੂਟਾ ਸਿੰਘ ਜੀ ਖੁੱਡਾ, ਪੰਡਿਤ ਸ਼ਾਮ ਸਿੰਘ ਜੀ ਮੰਗਵਾਲ, ਮਹੰਤ ਹੀਰਾ ਸਿੰਘ ਜੀ ਠੀਕਰੀਵਾਲੇ, ਮਹੰਤ ਨਾਰਾਇਣ ਸਿੰਘ ਜੀ ਸੇਖਵਾਂ, ਸੰਤ ਗੁਲਾਬ ਸਿੰਘ ਜੀ, ਮਹੰਤ ਸਾਧੂ ਸਿੰਘ ਜੀ, ਮਹੰਤ ਮੱਲ ਸਿੰਘ ਜੀ ਪੰਡੋਰੀ, ਮਹੰਤ ਸਰਦੂਲ ਸਿੰਘ ਜੀ ਭੰਗਾਣੇਵਾਲੇ, ਸੰਤ ਅਛਰਾ ਸਿੰਘ ਜੀ ਲਾਹੌਰ ਆਦਿਕ ਇਕੱਤਰ ਹੋਏ।

ਇਕ ਦਿਨ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਬਣਾਉਣ ਅਤੇ 'ਸ੍ਰੀ ਮਹੰਤ' ਕਾਇਮ ਕਰਨ ਵਾਸਤੇ ਵਿਸ਼ੇਸ਼ ਇਕੱਤਰਤਾ ਦਾ ਸਮਾਂ ਨਿਯਤ ਕੀਤਾ ਗਿਆ। ਨਿਯਤ ਦਿਨ ਤੇ ਦੇਸ਼ ਭਰ ਦੇ ਮੁਖੀ ਮਹੰਤ, ਸੰਤ, ਵਿਦਵਾਨ, ਵਿਰਕਤ, ਇਕੱਤਰ ਹੋਏ। ਨਿਰਮਲ ਪੰਚਾਇਤੀ ਅਖਾੜੇ ਦੀ ਸਥਾਪਨਾ ਦਾ, ਸ੍ਰੀ ਮਹੰਤ ਦੀ ਚੋਣ ਦਾ, ਧ੍ਵਜਾ, ਕੇਸਰੀ ਨਿਸ਼ਾਨ ਖੜ੍ਹਾ ਕਰਨ ਦਾ ਅਤੇ ਪ੍ਰਵੇਸ਼ ਸ਼ਾਹੀ ਦਾ ਦਿਨ ਨਿਯਤ ਕਰਕੇ ਇਸ ਸ਼ੁਭ ਇਤਿਹਾਸਕ ਕਾਰਜ ਦੀ ਸਫਲਤਾ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡਪਾਠ ਰੱਖਿਆ ਗਿਆ। ਅਖੰਡਪਾਠ ਦੀ ਸਮਾਪਤੀ ਦੀ ਅਰਦਾਸ ਠਾਕੁਰ ਦਿਆਲ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਨੇ ਕੀਤੀ। ਮਹਾਂਵਾਕ ਮਹੰਤ ਹੀਰਾ ਸਿੰਘ ਜੀ ਠੀਕਰੀ ਵਾਲਿਆਂ ਨੇ ਲਿਆ। ਕਾਫੀ ਸੋਚ ਵਿਚਾਰ ਤੋਂ ਉਪਰੰਤ ਵਿਰਕਤ ਸ਼ਿਰੋਮਣੀ, ਸ੍ਰੀ ੧੦੮ ਬਾਬਾ ਮਹਿਤਾਬ ਸਿੰਘ ਜੀ ਦਾ ਨਾਉਂ 'ਸ੍ਰੀ ਮਹੰਤ' ਲਈ ਬੋਲਿਆ ਗਿਆ। ਬਸ! ਨਾਮ ਬੋਲਣ ਦੀ ਦੇਰ ਸੀ, ਪਰਵਾਨਗੀ ਵਿਚ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨੇ ਅਤੇ ਨਗਾਰਿਆਂ/ਰਣਸਿੰਘਿਆਂ ਦੀ ਘਨਘੋਰ ਨੇ ਆਕਾਸ਼ ਗੁੰਜਾ ਦਿਤਾ। ਬਾਬਾ ਜੀ ਨੇ ਖੜ੍ਹੇ ਹੋ ਕੇ ਨਿਮ੍ਰਤਾ ਨਾਲ ਸਰਬੱਤ ਨੂੰ ਚੁਪ ਕਰਾਇਆ। ਫਿਰ ਹੱਥ ਜੋੜਕੇ ਸੁਨਿਮ੍ਰ ਪ੍ਰਾਰਥਨਾ ਕੀਤੀ

ਕਿ, "ਮੈਂ ਸਾਰੇ ਭੇਖ ਦਾ ਰਿਣੀ ਹਾਂ, ਜਿਸ ਨੇ ਮੈਨੂੰ ਮੁਖ ਸੇਵਾ ਵਾਸਤੇ ਚੁਣਿਆ ਹੈ, ਪਰ ਹੁਣ ਮੇਰੀ ਬਿਰਧ ਅਵਸਥਾ ਹੈ। ਨਿਵਿਰਤੀ ਵਿਚ ਬੜਾ ਸੁਖ ਦੇਖਿਆ ਹੈ। ਹੁਣ ਕ੍ਰਿਪਾ ਕਰਕੇ ਮੈਨੂੰ ਪ੍ਰਵਿਰਤੀ ਵਿਚ ਨ ਪਾਉ। ਪ੍ਰਵਿਰਤੀ ਦੁਖਾਂ ਦਾ ਕਾਰਣ ਹੈ, ਇਸ ਵਿਚ ਅਨੇਕ ਤਰ੍ਹਾਂ ਦੀਆਂ ਇਛਾਵਾਂ, ਕਾਮਨਾਵਾਂ, ਵਧਣਗੀਆਂ, ਸੰਤੋਖ ਵੀ ਉੱਠ ਜਾਏਗਾ। **'ਸੰਤੋਸ਼ੇਣ ਬਿਨਾ ਪ੍ਰਾਭਵ ਪਦੰ ਪ੍ਰਾਪਨੋਤਿ ਸਰਵੇ ਜਨ'** 'ਇਸ ਤਰ੍ਹਾਂ ਅਪਮਾਨ ਵੀ ਹੋਵੇਗਾ। ਜੋ ਅਵਸਥਾ ਮੇਰੀ ਹੁਣ ਹੈ, ਇਸ ਨੂੰ ਇਸੇ ਤਰ੍ਹਾਂ ਬਣੀ ਰਹਿਣ ਦੇਵੋ। ਇਸ ਵਾਸਤੇ ਮੇਰੀ ਬਜਾਏ ਕਿਸੀ ਵਿਦਵਾਨ ਵਿਵਹਾਰਕੁਸ਼ਲ, ਨੌਜਵਾਨ ਮਹਾਤਮਾ ਨੂੰ ਇਸ ਪਦਵੀ ਤੇ ਬੈਠਾਉ।"

ਸਾਰੇ ਮਹਾਂਪੁਰਖ ਆਪ ਜੀ ਦੀ ਮਨੋ ਤਿਆਗ-ਭਾਵਨਾ ਸੁਣਕੇ ਅਸ਼ਚਰਜ ਹੋ ਗਏ, ਫਿਰ ਵੀ ਸਿਆਣੇ-ਸਿਆਣੇ ਮਹਾਂਪੁਰਖਾਂ ਨੇ ਨਿਮ੍ਰਤਾ ਪੂਰਬਕ ਹੱਥ ਜੋੜਕੇ ਬੇਨਤੀ ਕੀਤੀ, "ਮਹਾਰਾਜ ! ਆਪ ਜੀ ਦਾ ਕਥਨ ਸਤਯ ਹੈ, ਪਰ ਭੇਖ ਦੀ ਵ੍ਰਿਧੀ ਦੇ ਵਾਸਤੇ, ਗੁਰਬਾਣੀ ਦੇ ਪ੍ਰਚਾਰ ਵਾਸਤੇ, ਗੁਰੂ ਨਾਨਕ ਦੇਵ ਜੀ ਦੇ ਘਰ ਦੀ ਸੇਵਾ ਅਤੇ ਪਰਉਪਕਾਰ ਵਾਸਤੇ, ਇਹ ਸੇਵਾ ਆਪ ਜੀ ਨੂੰ ਪਰਵਾਨ ਕਰਨੀ ਹੀ ਪਵੇਗੀ। ਇਸ ਪਵਿੱਤਰ ਪਦਵੀ ਤੇ ਜਪ-ਤਪ, ਸਿਮਰਨ ਵਾਲੀ, ਪਾਵਨ ਆਤਮਾ ਸੁਭਾਇਮਾਨ ਹੋਵੇ ਤਾਂ ਭੇਖ ਦੀ ਸੋਭਾ ਹੈ। ਮਹਾਂਪੁਰਖਾਂ ਦੀ ਸੰਪਤੀ ਹੀ ਪਰਉਪਕਾਰ ਹੈ। ਇਸ ਵਾਸਤੇ ਆਪ ਸਾਰੇ ਭੇਖ ਦੀ ਪ੍ਰਾਰਥਨਾ ਅਸਵੀਕਾਰ ਨਹੀਂ ਕਰੋਂਗੇ।"

ਭੇਖ ਦੇ ਮਹਾਂਪੁਰਖਾਂ ਵਲੋਂ ਇਹ ਵਿਚਾਰ ਸੁਣਕੇ ਆਪ ਜੀ ਨੇ ਸਿਰ ਨਿਵਾ ਦਿਤਾ ਅਤੇ ਆਕਾਸ਼ ਮੁੜ ਜੈਕਾਰਿਆਂ ਨਾਲ ਗੂੰਜ ਉਠਿਆ। ਇਕ ਸੁੰਦਰ ਸਿੰਘਾਸਨ ਸਜਾਕੇ ਆਪ ਜੀ ਨੂੰ ਉਪਰ ਬਿਠਾ ਦਿਤਾ ਗਿਆ। ਨਿਰਮਲ ਪੰਥ ਵਲੋਂ 'ਸ੍ਰੀ ਮਹੰਤ' ਦੀ ਪੱਗ ਦਿਤੀ ਗਈ। ਸਾਰੇ ਸੰਤਾਂ, ਮਹੰਤਾਂ, ਵਿਦਵਾਨਾਂ, ਵਿਰਕਤਾਂ ਨੇ ਸ੍ਰੀ ਮਹੰਤ ਜੀ ਨੂੰ ਨਮਸਕਾਰਾਂ ਕੀਤੀਆਂ ਅਤੇ ਪੂਜਾ ਕੀਤੀ।[੧]

ਅਖਾੜੇ ਦਾ ਨਾਉਂ 'ਸ੍ਰੀ ਨਿਰਮਲ ਪੰਚਾਇਤੀ ਅਖਾੜਾ' ਰੱਖਿਆ ਗਿਆ। ਕਨਖਲ ਵਿਚ ਕਾਰਆਲਯ ਬਣਾਇਆ ਗਿਆ ਅਤੇ 'ਮਰਯਾਦਾ ਪਤ੍ਰ' ਲਿਖਿਆ ਗਿਆ। ਨਿਯਮ ਇਹ ਬਣਾਇਆ ਗਿਆ ਕਿ ਸਾਰੇ ਕੁੰਭ ਮੇਲਿਆਂ ਤੋਂ ਇਲਾਵਾ ਕੁਰੂਕਸ਼ੇਤ੍ਰ, ਫਲਗੂ, ਪਹੋਵਾ, ਅੰਮ੍ਰਿਤਸਰ, ਆਨੰਦਪੁਰ, ਮੁਕਤਿਸਰ, ਸ੍ਰੀ ਦਮਦਮਾ ਸਾਹਿਬ ਗੁਰੂ ਕੀ ਕਾਸ਼ੀ ਤੀਰਥਾਂ ਤੇ ਗੁਰੂ ਨਾਨਕ ਦੇ ਮੱਤ ਦਾ ਪ੍ਰਚਾਰ ਕਰਨਾ, ਨਾਨਕ ਪੰਥੀ ਅਤੇ ਗੁਰਸਿਖਾਂ ਵਾਸਤੇ ਰਿਹਾਇਸ਼/ਲੰਗਰ ਦਾ ਪ੍ਰਬੰਧ ਕਰਨਾ ਆਦਿਕ ਅਖਾੜੇ ਦਾ ਪ੍ਰਮੁੱਖ ਉਦੇਸ਼ ਹੋਵੇਗਾ। ਇਸ ਖੁਸ਼ੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ (ਦੂਸਰਾ ਇਕ ਹੋਰ) ਅਖੰਡਪਾਠ ਕੀਤਾ ਗਿਆ ਅਤੇ ਖਟ ਦਰਸ਼ਨ ਸਾਧੂ ਸਮਾਜ ਨੂੰ ਪੱਕਾ ਭੰਡਾਰਾ ਦਿੱਤਾ ਗਿਆ। ਖਟ ਦਰਸ਼ਨ ਸਾਧੂ ਸਮਜ ਵੱਲੋਂ ਵਿਧੀਵਤ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਨੂੰ ਮਾਨਤਾ ਦਿੱਤੀ ਗਈ।[੨]

---

*੧. ਨਿਰਮਲ ਪੰਥ ਦਰਸ਼ਨ ਹਿਸਾ ਪਹਿਲਾ ਪੰਨਾ ੩੦੯-੧੧ ਛਾਪ ਪਹਿਲੀ, ਮਹੰਤ ਦਿਆਲ ਸਿੰਘ ਲਾਹੌਰ।*

*੨. ਮਸੌਦਾ ਦਸਤੂਰ ਉਲ ਅਮਲ (ਦਫਾ ੯ ਸਾਲ ੧੯੧੯ ਬਿ:) ਦੇ ਸਰਕਾਰੀ ਰਿਕਾਰਡ ਅਨੁਸਾਰ ਅਖਾੜੇ ਦਾ ਨਾਮ 'ਪੰਚਾਇਤੀ ਅਖਾੜਾ ਨਿਰਮਲਾ' ਹੈ। ਪਰ ਨਿਰਮਲ ਭੇਖ ਦੇ ਮਹਾਂਪੁਰਖਾਂ ਨੇ 'ਦਸਤੂਰ ਉਲ ਅਮਲ' ਤੋਂ ੮ ਵਰਸ਼ ਪਹਿਲਾਂ ੧੯੧੨ ਬਿ: (੧੮੫੫ ਈ:) ਵਿਚ ਹਰਿਦੁਆਰ ਦੇ ਮਹਾਂ ਕੁੰਭ ਪਰਵ ਤੇ ਵਿਧੀਵਤ ਅਖਾੜਾ ਸਥਾਪਤ ਕਰ ਦਿੱਤਾ ਸੀ। ਸ੍ਰੀ ਮਹੰਤ ਦੀ ਚੋਣ ਕੀਤੀ ਗਈ ਸੀ। ਉਸ ਸਮੇਂ ਨਿਰਮਲ ਭੇਖ ਦੇ ਮਹਾਂਪੁਰਖਾਂ ਨੇ ਸਰਬ ਸੰਮਤੀ ਨਾਲ ਅਖਾੜੇ ਦਾ ਨਾਮ 'ਸ੍ਰੀ ਨਿਰਮਲ ਪੰਚਾਇਤੀ ਅਖਾੜਾ' ਪਰਵਾਨ ਕੀਤਾ ਸੀ। ਮਗਰੋਂ ਸੰਨ ੧੮੬੨ ਈ: ਨੂੰ ਤਿੰਨ ਸਰਕਾਰਾਂ/ਰਿਆਸਤਾਂ (ਪਟਿਆਲਾ, ਨਾਭਾ, ਜੀਂਦ) ਨੇ ਅਖਾੜੇ ਨੂੰ ਦਾਨ ਦੇ ਕੇ ਵਿਧੀਵਤ ਸੰਗਠਤ ਕਰਨ ਲਈ ਅਖਾੜੇ ਦਾ ਦਸਤੂਰ ਉਲ ਅਮਲ (ਮਰਯਾਦਾ ਪਤ੍ਰ) ਲਿਖਿਆ। ਜਿਸ ਵਿਚ ਨਾਮ 'ਪੰਚਾਇਤੀ ਅਖਾੜਾ ਨਿਰਮਲਾ' ਲਿਖਿਆ ਹੈ। ਅਸੀਂ ਇਸ ਨਾਮ ਨੂੰ ਮਾਨਤਾ ਦਿੰਦੇ ਹਾਂ, ਪਰ ਲਿਖਣ-ਪੜ੍ਹਨ ਵਿਚ ਅਗੇ ਨੂੰ ਪੁਰਾਤਨ ਨਾਮ 'ਸ੍ਰੀ ਨਿਰਮਲ ਪੰਚਾਇਤੀ ਅਖਾੜਾ' ਹੀ ਲਿਖਾਂਗੇ।* *(ਬਾਕੀ ਅਗਲੇ ਸਫੇ ਤੇ)*

ਸ੍ਰੀ ਮਹੰਤ ਜੀ ਮਹਾਰਾਜ ਦਾ ਯਸ਼ ਸੁਣਕੇ ਇਸ ਕੁੰਭ ਤੇ ਮਹਾਰਾਜਾ ਨਰੇਂਦਰ ਸਿੰਘ ਜੀ ਪਟਿਆਲਾਪਤੀ ਨੇ ੫,੦੦੦/- (ਪੰਜ ਹਜ਼ਾਰ ਰੁਪਏ) ਸ੍. ਮੱਖਣ ਸਿੰਘ ਰਾਹੀਂ ਲੰਗਰ ਵਾਸਤੇ ਭੇਜੇ।[੧] ਹੋਰ ਵੀ ਬਹੁਤ ਸਾਰੇ ਸਿੱਖ ਸਰਦਾਰਾਂ ਨੇ ਸੇਵਾ ਵਿਚ ਹਿੱਸਾ ਪਾਇਆ। ਇਸ ਤਰ੍ਹਾਂ 'ਨਿਰਮਲ ਪੰਥ' ਦਾ ਇਹ ਇਤਿਹਾਸਿਕ ਕੁੰਭ ਉਤਸ਼ਾਹ ਪੂਰਬਕ ਸਮਾਪਤ ਹੋਇਆ।

---

*(ਪਿਛਲੇ ਸਫੇ ਦੀ ਬਾਕੀ)*

*ਪਾਠਕਾਂ ਨੂੰ ਯਾਦ ਹੋਵੇਗਾ ਜਿਵੇਂ ਸ਼੍ਰੋ: ਗੁ: ਪ੍ਰ: ਕਮੇਟੀ ਦੀ ਸਥਾਪਨਾ ੧੫-੧੬ ਨਵੰਬਰ ੧੯੨੦ ਈ: ਨੂੰ ਹੋ ਚੁੱਕੀ ਸੀ, ਪਰ ਗੁਰਦੁਆਰਾ ਐਕਟ ਬਿਲ ੧੬੨੫ ਈ: ਵਿਚ ਪਾਸ ਹੋਇਆ ਸੀ। ਗੁਰਦੁਆਰਾ ਐਕਟ ਵਿਚ ਸ਼੍ਰੋ: ਗੁ: ਪ੍ਰ: ਕਮੇਟੀ ਦਾ ਨਾਮ 'ਗੁਰਦੁਆਰਾ ਸੈਂਟਰਲ ਬੋਰਡ' ਹੈ, ਪਰ ਲਿਖਾ-ਪੜੀ ਵਿਚ ਗੁਰਦੁਆਰਾ ਸੈਂਟਰਲ ਬੋਰਡ ਦੀ ਬਜਾਏ ਸ਼੍ਰੋ: ਗੁ: ਪ੍ਰ: ਕਮੇਟੀ ਪ੍ਰਮਾਣਤ, ਪ੍ਰਚਲਤ ਹੈ। ਇਹੀ ਸਥਿਤੀ 'ਸ੍ਰੀ ਨਿਰਮਲ ਪੰਚਾਇਤੀ ਅਖਾੜੇ' ਦੀ ਹੈ। ਮਹੰਤ ਗਨੇਸ਼ਾ ਸਿੰਘ ਜੀ ਨੇ ਨਿਰਮਲ ਭੇਖ ਦੇ ਇਤਿਹਾਸ 'ਨਿਰਮਲ ਭੂਸ਼ਨ' (ਸੰਮਤ ੧੯੯੪ ਬਿ:) ਦੇ ਪਹਿਲੇ ਸੰਸਕਰਣ ਵਿਚ 'ਪੰਚਾਇਤੀ ਅਖਾੜਾ ਨਿਰਮਲਾ' ਦਾ ਨਾਮ 'ਧਰਮ ਧਜਾ ਪੰਚਾਇਤੀ ਅਖਾੜਾ ਨਿਰਮਲਾ' ਲਿਖਿਆ ਹੈ (ਵੇਖੋ ਪੰਨਾ 'ਘ' ਅਤੇ ੧੦੯, ੧੧੨, ੧੧੩ (ਦੋ ਵਾਰ), ੧੧੪,੧੧੫)। ਵਾਸਤਵ ਵਿਚ 'ਧਰਮ ਧੁਜਾ' ਕੁੰਭ ਪਰਵਾਂ ਤੇ ਅਖਾੜੇ ਵਲੋਂ ਖੜ੍ਹੇ ਕੀਤੇ ਜਾਂਦੇ ਕੇਸਰੀ ਨਿਸ਼ਾਨ (ਸਾਹਿਬ) ਦਾ ਨਾਮ ਹੈ।*

੧. *ਮਹਾਰਾਜਾ ਭਰਪੂਰ ਸਿੰਘ ਜੀ ਨਾਭਾਨਰੇਸ਼ ਵੀ ਇਸ ਸਮੇਂ ਆਏ ਹੋਏ ਸਨ ਜੋ ਕਥਾ-ਕੀਰਤਨ ਸ਼ਰਵਨ ਕਰਦੇ ਰਹੇ। ਅਖਾੜੇ ਨੂੰ ਭੰਡਾਰਾ ਕੀਤਾ ਅਤੇ ਖੁਲ੍ਹੀ ਪੂਜਾ ਕੀਤੀ। ਅਟਾਰੀ ਵਾਲੇ ਸਰਦਾਰ ਕਾਨ੍ਹ ਸਿੰਘ ਜੀ ਅਤੇ ਸੰਧਾਵਾਲੀਏ ਸ: ਸ਼ਮਸ਼ੇਰ ਸਿੰਘ ਜੀ ਨੇ ਵੀ ਭੰਡਾਰੇ ਕੀਤੇ, ਪੂਜਾ ਕਰਕੇ ਖੁਸ਼ੀਆਂ ਲੈਂਦੇ ਰਹੇ। ਪਹਿਲੀ ਵਾਰ ਹੀ ਨਿਰਮਲ ਪੰਚਾਇਤੀ ਅਖਾੜੇ ਦਾ ਖਟ ਦਰਸ਼ਨ ਸਾਧੂ ਸਮਾਜ ਤੇ ਸਿੱਕਾ ਬੈਠ ਗਿਆ। ਲੰਗਰ/ਰਿਹਾਇਸ਼/ਕਥਾ-ਕੀਰਤਨ ਦਾ ਸਾਰੇ ਅਖਾੜਿਆਂ ਨਾਲੋਂ ਸੁੰਦਰ ਪ੍ਰਬੰਧ ਸੀ।*

## ਪਹਿਲੇ ਸ੍ਰੀ ਮਹੰਤ

# ਸ੍ਰੀਮਾਨ ੧੦੮ ਬਾਬਾ ਮਹਿਤਾਬ ਸਿੰਘ ਜੀ ਮਹਾਰਾਜ

ਜਨਮ ਪਿੰਡ ਲੇਲ੍ਹਵਡੀ (ਜ਼ਿਲਾ ਸੰਗਰੂਰ) ਵਿਖੇ ਸੰਮਤ ੧੯੭੮ ਬਿ. (੧੯੨੧ ਈ.) ਵਿਚ ਹੋਇਆ। ਬਚਪਨ ਪਿੰਡ ਵਿਚ ਹੀ ਲੰਘਿਆ। ਸੱਤ ਵਰਸ਼ ਦੀ ਉਮਰ ਵਿਚ ਪੜ੍ਹਨ ਬੈਠ ਗਏ ਤਾਂ ਛੇਤੀ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਬਣ ਗਏ। ਬਾਣੀ ਪੜ੍ਹਨ ਦਾ ਅਜਿਹਾ ਪ੍ਰੇਮ ਲੱਗਿਆ ਕਿ ਹਰ ਸਮੇਂ ਪਾਠ ਹੀ ਕਰਦੇ ਰਹਿੰਦੇ। ਮਨ ਸੰਸਾਰ ਵਲੋਂ ਉਪਰਾਮ ਹੋ ਗਿਆ। ਇਸੇ ਅਵਸਥਾ ਵਿਚ ਤੀਰਥਾਂ ਦਾ ਭ੍ਰਮਣ ਕਰਦੇ ਹੋਏ ਰਿਸ਼ੀਕੇਸ਼ ਪੁੱਜੇ ਤਾਂ ਸ੍ਰੀ ਮਾਨ ਸੰਤ ਧਰਮ ਸਿੰਘ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਦੇ ਚਰਨਾਂ ਵਿਚ ਹੀ ਟਿਕ ਗਏ। ਨਿਮ੍ਰਤਾ ਪੂਰਬਕ ਸੇਵਾ–ਸਿਮਰਨ ਕਰਦੇ ਹੋਏ ਸ਼ਿਸ਼ ਬਣ ਗਏ। ਗੁਰਬਾਣੀ ਦੇ ਪਾਠ/ਨਿਤਨੇਮ ਦਾ ਤਾਂ ਅਗੇ ਹੀ ਬੜਾ ਅਭਿਆਸ ਸੀ, ਨਾਮ ਦੀ ਰੰਗਣ ਚੜ੍ਹਨ ਕਰਕੇ ਸਿਮਰਨ ਵਿਚ ਰੰਗੇ ਗਏ। ਬਸ ! ਰਾਤ ਦਿਨ ਸਿਮਰਨ, ਨਿਤਨੇਮ ਅਤੇ ਧਾਰਮਿਕ ਚਰਚਾ ਵਿਚ ਹੀ ਬਤੀਤ ਹੁੰਦਾ। ਨਾਮ, ਕਥਾ, ਸਤਿਸੰਗ ਤੋਂ ਬਿਨਾਂ ਆਪ ਕਿਸੀ ਨਾਲ ਵੀ ਕੋਈ ਵਾਧੂ ਗੱਲ ਨਹੀਂ ਕਰਦੇ ਸਨ। ਗੰਗਾ ਜੀ ਦੇ ਕਿਨਾਰੇ ਰਿਸ਼ੀਕੇਸ਼ ਵਿਚ ਨਿਵਾਸ ਸੀ। ਪਹਿਰ ਰਾਤ ਤੋਂ ਗੰਗਾ ਜੀ ਵਿਚ ਕੰਠ ਤੱਕ ਖੜੋ ਕੇ ਸਿਮਰਨ ਕਰਦੇ ਰਹਿੰਦੇ ਸਨ। ਆਪ ਜੀ ਦੀ ਅਵਸਥਾ ਤੇ ਇਕਾਗਰਤਾ ਅਜੇਹੀ ਸੀ ਕਿ ਅਤਿਅੰਤ ਸਰਦੀ ਵਿਚ ਵੀ ਗੰਗਾ ਦੇ ਠੰਡੇ ਪਾਣੀ ਦਾ ਦੁਖ ਪ੍ਰਤੀਤ ਨਹੀਂ ਹੁੰਦਾ ਸੀ। ਸਿਮਰਨ ਤੋਂ ਮਗਰੋਂ ਪੂਰੀ ਪੰਜ ਗ੍ਰੰਥੀ ਦਾ ਪਾਠ ਕਰਦੇ ਸਨ। ਇਹ ਆਪ ਜੀ ਦਾ ਦੈਨਿਕ ਨਿਤਨੇਮ ਸੀ। ਆਪ ਤਪ ਦੀ ਨਿਧੀ ਸਨ, ਨਾਮ ਸਿਮਰਨ ਦੀ ਮਹਾਨ ਘਾਲਣਾ ਘਾਲੀ। ਨਾਮ ਸਿਮਰਨ ਨਾਲ ਆਪ ਜੀ ਦਾ ਪ੍ਰਭਾਵ ਤਪ–ਤੇਜ ਸਾਰੇ ਫੈਲ ਗਿਆ। ਨਿਰਮਲ ਭੇਖ, ਖਟ ਦਰਸ਼ਨ ਸਾਧੂ ਸਮਾਜ, ਰਾਜੇ ਮਹਾਰਾਜੇ ਆਪ ਜੀ ਦੇ ਚਰਨਾਂ ਵਿਚ ਨਤ ਮਸਤਕ ਹੁੰਦੇ ਸਨ। ਆਪ ਯੁੱਗ ਪੁਰਸ਼ ਸਨ। ਬ੍ਰਹਮ ਸ੍ਰੋਤ੍ਰੀਯ, ਬ੍ਰਹਮ ਨੇਸ਼ਟੀ, ਬ੍ਰਹਮਗਿਆਨੀ, ਤਤ੍ਰ ਵੇਤਾ ਪੂਰਣ ਸੰਤ ਪੁਰਸ਼ ਸਨ। ਆਪ ਜੀ ਦੇ ਵਿਅਕਤੀਤ੍ਵ ਦਾ ਦੇਸ ਸਿੱਕਾ ਮੰਨਦਾ ਸੀ। ਪੰਡਿਤ ਖਟਦਰਸ਼ਨ ਸਿੰਘ ਜੀ, ਸੰਤ ਜੋਗਾ ਸਿੰਘ ਜੀ ਅੰਮ੍ਰਿਤਸਰ ਆਦਿਕ ਆਪ ਜੀ ਦੇ ਗੁਰਭਾਈ ਆਪ ਜੀ ਦਾ ਪਰਮ ਸਤਿਕਾਰ ਕਰਦੇ ਸਨ।

ਆਪ ਜੀ ਦਾ ਗੌਰ ਵਰਣ, ਭਰਵਾਂ ਚਿਹਰਾ, ਲੰਮਾ ਦਰਸ਼ਨੀ ਸਰੀਰ ਸੀ। ਕਪੜਾ ਥੋੜ੍ਹਾ ਤੇੜ ਲੰਗੋਟੀ, ਸਿਰ ਉਪਰ ਕੇਵਲ ਦੋ ਗਜ਼ ਦਾ ਦਸਤਾਰਾ, ਉਪਰ ਕਾਲੀ ਕੰਬਲੀ ਰੱਖਦੇ ਸਨ। ਦਰਸ਼ਨ ਕਰਨ ਵਾਲੇ ਪ੍ਰਸੰਨ ਹੋ ਜਾਂਦੇ। ਬਸ ! ਆਪ ਸਮੇਂ ਦੀ ਉਚ ਹਸਤੀ ਸਨ।

ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾਪਤੀ ਆਪ ਜੀ ਦੀ ਉਚ ਅਵਸਥਾ, ਅਧਿਆਤਮਿਕ ਪ੍ਰਭਾਵ ਤੋਂ ਚੰਗੀ ਤਰ੍ਹਾਂ ਜਾਣੂ ਸੀ। ਇਸ ਵਾਸਤੇ ਆਪ ਜੀ ਦੇ ਦਰਸ਼ਨ ਕਰਨੇ ਪੁੰਨ ਸਮਝਦਾ ਸੀ। ਮਹਾਰਾਜੇ ਨੇ ਪਹਿਲੀ ਵਾਰ ਆਪ ਜੀ ਦੇ ਦਰਸ਼ਨ ਸੰਮਤ ੧੯੦੯ (੧੯੫੨ ਈ:) ਵਿਚ ਬਦਰੀ ਨਾਰਾਇਣ ਦੀ ਯਾਤ੍ਰਾ ਸਮੇਂ ਕੀਤੇ ਸਨ। ਉਸ ਸਮੇਂ ਤੋਂ ਆਪ ਜੀ ਦੇ ਚਰਨਾਂ ਦਾ ਭੌਰਾ ਬਣ ਗਿਆ ਸੀ।

ਸੰਮਤ ੧੯੧੩ (੧੮੫੬ ਈ:) 'ਚ ਫਲਗੂ ਦਾ ਮੇਲਾ ਮਨਾਇਆ ਗਿਆ। ਸੰਮਤ ੧੯੧੪ (੧੮੫੭ ਈ:) ਵਿਚ ਪ੍ਰਯਾਗ ਕੁੰਭ ਤੇ ਛਾਉਣੀ ਲਾਈ, ਧਰਮ-ਧਜਾ (ਕੇਸਰੀ ਨਿਸ਼ਾਨ) ਖੜ੍ਹੀ ਕੀਤੀ ਗਈ। ਸ਼ਾਨਦਾਰ ਮੰਚ ਬਣਾਇਆ ਗਿਆ। ਅਖੰਡਪਾਠ ਆਰੰਭ ਕੀਤੇ ਗਏ, ਕਥਾ ਕੀਰਤਨ ਦਾ ਪ੍ਰਵਾਹ ਚਲ ਪਿਆ। ਪ੍ਰਾਣੀ ਮਾਤਰ ਨੂੰ ਖੁਲ੍ਹਾ ਲੰਗਰ ਵਰਤਨ ਲੱਗਾ। ਸਜ-ਧਜ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਕੇਸਰੀ ਨਿਸ਼ਾਨ ਥੱਲੇ ਸ਼ੋਭਾ ਯਾਤਰਾ (ਸ਼ਾਹੀ) ਕੱਢੀ ਗਈ। ਸ੍ਰੀਮਾਨ ੧੦੮ ਸ੍ਰੀ ਮਹੰਤ ਬਾਬਾ ਮਹਿਤਾਬ ਸਿੰਘ ਜੀ ਸੁੰਦਰ ਹਾਥੀ ਉਪਰ ਸੁਭਾਇਮਾਨ ਹੋ ਰਹੇ ਸਨ। ਇਸ ਕੁੰਭ ਤੇ ਨਿਰਮਲ ਭੇਖ ਦਾ ਉਲੇਖਨੀਯ ਪ੍ਰਭਾਵ ਪਿਆ।[੧]

ਇਨ੍ਹਾਂ ਵਰਸ਼ਾਂ ਵਿਚ ਮਹਾਰਾਜਾ ਨਰਿੰਦਰ ਸਿੰਘ ਜੀ ਨੇ ਕਈ ਵਾਰ ਆਪਣੇ ਅਫਸਰ ਭੇਜ ਕੇ ਸ੍ਰੀ ਮਹੰਤ ਜੀ ਮਹਾਰਾਜ ਨੂੰ ਪਟਿਆਲੇ ਦਰਸ਼ਨ ਦੇਣ ਦੀ ਪ੍ਰਾਰਥਨਾ ਕੀਤੀ ਸੀ, ਪਰ ਸ੍ਰੀ ਮਹੰਤ ਜੀ ਮਹਾਰਾਜ ਹਰ ਵਾਰ ਟਾਲਦੇ ਰਹੇ ਸਨ। ਮਹਾਰਾਜੇ ਨੂੰ ਪਤਾ ਲੱਗਾ ਕਿ ਸ੍ਰੀ ਮਹੰਤ ਜੀ ਮਹਾਰਾਜ ਫਲਗੂ ਦੇ ਮੇਲੇ ਉਪਰ ਆ ਰਹੇ ਹਨ। ਇਸ ਵਾਸਤੇ ਮਹਾਰਾਜਾ ਉਚੇਚੇ ਪੂਜਯ ਸ੍ਰੀ ਮਹੰਤ ਜੀ ਮਹਾਰਾਜ ਦੇ ਦਰਸ਼ਨ ਅਤੇ ਉਪਦੇਸ਼ ਵਾਸਤੇ ਫਲਗੂ ਪੁਜੇ। ਇਸ ਮੇਲੇ ਉਪਰ ਮਹਾਰਾਜਾ ਸਰੂਪ ਸਿੰਘ ਜੀ ਜੀਂਦ ਪਤੀ, ਸ੍ਰ. ਲਹਿਣਾ ਸਿੰਘ ਜੀ ਰਈਸ ਕਲਸੀਆਂ ਸਟੇਟ ਅਤੇ ਹੋਰ ਕਿੰਨੇ ਹੀ ਰਈਸ, ਸਰਦਾਰ ਇਸ਼ਨਾਨ ਲਈ ਆਏ ਹੋਏ ਸਨ। ਕਥਾ-ਕੀਰਤਨ, ਸਤਿਸੰਗ ਸੁਣਕੇ ਪ੍ਰਸੰਨ ਹੋ ਰਹੇ ਸਨ। ਇਸ ਮੇਲੇ ਉਪਰ ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾਪਤੀ ਅਤੇ ਮਹਾਰਾਜਾ ਸਰੂਪ ਸਿੰਘ ਜੀ ਜੀਂਦਪਤੀ ਅਖਾੜੇ ਦੇ ਸਾਰੇ ਮਹੰਤਾਂ, ਸੰਤਾਂ, ਵਿਦਵਾਨਾਂ, ਵਿਰਕਤਾਂ ਨੂੰ ਚਾਂਦੀ ਦੇ ਕਟੋਰਿਆਂ ਵਿਚ ਦੁਧ ਪਿਆਇਆ ਕਰਦੇ ਸਨ। ਸਾਰੇ ਮਹਾਰਾਜਿਆਂ ਸਰਦਾਰਾਂ ਨੇ ਭੰਡਾਰੇ ਵੀ ਕੀਤੇ ਅਤੇ ਖੁਲ੍ਹੀ ਪੂਜਾ ਵੀ ਕੀਤੀ। ਕਥਾ-ਕੀਰਤਨ ਵਿਆਖਿਆਨ ਸੁਣਕੇ, ਸਦਉਪਦੇਸ਼ ਗ੍ਰਹਿਣ ਕਰਕੇ, ਸਾਰੇ ਪਰਮ ਪ੍ਰਸੰਨ ਹੋਏ। ਇਹ ਮੇਲਾ ਸੰਮਤ ੧੯੧੬ (੧੮੫੯ ਈ:) ਵਿਚ ਹੋਇਆ ਸੀ।

ਵਾਪਸੀ ਸਮੇਂ ਮਹਾਰਾਜਾ ਨਰਿੰਦਰ ਸਿੰਘ ਜੀ ਨੇ ਪੂਜਯ ਸ੍ਰੀ ਮਹੰਤ ਜੀ ਮਹਾਰਾਜ ਨੂੰ ਪਟਿਆਲੇ ਦਰਸ਼ਨ ਦੇਣ ਦੀ ਸੁਨਿਮ੍ਰ ਪ੍ਰਾਰਥਨਾ ਕੀਤੀ। ਮਹਾਰਾਜੇ ਦੀ ਸੱਚੀ ਸ਼ਰਧਾ-ਭਗਤੀ ਵੇਖਕੇ ਅਤੇ ਮਹੰਤ ਹੀਰਾ ਸਿੰਘ ਠੀਕਰੀ ਵਾਲਿਆਂ ਦੀ ਪ੍ਰੇਰਨਾ ਅਨੁਸਾਰ ਨਿਮੰਤ੍ਰਣ ਪਰਵਾਨ ਕੀਤਾ ਗਿਆ।

ਫਲਗੂ ਦੇ ਮੇਲੇ ਦਾ ਸਾਰਾ ਪ੍ਰਬੰਧ ਸੰਭਾਲਕੇ ਪੂਜਯ ਸ੍ਰੀ ਮਹੰਤ ਜੀ ਮਹਾਰਾਜ ਸੰਤ ਮੰਡਲੀ ਸਮੇਤ ਰਿਸ਼ੀਕੇਸ਼ ਪੁਜ ਗਏ। ਮਹਾਰਾਜੇ ਨੇ ਸ੍ਰ. ਰਾਮ ਸਿੰਘ ਜੀ ਜੇਜੀ ਨੂੰ ਹਾਥੀ ਦੇਕੇ ਪੂਜਯ ਸ੍ਰੀ ਮਹੰਤ ਜੀ ਮਹਾਰਾਜ ਨੂੰ ਲਿਆਉਣ ਵਾਸਤੇ ਭੇਜਿਆ। ਸ੍ਰੀ ਮਹੰਤ ਜੀ ਮਹਾਰਾਜ ਆਪ ਤਾਂ ਨਾ ਆਏ ਪਰ ਸੰਤ ਕਰਮ ਸਿੰਘ ਜੀ ਨੂੰ ਭੇਜ ਦਿੱਤਾ ਨਾਲ ਹੀ ਫਰਮਾਇਆ, "ਅਸੀਂ ਫਿਰ ਆਵਾਂਗੇ।"

ਆਪ ਪੂਜਯ ਸ੍ਰੀ ਮਹੰਤ ਜੀ ਸੰਤ ਮੰਡਲੀ ਸਮੇਤ ੧੯੧੭ (੧੮੬੦ ਈ:) ਨੂੰ ਸ੍ਰੀ ਅੰਮ੍ਰਿਤਸਰ ਦੀਪਮਾਲਾ ਤੇ ਪੁਜ ਗਏ। ਇਥੇ ਆਪਣੇ ਗੁਰਸਥਾਨ (ਵਰਤਮਾਨ ਡੇਰਾ ਬਾਬਾ ਜੋਗਾ ਸਿੰਘ) ਵਿਖੇ ਰਿਹਾਇਸ਼ ਰੱਖੀ। ਅੰਮ੍ਰਿਤਸਰ ਵਿਚ ਵੀ ਨਾਮਬਾਣੀ ਦਾ ਚੰਗਾ ਪ੍ਰਵਾਹ ਚਲਿਆ। ਅੰਮ੍ਰਿਤਸਰ ਦੇ ਮਹੰਤਾਂ/ਸੰਤਾਂ ਨੇ ਆਪਣੇ-ਆਪਣੇ ਡੇਰਿਆਂ

*੧. ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾਪਤੀ ਨੇ ਬਦਰੀ ਨਰਾਇਣ ਦੀ ਯਾਤ੍ਰਾ ਸਮੇਂ ਸਿਖੀ ਪ੍ਰਚਾਰ ਅਤੇ ਰਿਹਾਇਸ਼ ਵਾਸਤੇ ਬਦਰੀ ਨਾਰਾਇਣ ਵਿਚ ਵੀ ਗੁਰਦੁਆਰਾ ਸਾਹਿਬ ਕਾਇਮ ਕੀਤਾ ਸੀ। ਗ੍ਰੰਥੀ ਸੰਤ ਮਨੇਸ਼ਾ ਸਿੰਘ ਜੀ ਸਕਰੁਲਾਪੁਰ ਵਾਲਿਆਂ ਨੂੰ ਨਿਯਤ ਕੀਤਾ। ਪਰ ਇਕ ਵਾਰ ਬਹੁਤੀ ਬਰਫ ਪੈਣ ਨਾਲ ਗੁਰਦੁਆਰੇ ਦੀ ਇਮਾਰਤ ਬਰਫ ਹੇਠ ਦਬ ਕੇ ਢਹਿ ਗਈ। ਮਹੰਤ ਗਨੇਸ਼ਾ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਨੂੰ ਲੈ ਕੇ ਕਨਖਲ (ਹਰਿਦੁਆਰ) ਗੰਗਾ ਕਿਨਾਰੇ ਪਟਿਆਲੇ ਵਾਲੀ ਹਵੇਲੀ ਵਿਚ ਆਣ ਰਹੇ ਅਤੇ ਆਪ ਜੀ ਨੂੰ ਫਿਰ ਵੀ ਜੀਵਨ ਭਰ ਬਦਰੀ ਨਾਰਾਇਣ ਵਾਲੀ ਤਨਖਾਹ ਅਤੇ ਅਨਯ ਸਹੂਲਤਾਂ ਮਿਲਦੀਆਂ ਰਹੀਆਂ।*

ਵਿਚ ਭੰਡਾਰੇ ਕੀਤੇ ਅਤੇ ਚਰਨ ਪਵਾਏ। ੧੪-੧੫ ਦਿਨ ਇਥੇ ਨਿਵਾਸ ਰੱਖਿਆ। ਸ੍ਰੀ ਮਹੰਤ ਜੀ ਮਹਾਰਾਜ ਦੇ ਗੁਰਭਾਈ ਸੰਤ ਖਟਦਰਸ਼ਨ ਸਿੰਘ ਜੀ, ਮਹੰਤ ਜੋਗਾ ਸਿੰਘ ਜੀ, ਸੰਤ ਦਰਬਾਰਾ ਸਿੰਘ ਜੀ ਅਤੇ ਸੰਤ ਅਚਲ ਸਿੰਘ ਜੀ ਨੇ ਦਿਨ-ਰਾਤ ਇਕ ਕਰਕੇ ਪ੍ਰੇਮ ਪੂਰਬਕ ਸੇਵਾ ਕੀਤੀ। ਇਥੋਂ ਸ੍ਰੀ ਮਹੰਤ ਜੀ ਮਹਾਰਾਜ ਆਪਣੇ ਕੀਤੇ ਵਚਨ ਅਨੁਸਾਰ ਸੰਤ ਮੰਡਲੀ ਸਮੇਤ ਪਟਿਆਲਾ ਨੂੰ ਚਲੇ ਗਏ।

ਮਹਾਰਾਜਾ ਪਟਿਆਲਾਪਤੀ ਆਪਣੇ ਮੰਤਰੀਆਂ ਅਤੇ ਅਨਯ ਅਧਿਕਾਰੀਆਂ ਸਮੇਤ ਪੰਜ ਕੋਹ ਅੱਗੇ ਸ੍ਵਾਗਤ ਵਾਸਤੇ ਪੁਜੇ। ਪੂਜਯ ਸ੍ਰੀ ਮਹੰਤ ਜੀ ਮਹਾਰਾਜ ਦੇ ਪਾਵਨ ਚਰਨਾਂ ਵਿਚ ਨਤ ਮਸਤਕ ਹੋ ਗਏ। ਇਸ ਸਮੇਂ ਆਤਸਬਾਜ਼ੀ ਦੇ ਗੋਲਿਆਂ ਨੇ ਆਕਾਸ਼ ਗੁੰਜਾ ਦਿੱਤਾ। ਬਹੁਤ ਹੀ ਸਤਿਕਾਰ-ਸ਼ਰਧਾ ਨਾਲ ਇਹ ਜਲੂਸ ਸ਼ਹਿਰ ਵਿਚ ਪੁਜਿਆ। ਪੂਜਯ ਸ੍ਰੀ ਮਹੰਤ ਮਹਾਰਾਜ ਦਾ ਉਤਾਰਾ ਬਨਾਸਰ ਘਰ ਵਿਚ ਕੀਤਾ ਗਿਆ। ਇਸ ਦਿਨ ਸ਼ਹਿਰ ਵਿਚ ਦੀਪ ਮਾਲਾ ਕੀਤੀ ਗਈ। ਤੋਪਾਂ ਦੀ ਸ਼ਲਕ ਕੀਤੀ ਗਈ। ਕੈਦੀ ਛੱਡ ਦਿੱਤੇ ਗਏ। ਅਨਾਜ ਦੇ ਕੋਠੇ ਗਰੀਬਾਂ ਵਿਚ ਲੁਟਾਏ ਗਏ। ਪੂਜਯ ਸ੍ਰੀ ਮਹੰਤ ਜੀ ਮਹਾਰਾਜ ਦੇ ਸਤਿਕਾਰ ਵਿਚ ਅਨੋਖਾ ਉਸਤਵ ਮਨਾਇਆ ਗਿਆ।

ਪੂਜਯ ਸ੍ਰੀ ਮਹੰਤ ਜੀ ਇਕ ਸਪਤਾਹ ਠਹਿਰੇ, ਸੁਬਹ-ਸ਼ਾਮ ਸਤਿਸੰਗ ਕਥਾ-ਕੀਰਤਨ ਦਾ ਪ੍ਰਵਾਹ ਚਲਦਾ ਸੀ। ਮਹਾਰਾਜਾ, ਮੰਤਰੀ ਮੰਡਲ/ਅਹਿਲਕਾਰਾਂ ਸਮੇਤ ਸਦ-ਉਪਦੇਸ਼ ਗ੍ਰਹਿਣ ਕਰਨ ਵਾਸਤੇ ਦੈਨਿਕ ਉਪਸਥਿਤ ਹੁੰਦਾ। ਸ਼ਹਿਰ ਦੀ ਜਨ ਸਾਧਾਰਣ ਜਨਤਾ ਹਜ਼ਾਰਾਂ ਦੀ ਗਿਣਤੀ ਵਿਚ ਕਥਾ-ਕੀਰਤਨ ਸੁਣਕੇ ਜਨਮ ਸਫਲ ਕਰਦੀ।

ਇਥੇ ਹੀ ਮਹਾਰਾਜਾ ਭਰਪੂਰ ਸਿੰਘ ਜੀ ਨਾਭਾ ਨਰੇਸ਼ ਦੇ ਭੇਜੇ ਮੁਨਸ਼ੀ ਗੁਲਾਬ ਸਿੰਘ ਜੀ ਅਤੇ ਸ੍ਰ. ਬਖਤੌਰ ਸਿੰਘ ਹਾਜ਼ਿਰ ਹੋਏ। ਮਹਾਰਾਜੇ ਵਲੋਂ ਨਾਭੇ ਵਿਚ ਦਰਸ਼ਨ ਦੇਣ ਦੀ ਪ੍ਰਾਰਥਨਾ ਕੀਤੀ। ਇਕ ਹਫਤੇ ਤੋਂ ਬਾਅਦ ਨਾਭੇ ਨੂੰ ਤਿਆਰ ਹੋਏ ਤਾਂ ਮਹਾਰਾਜਾ ਨਰਿੰਦਰ ਸਿੰਘ ਜੀ ਨੇ ਅਕਥਨੀਯ ਸਤਿਕਾਰ ਕੀਤਾ। ਰਾਜ ਪਰਿਵਾਰਾਂ ਨੇ ਸ੍ਰੀ ਮਹੰਤ ਜੀ ਤੋਂ ਸ਼ੁਭ ਆਸ਼ੀਰਵਾਦ ਪ੍ਰਾਪਤ ਕੀਤੇ। ਤੋਪਾਂ ਦੀ ਸ਼ਲਕ ਵਿਚ ਨਾਭੇ ਨੂੰ ਤੁਰੇ।

ਨਾਭੇ ਪੁੱਜਣ ਸਮੇਂ ਮਹਾਰਾਜਾ ਭਰਪੂਰ ਸਿੰਘ ਜੀ ਮੰਤਰੀਆਂ/ਅਹਿਲਕਾਰਾਂ ਅਤੇ ਫੌਜ ਸਮੇਤ ਨਾਭੇ ਤੋਂ ਬਾਹਰ ਆ ਕੇ ਸ੍ਵਾਗਤ ਵਿਚ ਪੁਜਿਆ। ਸ੍ਰੀ ਮਹੰਤ ਜੀ ਦਾ ਹਾਥੀ ਆਇਆ ਤਾਂ ਸਭ ਦੇ ਸੀਸ ਚਰਨਾਂ ਵਿਚ ਝੁਕ ਗਏ। ਸ੍ਰੀ ਮਹੰਤ ਜੀ ਨੇ ਮਹਾਰਾਜੇ ਨੂੰ ਆਸ਼ੀਰਵਾਦ ਦਿੱਤਾ। ਇਸ ਸਮੇਂ ਆਤਸ਼ਬਾਜ਼ੀ ਦੇ ਗੋਲਿਆਂ ਅਤੇ ਰਣ ਸਿੰਘਿਆਂ ਨਾਲ ਆਕਾਸ਼ ਗੂੰਜ ਉਠਿਆ। ਅੱਗੇ-ਅੱਗੇ ਫੌਜ ਮਾਰਚ ਕਰ ਰਹੀ ਸੀ। ਪੂਜਯ ਸ੍ਰੀ ਮਹੰਤ ਮਹਾਰਾਜ ਅਤੇ ਮਹਾਰਾਜਾ ਭਰਪੂਰ ਸਿੰਘ ਹਾਥੀਆਂ ਤੇ ਸਵਾਰ ਸਨ। ਸ਼ਹਿਰ ਵਿਚ ਪਹੁੰਚ ਕੇ ਸ੍ਰੀ ਮਹੰਤ ਜੀ ਮਹਾਰਾਜ ਦਾ ਸੁੰਦਰ ਕੋਠੀ ਵਿਚ ਉਤਾਰਾ ਕੀਤਾ ਗਿਆ। ਸ੍ਰੀ ਮਹੰਤ ਜੀ ਮਹਾਰਾਜ ਅੱਠ ਦਿਨ ਨਾਭੇ ਵਿਚ ਰਹੇ। ਕਥਾ ਕੀਰਤਨ ਦਾ ਪ੍ਰਵਾਹ ਚਲਦਾ ਰਿਹਾ। ਮਹਾਰਾਜਾ ਰੋਜ਼ਾਨਾ ਦੀਵਾਨ ਵਿਚ ਹਾਜ਼ਿਰ ਹੋਕੇ ਸ਼ੁਭ ਉਪਦੇਸ਼ ਗ੍ਰਹਿਣ ਕਰਦਾ ਸੀ।

ਇਥੇ ਮਹਾਰਾਜਾ ਸਰੂਪ ਸਿੰਘ ਜੀ ਜੀਂਦਪਤੀ ਦੇ ਸੇਵਕ ਹਾਜ਼ਿਰ ਹੋਏ। ਮਹਾਰਾਜਾ ਦੀ ਪੱਤ੍ਰਕਾ ਦੇਕੇ ਨਮਸਕਾਰ ਕੀਤੀ।

ਪੂਜਯ ਸ੍ਰੀ ਮਹੰਤ ਜੀ ਮਹਾਰਾਜ ਨਾਭੇ ਤੋਂ ਤਿਆਰ ਹੋਏ ਤਾਂ ਮਹਾਰਾਜਾ ਨਾਭਾਪਤੀ ਨੇ ਸ਼ਰਧਾ ਪੂਰਬਕ ਪੂਜਾ ਕਰ ਕੇ ਖੁਸ਼ੀਆਂ ਪ੍ਰਾਪਤ ਕੀਤੀਆਂ। ਸ੍ਰੀ ਮਹੰਤ ਜੀ ਮਹਾਰਾਜ, ਮਹਾਰਾਜਾ ਨਾਭਾ ਨੂੰ ਆਸ਼ੀਰਵਾਦ ਦੇਕੇ ਮਹਾਰਾਜਾ ਸਰੂਪ ਸਿੰਘ ਜੀ ਕੋਲ ਵਜੀਦਪੁਰ ਚਲੇ ਗਏ।

ਮਹਾਰਾਜਾ ਸਰੂਪ ਸਿੰਘ ਜੀ ਕਈ ਮੀਲ ਅੱਗੇ ਸ੍ਵਾਗਤ ਵਾਸਤੇ ਆਇਆ ਖੜ੍ਹਾ ਸੀ। ਜਦੋਂ ਪੂਜਯ ਸ੍ਰੀ ਮਹੰਤ

ਜੀ ਮਹਾਰਾਜ ਆਏ ਤਾਂ ਅਹਿਲਕਾਰਾਂ ਸਮੇਤ ਚਰਨਾਂ ਵਿਚ ਝੁਕ ਗਿਆ। ਸ੍ਰੀ ਮਹੰਤ ਜੀ ਮਹਾਰਾਜ ਨੇ ਪ੍ਰਸੰਨਤਾ ਪੂਰਬਕ ਆਸ਼ੀਰਵਾਦ ਦਿੱਤਾ ਅਤੇ ਜਲੂਸ ਸ਼ਹਿਰ ਨੂੰ ਚਲਿਆ। ਅੱਗੇ-ਅੱਗੇ ਬਹੁਤ ਹੀ ਸ਼ਾਨਦਾਰ ਬੈਂਡ ਵਜ ਰਿਹਾ ਸੀ। ਮਗਰ ਸ੍ਰੀ ਮਹੰਤ ਜੀ ਮਹਾਰਾਜ ਅਤੇ ਸੰਤ ਮੰਡਲੀ, ਮਹਾਰਾਜਾ ਅਤੇ ਅਹਿਲਕਾਰ ਚਲ ਰਹੇ ਸਨ। ਪੂਜਯ ਸ੍ਰੀ ਮਹੰਤ ਜੀ ਦਾ ਨਿਵਾਸ ਸੁੰਦਰ ਕੋਠੀ ਵਿਚ ਕਰਾਇਆ ਗਿਆ। ਸ੍ਰੀ ਮਹੰਤ ਜੀ ਮਹਾਰਾਜ ਅੱਠ ਦਿਨ ਇਥੇ ਠਹਿਰੇ। ਮਹਾਰਾਜਾ ਦੋਨੋਂ ਸਮੇਂ ਸਤਿਸੰਗ ਵਿਚ ਹਾਜ਼ਿਰੀ ਭਰਦਾ। ਮਹਾਰਾਜਾ ਸਰੂਪ ਸਿੰਘ ਜੀ ਦਾ ਪ੍ਰੇਮ ਪੂਰਾ ਕਰਕੇ ਸ੍ਰੀ ਮਹੰਤ ਜੀ ਮਹਾਰਾਜ ਰਿਸ਼ੀਕੇਸ਼ ਨੂੰ ਤਿਆਰ ਹੋਏ। ਮਹਾਰਾਜੇ ਨੇ ਚਰਨਾਂ ਵਿਚ ਪੁਜਕੇ ਪੂਜਾ/ਸਤਿਕਾਰ ਕਰਕੇ ਸ਼ੁਭ ਆਸ਼ੀਰਵਾਦ ਪ੍ਰਾਪਤ ਕੀਤੇ। ਪੂਜਯ ਸ੍ਰੀ ਮਹੰਤ ਜੀ ਮਹਾਰਾਜ ਸੰਤ ਮੰਡਲੀ ਸਹਿਤ ਰਿਸ਼ੀਕੇਸ਼ ਜਾ ਵਿਰਾਜੇ।

ਪੂਜਯ ਸ੍ਰੀ ਮਹੰਤ ਜੀ ਮਹਾਰਾਜ ਤਿੰਨ੍ਹਾਂ ਮਹਾਰਾਜਿਆਂ ਉਪਰ ਕੋਈ ਅਲੌਕਿਕ ਪ੍ਰਭਾਵ ਛੱਡ ਗਏ। ਤਿੰਨੇ ਮਹਾਰਾਜੇ ਸ੍ਰੀ ਮਹੰਤ ਜੀ ਮਹਾਰਾਜ ਦੇ ਚਰਨਾਂ ਦੇ ਭੌਰੇ ਬਣ ਗਏ। ਸ੍ਰੀ ਮਹੰਤ ਜੀ ਦੇ ਤਪ-ਤੇਜ, ਨਾਮ-ਸਿਮਰਨ, ਦਾ ਪ੍ਰਭਾਵ, ਨਾਮ ਰੰਗੇ ਮੁਖ ਤੋਂ ਸ਼ੁਭ ਉਪਦੇਸ਼, ਤੀਰਥਾਂ ਉਪਰ ਨਾਮਬਾਣੀ ਦਾ ਪ੍ਰਵਾਹ, ਸਤਿਸੰਗ, ਸਮ-ਦ੍ਰਿਸ਼ਟੀ ਲੰਗਰ ਦਾ ਵਰਤਣਾ, ਜਨ ਸਾਧਾਰਣ ਵਿਸ਼ੇਸ਼ ਕਰਕੇ ਨਾਨਕਪੰਥੀ ਗੁਰਸਿਖਾਂ ਵਾਸਤੇ ਭੋਜਨ, ਭਜਨ, ਵਿਸ਼੍ਰਾਮ ਦਾ ਪ੍ਰਬੰਧ ਵੇਖਕੇ ਇਹ ਮਹਾਰਾਜੇ ਸ੍ਰੀ ਮਹੰਤ ਜੀ ਦੇ ਚਰਨਾਂ ਹੇਠ ਅੱਖਾਂ ਵਿਛਾਉਣ ਲਗੇ। ਜਦੋਂ ਸ੍ਰੀ ਮਹੰਤ ਜੀ ਨੇ ਇਕ ਸਮੇਂ ਪ੍ਰਸੰਗ ਵਸ ਮਹਾਰਾਜਿਆਂ ਨੂੰ ਇਹ ਦਸਿਆ ਕਿ ਨਿਰਮਲ ਭੇਖ ਦੇ ਪ੍ਰਬੰਧ ਤੋਂ ਪਹਿਲਾਂ ਕੁੰਭ ਮੇਲਿਆਂ ਅਤੇ ਅਨਯ ਤੀਰਥਾਂ ਤੇ ਵਿਸ਼੍ਰਾਮ, ਲੰਗਰ ਦੀ ਖਾਤਰ ਗੁਰੂ ਕੇ ਸਿਖਾਂ ਨੂੰ ਅਨਯ ਮਤੀਆਂ ਕੋਲੋਂ ਅਪਮਾਨਤ ਹੋਣਾ ਪੈਂਦਾ ਸੀ। ਇਸ ਕਰਕੇ ਨਿਰਮਲ ਭੇਖ ਨੇ ਗੁਰੂ ਨਾਨਕ ਦੀ ਬਾਣੀ (ਸਿਧਾਂਤ) ਦਾ ਪ੍ਰਚਾਰ ਕਰਨ ਵਾਸਤੇ, ਰਿਹਾਇਸ਼ ਤੇ ਲੰਗਰ ਵਾਸਤੇ ਸਾਰੇ ਕੁੰਭ ਮੇਲਿਆਂ ਅਤੇ ਅਨਯ ਤੀਰਥਾਂ ਤੇ ਛਾਉਣੀ ਲਾਕੇ ਲੰਗਰ ਰਿਹਾਇਸ਼ ਦਾ ਪ੍ਰਬੰਧ ਕੀਤਾ ਹੈ। ਮਹਾਂਪੁਰਖਾਂ ਦਾ ਉਪਕਾਰ ਵੇਖਕੇ ਮਹਾਰਾਜੇ ਦ੍ਰਵੀਭੂਤ ਹੋ ਗਏ। ਅਪਣੇ-ਅਪਣੇ ਮਨਾਂ ਵਿਚ ਵਿਚਾਰ ਕਰਨ ਲਗੇ ਕਿ ਅਜੇਹੇ ਪਰਉਪਕਾਰੀ/ਸੱਤਿਵਾਦੀ/ਬ੍ਰਹਮਗਿਆਨੀ ਦੀ ਕੋਈ ਸਦੀਵੀ ਸੇਵਾ ਕਰਕੇ ਜਨਮ ਸਫਲ ਕਰੀਏ।

ਇਕ ਵਾਰ ਤਿੰਨਾਂ ਰਿਆਸਤਾਂ ਦੇ ਮਹਾਰਾਜੇ (ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾ, ਮਹਾਰਾਜਾ ਭਰਪੂਰ ਸਿੰਘ ਜੀ ਨਾਭਾ, ਮਹਾਰਾਜਾ ਸਰੂਪ ਸਿੰਘ ਜੀ ਜੀਂਦ) ਭਵਾਨੀਗੜ੍ਹ ਜ਼ਿਲਾ ਸੰਗਰੂਰ ਵਿਖੇ ਇਕੱਠੇ ਹੋਏ। ਇਥੇ ਅਨੇਕ ਤਰ੍ਹਾਂ ਦੀਆਂ ਰਾਜਨੀਤਿਕ ਵਿਚਾਰਾਂ ਤੋਂ ਉਪਰੰਤ ਪ੍ਰਸੰਗ ਵਸ ਸ੍ਰੀਮਾਨ ੧੦੮ ਬ੍ਰਹਮਗਿਆਨੀ ਬਾਬਾ ਮਹਿਤਾਬ ਸਿੰਘ ਜੀ ਦੇ ਵਿਅਕਤੀਤ੍ਵ, ਅਧਿਆਤਮਿਕ ਪ੍ਰਭਾਵ, ਪਰਉਪਕਾਰ, ਸੇਵਾ, ਸਿਮਰਨ ਦਾ ਪ੍ਰਕਰਣ ਚਲ ਪਿਆ। ਤਿੰਨਾ ਮਹਾਰਾਜਿਆਂ ਨੇ ਇਕ ਸੁਰ ਸ੍ਰੀ ਮਹੰਤ ਜੀ ਦੀ ਪ੍ਰਸ਼ੰਸਾ ਕੀਤੀ। ਇਸ ਸਮੇਂ ਮਹਾਰਾਜਿਆਂ ਵਲੋਂ ਲਿਖਤੀ ਪ੍ਰਸਤਾਵ ਵੀ ਪਾਸ ਕੀਤਾ ਗਿਆ ਕਿ ਬਾਬਾ ਜੀ ਨੂੰ ਹਰਿਦ੍ਵਾਰ ਤੋਂ ਬੁਲਾਕੇ ਕੋਈ ਠੋਸ ਸੇਵਾ ਕੀਤੀ ਜਾਵੇ ਜਿਸ ਨਾਲ ਗੁਰਬਾਣੀ, ਗੁਰਮਤਿ ਦਾ ਪ੍ਰਚਾਰ, ਨਾਨਕਪੰਥੀ ਸੰਤਾਂ, ਗੁਰਸਿੱਖਾਂ ਅਤੇ ਜਨਸਾਧਾਰਣ ਦੀ ਰਿਹਾਇਸ਼, ਲੰਗਰ ਦੀ ਸਦੀਵੀ ਸੇਵਾ ਕੀਤੀ ਜਾਵੇ ਤਾਂ ਕਿ ਸਾਡਾ ਕੀਤਾ ਦਾਨ ਵੀ ਫਲੀਭੂਤ ਹੋ ਸਕੇ। ਇਹ ਵੀ ਪਾਸ ਹੋਇਆ ਕਿ ਬਾਬਾ ਜੀ ਨੂੰ ਚਤੁਮਾਸੇ ਵਾਸਤੇ ਪਟਿਆਲੇ ਬੁਲਾਇਆ ਜਾਵੇ। ਨਾਲ ਹੀ ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾਪਤੀ ਨੂੰ ਸੇਵਾ ਕਰਨ ਦੀ ਤਜਵੀਜ਼ ਦੇ ਸਾਰੇ ਅਧਿਕਾਰ ਦਿਤੇ ਗਏ। ਇਸ ਵਿਚਾਰ ਤੋਂ ਉਪਰੰਤ ਇਕੱਤ੍ਰਤਾ ਸਮਾਪਤ ਕੀਤੀ ਗਈ।

ਭਵਾਨੀਗੜ੍ਹ ਵਿਖੇ ਪਾਸ ਹੋਏ ਪ੍ਰਸਤਾਵ ਅਨੁਸਾਰ ਮਹਾਰਾਜਾ ਨਰਿੰਦਰ ਸਿੰਘ ਜੀ ਨੇ ਸ੍ਰ. ਵੀਰ ਸਿੰਘ ਆਹਲੂਵਾਲੀਏ ਡਿਉਢੀ ਅਫਸਰ ਨੂੰ ਪੱਤ੍ਰਕਾ ਦੇਕੇ ਸ੍ਰੀਮਾਨ ੧੦੮ ਬਾਬਾ ਮਹਿਤਾਬ ਸਿੰਘ ਜੀ ਨੂੰ ਸੁਨਿਮ੍ਰ ਪ੍ਰਾਰਥਨਾ ਲਿਖ ਭੇਜੀ ਕਿ ਪਟਿਆਲੇ ਚਤੁਮਾਸਾ ਲਾਕੇ ਕ੍ਰਿਤਾਰਥ ਕਰੋ। ਪੱਤ੍ਰਕਾ ਪੜ੍ਹਕੇ ਮਹਾਰਾਜੇ ਦੇ ਪ੍ਰੇਮ ਅਧੀਨ

ਪੂਜਯ ਸ੍ਰੀ ਮਹੰਤ ਜੀ ਮਹਾਰਾਜ ਸੰਤ ਹੀਰਾ ਸਿੰਘ ਜੀ ਠੀਕਰੀ ਵਾਲਿਆਂ ਨੂੰ ਨਾਲ ਲੈਕੇ ਸੰਤ ਮੰਡਲੀ ਸਮੇਤ ਪਟਿਆਲੇ ਨੂੰ ਚਲੇ ਗਏ। ਮਹਾਰਾਜਾ ਨਰਿੰਦਰ ਸਿੰਘ ਜੀ ਨੇ ਕੰਵਰ ਦੀਪ ਸਿੰਘ ਨੂੰ ਅਨੇਕ ਅਧਿਕਾਰੀਆਂ ਸਮੇਤ ਪਹਿਲਾਂ ਹੀ ਬਹਾਦਰਗੜ੍ਹ ਸ੍ਵਾਗਤ ਵਾਸਤੇ ਭੇਜਿਆ ਹੋਇਆ ਸੀ। ਪੂਜਾ ਸਤਿਕਾਰ ਕਰਕੇ ਕੰਵਰ ਸਾਹਿਬ ਸ੍ਰੀ ਮਹੰਤ ਜੀ ਨੂੰ ਪਟਿਆਲੇ ਲਿਆਏ ਅਤੇ ਬਾਰਾਂਦਰੀ ਵਿਚ ਉਤਾਰਾ ਕੀਤਾ ਗਿਆ। ਨਿੱਤ ਕਥਾ-ਕੀਰਤਨ ਦਾ ਪ੍ਵਾਹ ਚਲਣ ਲਗਾ। ਮਹਾਰਾਜਾ, ਮੰਤ੍ਰੀਆਂ ਅਤੇ ਉੱਚ ਅਫਸਰਾਂ ਸਮੇਤ ਸੁਬਹ-ਸ਼ਾਮ ਸਤਿਸੰਗ ਵਿਚ ਹਾਜ਼ਿਰੀ ਭਰਦਾ। ਸ਼ਹਿਰ ਨਿਵਾਸੀ ਹਜ਼ਾਰਾਂ ਦੀ ਗਿਣਤੀ ਵਿਚ ਕਥਾ-ਕੀਰਤਨ ਸੁਣਕੇ ਲਾਭ ਪ੍ਰਾਪਤ ਕਰਨ ਲਗੇ। ਪਟਿਆਲਾ ਬੈਕੁੰਠ ਧਾਮ ਬਣ ਗਿਆ।

ਇਕ ਦਿਨ ਮਹਾਰਾਜਾ ਪਟਿਆਲਾਪਤੀ ਜੀ ਨੇ ਸ੍ਰੀ ਮਹੰਤ ਜੀ ਮਹਾਰਾਜ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ, "ਨਾਭਾ-ਜੀਂਦ ਦੇ ਮਹਾਰਾਜਿਆਂ ਸਮੇਤ ਅਸੀਂ ਸਦੀਵੀ ਦਾਨ ਕਰਨਾ ਚਾਹੁੰਦੇ ਹਾਂ। ਵਿਚਾਰ ਹੈ ਕਿ ਵਿਧੀਵਤ 'ਨਿਰਮਲ ਪੰਚਾਇਤੀ ਅਖਾੜੇ' ਦੀ ਸਦੀਵੀ ਆਰਥਕ ਸਹਾਇਤਾ ਕੀਤੀ ਜਾਵੇ ਜਿਸ ਨਾਲ ਸਾਰੇ ਤੀਰਥਾਂ (ਕੁੰਭਾਂ) ਤੇ ਰਿਹਾਇਸ਼/ਲੰਗਰ, ਕਥਾ-ਕੀਰਤਨ ਤੇ ਧਰਮ ਪ੍ਰਚਾਰ ਹੋਵੇ।" ਪੂਜਯ ਸ੍ਰੀ ਮਹੰਤ ਜੀ ਮਹਾਰਾਜ ਨੇ ਸ੍ਰੀਮਾਨ ਮਹੰਤ ਹੀਰਾ ਸਿੰਘ ਜੀ ਠੀਕਰੀ ਵਾਲਿਆਂ ਨਾਲ ਵਿਚਾਰ ਕਰਕੇ ਇਸ ਪ੍ਰਸਤਾਵ ਨੂੰ ਪਰਵਾਨ ਕਰ ਲਿਆ।

ਇਸ ਤੋਂ ਬਾਅਦ ਦੋ ਦਿਨ ਇਕੱਤ੍ਰਤਾਵਾਂ ਕਰਕੇ ਮਹਾਰਾਜਾ ਪਟਿਆਲਾ, ਮਹਾਰਾਜਾ ਨਾਭਾ, ਮਹਾਰਾਜਾ ਜੀਂਦ (ਤਿੰਨਾਂ ਮਹਾਰਾਜਿਆਂ) ਦੇ ਪ੍ਰਤੀਨਿਧਾਂ ਅਤੇ ਪੂਜਯ ਸ੍ਰੀ ਮਹੰਤ ਜੀ ਮਹਾਰਾਜ ਦੇ ਪ੍ਰਤੀਨਿਧਾਂ ਨੇ ਸੰਸਥਾ ਦਾ ਨਾਉਂ, ਨਿਯਮ, ਉਪਨਿਯਮ ਦਸਤੂਰੁਲ ਅਮਲ ਮਿਲ ਕੇ ਤਿਆਰ ਕੀਤੇ। ਸ੍ਰੀ ਮਹੰਤਾਂ ਦੀ ਪਦਵੀ ਬਾਰੇ, ਮੁਖੀਆਂ ਮਹੰਤਾਂ ਅਤੇ ਹੋਰ ਕਰਮਚਾਰੀਆਂ ਬਾਰੇ, ਕੁੰਭ ਮੇਲਿਆਂ ਤੇ ਖਰਚੇ ਸਬੰਧੀ ਸਭ ਜਥਾ ਯੋਗ ਨਿਯਮ ਬਣਾਏ ਗਏ। ਦੋ ਦਿਨ ਦੀ ਵਿਚਾਰ ਵਿਮਰਸ਼ ਤੋਂ ਬਾਅਦ ਮਹਾਰਾਜਿਆਂ ਅਤੇ ਸ੍ਰੀ ਮਹੰਤ ਜੀ ਮਹਾਰਾਜ ਨੂੰ ਸੁਣਾ ਕੇ ਪਰਵਾਨਗੀ ਲਈ ਗਈ। ਇਸ ਤੋਂ ਬਾਅਦ ਅਖਾੜੇ ਦੀ ਸਥਾਪਨਾ ਕਰਨ ਵਾਸਤੇ ਦ੍ਵਾਦਸ਼ੀ ਦਿਨ ਗੁਰੂਵਾਰ (ਵੀਰਵਾਰ) ਸੰਮਤ ੧੯੧੯ (੧੮੬੨ ਈ:) ਦਾ ਸ਼ੁਭ ਦਿਨ ਨਿਯਤ ਕੀਤਾ ਗਿਆ।

ਇਸ ਇਤਿਹਾਸਕ ਸਮਾਗਮ ਨੂੰ ਸਫਲ ਬਣਾਉਣ ਵਾਸਤੇ ਸ੍ਰੀ ਮਹੰਤ ਜੀ ਮਹਾਰਾਜ ਨੇ ਮਹੰਤ ਹੀਰਾ ਸਿੰਘ ਜੀ ਠੀਕਰੀਵਾਲਾ ਨੂੰ ਕਹਿਕੇ ਸਾਰੇ ਨਿਰਮਲ ਭੇਖ ਨੂੰ ਪਟਿਆਲੇ ਪੁਜਣ ਵਾਸਤੇ ਪੱਤਰ ਲਿਖਵਾ ਦਿਤੇ। ਇਸੇ ਤਰ੍ਹਾਂ ਮਹਾਰਾਜਾ ਸਾਹਿਬ ਨੇ ਨਾਭੇ, ਜੀਂਦ, ਭਦੌੜ, ਮਲੌਦ, ਫਰੀਦਕੋਟ, ਛਛਰੋਲੀ, ਖਮਾਣੋ ਆਦਿਕ ਮਹਾਰਾਜਿਆਂ, ਰਾਜਿਆਂ, ਰਈਸਾਂ, ਸਰਦਾਰਾਂ ਨੂੰ ਇਸ ਸਮੇਂ ਪਟਿਆਲੇ ਪੁਜਣ ਵਾਸਤੇ ਪੱਤ੍ਰਕਾ ਲਿਖ ਦਿਤੀਆਂ।

ਨਿਰਮਲ ਭੇਖ ਦੇ ਮੁਖੀ-ਮੁਖੀ ਮਹੰਤ, ਸੰਤ, ਵਿਦਵਾਨ, ਮਹਾਂਪੁਰਖ, ਕਈ ਦਿਨ ਪਹਿਲਾਂ ਹੀ ਪੁਜ ਗਏ ਸਨ। ਮਹਾਰਾਜੇ ਨੇ ਆਪਣੇ ਮੰਤਰੀਆਂ ਅਤੇ ਅਹਿਲਕਾਰਾਂ ਨਾਲ ਵਿਚਾਰ ਵਿਮਰਸ਼ ਕਰਕੇ ਚਨਾਰਥਲੀਆਂ ਵਾਲੀ ਹਵੇਲੀ ਵਿਖਾਈ ਤਾਂਕਿ ਪਟਿਆਲੇ ਵਿਚ ਅਖਾੜੇ ਦੀ ਮੁਖ ਸ਼ਾਖਾ ਕਾਇਮ ਕੀਤੀ ਜਾਵੇ। ਸ੍ਰੀ ਮਹੰਤ ਜੀ ਮਹਾਰਾਜ ਦੀ ਆਗਿਆ ਨਾਲ ਮਹੰਤ ਹੀਰਾ ਸਿੰਘ ਠੀਕਰੀਵਾਲਾ, ਮਹੰਤ ਗਾਂਧਾ ਸਿੰਘ ਜੀ ਬਰਨਾਲਾ ਆਦਿਕ ਮਹਾਂਪੁਰਖਾਂ ਨੇ ਇਸ ਹਵੇਲੀ ਨੂੰ ਪਰਵਾਨ ਕਰਕੇ, ਹਵੇਲੀ ਦੀ ਇਮਾਰਤ, ਰਸਤੇ ਬਾਰੇ ਵਿਸਤਾਰ ਪੂਰਬਕ ਦਸਿਆ। ਸੁਣਕੇ ਸ੍ਰੀ ਮਹੰਤ ਜੀ ਮਹਾਰਾਜ ਨੇ ਵੀ ਪਰਵਾਨਗੀ ਦੇ ਦਿਤੀ।

ਨਿਯਤ ਦਿਨ ਤੇ ਸ਼ੁਭ ਮਹੂਰਤ ਵਿਚ ਸਾਵਨ ਸੁਦੀ ਦ੍ਵਾਦਸ਼ੀ ਦਿਨ ਵੀਰਵਾਰ ਸੰਮਤ ੧੯੧੯ ਨੂੰ ਬਾਰਾਂਦਰੀ ਤੋਂ ਹਵੇਲੀ ਵਿਚ ਪ੍ਵੇਸ਼ ਵਾਸਤੇ ਨਿਰਮਲ ਭੇਖ ਦਾ ਜਲੂਸ ਚਲਿਆ ਜਿਸ ਦੇ ਅੱਗੇ ਆਤਸ਼ਬਾਜ਼ੀ ਚਲ ਰਹੀ ਸੀ।

ਬੈਂਡ ਵਜ ਰਿਹਾ ਸੀ। ਗਤਕਾ ਪਾਰਟੀਆਂ ਆਪਣਾ ਹੁਨਰ ਵਿਖਾ ਰਹੀਆਂ ਸਨ। ਰਣਸਿੰਘਿਆਂ ਦੀ ਘਨਘੋਰ ਪੈ ਰਹੀ ਸੀ। ਕੇਸਰੀ ਨਿਸ਼ਾਨ ਝੁਲ ਰਹੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਾਥੀ ਉਪਰ ਸ਼ਸ਼ੋਭਿਤ ਸਨ। ਸ੍ਰੀਮਾਨ ਮਹੰਤ ਹੀਰਾ ਸਿੰਘ ਜੀ ਚੰਵਰ ਝੁਲਾ ਰਹੇ ਸਨ। ਸ੍ਰੀ ਮਹੰਤ ਜੀ ਮਹਾਰਾਜ ਵਖਰੇ ਹੋਰ ਹਾਥੀ ਤੇ ਦਰਸ਼ਨ ਦੇ ਰਹੇ ਸਨ। ਕੁਝ ਛੋਟੀ ਆਯੂ ਦੇ ਸੰਤ ਮਾਟੋ ਫੜਕੇ ਚਲ ਰਹੇ ਸਨ ਜਿਨ੍ਹਾਂ ਤੇ ਲਿਖਿਆ ਸੀ :

***'ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ'*** *(੧/੪੫)*

..... ..... ..... ..... ..... .....

***ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ॥*** *(ਪੰਨਾ ੧੪੦੯)*

..... ..... ..... ..... ..... .....

***ਪ੍ਰਗਟ ਭਈ ਸਗਲੇ ਜੁਗ ਅੰਤਰ ਗੁਰ ਨਾਨਕ ਕੀ ਵਡਿਆਈ॥*** *(ਪੰਨਾ ੬੧੧)*

ਇਸ ਤੋਂ ਮਗਰ ਕਈ ਸੌ ਮਹੰਤ, ਸੰਤ, ਪੰਡਿਤ, ਵਿਦਵਾਨ, ਵਿਰਕਤ, ਭਗਵੇਂ ਵਸਤਰਾਂ ਵਿਚ ਸ਼ਸ਼ੋਭਿਤ ਸ਼ਾਂਤ ਚਿੱਤ 'ਸਤਿਨਾਮੁ, ਵਾਹਿਗੁਰੂ' ਦਾ ਜਾਪ ਕਰਦੇ ਚਲ ਰਹੇ ਸਨ।

ਮਿਥੇ ਸਮੇਂ ਤੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਹਵੇਲੀ ਵਿਚ ਪ੍ਰਵੇਸ਼ ਕੀਤਾ ਅਤੇ ਸ੍ਵਾਗਤ ਵਿਚ ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾਪਤੀ ਆਪਣੇ ਸਪੁੱਤਰ ਯੁਵਰਾਜ ਮਹਿੰਦਰ ਸਿੰਘ ਅਤੇ ਮੰਤ੍ਰੀ ਮੰਡਲ ਸਹਿਤ, ਹੱਥ ਜੋੜਕੇ ਖੜ੍ਹੇ ਸਨ। ਇਸੀ ਤਰ੍ਹਾਂ ਮਹਾਰਾਜਾ ਭਰਪੂਰ ਸਿੰਘ ਜੀ ਨਾਭਾ, ਮਹਾਰਾਜਾ ਸਰੂਪ ਸਿੰਘ ਜੀ ਜੀਂਦ, ਸ੍. ਲਹਿਣਾ ਸਿੰਘ ਜੀ ਰਈਸ ਕਲਸੀਆਂ ਸਟੇਟ, ਭਦੌੜ, ਮਲੌਦ, ਖਮਾਣੋਂ ਆਦਿਕ ਦੇ ਰਾਜੇ, ਰਈਸ, ਸਰਦਾਰ ਸਭ ਸੁਨਿਮ੍ਰ ਸਿਰ ਝੁਕਾਕੇ ਖੜ੍ਹੇ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡਪਾਠ ਚੱਲ ਰਿਹਾ ਸੀ। ਸ੍ਰੀ ਮਹੰਤ ਜੀ ਸਮੇਤ ਸਭ ਨਮਸਕਾਰ ਕਰਕੇ ਬੈਠ ਗਏ। ਅਖੰਡਪਾਠ ਦੀ ਸਮਾਪਤੀ ਦੀ ਅਰਦਾਸ ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਨੇ ਕੀਤੀ। ਮਹਾਂਵਾਕ ਸ੍ਰੀ ਪੰਡਿਤ ਰਾਮ ਸਿੰਘ ਜੀ ਕਬੇਰੀਆਂ ਨੇ ਲਿਆ। ਉਪਰੰਤ ਕਾਰਵਾਈ ਆਰੰਭ ਕੀਤੀ ਗਈ। ਮਹਾਰਾਜਾ ਪਟਿਆਲਾਪਤੀ ਦੇ ਸਕੱਤਰ ਨੇ ਖੜ੍ਹੇ ਹੋਕੇ ਦਸਿਆ ਕਿ, 'ਅੱਜ ਦਾ ਇਹ ਸਮਾਗਮ ਗੁਰੂ ਨਾਨਕ ਦੇਵ ਜੀ ਦੀ ਬਾਣੀ, (ਸਿਧਾਂਤ) ਦੇ ਪ੍ਰਚਾਰ ਵਾਸਤੇ, ਧਰਮ ਉਪਦੇਸ਼ ਵਾਸਤੇ, ਤੀਰਥਾਂ ਅਤੇ ਦੇਸ ਭਰ ਦੇ ਪਿੰਡਾਂ ਵਿਚ ਸ਼ੁਭ ਉਪਦੇਸ਼ ਦੇਣ ਵਾਸਤੇ, ਕੁੰਭ ਮੇਲਿਆਂ ਉਤੇ ਨਾਨਕਪੰਥੀ ਗੁਰਸਿੱਖਾਂ ਦੀ ਰਿਹਾਇਸ਼ ਵਾਸਤੇ, ਤਿੰਨਾਂ ਸਰਕਾਰਾਂ ਦੇ ਪ੍ਰਸਤਾਵ ਅਨੁਸਾਰ ਇਕ ਸੰਸਥਾ ਕਾਇਮ ਕੀਤੀ ਜਾਂਦੀ ਹੈ ਜਿਸ ਦਾ ਪ੍ਰਬੰਧ ਨਿਰਮਲ ਭੇਖ ਨੂੰ ਸੰਭਾਲਿਆ ਜਾਂਦਾ ਹੈ। ਇਹ ਭੇਖ ਪਿਛਲੀਆਂ ਕਈ ਸਦੀਆਂ ਤੋਂ ਸਿੱਖੀ ਅਤੇ ਧਰਮ ਦਾ ਪ੍ਰਚਾਰ ਕਰਦਾ ਆ ਰਿਹਾ ਹੈ। ਇਹ ਮਹਾਂਪੁਰਖ ਗ੍ਰਹਿਸਥੀ ਨਹੀਂ ਹੁੰਦੇ ਹਨ, ਜਿਸ ਕਰਕੇ ਗਬਨ ਦਾ ਵੀ ਕੋਈ ਡਰ ਨਹੀਂ ਹੈ। ਸੋ ਇਸ ਸੰਸਥਾ ਦਾ ਨਾਉਂ 'ਪੰਚਾਇਤੀ ਅਖਾੜਾ ਨਿਰਮਲਾ' ਹੋਵੇਗਾ।' ਇਹ ਕਹਿਕੇ ਸਕੱਤਰ ਬੈਠ ਗਿਆ।

ਇਸ ਸਮੇਂ ਮਹਾਰਾਜਾ ਨਰਿੰਦਰ ਸਿੰਘ ਜੀ ਨੇ ਆਪਣੇ ਸਪੁੱਤ੍ਰ ਯੁਵਰਾਜ ਮਹਿੰਦਰ ਸਿੰਘ ਨੂੰ ਨਾਲ ਲੈਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਮੁਖ ਹੋ ਕਰ ੮੨,੦੦੦੦/- (ਬਿਆਸੀ ਹਜ਼ਾਰ ਰੁਪਏ) ਨਗਦ, ਭੈਣੀ ਅਤੇ ਝੰਡੀ ਦੋ ਪਿੰਡਾਂ ਦੀ ੪੧੦੦/- ਦੀ ਸਾਲਾਨਾ ਮੁਆਫੀ ਆਪਣੀ ਵਲੋਂ ਅਰਦਾਸ ਕਰਾਈ।

ਇਸ ਸਮੇਂ ਮਹਾਰਾਜਾ ਨਰਿੰਦਰ ਸਿੰਘ ਜੀ ਨੇ ਉਤਸ਼ਾਹ ਵਿਚ ਆਨੰਦ ਵਿਭੋਰ ਹੋਕੇ ਆਪਣੇ ਸਕੱਤਰ ਜਾਂ ਅਨਯ ਅਧਿਕਾਰੀ ਦੀ ਬਜਾਏ ਸ੍ਵਯੰ ਹੀ ਵਿਆਖਿਆਨ ਦੇਣਾ ਸ਼ੁਰੂ ਕਰ ਦਿਤਾ ਅਤੇ ਫਰਮਾਇਆ, 'ਜੋ ਕਲਪ

ਬ੍ਰਿਛ ਦਾ ਪੌਦਾ ਅੱਜ ਲੱਗ ਗਿਆ ਹੈ ਇਸ ਨੂੰ ਹਰਾ-ਭਰਾ ਰਖਣ ਵਾਸਤੇ ਕੇਵਲ ਪੂਜਯ ਸ੍ਰੀ ਮਹੰਤ ਜੀ ਸਮਰਥ ਹਨ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਜਿਸ ਤਰ੍ਹਾਂ ਭੇਖ ਨੇ ਬਾਬਾ ਜੀ ਨੂੰ ਸ੍ਰੀ ਮਹੰਤ ਦੀ ਪਦਵੀ ਤੇ ਪ੍ਰਤਿਸ਼ਠਤ ਕੀਤਾ ਹੈ। ਇਸੀ ਤਰ੍ਹਾਂ ਬਾਬਾ ਜੀ ਇਸ ਪਾਵਨ ਪਦਵੀ ਤੇ ਆਜੀਵਨ ਪ੍ਰਤਿਸ਼ਠਤ ਰਹਿਣਗੇ। ਮੇਰੀ ਇਸ ਪ੍ਰਾਰਥਨਾ ਨੂੰ ਬਾਬਾ ਜੀ ਤੇ ਨਿਰਮਲ ਭੇਖ ਪ੍ਰਵਾਨ ਕਰਨਗੇ।' ਮਹਾਰਾਜੇ ਦਾ ਇਹ ਵਿਆਖਿਆਨ ਸੁਣਕੇ ਮਹੰਤ ਹੀਰਾ ਸਿੰਘ ਜੀ ਠੀਕਰੀਵਾਲਾ, ਮਹੰਤ ਗਾਂਧਾ ਸਿੰਘ ਜੀ ਬਰਨਾਲਾ, ਪੰਡਿਤ ਤਾਰਾ ਸਿੰਘ ਜੀ ਨਰੋਤਮ ਤੇ ਹੋਰ ਅਨੇਕਾਂ ਮਹਾਂਪੁਰਸ਼ਾਂ ਨੇ ਕ੍ਰਮਵਾਰ ਸਮਰਥਨ ਅਤੇ ਅਨਮੋਦਨ ਕੀਤਾ। ਪੂਜਯ ਬ੍ਰਹਮਗਿਆਨੀ ਸ੍ਰੀ ੧੦੮ ਬਾਬਾ ਮਹਿਤਾਬ ਸਿੰਘ ਜੀ ਨੂੰ ਰਣਸਿੰਘਿਆਂ, ਨਗਾਰਿਆਂ ਅਤੇ ਜੈਕਾਰਿਆਂ ਦੀ ਘਨਘੋਰ ਵਿਚ ਉਚ ਆਸਨ ਉਤੇ ਬੈਠਾ ਕੇ ਸਾਰੇ ਮਹਾਰਾਜਿਆਂ, ਸਰਦਾਰਾ, ਰਈਸਾਂ, ਸੰਤਾਂ/ਮਹੰਤਾਂ/ਵਿਰਕਤਾਂ ਨੇ ਸਤਿਕਾਰ ਪੂਰਬਕ ਪੂਜਾ ਕੀਤੀ। ਇਸ ਦਿਨ ਮਹਾਰਾਜੇ ਦੇ ਵਿਸ਼ੇਸ਼ ਹੁਕਮ ਦੁਆਰਾ, ਪਟਿਆਲਾ ਰਿਆਸਤ ਵਿਚ ਇਕ ਦਿਨ ਦੀ ਛੁਟੀ ਕੀਤੀ ਗਈ। ਵਿਸ਼ੇਸ਼ ਉਤਸਵ ਮਨਾਇਆ ਗਿਆ। ਸੈਨਿਕ ਪ੍ਰੇਡ, ਤੋਪਾਂ ਦੀ ਗਰਜਨਾਂ, ਆਤਸ਼ਬਾਜ਼ੀ ਛੱਡੀ ਗਈ। ਗਰੀਬਾਂ ਵਿਚ ਅਨੇਕ ਤਰ੍ਹਾਂ ਦੀਆਂ ਮਠਿਆਈਆਂ ਵੰਡੀਆਂ ਗਈਆਂ, ਰਾਤ ਨੂੰ ਦੀਪਮਾਲਾ ਕੀਤੀ ਗਈ ਅਤੇ ਕੈਦੀ ਰਿਹਾ ਕੀਤੇ ਗਏ। ਬਸ ! ਅਖਾੜੇ ਦੀ ਸਥਾਪਨਾ ਦੀ ਪ੍ਰਸੰਨਤਾ ਵਿਚ ਮਹਾਰਾਜੇ ਨੇ ਉਲੇਖਨੀ ਉਤਸਵ ਮਨਾਇਆ।

ਮਹਾਰਾਜਾ ਭਰਪੂਰ ਸਿੰਘ ਜੀ ਨਾਭਾ ਵਲੋਂ ੧੬,੦੦੦/- (ਸੋਲ੍ਹਾਂ ਹਜ਼ਾਰ ਰੁਪਏ) ਨਕਦ ਅਤੇ ਹਰੀਕੇ ਪਿੰਡ ਦੀ ੫੭੫/- ਰੁਪਏ ਦੀ ਮੁਆਫੀ।

ਮਹਾਰਾਜਾ ਸਰੂਪ ਸਿੰਘ ਜੀ ਜੀਂਦ ਵਲੋਂ ੨੦,੦੦੦/- (ਵੀਹ ਹਜ਼ਾਰ ਰੁਪਏ) ਨਗਦ, ਬਲਮਗੜ੍ਹ ਅਤੇ ਮੰਡਲਾਂਵਾਲਾ ਦੋ ਪਿੰਡਾਂ ਦੀ ੧੩੦੦/- ਰੁਪਏ ਦੀ ਮੁਆਫੀ।

ਮਹਾਰਾਜਾ ਵਜ਼ੀਰ ਸਿੰਘ ਜੀ ਫਰੀਦਕੋਟ ਸਟੇਟ ਵਲੋਂ ੫੦੦/- (ਪੰਜ ਸੌ ਰੁਪਏ) ਦੀ ਸਾਲਾਨਾ ਆਮਦਨੀ ਵਾਲਾ ਪਿੰਡ ਚੰਬੇਲੀ ਅਰਦਾਸ ਕਰਾਇਆ।

ਸਰਦਾਰ ਲਹਿਣਾ ਸਿੰਘ ਜੀ ਕਲਸੀਆਂ ਸਟੇਟ ਨੇ ੨੦੦/- ਰੁਪਏ ਵਾਰਸ਼ਿਕ ਦਾ ਅਰਦਾਸਾ ਕਰਾਇਆ। ਇਸੀ ਤਰ੍ਹਾਂ ਭਦੌੜ, ਮਲੌਦ, ਖਮਾਣੋਂ ਆਦਿਕ ਸਰਦਾਰਾਂ ਨੇ ਦਾਨ ਦੇ ਅਰਦਾਸੇ ਕਰਵਾਏ।

ਇਸ ਸਮੇਂ ਹੀ ਦੇਸ਼ ਪ੍ਰਦੇਸ਼ ਵਿਚ ਨਾਮਬਾਣੀ ਗੁਰਮਤਿ ਤੇ ਧਰਮ ਪ੍ਰਚਾਰ ਵਾਸਤੇ ਇਕ ਹੋਰ ਚੱਕਰਵਰਤੀ ਵਹੀਰ ਦੀ ਸਥਾਪਨਾ ਕੀਤੀ ਗਈ ਜਿਸ ਦਾ ਨਾਮ 'ਰਮਤ ਪੰਚਾਇਤੀ ਅਖਾੜਾ ਨਿਰਮਲਾ' ਰਖਿਆ ਗਿਆ। ਯਾਤ੍ਰਾ, ਭਾਰ ਬਰਦਾਰੀ ਵਾਸਤੇ ਛੇ ਊਠ, ਪੰਜ ਘੋੜੇ, ਤੰਬੂ ਕੈਨਾਤਾਂ, ਲੰਗਰ ਦੇ ਵਰਤਨ, ਸਾਮਾਨ ਦੇਣਾ ਨਿਯਤ ਹੋਇਆ। ਰਮਤ ਅਖਾੜੇ ਦੇ ਚਾਰ ਮੁਖੀਏ ਮਹੰਤ ਨਿਯਤ ਕੀਤੇ ਗਏ।

(੧) ਸ੍ਰੀਮਾਨ ਮਹੰਤ ਨਿਹਾਲ ਸਿੰਘ ਜੀ ਗੁਰੂ ਕਾਸ਼ੀ ਦਮਦਮਾ ਸਾਹਿਬ।

(੨) ਸ੍ਰੀਮਾਨ ਮਹੰਤ ਕਾਨ੍ਹ ਸਿੰਘ ਜੀ ਗੰਧੀਆਂਵਾਲੇ।

(੩) ਸ੍ਰੀਮਾਨ ਮਹੰਤ ਕਰਮ ਸਿੰਘ ਜੀ ਵਿਰਕਤ।

(੪) ਸ੍ਰੀਮਾਨ ਮਹੰਤ ਭੋਲਾ ਸਿੰਘ ਜੀ ਛੰਨਾਵਾਲੇ।

# ਮਸੌਦਾ ਦਸਤੂਰੁਲ ਅਮਲ

(ਉਰਦੂ ਵਿਚ)

ਸਰਕਾਰੀ ਮੁਹਰ

ਮਹਾਤਮਾ ਭਾਈ ਮਹਿਤਾਬ ਸਿੰਘ ਜੀ ਨੇ ਸਰਕਾਰ ਸੇ ਇਸ ਤਰਹ ਪਰ ਬਿਆਨ ਕੀਆ ਕਿ ਸਾਧ ਸੰਨਿਯਾਸੀ, ਬੈਰਾਗੀ, ਉਦਾਸੀ, ਸ੍ਰੀ ਗੰਗਾ ਜੀ ਔਰ ਪਰਾਗ ਵਗ਼ੈਰਾ ਪਰ ਬਮੌਕੇ ਮੇਲੇ ਹਾਇ ਅਪਨੇ ਅਪਨੇ ਅਖਾੜਿਆਂ ਮੇਂ ਜੁਦਾ ਜੁਦਾ ਭੰਡਾਰਾ ਕਰਤੇ ਹੈਂ ਚੂੰਕਿ ਇਸ ਭੰਡਾਰੇ ਕਰਨੇ ਕਾ ਪੁੰਨ ਔਰ ਧਰਮ ਬਹੁਤ ਹੈ, ਅਗਰ ਸਰਕਾਰ ਸੇ ਇਸ ਧਰਮ ਕੀ ਮਰਯਾਦਾ ਕਾਇਮ ਹੋ ਜਾਵੇ ਤਾਂ ਬਹੁਤ ਮੁਨਾਸਬ ਹੈ। ਚੁਨਾਂਚਿ ਸਰਕਾਰ ਕੋ ਯਿਹ ਹਦਾਇਤ ਭਾਈ ਸਾਹਿਬ ਮੌਸੂਫ ਬਹੁਤ ਪਸੰਦ ਆਈ। ਲਿਹਾਜ਼ਾ ਸਰਕਾਰ ਸੇ ਵਾਸਤੇ ਮੁਸਾਰਫ ਇਸ ਧਰਮ ਮਰਯਾਦਾ ਕੋ ਦੋ ਦੇਹ ਜਮਾ ੪੧੦੦/- ਸਾਲ ਤਮਾਮ ਅਜ਼ ਰੂਇ ਸਨਦ ਅਲਹਿਦਾ ਮਿਤੀ ਸਉਣ ਸੁਦੀ ੧੨ ਸਾਲ ੧੯੧੯ ਮਾਫ ਵ ਮਰਫੂਉਲ ਕਲਮ ਕੀਏ ਗਏ, ਔਰ ਚੂੰਕਿ ਕਾਇਮੀ ਇਸ ਮਰਯਾਦਾ ਕੀ ਬਨਜ਼ਰ ਹੋਨੇ ਕਾਰ ਸਵਾਬ ਔਰ ਧਰਮ ਅਰਥ ਕੇ ਸਰਕਾਰ ਕੋ ਅਜ਼ ਤਹਿ ਦਿਲ ਮਨਜ਼ੂਰ ਹੈ। ਲਿਹਾਜ਼ਾ ਯਾਅਨੇ ਸਰਕਾਰ ਸੇ ੮੨੦੦੦ ਰਪਏ ਯਕਲਖ਼ਤ ਬਤੌਰ ਪੇਸ਼ਗੀ ਬਅੰਦਾਜ਼ੇ ਆਮਦਨੀ ੨੦ ਸਾਲ ਮੁਵਾਜ਼ਿਆਤ ਮਜ਼ਕੂਰ ਇਲਾਵਾ ਅਜ਼ ਆਮਦਨੀ ਦੇਹਾਤ ਮਜ਼ਕੂਰ ਦੀਆ ਜਾ ਕਰ ਬਇਤਫ਼ਾਕ ਵਾ ਸਲਾਹ ਚਾਚਾ ਸਾਹਿਬ ਰਾਜਾ ਸਰੂਪ ਸਿੰਘ ਸਾਹਿਬ ਬਹਾਦੁਰ ਵਾਲੀ ਜੀਂਦ ਵਾ ਬਹਾਦੁਰ ਅਜ਼ੀਜ਼ ਰਾਜਾ ਭਰਪੂਰ ਸਿੰਘ ਸਾਹਿਬ ਬਹਾਦੁਰ ਵਾਲੀ ਨਾਭਾ, ਯਿਹ ਦਸਤੂਰੁਲ ਅਮਲ ਵਾਸਤੇ ਅਮਲ ਦਰਾਮਦ ਆਇੰਦਾ ਇਸ ਧਰਮ ਮਰਯਾਦਾ ਕੇ ਬ-ਇੰਦਰਾਜ ਦਫ਼ਿਆਤ ਮੁਫਸਲਾ ਜ਼ੈਲ ਮੁਕਰਰ ਕੀਆ ਗਿਆ, ਤਾਕਿ ਬਮੂਜਬ ਇਸ ਕੇ ਅਮਲ ਦਰਾਮਦ ਹੋਤਾ ਰਹੇ। ਇਸ ਕੇ ਖਿਲਾਫ਼ ਅਮਲ ਮੇਂ ਨਾ ਆਵੇ।

ਦਫਾ ੧ : ਭਾਈ ਸਾਹਿਬ ਮਹਾਤਮਾ ਭਾਈ ਮਹਿਤਾਬ ਸਿੰਘ ਜੀ ਮਾਲਕ ਅਖਾੜੇ ਕੇ ਹੈਂ, ਉਨ ਕੇ ਪੀਛੇ ਸੇ ਇਨ ਕਾ ਜਾਨਸ਼ੀਨ ਮਾਲਕ ਹੋਗਾ।

ਦਫਾ ੨ : ਜੋ ੮੨,੦੦੦ ਰੁਪਏ ਬਤੌਰ ਪੇਸ਼ਗੀ ਬੀਸ ਸਾਲ ਬਨਜ਼ਰ ਇਜਰਾਏ ਕਾਰੋਬਾਰ ਧਰਮ ਅਰਥ ਅਖਾੜੇ ਧਰਮ ਧਜਾ ਸਿਖਾਨ ਵਾ ਸਾਧਾਨ ਨਿਰਮਲਾ ਪੰਥ ਗੁਰੂ ਖਾਲਸਾ ਜੀ ਦੀਏ ਗਏ ਹੈਂ, ਚਾਹੀਏ ਕਿ ਹਰ ਚਾਹਾਰ ਮਹੰਤਾਨ ਮੁਕਰਰਾ ਅਜ਼ ਆਮਦਨੀ ਸੂਦ ਵਾ ਤਜਾਰਤ ਵਗੈਰਾ ਬਿਉਪਾਰ ਉਸ ਕੇ ਯਾਨੀ ਕਾਰੋਬਾਰ ਮੁਤੱਕਲਾ ਅਖਾੜਾ ਮੌਸੂਫ ਵ ਤਾਮੀਰ ਮਕਾਨਾਤ ਜਾਰੀ ਰਖੇਂ ਔਰ ਜਮਾ ਅਸਲ ਸੇ ਸਰਫ਼ ਨਾ ਕਰੇਂ।

ਦਫਾ ੩ : ਬੰਦੋਬਸਤ ਵ ਨਿਗਾਹ ਦਾਸ਼ਤ ਖਜ਼ਾਨਾ ਅਖਾੜਾ ਜ਼ੁੰਮੇ ਹਰ ਏਕ ਮਹੰਤ ਅਖਾੜੇ ਕੇ ਰਹੇਗਾ, ਔਰ ਭਾਈ ਸਾਹਿਬ ਕੋ ਕੁੰਜੀ ਖ਼ਜ਼ਾਨੇ ਕੀ ਜਿਸ ਕੇ ਪਾਸ ਰੱਖਨੀ ਮਨਜ਼ੂਰ ਹੋਗੀ, ਉਸ ਕੇ ਪਾਸ ਰਹੇਗੀ।

ਦਫਾ ੪ : ਜਨਾਬ ਭਾਈ ਸਾਹਿਬ ਮਹਾਤਮਾ ਭਾਈ ਮਹਿਤਾਬ ਸਿੰਘ ਜੀ ਕੋ ਅਖ਼ਤਿਆਰ ਹਾਸਲ ਹੈ ਕਿ ਅਪਨੀ ਮਰਜ਼ੀ ਔਰ ਸਲਾਹ ਸੇ ਬਦਲੀ ਸਦਲੀ ਮਹੰਤਾਂ ਕੀ ਕਰਤੇ ਰਹੇਂ।

ਦਫਾ ੫ : ਜੋ ਸਿੱਖ ਸਾਧ ਅਖਾੜੇ ਮੇਂ ਹੋਵੇਂ ਪਹਿਲੇ ਉਨ ਸੇ ਊਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਕੇ ਹਾਥ ਲਗਵਾਇਆ ਜਾਵੇ, ਕਿ ਰੁਪਯਾ ਆਪਣੇ ਪਾਸ ਨਾ ਰਖੇਂ। ਜੋ ਜਿਸ ਕੇ ਪਾਸ ਹੋਵੇ ਖ਼ਜ਼ਾਨੇ ਮੇਂ ਦਾਖਲ ਕਰ ਦੇਵੇ।

ਦਫਾ ੬ : ਜੋ ਕੋਈ ਸਿਖ ਅੱਛਾ ਔਰ ਲਾਇਕ ਹੋਵੇ। ਭਾਈ ਸਾਹਿਬ ਉਸ ਕੋ ਅਹੁਦਾ ਮਹੰਤੀ ਔਰ ਦੂਸਰੇ ਕਾਰੋਬਾਰ ਅਖਾੜੇ ਪਰ ਮੁਕਰਰ ਕਰੇਂ। ਜੋ ਕੋਈ ਰਹਿਤਨਾਮੇ ਸੇ ਬਰਖਿਲਾਫ਼ ਹੋਵੇ ਵਾਸਤੇ ਮੌਕੂਫੀ ਔਰ ਸਜ਼ਾਇ ਉਸ ਕੀ ਕੇ ਭਾਈ ਸਾਹਿਬ ਕੋ ਅਖ਼ਤਿਆਰ ਹੈ।

ਦਫਾ ੭ : ਭਾਈ ਸਾਹਿਬ ਮੌਸੂਫ਼ ਅਪਨੀ ਜ਼ਿੰਦਗੀ ਮੇਂ ਜਿਸ ਕੋ ਅਪਨੀ ਜਗ੍ਹਾ ਕਾਇਮ ਕੀਆ ਚਾਹੇਂ, ਬਸਲਾਹ ਵ ਤਜਵੀਜ਼ ਤੀਨੋਂ ਸਰਕਾਰੋਂ ਕੇ ਮੁਕਰਰ ਕਰੇਂ।

ਦਫਾ ੮ : ਬਸੂਰਤੇ ਕਿ ਬਾਅਦ ਭਾਈ ਸਾਇਬ ਕੇ ਉਨਕਾ ਜਾਨਸ਼ੀਨ ਚਲਨ ਔਰ ਰਵਈਏ ਸੇ ਹਛਾ ਨਹੀਂ ਹੋਗਾ ਤੋਂ ਵਾਸਤੇ ਮੌਕੂਫੀ ਉਸ ਕੇ ਔਰ ਕਾਇਮ ਕਰਨੇ ਬਜਾਏ ਉਸ ਕੇ ਤੀਨੋਂ ਸਰਕਾਰੋਂ ਕੋ ਅਖ਼ਤਿਆਰ ਹਾਸਲ ਹੈ।

ਦਫਾ ੯ : ਦਰ ਬਾਬ ਬੰਦੋਬਸਤ ਵ ਇਜਰਾਇ ਕਾਰੋਬਾਰ ਅਖਾੜੇ ਮਜ਼ਕੂਰ ਬਮੂਜਬ ਦਸਤੂਰ ਅਖਾੜਾ ਪੰਚਾਇਤੀ ਕੇ ਅਮਲ ਦਰਾਮਦ ਹੋਤਾ ਰਹੇ। ਮਿਤੀ ਸਾਉਨ ਸੁਦੀ-੧੨ ਸਾਲ ੧੯੧੯ ਮੁਤਾਬਿਕ ੧੦ ਸਫਰ ਸੰਨ ੧੨੭੮ ਹਿਜਰੀ ਗੁਰੂਵਾਰ। [੧]

ਮੁਹਰ ਨਿਸ਼ਾਨੀ

ਕੁਲਵੰਤ ਰਾਇ ਦੀਵਾਨ

ਇਸ ਦਸਤੂਰੁਲ ਅਮਲ ਤੋਂ ਬਿਨਾਂ ਤਿੰਨਾਂ ਮਹਾਰਾਜਿਆਂ ਅਤੇ ਸ੍ਰੀ ਮਹੰਤ ਜੀ ਮਹਾਰਾਜ ਦੀ ਸੰਮਤੀ ਨਾਲ ਹੋਰ ਕਈ ਤਰ੍ਹਾਂ ਦੇ ਵਿਧਾਨ ਨਿਯਤ ਕੀਤੇ ਗਏ। ਬਸੰਤ ਪੰਚਮੀ, ਦੀਪਮਾਲਾ, ਵਿਸਾਖੀ, ਗੁਰਪੁਰਬ, ਚਤਰਮਾਸਾ, ਕੁੰਭ ਮੇਲੇ ਆਦਿਕ ਪਰਵਾਂ ਦੀ ਵਖ-ਵਖ ਪੂਜਾ ਨਿਯਤ ਕੀਤੀ ਗਈ। ਮਾਘ ਸੰਕ੍ਰਾਂਤੀ (ਲੋਹੜੀ) ਨੂੰ ਹੇਠ ਲਿਖੀ ਪੁਸ਼ਾਕ ਭੇਜਣੀ ਪਰਵਾਨ ਹੋਈ। ਇਕ ਥਾਨ ਰੇਸ਼ਮੀ ਹਲਵਾਨ ਦਾ। ਇਕ ਚਾਦਰ ਪਸ਼ਮੀਨੇ ਦੀ। ਇਕ ਰਜ਼ਾਈ ਤੇ ਤਲਾਈ ਗਵਰਨਟ ਦੀ। ਇਕ ਕੁੜਤੀ ਵਧੀਆਂ ਕਤੂਨ ਵਾਲੀ। ਇਕ ਵਿਛਾਉਣਾ ਵਧੀਆ। ਦੋ ਸਿਰਹਾਣੇ। ਦੋ ਜੋੜੀਆਂ ਸੇਜ ਬੰਦ ਦੀਆਂ।

---

੧. *ਇਸ ਦਸਤੂਰੁਲ ਅਮਲ ਤੋਂ ਇਲਾਵਾ ਇਕ ਦਸਤੂਰੁਲ ਅਮਲ ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ੩੦ ਦਫਾ ਵਾਲਾ ਵੀ ਲਿਖਿਆ ਹੈ। ਨਿਰਮਲ ਭੇਖ ਦੁਆਰਾ ਇਸ ਉਤੇ ਟੀਕਾ ਟਿੱਪਣੀ ਹੋ ਚੁੱਕੀ ਹੈ। ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨੂੰ ਮਹੰਤ ਬੁੱਢਾ ਸਿੰਘ ਜੀ ਰਿਸ਼ੀਕੇਸ਼ ਵਾਲਿਆਂ ਨੇ ਸਮਸਤ ਨਿਰਮਲ ਸਮਾਜ ਵੱਲੋਂ ਅਤੇ ਆਪਣੇ ਵੱਲੋਂ ਇਕ ਚਿੱਠੀ ਲਿਖੀ ਸੀ ਕਿ ਨਿਰਮਲ ਅਖਾੜਾ ਸੰਬੰਧੀ ਤਿੰਨਾਂ ਸਿੱਖ ਸਟੇਟਾਂ ਨੇ ਜੋ ਦਫਾ ੯ ਵਾਲੇ ਦਸਤੂਰੁਲ ਅਮਲ ਕਾਇਮ ਕੀਤੇ ਸਨ ਤੇ ਜਿਨ੍ਹਾਂ ਦੀ ਪਰਵਾਨਗੀ ਸੰਮਤ ੧੯੧੯ (੧੮੬੨ ਈ:) ਨੂੰ ਦਿੱਤੀ ਗਈ ਸੀ। ਇਸ ਵੇਲੇ ਅਖਾੜੇ ਦੇ ਹੈਡ ਆਫਿਸ ਕਨਖਲ ਵਿਚ ਪਏ ਹਨ, ਉਨ੍ਹਾਂ ਨਾਲ ਤੁਹਾਡਾ ੩੦ ਦਫਾਵਾਂ ਵਾਲਾ ਦਸਤੂਰੁਲ-ਅਮਲ ਮੇਲ ਨਹੀਂ ਖਾਂਦਾ। ਇਸ ਦੇ ਉਤਰ ਵਿਚ ਭਾਈ ਸਾਹਿਬ ਜੀ ਨੇ ਹੇਠ ਲਿਖੀ ਚਿੱਠੀ ਮਹੰਤ ਬੁੱਢਾ ਸਿੰਘ ਜੀ ਨੂੰ ਲਿਖੀ ਜਿਸ ਦੀ ਹੂ-ਬ-ਹੂ ਨਕਲ ਇਸ ਤਰ੍ਹਾਂ ਹੈ :*

੧. ਸ੍ਰੀਮਾਨ ਮਹੰਤ ਜੀ,

ਸ੍ਰੀ ਵਾਹਿਗੁਰੂ ਜੀ ਕੀ ਫ਼ਤਹ

ਮਹਾਨ ਕੋਸ਼ ਦੀ ਦੂਜੀ ਐਡੀਸ਼ਨ ਛਪਣ ਸਮੇਂ ਧਰਮ ਧੁਜਾ ਦੇ ਇਤਿਹਾਸ ਵਿਚ ਜੋ ਤਰੁਟੀ ਰਹਿ ਗਈ ਹੈ, ਉਹ ਪੂਰੀ ਕਰ ਦਿਤੀ ਜਾਵੇਗੀ। ਨਿਰਮਲੇ ਸੰਤਾਂ ਦੀ ਸੇਵਾ ਵਿਚ (ਜਿਨ੍ਹਾਂ ਲਈ ਮੇਰੇ ਮਨ ਅੰਦਰ ਵੱਡਾ ਆਦਰ ਹੈ) ਪ੍ਰਾਰਥਨਾ ਹੈ ਕਿ ਉਹ ਅਖਾੜੇ ਸੰਬੰਧੀ ਸਹੀ ਹਾਲ ਲਿਖ ਕੇ ਮੇਰੇ ਪਾਸ ਨਾਭੇ ਭੇਜਣ ਦੀ ਕਿਰਪਾ ਕਰਨ।

ਨਾਭਾ ੧ ਅੱਸੂ ਸਾਲ ੪੬੬ ੧੭ ਸਤੰਬਰ, ੧੯੩੫ — ਪੰਥ ਦਾ ਸੇਵਕ ਕਾਨ੍ਹ ਸਿੰਘ

ਮਹੰਤਾਂ ਸੰਤਾਂ ਨੂੰ (ਦਰਜੇ ਬਦਰਜੇ ਅਨੁਸਾਰ) ੨੫ ਕਸ਼ਮੀਰੀ ਲੋਈਆਂ। ੨੫ ਕੁੜਤੀਆਂ ਬਨਾਤੀ। ੨੫ ਰਜਾਈਆਂ। ੨੫ ਜੋੜੇ ਚਰਨਦਾਸੀਆਂ (ਜੁੱਤੇ)।

ਤੀਸਰੇ ਵਰਸ ਪਟਿਆਲੇ ਵਿਚ ਰਮਤ 'ਪੰਚਾਇਤੀ ਅਖਾੜਾ ਨਿਰਮਲਾ' ਦਾ ਚਤਰਮਾਸਾ ਲਗਣਾ ਪਰਵਾਨ ਕੀਤਾ ਜਿਸ ਦੀ ਪੂਜਾ ਹੇਠ ਲਿਖੇ ਅਨੁਸਾਰ ਨਿਯਤ ਹੋਈ। ੭੫ ਰਸਦਾਂ। ਇਕਾਦਸੀ ਨੂੰ ਪੱਕੀ ਫਲੋਹਾਰ। ੩੧/- ਰੁਪਏ ਦਰਸ਼ਨੀ ਪੂਜਾ। ੧੫੦/- ਰੁਪਏ ਦਾ ਚੰਦੋਆ। ੪੫/- ਰੁਪਏ ਰਮਾਲਾਂ ਲਈ। ੨੫/- ਰੁਪਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ। ੫/- ਰੁਪਏ ਮਕਾਮੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ। ੫/- ਰੁਪਏ ਰਾਗੀ ਜੱਥੇ ਦੀ ਪੂਜਾ। ੫੦/- ਰੁਪਏ ਇਕ ਊਠ ਵਾਸਤੇ। ੫੦/- ਰੁਪਏ ਖਿਲਤ। ੫੦੦/- ਰੁਪਏ ਵਿਦਾਇਗੀ ਸਮੇਂ। ਇਕ ਬੁੰਗਾ ਸੁਧਾਸਰ ਮੁਤਅੱਲਕਾ ਗੁਰਦਵਾਰਾ ਮੋਤੀ ਬਾਗ (ਜੋ ਪਹਿਲਾਂ ਨਿਰਮਲੇ ਸੰਤਾਂ ਦੇ ਪ੍ਰਬੰਧ ਵਿਚ ਸੀ) ਆਦਿ ਅਰਦਾਸ ਕਰਾਈ ਅਤੇ ਅਖਾੜੇ ਦੇ ਚਤਰਮਾਸੇ ਸਮੇਂ ਰਹਿਣ ਵਾਸਤੇ ੨੫ ਵਿਘੇ ਜ਼ਮੀਨ ਹੋਰ ਅਰਦਾਸ ਕਰਾਈ।

'ਸ੍ਰੀ ਨਿਰਮਲ ਪੰਚਾਇਤੀ ਅਖਾੜਾ ਨਿਰਮਲਾ' ਦਾ ਸਦਰ (ਹੈਡ ਆਫਿਸ) ਕਨਖਲ ਵਿਖੇ ਪਰਵਾਨ ਹੋਇਆ। ਇਸ ਵਾਸਤੇ ਮਹਾਰਾਜਾ ਸਾਹਿਬ ਨੇ ਕਨਖਲ ਵਿਖੇ ਗੰਗਾ ਜੀ ਦੇ ਕਿਨਾਰੇ ਤੇ ਬਣਾਈ ਮਹਾਰਾਜਾ ਕਰਮ ਸਿੰਘ ਜੀ ਦੀ ਹਵੇਲੀ[੧] ਅਰਦਾਸ ਕਰਾਈ। ਸ੍ਰੀ ਮਹੰਤ ਜੀ ਮਹਾਰਾਜ ਦੀ ਤਜਵੀਜ ਅਨੁਸਾਰ ਪਟਿਆਲੇ ਵਿਚ ਦਿਤੀ ਚਨਾਰਥਲੀਆਂ ਵਾਲੀ ਹਵੇਲੀ ਦਾ ਨਾਉਂ 'ਧਰਮ ਧੁਜਾ' ਰਖਿਆ ਗਿਆ। ਇਸੀ ਤਰ੍ਹਾਂ ਨਾਭਾ ਅਤੇ ਸੰਗਰੂਰ ਵਿਚ ਮਹਾਰਾਜਿਆਂ ਵਲੋਂ ਦਿਤੀਆਂ ਹਵੇਲੀਆਂ ਦਾ ਨਾਉਂ ਵੀ 'ਧਰਮ ਧੁਜਾ' ਪਰਵਾਨ ਕੀਤਾ ਗਿਆ।[੨]

## ਰਮਤ ਨਿਰਮਲ ਅਖਾੜੇ ਦੇ ਨਿਯਮ

(੧) ਰਮਤ ਵਿਚ ਵਧ ਤੋਂ ਵਧ ਪੰਜਾਹ ਤੇ ਘਟ ਤੋਂ ਘਟ ੨੦ ਸਾਧੂ ਹੋਇਆ ਕਰਨਗੇ, ਜਿਨ੍ਹਾਂ ਵਿਚ ਚਾਰ ਮੁਖੀਏ ਮਹੰਤ, ਇਕ ਗ੍ਰੰਥੀ, ਇਕ ਪੁਜਾਰੀ, ਇਕ ਪੰਡਿਤ ਜਾਂ ਗਿਆਨੀ, ਇਕ ਕੁਠਾਰੀ, ਦੋ ਕਾਰਬਾਰੀ, ਇਕ ਸ੍ਰੀ ਭੰਡਾਰੀ ਤੇ ਇਕ ਚੌਕੀ ਰਾਗੀ ਸਿੰਘਾਂ ਦੀ ਜ਼ਰੂਰ ਹੋਯਾ ਕਰੇਗੀ।

(੨) ਤੀਰਥ, ਦਾਨ, ਸੰਤ ਮਹਿਮਾ ਅਤੇ ਕੁੰਭਾਂ ਦੀ ਮਹਾਨਤਾ ਦਸਣ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਦਾ ਪ੍ਰਚਾਰ ਕਰਨਾ ਅਖਾੜੇ ਦਾ ਮੁਖ ਉਦੇਸ਼ ਹੋਵੇਗਾ।

(੩) ਜਿਸ ਪਿੰਡ ਜਾਂ ਸ਼ਹਿਰ ਵਿਚ ਜਾਣ ਦੀ ਸਲਾਹ ਹੋਵੇ ਉਸ ਪਿੰਡ ਦੇ ਮੁਖੀ-੨ ਆਦਮੀਆਂ ਨੂੰ ਜਾਂ ਮਹੰਤ ਸੰਤ ਨੂੰ ਦੋ ਦਿਨ ਪਹਿਲਾਂ ਖਬਰ ਕਰਨੀ ਜ਼ਰੂਰੀ ਹੈ।

(੪) ਹੁਨਾਲਾ ਹੋਏ ਜਾਂ ਸਿਆਲਾ ਪਿੰਡੋਂ ਬਾਹਰਵਾਰ ਆਪਣੀ ਚਾਂਦਨੀ ਹੇਠਾਂ ਉਤਾਰਾ ਕਰਨਾ।

(੫) ਹਰ ਥਾਂ ਦੋਇ ਵੇਲੇ ਕਥਾ ਕੀਰਤਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵੇਰੇ ਪੂਜਾ ਤੇ ਸੰਧਯਾ ਨੂੰ ਆਰਤੀ ਹੋਯਾ ਕਰੇ।

(੬) ਆਪਣੇ ਵਿਤ ਅਨੁਸਾਰ ਜਿਸ ਤਰ੍ਹਾਂ ਦਾ ਕੋਈ ਪ੍ਰੇਮੀ ਭੰਡਾਰਾ ਜਾਂ ਪੂਜਾ ਕਰੇ ਉਸ ਨੂੰ ਪ੍ਰਸੰਨਤਾ ਨਾਲ

---

੧. *ਇਹ ਹਵੇਲੀ ਗੰਗਾ ਜੀ ਦੇ ਕਿਨਾਰੇ ਤੇ ਮਹਾਰਾਜਾ ਕਰਮ ਸਿੰਘ ਜੀ ਨੇ ਸੰਮਤ ੧੮੭੬ ਵਿਚ ਬਣਾਈ ਸੀ।*

੨. *ਆਪਣੇ ਸਪੁੱਤਰ ਯੁਵਰਾਜ ਮਹਿੰਦਰ ਸਿੰਘ (ਮਗਰੋਂ ਮਹਾਰਾਜਾ) ਦੀ ਸ਼ਾਦੀ ਦੀ ਖੁਸ਼ੀ ਵਿਚ ਮਹਾਰਾਜਾ ਨਰਿੰਦਰ ਸਿੰਘ ਜੀ ਵਲੋਂ ੫੦ ਵਿਘੇ ਜ਼ਮੀਨ ਦੀ ਮੁਆਫੀ ਬਾਉਲੀ ਗੁਣੀਏਮਾਜਰੇ ਵਿਖੇ ਅਤੇ ੫੦ ਵਿਘੇ ਜ਼ਮੀਨ ਦੀ ਮੁਆਫੀ ਆਮ ਖਾਸ ਬਉਲੀ ਦੀ ਅਰਦਾਸ ਸੰਮਤ ੧੯੨੨ ਵਿਖੇ ਹੋਈ ਸੀ। ਇਸ ਤਰ੍ਹਾਂ ਮਹਾਰਾਜਾ ਨਰਿੰਦਰ ਸਿੰਘ ਜੀ ਨਿਰਮਲ ਪੰਚਾਇਤੀ ਅਖਾੜੇ ਨੂੰ ਦਾਨ ਦੇਣ ਦਾ ਮੌਕਾ ਖਿਝਾਉਂਦਾ ਨਹੀਂ ਸੀ।*

ਪ੍ਰਵਾਨ ਕਰਨਾ।

(੭) ਪਿੰਡ ਦੀ ਮਰਜ਼ੀ ਤੋਂ ਬਿਨਾਂ ਇਕ ਦਿਨ ਭੀ ਜ਼ਿਆਦਾ ਰਹਿਣਾ ਯੋਗ ਨਹੀਂ ਸਮਝਿਆ ਜਾਏਗਾ।

(੮) ਜਿਸ ਨਗਰੋਂ ਵਿਦਾਇਗੀ ਮਿਲ ਜਾਏ, ਫਿਰ ਉਸ ਵਿਚ ਬਾਰ੍ਹਾਂ ਵਰ੍ਹਿਆਂ ਤੋਂ ਪਹਿਲਾਂ ਪ੍ਰਵੇਸ਼ ਨਹੀਂ ਕਰਨਾ। ਹਾਂ ਡੇਰੇਦਾਰ ਜਾਂ ਕੋਈ ਪ੍ਰੇਮੀ ਕਿਸੇ ਖਾਸ ਮੌਕੇ ਬੁਲਾਏ ਤਾਂ ਕੋਈ ਡਰ ਨਹੀਂ।

(੯) ਚੁਮਾਸੇ ਦੇ ਦੋ ਤਿੰਨ ਮਹੀਨੇ ਰਿਆਸਤ ਵਿਚ ਜਾਂ ਕਿਸੇ ਖਾਸ ਵਡੇ ਨਗਰ ਵਿਚ ਰਹਿ ਕੇ ਬਿਤੀਤ ਕਰਨੇ।

(੧੦) ਹਰ ਥਾਂ ਰੋਜ਼ ਦੀ ਪੂਜਾ ਤੇ ਵਿਦਾਇਗੀ ਅਲਗ-ਅਲਗ ਵਹੀ ਵਿਚ ਲਿਖੀ ਜਾਯਾ ਕਰੇ।

(੧੧) ਆਪਣੇ ਖਰਚ ਤੋਂ ਇਲਾਵਾ ਜਿਤਨੀ ਪੂਜਾ ਬਚੇ ਉਹ ਛੇ ਮਹੀਨਿਆਂ ਪਿਛੋਂ ਕਨਖਲ ਭੇਜੀ ਜਾਯਾ ਕਰੇ।

(੧੨) ਹਰ ਇਕ ਸਾਧੂ ਲਈ ਜ਼ਰੂਰੀ ਹੋਵੇਗਾ ਕਿ ਬਸਤ੍ਰ ਭਗਵਾ ਪਹਿਰੇ, ਨਹੀਂ ਤਾਂ ਘਟੋ ਘਟ ਸਿਰ ਦਾ ਸਾਫਾ ਜ਼ਰੂਰ ਭਗਵਾ ਰਖੇ।

(੧੩) ਭਾਵੇਂ ਰਮਤ ਕਿਤਨੀ ਦੂਰ ਹੋਵੇ ਪਰ ਕੁੰਭ ਦੇ ਮੌਕੇ ਹਰੀਦੁਆਰ, ਪ੍ਰਯਾਗਰਾਜ, ਆਦਿ ਤੀਰਥਾਂ ਪੁਰ ਪੁਜਣਾ ਜ਼ਰੂਰੀ ਹੋਵੇਗਾ।

(੧੪) ਜਿਤਨੇ ਅਹੁਦਿਆਂ ਵਾਲੇ ਸਾਧੂ ਹੋਣ, ਹਰ ਇਕ ਨੂੰ ਚੰਗੀ ਕਸ਼ਮੀਰੀ ਚਾਦਰ ਕਢੀ ਹੋਈ, ਜੋ ਰਿਆਸਤਾਂ ਵਲੋਂ ਮਿਲਿਆ ਕਰੇਗੀ, ਦਿਤੀ ਜਾਯਾ ਕਰੇ।

(੧੫) ਹਰ ਇਕ ਸਾਧੂ ਨੂੰ ਛਿਆਂ ਮਹੀਨਿਆਂ ਪਿਛੋਂ ਵਰਤਾਰਾ ਦੋ ਰੁਪਜੇ ਦਾ ਕਪੜਾ ਤੇ ਅੱਠ ਆਨੇ ਸਿਲਾਈ ਦਿਤੀ ਜਾਯਾ ਕਰੇ। ਨਾਲ ਹੀ ਇਕ ਜੋੜਾ ਜੁਤੀ ਦਾ। ਹਾਂ ਕਿਸੇ ਖਾਸ ਕੰਮ ਕਰਨ ਵਾਲੇ ਨੂੰ ਤਿੰਨਾਂ ਮਹੀਨਿਆਂ ਪਿਛੋਂ ਵੀ ਜੋੜਾ ਦੇ ਦਿਤਾ ਜਾਯਾ ਕਰੇ ਤਾਂ ਕੋਈ ਹਰਜ ਨਹੀਂ।

## ਰਮਤ ਅਖਾੜੇ ਦੇ ਮੁਖੀਏ ਮਹੰਤਾਂ ਲਈ ਨਿਯਮ

(੧) ਜੋ ਸਾਧੂ ਜਾਂ ਮਹੰਤ ਰਮਤ ਅਖਾੜੇ ਦੀ ਸੇਵਾ ਕਰਨੀ ਚਾਹੇ, ਪਹਿਲਾਂ ਘਟ ਤੋਂ ਘਟ ਤਿੰਨਾਂ ਵਰ੍ਹਿਆਂ ਲਈ ਰਹਿਣਾ ਪ੍ਰਵਾਨ ਕਰੇ।

(੨) ਸਾਰੇ ਮਹੰਤ, ਪੰਚ ਪ੍ਰਮੇਸ਼ਰ ਦੀ ਸੇਵਾ ਸਮਝ ਕੇ ਜਮਾਤ ਦੇ ਹਰ ਇਕ ਕੰਮ ਦੀ ਚੰਗੀ ਤਰ੍ਹਾਂ ਨਿਗਰਾਨੀ ਰਖਣ।

(੩) ਹਰ ਇਕ ਅਹੁਦੇਦਾਰ ਜਾਂ ਸਾਧੂ ਪਾਸੋਂ ਮੇਲ ਮਿਲਾਪ ਨਾਲ ਕੰਮ ਲੈਣ।

(੪) ਕਿਸੇ ਅਹੁਦੇਦਾਰ ਜਾਂ ਸਾਧੂ ਦਾ ਅਖਾੜੇ ਵਿਚ ਥੋੜਾ ਜਿਹਾ ਵੀ ਅਯੋਗ ਵਰਤਾਵ ਤਕਣ ਤਾਂ ਉਸ ਨੂੰ ਝਟ ਕਢ ਦੇਣ ਦਾ ਯਤਨ ਕਰਨ।

(੫) ਰਮਤ ਦੇ ਮੁਤੱਲਕ ਅਤੇ ਹਿਸਾਬ ਕਿਤਾਬ ਦੀ ਰੀਪੋਰਟ ਇਕ ਮਹੀਨੇ ਪਿਛੋਂ ਸ੍ਰੀ ਮਹੰਤਾਂ ਸਾਹਿਬਾਂ ਨੂੰ ਕਨਖਲ ਭੇਜਦੇ ਰਹਿਣ।

(੬) ਅਖਾੜੇ ਵਿਚ ਟਿਕੇ ਹੋਇ ਕਿਸੇ ਸੰਤ ਮਹੰਤ ਨੂੰ ਕਿਤੋਂ ਵੀ ਕੁਛ ਪੂਜਾ ਭੇਟ ਮਿਲੇ ਤਾਂ ਉਹ ਪੰਚਾਇਤੀ ਸਮਝੀ ਜਾਏ।

(੭) ਜੇ ਕਿਸੇ ਮੁਖੀਏ ਮਹੰਤ ਦਾ ਅਖਾੜੇ ਵਿਚ ਅਯੋਗ ਵਰਤਾਓ ਵੇਖਿਆ ਜਾਏ ਤਾਂ ਸ੍ਰੀ ਮਹੰਤ ਸਾਹਿਬ

ਉਸਨੂੰ ਕਢ ਸਕਦੇ ਹਨ ਤੇ ਉਸ ਦੀ ਜਗ੍ਹਾ ਹੋਰ ਕੋਈ ਭੇਜ ਸਕਦੇ ਹਨ।

(੮) ਕੋਈ ਜਮਾਤੀ ਮੁਖੀਆ ਮਹੰਤ ਛੇ ਮਹੀਨਿਆਂ ਤੋਂ ਪਹਿਲਾਂ ਆਪਣੇ ਨਿਜ ਦੇ ਕੰਮ ਨਾ ਜਾਏ, ਜੇ ਜਾਏ ਤਾਂ ਆਪਣੇ ਖਰਚ ਪੁਰ ਜਾਏ।

(੯) ਮੁਖੀਏ ਮਹੰਤ ਆਪਣੀ ਸਲਾਹ ਨਾਲ ਕੁਠਾਰੀ, ਗ੍ਰੰਥੀ ਤੇ ਕਾਰਬਾਰੀ ਰਖ ਸਕਦੇ ਹਨ।

(੧੦) ਮੁਕਾਮੀ ਮਹੰਤਾਂ ਤੇ ਮਕਾਨਾਂ ਦੀ ਨਿਗਰਾਨੀ ਰਖਣੀ ਉਹਨਾਂ ਦਾ ਮੁਖ ਫਰਜ਼ ਹੋਵੇਗਾ।

## ਰਮਤ ਅਖਾੜੇ ਦੇ ਸਾਧੂਆਂ ਲਈ ਨਿਯਮ

(੧) ਹਰ ਇਕ ਸਾਧੂ ਮੁਖੀਏ ਮਹੰਤਾਂ ਦੀ ਆਗਯਾ ਵਿਚ ਰਹੇਗਾ।

(੨) ਪੂਜਾ ਆਰਤੀ ਵੇਲੇ, ਚਾਹ ਸ਼ਰਦਜਾਈ, ਚਾਂਦਨੀ ਲਗਾਉਣ ਉਤਾਰਨ ਵਿਚ 'ਤੇ ਊਠਾਂ ਤੇ ਲਦਣ ਲਦਾਣ ਵਿਚ ਸਭ ਸਾਧੂ ਹਿਸਾ ਲਿਤਾ ਕਰਨਗੇ।

(੩) ਗੁਰੂ ਜੀ ਦੇ ਹਜ਼ੂਰ ਕੋਈ ਸਾਧੂ ਨੰਗੇ ਸਿਰ ਨਹੀਂ ਬੈਠ ਸਕੇਗਾ।

(੪) ਨਿਰਮਲ ਭੇਖ ਦੀ ਇਜ਼ਤ ਨੂੰ ਸਨਮੁਖ ਰਖਦੇ ਹੋਇ ਸਬਰ, ਸੰਤੋਸ਼ ਵਿਚ ਰਹਿਣ ਦਾ ਜਤਨ ਕੀਤਾ ਜਾਏਗਾ।

(੫) ਕੋਈ ਸਾਧੂ ਜਾਂ ਅਹੁਦੇਦਾਰ ਕਿਸੇ ਮਹੰਤ ਦਾ ਨਿਰਾਦ੍ਰ ਜਾਂ ਹੋਰ ਭੈੜਾ ਵਰਤਾਵ ਕਰਕੇ ਅਖਾੜੇ 'ਚੋਂ ਚੋਰੀ ਜਾਏਗਾ ਤਾਂ ਮੁਖੀਏ ਮਹੰਤਾਂ ਦੀ ਆਗਿਆ ਤੋਂ ਬਿਨਾਂ ਭੇਖ ਦੀ ਕਿਸੇ ਪੰਗਤ ਵਿਚ ਉਹ ਬੈਠਣ ਦਾ ਅਧਿਕਾਰੀ ਨਹੀਂ ਸਮਝਿਆ ਜਾਏਗਾ।

ਇਹ ਸਾਰੇ ਨਿਯਮ ਕਈ ਦਿਨ ਦੇ ਵਿਚਾਰ-ਵਿਮਰਸ਼ ਦੁਆਰਾ ਤਿਆਰ ਕਰਕੇ ਅਤੇ ਪੂਰੇ ਭੇਖ ਨੂੰ ਸੁਣਾਕੇ ਪਰਵਾਨਗੀ ਲਈ ਗਈ। ਇਹ ਚਤਰਮਾਸਾ ਪਟਿਆਲੇ ਵਿਚ ਹੀ ਪੂਰਾ ਕੀਤਾ ਅਤੇ ਪਹਿਲੇ ਨਰਾਤੇ ਨੂੰ 'ਰਮਤ ਨਿਰਮਲ ਪੰਚਾਇਤੀ ਅਖਾੜਾ' ਸ਼ੁਭ ਮਹੂਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕਰਕੇ ਕੜਾਹ ਪ੍ਰਸ਼ਾਦ ਦੀ ਖੁਲ੍ਹੀ ਦੇਗ ਵਰਤਾ ਕੇ ਧਰਮ ਪ੍ਰਚਾਰ ਵਾਸਤੇ ਯਾਤਰਾ ਲਈ ਤੋਰ ਦਿੱਤਾ।

ਆਪ ਪੂਜਯ ਸ੍ਰੀ ਮਹੰਤ ਜੀ ਮਹਾਰਾਜ ਕਨਖਲ ਨੂੰ ਚਲੇ ਗਏ। ਪਟਿਆਲੇ ਵਾਲੀ ਹਵੇਲੀ ਵਿਚ ਅਖਾੜੇ ਦਾ ਪ੍ਰਬੰਧ ਕਰਨ ਲੱਗੇ। ਜੋ ਅਖਾੜਿਆਂ ਵਿਚ ਸ਼ੋਭਾ/ਸਜਾਵਟ ਦਾ ਸਮਾਨ ਹੁੰਦਾ ਹੈ, ਧੀਰੇ-ਧੀਰੇ ਉਸ ਦੀ ਪੂਰਤੀ ਬਾਰੇ ਵਿਚਾਰ ਕਰਨ ਲੱਗੇ।

ਸੰਮਤ ੧੯੨੧ (੧੫ ਜੁਲਾਈ ੧੮੬੪) ਨੂੰ ਸ੍ਰ. ਲਹਿਣਾ ਸਿੰਘ ਜੀ ਕਲਸੀਆਂ ਸਟੇਟ ਨੇ ਅਖਾੜੇ ਦੀ ਸੇਵਾ ਵਾਸਤੇ ੨੦੦/- ਰੁਪਏ ਸਾਲਾਨਾ ਦਾ ਪਟਾ ਲਿਖ ਕੇ ਦਿਤਾ। ਇਸੇ ਵਰਸ਼ ਭਰਤ ਮੰਦਰ ਦੇ ਮਹੰਤ ਲਛਮਨਦਾਸ ਜੀ ਨੇ ਦੁਕਾਨਾਂ ਦੀ ਸਫੈਦ ਮੁਆਫੀ ਦੇ ਰੂਪ ਵਿਚ ਸ੍ਰੀ ਮਹੰਤ ਜੀ ਮਹਾਰਾਜ ਨੂੰ ਸਮਰਪਣ ਕੀਤੀ ਜੋ ਸੰਮਤ ੧੯੪੭ (੧੨ ਦਸੰਬਰ ੧੮੯੦ ਈ:) ਵਿਚ ਮਹੰਤ ਰਤਨਦੇਵ ਜੀ ਨੇ ਸ੍ਰੀਮਾਨ ੧੦੮ ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਕੁਬੇਰੀਏ ਦੇ ਸਮੇਂ ਅਖਾੜੇ ਦੇ ਨਾਉਂ ਬੈ ਕਰਵਾ ਦਿਤੀ।

ਸੰਮਤ ੧੯੨੪ ਵਿਚ ਹਰਿਦੁਆਰ ਦਾ ਕੁੰਭ ਮਨਾਇਆ। ਸਜ-ਧਜ ਨਾਲ ਸ਼ਾਹੀਆਂ ਨਿਕਲੀਆਂ, ਲੰਗਰ ਚਲਿਆ, ਇਕ ਮਹੀਨਾ ਧਰਮ ਪ੍ਰਚਾਰ ਹੋਇਆ। ਰਮਤ ਨਿਰਮਲ ਪੰਚਾਇਤੀ ਅਖਾੜਾ ਉਤਸ਼ਾਹ ਨਾਲ ਪੰਜਾਬ ਤੋਂ ਕੁੰਭ ਤੇ ਪੁਜਿਆ। ਇਸ ਸਮੇਂ ਸ੍ਰੀ ਮਹੰਤ ਜੀ ਮਹਾਰਾਜ ਨੇ ੩੫੦੦੦/- (ਪੈਂਤੀ ਹਜ਼ਾਰ) ਰੁਪਏ ਸਾਧ ਸੰਗਤ ਦੀ

ਸੇਵਾ ਵਿਚ ਖਰਚ ਕਰਕੇ ਯਸ਼ ਦੀ ਪ੍ਰਾਪਤੀ ਕੀਤੀ।[੧]

੭ ਕੱਤਕ ਸੰਮਤ ੧੯੨੬ (੧੮੬੯ ਈ:) ਨੂੰ ਮਹਾਰਾਜਾ ਵਜ਼ੀਰ ਸਿੰਘ ਵਾਲੀਏ ਫਰੀਦਕੋਟ ਨੇ ਪਿੰਡ ਚੰਬੇਲੀ ਦੇ ੫੦੦/- ਰੁਪਏ ਦੀ ਮੁਆਫੀ ਦਾ ਪਟਾ ਅਖਾੜੇ ਦੇ ਨਾਉਂ ਲਿਖਕੇ ਸ੍ਰੀ ਮਹੰਤ ਜੀ ਮਹਾਰਾਜ ਨੂੰ ਭੇਟ ਕੀਤਾ।

ਸੰਮਤ ੧੯੨੬ (੧੮੬੯ ਈ:) ਵਿਚ ਹੀ ਪ੍ਰਯਾਗਰਾਜ ਦਾ ਕੁੰਭ ਆਇਆ ਤਾਂ ਸ੍ਰੀ ਮਹੰਤ ਜੀ ਮਹਾਰਾਜ ਨੇ ਕੁੰਭ ਵਾਸਤੇ ਅਖਾੜੇ ਵਿਚੋਂ ਪ੍ਰਬੰਧਕ ਨਿਯੁਕਤ ਕਰਕੇ ਭੇਜੇ। ਰਮਤ ਅਖਾੜਾ ਵੀ ਸੰਗਰੂਰ ਚਤੁਮਾਸਾ ਕਟਕੇ ਕੁੰਭ ਤੇ ਪੁਜਿਆ। ਕੁੰਭ ਉਤਸ਼ਾਹ ਨਾਲ ਮਨਾਇਆ। ਇਸ ਸਮੇਂ ੧੨,੦੦੦/- ਰੁਪਏ ਖਰਚ ਹੋਏ।

ਸੰਮਤ ੧੯੨੭ (੧੮੭੦ ਈ:) ਵਿਚ ਕੁਰੁਕਸ਼ੇਤ੍ਰ ਵਿਖੇ ਸੂਰਜ ਗ੍ਰਹਿਣ ਦਾ ਮੇਲਾ ਮਨਾਇਆ ਗਿਆ। ਇਥੋਂ ਰਮਤ ਅਖਾੜਾ ਚਤਰਮਾਸੇ ਵਾਸਤੇ ਨਾਭੇ ਨੂੰ ਚਲਾ ਗਿਆ ਅਤੇ ਸ੍ਰੀ ਮਹੰਤ ਜੀ ਮਹਾਰਾਜ ਹਰਿਦ੍ਵਾਰ ਪੁਜ ਗਏ।

ਸ੍ਰੀ ਨਿਰਮਲ ਪੰਚਾਇਤੀ ਅਖਾੜਾ ਪੱਕੇ ਪੈਰਾਂ ਤੇ ਬਝ ਗਿਆ ਅਤੇ ਖਟ ਦਰਸ਼ਨ ਸਾਧੂ ਸਮਾਜ ਵਿਚ ਵੀ ਅਖਾੜੇ ਦਾ ਸਿੱਕਾ ਬੈਠ ਗਿਆ। ਪੂਰੇ ਨਿਰਮਲ ਭੇਖ ਦੇ ਸੰਤ/ਮਹੰਤ, ਅਖਾੜੇ ਦੇ ਕਾਰਕੁਨ, ਨਿਮ੍ਰਤਾ ਅਤੇ ਵਿਸ਼੍ਵਾਸ਼ ਨਾਲ ਅਖਾੜੇ ਦੀ ਸਫਲਤਾ ਵਾਸਤੇ ਸੇਵਾ ਕਰਨਾ ਆਪਣਾ ਲਕਸ਼ ਸਮਝਦੇ ਸਨ। ਸ੍ਰੀ ਮਹੰਤ ਜੀ ਮਹਾਰਾਜ ਦਾ ਸਤਿਕਾਰ-ਭੈ ਹਿਰਦੇ ਵਿਚ ਰਖਕੇ ਸੇਵਾ ਕਰਦੇ ਸਨ। ਸ੍ਰੀ ਮਹੰਤ ਜੀ ਮਹਾਰਾਜ ਨਿਮ੍ਰਤਾ ਪ੍ਰੇਮ ਨਾਲ ਅਜੇਹਾ ਉਪਦੇਸ਼ ਦਿੰਦੇ ਸਨ ਜਿਸ ਨਾਲ ਨਿਰਮਲ ਭੇਖ, ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਰਮਤ ਅਤੇ ਕਾਰਕੁਨ ਉਚੇ ਜੀਵਨ ਵਾਲੇ ਆਦਰਸ਼ਕ, ਪਰਉਪਕਾਰੀ ਬਣਨ। ਨਿਰਮਲੇ ਸੰਤ ਦੇ ਆਚਰਨ ਅਗੇ ਸਭ ਦੇ ਸੀਸ ਝੁਕ ਜਾਣ। ਅਜੇਹੇ ਉਚੇ ਨਿਯਮ ਥਾਪਕੇ ਸ੍ਰੀ ਮਹੰਤ ਜੀ ਮਹਾਰਾਜ ਨੇ ਆਪਣੀ ਦੇਖ-ਰੇਖ ਅੰਦਰ ਗੁਰਮੁਖ ਗਾਡੀਰਾਹ ਚਲਾ ਦਿਤਾ।

੫੧ ਵਰਸ਼ ਦੀ ਆਯੂ ਤਕ ੧੭ ਸਾਲ 'ਸ੍ਰੀ ਮਹੰਤ' ਦੀ ਪਾਵਨ ਪਦਵੀ ਉਪਰ ਵਿਭੂਸ਼ਤ ਹੋਕੇ ਭੇਖ ਦੀ ਅਣਥੱਕ ਸੇਵਾ ਕਰਦੇ ਹੋਏ ਵਿਸਾਖ ਸੰਕ੍ਰਾਂਤ ਸੰਮਤ ੧੯੨੮ (੧੮੭੧ ਈ:) ਨੂੰ ਕਨਖਲ (ਹਰਿਦ੍ਵਾਰ) ਵਿਖੇ ਬ੍ਰਹਮਲੀਨ ਹੋ ਗਏ।

ਆਪ ਜੀ ਦੀ ਸਤ੍ਹਾਰੀ ਤੇ ਸਾਰਾ ਭੇਖ ਇਕੱਠਾ ਹੋਇਆ। ਅਖਾੜੇ ਦੇ ਕੇਂਦਰੀ ਸਥਾਨ ਕਨਖਲ ਵਿਖੇ ਅਖੰਡ ਪਾਠ ਦਾ ਭੋਗ ਪਿਆ। ਖਟਦਰਸ਼ਨ ਸਾਧੂ ਸਮਾਜ ਵਿਚੋਂ ਵੀ ਵੱਡੇ-ਵੱਡੇ ਮੰਡਲੇਸ੍ਵਰ ਪੁਜੇ। ੧੨੦੦੦/- ਰੁਪਏ ਸਤ੍ਹਾਰੀ ਤੇ ਖਰਚ ਹੋਇਆ।

ਇਸ ਸਮੇਂ ਹੀ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੇ ਸ੍ਰੀ ਮਹੰਤ ੧੦੮ ਪੰਡਿਤ ਰਾਮ ਸਿੰਘ ਜੀ ਕਬੇਰੀਏ ਚੁਣੇ ਗਏ। ਸ੍ਰੀਮਾਨ ਬਾਬਾ ਮਹਿਤਾਬ ਸਿੰਘ ਜੀ ੧੮੫੫ ਈ: ਤੋਂ ੧੮੭੧ ਈ: ਤਕ ੧੭ ਵਰਸ਼ ਸ੍ਰੀ ਮਹੰਤ ਰਹੇ। ਕੁਲ ਆਯੂ ੫੧ ਵਰਸ਼ ਸੀ।

---

*੧. ਕੁੰਭ ਮੇਲੇ ਸਮੇਂ ਰਿਆਸਤ ਪਟਿਆਲਾ ਵਲੋਂ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੀ ਛਾਉਣੀ ਵਿਚ ਤੰਬੂ, ਤਮੋਟੀਆਂ, ਬੈਂਡ ਪਾਰਟੀ ਅਤੇ ਫੌਜ ਦੀ ਵਿਸ਼ੇਸ਼ ਟੁਕੜੀ ਪੁਜਿਆ ਕਰਦੀ ਸੀ। ਰਿਆਸਤ ਵਲੋਂ ਸੁੰਦਰ ਛਾਏਵਾਨ ਲਾਏ ਜਾਂਦੇ ਸਨ। ਸੁਬਹ-ਸ਼ਾਮ ਬੈਂਡ ਵਜਿਆ ਕਰਦਾ ਸੀ। ਨਿਰਮਲ ਅਖਾੜੇ ਦੀ ਹਰ ਸ਼ਾਹੀ ਵਿਚ ਰਿਆਸਤੀ ਬੈਂਡ ਅਗੇ ਹੋਇਆ ਕਰਦਾ ਸੀ। ਕੁੰਭ ਦੀ ਆਰੰਭਤਾ ਤੋਂ ਲੈਕੇ ਸਮਾਪਤੀ ਤਕ ਰਾਤ ਸਮੇਂ ਚੌਫੇਰੇ ਫੌਜੀ ਪਹਿਰਾ ਹੋਇਆ ਕਰਦਾ ਸੀ, ਇਹ ਨਿਯਮ ਨਿਰਮਲ ਅਖਾੜੇ ਦੀ ਸਥਾਪਨਾ ੧੮੬੨ ਤੋਂ ਲੈਕੇ ੧੯੨੮ ਈ: ਤਕ ਕਾਇਮ ਰਿਹਾ ਹੈ।*

## ਦੂਸਰੇ ਸ੍ਰੀ ਮਹੰਤ

# ਸ੍ਰੀਮਾਨ ੧੦੮ ਪੰਡਿਤ ਰਾਮ ਸਿੰਘ ਜੀ ਕਬੇਰੀਏ

ਆਪ ਸ੍ਰੀਮਾਨ ੧੦੮ ਬ੍ਰਹਮਗਿਆਨੀ ਬਾਬਾ ਮਹਿਤਾਬ ਸਿੰਘ ਜੀ ਦੀ ਤਰ੍ਹਾਂ ਨਾਮ ਦੇ ਅਭਿਆਸੀ, ਗੁਰਬਾਣੀ ਦੇ ਨਿਤਨੇਮੀ, ਜਤਿੰਦ੍ਰੇਯ ਸਤਿਪੁਰਖ ਸਨ। ਰਿਧੀ-ਸਿਧੀ ਦੇ ਸ੍ਵਾਮੀ ਸਨ। ਮਹਾਨ ਵਿਦਵਾਨ ਮਹਾਨ ਉਪਕਾਰੀ ਸਨ। ਸ੍ਵੈਮਾਨੀ, ਆਤਮ ਵਿਸ੍ਵਾਸ਼ੀ ਸਨ। ਆਪ ਜੀ ਦਾ ਸਮਾਂ ਕਠਨ ਤੇ ਪਰੀਖਿਆ ਦਾ ਸਮਾਂ ਸੀ, ਆਪ ਜੀ ਨੇ ਆਪਣੇ ਸਮੇਂ ਵਿਚ ਜੋ ਦ੍ਰਿੜ੍ਹਤਾ ਵਿਖਾਈ ਉਹ ਉਲੇਖਨੀਯ ਹੈ:

***ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥***
***ਆਤਮ ਜਿਣੈ ਸਗਲ ਵਸਿ ਤਾਕੈ ਜਾਕਾ ਸਤਿਗੁਰੁ ਪੂਰਾ॥***

*(ਪੰਨਾ ੬੭੯)*

ਗੁਰਬਾਣੀ ਦੇ ਇਸ ਪਾਵਨ ਕਥਨ ਅਨੁਸਾਰ ਅਨੇਕ ਤਰ੍ਹਾਂ ਦੀਆਂ ਸੰਪ੍ਰਦਾਵਾਂ ਨਾਲ, ਰਾਜਿਆਂ-ਮਹਾਰਾਜਿਆਂ ਨਾਲ ਸਿਧਾਂਤਕ ਸੰਘਰਸ਼ ਕਰਦੇ ਰਹੇ। ਲੋਭ ਵਿਚ ਨਹੀਂ ਆਏ। ਕਿਸੇ ਦੀ ਪਦਵੀ ਦੇ ਪ੍ਰਭਾਵ ਵਿਚ ਨਹੀਂ ਆਏ। ਆਪਣੇ ਵਿਚਾਰਾਂ ਅਤੇ ਨਿਯਮਾਂ ਉਪਰ ਪੂਰਨ ਪਹਿਰਾ ਦਿੰਦੇ ਰਹੇ।

ਆਪ ਜੀ ਦਾ ਜਨਮ ਧਾਰਮਿਕ ਜੱਟ ਸਿੱਖ ਪਰਿਵਾਰ ਵਿਚ ਪਿੰਡ ਚੀਮੇ ਜ਼ਿਲ੍ਹਾ ਸੰਗਰੂਰ (ਸਾਬਕ ਰਿਆਸਤ ਪਟਿਆਲਾ) ਵਿਚ ਸੰਮਤ ੧੯੭੨ ਬਿ: (੧੯੧੫ ਈ:) ਨੂੰ ਹੋਇਆ। ਬਚਪਨ ਪਿੰਡ ਵਿਚ ਲੰਘਿਆ। ਪੰਦਰਾਂ ਵਰਸ਼ ਤਕ ਪਿੰਡ ਵਿਚ ਗੁਰਮੁਖੀ ਵਿਦਿਆ ਪੜ੍ਹੀ। ਗੁਰਬਾਣੀ ਦਾ ਅਧਿਐਨ ਕੀਤਾ। ਫਿਰ ਭਾਸ਼ਾ ਦੇ ਗ੍ਰੰਥ ਪੜ੍ਹਦੇ ਰਹੇ, ਵੈਰਾਗ ਸ਼ਤਕ ਆਦਿ ਵੇਦਾਂਤ ਦੇ ਗ੍ਰੰਥ ਪੜ੍ਹਨ ਨਾਲ ਮਨ ਨੂੰ ਵੈਰਾਗ ਹੋ ਗਿਆ। ਹਰ ਸਮੇਂ ਪਿੰਡ ਦੇ ਡੇਰੇ ਸੰਤਾਂ ਕੋਲ ਰਹਿ ਕੇ ਸਿਮਰਨ ਕਰਦੇ ਰਹਿੰਦੇ ਅਤੇ ਨਵੇਂ ਤੋਂ ਨਵਾਂ ਗ੍ਰੰਥ ਪੜ੍ਹਦੇ ਰਹਿੰਦੇ ਸਨ।

ਮਹਾਂਪੁਰਖਾਂ ਦੇ ਦਰਸ਼ਨ, ਸੇਵਾ-ਸਿਮਰਨ, ਸੱਤਿ-ਸੰਗ ਦੀ ਤਾਂ ਲਗਨ ਲਗ ਹੀ ਗਈ ਸੀ। ਇਸ ਲਈ ਯਾਤ੍ਰਾ ਕਰਕੇ ਮਹਾਂਪੁਰਖਾਂ ਦੇ ਦਰਸ਼ਨ ਕਰਨ ਦਾ ਸੰਕਲਪ ਵੀ ਬਣਿਆ ਰਹਿੰਦਾ ਸੀ। ਇਨ੍ਹਾਂ ਦਿਨਾਂ ਵਿਚ ਹੀ ਸੂਰਜ ਗ੍ਰਹਿਣ ਤੇ ਕੁਰੂਕੇਸ਼ਤ੍ਰ ਦਾ ਮੇਲਾ ਆ ਗਿਆ। ਆਪ ਕੁਝ ਪ੍ਰੇਮੀਆਂ ਨਾਲ ਕੁਰੂਕਸ਼ੇਤ੍ਰ ਪਹੁੰਚ ਗਏ। ਉਦਾਸੀਆਂ, ਸੰਨਿਆਸੀਆਂ, ਬੈਰਾਗੀਆਂ, ਅਨੇਕ ਸਾਧੂਆਂ ਦੀਆਂ ਮੰਡਲੀਆਂ ਅਤੇ ਅਨਜ ਸਾਧੂਆਂ ਦੇ ਦਰਸ਼ਨ ਕਰਦੇ ਹੋਏ ਸ੍ਰੀਮਾਨ ਸੰਤ ਮਾਨ ਸਿੰਘ ਜੀ ਕਬੇਰ ਵਾਲਿਆਂ ਦੇ ਦਰਸ਼ਨ ਕਰਕੇ, ਸਤਿਸੰਗ ਸਰਵਨ ਕਰਕੇ, ਉਨ੍ਹਾਂ ਦੇ ਚਰਨਾਂ ਵਿਚ ਆਪਣੇ ਆਪ ਨੂੰ ਸਮਰਪਣ ਕਰ ਦਿਤਾ। ਮਹਾਂਪੁਰਖਾਂ ਨੇ ਅਧਿਕਾਰੀ ਜਾਣਕੇ ਸ਼ਿਸ਼ ਬਣਾ ਲਿਆ। ਪੰਜ ਵਰਸ਼ ਸੇਵਾ ਵਿਚ ਰਹੇ। ਸੰਤ ਮਾਨ ਸਿੰਘ ਜੀ ਨੇ ਹੋਣਹਾਰ ਜਾਣਕੇ ਸੰਸਕ੍ਰਿਤ ਪੜ੍ਹਨ ਵਾਸਤੇ ਕਾਸ਼ੀ ਜੀ ਭੇਜ ਦਿਤੇ। ੧੯ ਵਰਸ਼ ਕਾਸ਼ੀ ਜੀ ਵਿਚ ਵਿਦਿਆ ਅਧਿਐਨ ਕੀਤਾ। ਪ੍ਰਕਾਂਡ ਪੰਡਿਤ ਬਣਕੇ ਗੁਰੂਦੇਵ ਦੇ ਚਰਨਾਂ ਵਿਚ ਪੁਜ ਗਏ। ਸੰਤ ਮਾਨ ਸਿੰਘ ਜੀ ਬੜੇ ਪ੍ਰਸੰਨ ਹੋਏ। ਵਿਦਿਆ, ਸੇਵਾ, ਸਿਮਰਨ, ਨਿਮ੍ਰਤਾ ਵੇਖਕੇ ਆਪਣੇ

ਸਥਾਨ ਦੇ ਮਹੰਤ ਬਣਾ ਦਿਤੇ। ਆਪ ਜੀ ਕੋਲ ਅਨੇਕ ਵਿਦਿਆਰਥੀ ਪੜ੍ਹਨ ਲਈ ਆਉਣ ਲਗੇ। ਵਿਦਿਆ ਦੀ ਟਕਸਾਲ ਪ੍ਰਸਿੱਧ ਹੋ ਗਈ। ਆਪ ਜੀ ਦੀ ਵਿਸ਼ੇਸ਼ਤਾ ਇਹ ਸੀ ਕਿ ਕੇਵਲ ਸੰਸਕ੍ਰਿਤ ਦੇ ਵਿਦਿਆਰਥੀ ਹੀ ਨਹੀਂ ਸਗੋਂ ਗੁਰਬਾਣੀ ਅਤੇ ਭਾਸ਼ਾ ਦੇ ਵਿਦਿਆਰਥੀ ਵੀ ਵਿਦਿਆ ਪ੍ਰਾਪਤ ਕਰ ਰਹੇ ਸਨ। ਭੇਖ ਵਿਚ ਵੀ ਪੂਰਨ ਸਤਿਕਾਰ ਸੀ। ਅਖਾੜੇ ਦੇ ਕੰਮਾਂ ਵਿਚ ਸ੍ਰੀ ਮਹੰਤ ਜੀ ਮਹਾਰਾਜ ਨੂੰ ਵੀ ਪੂਰਣ ਸਹਿਯੋਗ ਦਿੰਦੇ ਸਨ ਬਲਕਿ ਅਖਾੜੇ ਨੂੰ ਬਣਾਉਣ ਵਿਚ ਆਪ ਜੀ ਦਾ ਉਲੇਖਨੀਯ ਯੋਗਦਾਨ ਹੈ। ਅਖਾੜੇ ਦੇ ਬੱਝਣ ਸਮੇਂ ਇਕੱਤ੍ਰਤਾਵਾਂ ਕਰਨ, ਲਿਖਾ-ਪੜ੍ਹੀ, ਵਿਚਾਰ-ਵਿਮਰਸ਼ ਕਰਨ ਵਿਚ, ਆਪ ਜੀ ਦਾ ਮੁੱਖ ਹਿੱਸਾ ਸੀ। ਇਸ ਤਰ੍ਹਾਂ ਅਖਾੜੇ ਦੇ ਸਤਿਕਾਰ-ਗੌਰਵ ਨੂੰ ਵਧਾਉਣ ਵਿਚ ਆਪ ਜੀ ਦੀ ਦੀਰਘ ਲਗਨ ਸੀ। ਭੇਖ ਵਿਚ ਆਪ ਜੀ ਦਾ ਪਰਮ ਸਨਮਾਨ ਸੀ।

ਜਦ ਪਹਿਲੇ ਸ੍ਰੀ ਮਹੰਤ ਜੀ ਬ੍ਰਹਮਲੀਨ ਹੋ ਗਏ। ਆਪ ਜੀ ਦੀ ਸੇਵਾ-ਸਿਮਰਨ ਵਾਲੀ ਵ੍ਰਿਤੀ, ਵਿਦਵਤਾ, ਨਿਮ੍ਰਤਾ, ਕੋਮਲਤਾ, ਪਰਉਪਕਾਰੀ ਸੁਭਾਅ ਆਦਿਕ ਮਹਾਨ ਗੁਣਾਂ ਦੇ ਕਾਰਣ, ਪਹਿਲੇ ਸ੍ਰੀ ਮਹੰਤ ਜੀ ਮਹਾਰਾਜ ਦੀ ਸਤ੍ਹਾਰੀ ਵਾਲੇ ਦਿਨ ੧੭ ਵਿਸਾਖ ਸੰਮਤ ੧੯੨੮ (੧੮੭੧ ਈ:) ਨੂੰ ਆਪ ਜੀ ਨੂੰ 'ਸ੍ਰੀ ਮਹੰਤ' ਚੁਣਿਆ ਗਿਆ।

ਆਪ ਜੀ ਦੇ ਸਮੇਂ ਦੀਆਂ ਦੋ ਘਟਨਾਵਾਂ ਪ੍ਰਸਿੱਧ ਹਨ-ਤ੍ਰਿਅੰਬਕੇਸ਼੍ਵਰ ਮਹਾਂਦੇਵ ਦੇ ਮੰਦਿਰ ਦੇ ਪੰਡਿਆਂ ਵਲੋਂ ਨਿਰਮਲ ਅਖਾੜੇ ਨੂੰ ਪੂਜਾ ਕਰਨ ਤੋਂ ਰੋਕਣ ਦੇ ਕਾਰਣ ਨਿਰਮਲੇ ਵਿਦਵਾਨਾਂ ਵਲੋਂ ਸ਼ਾਸਤ੍ਰਾਰਥ ਵਿਚ ਪੰਡਿਆਂ ਨੂੰ ਹਰਾ ਕੇ ਅਲੌਕਿਕ ਵਿਜੈ ਪ੍ਰਾਪਤ ਕਰਨਾ। ਦੂਸਰੀ ਘਟਨਾ ਸੱਚਖੰਡ ਹਜ਼ੂਰ ਸਾਹਿਬ ਦੀ ਹੈ, ਜੋ ਇਸ ਤਰ੍ਹਾ ਹੈ :

"ਆਪ ਜੀ ਨੂੰ 'ਸ੍ਰੀ ਮਹੰਤ' ਚੁਣਨ ਸਮੇਂ ਰਮਤ ਨਿਰਮਲ ਅਖਾੜਾ ਮਾਝੇ, ਮਾਲਵੇ ਵਿਚ ਪ੍ਰਚਾਰ ਕਰਦਾ ਹੋਇਆ ਚੇਤ੍ਰ ਮਹੀਨੇ ਦੇ ਆਰੰਭ ਵਿਚ ਸੱਖਰ ਪੁਜਿਆ। ਇਥੋਂ ਸ਼ਿਕਾਰਪੁਰ, ਲੜਕਾਨਾਂ, ਹੈਦਰਾਬਾਦ ਆਦਿਕ ਸ਼ਹਿਰਾਂ ਵਿਚ ਗੁਰਮਤਿ ਦਾ ਪ੍ਰਚਾਰ ਕਰਦਾ ਹੋਇਆ ਬੰਬਈ ਪੁਜ ਗਿਆ। ਬੰਬਈ ਦੀ ਪੜ੍ਹੀ-ਲਿਖੀ ਜੰਤਾ ਵਿਚ ਪ੍ਰਭਾਵਸ਼ਾਲੀ ਵਿਗਿਆਨਿਕ ਢੰਗ ਨਾਲ ਗੁਰਮਤਿ ਦੀ ਵਿਆਖਿਆ ਕਰਨ ਵਾਸਤੇ ਸ੍ਰੀ ਮਹੰਤ ਜੀ ਮਹਾਰਾਜ ਨੇ ਸੰਸਕ੍ਰਿਤ ਤੇ ਗੁਰਮਤਿ ਦੇ ਮਹਾਨ ਵਿਦਵਾਨ ਸ੍ਰੀਮਾਨ ਪੰਡਿਤ ਦੀਵਾਨ ਸਿੰਘ ਜੀ ਠੀਕਰੀਵਾਲੇ ਅਤੇ ਸ੍ਰੀਮਾਨ ਪੰਡਿਤ ਈਸ਼ਰ ਸਿੰਘ ਜੀ 'ਕਲਯੁਗ' ਆਦਿਕ ਵਿਦਵਾਨਾਂ ਨੂੰ ਭੇਜਿਆ। ਇਨ੍ਹਾਂ ਮਹਾਨ ਵਿਦਵਾਨਾਂ ਦੇ ਵਿਆਖਿਆਨ ਸੁਣਕੇ ਸ਼ਹਿਰ ਦੇ ਪ੍ਰੇਮੀ ਬੜੇ ਪ੍ਰਸੰਨ ਹੋਏ। ਸ਼ਹਿਰ ਵਿਚ ਰਮਤ ਅਖਾੜੇ ਦਾ ਯਸ਼ ਤੇ ਸਤਿਕਾਰ ਫੈਲਿਆ। ਘਰ-ਘਰ ਭੰਡਾਰੇ ਅਤੇ ਪੂਜਾ ਹੁੰਦੀ ਰਹੀ। ਇਸ ਤਰ੍ਹਾਂ ਅਖਾੜਾ ਪ੍ਰਚਾਰ ਕਰਦਾ ਹੋਇਆ ਸੰਮਤ ੧੯੨੯ (੧੮੭੨ ਈ:) ਦੇ ਤ੍ਰਿਅੰਬਕ ਨਾਸਿਕ ਕੁੰਭ ਤੇ ਪੁਜ ਗਿਆ।"

'ਸ੍ਰੀ ਨਿਰਮਲ ਪੰਚਾਇਤੀ ਅਖਾੜੇ' ਦੀ ਸਥਾਪਨਾ ਨੂੰ ਕਿਉਂਕਿ ਥੋੜ੍ਹਾ ਸਮਾਂ ਹੀ ਹੋਇਆ ਸੀ ? ਇਸ ਵਾਸਤੇ ਇਸ ਕੁੰਭ ਤੇ ਅਖਾੜਾ ਪਹਿਲੀ ਵਾਰ ਆਇਆ ਸੀ। ਅਖਾੜੇ ਨੇ ਧ੍ਵਜਾ ਖੜ੍ਹੀ ਕਰਕੇ ਛਾਉਣੀ ਲਾ ਦਿਤੀ। ਕਥਾ, ਕੀਰਤਨ, ਧਰਮ ਪ੍ਰਚਾਰ, ਲੰਗਰ ਆਰੰਭ ਕੀਤਾ ਗਿਆ ਅਤੇ ਸ਼ਾਨਦਾਰ ਸ਼ਾਹੀ (ਸ਼ੋਭਾ ਯਾਤ੍ਰਾ) ਕਢੀ। ਪਰ ਜਦੋਂ ਅਖਾੜਾ ਤ੍ਰਿਯੰਬਕ ਮਹਾਂਦੇਵ ਦੇ ਮੰਦਰ ਵਿਚ ਪੂਜਾ ਕਰਨ ਗਿਆ ਤਾਂ ਪੁਜਾਰੀ ਪੰਡਿਆਂ ਨੇ ਇਹ ਕਹਿ ਕੇ ਰੋਕ ਦਿਤਾ ਕਿ, 'ਇਹ ਅਖਾੜਾ ਪਹਿਲਾਂ ਕਦੇ ਨਹੀ ਆਇਆ। ਇਸ ਅਖਾੜੇ ਦੇ ਸਾਧੂ ਪੜ੍ਹੇ ਹੋਏ ਨਹੀਂ ਹਨ। ਇਨ੍ਹਾਂ ਨੂੰ ਪੂਜਾ ਕਰਨ ਦਾ ਅਧਿਕਾਰ ਨਹੀਂ ਹੈ।' ਨਿਰਮਲੇ ਸੰਤ ਪੂਜਾ ਕਰਨ ਵਾਸਤੇ ਯਤਨ ਕਰਨ ਲੱਗੇ। ਦੋਨਾਂ ਪਾਸਿਆਂ ਤੋਂ ਵਾਦ-ਵਿਵਾਦ ਆਰੰਭ ਹੋ ਗਿਆ। ਅੰਤ ਸਰਕਾਰ ਨੂੰ ਦਖਲ ਦੇਣਾ ਪਿਆ। ਇਸ ਸਮੇਂ ਪੁਜੇ ਸਾਰੇ ਅਖਾੜਿਆਂ, ਪੁਜਾਰੀ ਪੰਡਿਆਂ, ਦੱਖਣੀ ਭਾਰਤ ਦੇ ਧੁਰੰਧਰ ਵਿਦਵਾਨ ਬ੍ਰਾਹਮਣਾਂ, ਸਰਕਾਰੀ ਅਧਿਕਾਰੀਆਂ ਦੇ ਸਾਮੁਖ ਪੰਡਿਤ

ਦੀਵਾਨ ਸਿੰਘ ਜੀ ਠੀਕਰੀ ਵਾਲਿਆਂ ਨੇ ਡੇਢ ਘੰਟਾ ਸੰਸਕ੍ਰਿਤ ਵਿਚ ਵਿਆਖਿਆਨ ਦੇ ਕੇ ਸ਼ਾਸਤ੍ਰਾਂ ਅਨੁਸਾਰ ਸਿੱਧ ਕੀਤਾ ਕਿ ਨਿਰਮਲ ਭੇਖ ਦੇ ਅਖਾੜੇ ਨੂੰ ਤ੍ਰਿਯੰਬਕ ਮਹਾਂਦੇਵ ਦੀ ਪੂਜਾ ਕਰਨ ਦਾ ਪੂਰਨ ਅਧਿਕਾਰ ਹੈ, ਜਿਸ ਨੂੰ ਪੰਡਿਆਂ ਤੇ ਸਰਕਾਰ ਨੇ ਨਤਮਸਤਕ ਹੋ ਕੇ ਪ੍ਰਵਾਨ ਕੀਤਾ। ਇਸ ਸਮੇਂ ਸਰਕਾਰ ਅਤੇ ਪੁਜਾਰੀਆਂ ਵਲੋਂ ਲਿਖਤੀ ਰੂਪ ਵਿਚ ਨਿਰਮਲ ਅਖਾੜੇ ਨੂੰ ਵਿਸ਼ੇਸ਼ ਅਧਿਕਾਰ ਦਿਤਾ ਗਿਆ ਕਿ, 'ਨਿਰਮਲ ਭੇਖ ਦੇ ਸੰਤ ਖੱਦਰ, ਰੇਸ਼ਮ ਆਦਿਕ ਸਭ ਤਰ੍ਹਾਂ ਦੇ ਸੀਤੇ ਕਪੜਿਆਂ/ਕਛਹਿਰਿਆਂ ਸਹਿਤ ਤ੍ਰਿਯੰਬਕ ਮਹਾਂਦੇਵ ਦੀ ਪੂਜਾ ਕਰਨ ਦਾ ਵਿਸ਼ੇਸ਼ ਅਧਿਕਾਰ ਰਖਦੇ ਹਨ, ਜਦੋਂ ਕਿ ਪੁਰਾਤਨ ਸਮੇਂ ਤੋਂ ਖਟਦਰਸ਼ਨ ਸਾਧੂ ਸਮਾਜ, ਬ੍ਰਾਹਮਣ ਵਰਗ ਅਣ-ਸੀਤੇ ਰੇਸ਼ਮ ਜਾਂ ਉਨੀ ਵਸਤਰ ਪਹਿਣਕੇ ਹੀ ਜਾ ਸਕਦੇ ਹਨ।'

ਨਿਰਮਲ ਅਖਾੜੇ ਦਾ ਤ੍ਰਿਯੰਬਕ ਵਿਚ ਸਿੱਕਾ ਬੈਠਾ ਗਿਆ। ਅਨਯ ਭੇਖਾਂ ਦੇ ਸਾਧੂ, ਸਰਕਾਰੀ ਅਧਿਕਾਰੀ, ਬ੍ਰਾਹਮਣ ਸਭ ਸੁਬਹ-ਸ਼ਾਮ, ਨਿਰਮਲ ਅਖਾੜੇ ਦੀ ਛਾਉਣੀ ਵਿਚ ਆਕੇ ਪ੍ਰਵਚਨ ਸ੍ਰਵਨ ਕਰਨ ਲੱਗੇ। ਪੰਡਿਤ ਦੀਵਾਨ ਸਿੰਘ ਜੀ ਦੀ ਕਥਾ, ਪੰਡਿਤ ਈਸ਼ਰ ਸਿੰਘ ਜੀ ਕਲਯੁਗ ਦੇ ਪ੍ਰਵਚਨ ਸੁਣ-ਸੁਣ ਕੇ ਦੱਖਣੀ ਭਾਰਤ ਆਨੰਦ ਵਿਭੋਰ ਹੋਣ ਲੱਗਾ। ਇਸ ਤਰ੍ਹਾਂ ਇਕ ਮਹੀਨਾ ਪ੍ਰਚਾਰ ਹੋਇਆ। ਇਸ ਕੁੰਭ ਪਰਵ ਤੇ ਸ੍ਰੀ ਹਜ਼ੂਰ ਸਾਹਿਬ ਤੋਂ ਦੱਖਣੀ ਸਿੱਖਾਂ ਦੀ ਬਹੁਤ ਸਾਰੀ ਸੰਗਤ ਭਾਈ ਰਾਮ ਸਿੰਘ ਜੀ ਪੁਜਾਰੀ ਨਾਲ ਇਸ਼ਨਾਨ ਕਰਨ ਵਾਸਤੇ ਆਈ ਸੀ। ਇਹ ਪ੍ਰੇਮੀ ਨਿਰਮਲ ਛਾਉਣੀ ਵਿਚ ਹੀ ਆਕੇ ਠਹਿਰੇ ਸਨ। ਗੁਰਬਾਣੀ ਦੀ ਕਥਾ-ਕੀਰਤਨ, ਲੰਗਰ, ਵੇਖ ਸੁਣ ਕੇ ਪ੍ਰਸੰਨ ਹੋ ਰਹੇ ਸਨ। ਤ੍ਰਿਯੰਬਕ ਦੇ ਮੰਦਰ ਵਿਚ ਹੋਈ ਵਿਜੈ ਦੇ ਕਾਰਣ ਤਾਂ ਬਹੁਤ ਹੀ ਪ੍ਰਭਾਵਤ ਹੋਏ ਸਨ।

ਤੁਰਨ ਸਮੇਂ ਭਾਈ ਰਾਮ ਸਿੰਘ ਪੁਜਾਰੀ ਨੇ ਬੇਨਤੀ ਕੀਤੀ ਕਿ, 'ਸੱਚਖੰਡ ਅਬਚਲ ਨਗਰ ਹਜ਼ੂਰ ਸਾਹਿਬ ਵੀ ਦਰਸ਼ਨ ਬਖਸ਼ਣੇ।' ਰਮਤ ਅਖਾੜੇ ਦੇ ਮਹੰਤ ਗੰਗਾਰਾਮ ਸਿੰਘ ਜੀ ਕਾਸ਼ੀ ਵਾਲਿਆਂ ਨੇ ਉਤਰ ਵਿਚ ਫੁਰਮਾਇਆ, 'ਇਥੋਂ ਅਖਾੜਾ ਹੈਦਰਾਬਾਦ ਦੀ ਯਾਤਰਾ ਕਰੇਗਾ। ਜੇਕਰ ਸਤਿਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਹੋਈ ਤਾਂ ਸੱਚਖੰਡ ਦੇ ਦਰਸ਼ਨ ਕਰਾਂਗੇ।'

ਤ੍ਰਿਯੰਬਕ ਨਾਸਿਕ ਤੋਂ ਪੋਹ ਸੁਦੀ ੫ ਸੰਮਤ ੧੯੨੯ (੧੮੭੨ ਈ:) ਨੂੰ ਰਮਤ ਅਖਾੜਾ ਔਰੰਗਾਬਾਦ ਵਿਚ ਦੀ ਹੈਦਰਾਬਾਦ ਚਲਾ ਗਿਆ ਜੋ ਫਗਣ ਸੁਦੀ ੫ ਵੀਂ ਨੂੰ ਪੁਜਿਆ। ਇਥੇ ਸਤਿਸੰਗ ਜਾਰੀ ਹੋ ਗਿਆ। ਫੌਜੀ ਸਿੱਖ ਬਹੁ-ਸੰਖਿਆ ਵਿਚ ਕਥਾ ਵਾਰਤਾ ਸ਼ਵਰਨ ਕਰਨ ਵਾਸਤੇ ਪੁਜਣ ਲੱਗੇ। ਸੱਚਖੰਡ ਦੇ ਪ੍ਰਬੰਧਕ (ਪੁਜਾਰੀ) ਭਾਈ ਮਾਨ ਸਿੰਘ ਜੀ ਹਜ਼ੂਰ ਸਾਹਿਬ ਪੁਜਣ ਦਾ ਆਪ ਨਿਮੰਤ੍ਰਣ ਦੇਣ ਆਏ। ੩੦੧=)॥ (ਅਖਰੀ ਤਿੰਨ ਸੌ ਇਕ ਰੁਪਏ ਦੋ ਆਨੇ ਦੋ ਪੈਸੇ) ਅਰਦਾਸ ਕਰਾਏ।

ਇਸ ਸਮੇਂ ਦੱਖਣੀ ਸਿਖਾਂ ਵਿਚ ਦੋ ਧੜੇ ਸਨ। ਇਕ ਧੜਾ ਜੋ ਸੋਚਦਾ ਸੀ, ਦੂਸਰਾ ਉਸ ਦੇ ਵਿਪ੍ਰੀਤ ਕਰਦਾ ਸੀ। ਇਕ ਧੜਾ ਕਹਿੰਦਾ ਸੀ, "ਨਿਰਮਲੇ ਪੰਜਾਂ ਕਕਿਆਂ ਦੀ ਰਹਿਤ ਨਹੀਂ ਰੱਖਦੇ। ਭਗਵੇਂ ਵਸਤਰ ਪਾਉਂਦੇ ਹਨ। ਖੁਲ੍ਹੇ ਰਹਿੰਦੇ ਹਨ। ਉਹ ਤਖਤ ਸੱਚਖੰਡ ਆਕੇ ਪਹਿਲੇ ਦੰਡ ਪਰਵਾਨ ਕਰਨ, ਤਨਖਾਹ ਲਗਵਾਉਣ। ਅਰਦਾਸਾ ਸੁਧਾ ਕੇ ਪੰਜਾਂ ਕਕਿਆਂ ਦੀ ਰਹਿਤ ਰਖਣ ਦਾ ਪ੍ਰਣ ਕਰਨ, ਤਾਂ ਉਹ ਸੱਚਖੰਡ ਹਜ਼ੂਰ ਸਾਹਿਬ ਆ ਸਕਦੇ ਹਨ।"

ਦੂਸਰੇ ਧੜੇ ਵਾਲੇ ਸਿੰਘ ਕਹਿੰਦੇ ਸਨ, 'ਨਿਰਮਲੇ ਸੰਤ ਮਹਾਨ ਵਿਦਵਾਨ ਅਤੇ ਗੁਰੂਘਰ ਦੇ ਪ੍ਰਚਾਰਕ ਹਨ। ਉਨ੍ਹਾਂ ਨੇ ਬਿਖੜੇ ਰਸਤੇ ਪਾਰ ਕਰਕੇ ਸਿੱਖੀ ਦਾ ਪ੍ਰਚਾਰ ਭਾਰਤ ਦੇ ਕੋਨੇ-ਕੋਨੇ ਵਿਚ ਕੀਤਾ ਹੈ। ਸੈਂਕੜੇ ਗ੍ਰੰਥ ਲਿਖੇ ਹਨ। ਭਗਵੇਂ ਕਪੜੇ ਰਖਣੇ ਉਨ੍ਹਾਂ ਦੀ ਮਰਯਾਦਾ ਦਾ ਹਿੱਸਾ ਹੈ, ਕੋਈ ਮਾੜੇ ਨਹੀਂ। ਆਇਆਂ ਦਾ ਸ੍ਵਾਗਤ-ਸਤਿਕਾਰ ਹੋਣਾ ਚਾਹੀਦਾ ਹੈ। ਸੰਤਾਂ ਨੂੰ ਦੰਡ ਥੋਹੜੋਂ ਦੇਣਾ ਹੈ ?" ਹਜ਼ੂਰ ਸਾਹਿਬ ਦੇ ਦੱਖਣੀ ਸਿੱਖਾਂ ਦਾ ਇਕ ਧੜਾ

ਦੂਸਰੇ ਧੜੇ ਨੂੰ ਸਹਿਮਤ ਨਾ ਕਰ ਸਕਿਆ। ਅਖਾੜੇ ਨਾਲ ਛੇ ਮਹੀਨੇ ਤਕ ਚਿਠੀ ਪੱਤਰ ਚਲਦਾ ਰਿਹਾ। ਅੰਤ ਅਖਾੜਾ ਹੈਦਰਾਬਾਦ ਤੋਂ ਅਸੂ ਵਦੀ ੩ ਸੰਮਤ ੧੯੩੦ (੧੮੭੩ ਈ:) ਨੂੰ ਬੁਰਹਾਨਪੁਰ ਨੂੰ ਚਲਾ ਗਿਆ। ਅਨੇਕ ਪਿੰਡਾਂ, ਸ਼ਹਿਰਾਂ ਵਿਚ ਦੀ ਗੁਰਮਤਿ ਦਾ ਪ੍ਰਚਾਰ ਕਰਦਾ ਹੋਇਆ ਵਿਸਾਖ ਵਦੀ ੭ ਸੰਮਤ ੧੯੩੧ (੧੮੭੪ ਈ:) ਨੂੰ ਬੁਰਹਾਨਪੁਰ ਪੁਜ ਗਿਆ। (ਬਾਬਾ) ਹਠੀ ਸਿੰਘ ਦੇ ਗੁਰਦੁਆਰੇ ਦੇ ਦਰਸ਼ਨ ਕੀਤੇ। ਗੁਰਦੁਆਰੇ ਦੇ ਗ੍ਰੰਥੀ ਭਾਈ ਹੀਰਾ ਸਿੰਘ ਜੀ ਨੇ ਪ੍ਰਸੰਨਤਾ ਪੂਰਬਕ ਸੁਆਗਤ ਕੀਤਾ ਅਤੇ ਅਖਾੜੇ ਦੀ ਰਿਹਾਇਸ਼ ਦਾ ਯਥਾ-ਯੋਗ ਪ੍ਰਬੰਧ ਕੀਤਾ।

ਜਦੋਂ ਸੱਚਖੰਡ ਹਜ਼ੂਰ ਸਾਹਿਬ ਆਮ ਜਨਤਾ ਨੂੰ ਪਤਾ ਲਗਾ ਕਿ ਨਿਰਮਲ ਪੰਚਾਇਤੀ ਅਖਾੜਾ ਸਿਖਾਂ ਦੀ ਧੜੇਬੰਦੀ ਦੇ ਕਾਰਣ ਹਜ਼ੂਰ ਸਾਹਿਬ ਦੀ ਯਾਤ੍ਰਾ ਨਹੀਂ ਕਰ ਸਕਿਆ, ਤਾਂ ਆਮ ਸਿਖ ਅਫ਼ਸੋਸ ਕਰਨ ਲੱਗੇ ਕਿ ਸਿਖਾਂ ਦੀ ਪੜ੍ਹੀ ਲਿਖੀ ਵਿਦਵਾਨ ਸੰਪ੍ਰਦਾਇ ਨੂੰ ਦਰਸ਼ਨ ਨਹੀਂ ਕਰਨ ਦਿਤੇ, ਇਹ ਕਸ਼ੋਭ ਤੇ ਦੁਖ ਵਾਲੀ ਗੱਲ ਹੈ। ਗੁਰੂਘਰ ਵਿਚ ਚੌਹਾਂ ਵਰਨਾਂ ਨੂੰ ਯਾਤ੍ਰਾ-ਦਰਸ਼ਨ ਕਰਨ ਦਾ ਅਧਿਕਾਰ ਹੈ ਪਰ ਇਹ ਬਹੁਤ ਵੱਡੀ ਅਵੱਗਿਆ ਕੀਤੀ ਗਈ ਹੈ।

ਇਹ ਗੱਲ ਆਮ ਸ਼ਹਿਰ (ਨਾਂਦੇੜ-ਹਜ਼ੂਰ ਸਾਹਿਬ) ਵਿਚ ਫੈਲ ਗਈ ਕਿ ਨਿਰਮਲੇ ਸੰਤਾਂ ਤੇ ਸ਼ਹਿਰ ਵਿਚ ਆਉਣ ਤੋਂ ਪਹਿਲਾਂ ਬਹੁਤ ਸਾਰੇ ਪ੍ਰਤਿਬੰਧ ਲਗਾਉਣੇ ਆਰੰਭ ਦਿਤੇ ਜੋ ਹਰ ਤਰ੍ਹਾਂ ਅਯੋਗ ਗੱਲ ਹੈ। ਇਸ ਤਰ੍ਹਾਂ ਸੱਚਖੰਡ ਦੀਆਂ ਸਾਰੀਆਂ ਸਿਖ ਸੰਸਥਾਵਾਂ ਚਰਚਾ ਕਰਕੇ ਸੱਚਖੰਡ ਦੇ ਪੁਜਾਰੀਆਂ ਪ੍ਰਤਿ ਦੁਖ ਪ੍ਰਗਟ ਕਰ ਰਹੀਆਂ ਸਨ।

ਸ਼ਹਿਰ ਵਿਚ ਪੁਜਾਰੀਆਂ ਨੇ ਗਲਤ ਪ੍ਰਭਾਵ ਪੈਂਦਾ ਵੇਖ ਕੇ ਆਪਸੀ ਵਿਚਾਰ ਕਰਕੇ, ਸੱਚਖੰਡ ਵਿਖੇ ਬੈਠਕੇ ਹੁਕਮਨਾਮਾ ਲਿਖਿਆ। ਮੋਹਰ ਲਾਕੇ ਇਹ ਹੁਕਮਨਾਮਾ ਲੈਕੇ ਭਾਈ ਮਾਨ ਸਿੰਘ ਪੁਜਾਰੀ, ਭਾਈ ਬਿਸ਼ਨ ਸਿੰਘ, ਭਾਈ ਧਿਆਨ ਸਿੰਘ, ਭਾਈ ਸੇਵਾ ਸਿੰਘ ਆਦਿਕ ਪੰਜ ਸਿਖ ਬੁਰਹਾਨਪੁਰ ਜਾਕੇ ਅਖਾੜੇ ਨੂੰ ਮਿਲੇ। ਪਰਸਪਰ ਪ੍ਰੇਮ ਨਾਲ ਬਚਨ ਬਿਲਾਸ ਕਰਦੇ ਰਹੇ। ਫਿਰ ਅਖਾੜੇ ਦੇ ਮੁਖੀਏ ਮਹੰਤ ਸੰਤ ਗੰਗਾਰਾਮ ਸਿੰਘ ਜੀ ਨੂੰ ਹੁਕਮਨਾਮਾ ਦਿਤਾ। ਉਨ੍ਹਾਂ ਨੇ ਸੱਚਖੰਡ ਦੀ ਮੋਹਰ ਲਗੀ ਵੇਖਕੇ ਪਰਮ ਸਤਿਕਾਰ ਨਾਲ ਸਿਰ ਉਪਰ ਰੱਖ ਕੇ ਸਾਰੇ ਅਖਾੜੇ ਵਿਚ ਪੜ੍ਹਕੇ ਸੁਣਾਇਆ। ਹੁਕਮਨਾਮਾ ਆਉਣ ਕਰਕੇ ਅਖਾੜੇ ਨੇ ਸੱਚਖੰਡ ਹਜ਼ੂਰ ਸਾਹਿਬ ਜਾਣ ਦਾ ਨਿਰਣੈ ਕਰ ਲਿਆ। ਚਾਰ ਮਹੀਨੇ ੧੫ ਦਿਨ ਬੁਰਹਾਨਪੁਰ ਰਹਿਕੇ ਭਾਦਰੋਂ ਸੁਦੀ ੧ ਸੰਮਤ ੧੯੩੧ (੧੮੭੪ ਈ:) ਨੂੰ ਅਖਾੜਾ ਹਜ਼ੂਰ ਸਾਹਿਬ ਨੂੰ ਵਾਪਸ ਮੁੜ ਪਿਆ। ਇਥੋਂ ਸ੍ਰੀ ਹਜ਼ੂਰ ਸਾਹਿਬ ੧੫੦ ਕੋਹ ਦੂਰ ਹੈ।

ਅਖਾੜੇ ਦਾ ਆਗਮਨ ਸੁਣਕੇ ਦਰਬਾਰ ਸੱਚਖੰਡ ਅਤੇ ਸ਼ਹਿਰ ਦੇ ਪਤਵੰਤੇ ਸੁਆਗਤ ਵਾਸਤੇ ਪੁਜੇ। ਦੱਖਣੀ ਸਿੱਖ ਵੀ ਸਾਰੇ ਸੁਆਗਤ ਵਿਚ ਸ਼ਾਮਲ ਹੋਏ। ਸੁਆਗਤ ਕਰਕੇ, ਅਖਾੜੇ ਦੀ ਦਰਸ਼ਨੀ ਪੂਜਾ ਕਰਕੇ ਅਰਦਾਸ ਕਰਾਈ। ਪ੍ਰੇਮ ਅਤੇ ਸਤਿਕਾਰ ਨਾਲ ਰਹਿਕਲਿਆਂ ਦੀ ਸ਼ਲਕ, ਨਗਾਰਿਆਂ ਦੀ ਘਨਘੋਰ ਅਤੇ ਰਣਸਿੰਘਿਆਂ ਦੀ ਧੁਨੀ ਵਿਚ ਗੋਦਾਵਰੀ ਦੇ ਕਿਨਾਰੇ ਨਗੀਨਾ ਘਾਟ ਵਿਖੇ ਅਖਾੜੇ ਦਾ ਉਤਾਰਾ ਕੀਤਾ ਗਿਆ। ਅਖਾੜੇ ਦਾ ਸੁਆਗਤ, ਸਿਖਾਂ ਦਾ ਪਰਸਪਰ ਪ੍ਰੇਮ ਵੇਖਕੇ ਸਭ ਲੋਕ ਪ੍ਰਸੰਨ ਹੋ ਰਹੇ ਸਨ।

ਇਸ ਸਮੇਂ ਹੇਠ ਲਿਖੇ ਮਹਾਂਪੁਰਖਾਂ ਦੇ ਨਾਉਂ ਵਰਨਣ ਯੋਗ ਹਨ, ਜੋ ਰਮਤ ਵਿਚ ਸ਼ਾਮਲ ਸਨ। ਮਹੰਤ ਕਰਮ ਸਿੰਘ ਜੀ, ਮਹੰਤ ਖਿਉਣ ਸਿੰਘ ਜੀ, ਮਹੰਤ ਨਿਹਾਲ ਸਿੰਘ ਜੀ, ਮਹੰਤ ਲੱਧਾ ਸਿੰਘ ਜੀ, ਮਹੰਤ ਵਰਿਆਮ ਸਿੰਘ ਜੀ ਮਰ੍ਹਾੜਾਂ ਵਾਲੇ, ਮਹੰਤ ਜਵਾਲਾ ਸਿੰਘ ਜੀ ਲਿਧੜਾਂ ਵਾਲੇ, ਮਹੰਤ ਦੂਲਾ ਸਿੰਘ ਜੀ, ਮਹੰਤ ਗੁਲਾਬ ਸਿੰਘ ਜੀ ਮਹੰਤ ਗੰਗਾ ਸਿੰਘ ਜੀ, ਸੰਤ ਗੁਲਾਬ ਸਿੰਘ ਜੀ, ਸੰਤ ਹਰਦਿੱਤ ਸਿੰਘ ਜੀ, ਸੰਤ ਗੁਰਮੁਖ ਸਿੰਘ ਜੀ, ਸੰਤ ਕੋਇਰ ਸਿੰਘ ਜੀ, ਸੰਤ ਖਜਾਨ ਸਿੰਘ ਜੀ, ਸੰਤ ਸੁਰਜਨ ਸਿੰਘ ਜੀ, ਸੰਤ ਰਾਏ ਸਿੰਘ ਜੀ, ਸੰਤ ਦਸੌਂਧਾ ਸਿੰਘ ਜੀ, ਸੰਤ

ਜੈਮਲ ਸਿੰਘ ਜੀ, ਸੰਤ ਕਿਸ਼ਨ ਸਿੰਘ ਜੀ, ਸੰਤ ਅਦਵੈਤ ਸਿੰਘ ਜੀ, ਸੰਤ ਸੁਹਾਵਾ ਸਿੰਘ ਜੀ, ਸੰਤ ਦਰਬਾਰਾ ਸਿੰਘ ਜੀ, ਸੰਤ ਜੰਗ ਸਿੰਘ ਜੀ, ਸੰਤ ਹਰਾ ਸਿੰਘ ਜੀ, ਸੰਤ ਅਚਲ ਸਿੰਘ ਜੀ, ਸੰਤ ਸ਼ਿਵ ਸਿੰਘ ਜੀ, ਸੰਤ ਕਪੂਰ ਸਿੰਘ ਜੀ, ਸੰਤ ਗੋਪਾਲ ਸਿੰਘ ਜੀ, ਸੰਤ ਹੰਬੀਰ ਸਿੰਘ ਜੀ, ਸੰਤ ਹੇਮ ਸਿੰਘ ਜੀ, ਸੰਤ ਗੁਰਮੁਖ ਸਿੰਘ ਜੀ ਲੌਂਗੋਵਾਲੀਆ, ਸੰਤ ਖਜ਼ਾਨ ਸਿੰਘ ਅਫੀਮੀ, ਸੰਤ ਗੁਰਮੁਖ ਸਿੰਘ ਜੀ ਫਤੇਗੜ੍ਹ, ਸੰਤ ਕਾਨ੍ਹ ਸਿੰਘ ਜੀ ਗ੍ਰੰਥੀ, ਸੰਤ ਅਤਰ ਸਿੰਘ ਜੀ ਕੁਠਾਰੀ, ਸੰਤ ਅਤਰ ਸਿੰਘ ਜੀ ਭੰਡਾਰੀ, ਸੰਤ ਭਗਵਾਨ ਸਿੰਘ ਜੀ, ਸੰਤ ਗੁਲਾਬ ਸਿੰਘ ਜੀ ਰਾਗੀ, ਸੰਤ ਗੁਰਮੁਖ ਸਿੰਘ ਜੀ ਉਠਾਂਵਾਲਾ, ਭਾਈ ਸੁਹਾਵਾ ਸਿੰਘ ਅਤੇ ਬੇਣੀ ਸਿੰਘ (ਨੌਕਰ)।

ਸ਼ਾਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਖਾੜੇ ਦਾ ਦੀਵਾਨ ਸਜਿਆ। ਰਹਿਰਾਸ ਦਾ ਪਾਠ ਹੋਇਆ। ਸ਼ਹਿਰ ਦੇ ਚੁਣਵੇਂ ਵਿਅਕਤੀ ਅਤੇ ਜਨ ਸਾਧਾਰਨ ਜਨਤਾ ਪੁਜੀ। ਆਰਤੀ/ਅਰਦਾਸ ਵੇਖਕੇ ਸਭ ਲੋਕ ਅਤਿ ਪ੍ਰਭਾਵਿਤ ਹੋਏ। ਅਖਾੜੇ ਦੀ ਸ਼ਾਹੀ/ਸਜ-ਧਜ ਵੇਖਕੇ ਈਰਸ਼ਾਵਾਦੀ ਈਰਖਾ ਨਾਲ ਹੋਰ ਦਗਧ ਹੋ ਗਏ। ਜਦੋਂ ਤਖਤ ਸਾਹਿਬ ਦੇ ਪੁਜਾਰੀ ਅਖਾੜੇ ਦੇ ਸੱਚਖੰਡ ਦਰਸ਼ਨ ਕਰਨ ਸਬੰਧੀ ਕੋਈ ਦਿਨ ਤਜਵੀਜ਼ ਕਰਨ ਦਾ ਵਿਚਾਰ ਕਰਨ ਲਗੇ ਤਾਂ ਵਿਪਕਸ਼ੀ ਅਖਾੜੇ ਤੋਂ ਕਈ ਤਰ੍ਹਾਂ ਦੀਆਂ ਸ਼ਰਤਾਂ ਮੰਨਾਉਣ ਦਾ ਯਤਨ ਕਰਨ ਲਗੇ। ਅਖਾੜੇ ਦੇ ਮੁਖੀਆਂ ਨੇ ਵੀ ਸਾਫ ਕਹਿ ਦਿਤਾ ਕਿ ਅਸੀਂ ਗੁਰੂ ਕੇ ਸਿੱਖ ਹਾਂ, ਗੁਰਬਾਣੀ ਅਤੇ ਗੁਰੂ ਧਾਮਾਂ ਵਿਚ ਪੂਰਣ ਸ਼ਰਧਾ ਰਖਦੇ ਹਾਂ ਪਰ ਕਿਸੇ ਦੀ ਜਿਦ ਦੇ ਕਾਰਨ ਆਪਣੀ ਰਹਿਣੀ-ਬਹਿਣੀ, ਨਿਯਮ ਅਤੇ ਸਿਧਾਂਤ ਦਾ ਪਰਿਤਿਆਗ ਨਹੀਂ ਕਰਾਂਗੇ। ਵਿਪਕਸ਼ੀ ਅਣਹੋਏ ਦੂਸ਼ਨ ਅਰੋਪਣ ਕਰਨ ਲਗੇ। ਇਸ ਤਰ੍ਹਾਂ ਇਹ ਵਾਦ-ਵਿਵਾਦ ਤਿੰਨ ਮਹੀਨੇ ਤਕ ਚਲਦਾ ਰਿਹਾ।

ਤਿੰਨਾਂ ਰਿਆਸਤਾਂ (ਪਟਿਆਲਾ, ਨਾਭਾ, ਜੀਂਦ) ਵਿਚ ਵੀ ਪਤਾ ਲਗ ਗਿਆ ਕਿ ਰਮਤ ਨਿਰਮਲ ਅਖਾੜੇ ਦੇ ਦਰਸ਼ਨ ਕਰਨ ਵਿਚ ਕਈ ਪ੍ਰਤਿਬੰਧ ਲਾਏ ਜਾ ਰਹੇ ਹਨ। ਇਸ ਵਾਸਤੇ ਤਿੰਨਾਂ ਮਹਾਰਾਜਿਆਂ ਨੇ ਆਪਣੇ ਪ੍ਰਤਿਨਿਧ ਭੇਜੇ, ਪਰ ਉਹ ਵੀ ਕੋਈ ਫੈਸਲਾ ਨਾ ਕਰਵਾ ਸਕੇ ਅਤੇ ਨਿਰਾਸ਼ ਹੋਕੇ ਵਾਪਸ ਮੁੜ ਗਏ।

ਅਖਾੜੇ ਨੂੰ ਬੈਠਿਆਂ ਵੀ ੬ ਮਹੀਨੇ ਹੋ ਗਏ। ਇਸ ਵਾਸਤੇ ਅਖਾੜੇ ਨੇ ਵੀ ਤੁਰਨ ਦੀ ਤਿਆਰੀ ਆਰੰਭ ਦਿੱਤੀ। ਸ਼ਹਿਰ ਦੇ ਕੁਝ ਪਤਿਵੰਤੇ ਵਿਚ ਪੈਕੇ ਫਿਰ ਇਹ ਯਤਨ ਕਰਨ ਲਗੇ ਕਿ ਕਿਸੇ ਨਾ ਕਿਸੇ ਤਰ੍ਹਾਂ ਦੋਨੋਂ ਧੜੇ ਸਹਿਮਤ ਹੋ ਜਾਣ ਅਤੇ ਸਿੱਖਾਂ ਦਾ ਅਖਾੜਾ ਦਰਸ਼ਨ/ਯਾਤਰਾ ਕਰਕੇ ਪ੍ਰਸੰਨਤਾ ਨਾਲ ਜਾਵੇ। ਵਿਪਕਸ਼ੀਆਂ ਨੇ ਕਿਹਾ, 'ਨਿਰਮਲੇ ਕਛਹਿਰੇ ਦਾ ਵਿਰੋਧ ਨਾ ਕਰਨ ਤਾਂ ਅਸੀਂ ਉਨ੍ਹਾਂ ਦੀ ਯਾਤ੍ਰਾ ਪੂਜਾ ਕਰਨ ਲਈ ਸਹਿਮਤ ਹੋ ਜਾਵਾਂਗੇ।' ਹਮਦਰਦ ਪਤਿਵੰਤਿਆਂ ਨੇ ਰਮਤ ਅਖਾੜੇ ਵਿਚ ਆ ਕੇ ਵਿਰੋਧੀ ਧੜੇ ਦੀਆਂ ਸ਼ਿਕਾਇਤਾਂ ਦਸੀਆਂ ਤਾਂ ਰਮਤ ਦੇ ਮਹੰਤ ਗੰਗਾਰਾਮ ਸਿੰਘ ਜੀ ਨੇ ਨਿਮ੍ਰਤਾ ਨਾਲ ਆਖਿਆ, 'ਅਸੀਂ ਕਛਹਿਰੇ ਦਾ ਵਿਰੋਧ ਕਿਉਂ ਕਰਨਾ ਹੈ ? ਅਸੀਂ ਤਾਂ ਪੰਜਾਂ ਕਕਿਆਂ ਦੇ ਸਮਰਥਕ ਹਾਂ। ਅੰਮ੍ਰਿਤਪਾਨ ਕਰੇ ਬਿਨਾ ਨਿਰਮਲਾ ਸੰਤ ਹੀ ਨਹੀਂ ਬਣ ਸਕਦਾ। ਅੰਮ੍ਰਿਤਪਾਨ ਕਰਨ ਸਮੇਂ ਪੰਜੇ ਪਿਆਰੇ ਅਤੇ ਅੰਮ੍ਰਿਤ ਅਭਿਲਾਖੀ, ਪੰਜਾਂ ਕਕਿਆਂ ਸੰਯੁਕਤ ਤਿਆਰ ਬਰ ਤਿਆਰ ਹੁੰਦੇ ਹਨ। ਦੇਸ ਪ੍ਰਦੇਸ਼ ਵਿਚ ਅੰਮ੍ਰਿਤ ਛਕਣ ਦਾ ਪ੍ਰਚਾਰ ਕਰਨਾ ਹੀ ਨਿਰਮਲ ਅਖਾੜੇ ਦਾ ਮੁਖ ਉਦੇਸ਼ ਹੈ। ਹਾਂ ! ਅੰਮ੍ਰਿਤ ਛਕ ਕੇ ਸੰਤ ਲੋਕ ਕ੍ਰਿਪਾਨ ਆਦਿਕ ਨਿਯਮਾਂ ਦੇ ਪਾਬੰਦ ਨਹੀਂ ਰਹਿੰਦੇ, ਸ੍ਵਤੰਤ੍ਰ ਵਿਚਰਦੇ, ਅੰਮ੍ਰਿਤ ਅਤੇ ਪੰਜਾਂ ਕਕਿਆਂ ਦਾ ਸਤਿਕਾਰ ਸ਼ਰਧਾ ਰਖਦੇ ਹੋਏ ਪ੍ਰਚਾਰ ਕਰਦੇ ਹਨ ਬਲਕਿ ਬਹੁਤ ਸਾਰੇ ਨਿਰਮਲੇ ਅਜਿਹੇ ਹਨ ਜੋ ਪੰਜਾਂ ਕਕਿਆਂ ਦੀ ਰਹਿਤ ਦੇ ਧਾਰਨੀ ਹਨ।'

ਨਿਰਮਲ ਅਖਾੜੇ ਦੇ ਮੁਖੀਏ ਮਹੰਤ ਜੀ ਦੇ ਇਹ ਵਿਚਾਰ ਸੁਣਕੇ ਸਾਰੇ ਵਿਅਕਤੀ ਪ੍ਰਸੰਨ ਹੋ ਗਏ, ਪ੍ਰਬੰਧਕ ਬੋਲੇ, 'ਤਖਤ ਸੱਚਖੰਡ ਜਾਣ ਦਾ ਸੀਘ੍ਰ ਫੈਸਲਾ ਹੋ ਜਾਵੇਗਾ।'

ਜੇਠ ਸੁਦੀ ੭ ਸੰਮਤ ੧੯੩੨ (੧੮੭੫ ਈ:) ਵਿਚ ਸ਼ਾਮ ਦੇ ਸਮੇਂ ਤਖਤ ਸਚਖੰਡ ਦਾ ਚੋਬਦਾਰ ਭਾਈ ਤਾਰਾ ਸਿੰਘ ਨਿਮੰਤ੍ਰਣ ਦੇਣ ਆਇਆ ਕਿ ਕਲ੍ਹ ਨੂੰ ਪ੍ਰਾਤਹ (ਅੰਮ੍ਰਿਤ ਵੇਲੇ) ਪੰਜ ਵਜੇ ਰਮਤ ਅਖਾੜੇ ਦੀ ਯਾਤ੍ਰਾ ਅਰਦਾਸ ਦਾ ਸਮਾਂ ਨਿਯਤ ਹੋਇਆ ਹੈ। ਸਾਰੇ ਸੰਤ ਸੁਣਕੇ ਪ੍ਰਸੰਨ ਹੋ ਗਏ। ਤਖਤ ਸੱਚਖੰਡ ਦੀ ਭੇਟਾ ਵਾਸਤੇ ਸਾਰੀ ਸਮਗਰੀ ਤਿਆਰ ਕਰ ਲਈ।

ਦੂਸਰੇ ਦਿਨ ਅੰਮ੍ਰਿਤ ਵੇਲੇ ਭਾਈ ਹਰੀ ਸਿੰਘ ਪੁਜਾਰੀ, ਭਾਈ ਖੁਸ਼ਹਾਲ ਸਿੰਘ ਸੁਖਈ, ਭਾਈ ਬਿਸ਼ਨ ਸਿੰਘ ਮਝੈਲ, ਭਾਈ ਪ੍ਰੇਮ ਸਿੰਘ ਆਦਿਕ ੪੦ ਸਿੰਘ ਅਖਾੜੇ ਨੂੰ ਲੈਣ ਵਾਸਤੇ ਪੁਜੇ। ਪਰਸਪਰ ਮਿਲਕੇ ਇਨ੍ਹਾਂ ਦੇ ਨਾਲ ਰਮਤ ਅਖਾੜੇ ਦੇ ੬੦ ਸੰਤ ਜਿਨ੍ਹਾਂ ਵਿਚੋਂ ੪੦ ਸੰਤਾਂ ਦੇ ਸਫੈਦ ਵਸਤਰ ਕਿਰਪਾਨ, ਕਛਹਿਰੇ ਆਦਿ ਕਕਾਰ ਧਾਰਨ ਕੀਤੇ ਸਨ। ਭੇਟਾ/ਪ੍ਰਸ਼ਾਦ ਲੈਕੇ ਰਣਸਿੰਘੇ ਵਜਾਉਂਦੇ ਹੋਏ ਸ੍ਰੀ ਦਰਬਾਰ ਸਾਹਿਬ ਸੱਚਖੰਡ ਪੁਜੇ। ਅਖਾੜੇ ਵਲੋਂ ਭੇਟਾ/ਪ੍ਰਸ਼ਾਦਿ ਸਮਰਪਣ ਕੀਤਾ। ਨਮਸਕਾਰਾਂ ਕਰਕੇ ਬੈਠ ਗਏ। ਪੁਜਾਰੀ ਸਿੰਘਾਂ ਨੇ ਸਾਰਿਆਂ ਨੂੰ ਸਤਿਕਾਰ ਨਾਲ ਤਖਤ ਸਾਹਿਬ ਦੇ ਉਪਰ ਬਿਠਾਇਆ।

ਅੰਦਰਲਾ ਪੁਜਾਰੀ ਭਾਈ ਦੇਵਾ ਸਿੰਘ ਜੀ ਅਰਦਾਸ ਕਰਨ ਵਾਸਤੇ ਖੜ੍ਹਾ ਹੀ ਹੋਣ ਲੱਗਾ ਸੀ ਕਿ ਇਸ ਸਮੇਂ ਵਿਰੋਧੀ ਧੜੇ ਦਾ, ਬਾਹਰਲਾ ਪੁਜਾਰੀ ਭਾਈ ਨਾਰਾਇਣ ਸਿੰਘ ਅਤੇ ਹਰਸਾ ਸਿੰਘ ਲਾਂਗਰੀ, ਬੋਲ ਉਠੇ ਕਿ, 'ਉਨ੍ਹਾਂ ਚਿਰ ਅਰਦਾਸ ਨਹੀਂ ਹੋਣੀ ਚਾਹੀਦੀ ਜਿਨ੍ਹਾਂ ਚਿਰ ਤਨਖਾਹ ਨ ਲਾਈ ਜਾਵੇ।'

ਭਾਈ ਹਰੀ ਸਿੰਘ ਜੀ ਨੇ ਹੱਥ ਜੋੜਕੇ ਆਖਿਆ, 'ਖਾਲਸਾ ਜੀ ! ਸਭ ਤਰ੍ਹਾਂ ਨਾਲ ਸਮਝੌਤਾ ਹੋ ਚੁਕਾ ਹੈ। ਹੁਣ ਹੋ ਚੁਕੇ ਨਿਰਣੈ ਤੇ ਪਾਣੀ ਨ ਫੇਰੋ। ਮਹਾਂਪੁਰਖ ਸੰਤ ਲੋਕ ਇਕ ਸਾਲ ਤੋਂ ਸਤਿਗੁਰੂ ਜੀ ਦੇ ਸ੍ਰੀ ਦਰਬਾਰ ਸਾਹਿਬ ਜੀ ਦੀ ਯਾਤ੍ਰਾ ਦਰਸ਼ਨ ਵਾਸਤੇ ਬੈਠੇ ਹੋਏ ਹਨ। ਏਨ੍ਹਾਂ ਦੇ ਪ੍ਰੇਮ ਨੂੰ ਵੇਖੋ। ਸਾਰੇ ਮਿਲਕੇ ਇਸ ਬਣੇ ਪ੍ਰੇਮ ਨੂੰ ਹੋਰ ਵਧਾਈਏ।'

ਪਰ ਵਿਪਕਸ਼ੀ ਚੁਪ ਨਾ ਹੋਏ ਬਲਕਿ ਕਹਿਣ ਲੱਗੇ, 'ਤੁਸੀਂ ਰਿਸ਼ਵਤ ਲੈਕੇ ਪਤਿਤ ਤਖਤ ਤੇ ਬਿਠਾਇ ਹਨ, ਰੌਲਾ ਵਧਦਾ ਹੀ ਗਿਆ। ਸੰਤ ਬੈਠੇ ਦੋਨਾਂ ਪਾਸਿਆਂ ਦੇ ਮੂੰਹ ਵਲ ਵੇਖ ਰਹੇ ਸਨ। ਇਸ ਸਮੇਂ ਵਿਪਕਸ਼ੀ ਧੜੇ ਵਲੋਂ ਭਈ ਹਰੀ ਸਿੰਘ ਤੇ ਬੰਦੂਕ ਚਲਾਈ ਗਈ। ਭਾਈ ਹਰੀ ਸਿੰਘ ਤਾਂ ਬਚ ਗਿਆ ਪਰ ਇਕ ਸਿਪਾਹੀ ਮਰ ਗਿਆ।

ਇਸ ਸਮੇਂ ਕਰਤਾਰ ਸਿੰਘ ਕੂਕੇ ਨੇ ਵੱਡਾ ਧੌਂਸਾ ਵਜਾ ਦਿਤਾ ਅਤੇ ਉੱਚੀ-ਉੱਚੀ ਕਹਿਣਾ ਸ਼ੁਰੂ ਕਰ ਦਿਤਾ, 'ਨਿਰਮਲੇ ਤਖਤ ਸਾਹਿਬ ਨੂੰ ਲੁਟੀ ਜਾ ਰਹੇ ਹਨ, ਫੜੋ ! ਮਾਰੋ, ਬਸ ! ਇਹ ਆਵਾਜ਼ ਸੁਣਕੇ ਅਨੇਕਾਂ ਨਿਹੰਗ ਸਿੰਘ, ਅਨੇਕਾਂ ਦਖਣੀ ਸਿੱਖ ਇਥੋਂ ਤਕ ਕਿ ਇਨ੍ਹਾਂ ਲੋਕਾਂ ਦੀਆਂ ਔਰਤਾਂ ਵੀ ਸਭ ਸੰਤ ਲੋਕਾਂ ਨੂੰ ਮਾਰਨ ਪੈ ਗਏ। ਸੰਤ ਅਸ਼ਚਰਜ ਹੋ ਕੇ ਵੇਖ ਰਹੇ ਸਨ ਕਿ ਗੁਰੂ ਕਲਗੀਧਰ ਪਾਤਸ਼ਾਹ ਇਹ ਕੀ ਲੀਲ੍ਹਾ ਵਰਤਾ ਰਹੇ ਹਨ ਪਰ ਆਕ੍ਰਮਣਕਾਰੀ ਸੰਤਾਂ ਨੂੰ ਮਾਰ ਦੇਣ ਉਤੇ ਤੁਲੇ ਹੋਏ ਸਨ। ਸੰਤਾਂ ਤੇ ਜ਼ੋਰਦਾਰ ਹਮਲਾ ਕੀਤਾ ਗਿਆ। ਲਿਧੜਾਂ ਵਾਲੇ ਮਹੰਤ ਜਵਾਲਾ ਸਿੰਘ ਜੀ ਦੀ ਬਾਂਹ ਤੋੜ ਦਿਤੀ। ਇਹ ਵੇਖਕੇ ਸੰਤਾਂ ਦੇ ਸ੍ਵੈਮਾਨ ਨੇ ਵੀ ਉਬਾਲਾ ਖਾਧਾ। ਸੰਤ ਵੀ ਮਾਝੇ-ਮਾਲਵੇ ਦੀ ਮਾਰਸ਼ਲ ਜਟ ਜਾਤੀ ਦੇ ਅੰਮ੍ਰਿਤਧਾਰੀ ਸਿੰਘ ਸਨ। ਨਿਹੰਗ ਸਿੰਘਾਂ ਅਤੇ ਦਖਣੀਆਂ ਦੇ ਹਮਲੇ ਨੂੰ ਦ੍ਰਿੜ੍ਹਤਾ ਨਾਲ ਰੋਕ ਦਿਤਾ। ਦੋਨ੍ਹੋ ਪਾਸਿਆਂ ਦੇ ਬੀਸੀਆਂ ਆਦਮੀ ਫਟੜ ਹੋ ਗਏ।

ਬਲਵੇ ਦਾ ਪਤਾ ਲਗਣ ਤੇ ਭਾਰੀ ਗਿਣਤੀ ਵਿਚ ਫੌਜ ਆ ਗਈ। ਨਿਹੰਗ ਸਿੰਘ, ਦਖਣੀ ਸਿਖ ਅਤੇ ਨਿਰਮਲੇ ਸੰਤ ਗ੍ਰਿਫਤਾਰ ਕਰ ਲਏ ਗਏ। ਜ਼ਖਮੀਆਂ ਨੂੰ ਹਸਪਤਾਲ ਭੇਜ ਦਿਤਾ ਗਿਆ। ਅੰਮ੍ਰਿਤ ਵੇਲੇ ਤੋਂ ਸ਼ਾਮ ਤਕ ਦਰਬਾਰ ਸੱਚਖੰਡ ਬੰਦ ਰਿਹਾ।

ਨਿਰਮਲੇ ਸੰਤਾਂ ਦੇ ਹਿਤੈਸ਼ੀ ਤੇ ਵਿਪਕਸ਼ੀ ਇਲਾਕਾ ਬੰਦੀ ਤੇ ਜਾਤ ਬਰਾਦਰੀ ਦੇ ਕਾਰਣ ਇਕ ਹੋ ਗਏ। ਇਕ ਦੂਸਰੇ ਨੂੰ ਬਚਾਉਣ ਦੇ ਯਤਨ ਹੋਣ ਲੱਗੇ। ਸਾਰਾ ਦੋਸ਼ ਨਿਰਮਲੇ ਸੰਤਾਂ ਉਪਰ ਥੌਪਿਆ ਗਿਆ।

ਨਿਰਮਲੇ ਸੰਤਾਂ ਦੇ ਖਿਲਾਫ ਪੰਜਾਬ ਵੱਲ ਤਖਤਾਂ, ਗੁਰਦੁਆਰਿਆਂ, ਰਾਜਿਆਂ, ਮਹਾਰਾਜਿਆਂ, ਪੰਥਕ ਆਗੂਆਂ ਅਤੇ ਜਨ ਸਾਧਾਰਣ ਲੋਕਾਂ ਨੂੰ ਹਜ਼ੂਰ ਸਾਹਿਬ ਦੇ ਦਖਣੀ ਸਿਖਾਂ, ਨਿਹੰਗ ਸਿੰਘਾਂ ਨੇ ਅਨੇਕ ਚਿੱਠੀਆਂ ਲਿਖ ਭੇਜੀਆਂ ਜਿਨ੍ਹਾਂ ਵਿਚ ਲਿਖਿਆ ਸੀ ਕਿ, 'ਨਿਰਮਲੇ ਪਤਿਤ ਹਨ। ਇਹ ਕਕਾਰਾਂ ਦੀ ਰਹਿਤ ਨਹੀਂ ਰਖਦੇ। ਤਖ਼ਤਾਂ ਅਤੇ ਗੁਰਦੁਆਰਿਆਂ ਵਿਚ ਇਨ੍ਹਾਂ ਦੀ ਅਰਦਾਸ, ਭੇਟਾ, ਪੂਜਾ ਅਤੇ ਦਾਖ਼ਲਾ ਬੰਦ ਕੀਤਾ ਜਾਵੇ। ਰਾਜੇ ਮਹਾਰਾਜੇ ਅਤੇ ਪੰਥਕ ਆਗੂ ਕੋਈ ਦਾਨ-ਪੁੰਨ ਨ ਦੇਣ, ਮਿਲਵਰਤਣ ਬੰਦ ਕੀਤੀ ਜਾਵੇ।'

ਨਿਰਮਲੇ ਸੰਤ ਇਹ ਵਿਚਾਰ ਲੈਕੇ ਬੈਠੇ ਰਹੇ ਕਿ ਜਦੋਂ ਅਦਾਲਤੀ ਮੁਕੱਦਮੇ ਦਾ ਫੈਸਲਾ ਹੋਵੇਗਾ; ਸਚ-ਝੂਠ ਦਾ ਸਭ ਨੂੰ ਆਪੇ ਹੀ ਪਤਾ ਲਗ ਜਾਵੇਗਾ।

ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ੭ ਮਹੀਨੇ ਮੁਕੱਦਮਾ ਚਲਿਆ। ਨਿਰਮਲ ਰਮਤ ਅਖਾੜੇ ਦੇ ਆਗੂਆਂ ਨੇ ਸਾਰੇ ਸਬੂਤ ਪੇਸ਼ ਕੀਤੇ ਅਤੇ ਦਸਿਆ ਕਿ ਦਰਬਾਰ ਸੱਚਖੰਡ ਦੇ ਪੁਜਾਰੀ ਬੁਰਹਾਨਪੁਰ ਤੋਂ ਅਖਾੜੇ ਨੂੰ ਮੋੜਕੇ ਲੈਕੇ ਆਏ ਹਨ। ਉਹ ਸਾਰੇ ਹੁਕਮਨਾਮੇ ਅਤੇ ਅਨਜ ਕਾਗਜ਼ ਪੱਤਰ ਪੇਸ਼ ਕੀਤੇ ਜਿਨ੍ਹਾਂ ਵਿਚ ਅਖਾੜੇ ਨੂੰ ਨਿਮੰਤ੍ਰਣ ਭੇਜਿਆ ਗਿਆ ਸੀ। ਇਸ ਆਧਾਰ ਤੇ ਨਿਰਮਲ ਅਖਾੜੇ ਦੇ ਸਾਰੇ ਸੰਤ ਸਤਿਕਾਰ ਪੂਰਬਕ ਬਰੀ ਕੀਤੇ ਗਏ। ਹਜ਼ੂਰ ਸਾਹਿਬ ਦੇ ੮ ਸਿੱਖਾਂ ਨੂੰ ਬਲਵੇ ਦੇ ਦੋਸ਼ ਵਿਚ ਸਜ਼ਾ ਦਿਤੀ ਗਈ।

ਇਸ ਫੈਸਲੇ ਤੋਂ ਮਗਰੋਂ ਰਮਤ ਅਖਾੜਾ ਮਘਰ ਸੁਦੀ ਪਵੀਂ ਸੰਮਤ ੧੯੩੨ (੧੮੭੫ ਈ:) ਨੂੰ ਸ੍ਰੀ ਹਜ਼ੂਰ ਸਾਹਿਬ ਤੋਂ ਪ੍ਰਯਾਗ ਦੀ ਅਰਧ ਕੁੰਭੀ ਮਨਾਉਣ ਚਲਾ ਗਿਆ।

ਦਖਣੀਆਂ ਦਾ ਝੂਠਾ ਕਥਨ ਸੁਣ-ਸੁਣਕੇ ਬਿਨ੍ਹਾਂ ਸੋਚੇ ਸਮਝੇ ਤੋਂ ਪੰਜਾਬ ਦੇ ਸਿਖ ਵੀ ਨਿਰਮਲੇ ਸੰਤਾਂ ਤੇ ਤਰਕ-ਵਿਤਰਕ ਕਰਨ ਲਗ ਪਏ। ਕਛਹਿਰਾ ਨ ਰਖਣ ਦਾ ਕਾਫੀ ਸਵਾਲ ਛੇੜਿਆ ਗਿਆ। ਇਹ ਬਹਿਸ ਮੁਬਾਹਿਸਿਆਂ ਦਾ ਯੁਗ ਸੀ। ਥਾਂ-ਥਾਂ ਪੁਰਾਤਨ ਤੇ ਨਵੀਨ ਸਿੰਘਾਂ ਦੇ ਵਿਚਕਾਰ ਸ਼ਾਸਤ੍ਰਾਰਥ ਹੁੰਦੇ ਸਨ।

ਇਸ ਸਮੇਂ ਸਭ ਰਾਜੇ-ਮਹਾਰਾਜੇ 'ਸਾਧਾਂ-ਸਾਧਾਂ' ਦੀ ਲੜਾਈ ਸਮਝਕੇ ਚੁਪ ਰਹੇ, ਕਿਸੇ ਨੇ ਵੀ ਕੋਈ ਹਿੱਸਾ ਨਹੀਂ ਲਿਆ ਪਰ ਮਹਾਰਾਜਾ ਹੀਰਾ ਸਿੰਘ ਜੀ ਨੇ ਹਜ਼ੂਰ ਸਾਹਿਬ ਦੇ ਪੁਜਾਰੀਆਂ ਨੂੰ ਅਤੇ ਹਰਿਦੁਆਰ ਸ੍ਰੀ ਮਹੰਤ ਜੀ ਮਹਾਰਾਜ ਨੂੰ ਪੱਤ੍ਰ ਲਿਖੇ ਕਿ ਦੋਨ੍ਹਾਂ ਧਿਰਾਂ ਵਿਚ ਸੁਲਾਹ ਕਰਾਈ ਜਾਵੇ। ਉਤਰ ਵਿਚ ਸ੍ਰੀ ਮਹੰਤ ਜੀ ਮਹਾਰਾਜ ਨੇ ਪਤ੍ਰਕਾ ਵਿਚ ਕੇਵਲ ਇਨ੍ਹਾਂ ਹੀ ਲਿਖਿਆ, **ਨਾ ਕੋ ਬੈਰੀ ਨ ਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥**

(ਪੰਨਾ ੧੨੯੯)

'ਜੇਕਰ ਸਾਡੀ ਅਰਦਾਸ ਸਾਰੇ ਦੇਸ਼ ਦੇ ਗੁਰਦੁਆਰਿਆਂ ਵਿਚੋਂ ਬੰਦ ਹੋ ਜਾਵੇ ਤਾਂ ਸਾਡੇ ਹਿਰਦੇ ਵਿਚ ਫਿਰ ਵੀ ਸਾਰੇ ਗੁਰਦੁਆਰਿਆਂ ਵਾਸਤੇ ਪਹਿਲਾਂ ਦੀ ਤਰ੍ਹਾਂ ਹੀ ਸਤਿਕਾਰ ਰਹੇਗਾ। ਜੇਕਰ ਨਿਰਮਲ ਪੰਥ ਦੀ ਅਰਦਾਸ ਬੰਦ ਕਰਨ ਵਾਲੇ ਪੁਜਾਰੀ ਨਿਰਮਲ ਅਖਾੜੇ ਦੇ ਕਿਸੇ ਸਥਾਨ ਵਿਚ ਵੀ ਆਉਣਗੇ ਤਾਂ ਸਾਡੀ ਵਲੋਂ ਨਿਹੰਗ ਸਿੰਘ, ਦੱਖਣੀ ਸਿਖ, ਗ੍ਰਿਹਸਥੀ ਕੋਈ ਵੀ ਹੋਵੇ, ਲੰਗਰ ਸਮੇਂ ਪੰਗਤ ਵਿਚ ਉਨ੍ਹਾਂ ਨੂੰ ਵੀ ਸਮ-ਭੋਜਨ ਵਰਤੇਗਾ। ਸਾਡੀ ਤਾਂ ਸਾਰੀ ਮਨੁੱਖਤਾ ਨਾਲ ਸਮਦ੍ਰਿਸ਼ਟੀ ਹੈ।'

ਹਜ਼ੂਰ ਸਾਹਿਬ ਦੇ ਪੁਜਾਰੀਆਂ ਨੇ ਜੋ ਮਹਾਰਾਜਾ ਹੀਰਾ ਸਿੰਘ ਜੀ ਨੂੰ ਉਤਰ ਭੇਜਿਆ ਉਸ ਵਿਚ ਲਿਖਿਆ ਸੀ, 'ਨਿਰਮਲੇ ਕਛਹਿਰੇ ਪਹਿਨਣ ਅਤੇ ਭਗਵੇਂ ਵਸਤਰ ਉਤਾਰਨ ਦਾ ਵਿਸ਼੍ਵਾਸ ਦਿਵਾਉਣ।'

ਮਹਾਰਾਜਾ ਹੀਰਾ ਸਿੰਘ ਜੀ ਨੇ ਦੋਨਾਂ ਚਿਠੀਆਂ ਨੂੰ ਪੜ੍ਹਕੇ ਆਪਣੇ ਵਿਸ਼ੇਸ਼ ਦੂਤ ਹੱਥ ਦਸਤੀ ਪੱਤ੍ਰਕਾ ਦੇਕੇ ਸ੍ਰੀ ਮਹੰਤ ਜੀ ਕੋਲ ਭੇਜਿਆ ਜਿਸ ਵਿਚ ਲਿਖਿਆ ਸੀ, **'ਤੁਸੀਂ ਕਛਹਿਰੇ ਪਹਿਨ ਲਉ ਤਾਂ ਸਾਰਾ ਵਾਦ ਵਿਵਾਦ ਖਤਮ ਹੁੰਦਾ ਹੈ।'**

ਉਤਰ ਵਿਚ ਸ੍ਰੀ ਮਹੰਤ ਜੀ ਮਹਾਰਾਜ ਨੇ ਮਹਾਰਾਜੇ ਨੂੰ ਲਿਖਕੇ ਭੇਜਿਆ, 'ਅਸੀਂ ਕਛਹਿਰੇ ਆਪਣੀ ਇੱਛਾ ਨਾਲ ਤਾਂ ਭਾਵੇਂ ਧਾਰਨ ਕਰ ਲਈਏ ਪਰ ਕਿਸੇ ਦੀ ਜ਼ਿਦ ਅਧੀਨ ਕਛਹਿਰਾ ਨਹੀਂ ਪਹਿਨ ਸਕਦੇ। ਵੈਸੇ ਅਸੀਂ ਇਕੱਲਾ ਕਛਹਿਰਾ ਹੀ ਨਹੀਂ ਪੰਜੇ ਕਕਾਰਾਂ ਦਾ ਆਦਰ ਕਰਦੇ ਹਾਂ। ਅੰਮ੍ਰਿਤਪਾਨ ਸਮੇਂ ਨਿਰਮਲੇ ਸੰਤਾਂ ਦੇ ਪੰਜ ਪਿਆਰੇ ਵੀ ਅਤੇ ਅੰਮ੍ਰਿਤ ਅਭਿਲਾਖੀ ਨਿਰਮਲੇ ਸੰਤ ਵੀ ਪੰਜੇ ਕਕਾਰ ਧਾਰਨ ਕਰਦੇ ਹਨ। ਕੇਵਲ ਧਾਰਨ ਹੀ ਨਹੀਂ ਕਰਦੇ, ਪ੍ਰਚਾਰ ਵੀ ਕਰਦੇ ਹਨ। ਜਿਸ ਤਰ੍ਹਾਂ ਪੁਜਾਰੀ ਕਹਿੰਦੇ ਹਨ, ਇਸ ਤਰ੍ਹਾਂ ਸਾਨੂੰ ਪਰਵਾਨ ਨਹੀਂ।'

ਸ੍ਰੀ ਮਹੰਤ ਜੀ ਮਹਾਰਾਜ ਦਾ ਇਹ ਉਤਰ ਪੜ੍ਹਕੇ ਮਹਾਰਾਜਾ ਹੀਰਾ ਸਿੰਘ ਮਨ ਵਿਚ ਕਾਫੀ ਨਾਰਾਜ਼ ਹੋਏ। ਉਨ੍ਹਾਂ ਨੂੰ ਮਾਣ ਸੀ ਕਿ ਮੇਰੀ ਰਿਆਸਤ ਨੇ ਅਖਾੜਾ ਬੱਝਣ ਸਮੇਂ ਬੜੀ ਸਹਾਇਤਾ ਕੀਤੀ ਹੈ। ਸ੍ਰੀ ਮਹੰਤ ਜੀ ਮੇਰੇ ਕਹਿਣ ਤੋਂ ਕਿਵੇਂ ਬਾਹਰ ਹੋਣਗੇ ? ਪਰ ਸ੍ਰੀ ਮਹੰਤ ਜੀ ਮਹਾਰਾਜ ਨੇ ਆਪਣੇ ਸ੍ਵੈਮਾਨ ਅਤੇ ਸਿਧਾਂਤ ਨੂੰ ਮੁੱਖ ਰੱਖਿਆ।

ਇਸ ਤਰ੍ਹਾਂ ਮਹਾਰਾਜਾ ਹੀਰਾ ਸਿੰਘ ਜੀ ਨਾਭਾਪਤੀ ਅਤੇ ਸ੍ਰੀ ਮਹੰਤ ਜੀ ਮਹਾਰਾਜ ਤਿੰਨ ਵਰਸ਼ ਚਿਠੀ-ਪੱਤਰ ਦੁਆਰਾ ਆਪਣੇ-ਆਪਣੇ ਪਕਸ਼ ਨੂੰ ਸਿੱਧ ਕਰਦੇ ਰਹੇ। ਅੰਤ ਮਹਾਰਾਜਾ ਹੀਰਾ ਸਿੰਘ ਨੇ ਬਾਕੀ ਦੋਨ੍ਹਾਂ ਰਿਆਸਤਾਂ ਪਟਿਆਲਾ ਅਤੇ ਜੀਂਦ ਵਿਚ ਚਿਠੀ ਪੱਤਰ ਕਰਕੇ ਦੋਨ੍ਹਾਂ ਰਿਆਸਤਾਂ ਦੇ ਪ੍ਰਤਿਨਿਧ ਅਤੇ ਆਪਣੇ ਕਰਮਚਾਰੀ ਚਿਠੀ ਦੇਕੇ ਹਰਿਦ੍ਵਾਰ ਸ੍ਰੀ ਮਹੰਤ ਜੀ ਮਹਾਰਾਜ ਕੋਲ ਭੇਜੇ। ਚਿੱਠੀ ਵਿਚ ਲਿਖਿਆ—

> "ਦਸਤੂਰੁਲ ਅਮਲ ਦੀ ਲਿਖਤ ਅਨੁਸਾਰ ਆਪ ਜੀ ਨੂੰ ਕਛਹਿਰਾ ਆਦਿਕ ਧਾਰਨ ਕਰਕੇ ਰਹਿਤ ਮਰਯਾਦਾ ਦੇ ਧਾਰਨੀ ਬਣ ਕੇ ਰਹਿਣਾ ਚਾਹੀਦਾ ਹੈ। ਸ੍ਰੀਮਾਨ ਬਾਬਾ ਮਹਿਤਾਬ ਸਿੰਘ ਜੀ ਤੋਂ ਬਿਨਾਂ ਕੋਈ ਵੀ ਨਿਰਮਲ ਪੰਚਾਇਤੀ ਅਖਾੜੇ ਦਾ ਅਧਿਕਾਰੀ ਪਤਿਤ ਨਹੀਂ ਹੋਣਾ ਚਾਹੀਦਾ। ਸੁਣਿਆ ਹੈ ਸਵਰਗੀਯ ਤਿੰਨਾਂ ਮਹਾਰਾਜਿਆਂ ਦਾ ਏਹੀ ਉਦੇਸ਼ ਸੀ। ਇਸ ਵਾਸਤੇ ਵਰਤਮਾਨ ਤਿੰਨਾਂ ਰਿਆਸਤਾਂ ਦੇ ਮਹਾਰਾਜਿਆਂ ਨਾਲ ਆਪ ਜੀ ਦੇ ਮਤ-ਭੇਦ ਨਹੀਂ ਹੋਣੇ ਚਾਹੀਦੇ। ਤਿੰਨਾਂ ਰਿਆਸਤਾਂ ਨੇ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਾਇਮ ਕਰਨ ਵਿਚ ਦਾਨ ਦੇ ਕੇ ਹਿੱਸਾ ਪਾਇਆ ਹੈ। ਇਸ ਵਾਸਤੇ ਆਪ ਜੀ ਦਾ ਤਿੰਨਾਂ ਰਿਆਸਤਾਂ ਨਾਲ ਸੰਪਰਕ ਹੈ। ਆਪ ਕਿਸੇ ਤਰ੍ਹਾਂ ਜਾਗੀਰ ਦਾ ਨੁਕਸਾਨ ਨ ਕਰਾ ਬੈਠੋਂ।" ਉਤਰ ਵਿਚ ਸ੍ਰੀ ਮਹੰਤ ਜੀ ਮਹਾਰਾਜ ਨੇ ਤਿੰਨਾਂ ਹੀ ਮਹਾਰਾਜਿਆਂ ਨੂੰ ਪੱਤਰ ਲਿਖ ਭੇਜੇ।
>
> "ਅਸੀਂ ਦਫਾ ੯ ਵਾਲੇ ਦਸਤੂਰੁਲ ਅਮਲ ਪੜ੍ਹਕੇ ਵਿਚਾਰੇ ਹਨ ਜਿਨ੍ਹਾਂ ਨੂੰ ਤਿੰਨਾਂ ਸਵਰਗੀਯ ਮਹਾਰਾਜਿਆਂ ਨੇ ਲਿਖਕੇ ਆਪਣੀਆਂ ਰਾਜਕੀਯ ਮੋਹਰਾਂ ਲਾ ਕੇ ਪਰਵਾਨਗੀ ਦਿਤੀ ਹੈ। ਦਸਤੂਰੁਲ ਅਮਲ ਵਿਚ ਕਛਹਿਰੇ-ਕੜੇ ਦੀ ਕੋਈ ਪਾਬੰਦੀ ਨਹੀਂ ਹੈ।" ਅਗੇ ਮਹਾਰਾਜਾ ਹੀਰਾ ਸਿੰਘ ਜੀ ਨਾਭਾ ਨੂੰ ਭੇਜੀ ਪੱਤ੍ਰਕਾ ਵਿਚ ਵਿਸ਼ੇਸ਼ ਪੰਕਤੀ ਲਿਖੀ, "ਇਸ ਵਾਸਤੇ ਸਾਡਾ ਉਹੀ ਉਤਰ ਯੋਗ ਸਮਝਣਾ ਜੋ ਅਸੀਂ ਪਹਿਲੀਆਂ ਚਿਠੀਆਂ ਵਿਚ ਆਪ ਜੀ ਨੂੰ ਭੇਜਿਆ ਹੈ।"

ਤਿੰਨਾਂ ਰਿਆਸਤਾਂ ਦੇ ਅਹਿਲਕਾਰ ਸ੍ਰੀ ਮਹੰਤ ਜੀ ਮਹਾਰਾਜ ਤੋਂ ਲਿਖਤੀ ਜਵਾਬ ਲੈਕੇ ਵਾਪਸ ਚਲੇ ਗਏ।

ਸੰਮਤ ੧੯੩੬ (੧੮੭੯ ਈ:) ਵਿਚ ਹਰਿਦ੍ਵਾਰ ਦਾ ਕੁੰਭ ਪਰਵ ਆ ਗਿਆ। ਇਸ ਸਮੇਂ ਸਾਰੇ ਦੇਸ਼ ਦੇ ਕੋਨੇ-

ਕੋਨੇ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਨਿਰਮਲ ਪੰਥ ਦੇ ਸੰਤ ਇਕੱਤਰ ਹੋਏ। ਇਸ ਸਮੇਂ ਇਕ ਵਿਸ਼ੇਸ਼ ਇਕੱਠ ਵਿਚ ਸ੍ਰੀ ਮਹੰਤ ਜੀ ਮਹਾਰਾਜ ਨੇ ਸਾਰੇ ਨਿਰਮਲ ਭੇਖ ਦੇ ਮਹੰਤਾਂ, ਸੰਤਾਂ, ਵਿਦਵਾਨਾਂ, ਵਿਰਕਤਾਂ ਅਗੇ ਸ੍ਰੀ ਹਜ਼ੂਰ ਸਾਹਿਬ ਦੀ ਘਟਨਾ ਦੇ ਵੇਰਵੇ ਸਹਿਤ ਹਾਲਾਤ ਦੱਸਕੇ ਵਰਤਮਾਨ ਸਮੇਂ ਨਿਹੰਗ ਸਿੰਘਾਂ, ਗੁਰਦੁਆਰਿਆਂ ਦੇ ਪੁਜਾਰੀਆਂ, ਵਿਸ਼ੇਸ਼ ਕਰਕੇ ਮਹਾਰਾਜਾ ਹੀਰਾ ਸਿੰਘ ਦੇ ਵਤੀਰੇ ਦਾ ਵਿਸਤਾਰ ਪੂਰਬਕ ਵਰਣਨ ਕੀਤਾ ਅਤੇ ਨਾਲ ਹੀ ਕਿਹਾ, "ਹੁਣ ਸਾਰਾ ਭੇਖ ਇਕੱਤਰ ਹੋਇਆ ਹੈ। ਸਾਨੂੰ ਹੁਣ ਭੇਖ ਜੋ ਆਗਿਆ ਕਰੇਗਾ ਅਸੀਂ ਉਸੇ ਅਨੁਸਾਰ ਵਰਤਾਵ ਕਰੀਏ। ਭਵਿਸ਼ਜ ਵਿਚ ਅਖਾੜੇ ਦੀ ਜਾਇਦਾਦ ਦਾ ਕੋਈ ਨੁਕਸਾਨ ਹੋ ਜਾਵੇ ਜਿਸ ਦੋਸ਼ ਦੇ ਅਸੀਂ ਭਾਗੀ ਬਣੀਏ। ਇਸ ਵਾਸਤੇ ਸਾਰੇ ਭੇਖ ਨੂੰ ਸੂਚਿਤ ਕਰ ਦਿਤਾ ਹੈ ਜੋ ਪ੍ਰਸਤਾਵ ਪਾਸ ਹੋਵੇਗਾ ਅਸੀਂ ਉਸ ਅਨੁਸਾਰ ਚਲਾਂਗੇ।" ਇਸ ਸਮੇਂ ਨਿਰਮਲ ਭੇਖ ਵਲੋਂ ਹੇਠ ਲਿਖਿਆ ਪ੍ਰਸਤਾਵ ਪਾਸ ਕੀਤਾ ਗਿਆ।

ੴ ਸਤਿਗੁਰ ਪ੍ਰਸਾਦਿ॥

ਸ੍ਰੀ ਅਕਾਲ ਜੀ ਸਹਾਇ॥

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਨਿਰਮਲ ਪੰਥ ਕੇ ਸ੍ਰਬ ਸੰਤ, ਮਹੰਤ, ਉਤ੍ਰ ਦਖਨ ਪੂਰਬ ਪੱਛਮ ਨਿਵਾਸੀ ਜਬ ਸ੍ਰੀ ਗੰਗਾ ਜੀ ਹਰਿਦਵਾਰ ਮੇਲੇ ਕੁੰਭ ਪੁਰ ਛਾਵਣੀ ਨਿਰਮਲਯੋਂ ਕੀ ਮੈਂ ਆ ਕਰ ਜਮ੍ਹਾ ਹੂਏ, ਤਬ ਸੰਮਤ ੧੯੩੬ ਚੇਤ੍ਰ ਸੁਦੀ ੭ ਕੋ ਸ੍ਰੀ ਮਹੰਤ ਰਾਮ ਸਿੰਘ ਸਾਹਿਬ ਨੇ ਸ੍ਰਬ ਸੰਤਾਂ ਮਹੰਤਾਂ ਕੇ ਆਗੇ ਇਹੁ ਪ੍ਰਾਰਥਨਾ ਕਰੀ, ਜੋ ਵਾਸਤੇ ਫੈਸਲਾ ਕਰਨੇ ਬਿਵਾਦ ਨਿਹੰਗਾਂ ਵਗੈਰੇ ਕੇ ਕਯਾ ਕੁਛ ਕੁਲ ਪੰਥ ਕੀ ਰਾਇ ਹੈ। ਔਰ ਮੇਰੇ ਵਾਸਤੇ ਕਿਆ ਕਰਤਬਯ ਹੈ।

ਤਬ ਸਰਬ ਪੰਥ ਕੇ ਸੰਤਾਂ ਮਹੰਤਾਂ ਨੇ ਕਮੇਟੀ ਕਰਕੇ ਇਹੀ ਸਲਾਹ ਠੀਕ ਠਹਿਰਾਈ ਕਿ ਜੋ ਕੁਛ ਬ੍ਵਖਤ ਖੜਾ ਕਰਨੇ ਧਰਮ ਧਜਾ ਅਖਾੜੇ ਕੇ ਵਾਲੀ ਪਟਿਆਲਾ ਵ ਨਾਭਾ ਵ ਜੀਂਦ ਵ ਫਰੀਦਕੋਟ ਵ ਛਛਰੌਲੀ ਵਗੈਰੇ ਰਾਜਗਾਨ ਵ ਰਈਸਾਨ ਔਰ ਸਿਖਾਂ ਸ੍ਰਦਾਰਾਂ ਨੇ ਭਾਈ ਸਾਹਿਬ ਭਾਈ ਮਹਿਤਾਬ ਸਿੰਘ ਜੀ ਕੋ ਹਦਾਇਤ ਨਾਮੇ ਮੈਂ ਲਿਖਤ ਕਰ ਦਈ ਹੈ, ਔਰ ਜਿਸ ਪਰ ਆਜ ਤਕ ਬਰਾਬਰ ਅਮਲ ਦਰਾਮਦ ਹੋ ਰਹਾ ਹੈ, ਉਸੀ ਹਦਾਇਤ ਪਰ ਆਇੰਦੇ ਕੋ ਅਮਲ ਹੋਤਾ ਰਹੇ ਯਾਨੇ ਉਸੀ ਕੀ ਤਾਮੀਲ ਹੋਤੀ ਰਹੇ। ਔਰ ਸ੍ਰੀ ਮਹੰਤ ਸੈਂ ਲੇਕਰ ਕੁਲ ਪੰਥ ਪੰਚ ਪ੍ਰਮੇਸ਼ਵਰ ਸਾਬਿਕ ਦਸਤੂਰ ਆਪਨੇ ਬਿਹਾਰ ਮੈ ਕਾਯਮ ਬਨਾ ਰਹੇ, ਔਰ ਹਮ ਸਭ ਪੰਥ ਸੰਤ ਮਹੰਤ ਨਿਰਮਲੇ ਜੈਸੇ ਭਾਈ ਮਹਿਤਾਬ ਸਿੰਘ ਜੀ ਕੀ ਮਦਦ ਖਿਦਮਤ ਮੈ ਹਾਜ਼ਰ ਪੀਛੇ ਰਹੇ ਹੈਂ ਤੈਸੇ ਅਬ ਸ੍ਰੀ ਮਹੰਤ ਰਾਮ ਸਿੰਘ ਜੀ ਕੀ ਆਗਿਆ ਸੇਵਾ ਮਦਦ ਮੈ ਦਿਲੋਂ ਜਾਨ ਸੈਂ ਹਾਜ਼ਰ ਹਮੇਸ਼ ਰਹੇਂਗੇ। ਸ੍ਰੀ ਮਹੰਤ ਆਪਣੇ ਕਰਮ ਧਰਮ ਮੈ ਕਾਯਮ ਰਹੇ, ਜਿਸ ਤੌਰ ਸੈ ਭਾਈ ਮਹਿਤਾਬ ਸਿੰਘ ਜੀ ਰਹੇ ਹੈਂ।

ੴ ਸਤਿਗੁਰ ਪ੍ਰਸਾਦਿ॥

ਸਹੀ-ਮਹੰਤ ਭਗਤ ਸਿੰਘ ਜੀ ਅੰਮ੍ਰਿਤਸਰੀਏ, ਮਹੰਤ ਛਮੀਰ ਸਿੰਘ ਵਿਰਕਤ (ਬਿਲੋਂਗੀ), ਮਹੰਤ ਜੁਵਾਹਰ ਸਿੰਘ ਸ਼ੁਕਰੁਲਾਪੁਰੀਏ, ਮਹੰਤ ਮਿਸ਼ਰਾ ਸਿੰਘ ਮੋਤੀਰਾਮ ਲੰਮਿਆਂ ਵਾਲੇ, ਮ: ਮਾਣਾ ਸਿੰਘ ਫਤਿਆਵਾਦੀਏ, ਮ: ਗੁਰਦਿੱਤ ਸਿੰਘ ਮਹੰਤ ਸ਼ਹਿਰ ਵਾਲੇ, ਮ: ਦੇਵਾ ਸਿੰਘ ਗੋਦੜੀਏ, ਮ: ਦੇਵਾ ਸਿੰਘ ਵਿਰਕਤ ਤਪਾਣੀਆਂ ਖਡੂਰ ਸਾਹਿਬ, ਮ: ਹਰੀ ਸਿੰਘ ਵਿਰਕਤ ਅੰਮ੍ਰਿਤਸਰੀ, ਮ: ਸੰਤ ਸਿੰਘ ਲਾਹੌਰ ਵਾਲੇ, ਗਿਆਨੀ ਸਿੰਘ ਮਾਣੂਕਿਆਂ ਵਾਲੇ, ਮ: ਬਿਸ਼ਨ ਸਿੰਘ ਅੰਤ੍ਰਜਾਮੀ ਜੀ ਕੇ, ਮ: ਅਤ੍ਰ ਸਿੰਘ ਛੀਨੀ ਵਾਲੀਏ ਲੋਹਗੜ੍ਹੀਏ, ਮ: ਮਾਨ ਸਿੰਘ ਲੰਮੀਆਂ ਵਾਲੇ, ਮ: ਆਲਾ ਸਿੰਘ ਗੋਇੰਦਵਾਲੀਏ, ਮ: ਭਾਈ ਮੇਘ ਸਿੰਘ ਬੁਡਾਲੀਆ, ਮ: ਸਾਹਿਬ ਸਿੰਘ ਜਗਰਾਵਾਂ

ਵਾਲੇ, ਪੰਡਿਤ ਦਲ ਸਿੰਘ ਸੰਤ ਅੰਮ੍ਰਿਤਸਰੀਏ, ਮ: ਸੰਤ ਭੂਪਿ ਸਿੰਘ ਰਾਪੁਰੀਏ, ਬਾਘ ਸਿੰਘ ਸੋਹੀਆ ਜੰਡੀ, ਸੰਤ ਗੰਗਾ ਸਿੰਘ ਵਰਿਆਮ ਨੰਗਲੀਏ, ਸੰਤ ਬੂਟਾ ਸਿੰਘ ਤਰਨ ਤਾਰਨ ਵਾਲੇ, ਸੰਤ ਰਾਮ ਸਿੰਘ ਬਾਰਠ ਗੁਰਦਵਾਰੇ ਵਾਲੇ, ਮਹੰਤ ਚੰਨਣਿ ਬਾਲੀ ਮਹਿਤਾਬ ਸਿੰਘ, ਮਹੰਤ ਦਾਨ ਸਿੰਘ ਗਿਆਨੀ ਦਿਆਲਪੁਰੇ ਵਾਲੇ, ਭਾਈ ਨਥਾ ਸਿੰਘ ਮਾਮਿਤ ਬਾਲੇ, ਮ: ਭੀਮ ਸਿੰਘ ਮਰਾਜ ਵਾਲਿਓ ਥਰਾਜ ਵਾਲਿਓ ਕੇ, **बुँगे के महन्त हरनाम सिंह,** ਮ: ਨਿਹਾਲ ਸਿੰਘ ਮਰਾਜ ਵਾਲੇ, ਠਾਕਰ ਸੁਧਾ ਸਿੰਘ ਦੋਧਰ ਵਾਲੇ, ਮ: ਗੁਰਦਿਤ ਸਿੰਘ ਕੀ ਸੈਰ ਤਖਤਪੜੀ ਵਾਲੇ, ਮ: ਠਾਕੁਰ ਸਿੰਘ ਅੰਮ੍ਰਿਤਸਰ ਵਾਲੇ ਬੁੰਗੇ, ਮਹੰਤ ਹਜੂਰਾ ਸਿੰਘ ਕੇ, ਭਾਈ ਕਰਮ ਸਿੰਘ ਸੁਖੋ ਵਾਲੇ ਪੁਠੋਹਾਰ ਦੇ ਪੰਡਿਤ, ਭਾਈ ਨਾਰਾਇਣ ਸਿੰਘ ਸੁਖੋ ਵਾਸੀ ਪੋਠੋਹਾਰ ਦੇ, ਬਾਵਾ ਬੁਧ ਪ੍ਰਕਾਸ਼ ਸੁਖੋ ਵਾਸੀ, ਭਾਈ ਨਰਾਇਣ ਸਿੰਘ ਪਿੰਡੀ ਵਾਲੇ, ਨਿਹਾਲ ਸਿੰਘ ਪੜਿਆਲ ਧੰਨੀ ਵਾਲੇ, ਭਾਈ ਈਸ਼ਰ ਸਿੰਘ ਸੁਖੋ ਵਾਲੇ, ਭਾਈ ਜਵਾਹਰ ਸਿੰਘ ਜੀ ਰਾਮਕੁੰਡਾਂ ਵਾਲੇ ਕੁਰੀ ਵਾਲੇ ਗੁਰਦੁਆਰਾ, ਭਾਈ ਭਗਤ ਸਿੰਘ ਚਕਵਾਲ ਵਾਲੇ, ਬਾਵਾ ਬ੍ਰਹਮਾ ਨੰਦ ਮੰਗਵਾਲੀਏ, ਭਾਈ ਮਘਰ ਸਿੰਘ ਤਥਾ ਰਾਮ ਰਤਨ ਜੀ ਸਰਕਾਲਾਂ ਵਾਲੇ, ਭਾਈ ਗੁਲਾਬ ਸਿੰਘ ਛਿਆਰਪੁਰੀਏ, ਭਾਈ ਸਰਬਗ ਸਿੰਘ ਮੂਸਾ ਵਾਲੇ, ਮ: ਰਾਮ ਸਿੰਘ ਜਲਵੇੜੇ ਵਾਲਾ, ਸੁੰਦਰ ਸਿੰਘ ਭੋਲਾ ਸਿੰਘ ਸੁਕਾਣਿਆ ਦਾ ਮਹੰਤ, ਮ: ਭਾਈ ਮੋਹਰ ਸਿੰਘ ਖੁਜਾਲੇ ਵਾਲੇ ਸੰਪ੍ਰਦਾ ਕਾਦੀਆਂ ਕੇ, ਭਾਈ ਲਾਲ ਸਿੰਘ ਜੰਮਰਾ ਦਾ ਮਹੰਤ, ਰਾਮ ਸਿੰਘ ਗਿੜਵੜੀ ਵਾਲੇ ਕੋ ਇਹੀ ਸੰਮਤ ਹੈ, ਮਹੰਤ ਈਸ਼ਰ ਸਿੰਘ ਉਪਰ ਲਿਖਾ ਸੋ ਸਹੀ ਵਾ ਕਲਮ ਖਾਸ ਪਟਣੇ ਵਾਲੇ ਗੁਰਦਵਾਰੀਏ, ਕਾਨ ਸਿੰਘ ਕੋਟਵਾਲ, ਡਰੌਲੀ ਵਾਲੇ ਮਹੰਤ ਗੁਲਾਬ ਸਿੰਘ ਤੇ ਨਾਨੂ ਸਿੰਘ ਕੀ, ਲੋਹਗੜ੍ਹੀਆਂ ਦੀ ਮੇਵਾ ਸਿੰਘ ਕੀ, ਕਿਸ਼ਨ ਸਿੰਘ ਸੇਦੋ ਵਾਲੇ, **महन्त जै राम सिंह जी काशीवाले, उत्तार्थ संमति पणिडतोद्धव सिंहस्य,** ਨਾਰਾਇਣ ਸਿੰਘ ਰਾਜਗਿਰੀ ਵਾਲੇ, **उत्तार्थ संमतिः पणिडत नरोतम सिंहस्य,** ਭਾਈ ਕਾਹਨ ਸਿੰਘ ਮਹੰਤ ਖਡੂਰ ਸਾਹਿਬ ਵਾਲੇ, ਭਾਈ ਤਾਰਾ ਸਿੰਘ ਮਾਂਗਟਾਂ ਵਾਲੇ, ਮਹੰਤ ਮਲੂਕ ਸਿੰਘ ਗੋਦੜੀਏ, ਚੰਦਾ ਸਿੰਘ ਚਾਟੜਾ, ਠਾਕਰ ਜੀਤ ਸਿੰਘ ਪਛੌਰੀਆ, ਮਹੰਤ ਸੰਤ ਸਿੰਘ ਟਿਬੇ ਵਾਲੇ, ਮ: ਗੁਰਦਿਤ ਸਿੰਘ ਉਗੋਕਿਆਂ ਦੀ, ਬਾਘ ਸਿੰਘ ਹੇੜੀ ਕੀ ਖੂਹੀ ਵਾਲੇ, **रणी वालियां खड़क सिंह जी महाराज जी की,** ਮਾਣੂਕਾ ਰਾਗੀ ਅਤਰ ਸਿੰਘ, ਗਿਆਨ ਸਿੰਘ ਚੇਲੇ ਮਹੰਤ ਬੀਰ ਸਿੰਘ ਕੇ, ਮਹੰਤ ਗੁਰਦਿੱਤ ਸਿੰਘ ਜੀ ਪੰਡੋਰੀ ਵਾਲੇ, ਦਯਾ ਸਿੰਘ ਡੀਗਰੀਆਂ ਵਾਲੇ, ਮਲੂਕ ਦਾਸ ਜੀ ਜਗਰਾਵਾਂ ਵਾਲੇ, ਮਹੰਤ ਚੂੜ੍ਹ ਸਿੰਘ ਦਾਦ੍ਰ ਵਾਲਿਓ ਕੀ, ਮਹੰਤ ਹੀਰਾ ਸਿੰਘ ਬੁਟਰ ਵਾਲਿਓ ਕੀ, ਈਸ਼ਰ ਸਿੰਘ ਵਧਣੀ ਵਾਲੇ, ਮਹੰਤ ਧਿਆਨ ਸਿੰਘ ਜੀ ਬੇਰ ਵਾਲੇ, ਮਹੰਤ ਵਜ਼ੀਰ ਸਿੰਘ ਜੀ ਮਲਕ ਵਾਲੇ, ਮਹੰਤ ਫਤਹਿ ਸਿੰਘ ਖੁਆਲੇ ਵਾਲੇ, ਮਹੰਤ ਗੁਲਾਬ ਸਿੰਘ ਹੋਰਾਂ ਦੀ ਬਹਾਲ ਸਿੰਘੀਏ ਵਰਪਾਲੀਏ, ਮਹੰਤ ਦਲ ਸਿੰਘ ਬਸਾਣੇ ਵਾਲਾ ਰਾਮ ਤੀਰਥੀਆ, ਫੂਲਾ ਸਿੰਘ ਭਾਣ ਲਿੰਗਾ, ਭਾਈ ਲਹਿਣਾ ਸਿੰਘ ਕਲ੍ਹੇ ਵਾਲੇ, ਭਾਈ ਜੀਤ ਸਿੰਘ ਵਰਿਆਂ ਵਾਲੇ, ਦਾਸ ਸ੍ਰਬਤ ਸਾਧ ਸੰਗਤ ਕਾ ਅਨੰਤ ਸਿੰਘ ਹਕੀਮ ਅੰਮ੍ਰਿਤਸਰ ਵਾਲੇ, ਮਹੰਤ ਸੁਖਾ ਸਿੰਘ ਰਾਵਲ ਪਿੰਡੀ ਵਾਲੇ, ਮਹੰਤ ਕਪੂਰ ਸਿੰਘ, ਕਾਹਨ ਸਿੰਘ ਅੰਮ੍ਰਿਤਸਰੀਆਂ, **काशीस्थ पणिडत हरि सिहस्येयं संमतिः,** ਸ੍ਰੀ ਭਾਈ ਪ੍ਰੇਮ ਸਿੰਘ ਤਥਾ ਨਿਹਾਲ ਸਿੰਘਾਦਿ, ਸ੍ਰੀ ਠਾਕੁਰ ਖੁਦਾ ਸਿੰਘ ਜੀ ਦਾਸਾਨੁ ਦਾਸ ਲਾਹੌਰ।

ਸਾਰੇ ਨਿਰਮਲ ਭੇਖ ਨੇ ਸ੍ਰੀ ਮਹੰਤ ਜੀ ਮਹਾਰਾਜ ਦੇ ਵਿਚਾਰਾਂ ਦਾ ਇਕ ਮੱਤ ਸਮਰਥਨ ਕੀਤਾ। ਭੇਖ ਦੀ ਸੰਮਤੀ ਨੂੰ ਪ੍ਰਾਪਤ ਕਰਕੇ ਸ੍ਰੀ ਮਹੰਤ ਜੀ ਮਹਾਰਾਜ ਹੋਰ ਵੀ ਦ੍ਰਿੜ੍ਹ ਅਤੇ ਨਿਸ਼ਚਿੰਤ ਹੋ ਗਏ।

ਮਹਾਰਾਜਾ ਹੀਰਾ ਸਿੰਘ ਜੀ ਸੋਚਦੇ ਸਨ ਕਿ ਨਿਰਮਲ ਅਖਾੜਾ ਅਤੇ ਸਾਰਾ ਭੇਖ ਕੁੰਭ ਪਰਵ ਉਪਰ ਸ੍ਰੀ ਮਹੰਤ ਜੀ ਮਹਾਰਾਜ ਨੂੰ ਸਮਝਾਕੇ ਮੇਰੇ ਵਿਚਾਰਾਂ ਅਨੁਸਾਰ ਕੋਈ ਨਿਰਣੈ ਕਰੇਗਾ; ਪਰ ਉਪਰਲਾ ਪ੍ਰਸਤਾਵ ਪਾਸ ਹੋਇਆ

ਸੁਣਕੇ ਮਹਾਰਾਜਾ ਨਿਰਾਸ਼ ਹੋ ਗਿਆ। ਇਹ ਮਹਾਰਾਜਾ ਅਜੀਬ ਕਿਸਮ ਦੇ ਸੁਭਾਅ ਦਾ ਮਾਲਕ ਸੀ। ਫਿਰ ਲਿਖਾ-ਪੜ੍ਹੀ ਆਰੰਭ ਕਰ ਦਿੱਤੀ ਪਰ ਦੋਨਾਂ ਪਾਸਿਆਂ ਤੋਂ ਕਿਸੇ ਦੇ ਖਿਆਲਾਂ ਵਿਚ ਕੋਈ ਤਬਦੀਲੀ ਨਾ ਆਈ। ਮਹਾਰਾਜੇ ਨੇ ਕੁਝ ਹੋਰ ਰੰਜਸ਼ ਮੰਨਕੇ ਦੂਸਰੀਆਂ ਦੋਨ੍ਹਾਂ ਰਿਆਸਤਾਂ (ਪਟਿਆਲਾ ਅਤੇ ਜੀਂਦ) ਨੂੰ ਸ੍ਰੀ ਮਹੰਤ ਜੀ ਦੀ ਬੇਪ੍ਰਵਾਹੀ ਬਾਰੇ ਲਿਖਿਆ; ਪਰ ਦੂਸਰੀਆਂ ਦੋਹਾਂ ਰਿਆਸਤਾਂ ਦੇ ਮਹਾਰਾਜਿਆਂ ਨੇ ਇਸ ਸਬੰਧੀ ਕੋਈ ਰੁਚੀ ਨਾ ਲਈ। ਉਨ੍ਹਾਂ ਇਹ ਸੋਚਿਆ ਕਿ ਵੱਡੇ ਮਹਾਰਾਜੇ ਆਪਣੀ ਇੱਛਾ ਅਨੁਸਾਰ ਜੋ ਪੁੰਨਿ ਧਰਮ ਕਰ ਗਏ ਹਨ, ਸਾਨੂੰ ਉਸ ਧਰਮ ਵਿਚ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ ਬਲਕਿ ਅਸੀਂ ਵਡਿਆਂ ਦੇ ਲਿਖਤੀ 'ਦਸਤੂਰੁਲ ਅਮਲ' ਅਨੁਸਾਰ ਵਰਤਾਉ ਕਰਾਂਗੇ। ਇਸੇ ਕਰਕੇ ਸੰਮਤ ੧੯੪੩ (੧੮੮੬ ਈ:) ਦਾ ਚਤਰਮਾਸਾ ਪਟਿਆਲੇ ਵਿਚ ਉਤਸ਼ਾਹ ਅਤੇ ਧੂਮ-ਧਾਮ ਨਾਲ ਲਗਿਆ। ਇਸ ਸਮੇਂ ਪਟਿਆਲੇ ਵਿਚ ਬਣੀ ਕੌਂਸਲ ਆਫ ਰੇਜ਼ੀਡੈਂਸੀ ਦੇ ਪ੍ਰੈਜ਼ੀਡੈਂਟ ਸ੍. ਦੇਵਾ ਸਿੰਘ ਜੀ ਸਨ। ਇਸ ਸਮੇਂ ਪੁਰਾਣੀ ਲਿਖਤ ਅਨੁਸਾਰ ਰਮਤ ਅਖਾੜੇ ਦਾ ਯਥਾ ਯੋਗ ਪੂਜਾ ਸਤਿਕਾਰ ਹੋਇਆ ਸੀ।

ਇਸ ਚਤਰ ਮਾਸੇ ਦੇ ਲਗਣ ਕਾਰਣ ਹਜ਼ੂਰ ਸਾਹਿਬ ਵਾਲੇ ਅਤੇ ਅਨਜ ਪੁਜਾਰੀਆਂ ਨੇ ਫਿਰ ਵਿਰੋਧ ਆਰੰਭ ਕਰ ਦਿਤਾ। ਇਸ ਸਾਲ ਨਿਰਮਲ ਪੰਥ ਦੇ ਵਿਰੋਧ ਵਿਚ ਜ਼ਹਿਰੀਲਾ ਪ੍ਰਚਾਰ ਚਲਿਆ। ਨਿਰਮਲੇ ਸੰਤ ਧੀਰਜ ਅਤੇ ਸੰਤੋਖ ਨਾਲ ਚੁੱਪ ਰਹੇ। ਇਸ ਸਮੇਂ ਨਿਰਮਲੇ ਸੰਤਾਂ ਦੀ ਸੇਵਾ, ਵਿਦਵਤਾ, ਘਾਲਣਾ ਅਤੇ ਪੁਰਾਤਨ ਮਰਯਾਦਾ ਨੂੰ ਸਮਝਣ ਵਾਲੇ ਵਿਅਕਤੀ ਪੂਰਨ ਹਮਦਰਦੀ ਕਰਦੇ ਰਹੇ। ਅਸੀਂ ਇਕ ਉਦਾਸੀਨ ਮਹਾਤਮਾ ਸ੍ਰੀਮਾਨ ਸੰਤ ਟਹਿਲ ਦਾਸ ਜੀ ਦਾ ਛਾਪਿਆ ਹੋਇਆ ਵਿਗਿਆਪਨ ਪਾਠਕਾਂ ਦੇ ਲਾਭਅਰਥ ਅੰਕਿਤ ਕਰਦੇ ਹਾਂ ਜੋ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਦੇ ਰਿਕਾਰਡ ਵਿਚ ਸੁਰੱਖਿਅਤ ਹੈ।

## ਵਿਗਯਾਪਨ-ਸੱਚਾ ਹਵਾਲ ਮਾਲੂਮ ਹੋਵੇ, ਪੰਥ ਖਾਲਸੇ ਪ੍ਰਤਿ

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੂ ਦਸੋਂ ਪਾਤਸ਼ਾਹੀ ਜੀ ਕੇ ਉਪਦੇਸ਼ੀ ਸਰਬ ਸਵਜਨੋਂ ਕੋ ਮਲੂਮ ਹੋਵੇ ਜੋ ਦਸ ਬਾਰਾਂ ਬਰਸਾਂ ਤੇ ਨਿਰਮਲੇ ਨਿਹੰਗੋਂ ਸੰਬਾਦ ਪਾਨੀ ਬਿਲੋਵਨਾ ਹੋ ਰਿਹਾ ਹੈ, ਸਚੁ ਸਚੁ ਨਹੀਂ ਜ਼ਾਹਰ ਕਰਤੇ, ਮਨ ਭਾਏ ਪਟਾਕੇ ਚਲਾ ਰਹੇ ਹੈਂ। ਇਸ ਵਾਸਤੇ ਮੈਂ ਟਹਿਲ ਦਾਸ ਮਸ਼ਹੂਰ ਠਾਕੁਰ ਦਾਸ ਉਦਾਸੀ ਸਾਧ ਪਛ ਪਾਤ ਛੋਡਕੇ ਸਹੀ ਸਹੀ ਜਾਹਰ ਕਰਤਾ ਹੂੰ ਕਿਉਂਕਿ ਇਹ ਵਾਰਦਾਤ ਸਭ ਮੇਰੇ ਸਾਹਮਣੇ ਹੋਈ ਹੈ।

ਅਰਸਾ ਬੀਸ ਬਰਸ ਸੇ ਮੈਂ ਸ੍ਰੀ ਅਬਿਚਲ ਨਗਰ ਸ਼ਹਿਰ ਨਾਂਦੇੜ ਕਬੀ ਕਬੀ ਹੈਦਰਾਬਾਦ ਰਹਿਤਾ ਹੂੰ। ਸਭ ਸਿੰਘ ਮੈਨੂੰ ਜਾਨਤੇ ਹੈਂ। ਜਬ ਸੰਮਤ ੧੯੩੦ ਕਾ ਚਤੁਰਮਾਸਾ ਹੈਦਰਾਬਾਦ ਕਰਕੇ ਨਿਰਮਲੇ ਸੰਤੋਂ ਕਾ ਅਖਾੜਾ ਹਜ਼ੂਰ ਸਾਹਿਬ ਕੇ ਪੁਜਾਰੀ ਨਿਹੰਗੋਂ ਕੇ ਮਾਰ ਬੁਕਾਰੇ ਸੁਨ ਕਰ ਦੂਰ ਦੂਰ ਚਲਾ ਗਿਆ ਔਰ ਬੁਰਹਾਨਪੁਰ ਪਹੁੰਚ ਗਿਆ, ਪੀਛੇ ਪੁਜਾਰੀਓਂ ਕੋ ਸਭ ਖਾਲਸੇ ਨੇ ਕਹਾ, ਤੁਮ ਨੇ ਹਛਾ ਨਹੀਂ ਕੀਆ। ਸਾਧੋਂ ਕੋ ਦਰਬਾਰ ਸਾਹਿਬ ਆਵਨੇ ਤੇ ਡਰਾਇ ਦੀਆ। ਉਸੀ ਵਕਤ ਪੁਜਾਰੀਓਂ ਨੇ ਹੁਕਮਨਾਮਾ ਮੋਹਰ ਲਗਾਕੇ ਔਰ ਬਿਸ਼ਨ ਸਿੰਘ ਸੇਵਾ ਸਿੰਘ ਕੋ ਦੇਕਰ ਅਖਾੜੇ ਪਾਸ ਭੇਜੇ। ਜਿਸੇ ਮਾਨ ਕਰ ਅਖਾੜੇ ਵਾਲੇ ਡੇਢ ਸੌ ਕੋਸ ਫਿਰ ਮੁੜਕੇ ਹਜ਼ੂਰ ਸਾਹਿਬ ਆ ਗਏ। ਉਸ ਦਿਨ ਤਮਾਮ ਖਾਲਸਾ ਜੀ ਵਡੇ ਛੋਟੇ ਪੁਜਾਰੀ ਸਭ ਆਗੇ ਲੈਨੇ ਗਏ। ਬੜੀ ਧੂਮ ਧਾਮ ਸੇ ਅਖਾੜੇ ਕੋ ਇਜ਼ਤ ਆਦਰ ਕੇ ਸਾਥ ਲਿਆ ਕਰ ਉਤਾਰਾ।

ਗੁਰਦੁਆਰੇ ਮੈਂ ਹਮੇਸ਼ਾਂ ਹੀ ਖਾਲਸੇ ਕੇ ਦੋ ਤੀਨ ਧੜੇ ਬਨੇ ਰਹਿਤੇ ਹੈਂ। ਜੋ ਲੋਗ ਅਖਾੜੇ ਕੋ ਲਿਆਵਨ ਮੈਂ ਅਗਵਾਨੀ ਥੇ ਦੂਸਰੇ ਧੜੇ ਵਾਲੇ ਉਨ ਪਰ ਰਿਸ਼ਵਤ ਕਾ ਇਲਜ਼ਾਮ ਦੇਕਰ ਆਪਸ ਮੇਂ ਝਗੜਾ ਬਢਾਨੇ ਲਗੇ। ਏਕ ਦੂਸਰੇ ਕੋ ਝੂਠ ਹੀ ਕਹਿਤਾ ਥਾ। ਸਾਧੋਂ ਨੇ ਕਿਸੀ ਕੋ ਕੁਛ ਨਹੀਂ ਦੀਆ ਥਾ। ਇਹ ਝਗੜਾ ਪੁਜਾਰੀਓਂ ਮੈਂ ਹੋਤਾ ਰਹਾ। ਸਾਧੋਂ ਕੋ ਆਜ ਕਲ ਕਰਤੇ ਰਹੇ। ਇਸੀ ਮੈਂ ਮਹਾਰਾਜੇ ਪਟਿਆਲੇ, ਨਾਭੇ, ਜੀਂਦ ਕੇ ਭੀ ਮਾਤਬਰ ਉਹਾਂ ਪਹੁੰਚੇ, ਪਰ ਕੁਛ ਪੇਸ਼ ਨਾ ਗਈ। ਇਸ ਤਰ੍ਹਾਂ ਏਕ ਬਰਸ ਗੁਜ਼ਰ ਗਿਆ। ਜਬ ਨਿਰਮਲੇ ਤੁਰਨੇ ਕੋ ਤਿਆਰ ਹੋਤੇ ਥੇ ਪੁਜਾਰੀ ਅਰਦਾਸ ਕਰ ਦੇਨੇ ਕਾ ਇਕਰਾਰ ਕਰਕੇ ਰੋਕ ਲੇਤੇ ਰਹੇ। ਆਖਰ ਸੰਮਤ ੧੯੩੨ ਜੇਠ ਸੁਦੀ ੭[1] ਸਤ ਕੋ ਬੜੇ ਪੁਜਾਰੀਓਂ ਨੇ ਸਾਧੋਂ ਪਾਸ ਦਰਬਾਰ ਸਾਹਿਬ ਕਾ ਚੋਬਦਾਰ ਤਾਰਾ ਸਿੰਘ ਸੰਝ ਕੇ ਵਕਤ ਭੇਜਕੇ ਨਿਓਂਤਾ ਦੀਆ ਕਿ ਤੁਮ ਸਵੇਰੇ ਤਯਾਰ ਰਹਿਨਾ। ਪਾਂਚ ਬਜੇ ਆਓ, ਦਰਸ਼ਨ ਕਰੋ, ਅਰਦਾਸ ਕਰਾਓ, ਭੰਡਾਰਾ ਲੇਵੋ ਦੇਵੋ।

ਅੰਮ੍ਰਿਤ ਵੇਲੇ ਪੁਜਾਰੀ ਹਰੀ ਸਿੰਘ ਸੁਖਈ, ਖੁਸ਼ਾਲ ਸਿੰਘ ਮਝੈਲ, ਬਿਸ਼ਨ ਸਿੰਘ, ਪ੍ਰੇਮ ਸਿੰਘ ਆਦਰ ਸਮੇਤ ਚਾਲੀਸ ਸਿੰਘੋਂ ਕੇ ਜਾਇਕੇ ਡੇਰੇ ਸੇ ਸਾਧੋਂ ਕੋ ਲੇ ਆਏ। ੪੧ ਸਾਧੂ ਆਏ, ਸਫੈਦ ਬਸਤ੍ਰ ਸਮੇਤ ਕੱਛਾ ਕੇ ਥੇ। ਉਪਰ ਤਖਤ ਹਜ਼ੂਰ ਸਾਹਿਬ ਕੇ ਬਿਠਾਇ ਗਏ। ਅੰਦਰ ਪੁਜਾਰੀ ਦੇਵਾ ਸਿੰਘ ਥਾ। ਇਤਨੇ ਮੈਂ ਨਰੈਣ ਸਿੰਘ ਪੁਜਾਰੀ ਬਾਹਰ ਕਾ, ਹਰਸਾ ਸਿੰਘ ਲਾਂਗਰੀ ਆ ਗਏ, ਜਬ ਪ੍ਰਸਾਦ ਕੋ ਤੀਰ ਲਗਾਵਨੇ ਵਾਸਤੇ ਅਰਦਾਸਾ ਕਰਨੇ ਕੋ ਖੜਾ ਹੂਆ ਤੋਂ ਨਰੈਣ ਸਿੰਘ ਵਗੈਰਾ ਨੇ ਕਹਾ ਕਿ ਤਨਖਾਹ ਕੀ ਜਗ੍ਹਾ ਸਾਧ ਕਿਉਂ ਨਹੀਂ ਖੜੇ ਕੀਏ। ਤਖਤ ਪਰ ਪਹਿਲੇ ਹੀ ਕਾਹੇ ਕੋ ਬੈਠਾ ਲੀਏ। ਹਰੀ ਸਿੰਘ ਵਗੈਰਾ ਨੇ ਹਠ ਕੀਆ ਅਬ ਤੋਂ ਬੈਠ ਗਏ ਨਾਲੇ ਸੰਤੋਂ ਕੋ ਤਨਖਾਹ ਨਹੀਂ ਹੋਤੀ। ਇਸੀ ਬਾਤ ਪਰ ਆਪਸ ਮੇਂ ਬਹੁਤ ਬਹਿਸ ਹੋ ਕਰ ਗਾਲੀ ਦੇਨੇ ਲਗੇ, ਤਲਵਾਰ ਖੈਂਚ ਲਈ ਰੌਲਾ ਪੜ ਗਿਆ। ਏਕ ਨਿਹੰਗ ਨੇ ਬੰਦੂਕ ਹਰੀ ਸਿੰਘ ਕੋ ਮਾਰੀ। ਸੋ ਤੋ ਬਚ ਗਿਆ, ਪਾਸ ਸਿਪਾਹੀ ਥਾ ਉਸ ਕੇ ਲਗੀ, ਸੋ ਮਰ ਗਿਆ। ਬੰਦੂਕ ਚਲਨੇ ਪਰ ਅਤੇ ਖੂਨ ਹੋਨੇ ਪਰ ਕਰਤਾਰ ਸਿੰਘ ਕੂਕੇ ਨੇ ਜੋ ਪਹਿਲੇ ਭੀ ਗਾਲੀ ਦੇ ਰਹਾ ਥਾ ਬਢੀ ਧੌਂਸ ਬਜਾ ਦਈ, ਔਰ ਊਚੇ ਪੁਕਾਰਨੇ ਲਗਾ। ਨਿਰਮਲੇ ਜਬਰਨ ਤਖਤ ਪਰ ਦਰਬਾਰ ਲੂਟਨੇ ਕੋ ਆ ਚੜ੍ਹੇ ਹੈਂ।

ਫਿਰ ਤੋ ਨੌਬਤ ਸੁਨਤੇ ਹੀ ਜੋ ਨਿਸ਼ਾਨੀ ਜੰਗ ਕੀ ਥੀ ਛੇ ਸਾਤ ਸੌ ਸਿੰਘ ਪਿੰਡ ਮੈਂ ਸੇ ਸ਼ਸਤ੍ਰ ਲੇ ਕਰ ਦੌੜੇ ਆਏ। ਕਿਸੀ ਨੇ ਕੋਈ ਦਰਿਆਫਤ ਨਾ ਕੀਤੀ ਸਾਧੋਂ ਪਰ ਹਲਾ ਕਰ ਦੀਆ। ਸਾਧ ਬਹੁਤ ਹੀ ਕਹਿ ਰਹੇ ਕਿ ਹਮ ਬੁਲਾਏ ਆਏ ਹੈਂ। ਜੋ ਤੁਮ ਕਹੋ ਹਮ ਮਾਨਤੇ ਹੈਂ, ਮਾਰੋ ਨਹੀਂ। ਕਿਸੀ ਨੇ ਨਾ ਸੁਨਾ। ਆਠ ਨੌ ਸਾਧ ਜਖਮੀ ਕਰ ਦੀਏ, ਸਭ ਖਾਲੀ ਹਾਥ ਖੜੇ ਥੇ, ਮਾਰ ਕੂਟ ਬਾਹਰ ਨਿਕਾਲ ਦੀਏ। ਕੋਠੋਂ ਪਰ ਸੇ ਔਰਤੋਂ ਤਕ ਨੇ ਭੀ ਪੱਥਰ ਬਰਸਾਏ। ਇਤਨੇ ਮੈਂ ਫੌਜ ਲੈਕੇ ਤਅੱਲੁਕਦਾਰ ਆ ਪਹੁੰਚਾ। ਸਭ ਕੋ ਗ੍ਰਿਫਤਾਰ ਕਰ ਲੀਆ। ਜਖਮੀ ਡਾਕਟਰ ਕੇ ਸਪੁਰਦ ਹੁਏ। ਬਾਅਦ ਤਹਿਕੀਕਾਤ ਆਠ ਨਿਹੰਗ ਜਿਨ੍ਹੋਂ ਕੇ ਨਾਮ ਪੁਜਾਰੀਓਂ ਨੇ ਲਿਖਾਏ ਥੇ ਉਹ ਕੈਦ ਹੋਇ, ਸਾਧ ਬਰੀ ਕੀਏ ਗਏ, ਬਲਕਿ ਸਾਧੋਂ ਨੇ ਕਿਸੀ ਮਾਰਨੇ ਵਾਲੇ ਕਾ ਨਾਮ ਨਹੀਂ ਲੀਆ। ਇਹੀ ਇਜ਼ਹਾਰ ਦੇਤੇ ਰਹੇ ਕਿ ਹਮਾਰੇ ਕਰਮੋਂ ਨੇ ਹਮ ਕੋ ਮਾਰਾ ਹੈ।

ਫਿਰ ਜਿਸ ਧੜੇ ਕੇ ਕੈਦ ਹੁਏ ਥੇ ਵੋਹੁ ਝੂਠੀ ਸਚੀ ਚਿੱਠੀਆਂ ਪੰਜਾਬ ਕੋ ਭੇਜਨੇ ਲਗੇ। ਮੋਹਰ ਭੀ ਉਨ ਕੇ ਪਾਸ ਲਗਾਨੇ ਕੀ ਥੀ ਔਰ ਸਾਤ ਮਹੀਨੇ ਤਕ ਬਾਦ ਦੰਗੇ ਕੇ ਫਿਰ ਭੀ ਸਾਧੋਂ ਕੋ ਪੁਜਾਰੀਓਂ ਨੇ ਅਜ ਕਲ ਅਰਦਾਸ ਕਰ

*੧. ਵਹੀਆਂ ਵਿਚ ਹੋਰ ਤਾਰੀਖ ਲਿਖੀ ਹੈ।*

ਦੇਨੇ ਕੇ ਇਕਰਾਰ ਪਰ ਬੈਠਾ ਰਖਾ। ਰਿਸ਼ਵਤ ਮਾਂਗਤੇ ਰਹੇ। ਹਰ ਇਕ ਹਜ਼ਾਰੋਂ ਤਕ ਮਾਂਗਤਾ ਥਾ। ਅੰਤ ਨੂੰ ਮਘਰ ਸੁਧੀ ਪੰਚਮੀ ਕੋ ਸਾਧੂ ਵਹਾਂ ਸੇ ਕੂਚ ਕਰ ਕੇ ਪੰਜਾਬ ਕੋ ਚਲੇ ਆਏ। ਉਸ ਦੰਗੇ ਮੇਂ ਦਰਬਾਰ ਸਾਹਿਬ ਚਾਰ ਪਹਿਰ ਬੰਦ ਰਹਾ ਥਾ, ਸੰਝ ਕੋ ਪੂਜਾ ਹੋ ਗਈ ਥੀ, ਜੋ ਉਨ੍ਹੋ ਨੇ ਚਿੱਠੀਆਂ ਮੈਂ ਬਹੁਤ ਬਹੁਤ ਦਿਨ ਲਿਖੇ ਸੋ ਝੂਠ। ਅਲਬੱਤਾ ਜਬ ਸੰਮਤ ੧੯੩੪ ਮੈਂ ਫੇਰ ਆਪਸ ਮੈਂ ਪੁਜਾਰੀ ਲੜੇ, ਚਾਰ ਖੂਨ ਹੂਏ ਤਦੋਂ ੬੧ ਦਿਨ, ਦੂਸਰੀ ਵਾਰੀ ੧੩ ਦਿਨ ਬਾਰ ਬੰਦ ਰਹਿਆ ਔਰ ਜੋ ਚਿਠੀਓਂ ਮੈਂ ਪਾਂਚ ਸੌ ਅਰਬ ਤੁਰਕ ਕਿਸੀ ਮੈਂ ਸਾਤ ਸੌ ਨੌਕਰ ਰਖਨਾ ਨਿਰਮਲੋਂ ਕੇ ਬਾਬਤ ਲਿਖਾ ਹੈ ਸੋ ਸੌਲਾਂ ਆਨੇ ਝੂਠ ਹੈ। ਏਕ ਭੀ ਨੌਕਰ ਨਹੀਂ ਰਖਿਆ ਗਿਆ।

ਹਮ ਨੇ ਆਪਣੀ ਆਂਖ ਸੇ ਦੇਖਾ ਸੋ ਸੰਛੇਪ ਤੇ ਲਿਖਾ ਹੈ। ਵਿਸਥਾਰ ਸੇ ਕੋਈ ਜਵਾਬ ਚਾਹੇ ਤੋ ਸ੍ਰੀ ਅੰਮ੍ਰਿਤਸਰ ਬਾਲਾਨੰਦ ਕੇ ਅਖਾੜੇ ਮੈਂ ਬਿਸੰਭਰ ਪ੍ਰਸਾਦ ਮਹੰਤ ਕੀ ਮਾਹਰਫਤ ਮੇਰੇ ਪਾਸ ਚਿੱਠੀ ਭੇਜੇ। ਬਖੂਬੀ ਜਬਾਬ ਦੂੰਗਾ। ਅਫਸੋਸ ਹੈ ਸਿੰਘੋਂ ਕੀ ਅਕਲ ਪਰ ਜਿਹਨੋਂ ਨੇ ਸੱਚ ਝੂਠ ਕੁਛ ਨਹੀਂ ਵਿਚਾਰਿਆਂ। ਐਸੇ ਵਡੇ ਵਿਦਵਾਨ ਸੰਤੋਂ ਕੇ ਸਾਥ ਜਿਨ੍ਹੋਂ ਨੇ ਵਿਦਿਆ ਕੇ ਬਲ ਸੇ ਬਦੇਸੋਂ ਮੈਂ ਸੂਰਜ ਕੀ ਤਰ੍ਹਾਂ ਸਿੰਘ ਪੰਥ ਕੋ ਰੌਸ਼ਨ ਕਰ ਰਖਾ ਹੈ, ਉਨ ਕੀ ਅਰਦਾਸ ਬੰਦ ਕਰਨੀ, ਔਰ ਬਿਵਾਦ ਕਰਨਾ ਭਾਰੀ ਅਨਿਆਏ ਹੈ। ਐਸੇ ਬੇ-ਇਨਸਾਫ ਪੰਥ ਕੇ ਪੁਜਾਰੀਓਂ ਕਾ ਕਬ ਭਲਾ ਹੋਗਾ, ਜਿਨ੍ਹੋਂ ਨੇ ਝੂਠਾ ਹੀ ਵਿਰੋਧ ਡਾਲ ਰਖਾ ਹੈ।

ਹਮ ਉਦਾਸੀ ਲੋਕ ਨਿਰਮਲਿਓਂ ਸੇ ਵਿਰੋਧ ਰਖੇ ਤੋਂ ਰਖੇਂ ਕਿਉਂਕਿ ਇਨ੍ਹੋਂ ਨੇ ਸਿੰਘੋਂ ਕੇ ਪੁਤਰਾਂ ਕੋ ਉਦਾਸੀ ਹੋਨੇ ਤੇ ਰੋਕ ਲੀਆ, ਕੇਸਾਂ ਕੀ ਰਖਿਆ ਕਰ ਦਈ। ਬਹੁਤ ਹੀ ਅਖਬਾਰ ਇਸ਼ਤਿਹਾਰ ਛਪੇ ਹੂਏ ਪੁਜਾਰੀਓਂ ਕੀ ਤਰਫੋਂ ਮਾਹਰਫਤ ਦੂਲਾ ਸਿੰਘ ਕੇ ਹਮਾਰੇ ਪਾਸ ਦਖਨ ਮੇਂ ਪਹੁੰਚੇ ਹੈਂ ਜਿਨ੍ਹੋਂ ਮੈਂ ਨਿਰਮਲੇ ਸਾਧੋਂ ਕੀ ਬਿਲਕੁਲ ਅਨਹੋਈ ਨਿੰਦਾ ਲਿਖੀ ਹੈ, ਪਰੰਤੂ ਨਿਰਮਲਿਓਂ ਨੇ ਪਤ੍ਰ ਜਬਾਬੀ ਨਹੀਂ ਪਾਯਾ ਐਸੇ ਸਬਰ ਕੀਆ ਜੋ ਸਚ ਕੋ ਭੀ ਜ਼ਾਹਰ ਨਹੀਂ ਕੀਆ। ਇਸ ਵਾਸਤੇ ਮੈਂ ਸਹੀ ਸਹੀ ਬਾਤ ਕਾ ਇਸ਼ਤਿਹਾਰ ਸਜਣੋਂ ਕੋ ਨਿਸਚਾ ਕਰਾਵਨੇ ਕੇ ਵਾਸਤੇ ਦੇਤਾ ਹੂੰ। ਫਕਤ ਪੰਥ ਖਾਲਸਾ ਸਚ ਝੂਠ ਨ ਨਿਤਾਰੇਗਾ ਤੋ ਅਨਿਆਈ ਠਹਿਰੇਗਾ।

ਦਸਤਖਤ ਟਹਿਲ ਦਾਸ ਦਖਣੀ
ਅੰਮ੍ਰਿਤਸਰ ਅਖਾੜਾ ਬਾਲਾ ਨੰਦ ਜੀ ਕਾ, ਕਟੜਾ
ਰਾਮਗੜ੍ਹੀਆਂ, ਅਸੂ ੨੯ ਸੰਮਤ ੧੯੪੪
ਸਾਲ ਸ੍ਰੀ ਗੁਰੂ ਨਾਨਕ ਸਾਹਿਬ ਜੀ ਕਾ ੪੧੮
(ਮਤਬੂਆ ਚਸ਼ਮੇ ਨੂਰ ਪ੍ਰੈਸ ਅੰਮ੍ਰਿਤਸਰ)

ਮਹਾਰਾਜਾ ਹੀਰਾ ਸਿੰਘ ਜੀ ਨੇ ਇਕ ਪਤ੍ਰਕਾ ਲਿਖਕੇ ਆਪਣੇ ਅਹਿਲਕਾਰਾਂ ਨੂੰ ਹਰਿਦ੍ਵਾਰ (ਕਨਖਲ) ਸ੍ਰੀ ਮਹੰਤ ਜੀ ਮਹਾਰਾਜ ਕੋਲ ਭੇਜਿਆ ਜਿਨ੍ਹਾਂ ਨੇ ਅਖਾੜੇ ਦੇ ਸਤਿਕਾਰ ਸਨਮਾਨ ਨੂੰ ਨ ਸਮਝਦਿਆਂ ਹੋਇਆ ਅਪਮਾਨ ਜਨਕ ਸ਼ਬਦਾਂ ਵਿਚ ਪੂਜਯ ਸ੍ਰੀ ਮਹੰਤ ਜੀ ਨੂੰ ਆਖਿਆ ਕਿ, 'ਅਸੀਂ ਅਖਾੜੇ ਦਾ ਪਿਛਲਾ ਹਿਸਾਬ ਪੜਤਾਲਣ/ਵੇਖਣ ਵਾਸਤੇ ਆਏ ਹਾਂ।'

ਸ੍ਰੀ ਮਹੰਤ ਜੀ ਮਹਾਰਾਜ ਨੇ ਸ਼ਾਂਤ ਭਾਵ ਨਾਲ ਫਰਮਾਇਆ, 'ਜੇਕਰ ਹਿਸਾਬ ਲੈਣਾ ਹੈ ਤਾਂ ਕਨਖਲ ਦੇ ਭੰਗੀਆਂ ਤੋਂ ਮੰਗੋ।' (ਸ੍ਰੀ ਮਹੰਤ ਜੀ ਦਾ ਭਾਵ ਸੀ ਨਿਰਮਲ ਪੰਚਾਇਤੀ ਅਖਾੜੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਮਹੰਤ, ਸੰਤ, ਪ੍ਰੇਮੀ ਆਉਂਦੇ ਹਨ ਅਤੇ ਲੰਗਰ ਛਕਦੇ ਹਨ।) ਇਹ ਸੁਣਕੇ ਰਾਜਕੀਯ ਕਰਮਚਾਰੀ ਨਾਰਾਜ ਹੋਏ। ਤੁਰਨ ਸਮੇਂ ਮਹਾਰਾਜਾ ਸਾਹਿਬ ਦੀ ਪਤ੍ਰਕਾ ਸ੍ਰੀ ਮਹੰਤ ਜੀ ਮਹਾਰਾਜ ਨੂੰ ਦਿਤੀ ਜਿਸ ਵਿਚ ਲਿਖਿਆ ਸੀ,

'ਅਖਾੜੇ ਦਾ ਅਪਮਾਨ ਹੋ ਰਿਹਾ ਹੈ। ਆਪ ਜੀ ਨੂੰ ਵਡੇ ਸ੍ਰੀ ਮਹੰਤ ਜੀ ਮਹਾਰਾਜ ਦੇ ਸਿਧਾਂਤ/ਮਰਯਾਦਾ ਅਨੁਸਾਰ ਚਲ ਕੇ ਸਤਿਕਾਰ/ਰਸੂਖ ਵਧਾਉਣਾ ਚਾਹੀਦਾ ਹੈ। ਜੇਕਰ ਆਪਣੇ ਵਿਚਾਰਾਂ ਨੂੰ ਨਹੀਂ ਬਦਲੋਗੇ। ਰਹਿਤ ਨਹੀਂ ਰਖੋਗੇ ਤਾਂ ਰਿਆਸਤ ਵਲੋਂ ਮਿਲ ਰਹੀ ਮੁਆਫੀ ਮੈਨੂੰ ਰੋਕਣੀ ਪਵੇਗੀ।' ਸ੍ਰੀ ਮਹੰਤ ਜੀ ਮਹਾਰਾਜ ਨੇ ਮਹਾਰਾਜੇ ਦੀ ਇਹ ਪਤ੍ਰਕਾ ਪੜ੍ਹਕੇ ਆਪਣੀ ਵਲੋਂ ਹੇਠ ਲਿਖੀ ਪੱਤ੍ਰਕਾ ਕਰਮਚਾਰੀਆਂ ਰਾਹੀਂ ਮਹਾਰਾਜਾ ਸਾਹਿਬ ਨੂੰ ਭੇਜ ਦਿਤੀ।

ੴ ਸਤਿਗੁਰ ਪ੍ਰਸਾਦਿ ॥

ਸ੍ਵਸ੍ਤੀ ਸ੍ਰੀ ਸਰਬੋਪਮਾ ਜੋਗ ਸਤਿਗੁਰ ਪ੍ਰੀਤਵਾਨ ਰਾਜਾ ਸਾਹਿਬ ਹੀਰਾ ਸਿੰਘ ਜੀ ਪ੍ਰਤਿ ਸਰਬ ਸਾਧੂ ਸਮਾਜ ਕੀ ਤਰਫ ਸੇ ਸ੍ਰੀ ਵਾਹਿਗੁਰੂ ਜੀ ਕੀ ਖੁਸ਼ੀ ਪਹੁੰਚੇ ਸਾਥ ਰਾਜ ਪਰਿਵਾਰ ਕੇ। ਆਗੇ ਜਿਸ ਰੋਜ਼ ਸੇ ਅਖਾੜਾ ਹੂਆ ਹੈ ਤਿਸ ਰੋਜ ਸੇ ਮਰਯਾਦਾ ਜੋ ਅਖਾੜੇ ਮੇਂ ਸ੍ਰੀ ਮਹੰਤ ਮਹਿਤਾਬ ਸਿੰਘ ਜੀ ਕੇ ਬਖਤ ਸੇ ਬਨੀ ਹੈ। ਅਬ ਬੀ ਸੋਈ ਬਰਤਮਾਨ ਹੈ। ਹੋਰ ਨਵਾਂ ਜੋ ਕਿਛੁ ਕਰੋਗੇ ਇਸ ਲੋਕ ਕੇ ਜਾਨਣੇ ਵਾਲੇ ਬਿਰਧੋਂ ਕੀ ਸਲਾਹ ਸੇ ਹੀ ਕਰੋਗੇ ਜੋ ਆਪ ਕੀ ਚਿਤ ਮੈਂ ਸਲਾਹ ਠੀਕ ਹੈ ਸੋਈ ਰਾਮ ਸਿੰਘ ਕੁਵੇਰ ਵਾਲੇ ਕੀ ਸਮਝੋ।

(ਮਾਘ ਬਦੀ ੧੪ ਸਾਲ ੧੯੪੪)

ਕਰਮਚਾਰੀਆਂ ਨੇ ਨਾਭੇ ਪਹੁੰਚਕੇ ਮਹਾਰਾਜਾ ਸਾਹਿਬ ਨੂੰ ਪਤ੍ਰਕਾ ਦੇ ਦਿਤੀ। ਸ੍ਰੀ ਮਹੰਤ ਜੀ ਮਹਾਰਾਜ ਦੇ ਬੇ-ਪ੍ਰਵਾਹੀ ਦੇ ਬਚਨ ਵੀ ਸੁਣਾ ਦਿਤੇ। ਮਹਾਰਾਜਾ ਬੜਾ ਪਰੇਸ਼ਾਨ ਹੋਇਆ ਕਿ ਮੈਂ ਕਿਹੋ ਜੇਹੇ ਸ੍ਰੀ ਮਹੰਤ ਨਾਲ ਮਥਾ ਲਾ ਬੈਠਾ ਹਾਂ, ਜੋ ਹਰ ਵਾਰ ਦ੍ਰਿੜ੍ਹਤਾ ਨਾਲ ਜਵਾਬ ਦਿੰਦਾ ਹੈ। ਇਸ ਵਾਸਤੇ ੬ ਮਹੀਨੇ ਬਾਅਦ ਵਿਚ ਪਤ੍ਰਕਾ ਲਿਖਕੇ ਭੇਜੀ ਜਿਸ ਵਿਚ ਮਹਾਰਾਜੇ ਨੇ ਲਿਖਿਆ ਕਿ, 'ਰਿਆਸਤ ਵਲੋਂ ਮਿਲ ਰਹੀ ਮੁਆਫੀ ਬੰਦ ਕਰ ਦਿਤੀ ਗਈ ਹੈ ਜੋ ਆਪ ਜੀ ਦੇ ਬੈਕੁੰਠ ਗਮਨ ਕਰ ਜਾਣ ਤੋਂ ਬਾਅਦ ਖੋਲ ਦਿਤੀ ਜਾਵੇਗੀ।' ਸ੍ਰੀ ਮਹੰਤ ਜੀ ਮਹਾਰਾਜ ਨੂੰ ਮੁਆਫੀ ਬੰਦ ਹੋਣ ਦਾ ਕੋਈ ਕਸ਼ੋਭ ਨਹੀਂ ਹੋਇਆ। ਆਪ ਪਹਿਲਾਂ ਦੀ ਤਰ੍ਹਾਂ ਹੀ ਪ੍ਰਸੰਨ ਚਿੱਤ ਸਨ, ਪਰ ਮਹਾਰਾਜੇ ਦੀ ਇਸ ਚਿਠੀ ਦੇ ਜਵਾਬ ਵਿਚ ਸ੍ਰੀ ਮਹੰਤ ਜੀ ਮਹਾਰਾਜ ਨੇ ਹੇਠ ਲਿਖੀ ਪਤ੍ਰਕਾ ਲਿਖਕੇ ਭੇਜ ਦਿਤੀ।

ੴ ਸਤਿਗੁਰ ਪ੍ਰਸਾਦਿ ॥

ਸ੍ਵਸ੍ਤੀ ਸ੍ਰੀ ਸਰਬੋਪਮਾ ਜੋਗ ਸਮਤਾ ਸੰਪੰਨ ਪ੍ਰਤੀ ਸਰਬ ਸਾਧ ਸੰਗਤ ਕੀ ਤਰਫ ਸੇ ਪ੍ਰਸੰਨਤਾ ਪਹੁੰਚੇ ਰਾਜ ਪ੍ਰਵਾਰ ਸਹਿਤ। ਬ੍ਰਿਤਾਂਤ ਆਪ ਨੇ ਲਿਖਾ ਹੈ ਕਿ ਅਭਿਪ੍ਰਾਯ ਖੋਲ੍ਹ ਕੇ ਨ ਪ੍ਰਗਟ ਹੂਆ, ਇਸ ਲੀਏ ਯਾ ਤੋ ਬ੍ਰਿਤਾਂਤ ਪ੍ਰਗਟ ਲਿਖੋਂ ਵਾ ਕਿਸੇ ਸਾਧ ਕੋ ਭੇਜ ਕੇ ਬਾਤ ਸਮਝਾਵੇਂ। ਅਧਿਕ ਅਬ ਹੋਰ ਲਿਖਤੇ ਹੈਂ, ਜੋ ਪੈਂਤੀ ਕੇ ਸਾਲ ਮੈਂ ਤੀਨ ਰਿਆਸਤਾਂ ਕੇ ਤੀਨ ਮਾਤਬਰ ਹਿਦਾਇਤ ਲੈ ਆਏ ਥੇ ਤਿਸ ਮੈਂ ਜੋ ਲਿਖਾ ਹੈ, ਮਨਸਾ ਭੀ ਮਹਾਰਾਜਗਾਨ ਸੁਰਗ ਬਾਸੀਆਂ ਕਾ ਏਹੁ ਥਾ, ਜਬ ਤਕ ਭਾਈ ਮਹਿਤਾਬ ਸਿੰਘ ਜੀ ਜੀਤ ਰਹੈ ਤਬ ਤਕ ਇਨ ਕੋ ਇਖਤਿਆਰ ਹੈ ਰਹਿਤ ਰਖਣੇ ਵ ਨ ਰਖਣੇ ਕਾ, ਆਗੇ ਕੋਈ ਬੜਾ ਮਹੰਤ ਬਿਨਾ ਰਹਿਤ ਵਾਲਾ ਨਹੀਂ ਕਰਾ ਜਾਏਗਾ। ਏਹੋ ਬਾਤ ਕੈਸੇ ਜਾਣੀ ਜਾਇ ਐਸੀ ਮਨਸਾ ਸੁਰਗ ਬਾਸੀਆਂ ਕਾ ਥਾ ਯਾ ਨਹੀਂ ਥਾ। ਕੌਣਸੀ ਰਿਆਸਤ ਕੇ, ਕੌਣਸੇ ਮਕਾਨ ਮੈਂ ਮਨਸਾ ਇਕੱਠੇ ਹੋ ਕਰ ਪੱਕੀ। ਹੋਰ ਕੌਣ ਕੌਣ ਅਹਿਲਕਾਰ ਕੌਣ ਕੌਣ ਨਿਰਮਲੇ ਸਾਧੁ ਰਹੇ ਤਿਸ ਸਥਾਨ ਮੈਂ, ਸੋ ਖੋਲ੍ਹ ਕੇ ਲਿਖਣਾ ਮਨਸਾ ਕਾ ਬਿਰਤਾਂਤ ਜਾਣ ਕੇ।

ਅਗੇ ਕਹਿਣੇ ਵਾਲੇ ਅਰ ਹਮ ਭੀ ਇਸ ਹਿਦਾਇਤ ਸੇ ਸਾਰੇ ਬਹੁਤ ਸੇ ਨਿਰਮਲੇ ਲੋਕ ਹਮਾਰੇ ਮੁਦਈ

ਹੈਂ, ਜੇ ਹਮ ਇਹ ਬਾਤ ਪ੍ਰਤੀਤ ਕਰ ਲੇਤੇ ਤਬ ਰਾਜਾ ਮਹਿੰਦਰ ਸਿੰਘ ਜੀ ਕੋ ਦੂਰ ਸੇ ਹੀ ਹਰੀ ਹਰਿ ਕਰ ਦੇਤੇ ਆਪ ਦੇ ਆਖਣ ਤੇ ਜੁਦੇ ਹੀ। ਪ੍ਰਾਗਰਾਜ ਨਿਰਮਲੇ ਲੋਕੋਂ ਨੇ ਸਲਾਹ ਅਖਾੜੇ ਕੀ ਕਰੀ ਰੌਲਾ ਪੜ ਗਿਆ, ਪ੍ਰਾਗ ਮੈਂ ਹਮ ਨੇ ਮਨ੍ਹਾ ਕਰ ਦੀਆ, ਸਾਧੂਓਂ ਕੋ ਅਖਾੜੇ ਸੇ ਬਿਨਾ ਹੀ ਭਲਾ ਹੈ। ਜਦ ਏਕ ਭੇਖਧਾਰੀ ਨੇ ਕਹਾ ਕਿ ਰੋਟੀ ਤੋ ਮਾਂਗਤੇ ਹੋ ਸਿਰ ਮੁਨਾਇ ਕੇ ਫਕੀਰ ਬਣੋ ਤਬ ਠੀਕ ਹੈ, ਇਸ ਮੇਂ ਸਾਧੂਓਂ ਨੇ ਬੁਰਾ ਮਾਨਾ ਰਹਾ, ਫਿਰ ੧੯੧੨ ਸਾਲ ਭਾਈ ਮਹਿਤਾਬ ਸਿੰਘ ਜੀ ਕਾ ਸੰਕਲਪ ਹੂਆ ਪਿਛੇ ਰਾਜਾ ਨਰਿੰਦਰ ਸਿੰਘ ਜੀ ਸੁਣਕੇ ਬਾਤ ਸਾਧੂ ਲੋਕੋਂ ਸੇ ੧੯੧੮ ਸਾਲ ਮੈਂ ਭਾਈ ਮਹਿਤਾਬ ਸਿੰਘ ਜੀ ਕੋ ਬੁਲਾਕੇ ਅਖਾੜੇ ਨੂੰ ਸਹਾਇਤਾ ਦਿਤੀ ਸੋ ਹਮਾਰੇ ਉਲਾਂਭੇ ਨਮਿਤ ਸਹੀ।

ਆਪ ਕੇ ਉਤ੍ਰ ਕਾ ਅਭਿਪ੍ਰਾਯ ਤੋਂ ਰਾਮ ਸਿੰਘ ਕੁਵੇਰ ਵਾਲੇ ਕੇ ਸਰੀਰ ਕੇ ਅੰਤ ਮੈਂ ਗੁਰਦੁਆਰੇ ਕੋ ਗਾਂਉ ਲਗਾ ਦੇਂਗੇ ਸੋ ਪ੍ਰਤੀਤ ਹੋਇਆ, ਜੋ ਆਪ ਕੀ ਮਰਜ਼ੀ ਹੈ ਸੋਈ ਠੀਕ ਹੈ, ਇਸ ਰਾਮ ਸਿੰਘ ਸਰੀਰ ਕੀ ਰਹਿਤ ਤੋ ਜੋ ਬਨੀ ਹੈ ਸੋ ਬੀਤੇਗੀ। ਨਵੀਂ ਕੀ ਇਛਾ ਨਹੀਂ ਬਨਾਵਣੇ ਕੀ। ਜਿਸ ਕੇ ਉਪਰਿ ਸਰਕਾਰ ਕੀ ਸ਼ਰਧਾ ਹੈ ਤਿਸ ਕੋ ਦੇਵਣਾ ਕਰੋ, ਹਮਾਰੇ ਸਰੀਰ ਕੇ ਛੁਟੇ ਤੇ ਅਥਵਾ ਅਬ ਹੀ। ਜਿਸ ਕੇ ਚੀਜ਼ ਹੱਥ ਹੋਤੀ ਹੈ ਇਖ਼ਤਿਆਰ ਹੋਤਾ ਹੈ ਜਿਸ ਕੋ ਚਾਹੇ ਤਿਸ ਕੋ ਦੇ ਦੇਵੇ। ਨਵਾਂ ਜੋ ਕਰੋਗੇ ਇਸ ਲੋਕ ਪ੍ਰਲੋਕ ਕੇ ਜਾਣਨ ਵਾਲੇ ਸਾਧੋਂ ਕੀ ਸਲਾਹ ਸੇ ਹੀ ਕਰੋਗੇ। ਇਨ ਅੱਖਰੋ ਕਾ ਅਭਿਪ੍ਰਾਯ ਹੋਰ ਕੋ ਦੇਣਾ। ਇਕ ਸੇ ਹਟਾਵ ਕੇ ਦੂਜੇ ਕੋ ਦੇਣਾ ਬ੍ਰਿਧ ਪੰਡਿਤ ਲੋਕ ਵਾ ਰਿਆਸਤਾਂ ਕੇ ਬਿਵਹਾਰ ਕੇ ਜਾਣਨੇ ਵਾਲੇ ਲੋਕ ਹੈਂ ਜਿਨ੍ਹਾਂ ਨੇ ਕਾਰ ਬਹੁ ਕਰੇ ਹੈਂ ਉਨ ਕੀ ਸਲਾਹ ਸੇ ਕਰੋਗੇ ਇਹੋ ਹੈ। ਅਗੇ ਜਿਸ ਮੈਂ ਮਹਾਰਾਜਾ ਹੀਰਾ ਸਿੰਘ ਜੀ ਕੀ ਮਰਜ਼ੀ ਸੋ ਸਹੀ।

***"ਅਸ਼ਰਧਯਾ ਹੁਤੰ ਦੱਤੰ ਤਪਸਤਪਤੰ ਕ੍ਰਿਤੰ ਚ ਯਤ੍ ॥***
***ਅਸਦਇਤੀਉਚਯਤੇ ਪਾਰਥ ਨ ਚ ਤਤਪ੍ਰੇਤਯ ਨੋ ਇਹ।"***

*(ਸ੍ਰੀ ਗੀਤਾ ਜੀ ਦਾ ਸ਼ਲੋਕ ਅਧਯਾਇ ੧੭ ਸ: ੨੮)*

ਇਸ ਬਖਤ ਜੋ ਚਿਤ ਮੈਂ ਹੂਆ ਸੋ ਹਮ ਨੇ ਲਿਖ ਦੀਆ, ਅਗੇ ਸਰਕਾਰ ਨਾਭਾ ਕੇ ਚਿਤ ਕੀ ਪ੍ਰਸੰਨਤਾ ਹੈ ਸੋ ਸਹੀ।

*(ਭਾਦ੍ਰੋਂ ਬਦੀ ੧੨ ਸੰਮਤ ੧੯੪੫)*

ਇਸ ਪਤ੍ਰਕਾ ਦੇ ਉਤਰ ਵਿਚ ਮਹਾਰਾਜਾ ਨਾਭਾ ਨੇ ਫਿਰ ਲਿਖਿਆ, "ਮੇਰੀ ਵਿਚਾਰ ਨਾਲ ਦੂਸਰੀਆਂ ਦੋਨੋਂ ਰਿਆਸਤਾਂ ਦੇ ਹੁਕਮਰਾਨ ਵੀ ਸੰਮਤੀ ਰਖਦੇ ਹਨ।" ਉਤਰ ਵਿਚ ਸ੍ਰੀ ਮਹੰਤ ਜੀ ਮਹਾਰਾਜ ਨੇ ਫਰਮਾਇਆ :

"ਅਗੇ ਜੋ ਆਪ ਨੇ ਲਿਖਾ ਹੈ ਰਾਜਾ ਸ੍ਰੂਪ ਸਿੰਘ ਜੀ ਨੇ ਹਛੇ ਬਣਾ ਕੇ ਲਿਖੇ ਕਾਗਜ਼ ਮੌਜੂਦ ਹੈ ਸੋ ੯ ਦਫੇ ਵਾਲੀ ਹਦਾਇਤ ਹਮ ਨੇ ਦੇਖ ਕੇ ਹੀ ਪੱਤ੍ਰਕਾ ਜਾਣਨਾ ਲਿਖਾ ਹੈ। ਅਰ ਏਕ ਬਾਤ ਰਾਜਾ ਰਘੁਬੀਰ ਸਿੰਘ ਜੀ ਸੰਗਰੂਰ ਵਾਲੇ ਸੇ ਸੁਨੀ ਥੀ ਨਾਭੇ ਸੇ ਮੁੜ ਕੇ ਬਾਰਤਾ ਕੇ ਅੰਤ ਮੈਂ ਕਿ ਪਿਤਾ ਕੇ ਕਰੇ ਕੋ ਹਟਾ ਨਹੀਂ ਸਕਤੇ, ਅਗੇ ਕੋ ਪਟਿਆਲੇ ਵਾਲੇ ਕੇ ਸਾਥੀ ਹੈ। ਅਬ ਭੀ ਸੁਰਗਵਾਸੀ ਰਾਜਾ ਲੋਕ ਕੀ ਮਾਫਕ ਸਮਰਥਾ ਸਤਿਗੁਰੂ ਨੇ ਰਖੀ ਹੋਈ ਹੈ ਤੋ।"

ਅਸੂ ਸੁਦੀ ੧ ਸੰਮਤ ੧੯੪੫

**हस्ताक्षराणा भ्वभ्यैव**

ਸੱਤ-ਅੱਠ ਮਹੀਨਿਆਂ ਤੋਂ ਬਾਅਦ ਮਹਾਰਾਜਾ ਹੀਰਾ ਸਿੰਘ ਜੀ ਦੀ ਫਿਰ ਪਤ੍ਰਕਾ ਆਈ ਜਿਸ ਵਿਚ ਲਿਖਿਆ ਸੀ ਕਿ, 'ਮੈਂ ਪੰਥ ਵਿਚ ਪ੍ਰੇਮ ਸਤਿਕਾਰ ਅਤੇ ਏਕਤਾ ਚਾਹੁੰਦਾ ਹਾਂ, ਕਿਸੇ ਦਾ ਭੰਡੀ ਪ੍ਰਚਾਰ ਨ ਹੋਵੇ। ਇਹ ਤਦ ਹੀ ਹੋ ਸਕਦਾ ਹੈ ਕਿ ਆਪ ਪੁਜਾਰੀਆਂ ਦੇ ਅਤੇ ਮੇਰੇ ਕਹਿਣ ਅਨੁਸਾਰ ਕਛ, ਕੜਾ, ਕ੍ਰਿਪਾਨ ਧਾਰਨ ਕਰ

ਲਵੋ ਤਾਂਕਿ ਇਹ ਚਲ ਰਿਹਾ ਬਾਦ ਵਿਵਾਦ ਸਮਾਪਤ ਹੋਵੇ। ਵਿਸ਼ਵਾਸਯੋਗ ਸਪਸ਼ਟ ਉਤਰ ਲਿਖਣਾ।'

ਇਸ ਪਤ੍ਰਕਾ ਦੇ ਜਵਾਬ ਵਿਚ ਸ੍ਰੀ ਮਹੰਤ ਜੀ ਮਹਾਰਾਜ ਨੇ ਹੇਠ ਲਿਖੀ ਪ੍ਰਤਕਾ ਲਿਖਕੇ ਭੇਜੀ :

ੴ ਸਤਿਗੁਰ ਪ੍ਰਸਾਦਿ॥

"ਸ੍ਵਸਤੀ ਸ੍ਰੀ ਸਰਬੋਪਮਾਜੋਗ ਸਾਧ ਸੰਗਤ ਪ੍ਰੀਤਿਵਾਨ ਸਰਕਾਰ ਨਾਭਾ, ਰਾਜ ਸਭਾ ਸਹਿਤ ਸਰਬ ਕੇ ਪ੍ਰਤਿ ਸਰਬ ਸਾਧ ਸੰਗਤ ਕੀ ਤਰਫ਼ ਸੇ ਸ੍ਰੀ ਵਾਹਗੁਰੂ ਸਾਹਿਬ ਜੀ ਕੀ ਖ਼ੁਸ਼ੀ ਪਹੁੰਚੇ। ਅਗੇ ਪਤ੍ਰ ਪਹੁੰਚਾ ਰਾਮ ਸਿੰਘ ਕੁਵੇਰ ਵਾਲੇ ਪਾਸ ਕਨਖਲ ਮੈਂ ਸੋ ਜਾਣਾ ਹੈ। ਇਸ ਮਰਯਾਦਾ ਕੇ ਪ੍ਰਸੰਗ ਕੇ ਪਤ੍ਰ ਹਮ ਨੇ ਸਰਕਾਰ ਨਾਭੇ ਮੈਂ ਬਹੁਤ ਭੇਜੇ ਹੈਂ, ਜੇ ਕੁਛ ਤਿੰਨੋਂ ਪਤਰੋਂ ਮੈਂ ਕਸੂਰ ਹੈ ਸੋ ਲਿਖਣਾ ਮੁਨਾਸਬ ਹੈ, ਤਿਸ ਕਾ ਜਵਾਬ ਫਿਰ ਹਮ ਲਿਖੇਂਗੇ। ਮਘਰ ਬਦੀ ੨ ਸਾਲ ੧੯੩੩ ਮੈਂ ਲਿਖਾ ਹੈ। ਹਾੜ ਸੁਦੀ ੫ ਸਾਲ ੧੯੩੪ ਮੈਂ ਹੈ। ਇਸੀ ਸਾਲ ਅਸੂ ਸੁਦੀ ੪ ਕਾ ਹੈ। ਭਾਦਰੋਂ ਬਦੀ ੬ ਸਾਲ ੧੯੩੫ ਕਾ। ਅਸੂ ਸੁਦੀ ੯ ਸੰਮਤ ੧੯੩੫। ਜੇਠ ਬਦੀ ੬ ਸੰਮਤ ੧੯੪੨। ਮਾਘ ਵਦੀ ੧੪ ਸੰਮਤ ੪੪ ਭਾਦਰੋਂ ਵਦੀ ੧੨ ਸੰਮਤ ੪੫ ਅਸੂ ਸੁਦੀ ੧ ਸੰਮਤ ੧੯੪੫।

ਮਹਾਰਾਜਾ ਕਰਮ ਸਿੰਘ ਨਰਿੰਦਰ ਸਿੰਘ ਜੀ (ਪਟਿਆਲਾ) ਰਾਜਾ ਜਸਵੰਤ ਸਿੰਘ ਜੀ ਦੇਵੇਂਦਰ ਸਿੰਘ ਜੀ (ਨਾਭਾ) ਰਾਜਾ ਸੰਗਤ ਸਿੰਘ ਸ੍ਵਰੂਪ ਸਿੰਘ ਜੀ (ਸੰਗਰੂਰ) ਕੇ ਬਖਤ ਸੇ ਇਸ ਸਰੀਰ ਕੀ ਮਰਯਾਦਾ ਜੋ ਬਨੀ ਹੈ ਸੋਈ ਹੋ ਚੁਕੀ ਹੈ, ਪ੍ਰਥਮ ਬੀ ਹਮ ਲਿਖ ਚੁਕੇ ਹੈਂ। ਨਵਾਂ ਸਾਂਗ ਬਣਾਵਣ ਮੈਂ ਬੁਧਿਵਾਨ ਬਿਚਾਰ ਦੇਖੋ ਹਾਨੀ ਲਾਭ ਕੈਸਾ ਹੈ। (ਜੇਠ ਬਦੀ ੪ ਸੰਮਤ ੧੯੪੬)

ਮਹਾਰਾਜਾ ਹੀਰਾ ਸਿੰਘ ਜੀ ਸ੍ਰੀ ਮਹੰਤ ਜੀ ਮਹਾਰਾਜ ਦੀ ਪਤ੍ਰਕਾ ਪੜ੍ਹ ਕੇ ਬੜਾ ਪ੍ਰੇਸ਼ਾਨ ਹੋਇਆ ਅਤੇ ਹੁਕਮ ਦਿਤਾ ਕਿ ਨਿਰਮਲ ਅਖਾੜੇ ਦੀ ਮੁਆਫੀ ਧਰਮ ਖਾਤੇ (ਬੈਂਕ) ਵਿਚ ਜਮ੍ਹਾਂ ਹੁੰਦੀ ਰਹੇ। ਜਦੋਂ ਨਿਰਮਲੇ ਆਪਣੀ ਰਹਿਤ ਮਰਯਾਦਾ ਬਦਲ ਲੈਣ ਤਾਂ ਚਾਲੂ ਕੀਤੀ ਜਾਵੇ।

ਸੰਮਤ ੧੯੪੭ (੧੫ ਅਕਤੂਬਰ ੧੮੯੦) ਨੂੰ ਮਹਾਰਾਜਾ ਰਾਜਿੰਦਰ ਸਿੰਘ ਜੀ ਪਟਿਆਲੇ ਦੀ ਗੱਦੀ ਤੇ ਬੈਠੇ। ਇਸ ਸਮੇਂ ਸ੍ਰੀ ਮਹੰਤ ਜੀ ਮਹਾਰਾਜ ਨੇ ਅਖਾੜੇ ਵਲੋਂ ਮਹਾਰਾਜੇ ਨੂੰ ਸਿਰੋਪਾਉ ਦੁਸ਼ਾਲਾ ਭੇਜਿਆ ਜਿਸ ਨੂੰ ਮਹਾਰਾਜਾ ਰਾਜਿੰਦਰ ਸਿੰਘ ਜੀ ਨੇ ਮਹਾਂਪੁਰਖਾਂ ਦਾ ਪਾਵਨ ਆਸ਼ੀਰਵਾਦ ਸਮਝਕੇ ਸੀਸ ਤੇ ਰਖਿਆ। ਇਸ ਸਮੇਂ ਬੜਾ ਉਤਸਵ ਮਨਾਇਆ ਗਿਆ। ਰਿਆਸਤ ਵਲੋਂ ਬੇਅੰਤ ਪੁੰਨ-ਦਾਨ ਹੋਇਆ। ਕਈ ਹਜ਼ਾਰ ਰੁਪਏ ਦੇ ਵਸਤਰ ਅਤੇ ਮਠਿਆਈ ਦੇ ਪੀਪੇ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਨੂੰ ਕਨਖਲ ਵਿਖੇ ਸਮਰਪਣ ਕੀਤੇ ਗਏ। ਅਖਾੜੇ ਦੀ ਇਹ ਪੂਜਾ ਪ੍ਰਤਿਸ਼ਠਾ ਹੋਈ ਸੁਣਕੇ ਈਰਸ਼ਾਵਾਦੀ ਫਿਰ ਜਲਨ ਲਗੇ। ਹਜ਼ੂਰ ਸਾਹਿਬ ਕੇ ਪੁਜਾਰੀ ਨਿਰਮਲ ਅਖਾੜੇ ਦੀ ਪੂਜਾ ਹੋਈ ਸੁਣਕੇ ਜਲ ਕੇ ਦਗਧ ਹੋ ਗਏ। ਦੁਖੀ ਤੇ ਅਸ਼ਾਂਤ ਹੋਇਆਂ ਨੇ ਇਕ ਅਗਿਆਨਤਾ ਭਰੀ ਪਤ੍ਰਕਾ ਮਹਾਰਾਜਾ ਰਾਜਿੰਦਰ ਸਿੰਘ ਜੀ ਪਟਿਆਲਾਪਤੀ ਨੂੰ ਲਿਖਕੇ ਭੇਜੀ :

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ।

***ਨਾਨਕ ਗੁਰੂ ਗੋਬਿੰਦ ਸਿੰਘ ਪੂਰਨ ਗੁਰ ਅਵਤਾਰ॥***
***ਜਗ ਮਗ ਜੋਤ ਬਿਰਾਜ ਰਹੀ ਸ੍ਰੀ ਅਬਚਲ ਨਗਰ ਅਪਾਰ॥***

ਸ਼ੁਭ ਜਨਮ ਧੰਨ ਧੰਨੇ ਪਰੋਪਕਾਰੀ ਸਨਮੁਖ ਦਰਵਾਰੀ ਉਜਲੇ ਮਸਤਕ ਪ੍ਰਮ ਪ੍ਰੇਮੀ ਗੁਰ ਸਿਖੀ ਕੀ ਖਾਣ ਰਾਜਾਨ ਰਾਜ ਮਹਾਰਾਜਾ ਸਾਹਿਬ ਰਾਜਿੰਦਰ ਸਿੰਘ ਬਹਾਦਰ ਜੀ ਕੋ ਹੋਰ ਸਰਬ ਕੋ ਲਿਖਤੁਮ ਸ੍ਰੀ ਹਜ਼ੂਰ

ਸਾਹਿਬ ਅਬਚਲ ਨਗਰ ਸਾਹਿਬ ਸਚਖੰਡ ਕੇ ਦਰਬਾਰ ਸਾਹਿਬ ਸੈ ਪੁਜਾਰੀ ਮਾਨ ਸਿੰਘ ਪੁਜਾਰੀ ਨਰੈਣ ਸਿੰਘ ਹੋਰ ਸਰਬ ਖਾਲਸੇ ਜੀ ਕੀ ਫਤੇ ਵਾਹਿਗੁਰੂ ਜੀ ਕੀ ਫਤੇ ਬੁਲਾਈ ਹੈ ਬੁਲਾਉਣੀ ਜੀ ਐਥੇ ਅਨੰਦ ਸੁਖ ਹੈ ਆਪ ਕੀ ਸੁਖ ਅਨੰਦ ਹਮੇਸ਼ ਗੁਰੂ ਜੀ ਸੇ ਚਾਹਤੇ ਹੈਂ ਅਗੇ ਬੀ ਨਾਮਿਲਿਯੋਂ ਕੇ ਮੁਕਦਮੇ ਮੈਂ ਹੁਕਮਨਾਮਾ ਆਯਾ ਤੀਨੋ ਰਯਾਸਤੋਂ ਮੈਂ ਆਪ ਕੇ ਅਹਿਲਕਾਰੋਂ ਨੇ ਉਤਰ ਦੀਆ ਜਬ ਤਕ ਹਮਾਰੇ ਰਾਜਾ ਸਾਹਿਬ ਗਦੀ ਨਸ਼ੀਨ ਨਹੀਂ ਹੋਤੇ ਤਬ ਤਕ ਹਮ ਰਾਜਾ ਨਾਭੇ ਸੰਗਰੂਰ ਜੋ ਲਿਖ ਦੇਵੇਂਗੇ, ਸੋ ਕੁਛ ਨਹੀਂ ਕੀਆ। ਅਬ ਆਪ ਕੋ ਬੀ ਸਬਾ ਬਰਸ ਹੂਆ ਆਪ ਨੇ ਹੋਰ ਹੀ ਰਸਤਾ ਲੈ ਲੀਆ। ਹਮ ਨੇ ਸੁਨਾ ਹੈ ਆਪ ਨੇ ਪਹਿਲੇ ਨਾਮਿਲਯੋਂ ਕੋ ਜੰਗੀਰ ਦਈ ਹੈ। ਪੀਛੇ ਸੰਗਰੂਰ ਨਾਭੇ ਵਾਲੋਂ ਨੇ ਦਈ ਹੈ। ਏਸ ਬਾਤ ਪਰ ਹਜ਼ੂਰ ਸਾਹਿਬ ਮੈਂ ਰਹਿਨੇ ਵਾਲੋਂ ਨੇ ਬੜਾ ਅਫਸੋਸ ਕੀਤਾ ਨਿਹਾਇਤ ਅਫਸੋਸ ਹੈ।

ਹਮ ਜਾਨਤੇ ਥੇ ਰਾਜਾ ਸਾਹਿਬ ਗਦੀ ਨਸ਼ੀਨ ਹੋਵੇਂਗੇ, ਤਬ ਨਾਮਿਲਯੋਂ ਕੋ ਗੁਰ ਸਿੱਖੀ ਦੀ ਰਹਿਤ ਮੇਂ ਲੈ ਆਉਣਗੇ ਜੇ ਨਾਮਿਲੇ ਨਾ ਮੰਨਣਗੇ ਤਾਂ ਉਹਨਾਂ ਨੂੰ ਆਪਣੇ ਰਾਜ ਵਿਚੋਂ ਬਾਹਰ ਨਿਕਾਲ ਦੇਣਗੇ। ਆਪ ਨੇ ਭੀ ਲਿਖਾ ਥਾ ਜੋ ਸਨਾਤਨ ਮਰਯਾਦਾ ਗੁਰੂ ਕੀ ਹੈ ਸੋ ਗੁਰਦੁਆਰੇ ਔਰ ਪੰਥ ਕੇ ਹੀ ਅਖਤਿਆਰ ਹੈ, ਹਮ ਇਨ ਕੋ ਮਦਤ ਬੀ ਨਹੀਂ ਦੇਤੇ ਅਰ ਮਾਨਤੇ ਬੀ ਨਹੀਂ। ਆਪ ਨੇ ਇਸੀ ਆਪਣੇ ਬਚਨ ਪਰ ਕਾਇਮ ਰਹਿਣਾ ਜੀ ਆਪ ਕਾ ਜਸ ਲੋਕ ਪਰਲੋਕ ਮੈਂ ਹੋਵੇਗਾ ਜੋ ਸ਼ਖਸ ਗੁਰੂ ਕੇ ਘਰ ਸੇ ਤਨਖਾਹੀਆ ਹੋ ਉਸ ਕੋ ਜੰਗੀਰ ਦੇਣਾ ਕਿਆ ਪ੍ਰਯੋਜਨ ਹੈ ਜੀ। ਜੇ ਤੁਮ ਕਹੋ ਹੁਮਾਰੇ ਬਡਜੋਂ ਕੀ ਦਈ ਹੂਈ ਹੈ ਸੋ ਤੁਮਾਰੇ ਬਡਜੋਂ ਨੇ ਸਰਬ ਖਾਲਸੇ ਕੋ ਦੀਆ ਹੈ। ਚਾਰ ਤਖਤ ਹੋਰ ਗੁਰਦਵਾਰੇ ਬਹੁਤ ਹੈਨ ਜਹਾਂ ਆਪ ਕੀ ਸ਼ਰਧਾ ਹੈ ਤਹਾਂ ਦੇਗ ਲਗਾ ਦੇਵੋ, ਊਹਾਂ ਹੀ ਗੁਰੂ ਕੋ ਭੋਗ ਲਗੇਗਾ ਆਪ ਕੇ ਨਾਮ ਕੀ ਅਰਦਾਸ ਹੋਵੇਗੀ, ਬਿਹੰਗਮ ਅਤੀਤ ਛਕ ਕੇ ਅਸੀਸ ਦੇਣਗੇ। ਆਪ ਕਾ ਜਸ ਲੋਕ ਪ੍ਰਲੋਕ ਮੈਂ ਹੋਵੇਗਾ, ਜੇ ਕਹੋ ਬਡਯੋਂ ਕੀ ਦਈ ਹੂਈ ਹਮ ਖੋਸ ਨਹੀਂ ਸਕਦੇ ਤਾਂ ਜੇਕਰ ਪਿਛਲੇ ਰਾਜੇ ਕਿਸੀ ਕੋ ਜੰਗੀਰ ਦੇ ਗਏ ਸੋ ਫਕੀਰ ਹੈ ਯਾ ਅਹਿਲਕਾਰ ਹੋਵੇ ਉਹ ਖੋਟੇ ਮਾਰਗ ਚਲੇ ਯਾ ਪਰਜਾ ਪਰ ਐਸੀ ਜ਼ੁਲਮੀ ਕਰੇ ਜਿਹੜੀ ਕਿਸੇ ਨੇ ਨਾ ਕੀਤੀ ਹੋਵੇ ਉਸ ਕੋ ਆਪ ਸਜ਼ਾ ਨਹੀਂ ਦੇਵੋਗੇ, ਹਾਂ ਦੇਵੋਗੇ, ਦੇਖੋ ਰਾਜਾ ਜੀਂਦ ਨੇ ਅਹਿਲਕਾਰ ਕੋ ਕੈਸੀ ਸਜ਼ਾ ਦਈ ਥੀ ਰਾਜਾ ਕੀ ਬੇਅਦਬੀ ਕਰਨੇ ਸੇ ਐਸੀ ਸਜ਼ਾ ਹੋਈ ਤਾਂ ਜਿਸ ਮਹਾਰਾਜਾ ਨੇ ਆਪ ਕੋ ਐਸੀ ਪਦਵੀ ਬਖਸ਼ੀ ਹੈ ਅੰਗਰੇਜ਼ ਭੀ ਵਡੇ ਵਡੇ ਟੋਪੀਆਂ ਉਤਾਰ ਕੇ ਸਲਾਮਾਂ ਕਰਦੇ ਹੈਨ ਜੀ ਉਸ ਮਹਾਰਾਜ ਗੁਰੂ ਦੀ ਬੇਅਦਬੀ ਇਨ੍ਹਾਂ ਨਾਮਿਲਿਆਂ ਨੇ ਭਾਰੀ ਕੀਤੀ ਹੈ ਜੀ ਤਾਂ ਇਨ੍ਹਾਂ ਕੋ ਸਜ਼ਾ ਦੇਣੀ ਨਹੀਂ। ਕਿਆ ਸਬਬ ਹੈ ਸਜ਼ਾ ਨਹੀਂ ਦੇਤੇ। ਰਾਜੇ ਪਾਤਸ਼ਾਹ ਜੋ ਪ੍ਰਮੇਸ਼੍ਵਰ ਨੇ ਬਣਾਏ ਹੈਂ ਸੋ ਐਸੇ ਗੁਰ ਦੋਖੀਆਂ ਕੋ ਸਜ਼ਾ ਦੇਣੇ ਵਾਸਤੇ ਹੀ ਬਨਾਏ, ਜੇ ਨ ਸਜ਼ਾਇ ਦੇਵੋਗੇ ਤਾਂ ਪਰਲੋਕ ਮੈਂ ਪ੍ਰੇਮਸ਼ਰ ਸੇ ਬਾਦਸ਼ਾਹ ਸਜ਼ਾ ਪਾਵੇਂਗੇ ਦੇਖੋ ਤੁਮਾਰੇ ਬਡਜੋ ਸੈਂ ਨਿਹੰਗ ਸਿੰਘੋਂ ਕੀ ਬੇਅਦਬੀ ਹੋਈ ਥੀ ਕੋਈ ਸਿੰਘ ਪਟਿਆਲੇ ਕਾ ਜਲ ਪਾਨੀ ਨਹੀਂ ਬਰਤਦਾ ਥੀ ਤੁਮਾਰੇ ਬਡਯੋਂ ਕੀ ਚਾਰੇ ਤਖਤੋਂ ਮੇ ਅਰਦਾਸਾ ਬੰਦ ਹੋ ਗਈ ਥੀ, ਸੋ ਆਪ ਕੇ ਬਡਯੋਂ ਨੇ ਬਡੇ ਯਤਨ ਸੈ ਬਖਸ਼ਾਈ ਹੈ। ਇਹੁ ਤਾਂ ਏਨਾ ਨਾਮਿਲਿਆ ਨੇ ਖਾਸ ਹਜ਼ੂਰ ਸਾਹਿਬ ਦੀ ਬੇਅਦਬੀ ਕੀਤੀ ਹੈ। ਇਹ ਹਜ਼ੂਰ ਸਾਹਿਬ ਚੌਥੀ ਖੂੰਟ ਮੈਂ ਕੈਸਾ ਹੈ ਜੈਸੇ ਮੁਸਲਮਾਨੋਂ ਕੋ ਮਕਾ ਹੈ। ਹਜ਼ੂਰ ਸਾਹਿਬ ਕੇ ਦਰਸ਼ਨ ਕੋ ਚਾਰੋਂ ਬਰਣ ਖਟ ਭੇਖ ਮੁਸਲਮਾਨ ਅੰਗਰੇਜ਼ ਬਡੀ ਸ਼ਰਧਾ ਸੈ ਆਵਤੇ ਹੈਂ ਭੇਟਾ ਰਖ ਕੇ ਸਲਾਮਾਂ ਕਰਤੇ ਹੈਂ। ਮਨੋ ਕਾਮਨਾ ਸਬ ਕੀ ਪੂਰੀ ਹੋਤੀ ਹੈ। ਤੁਰਕਾਂ ਕੀ ਪਚੀਸ ਹਜ਼ਾਰ ਕੀ ਜੰਗੀਰ ਹਮੇਸ਼ ਵਾਸਤੇ ਦਈ ਹੂਈ ਹੈ। ਇਹ ਜੋ ਨਾਮਿਲੇ ਹਜ਼ੂਰ ਸਾਹਿਬ ਆਏ ਖਾਲਸੇ ਜੀ ਨੇ ਇਨ੍ਹਾਂ ਨੂੰ ਕਿਹਾ ਤੁਮ ਭਗਵੇ ਲੰਗੋਟੀਆਂ ਉਤਾਰਕੇ ਪੰਜ ਕੱਕੇ ਦੀ ਰਹਿਤ ਧਾਰ ਲੇਵੋ ਤਾਂ ਫਿਰ

ਪੰਜ ਦਾਤਣਾਂ ਲੈਕੇ ਬਖਸ਼ੇ ਜਾਉਗੇ। ਅਰਦਾਸਾ ਸੁਧਾ ਲੇਵੋ। ਇਨ੍ਹਾਂ ਨੇ ਕਿਹਾ ਹਮਾਰੇ ਕੋ ਰਾਜਯੋਂ ਨੇ ਜੰਗੀਰਾਂ ਦਈ ਹੈਂ ਹਮਾਰੇ ਪਾਸ ਧਨ ਬਹੁਤ ਹੈ। ਹਮ ਮਾਇਆ ਕਰ ਅਰਦਾਸ ਕਰਾਵੇਂਗੇ, ਤਖਤ ਪਰ ਚੜ੍ਹੇ ਤੇ ਭਗਵੇ ਲੰਗੋਟੀਆਂ ਸਮੇਤ, ਹੋਰ ਭੀ ਐਸੇ ਬੇਅਦਬੀ ਕੇ ਬਚਨ ਕਹੇ ਜਿਹੜੇ ਅਸੀਂ ਬਿਆਨ ਨਹੀ ਕਰ ਸਕਦੇ। ਗੁਰੂ ਕੇ ਘਰ ਕਾ ਬਹੁਤ ਨੁਕਸਾਨ ਕੀਤਾ। ਪਚਾਸ ਸਾਠ ਖ਼ੂਨ ਕਰੇ ਕਰਾਏ। ਫਿਰ ਐਸਿਆਂ ਕੋ ਆਪ ਜੰਗੀਰ ਦੇਤੇ ਹੋ ਜੈਸੇ ਨੇਕੀ ਇਨ੍ਹਾਂ ਨੇ ਪੀਛੇ ਹਜ਼ੂਰ ਸਾਹਿਬ ਮੈਂ ਕਰੀ ਹੈ ਤੈਸੇ ਫਿਰ ਆਗੇ ਕੋ ਕਰਨਗੇ। ਹਜ਼ੂਰ ਸਾਹਿਬ ਮੈਂ ਸਰਬਤ ਖਾਲਸੇ ਜੀ ਕੀ ਆਗਿਆ ਹੈ ਕੋਈ ਸਿੰਘ ਗੁਰੂ ਕਾ ਇਨ੍ਹਾਂ ਨਾਮਿਲਿਆਂ ਕੋ ਕੁਛ ਨਾ ਦੇਵੇ, ਨਾ ਮੰਨੇ ਪੂਜੇ। ਇਹੁ ਬਾਤੁ ਜੋ ਮਾਨੇਗਾ ਸੋ ਨਿਹਾਲ ਹੋਵੇਗਾ, ਸਿਖੀ ਵਾਸਤੇ ਗੁਰੂ ਨੇ ਸਰਬੰਸ ਲਗਾ ਦੀਆ, ਫੇਰ ਭਾਈ ਤਾਰੂ ਸਿੰਘ ਜੀ ਨੇ ਸਿਰ ਦੀਆ, ਭਾਈ ਮਨੀ ਸਿੰਘ ਜੀ ਬੰਦ ਬੰਦ ਕਟਾਏ ਹੈਂ ਜੀ ਪਰ ਸਿਖੀ ਨਹੀਂ ਤਿਆਗੀ। ਨਾ ਮਿਲਿਆਂ ਕੋ ਕਿਹੜੀ ਭੀੜ ਪੈਈ ਥੀ ਜੋ ਇਨ੍ਹਾਂ ਨੇ ਗੁਰ ਸਿੱਖੀ ਕੀ ਮਰਯਾਦਾ ਤਿਆਗ ਦਿਤੀ। ਏਹੁ ਨਾਮਿਲੇ ਹੈਦਰਾਬਾਦ ਚੰਦੂ ਲਾਲ ਕੇ ਪੋਤ੍ਰੇ ਨਰਿੰਦਰ ਬਹਾਦਰ ਕੋ ਮਿਲੇ। ਇਨ੍ਹਾਂ ਨੇ ਉਸ ਨੂੰ ਕਿਹਾ ਸਾਨੂੰ ਹਜ਼ੂਰ ਸਾਹਿਬ ਦੇ ਦਰਸ਼ਨ ਕਰਾਉ ਉਸ ਨੇ ਕਿਹਾ ਤੁਮਾਰੇ ਨਾਮ ਕਿਆ ਹੈ ਇਨ੍ਹਾਂ ਨੇ..........(ਚਿਠੀ ਨਾਮੁਕੰਮਲ)'

ਇਸ ਚਿਠੀ ਨੂੰ ਪਾਠਕ ਦੁਵਾਰੇ ਪੜ੍ਹਨ ਤਾਂ ਪਤਾ ਲਗੇਗਾ, ਕਿ ਕਿਤਨੀ ਤਅੱਸੁਬ ਭਰੀ ਸ਼ਬਦਾਵਲੀ ਲਿਖੀ ਹੈ, ਅਸਭ੍ਯ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਇਕ-ਇਕ ਸ਼ਬਦ ਵਿਚੋਂ ਈਰਖਾ ਪ੍ਰਗਟ ਹੋ ਰਹੀ ਹੈ। ਨੌਜਵਾਨ ਮਹਾਰਾਜਾ ਪਟਿਆਲਾਪਤੀ ਨੂੰ ਹਰ ਤਰ੍ਹਾਂ ਅਕਸਾਉਣ ਦੀ ਕੋਸ਼ਿਸ਼ ਕੀਤੀ ਹੈ। ਤਅੱਸੁਬ ਇਥੋਂ ਤਕ ਭਰਿਆ ਪਿਆ ਹੈ ਨਿਰਮਲੇ ਮਹਾਂਪੁਰਖਾਂ ਨੂੰ ਵਾਰ-ਵਾਰ ਚਿੱਠੀ ਵਿਚ 'ਨਾਮਿਲੇ' ਲਿਖਕੇ ਆਪਣੀ ਕ੍ਰੋਧਾਗਨੀ ਨੂੰ ਸ਼ਾਂਤ ਕੀਤਾ ਹੈ। ਸਾਰਾ ਪੱਤਰ ਬੜੇ ਕ੍ਰੋਧ ਤੇ ਜਜ਼ਬਾਤ ਵਿਚ ਲਿਖਿਆ ਹੈ ਬਲਕਿ ਰਿਆਸਤ ਪਟਿਆਲਾ ਦੇ ਸੁਰਗੀਯ ਮਹਾਰਾਜਿਆਂ ਅਤੇ ਵਰਤਮਾਨ ਮਹਾਰਾਜਾ ਰਾਜਿੰਦਰ ਸਿੰਘ ਜੀ ਦਾ ਅਪਮਾਨ ਕਰਨ ਤੋਂ ਵੀ ਸੰਕੋਚ ਨਹੀਂ ਕੀਤਾ। ਜਿਵੇਂ ਕਿ - **''ਜੇ ਨਿਰਮਲਿਆਂ ਨੂੰ ਸਜ਼ਾ ਨਹੀਂ ਦੇਵੋਗੇ ਤਾਂ ਪਰਮੇਸ਼ਵਰ ਤੁਹਾਨੂੰ ਸਜ਼ਾ ਦੇਵੇਗਾ। ਤੁਹਾਡੇ ਵਡਿਆ ਨੇ ਨਿਹੰਗ ਸਿੰਘਾਂ ਦੀ ਬੇਦਅਬੀ ਕੀਤੀ ਸੀ ਤਾਂ ਕੋਈ ਪਟਿਆਲਾ ਰਿਆਸਤ ਦਾ ਜਲ ਪਾਣੀ ਨਹੀਂ ਵਰਤਦਾ ਸੀ। ਚਾਰਾਂ ਤਖਤਾਂ ਉਪਰ ਅਰਦਾਸ ਬੰਦ ਹੋ ਗਈ ਸੀ।''**

ਇਸ ਪਤ੍ਰਕਾ ਨੂੰ ਮਹਾਰਾਜਾ ਰਾਜਿੰਦਰ ਸਿੰਘ ਜੀ ਨੇ ਆਪਣੇ ਮੰਤ੍ਰੀ ਮੰਡਲ ਵਿਚ ਬੈਠਕੇ ਵਿਚਾਰਿਆ। ਤਿੰਨ-ਚਾਰ ਘੰਟੇ ਦੀ ਵਿਚਾਰ ਤੋਂ ਉਪਰੰਤ ਨਿਰਣੈ ਹੋਇਆ ਕਿ ਕੇਵਲ ਈਰਖਾ ਤੋਂ ਸਵਾਏ ਇਸ ਪਤ੍ਰਕਾ ਵਿਚ ਕੁਝ ਨਹੀਂ। ਜੇਕਰ ਕਛਹਿਰੇ ਨ ਰਖਣ ਤੇ ਸੰਤ ਤਨਖਾਹੀਏ ਕਰਾਰ ਦਿਤੇ ਗਏ ਹਨ ਤਾਂ ਹਜ਼ੂਰ ਸਾਹਿਬ ਦੇ ਬਲਵੇ ਤੋਂ ਪਹਿਲਾਂ ਅਕਾਲ ਤਖਤ ਅੰਮ੍ਰਿਤਸਰ, ਕੇਸਗੜ੍ਹ ਆਨੰਦਪੁਰ ਆਦਿ ਤਖਤਾਂ/ਤੀਰਥਾਂ, ਧਾਮਾਂ ਉਪਰ ਨਿਰਮਲੇ ਸੰਤਾਂ ਦੀ ਅਰਦਾਸ ਪੂਜਾ ਕਿਉਂ ਹੁੰਦੀ ਰਹੀ ਹੈ? ਰਹਿਤ ਮਰਯਾਦਾ ਵਾਲੀ ਗਲ ਕੇਵਲ ਬਹਾਨੇਬਾਜ਼ੀ ਹੈ। ਵਾਸਤਵ ਵਿਚ ਵਿਅਕਤੀਗਤ ਈਰਖਾਦ੍ਵੈਸ਼ ਤੋਂ ਸਿਵਾਏ ਹੋਰ ਕੁਝ ਨਹੀਂ ਹੈ। ਇਸ ਵਾਸਤੇ ਸਰਕਾਰ ਪਟਿਆਲਾ ਇਸ ਵਾਦ ਵਿਵਾਦ ਵਿਚ ਦਖਲ ਦੇਣਾ ਅਯੋਗ ਸਮਝਦੀ ਹੈ।

ਮੁੱਖ ਗੱਲ ਇਹ ਹੈ ਜੋ ਦਾਨ ਪੂਜਾ ਬਜੁਰਗ ਦਾਦਾ ਸਾਹਿਬ ਜੀ ਮਹਾਰਾਜਾ ਨਰਿੰਦਰ ਸਿੰਘ ਜੀ ਕਰ ਗਏ ਹਨ। ਅਸੀਂ ਉਨ੍ਹਾਂ ਵਲੋਂ ਕੀਤੇ ਦਾਨ ਵਿਚ ਦਖਲ ਦੇਣਾ ਅਯੋਗ ਸਮਝਦੇ ਹਾਂ। ਭਵਿਸ਼ਤ ਵਿਚ ਇਸ ਮਾਮਲੇ ਉਤੇ ਵਿਚਾਰ ਕਰਨ ਦੀ ਅਵੱਸ਼ਕਤਾ ਨਹੀਂ ਹੈ।

ਮਹਾਰਾਜਾ ਪਟਿਆਲਾਪਤੀ ਦਾ ਫੈਸਲਾ ਸੁਣਕੇ ਮਹਾਰਾਜਾ ਜੀਂਦ ਪਤੀ ਨੇ ਵੀ ਇਹੀ ਨਿਰਣੈ ਕੀਤਾ ਕਿ "ਵਡੇ ਮਹਾਰਾਜਿਆਂ ਦੇ ਪੁਨ ਧਰਮ ਵਿਚ ਦਖਲ ਦੇਣਾ ਸ਼ੋਭਾ ਦਾ ਕਰਮ ਨਹੀਂ।" ਵਡੇ ਮਹਾਰਾਜਿਆਂ ਦੇ ਲਾਏ ਸਾਰੇ ਵਿਧਾਨ ਜਾਗੀਰ ਪੂਜਾ ਪ੍ਰਤਿਸ਼ਠਾ ਉਸੀ ਤਰ੍ਹਾਂ ਬਹਾਲ ਰਹੇ।

ਮਹਾਰਾਜਾ ਹੀਰਾ ਸਿੰਘ ਜੀ ਨੂੰ ਦੋਨਾਂ ਰਿਆਸਤਾਂ ਦੇ ਫੈਸਲੇ ਸੁਣਕੇ ਭਾਵੇਂ ਦੁਖ ਹੋਇਆ ਪਰ ਆਪ ਵੀ ਮੁਆਫੀ ਪੱਕੇ ਤੌਰ ਤੇ ਬੰਦ ਨਹੀਂ ਕੀਤੀ। ਨਿਰਮਲ ਪੰਚਾਇਤੀ ਅਖਾੜੇ ਦੀ ਮੁਆਫੀ ਦੀ ਰਕਮ ਨਿਰਮਲ ਅਖਾੜੇ ਦੇ ਅਮਾਨਤ ਖਾਤੇ ਵਿਚ ਜਮ੍ਹਾ ਕਰਵਾਉਂਦੇ ਰਹੇ। ਮਹਾਰਾਜਾ ਹੀਰਾ ਸਿੰਘ ਨੂੰ ਵਿਸ਼੍ਵਾਸ ਸੀ ਕਿ ਕਦੇ ਨ ਕਦੇ ਸ੍ਰੀ ਮਹੰਤ ਜੀ ਆਪਣੀ ਰਹਿਤ ਮਰਯਾਦਾ ਬਦਲਕੇ ਅਮਾਨਤ ਪ੍ਰਾਪਤ ਕਰ ਲੈਣਗੇ ਪਰ ਸ੍ਰੀ ਮਹੰਤ ਜੀ ਮਹਾਰਾਜ ਸ੍ਵੈ ਮਾਨ, ਆਤਮਭਿਮਾਨੀ, ਸਿਧਾਂਤ ਤੇ ਅਟਲ ਪਹਿਰਾ ਦੇਣ ਵਾਲੇ ਦ੍ਰਿੜ੍ਹ ਵਿਸ਼੍ਵਾਸੀ ਸਨ। ਉਨ੍ਹਾਂ ਨੇ ਮਹਾਰਾਜਾ ਹੀਰਾ ਸਿੰਘ ਵਲ ਕਦੇ ਵੀ ਕੋਈ ਚਿਠੀ ਪੱਤਰ ਜਾਂ ਸੰਦੇਸ਼ ਨਹੀਂ ਭੇਜਿਆ ਸੀ।

ਕਈ ਵਰਸ਼ ਲੰਘ ਗਏ। ਅੰਤ ਸੰਮਤ ੧੯੫੬ (੧੮੯੯ ਈ:) ਵਿਚ ਮਹਾਰਾਜਾ ਹੀਰਾ ਸਿੰਘ ਜੀ ਨੇ ਆਪਣੇ ਖਜ਼ਾਨਾ ਮੰਤ੍ਰੀ ਨਾਲ ਵਿਚਾਰ ਕਰਕੇ ਨਿਰਮਲ ਅਖਾੜਾ ਦੀ ਅਮਾਨਤ ਦਾ ਹਿਸਾਬ ਪੁਛਿਆ। ਨਾਲ ਹੀ ਧਰਮ ਧ੍ਵਜਾ ਨਾਭਾ ਦੇ ਮਹੰਤ ਕਰਮ ਸਿੰਘ ਜੀ ਨੂੰ ਵੀ ਕੋਲ ਬੁਲਾ ਲਿਆ। ਸਾਰੀ ਪੜਤਾਲ ਕਰਕੇ ਮਹਾਰਾਜਾ ਸਾਹਿਬ ਨੇ ਹੇਠ ਲਿਖਿਆ ਫੈਸਲਾ ਸੁਣਾਇਆ :

## ਨਕਲ

ਹੁਕਮ ਹਜ਼ੂਰ ਸ੍ਰੀ ਮਹਾਰਾਜਾ ਨਾਭਾ

ਆਜ ਜਮ੍ਹਾਂ ਖਰਚ ਰਕਮ ਅਮਾਨਤ ਸਾਧਾਨ ਨਿਰਮਲ ਅਖਾੜੇ ਵਾਲੇ ਮੈਂਬਰ ਔਰ ਮੁਹਰ ਖਜ਼ਾਨੇ ਬੈਂਕ ਧਰਮ ਨੇ ਰੂ-ਬਰੂ ਅਹਿਲਕਾਰਾਨ ਵ ਕਰਮ ਸਿੰਘ ਮਹੰਤ ਪੇਸ਼ ਕੀਆ। ਮੁਲਾਹਜ਼ਾ ਜਮ੍ਹਾਂ ਖਰਚ ਸੇ ਵਾਜ਼ਿਆ ਹੂਆ ਕਿ ਮਿਨਜੁਮਲਾ ਰਕਮ ੨੨੦੯੨॥=) ਰੁਪੈ ਸੀਗਾ ਹਾਜ਼ਾ ਜਮ੍ਹਾਂ ਸ਼ੁਦਾ ਖਜ਼ਾਨਾ ਬੈਂਕ ਧਰਮ ੪੨੪੦।=) ਤੋ ਦਾਨ ਵ ਤਨਖਾਹ ਮੇਂ ਔਰ ੫੫੭੦॥=) ਤਾਮੀਰ ਮਕਾਨ ਵ ਅਸਬਾਬ ਵਗੈਰਾ ਪਰ ਸਰਫ ਹੋ ਚੁਕੇ। ੧੨੨੮੨ ) ਇਸ ਵਕਤ ਖਜ਼ਾਨਾ ਬੈਂਕ ਧਰਮ ਮੇਂ ਮੌਜੂਦ ਹੈਂ। ਚੂੰਕਿ ਇਸ ਮਾਮਲੇ ਮੇਂ ਪਹਿਲੇ ਬਤਾਰੀਖ ੨੩ ਸਾਵਨ ਸੰਮਤ ੧੯੪੪, ਫਿਰ ਬਤਾਰੀਖ ੨੨ ਮਾਘ ਸੰਮਤ ੧੯੪੫, ਫਿਰ ਬਤਾਰੀਖ ੯ ਵਿਸਾਖ ਸੰਮਤ ੧੯੪੮ ਮੁਫਸਲ ਹੋ ਚੁਕਾ ਹੈ ਕਿ ਮਹੰਤ ਕਾ ਤਰੀਕਾ ਅਪਨੀ ਰਹਿਤ ਗੁਰੂ ਮਹਾਰਾਜ ਸੇ ਬਰ ਅਕਸ ਹੈ ਇਨ ਕੋ ਹਮਰਾਹ ਖਾਲਸਾ ਇਤਫਾਕ ਨਹੀਂ। ਹਰ ਚੰਦ ਕਿ ਵਾਸਤੇ ਦਰੁਸਤੀ ਤਰੀਕਾ ਔਰ ਅਫੂਕਰਾਨੇ ਤਕਸੀਰਾਤ ਔਰ ਬਖਸ਼ਾਨੇ ਤਨਖਾਹ ਹਜ਼ੂਰ ਦਰਬਾਰ ਸਾਹਿਬ ਸੇ ਏਕ ਅਰਸੇ ਸੇ ਫਹਿਮਾਇਸ਼ਾਤ ਹੂੰਈ, ਲੇਕਨ ਉਨ੍ਹੋਂ ਨੇ ਅਪਨੀ ਮਰਯਾਦਾ ਦਰੁਸਤ ਨਹੀਂ ਕੀ, ਔਰ ਨਾ ਹਜ਼ੂਰ ਸਾਹਿਬ ਗਏ। ਤਾ ਵਕਤੇ ਕਿ ਮਰਯਾਦਾ ਕੋ ਦਰੁਸਤ ਨ ਕਰੇਂ ਰੁਪਿਆ ਆਮਦਨੀ ਜਾਗੀਰ ਦਾਖਲ ਬੈਂਕ ਹੋਤਾ ਰਹੇ। ਚੁਨਾਂਚਿ ਅਬ ਤਕ ਇਨ੍ਹੋਂ ਨੇ ਇਸ ਪਰ ਅਮਲ ਨਹੀਂ ਕੀਆ। ਇਸ ਵਕਤ ਭੀ ਜੋ ਕਰਮ ਸਿੰਘ ਮਹੰਤ ਸੇ ਦਰਿਆਫਤ ਕੀਆ ਗਿਆ ਕਿ ਕਛ ਪਹਿਰੀ ਹੁਈ ਹੈ ਤੋ ਬਿਆਨ ਕੀਆ ਕਿ ਬਵਜਾ ਬੀਮਾਰੀ ਨਹੀਂ ਪਹਿਰੀ। ਇਹ ਉਜ਼ਰ ਉਨ ਕਾ ਠੀਕ ਨਹੀਂ ਹੈ। ਕਛ ਕਾ ਪਹਿਰਨਾ ਬੀਮਾਰੀ ਮੇਂ ਕੋਈ ਤਕਲੀਫ ਦੇਹ ਨਹੀਂ ਹੈ, ਬਲਕਿ ਅਪਨੀ ਰਹਿਤ ਮੇਂ ਖਿਆਲ ਰਖਨੇ ਸੇ ਔਰ ਉਸ ਮੁਤਾਬਿਕ ਅਮਲ ਕਰਨੇ ਸੇ ਬੀਮਾਰੀ ਸੇ ਬਚਨੇ ਔਰ ਸੁਧੀ ਕਾ ਮੂਜਬ ਹੈ। ਇਸ ਸੇ ਸਾਫ ਜ਼ਾਹਰ ਹੋਤਾ ਹੈ ਕਿ ਇਨ ਕੀ ਮਤ ਇਸ ਪਰ ਅਮਲ ਕਰਨੇ ਕੀ ਨਹੀਂ ਹੈ ਔਰ ਨਾ ਅਬ

ਤਕ ਮਾਫੀ ਹਾਸਲ ਕੀ। ਇਸ ਵਾਸਤੇ ਮੁਨਾਸਬ ਤਸਵਰ ਹੂਆ ਕਿ ਜੈਸੇ ਰਿਆਸਤ ਚਹਾਰਮ ਹਿਸਾ ਹਾਸਲ ਲੇਤੀ ਹੈ ਵੈਸੇ ਹੀ ਮਿਨਜੁਮਲਾ ਰਕਮ ੧੭੮੫੨।–)॥ ਮੁਫੱਸਲਾ ਜ਼ੈਲ ਸੀਗਾ ਹਜ਼ਾ ੧੨੨੮੨ ) ਰੁਪੈ ਮੌਜੂਦਾ ਬੈਂਕ, ੫੫੭੦॥=) ਸਰਫ ਸ਼ੁਦ ਦਰ ਤਾਮੀਰ ਮਕਾਨ ਵਗੈਰਾ, ਮਬਲਗ ੪੦੦੦) ਰੁਪਜਾ ਬਨਾਮ ਦਰਬਾਰ ਸਾਹਿਬ ਗੁਰੂ ਮਹਾਰਾਜ ਜਮ੍ਹਾਂ ਬੈਂਕ ਕਰਾਇਆ ਜਾ ਕਰ ਉਸ ਕਾ ਸੂਦ ਦਾਖਲ ਖਜ਼ਾਨਾ ਦਰਬਾਰ ਹਜ਼ੂਰ ਸਾਹਿਬ ਹੋਤਾ ਰਹੇ। ਔਰ ਆਇੰਦਾ ਜਬ ਤਕ ਯਿਹ ਮਾਫੀ ਹਾਸਲ ਨਾ ਕਰੇਂ, ਉਸ ਵਕਤ ਤਕ ਜੋ ਆਮਦਨੀ ਹੋ, ਉਸ ਕਾ ਚਹਾਰਮ ਹਿਸਾ ਖਜ਼ਾਨਾ ਬੈਂਕ ਮੇਂ ਜਮ੍ਹਾਂ ਹੋਕਰ ਉਸਕਾ ਸੂਦ ਭੀ ਦਾਖਲ ਖਜ਼ਾਨਾ ਦਰਬਾਰ ਸਾਹਿਬ ਹੋਤਾ ਰਹੇ। ਦਰਬਾਰ ਸਾਹਿਬ ਮੇਂ ਇਤਲਾਹ ਦੀ ਜਾਵੇ, ਔਰ ਸ੍ਰੀ ਮਹੰਤ ਅਖਾੜੇ ਕੋ ਭੀ ਇਤਲਾਹ ਦੀ ਜਾ ਕਰ ਲਿਖਾ ਜਾਏ ਕਿ ਮੁਤਾਬਿਕ ਫਹਿਆਇਸ਼ ਸਾਬਕਾ ਅਪਨੀ ਮਰਯਾਦਾ ਕੋ ਦਰਸੁਤ ਕਰ ਕੇ ਮਾਫੀ ਹਾਸਲ ਕਰੇਂ ਔਰ ਇਹ ਭੀ ਲਿਖਾ ਜਾਏ ਕਿ ਯਹਾਂ ਪਰ ਕੋਈ ਔਰ ਮਹੰਤ ਭੇਜਨਾ ਚਾਹੀਏ। ਹੁਕਮ ਹੂਆ ਕਿ ਬ–ਗਰਜ਼ ਤਾਮੀਲ ਅਸਲ ਹਾਜ਼ਾ ਪਾਸ ਅਹਿਲਕਾਰਾਨ ਅਜਲਾਸ ਮੁਰਸਲ ਹੋ।

ਤਹਿਰੀਰ ੨੦ ਕਤੱਕ ਸੰਮਤ ੧੯੫੬

ਮਹਾਰਾਜਾ ਸਾਹਿਬ ਵਲੋਂ ਇਹ ਹੁਕਮ ਲਿਖ ਕੇ ਆਲੀਆ ਇਜ਼ਲਾਸ ਵਿਚ ਭੇਜਿਆ ਗਿਆ ਜੋ ਮਗਰੋਂ ਤਾਮੀਲ ਹੋਣ ਲਈ ਦੀਵਾਨ ਸਾਹਿਬ ਦੇ ਦਫਤਰ ਭੇਜ ਦਿੱਤਾ ਗਿਆ।

## ਅਜ਼ ਆਲੀਆ ਇਜ਼ਲਾਸ

ਅਸਲ ਬ.ਗਰਜ਼ ਤਾਮੀਲ ਬਖਿਦਮਤ ਦੀਵਾਨ ਸਾਹਿਬ ਮਾਲ ਮੁਰਸਲ ਹੋ। ਮਰਕੂਮ ੧੭ ਪੋਹ ਸੰਮਤ ੧੯੫੬।

ਜਦੋਂ ਇਹ ਹੁਕਮ ਦੀਵਾਨ ਸਾਹਿਬ ਦੇ ਦਫਤਰ ਵਿਚ ਪੁਜਿਆ ਤਾਂ ਦੀਵਾਨ ਸਾਹਿਬ ਨੇ ਹੇਠ ਲਿਖਿਆ ਹੁਕਮ ਸੁਣਾਇਆ :

## ਅਜ਼ ਦੀਵਾਨੀ ਮਾਲ ਸਦਰ

ਏਕ ਨਕਲ ਇਸ ਕੀ ਬਗਰਜ਼ ਤਾਮੀਲ ਬੈਂਕ ਧਰਮ ਅਰਥ ਮੇਂ ਭੇਜੀ ਜਾਵੇ, ਔਰ ਮਹੰਤ ਦਰਬਾਰ ਸਾਹਿਬ ਮੇਂ ਬਜ਼ਰੀਆ ਤਹਿਰੀਰ ਜ਼ਾਬਤਾ ਹਸਬ ਕਾਇਦਾ ਬਮਨਸ਼ਾਇ ਹੁਕਮ ਹਜ਼ੂਰ ਅਨਵਰ ਦਾਮਹ ਸਮਤਹੁਮ ਇਤਲਾਹਿ ਦੀ ਜਾਏ।

ਤਹਿਰੀਰ ੨੮ ਪੋਹ ਸੰਮਤ ੧੯੫੬

ਮਹਾਰਾਜਾ ਸਾਹਿਬ ਜੀ ਦਾ ਪੂਰਵ ਉਕਤ ਆਦੇਸ਼ ਆਲੀਆ ਇਜਲਾਸ ਦੀ ਆਗਿਆ ਅਨੁਸਾਰ ਦੀਵਾਨ ਸਾਹਿਬ ਮਾਲ ਨੇ ਵਾਸਤੇ ਤਾਮੀਲ ਸ੍ਰੀ ਮਹੰਤ ਸਾਹਿਬ [੧] ਨੂੰ ਕਨਖਲ ਭੇਜਿਆ ਨਾਲ ਹੀ ਹੇਠ ਲਿਖਿਆ ਪੱਤਰ ਵੀ ਨੱਥੀ ਕੀਤਾ ਗਿਆ :

## ਨਕਲ ਖਤ ਦੀਵਾਨ ਸਾਹਿਬ ਨਾਭਾ

"ਮੁਸ਼ਫਕ ਮਿਹਰਬਾਨ ਕਰਮ ਫੁਰਮਾਇਦਾ ਮੁਖ ਲਿਸਾਨ ਸ੍ਰੀ ਮਹੰਤ ਡੇਰਾ ਸਾਧਾਨ ਨਿਰਮਲਾ ਅਖਾੜਾ ਸਲਾਮਤ ! ਅੰਦਰੀਂ ਬਾਬ ਹੁਕਮ ਹਜ਼ੂਰ ਅਨਵਰ ਦਾਮਹ ਸਮਹੁਮ ੨੦ ਕਾਤਕ ਸੰਮਤ ੧੯੫੬ ਬਗਰਜ਼ ਤਾਮੀਲ

---

੧. *ਇਸ ਸਮੇਂ ਸ੍ਰੀ ਮਾਨ ੧੦੮ ਪੰਡਿਤ ਊਧਵ ਸਿੰਘ ਜੀ ਸ੍ਰੀ ਮਹੰਤ ਸਨ, ਸ੍ਰੀਮਾਨ ੧੦੮ ਪੰਡਿਤ ਰਾਮ ਸਿੰਘ ਕਬੇਰੀਏ ਸੰਮਤ ੧੯੫੩ ਬਿ. ਵਿਚ ਬ੍ਰਹਮਲੀਨ ਹੋ ਗਏ ਸਨ।*

ਮੌਸੂਲ ਸਰਿਸ਼ਤਾ ਹੋ ਕਰ ਏਕ ਨਕਲ ਹੁਕਮ ਹਜ਼ੂਰ ਵਾਲਾ ਦਾਮਹ ਸਮਤ ਹੁਮ ਬਗਰਜ਼ ਤਾਮੀਲ ਬੈਂਕ ਧਰਮ ਅਰਥ ਮੇਂ ਭੇਜੀ ਜਾ ਕਰ ਬ ਅਰਸਾਲ ਨਕਲ ਹੁਕਮ ਹਜ਼ੂਰ ਵਾਲਾ ਬਜ਼ਰੀਆ ਹਜ਼ਾ ਇਤਲਾਹਨ ਰੇਖ ਤਾਹਖ਼ਾ ਮੇਂ ਉਲ ਤਹਿਰੀਰ ਹੈ ਕਿ ਆਪ ਮਨਸ਼ਾਇ ਹੁਕਮ ਹਜ਼ੂਰ ਅਨਵਰ ਸੇ ਮਤਲਾ ਹੋ ਕਰ ਜਵਾਬ ਭੇਜ ਦੇਵੇਂ।"

ਤਹਿਰੀਰ ੨੮ ਪੋਹ ਸੰਮਤ ੧੯੫੬
ਦਸਤਖਤ ਦੀਵਾਨ ਸਾਹਿਬ
(ਬਜ਼ਬਾਨ ਫਾਰਸੀ)

ਮਹਾਰਾਜਾ ਨਾਭਾ ਦਾ ਜਦੋਂ ਇਹ ਹੁਕਮ ਸ੍ਰੀ ਮਹੰਤ (ਪੰਡਿਤ ਊਧਵ ਸਿੰਘ ਜੀ) ਕੋਲ ਪੁਜਾ ਤਾਂ ਆਪ ਜੀ ਨੇ ਉਤਰ ਵਿਚ ਮਹਾਰਾਜਾ ਨਾਭਾ ਨਰੇਸ਼ ਨੂੰ ਲਿਖ ਭੇਜਿਆ ਕਿ, 'ਆਪ ਜੀ ਦੇ ਬਜ਼ੁਰਗ ਵਡੇ ਮਹਾਰਾਜਾ ਸਾਹਿਬ ਜੀ ਨੇ ਅਖਾੜੇ ਨੂੰ ਧਰਮ ਅਰਥ ਪਿੰਡ ਦਿਤਾ ਸੀ। ਹੁਣ ਆਪ ਸੁਤੰਤ੍ਰ ਹੋ; ਜਿਵੇਂ ਯੋਗ ਸਮਝੋ ਇਸ ਧਰਮ ਅਰਥ ਮਾਇਆ ਨੂੰ ਕਿਤੇ ਵੀ ਖਰਚ ਕਰੋ, ਸਾਨੂੰ ਕੋਈ ਇਤਰਾਜ਼ ਨਹੀਂ।'

ਮਹਾਰਾਜਾ ਨਾਭਾ ਪਤੀ ਦਾ ਛੇੜਿਆਂ ਵਾਦ-ਵਿਵਾਦ ਅਤੇ ਹੋਇਆ ਚਿਠੀ-ਪੱਤ੍ਰ ਪਾਠਕ ਪੜ੍ਹਦੇ ਆ ਰਹੇ ਹਨ। ਮਹਾਰਾਜਾ ਸਾਹਿਬ ਅਖਾੜੇ ਨਾਲ ਜ਼ਿੰਦਗੀ ਦਾ ਕਾਫੀ ਸਮਾਂ ਨਾਰਾਜ਼ ਰਹੇ, ਜਾਗੀਰ ਜ਼ਬਤ ਕੀਤੀ ਗਈ। ਮਿਲਵਰਤਨ ਬੰਦ ਕੀਤਾ ਗਿਆ ਪਰ ਸੰਮਤ ੧੯੫੭ (੧੯੦੦ ਈ:) ਵਿਚ ਰਮਤ ਨਿਰਮਲ ਅਖਾੜੇ ਦਾ ਚਤਰਮਾਸਾ ਸਤਿਕਾਰ ਅਤੇ ਉਤਸ਼ਾਹ ਨਾਲ ਨਾਭੇ ਵਿਚ ਲਾਇਆ ਗਿਆ। ਦਸਤੂਰ ਉਲ ਅਮਲ ਦੇ ਨਿਯਮਾਂ ਅਨੁਸਾਰ ਸਾਰੇ ਵਿਧਾਨ ਲਾਗੂ ਰਖੇ। ਰਮਤ ਨਿਰਮਲ ਅਖਾੜੇ ਦੀ ਰਾਜ ਦਰਬਾਰ ਵਲੋਂ ਪ੍ਰੇਮ ਨਾਲ ਸੇਵਾ ਹੁੰਦੀ ਰਹੀ। ਚਤਰਮਾਸੇ ਦੀ ਸਮਾਪਤੀ ਤੇ ਰਮਤ ਅਖਾੜੇ ਦੇ ਸਾਰੇ ਸੰਤਾਂ ਦੀ ੨੧-੨੧, ੧੧-੧੧ ਰੁਪਏ ਪੂਜਾ ਕੀਤੀ ਗਈ ਅਤੇ ਅਖਾੜੇ ਨੂੰ ਪੂਰੇ ਸਤਿਕਾਰ ਨਾਲ ਵਿਦਾਇਗੀ ਦਿੱਤੀ ਗਈ।

ਇਸ ਸਮੇਂ ਨਿਰਮਲੇ ਸੰਤਾਂ ਦਾ ਵਿਸ਼ਵਾਸ ਅਤੇ ਸੰਤੋਖ ਵੇਖਕੇ ਮਹਾਰਾਜਾ ਆਪਣੇ ਮਨ ਵਿਚ ਅਨੁਭਵ ਕਰਨ ਲਗਾ ਕਿ ਨਿਰਮਲ ਪੰਚਾਇਤੀ ਅਖਾੜੇ ਦਾ ਜੋ ਰੁਪਿਆ ਅਮਾਨਤ ਖਾਤੇ ਜਮ੍ਹਾਂ ਹੋ ਰਿਹਾ ਹੈ ਉਹ ਅਖਾੜੇ ਨੂੰ ਵਾਪਸ ਕਰ ਦੇਣਾ ਚਾਹੀਦਾ ਹੈ। ਇਸ ਵਾਸਤੇ ਆਪਣੇ ਮੰਤ੍ਰੀਆਂ ਅਤੇ ਅਨਜ ਅਧਿਕਾਰੀਆਂ ਨਾਲ ਵਿਚਾਰ-ਵਿਮਰਸ਼ ਕਰਕੇ ਠੀਕਰੀਵਾਲੇ ਸੰਤਾਂ ਦੇ ਰਿਸ਼ੀਕੇਸ਼ ਵਾਲੇ ਮਕਾਨ ਦੇ ਮੁਕਦਮੇ ਅਤੇ ਤਾਮੀਰ ਦਾ ਸਾਰਾ ਖਰਚ ਕਟ ਕੇ ਬਾਕੀ ਰਕਮ ਅਖਾੜੇ ਨੂੰ ਵਾਪਸ ਕਰ ਦੇਣ ਦਾ ਆਦੇਸ਼ ਦਿਤਾ।

ਪਰ ਅਖਾੜੇ ਨੇ ਇਸ ਤਰ੍ਹਾਂ ਇਹ ਰਕਮ ਲੈਣ ਤੋਂ ਸਾਫ ਇਨਕਾਰ ਕਰ ਦਿਤਾ। ਅਖਾੜੇ ਵਲੋਂ ਮਹਾਰਾਜੇ ਨੂੰ ਲਿਖਿਆ ਗਿਆ ਕਿ ਰਿਸ਼ੀਕੇਸ਼ ਵਾਲੇ ਮਕਾਨ ਤੇ ਖਰਚ ਸਰਕਾਰ ਨਾਭਾ ਨੇ ਆਪਣੀ ਸ੍ਵੈ-ਇੱਛਾ ਨਾਲ ਕੀਤਾ ਹੈ। ਇਸ ਤਰ੍ਹਾਂ ਖਰਚਾ ਕਟਣਾ ਮਹਾਰਾਜੇ ਦੀ ਸ਼ਾਨ ਅਨੁਸਾਰ ਠੀਕ ਨਹੀਂ ਹੈ। ਨਿਰਮਲ ਅਖਾੜਾ ਵੀ ਇਸ ਤਰ੍ਹਾਂ ਖਰਚਾ ਕਟਾ ਕੇ ਰਕਮ ਲੈਣੀ ਅਪਮਾਨ ਸਮਝਦਾ ਹੈ।

ਇਸ ਤਰ੍ਹਾਂ ਚਾਰ ਪੰਜ ਸਾਲ ਹੋਰ ਲੰਘ ਗਏ। ੨੩ ਭਾਦਰੋਂ ੧੯੬੩ (੧੯੦੬ ਈ:) ਨੂੰ ਮਹਾਰਾਜਾ ਸਾਹਿਬ ਨੇ ਫਿਰ ਹੁਕਮ ਜਾਰੀ ਕੀਤਾ ਜੋ ਦੀਵਾਨ ਸਾਹਿਬ ਦੇ ਰਾਹੀਂ ਅਖਾੜੇ ਵਿਚ ਆਇਆ :

## ਮਹਾਰਾਜਾ ਨਾਭਾ ਵਲੋਂ ਹੁਕਮਨਾਮਾ (ਨਕਲ)

ਮੁਸ਼ਫਕ ਮਿਹਰਵਾਨ ਮੁਖਲਸਾਨ ਪੰਡਤਾਨ ਸਾਹਿਬਾਨ ਸਾਧਾਨ ਨਿਰਮਲਿਆਨ ਅਖਾੜੇ ਵਾਲੇ!

ਰੁਕਾ ਮੇਂ ਬਿਲ ਅਹਿਲਕਾਰ ਸਾਹਿਬਾਨ ਆਲੀਏ ਇਜਲਾਸ ਇਸਮੀ ਸਰਦਾਰ ਸਾਹਿਬ ਇਜਲਾਸ ਖਾਸ ਦਰ

ਬਾਰੈ ਇਸ ਕੇ ਕਿ ਇਸ ਮੁਸਾਰਫ ੬੧੫੯॥ )॥ ਕੀ ਬਾਬਤ ਪੇਸ਼ਗਾਹ ਖਾਸ ਸੇ ਯੇਹ ਹੁਕਮ ਸਾਦਰ ਹੋ ਚੁਕਾ ਹੈ ਕਿ ਜੋ ਰੁਪਿਆ ਪੰਡਿਤਾਨ ਸਾਧਾਨ ਨਿਰਮਲਿਆਨ ਅਖਾੜੇ ਵਾਲੇ ਕਾ ਬੈਂਕ ਧਰਮ ਅਰਥ ਮੇਂ ਜਮ੍ਹਾਂ ਪੜਾ ਹੈ, ਵਹਾਂ ਯੇਹ ਹਵਾਲਾ ਦਰਜਾ ਕੀਆ ਜਾਏ ਕਿ ਸਾਧਾਨ ਅਖਾੜੇ ਵਾਲੇ ਕੋ ਇਸ ਰੁਪਏ ਕੇ ਦੀਏ ਜਾਨੇ ਕਾ ਹੁਕਮ ਬੈਂਕ ਧਰਮ ਅਰਥ ਮੇਂ ਪਹੁੰਚੇ, ਉਸ ਵਕਤ ਬੈਂਕ ਵਾਲੇ ਸੇ ਰਿਪੋਰਟ ਪੇਸ਼ ਹੋਵੇ ਕਿ ਜੋ ਰੁਪਿਆ ਸਾਧਾਨ ਨਿਰਮਲਿਆਨ ਅਖਾੜੇ ਵਾਲੇ ਸੇ ਬਾਬਤ ਮੁਕਦਮੇ ਹਵੇਲੀ ਰਿਖੀਕੇਸ਼ ਕਾਬਲਿ ਵਸੂਲ ਹੈ, ਵੁਹ ਵਜ਼ੇ ਕੀਆ ਜਾਵੇ ਤਾ ਕਿ ਪਹਿਲੇ ਰਿਪੋਰਟ ਪੇਸ਼ ਹੋਵੇ, ਆਇੰਦਾ ਇਸ ਰਕਮ ਪਰ ਸੂਦ ਲਗਾਨਾ ਬੰਦ ਕੀਆ ਜਾਵੇ, ਔਰ ਮਹੰਤ ਸਾਧਾਨ ਨਿਰਮਲਿਆਨ ਅਖਾੜੇ ਵਾਲੇ ਸੇ ਜਵਾਬ ਲੀਆ ਜਾਵੇ, ਮਗਰ ਨਿਰਮਲਿਆਨ ਨੇ ਜਵਾਬ ਨਹੀਂ ਦੀਆ।

ਯੇਹ ਰਕਮ ਬਿਲਾ ਸੂਦੀ ਹੋ ਚੁਕੀ ਹੈ, ਸੂਦ ਕਾ ਨੁਕਸਾਨ ਹੈ, ਮਿਨ ਜੁਮਲਾ ਅਮਾਨਤ ਨਿਰਮਲਿਆਨ ਯਹ ਰਕਮ ਦਾਖਲ ਕਰਾਈ ਜਾਵੇ, ਜੋ ਇਜਲਾਸ ਖਾਸ ਮੇਂ ਭੇਜਾ ਗਿਆ, ਤੋ ਰੁਕਾ ਜਵਾਬੀ ਸਰਿਸ਼ਤਾਦਾਰ ਸਾਹਿਬ ਇਜਲਾਸ ਬ ਹਵਾਲੇ ਹੁਕਮ ਪੇਸ਼ਗਾਹ ਖਾਸ ਬਤਲਬ ਜਵਾਬ ਅਜ਼ ਨਿਰਮਲਿਆਨ ਮੇਂ ਮਿਸਲ ਮੌਸੂਲ ਸਰਿਸ਼ਤੇਹੂਆ, ਮੁਕੱਰਰ ਰੁਕਾ ਬਤਲਬ ਜਵਾਬ ਅਰਸਾਲ ਹੈ ਕਿ ਆਪ ਹਸਬ ਮਨਸ਼ਾਇ ਹੁਕਮ ਜਵਾਬ ਅਰਸਾਲ ਕਰੇਂ।

ਮਰਕੂਮ ੨੩ ਭਾਦਰੋਂ ਸੰਮਤ ੧੯੬੩

ਦਸਤਖਤ ਦੀਵਾਨ ਜੀ ਕੇ

ਇਸ ਸਮੇਂ ਨਿਰਮਲ ਪੰਚਾਇਤੀ ਅਖਾੜੇ ਦੇ ਸ੍ਰੀ ਮਹੰਤ ਪੰਡਿਤ ਸਾਧੂ ਸਿੰਘ ਜੀ ਪਟਿਆਲੇ ਵਾਲੇ ਸਨ। ਇਨ੍ਹਾਂ ਨੇ ਵੀ ਸ੍ਰੀ ਮਹੰਤ ਕਬੇਰੀਆਂ ਦੇ ਵਿਚਾਰ ਅਨੁਸਾਰ ਜਾਗੀਰ ਲੈਣ ਤੋਂ ਉਪਰਾਮਤਾ ਹੀ ਵਿਖਾਈ। ਇਸ ਤਰ੍ਹਾਂ ੩ ਵਰਸ਼ ਲੰਘ ਗਏ। ਮਹਾਰਾਜਾ ਹੀਰਾ ਸਿੰਘ ਜੀ ਨਾਭਾਪਤੀ ਬੀਮਾਰ ਰਹਿਣ ਲਗੇ ਪਰ ਮਹਾਰਾਜਾ ਸਾਹਿਬ ਵਿਚ ਕੁਝ ਵਿਸ਼ੇਸ਼ ਸਿਫਤਾਂ ਸਨ, ਉਹ ਆਪਣੀ ਬੁਧੀ ਨਾਲ ਨਿਰਣੈ ਕਰਨ ਦੀ ਸਮਰਥਾ ਰਖਦੇ ਸਨ। ਉਹ ਇਹ ਵੀ ਸਮਝਦੇ ਸਨ ਕਿ ਅਖਾੜਾ ਕਿਉਂ ਹੋਂਦ ਵਿਚ ਲਿਆਂਦਾ ਗਿਆ ਹੈ ? ਅਖਾੜੇ ਦੀ ਸਥਾਪਨਾ ਸਮੇਂ ਆਪਣੇ ਬਜ਼ੁਰਗ ਮਹਾਰਾਜਿਆਂ ਵਾਲੇ ਯੋਗ ਦਾਨ ਨੂੰ ਵੀ ਸਮਝਦੇ ਸਨ। ਵਡੀ ਗਲ ਉਹ ਆਲਸੀ ਨਹੀਂ ਸਨ। ਆਪਣੀ ਜ਼ਿੰਦਗੀ ਬਾਰੇ ਵੀ ਸਮਝਦੇ ਸਨ, ਬਿਰਧ ਅਵਸਥਾ ਅਤੇ ਬੀਮਾਰੀ ਦੇ ਕਾਰਣ ਅਧੂਰੇ ਪਏ ਕੰਮ ਪੂਰੇ ਕਰ ਦੇਣੇ ਚਾਹੁੰਦੇ ਸਨ। ਇਸ ਵਾਸਤੇ ਵਿਸ਼ੇਸ਼ ਆਦਮੀ ਦੇ ਹੱਥ ਮਹਾਰਾਜੇ ਨੇ ਨਿਮ੍ਰਤਾ ਭਰੀ ਪਤ੍ਰਕਾ ਭੇਜਕੇ ਸ੍ਰੀ ਮਹੰਤ ਸਾਹਿਬ ਜੀ ਨੂੰ ਨਾਭੇ ਆਉਣ ਦਾ ਸੱਦਾ ਭੇਜਿਆ। ਇਸ ਸਮੇਂ ਸ੍ਰੀ ਮਾਨ ਪੰਡਿਤ ਰਾਮ ਸਿੰਘ ਜੀ ਹਰੀਕਿਆਂ ਵਾਲੇ ਸ੍ਰੀ ਮਹੰਤ ਸਨ ਜੋ ੭ ਮੱਘਰ ੧੯੬੮ (੧੯੧੧ ਈ:) ਨੂੰ ਮਹੰਤ ਨਿਹਾਲ ਸਿੰਘ ਜੀ ਬਰਨਾਲਾ, ਮਹੰਤ ਮੇਹਰ ਸਿੰਘ ਜੀ, ਮਹੰਤ ਸ਼ਾਮ ਸਿੰਘ ਜੀ ਮੁਕਾਮੀ ਮਹੰਤ ਸਮੇਤ ਨਾਭੇ ਪੁਜੇ। ਮਹਾਰਾਜਾ ਸਾਹਿਬ ਨਾਲ ਭੇਂਟ ਕੀਤੀ। ਸ਼ਿਸ਼ਟਾਚਾਰ ਅਨੁਸਾਰ ਕੁਸ਼ਲਤਾ ਪੁਛ ਦਸ ਕੇ ਸ੍ਰੀ ਗੰਗਾ ਜੀ ਦਾ ਪ੍ਰਸਾਦ ਦਿਤਾ। ਕਾਫੀ ਚਿਰ ਗੁਰਮਤਿ, ਧਰਮ, ਨਿਰਮਲ ਅਖਾੜਾ, ਨਿਰਮਲ ਪੰਥ ਅਤੇ ਗੁਰਬਾਣੀ ਪਰਮਾਰਥ ਬਾਰੇ ਵਿਚਾਰ-ਵਿਮਰਸ਼ ਕਰਦੇ ਰਹੇ। ਅੰਤ ਮਹਾਰਾਜਾ ਸਾਹਿਬ ਨੇ ਵਿਵਹਾਰਕ ਗਲ ਚਲਾਉਂਦੇ ਹੋਏ ਆਖਿਆ, 'ਨਿਰਮਲਿਓ ! ਤੁਸੀਂ ਜਿੱਤੇ ਤੇ ਮੈਂ ਹਾਰਿਆ। ਤੁਹਾਡੀ ਜਾਗੀਰ, ਅਮਾਨਤਾਂ, ਪੈਸਾ ਦੇਣ ਦਾ ਮੈਂ ਹੁਕਮ ਦੇ ਦਿਤਾ ਹੈ। ਜਦੋਂ ਚਾਹੋ ਵਸੂਲ ਕਰ ਸਕਦੇ ਹੋ।' ਫਿਰ ਕੁਝ ਸਮਾਂ ਸਤਿਸੰਗ ਦੀ ਵਿਚਾਰ ਹੁੰਦੀ ਰਹੀ। ਅੰਤ ਮਹਾਰਾਜੇ ਨੇ ਨਾਲ ਆਈ ਸੰਤ ਮੰਡਲੀ ਸਮੇਤ ਸ੍ਰੀ ਮਹੰਤ ਸਾਹਿਬ ਜੀ ਦੀ ਸਤਿਕਾਰ ਪੂਰਬਕ ਪੂਜਾ ਕਰਕੇ, ਖੁਸ਼ੀਆਂ ਪ੍ਰਾਪਤ ਕੀਤੀਆਂ। ਸ੍ਰੀ ਮਹੰਤ ਜੀ ਮਹਾਰਾਜ ਨੇ ਨਾਭਾ ਰਾਜ ਦੀ ਚੜ੍ਹਦੀ

ਕਲਾ ਦਾ ਆਸ਼ੀਰਵਾਦ ਦਿਤਾ। ਪ੍ਰੇਮ ਪੂਰਬਕ ਵਿਦਾਇਗੀ ਲੈਕੇ ਸ੍ਰੀ ਮਹੰਤ ਜੀ ਮਹਾਰਾਜ, ਸੰਤ ਮੰਡਲੀ ਸਮੇਤ ਕਨਖਲ ਨੂੰ ਚਲੇ ਗਏ।

ਪੰਜਾਬ ਦੇ ਪਿੰਡਾਂ ਵਿਚ ਜਿਥੇ ਵੀ ਅਖਾੜਾ ਜਾਂਦਾ ਰਿਹਾ ਜਨ ਸਾਧਾਰਣ ਜਨਤਾ ਸਤਿਕਾਰ ਕਰਦੀ ਰਹੀ। ਭੰਡਾਰੇ ਦਿੰਦੀ ਰਹੀ, ਸੇਵਾ ਕਰਦੀ ਰਹੀ। ਅਖਾੜਾ ਆਪਣੇ ਇਸ਼ਟ ਸਤਿਗੁਰੂ ਨਾਨਕ ਦੇਵ ਜੀ ਅਤੇ ਗੁਰਬਾਣੀ ਦਾ ਪ੍ਰਚਾਰ ਕਰਦਾ ਰਿਹਾ। ਪੁਜਾਰੀ ਨਿਰਮਲੇ ਸੰਤਾਂ ਦਾ ਕਿੰਨ੍ਹਾਂ ਵੀ ਤ੍ਰਿਸਕਾਰ ਕਰਦੇ ਰਹੇ, ਪਰ ਨਿਰਮਲੇ ਮਹਾਂਪੁਰਖਾਂ ਦੀ ਸ਼ਰਧਾ ਵਿਚ ਰੱਤੀ ਭਰ ਵੀ ਫਰਕ ਨਹੀਂ ਆਇਆ। ਇਹ ਤਖਤਾਂ ਅਤੇ ਗੁਰਦੁਆਰਿਆਂ ਵਿਚ ਬਾ-ਦਸਤੂਰ ਸੇਵਾ ਕਰਦੇ ਰਹੇ। ਜੇ ਕਿਸੇ ਪੁਜਾਰੀ ਨੇ ਤਖਤ ਜਾਂ ਗੁਰਦੁਆਰੇ ਵਿਚ ਨਾ ਵੜਨ ਦਿਤਾ ਤਾਂ ਇਹ ਆਪਣੀ ਭੇਟਾ ਕਿਸੇ ਹੋਰ ਪ੍ਰੇਮੀ ਰਾਹੀਂ ਭੇਜਦੇ ਰਹੇ। ਬਾਹਰੋਂ ਹੀ ਨਮਸਕਾਰ ਕਰਕੇ ਗੁਰੂ ਘਰ ਵਿਚ ਆਪਣੀ ਹਾਜ਼ਿਰੀ ਲਵਾਉਂਦੇ ਰਹੇ। ਜੇਕਰ ਕਿਸੇ ਗੁਰਦੁਆਰੇ ਕਿਸੇ ਤਰ੍ਹਾਂ ਦੀ ਵਿਸ਼ੇਸ਼ ਲੋੜ ਪਈ ਤਾਂ ਆਪਣਾ ਇਸ਼ਟ ਸਮਝਕੇ ਸੇਵਾ ਪੂਰੀ ਕਰਦੇ ਰਹੇ।

ਕੁੰਭ ਮੇਲਿਆਂ ਉਤੇ ਨਿਰਮਲੇ ਮਹਾਂਪੁਰਖ ਸਭ ਨੂੰ ਲੰਗਰ ਛਕਾਉਂਦੇ ਰਹੇ। ਜੋ ਪੁਜਾਰੀ ਜਾਂ ਨਿਹੰਗ ਸਿੰਘ ਆਪਣੇ ਸਥਾਨ ਤੇ ਨਿਰਮਲਿਆਂ ਦਾ ਅਪਮਾਨ ਵੀ ਕਰਦੇ ਸਨ ਉਨ੍ਹਾਂ ਨੂੰ ਵੀ ਪ੍ਰੇਮ ਪੂਰਬਕ ਆਪਣੀਆਂ ਛਾਉਣੀਆਂ ਵਿਚ ਠਹਿਰਾਉਂਦੇ ਅਤੇ ਭੋਜਨ ਦਿੰਦੇ ਰਹੇ।

ਅਕਾਲੀ ਲਹਿਰ ਚਲਣ ਸਮੇਂ ਪੰਥ ਇਹ ਅਨੁਭਵ ਕਰਨ ਲਗਾ ਕਿ ਨਿਰਮਲੇ ਸੰਤ ਪੰਥ ਦਾ ਵਿਦਵਾਨ ਅੰਗ ਹਨ। ਗੁਰਦੁਆਰਾ ਸੁਧਾਰ ਲਹਿਰ ਵਿਚ ਨਿਰਮਲੇ ਸੰਤਾਂ ਤੋਂ ਵੀ ਸੇਵਾ ਲੈਣੀ ਚਾਹੀਦੀ ਹੈ। ਪਰਸਪਰ ਇਸ ਵਿਚਾਰ ਅਨੁਸਾਰ ਨਿਰਮਲੇ ਸੰਤਾਂ ਨੇ ਗੁਰਦੁਆਰਾ ਸੁਧਾਰ ਲਹਿਰ ਵਿਚ ਸਰਗਰਮੀ ਨਾਲ ਹਿੱਸਾ ਲਿਆ। ਜੇਲ੍ਹਾਂ ਕਟੀਆਂ, ਜ਼ੁਰਮਾਨੇ ਭਰੇ, ਅਕਹਿ ਤੇ ਅਸਹਿ ਕਸ਼ਟ ਝੱਲੇ। ਇਸ ਤਰ੍ਹਾਂ ਪਰਸਪਰ ਮੁੜ ਪਿਆਰ ਦੀ ਲਹਿਰ ਪੈਦਾ ਹੋ ਗਈ।

ਇਸ ਸਮੇਂ ਹੀ ੪ ਹਾੜ ੧੯੮੦ (੧੭ ਜੂਨ ੧੯੨੩ ਈ:) ਨੂੰ ਹੀ ਸ੍ਰੀ ਅੰਮ੍ਰਿਤਸਰ ਦੇ ਸ੍ਰੀ ਦਰਬਾਰ ਸਾਹਿਬ (ਹਰਿਮੰਦਰ) ਦੇ ਸੁਧਾਸਰ ਸਰੋਵਰ ਦੀ ਕਾਰ ਸੇਵਾ ਆਰੰਭ ਹੋਈ। ਜਿਥੇ ਲੱਖਾਂ ਵਿਅਕਤੀਆਂ, ਸਮੂਹ ਨਾਨਕ ਪੰਥੀਆਂ, ਸੰਪ੍ਰਦਾਵਾਂ ਨੇ ਕਾਰ ਸੇਵਾ ਵਿਚ ਭਾਗ ਲਿਆ ਉਥੇ ਨਿਰਮਲ ਸੰਪ੍ਰਦਾਇ ਨੇ ਵੀ ਆਪਣੇ ਧੰਨ ਭਾਗ ਸਮਝਕੇ ਆਪਣੇ ਗੁਰੂਦੇਵ ਦੇ ਸਰੋਵਰ ਦੀ ਸੇਵਾ ਵਿਚ ਅਕਥਨੀਯ ਹਿੱਸਾ ਪਾਇਆ। ਸ੍ਰੀ ਅੰਮ੍ਰਿਤਸਰ, ਮਾਝਾ, ਮਾਲਵਾ, ਦੁਆਬਾ, ਪੋਠੋਹਾਰ, ਜੰਮੂ ਕਸ਼ਮੀਰ ਆਦਿ ਥਾਵਾਂ ਦੇ ਸਾਰੇ ਨਿਰਮਲੇ ਮਹਾਂਪੁਰਖ ਟੋਕਰੀਆਂ ਚੁਕ ਕੇ ਕਾਰ ਸੇਵਾ ਵਿਚ ਹਿੱਸਾ ਪਾਉਂਦੇ ਰਹੇ। ਇਸੀ ਤਰ੍ਹਾਂ ਨਿਰਮਲ ਰਮਤ ਅਖਾੜਾ ਵੀ ਕਾਰ ਸੇਵਾ ਕਰਨ ਵਾਸਤੇ ਪੁਜਿਆ। ਇਥੋਂ ਤਕ ਕਿ ਨਿਰਮਲ ਪੰਥ ਦੇ ਸਾਰੇ ਵੀਤਰਾਗ ਵਿਰਕਤ, ਬ੍ਰਹਮਸ਼੍ਰੋਤ੍ਰੀਯ, ਬ੍ਰਹਮਨਿਸ਼ਟ, ਨਿਰਮਲ ਵਿਰਕਤ ਕੁਟੀਆ ਹਰਿਦੁਆਰ ਅਤੇ ਰਿਸ਼ੀਕੇਸ਼ ਝਾੜੀ ਦੇ ਸਤਿਪੁਰਸ਼ ਵੀ ਟੋਕਰੀਆਂ ਚੁਕ ਕੇ ਕਾਰ ਸੇਵਾ ਕਰਨੀ ਆਪਣੇ ਪੂਰਬਲੇ ਪੁੰਨਿ ਕਰਮਾਂ ਦਾ ਫਲ ਮੰਨਦੇ ਸਨ। ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਦੇ ਸ੍ਰੀ ਮਹੰਤ ਸ੍ਰੀਮਾਨ ਪੰਡਿਤ ਰਾਮ ਸਿੰਘ ਜੀ ਹਰੀਕਿਆਂ ਵਾਲੇ ਵੀ ਵਿਸ਼ੇਸ਼ ਤੌਰ ਤੇ ਕਾਰ ਸੇਵਾ ਕਰਨ ਵਾਸਤੇ ਪੁਜੇ ਸਨ।

ਜਦੋਂ ਨਿਰਮਲ ਸੰਤ ਮੰਡਲੀ ਰਣਸਿੰਘਿਆਂ, ਸੰਖਾਂ ਅਤੇ ਘੜਿਆਲਾਂ ਦੀ ਘਣਘੋਰ ਵਿਚ ਸ਼ਬਦ ਪੜ੍ਹਦੀ ਕਾਰ ਸੇਵਾ ਕਰਨ ਵਾਸਤੇ ਲੰਘਦੀ ਸੀ; ਸ਼ਹਿਰ ਨਿਵਾਸੀ ਦਰਸ਼ਨ ਵਾਸਤੇ ਬਾਜ਼ਾਰਾਂ ਵਿਚ ਕਤਾਰਾਂ ਬੰਨ੍ਹ ਹੱਥ ਜੋੜ ਕੇ ਖੜ੍ਹ ਜਾਂਦੇ ਸਨ। ਪਰਿਕ੍ਰਮਾਂ ਵਿਚ ਭਗਵੇਂ ਵਸਤਰਾਂ ਵਾਲੇ ਮਹਾਤਮਾਂ ਦੇ ਰਣਸਿੰਘਿਆਂ ਦੀ ਘਣਘੋਰ ਹੁਣ ਸਿੰਘਾਂ ਨੂੰ ਓਪਰੀ ਨਹੀਂ ਸੀ ਲਗਦੀ ਬਲਕਿ ਸੰਤਾਂ ਦੇ ਦਰਸ਼ਨ, ਰਣਸਿੰਘੇ ਵਜਦੇ ਉਤਸ਼ਾਹ ਦੇ ਰਹੇ ਸਨ। ਮੰਡਲੀ

ਸ਼ਬਦ ਪੜ੍ਹਦੀ ਲੰਘਦੀ ਤਾਂ ਸਿੰਘਾਂ ਦੇ ਸ਼ਰਧਾ ਨਾਲ ਹੱਥ ਜੁੜ ਜਾਂਦੇ, ਮਸਤਕ ਝੁਕ ਜਾਂਦੇ।

ਇਸ ਮੰਡਲੀ ਵਿਚ ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਹਰੀਕਿਆਂ ਵਾਲੇ, ਸ੍ਰੀਮਾਨ ਮਹੰਤ ਰਤਨ ਸਿੰਘ ਜੀ ਡੇਰਾ ਬਾਬਾ ਮਿਸ਼ਰਾ ਸਿੰਘ ਜੀ ਅੰਮ੍ਰਿਤਸਰ, ਸ੍ਰੀਮਾਨ ਪੰਡਿਤ ਪ੍ਰੇਮ ਸਿੰਘ ਜੀ ਝਾੜੀ ਵਾਲੇ ਰਿਸ਼ੀਕੇਸ਼, ਸ੍ਰੀਮਾਨ ਪੰਡਿਤ ਹੀਰਾ ਸਿੰਘ ਜੀ (ਹੀਰਾ ਲਾਲ) ਜੀ ਆਦਿਕ ਪ੍ਰਸਿਧ ਮਹਾਂਪੁਰਖ ਸ਼ਾਮਿਲ ਸਨ।

ਨਿਰਮਲ ਪੰਥ ਦੀ ਨਿਮ੍ਰਤਾ, ਸ਼ਰਧਾ ਭਗਤੀ ਅਤੇ ਸੇਵਾ ਦਾ ਅਕਾਲੀ ਆਗੂਆਂ ਦੇ ਮਨ ਤੇ ਦੀਰਘ ਪ੍ਰਭਾਵ ਪਿਆ। ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਮੁਖੀ ਸਿਆਣੇ ਆਗੂ ਅਨੁਭਵ ਕਰਨ ਲਗੇ ਕਿ ਪੰਥ ਦੀ ਵਿਦਵਾਨ ਸੰਪ੍ਰਦਾਇ ਨਿਰਮਲੇ ਸੰਤਾਂ ਦੀ ਤਖਤਾਂ ਅਤੇ ਗੁਰਦੁਆਰਿਆਂ ਤੇ ਅਵਸ਼ਯ ਅਰਦਾਸ ਹੋਣੀ ਚਾਹੀਦੀ ਹੈ। ਅਖਾੜੇ ਦੇ ਸ੍ਰੀ ਮਹੰਤ ਅਤੇ ਅਨਯ ਮਹਾਂਪੁਰਖਾਂ ਕੋਲ ਇਹ ਵਿਚਾਰ ਵਿਮਰਸ਼ ਭੇਜਿਆ ਗਿਆ। ਸ੍ਰੀ ਮਹੰਤ ਜੀ ਪ੍ਰਸੰਨ ਹੋ ਕੇ ਬੋਲੇ, 'ਅਸੀਂ ਸਤਿਗੁਰੂ ਜੀ ਦੇ ਦਰਬਾਰ ਵਿਚ ਹਰ ਸਮੇਂ ਡੰਡਵਤ ਪ੍ਰਣਾਮ ਕਰਦੇ ਹਾਂ। ਹੁਣ ਵੀ ਜਦੋਂ ਹੁਕਮ ਕਰੋਗੇ, ਹਾਜ਼ਿਰ ਹੋਵਾਂਗੇ।' ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਤੇਜਾ ਸਿੰਘ ਜੀ ਸਮੁੰਦਰੀ ਨੇ ਮਿਲਕੇ ਸਮਾਂ ਨਿਯਤ ਕਰਕੇ ਵਿਸ਼ੇਸ਼ ਸਮਾਗਮ ਬੁਲਾਇਆ। ਨਿਯਤ ਸਮੇਂ ਤੇ ਸ੍ਰੀ ਮਹੰਤ ਜੀ ਦੀ ਸਰਪ੍ਰਸਤੀ ਹੇਠ ਸਾਰਾ ਨਿਰਮਲ ਭੇਖ ਭਗਵੇਂ ਵਸਤਰਾਂ ਵਿਚ ਰਣਸਿੰਘਿਆਂ/ਸੰਖਾਂ ਦੀ ਮੰਗਲਮਈ ਧੂਨੀ ਦੁਆਰਾ ਪਰਿਕ੍ਰਮਾ ਵਿਚ ਸ੍ਰੀ ਹਰਿਮੰਦਰ ਜੀ ਵਿਚ ਪੁਜਿਆ। ਸ੍ਰੀ ਮਹੰਤ ਜੀ ਮਹਾਰਾਜ ਨੇ ੧੦੧/- ਰੁਪਏ ਸ੍ਰੀ ਹਰਿਮੰਦਰ ਜੀ ਵਿਚ ਅਰਦਾਸ ਕਰਵਾਏ। ਸ੍ਰੀਮਾਨ ਸ੍ਰ. ਤੇਜਾ ਸਿੰਘ ਜੀ ਸਮੁੰਦਰੀ ਨੇ ਸਿਰੋਪਾਉ ਭੇਟ ਕੀਤਾ। ਫਿਰ ਸਾਰੀ ਸੰਤ ਮੰਡਲੀ ਅਤੇ ਪੰਥਕ ਆਗੂ ਸ੍ਰੀ ਅਕਾਲ ਤਖਤ ਪੁਜੇ। ਸ੍ਰੀ ਮਹੰਤ ਜੀ ਨੇ ੫੧/- ਰੁਪਏ ਅਕਾਲ ਤਖਤ ਦੀ ਭੇਟ ਕੀਤੇ। ਅਕਾਲ ਤਖਤ ਵਲੋਂ ਵੀ ਸਿਰੋਪਾਉ ਮਿਲਿਆ। ਨਿਰਮਲੇ ਵਿਦਵਾਨ ਪੰਡਿਤਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਸੂਰ ਸੰਸਕ੍ਰਿਤ ਸ਼ਲੋਕਾਂ ਵਿਚ ਉਸਤਤੀ ਕੀਤੀ। ਦੋਨਾਂ ਪਾਸਿਆਂ ਤੋਂ ਪ੍ਰੇਮ ਭਰੇ ਵਿਆਖਿਆਨ ਹੋਏ।

ਅਕਾਲ ਤਖਤ ਦੇ ਜਥੇਦਾਰ ਨੇ ਐਲਾਨ ਕੀਤਾ ਕਿ ਜਿਤਨੇ ਗੁਰਦੁਆਰੇ ਅਤੇ ਤਖਤ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਅਧੀਨ ਹਨ, ਸਭ ਥਾਵਾਂ ਤੇ ਨਿਰਮਲੇ ਸੰਤਾਂ ਦੀ ਅਰਦਾਸ ਬਿਨਾਂ ਸੰਕੋਚ ਕੀਤੀ ਜਾਵੇ। ਨਿਰਮਲੇ ਸੰਤ ਪੰਥ ਦਾ ਮੁਖ ਅੰਗ ਹਨ।

ਫਿਰ ਸਾਰੀ ਸੰਤ ਮੰਡਲੀ ਨੇ ਦੇਗ ਅਤੇ ੫੧/- ਰੁਪਏ ਬਾਬਾ ਅਟਲ ਸਾਹਿਬ ਵਿਖੇ ਭੇਟਾ ਪੂਜਾ ਕੀਤੀ; ਸਾਰੇ ਪੰਥਕ ਆਗੂ ਪ੍ਰਸੰਨਤਾ ਨਾਲ ਜੈਕਾਰੇ ਛਡ ਰਹੇ ਸਨ। ਸਾਰੇ ਪ੍ਰਸੰਨਤਾ ਅਤੇ ਪ੍ਰੇਮ ਦਾ ਰਾਜ ਸੀ। ਇਹ ਦਿਨ ਇਸੀ ਤਰ੍ਹਾਂ ਪ੍ਰੇਮ ਪੂਰਬਕ ਬੀਤਿਆ। ਜੋ ੪੮ ਵਰਸ਼ਾਂ ਤੋਂ ਭ੍ਰਮ ਭੁਲੇਖੇ ਪਏ ਹੋਏ ਸਨ, ਸਭ ਦੂਰ ਹੋ ਗਏ।

ਸ੍ਰੀ ਅਕਾਲ ਤਖਤ ਜੀ ਦੇ ਜਥੇਦਾਰ ਦਾ ਐਲਾਨ ਸਾਰੇ ਪੰਜਾਬ ਦੀਆਂ ਲੋਕਲ ਕਮੇਟੀਆਂ ਕੋਲ ਵੀ ਪੁਜ ਗਿਆ। ਇਸ ਕਰਕੇ ਜਿੱਥੇ-ਜਿੱਥੇ ਵੀ ਰਮਤ ਪੰਚਾਇਤੀ ਅਖਾੜਾ ਪੁਜਿਆ, ਸਾਰੇ ਗੁਰਦੁਆਰਿਆਂ ਵਲੋਂ ਭੰਡਾਰੇ ਕੀਤੇ ਜਾਣ ਲਗੇ। ਪੂਜਾ ਹੋਣ ਲਗੀ। ਪਰਸਪਰ ਪ੍ਰੇਮ ਵਧਣ ਲਗਾ। ਸ੍ਰੀ ਮੁਕਤਿਸਰ ਸਾਹਿਬ ਦੀ ਗੁਰਦਵਾਰਾ ਕਮੇਟੀ ਨੇ ਰਮਤ ਅਖਾੜੇ ਦਾ ਭਵ ਸੁਆਗਤ ਕਰਕੇ ਜਲੂਸ ਕਢਿਆ। ਸੰਮਤ ੧੯੮੦ (੧੪ ਸਤੰਬਰ ੧੯੨੩ ਈ:) ਨੂੰ ਸ਼੍ਰੋ. ਗੁ. ਪ੍ਰ. ਕਮੇਟੀ ਵਲੋਂ ਜੈਤੋ ਦੇ ਮੋਰਚੇ ਦਾ ਐਲਾਨ ਕੀਤਾ ਗਿਆ ਜਿਸ ਵਿਚ ਹਜ਼ਾਰਾਂ ਸਿੱਖ ਸੰਗਤਾਂ ਨੇ ਮੋਰਚੇ ਵਿਚ ਹਿੱਸਾ ਲਿਆ। ਸੈਂਕੜੇ ਨਿਰਮਲੇ ਸੰਤਾਂ ਨੇ ਭਗਵੇਂ ਵਸਤਰਾਂ ਸਹਿਤ ਜੱਥੇ ਵਿਚ ਸ਼ਾਮਲ ਹੋਕੇ ਜੇਲ੍ਹਾਂ ਕੱਟੀਆਂ; ਜੁਰਮਾਨੇ ਭਰੇ। ਹਰ ਤਰ੍ਹਾਂ ਦੇ ਅਸਹਿ-ਅਕਹਿ ਕਸ਼ਟ ਸਹਾਰੇ। ਜੈਤੋ ਦੇ ਮੋਰਚੇ ਦੀ ਸਮਾਪਤੀ ਤੇ ਸ਼੍ਰੋਮਣੀ ਗੁਰਦਵਾਰਾ

ਪ੍ਰਬੰਧਕ ਕਮੇਟੀ ਨੇ ਨਿਰਮਲੇ ਸੰਤਾਂ ਦੀ ਪ੍ਰਸ਼ੰਸਾ ਵਿਚ ਇਕ ਐਲਾਨ ਨਾਮਾ ਪ੍ਰਕਾਸ਼ਤ ਕੀਤਾ ਜਿਸ ਦਾ ਉਤਾਰਾ ਇਸ ਤਰ੍ਹਾਂ ਹੈ :

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਐਲਾਨ ਨੰ: ੨੧੩੦

ਗੁਰੂ ਪੰਥ ਦੀਆਂ ਵਰਤਮਾਨ ਔਕੜਾਂ ਅਤੇ ਮੁਸੀਬਤਾਂ ਵਿਚ ਪੰਥ ਦੇ ਵਿਦਵਾਨ ਅੰਗ ਨਿਰਮਲੇ ਸੰਤਾਂ ਨੇ ਜੋ ਸ਼ਾਨਦਾਰ ਹਿਸਾ ਲੀਤਾ ਹੈ, ਉਹ ਸਿਖ ਇਤਿਹਾਸ ਵਿਚ ਸੋਨੇ ਦੇ ਅੱਖਰਾਂ ਨਾਲ ਉਕਰਿਆ ਜਾਵੇਗਾ। ਸ਼ਹੀਦੀ ਜਥਿਆਂ ਵਿਚ ਏਹਨਾਂ ਪੰਥ ਹਿਤੈਸ਼ੀਆਂ ਨੇ ਸ਼ਾਮਲ ਹੋਕੇ ਮੋਢੇ ਨਾਲ ਮੋਢਾ ਡਾਹਕੇ ਆਪਣੀਆਂ ਛਾਤੀਆਂ ਵਿਚ ਵੈਰੀਆਂ ਦੀਆਂ ਗੋਲੀਆਂ ਖਾਧੀਆਂ ਹਨ ਅਤੇ ਨਾਭੇ ਦੀਆਂ ਜੇਲ੍ਹਾਂ ਤੇ ਕਾਰ ਖਾਸ ਵਿਚ ਅਨੇਕ ਪ੍ਰਕਾਰ ਦੇ ਜ਼ੁਲਮ ਤੇ ਦੁਖ ਸਹਾਰਕੇ ਗੁਰੂ ਪੰਥ ਦਾ ਸਾਥ ਬੀਰ ਗੁਰਸਿੱਖਾਂ ਵਾਂਗ ਨਿਭਾਇਆ ਹੈ। ਗੁਰੂ ਪੰਥ ਨੂੰ ਆਪਣੇ ਨਿਰਮਲੇ ਗੁਰਸਿੱਖਾਂ ਪੁਰ ਜਿੰਨਾ ਵੀ ਮਾਣ ਹੋਵੇ, ਥੋਹੜਾ ਹੈ। ਤਾਂ ਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨਿਰਮਲੇ ਸੰਤਾਂ ਦੀ ਸੇਵਾ ਦੀ ਪੂਰੀ-ਪੂਰੀ ਪ੍ਰਸੰਸਾ ਕਰਦੀ ਹੈ ਅਤੇ ਆਸ ਕਰਦੀ ਹੈ ਕਿ ਸਮੂਹ ਗੁਰ ਸੰਗਤਾਂ ਆਪਣੇ ਏਹਨਾਂ ਵਿਦਵਾਨ ਭਰਾਵਾਂ ਦੀ ਵਿਦਵਤਾ ਅਤੇ ਕੁਰਬਾਨੀ ਪੂਰਤ ਸੇਵਾ ਦਾ ਖਿਆਲ ਕਰਕੇ ਇਹਨਾਂ ਦਾ ਵਾਜਬ ਤੇ ਯੋਗ ਆਦਰ ਸਨਮਾਨ ਕਰਦੀਆਂ ਰਹਿਣਗੀਆਂ, ਅਤੇ ਇਸ ਪ੍ਰਕਾਰ ਗੁਰਸਿੱਖੀ ਦੇ ਪਿਆਰ ਭਰੇ ਸੰਬੰਧ ਨੂੰ ਹੋਰ ਵੀ ਵਧੀਕ ਪਕਿਆਂ ਕਰ ਦੇਣਗੀਆਂ।

ਤਾਰਾ ਸਿੰਘ ਵਾਸਤੇ ਜਨਰਲ ਸਕੱਤ੍ਰ[1]<br>
ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ<br>
ਸ੍ਰੀ ਅੰਮ੍ਰਿਤਸਰ

ਇਸੀ ਤਰ੍ਹਾਂ ਯਾਤਰਾ ਕਰਦਾ ਹੋਇਆ 'ਰਮਤ ਨਿਰਮਲ ਪੰਚਾਇਤੀ ਅਖਾੜਾ' ਤਖਤ ਦਮਦਮਾ ਸਾਹਿਬ 'ਗੁਰੂ ਕੀ ਕਾਸ਼ੀ' (ਤਲਵੰਡੀ ਸਾਬੋ) ਵਿਖੇ ਪੁਜਿਆ ਜਿਸ ਦਾ ਤਖਤ ਦਮਦਮਾ ਸਾਹਿਬ ਅਤੇ ਗੁਰੂਕਾਸ਼ੀ ਦੇ ਸਾਰੇ ਬੁੰਗਿਆਂ ਵਲੋਂ ਭਵ ਸ੍ਵਾਗਤ ਕੀਤਾ ਗਿਆ। ਭੰਡਾਰੇ ਹੋਏ, ਪੂਜਾ ਕੀਤੀ ਗਈ। ਸਿਰੋਪਾਉ ਦਿਤੇ ਗਏ। ਇਸ ਸਮੇਂ ਤਖਤ ਦਮਦਮਾ ਸਾਹਿਬ ਤੋਂ ਹੇਠ ਲਿਖਿਆ ਹੁਕਮਨਾਮਾ ਜਾਰੀ ਕੀਤਾ ਗਿਆ :

ੴ ਸਤਿਗੁਰ ਪ੍ਰਸਾਦਿ ॥

ਮੋਹਰ

**ਮਿਲੌਣੀ ਪਤ੍ਰ**

ਹੁਕਮਨਾਮਾ ਸ੍ਰੀ ਗੁਰੂ ਕੀ ਕਾਂਸ਼ੀ ਦਮਦਮਾ ਸਾਹਿਬ ਤਖਤ ਸੇ ਨਿਰਮਲ ਅਖਾੜੇ ਕੋ ਦੀਆ ਗਿਆ। ਆਜ ਮਾਘ ੨੨ ਸੰਮਤ ੧੯੮੪ ਮੁਤਾਬਕ ਨਾਨਕ ਸ਼ਾਹੀ ੪੫੮ ਰਮਤ ਅਖਾੜਾ ਕੀ ਅਰਦਾਸ ਕੀਤੀ ਗਈ, ਜਿਸ ਪ੍ਰਕਾਰ ਗੁਰਸਿਖੋਂ ਕੀ ਅਰਦਾਸ ਤਥਾ ਵਰਤਾਵ ਹੁੰਦਾ ਹੈ ਉਸੀ ਤਰ੍ਹਾਂ ਪੰਚੈਤੀ ਅਖਾੜਾ ਨਿਰਮਲਾ ਕੀ ਅਰਦਾਸ ਕਰਕੇ ਵਰਤਾਵ ਕੀਤਾ ਗਿਆ ਕਿਉਂਕਿ ਪਹਿਲੇ ਅਰਦਾਸ ਅਖਾੜਾ ਨਿਰਮਲਾ ਕੀ ਸ੍ਰੀ ਅਕਾਲ ਤਖਤ ਮੇਂ ਹੋ ਚੁਕੀ ਹੈ। ਇਸ ਲਈ ਹੁਕਮਨਾਮਾ ਸ੍ਰੀ ਅਕਾਲ ਤਖਤ ਕੇ ਆਗੇ ਹਮ ਤਮਾਮ ਸਿਰ

---

*੧. ਸਿੱਖ ਪੰਥ ਦੇ ਪ੍ਰਸਿੱਧ ਲੀਡਰ ਮਾਸਟਰ ਤਾਰਾ ਸਿੰਘ ਜੀ*

ਝੁਕੌਂਦੇ ਹੋਇ ਸ੍ਰੀ ਗੁਰੂ ਕਾਸ਼ੀ ਮੇ ਅਭੇਦ ਵਰਤਾਵ ਕਰਤੇ ਹਾਂ। ਆਜ ਸੇ ਜੋ ਸ੍ਰੀ ਗੁਰੂ ਦਸੋਂ ਕਾ ਸਿਖ ਹੋ ਅਖਾੜਾ ਨਿਰਮਲਾ ਕੋ ਆਪਣਾ ਅਖਾੜਾ ਸਮਝ ਕਰ ਤਨ ਮਨ ਧਨ ਸੇ ਸੇਵਾ ਕਰੇ।

ਮਹੰਤ ਭਗਤ ਸਿੰਘ ਬੁੰਗਾ ਮਦਰਸਾ, ਮਹੰਤ ਨੰਦ ਸਿੰਘ ਬੁੰਗਾ ਉਚਾ, ਮਹੰਤ ਅਲਬੇਲ ਸਿੰਘ ਬੁੰਗਾ ਅਲਬੇਲ ਸਿੰਘ, ਮਹੰਤ ਬਿਸ਼ਨ ਸਿੰਘ ਬੁੰਗਾ ਕਟੂ, ਮਹੰਤ ਕੇਸਰ ਸਿੰਘ ਸ੍ਰੀ ਤਖਤ ਸਾਹਿਬ, ਮੈਨੇਜਰ ਮਲ ਸਿੰਘ ਸ੍ਰੀ ਦਮਦਮਾ ਸਾਹਿਬ, ਮਹੰਤ ਬੀਰ ਸਿੰਘ ਮਲਵਈ ਬੁੰਗਾ, ਮਹੰਤ ਹਰੀ ਸਿੰਘ ਹੇਠਲਾ ਬੁੰਗਾ, ਮਹੰਤ ਹਰਨਾਮ ਸਿੰਘ ਲਿਖਾਰੀ ਬੁੰਗਾ, ਮਹੰਤ ਝੰਡਾ ਸਿੰਘ ਜੀ ਬੁੰਗਾ ਚੇਤ ਸਿੰਘ ਜੀ ਸ੍ਰੀ ਗੁਰਦਵਾਰਾ ਜੰਡਸਰ, ਮਹੰਤ ਕਿਸ਼ਨ ਸਿੰਘ ਜੀ।

ਇਹ ਹੁਕਮਨਾਮਾ ਤਖਤ ਦਮਦਮਾ ਸਾਹਿਬ ਤੇ ਭਰੀ ਸਭਾ ਵਿਚ ਪੜ੍ਹਕੇ ਅਖਾੜੇ ਨੂੰ ਦਿਤਾ ਗਿਆ। ਮਾਲਵੇ ਵਿਚ ਦਮਦਮੀ ਸੰਪ੍ਰਦਾਇ ਦੇ ਬਹੁਤ ਡੇਰੇ ਹਨ। ਜਿੱਥੇ-ਜਿੱਥੇ ਵੀ ਰਮਤ ਅਖਾੜਾ ਗਿਆ ਸਭ ਥਾਵਾਂ ਤੇ ਉਤਸ਼ਾਹ ਨਾਲ ਸੇਵਾ, ਪੂਜਾ ਹੁੰਦੀ ਰਹੀ।

ਹੁਣ ਤਖਤ ਪਟਨਾ ਸਾਹਿਬ ਅਤੇ ਸਚਖੰਡ ਹਜ਼ੂਰ ਸਾਹਿਬ ਤੋਂ ਬਿਨਾਂ ਸਾਰੇ ਦੇਸ ਦੇ ਗੁਰਦੁਆਰਿਆਂ ਤਖਤਾਂ ਤੇ ਨਿਰਮਲੇ ਸੰਤਾਂ ਦੀਆਂ ਅਰਦਾਸਾਂ ਹੋਣ ਲਗੀਆਂ। ਭੇਟਾਂ/ਪੂਜਾ ਲੈਣ ਦੇਣ ਲਗੇ।

ਸੰਨ ੧੯੨੯ ਈ: ਵਿਚ ਗੁਰਦੁਆਰਾ ਮਾਲ ਟੇਕਰੀ ਦਾ ਝਗੜਾ ਚਲ ਪਿਆ। ਇਸ ਸੰਬੰਧ ਵਿਚ ਸ੍ਰ. ਬ. ਭਾਈ ਕਾਨ੍ਹ ਸਿੰਘ ਜੀ ਨਾਭਾ ਅਤੇ ਸੰਤ ਜਵਾਲਾ ਸਿੰਘ ਜੀ ਪਟਿਆਲੇ ਵਾਲੇ ਉਗਾਹੀ ਦੇਣ ਗਏ ਹੋਏ ਸਨ। ਇਨ੍ਹਾਂ ਦਿਨਾਂ ਵਿਚ ਹੀ ਸੰਤ ਬਲਵੰਤ ਸਿੰਘ ਜੀ ਗਿਆਨੀ ਰਿਸ਼ੀਕੇਸ਼ ਵਾਲੇ ਦਰਸ਼ਨ ਵਾਸਤੇ ਸਚਖੰਡ ਹਜ਼ੂਰ ਸਾਹਿਬ ਪੁਜੇ ਹੋਏ ਸਨ।

ਸੰਤ ਬਲਵੰਤ ਸਿੰਘ ਜੀ ਨੇ ਸਾਰੇ ਪੁਜਾਰੀਆਂ ਅਤੇ ਦਰਬਾਰ ਸਚਖੰਡ ਦੇ ਮੋਹਤਮਿਮ ਸ੍ਰ. ਗੋਪਾਲ ਸਿੰਘ ਨੂੰ ਸਾਰੀ ਗਲ ਵਿਆਖਿਆ ਨਾਲ ਸਮਝਾਈ ਕਿ ਜਦੋਂ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਹਰਿਮੰਦਰ ਜੀ ਅੰਮ੍ਰਿਤਸਰ ਵਿਖੇ ਨਿਰਮਲ ਪੰਥ ਦੀ ਅਰਦਾਸ ਪ੍ਰੇਮ ਪੂਰਬਕ ਹੋ ਰਹੀ ਹੈ। ਨਿਰਮਲਿਆਂ ਦੀ ਭੇਟਾ ਨੂੰ ਪ੍ਰਵਾਨ ਕੀਤਾ ਜਾਂਦਾ ਹੈ ਅਤੇ ਅੱਗੋਂ ਸਿਰੋਪਾਓ ਬਖਸ਼ੇ ਜਾਂਦੇ ਹਨ, ਫਿਰ ਸਚਖੰਡ ਹਜ਼ੂਰ ਸਾਹਿਬ ਕਿਉਂ ਨਹੀਂ ਅਰਦਾਸ ਕੀਤੀ ਜਾ ਰਹੀ ? ਸੰਤ ਬਲਵੰਤ ਸਿੰਘ ਜੀ ਨੇ ਇਸ ਵਿਚਾਰ ਨੂੰ ਭਾਈ ਕਾਨ੍ਹ ਸਿੰਘ ਜੀ ਨਾਭਾ ਅਤੇ ਸੰਤ ਜਵਾਲਾ ਸਿੰਘ ਜੀ ਪਟਿਆਲਾ ਅਗੇ ਵੀ ਰਖਿਆ। ਇਨ੍ਹਾਂ ਦੋਨਾਂ ਮਹਾਨਭਾਵਾਂ ਨੇ ਸਾਰੀ ਵਿਚਾਰ ਨੂੰ ਸਮਝਕੇ ਸ੍ਰ. ਗੋਪਾਲ ਸਿੰਘ ਮੋਹਤਮਿਮ ਨੂੰ ਕਾਇਲ ਕਰ ਲਿਆ ਕਿ ਸੱਚਖੰਡ ਹਰਿਮੰਦਰ ਵਿਚ ਨਿਰਮਲੇ ਸੰਤਾਂ ਦੀ ਅਰਦਾਸ/ਪੂਜਾ ਹੋਣੀ ਚਾਹੀਦੀ ਹੈ, ਪਰ ਪੁਜਾਰੀ ਤੇ ਨਿਹੰਗਸਿੰਘ ਫਿਰ ਵੀ ਵਿਰੋਧ ਕਰਦੇ ਰਹੇ। ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ ਤੋਂ ਨਿਰਮਲੇ ਸੰਤਾਂ ਬਾਰੇ ਪਾਸ ਕੀਤੇ ਮਤੇ, ਅਕਾਲ ਤਖਤ ਦਾ ਐਲਾਨ ਮੰਗਵਾਕੇ ਸੁਣਾਇਆ/ਸਮਝਾਇਆ ਗਿਆ, ਪਰ ਨਿਹੰਗਾਂ ਸਿੰਘਾਂ ਅਤੇ ਪੁਜਾਰੀਆਂ ਨੇ ਨੰਨਾ ਅੱਖਰ ਪੜ੍ਹਨੋ ਨ ਛਡਿਆ। ਅੰਤ ਮਜ਼ਹਬੀ ਕਮੇਟੀ ਤਖਤ ਸਚਖੰਡ ਹਜ਼ੂਰ ਸਾਹਿਬ ਨੂੰ ਇਹ ਕੇਸ ਦਿੱਤਾ ਗਿਆ। ਇਸ ਕਮੇਟੀ ਨੇ ੧੮ ਨਵੰਬਰ ੧੯੨੯ (ਮੁਤਾਬਕ ੫ ਮਘਰ ੧੯੮੬ ਬਿ:) ਨੂੰ ਹੇਠ ਲਿਖਿਆ ਫੈਸਲਾ ਸੁਣਾਇਆ :

## ਨਕਲ ਕਾਰਰਵਾਈ ਇਜਲਾਸ ਕਮੇਟੀ

ਆਜ ਬਤਾਰੀਖ ੧੪ ਦੈ ਸੰਨ ੧੩੩੯ ਫਸਲੀ ਮੁਤਾਬਕ ੧੮ ਨਵੰਬਰ ਸੰਨ ੧੯੨੯ ਈਸਵੀ ਮਜ਼ਹਬੀ ਕਮੇਟੀ ਤਖਤ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਕਾ ਇਜਲਾਸ ਬਮੁਕਾਮ ਬੁੰਗਾ ਸ੍ਰੀ ਮਾਨ

ਪੁਜਾਰੀ ਸਾਹਿਬ ਅੰਦਰੂਨ ਹੂਆ। ਇਸ ਮੇਂ ਹੇਠ ਲਿਖੇ ਮੈਂਬਰਾਨ ਮਜ਼ਹਬੀ ਕਮੇਟੀ ਮੌਜੂਦ ਥੇ। ਮਿਸਲ ਨਿਸ਼ਾਨ ੪੭ ਸੰਨ ੧੩੩੯ ਫਸਲੀ ਦਫਤ੍ਰ ਮੁਹਤਮਿਮੀ ਗੁਰਦਵਾਰਾ ਸਾਹਿਬ ਮੁਲਾਹਿਜ਼ਾ ਹੂਈ, ੧. ਸ੍ਰੀਮਾਨ ਭਾਈ ਹੀਰਾ ਸਿੰਘ ਜੀ ਹੈਡ ਪੁਜਾਰੀ, ੨. ਸ੍ਰੀਮਾਨ ਸੋਢੀ ਕਰਮ ਸਿੰਘ ਜੀ ਮਦਦਗਾਰ ਮੁਹਤਮਿਮ ਕੋਤਵਾਲੀ ਨਾਂਦੇੜ, ੩. ਸਰਦਾਰ ਸਦਾ ਸਿੰਘ ਜੀ ਮਾਸਟਰ ਵਾ ਸ਼ਾਹੂਕਾਰ, ੪. ਸਰਦਾਰ ਗੋਪਾਲ ਸਿੰਘ ਜੀ ਸਾਹਿਬ ਰਸਾਲਦਾਰ ਮੁਹਤਮਿਮ ਗੁਰਦਵਾਰਾ, ੫. ਸ: ਆਯਾ ਸਿੰਘ ਸਾਹਿਬ ਸ਼ਾਹੂਕਾਰ, ਏਕ ਰੁਕਨ ਗਿਆਨੀ ਮੇਹਰ ਸਿੰਘ ਸਾਹਿਬ ਬੀਮਾਰੀ ਕੇ ਉਜ਼ਰ ਸੇ ਹਾਜ਼ਰ ਨਹੀਂ ਹੋ ਸਕੇ। ਇਸ ਕੇ ਸਿਵਾਏ ਨੀਚੇ ਦਰਜ ਸ਼ੁਦਾ ਸਾਹਿਬਾਨ ਭੀ ਇਸ ਕਮੇਟੀ ਮੇਂ ਮੌਜੂਦ ਹੈ।

੧. ਸ: ਨਾਨੂ ਸਿੰਘ ਸਾਹਿਬ ਵਕੀਲ, ੨. ਸ੍ਰੀ ਮਾਨ ਭਾਈ ਮਾਨ ਸਿੰਘ ਗ੍ਰੰਥੀ, ੩. ਭਾਈ ਰਾਮ ਸਿੰਘ ਪੁਜਾਰੀ ਬਾਲਾਖਾਨਾ, ੪. ਭਾਈ ਰਾਮ ਸਿੰਘ ਜੀ ਧੂਪੀਆ, ੫. ਜਮਾਂਦਰ ਰਤਨ ਸਿੰਘ ਸਾਹਿਬ ਮਦਦਗਾਰ ਮੁਹਤਮਿਮ ਗੁਰਦ੍ਵਾਰਾ, ੬. ਸਰਦਾਰ ਅਮਰ ਸਿੰਘ ਸਾਹਿਬ, ੭. ਭਾਈ ਮਾਨ ਸਿੰਘ ਜੀ ਬਿਹੰਗਮ, ੮. ਸੰਤ ਜਵਾਲਾ ਸਿੰਘ ਜੀ ਪਟਿਆਲਾ।

ਮਿਸਲ ਮਜ਼ਕੂਰ ਮੇਂ ਸੰਤ ਬਲਵੰਤ ਸਿੰਘ ਜੀ ਨਿਰਮਲੇ ਕੀ ਏਕ ਦਰਖਾਸਤ ਜਿਸ ਮੇਂ ਸਦਰ ਨਿਜ਼ਾਮਤ ਕੋਤਵਾਲ ਇਜਲਾਸ ਕੀ ਸ਼ਰ੍ਹਾ ਦਰਜ ਹੈ ਬ਼ਗਰਜ਼ ਤਸਫੀਆ ਨਿਸਬਤ ਅਰਦਾਸ ਨਿਰਮਲੇ ਸੰਤਾਂ ਮਜ਼ਹਬੀ ਕਮੇਟੀ ਮੇਂ ਪੇਸ਼ ਹੂਈ।

ਇਸ ਦਰਖਾਸਤ ਕੀ ਤਾਈਦ ਮੇਂ ਜਥੇਦਾਰ ਸ: ਤੇਜਾ ਸਿੰਘ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੇ ਜਥੇਦਾਰ ਸ: ਪ੍ਰਤਾਪ ਸਿੰਘ ਜੀ ਤਖਤ ਸ੍ਰੀ ਕੇਸਗੜ੍ਹ ਆਨੰਦਪੁਰ ਦੇ ਪੱਤ੍ਰ ਮੌਜੂਦ ਹਨ, ਅਤੇ ਸ੍ਰੀਮਾਨ ਸਰਦਾਰ ਕਾਹਨ ਸਿੰਘ ਜੀ ਸਾਹਿਬ ਨਾਭਾ ਜੋ ਕਿ ਹਾਲ ਮੇਂ ਯਹਾਂ ਤਸ਼ਰੀਫ ਲਾਏ ਥੇ ਔਰ ਸੰਤ ਜਵਾਲਾ ਸਿੰਘ ਜੀ ਪਟਿਆਲਾ ਜੋ ਇਸ ਕਮੇਟੀ ਮੇਂ ਮੌਜੂਦ ਹਨ, ਇਹਨੋਂ ਨੇ ਆਪਨੀ ਰਾਇ ਉਕਤ ਗੁਰਮਤਾ ਪੇਸ਼ ਕਰਤੇ ਹੁਏ ਦੀ ਕਿ ਹਮਾਰਾ ਪੰਥ ਇਸ ਵਕਤ ਸਖਤ ਮੁਸ਼ਕਲ ਮੇਂ ਗ਼ੁਜ਼ਰ ਰਹਾ ਹੈ, ਇਸ ਵਕਤ ਖਾਲਸਾ ਪੰਥ ਕਾ ਜਥੇਬੰਦ ਹੋਨਾ ਨਿਹਾਇਤ ਜ਼ਰੂਰੀ ਹੈ, ਔਰ ਯਿਹ ਨਿਰਮਲੇ ਸੰਤ ਖਾਲਸਾ ਪੰਥ ਕਾ ਭਾਰੀ ਵਿਦਵਾਨ ਹਿਸਾ ਹੈਂ ਔਰ ਪੰਥ ਕੋ ਇਨ ਕੀ ਵਿਦਿਆ ਪਰ ਭਾਰੀ ਫਖਰ ਹਾਸਲ ਹੈ ਔਰ ਇਹ ਨਿਰਮਲੇ ਸੰਤ ਹਰ ਔਕੜ ਸਮੇਂ ਪੰਥ ਕੇ ਸਾਥ ਰਹਿਤੇ ਹੈਂ ਔਰ ਕੁਝ ਅਰਸਾ ਪਹਿਲੇ ਸ੍ਰੀ ਹਜ਼ੂਰ ਸਾਹਿਬ ਮੇਂ ਆਪਸ ਕੀ ਫੁਟ ਦੀ ਵਜ੍ਹਾ ਸੇ ਜੋ ਝਗੜਾ ਹੋ ਗਿਆ ਥਾ, ਜਿਸ ਕੀ ਵਜ੍ਹਾ ਸੇ ਅਬ ਤਕ ਇਨਕੀ ਅਰਦਾਸ ਕੋ ਤਖਤੋਂ ਪਰ ਰੋਕ ਦੀਆ ਗਿਆ ਥਾ। ਅਬ ਇਨ ਕੀ ਮੌਜੂਦਾ ਪੰਥਕ ਖਿਦਮਾਤ ਵਾ ਹਾਲਾਤ ਕੇ ਲਿਹਾਜ਼ ਸੇ ਹਜ਼ੂਰ ਸਾਹਿਬ ਮੇਂ ਅਰਦਾਸਾ ਜ਼ਰੂਰ ਹੋ ਜਾਣਾ ਯੋਗ ਹੈ, ਇਸ ਤਰਹ ਕੀ ਔਰ ਬਹੁਤ ਦਲੀਲੇਂ ਦੀਂ, ਜਿਸ ਕੋ ਸੁਨ ਕਰ ਹਮਾਰੀ ਮਜ਼ਹਬੀ ਕਮੇਟੀ ਕੇ ਮੈਂਬਰਾਨ ਵ ਮੁਨਦਰਜਾ ਬਾਲਾ ਦੀਗਰ ਸਾਹਿਬਾਨ ਨੇ ਬਹੁਤ ਗ਼ੌਰ ਕੇ ਬਾਅਦ ਸਰਬ ਸੰਮਤੀ ਸੇ ਹਸਬ ਜ਼ੈਲ ਫੈਸਲਾ ਕੀਆ ਕਿ ਨਿਰਮਲੇ ਸਿੰਘੋਂ ਕੀ ਤਖਤ ਸਾਹਿਬ ਮੇਂ ਉਨਹੀ ਅਸੂਲੋਂ ਕੇ ਮੁਤਾਬਕ ਅਰਦਾਸ ਕੀ ਜਾਇਆ ਕਰੇ ਜਿਸ ਤਰ੍ਹਾਂ ਬਾਕੀ ਸਿੰਘ ਸਾਹਿਬਾਨ ਕੀ ਅਰਦਾਸ ਹੂਆ ਕਰਤੀ ਹੈ। ਮਹਿਜ਼ ਜੋ ਸੰਤ ਭਗਵੇ ਕਪੜੇ ਪਹਿਨਤੇ ਵਾ ਪੰਜ ਕਕਾਰ ਕੀ ਪੂਰੀ ਰਹਿਤ ਨਹੀਂ ਰਖਤੇ ਅਰਦਾਸਾ ਤੋ ਉਨਕਾ ਤਖਤ ਸਾਹਿਬ ਮੇਂ ਹੂਆ ਕਰੇਗਾ, ਪਰਕਰਮਾਂ ਭੀ ਕਰਨੇ ਕੇ ਅਧਿਕਾਰੀ ਹੋਂਗੇ, ਲੇਕਨ ਐਸੇ ਸੰਤ ਜੋ ਰਹਿਤ ਨਾ ਰਖਤੇ ਹੋਂਗੇ ਤਖਤ ਸਾਹਿਬ ਯਾਨੀ ਜੰਗਲੇ ਕੇ ਅੰਦਰ ਦਾਖਲ ਨਹੀਂ ਹੋ ਸਕੇਂਗੇ। ਇਸ ਗ਼ੁਰਮਤੇ ਕੀ ਏਕ ਨਕਲ ਸ੍ਰੀਮਾਨ ਪਰੈਜ਼ੀਡੰਟ ਸਾਹਿਬ ਬਹਾਦਰ ਗ਼ੁਰਦਵਾਰਾ ਕੀ ਖਿਦਮਾਤ

ਮੇਂ ਭੇਜ ਦੀ ਜਾਵੇ, ਫਕਤ। ਤਾਰੀਖ ਸਦਰ ਸੰਨ ਸਦਰ।

(ਸਹੀ) ਹੀਰਾ ਸਿੰਘ ਪੁਜਾਰੀ (ਸਹੀ) ਜਵਾਲਾ ਸਿੰਘ ਸੰਤ (ਸਹੀ) ਸੋਢੀ ਕਰਮ ਸਿੰਘ ੧੪-੨-੧੩੩੯ (ਸਹੀ) ਗ਼ੋਪਾਲ ਸਿੰਘ ਸਰਬਰਾਹ (ਸਹੀ) ਸਦਾ ਸਿੰਘ ਆਯਾ ਸਿੰਘ ਨਾਨੂ ਸਿੰਘ ਰਤਨ ਸਿੰਘ ਰਾਮ ਸਿੰਘ ਪੁ: ਬ: ਅਮਰ ਸਿੰਘ ਭਾਈ ਸੁਰੈਣ ਸਿੰਘ।

ਤੀਸਰੇ ਦਿਨ ਇਸ ਫੈਸਲੇ ਨੂੰ ਸੱਚਖੰਡ ਹਜ਼ੂਰ ਸਾਹਿਬ ਵਿਖੇ ਪੜ੍ਹਕੇ ਸੁਣਾਇਆ ਗਿਆ ਜਿਸ ਨੂੰ ਸਭ ਨੇ ਪਰਵਾਨ ਕੀਤਾ। ਇਸ ਫੈਸਲੇ ਦੇ ਅਨੁਸਾਰ ਸੰਤ ਬਲਵੰਤ ਸਿੰਘ ਜੀ ਰਿਸ਼ੀਕੇਸ਼ ਵਾਲਿਆਂ ਦੀ ਤਖਤ ਸੱਚਖੰਡ ਅਬਚਲ ਨਗਰ ਹਜ਼ੂਰ ਸਾਹਿਬ ਵਿਖੇ ਅਰਦਾਸ ਕੀਤੀ ਗਈ ਅਤੇ ਖੁਸ਼ੀ ਦੇ ਪੰਜ ਜੈਕਾਰੇ ਛੱਡੇ ਗਏ। ਅਰਦਾਸ ਕਰਨ ਤੋਂ ਉਪਰੰਤ ਇਸ ਸਮੇਂ ਦੀ ਕਾਰਵਾਈ ਇਕ ਮਤੇ ਦੇ ਰੂਪ ਵਿਚ ਇਸ ਤਰ੍ਹਾਂ ਦਰਜ ਕੀਤੀ ਗਈ।

ਅਜ ੧੬ ਦੇ ੧੩੩੯ ਫਸਲੀ ਮੁਤਾਬਕ ੨੦ ਨਵੰਬਰ ਸੰਨ ੧੯੨੯ (ਮਘਰ ੭ ਸੰਮਤ ੧੯੮੬) ਦਿਨ ਬੁਧਵਾਰ ਵਕਤ ੧੨ ਬਜੇ ਦਿਨ ਕੇ ਗੁਰਦਵਾਰਾ ਤਖਤ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਸਾਹਿਬ ਮੇਂ ਚਰਨ ਕਵਲ ਕੇ ਭੋਗ ਸਮੇਂ ਉਕਤ ਮਜ਼ਹਬੀ ਕਮੇਟੀ ਕਾ ਫੈਸਲਾ ਦੀਵਾਨ ਆਮ ਮੇਂ ਪੇਸ਼ ਕੀਆ ਗਿਆ। ਬਾਅਦ ਵਿਚਾਰ ਕੇ ਸੰਗਤ ਨੇ ਸਰਬ ਸੰਮਤੀ ਸੇ ਪ੍ਰਵਾਨ ਕੀਆ ਕਿ ਉਕਤ ਮਜ਼ਹਬੀ ਕਮੇਟੀ ਕਾ ਗੁਰਮਤਾ ਬਾਬਤ ਅਰਦਾਸ ਨਿਰਮਲੇ ਸੰਤ ਕੇ ਪ੍ਰਵਾਨ ਹੈ ਔਰ ਸੰਤ ਬਲਵੰਤ ਸਿੰਘ ਜੀ ਕੀ ਅਰਦਾਸ ਕੀ ਜਾਵੇ। ਔਰ ਜਿਸ ਪਰ ਸੇ ਬਲਵੰਤ ਸਿੰਘ ਜੀ ਕੀ ਅਰਦਾਸ ਕੀ ਗਈ ਔਰ ਆਇੰਦਾ ਸਰਵ ਨਿਰਮਲੇ ਸੰਤੋਂ ਕੀ ਭੀ ਅਰਦਾਸ ਕੀ ਜਾਯਾ ਕਰੇਗੀ। ਤਾਰੀਖ ਸਦਰ ਸੰਨ ਸਦਰ।

(ਸਹੀ) ਹੀਰਾ ਸਿੰਘ ਪੁਜਾਰੀ ਹੈਡ (ਸਹੀ) ਨਿਹੰਗ ਹਜ਼ੂਰ ਸਿੰਘ ਗ਼੍ਰੰਥੀ ਕੀ (ਸਹੀ) ਸੰਤ ਜਵਾਲਾ ਸਿੰਘ ਪਟਿਆਲਾ (ਸਹੀ) ਨਾਨੂ ਸਿੰਘ ਵਕੀਲ।

ਪੂਜਯ ਸ੍ਰੀ ਮਹੰਤ ਜੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਹਰਿਦ੍ਵਾਰ ਅਤੇ ਪ੍ਰਧਾਨ ਨਿਰਮਲ ਮਹਾਂਮੰਡਲ ਅੰਮ੍ਰਿਤਸਰ ਨੂੰ ਵੀ ਸੂਚਿਤ ਕਰ ਦਿਤਾ ਗਿਆ।

ਨਿਰਮਲ ਪੰਥ ਦੀ ਅਰਦਾਸ ਖੁਲ ਜਾਣ ਦੀ ਖਬਰ ਪੰਜਾਬ ਵਿਚ ਆਈ ਤਾਂ ਸਿਆਣੇ ਸਿੱਖਾਂ ਅਤੇ ਪੰਥਕ ਜਥੇਬੰਦੀਆਂ ਨੇ ਪੁਰਜ਼ੋਰ ਸੁਾਗਤ ਕੀਤਾ। 'ਖਾਲਸਾ ਸਮਾਚਾਰ' ਅਤੇ 'ਕੌਮੀ ਦਰਦ' ਆਦਿਕ ਪੰਥਕ ਅਖਬਾਰਾਂ ਨੇ ਅਰਦਾਸ ਖੁਲ੍ਹਣ ਦੀਆਂ ਵਿਸਤਾਰ ਪੂਰਬਕ ਖਬਰਾਂ ਪ੍ਰਕਾਸ਼ਿਤ ਕੀਤੀਆਂ। ਅਰਦਾਸ ਦੇ ਖੁਲ੍ਹਣ ਵਿਚ ਸਾਰਿਆਂ ਨੇ ਪ੍ਰਸੰਨਤਾ ਪ੍ਰਗਟ ਕੀਤੀ, ਪਰ ਹਜ਼ੂਰ ਸਾਹਿਬ ਦੇ ਪੁਜਾਰੀ ਅਤੇ ਨਿਹੰਗਸਿੰਘ ਫਿਰ ਵਿਰੋਧਤਾ ਵਿਚ ਡਟ ਗਏ। ਸੱਚਖੰਡ ਦਰਬਾਰ ਦੇ ਮੋਹਤਮਿਮ ਸ: ਗ਼ੋਪਾਲ ਸਿੰਘ ਜੀ ਨੇ ਨਿਹੰਗਾਂ ਅਤੇ ਪੁਜਾਰੀਆਂ ਨੂੰ ਬਹੁਤ ਸਮਝਾਇਆ ਪਰ ਉਨ੍ਹਾਂ ਦੀ ਹਠ ਧਰਮੀ ਵਧਦੀ ਹੀ ਗਈ। ਪੁਜਾਰੀਆਂ ਅਤੇ ਨਿਹੰਗਾਂ ਨੇ ਆਪਣੀ ਦਲੀਲ ਵਿਚ ਆਖਿਆ ਕਿ ਇਕ ਰਮਤੇ ਸੰਤ ਦੀ ਦਰਖਾਸਤ ਤੇ ਅਰਦਾਸ ਖੋਲ੍ਹ ਦੇਣੀ ਕਿਥੋਂ ਦੀ ਸਿਆਣਪ ਹੈ ? ਨਾਲ ਹੀ ਨਾਂਦੇੜ ਦੇ ਡਿਪਟੀ ਕਮਿਸ਼ਨਰ ਨੂੰ ਵੀ ਦਰਖਾਸਤ ਦੇ ਦਿੱਤੀ ਕਿ, 'ਜੇਕਰ ਨਿਰਮਲਿਆਂ ਦੀ ਅਰਦਾਸ ਸੱਚਖੰਡ ਵਿਚ ਕੀਤੀ ਗਈ ਤਾਂ ਫਸਾਦ ਹੋ ਜਾਣਗੇ।' ਜਿਸ ਦੇ ਅਧਾਰ ਤੇ ਡਿਪਟੀ ਕਮਿਸ਼ਨਰ ਨੇ ਸ: ਗ਼ੋਪਾਲ ਸਿੰਘ ਨੂੰ ਹੁਕਮ ਭੇਜ ਦਿੱਤਾ ਕਿ, 'ਪੁਰਾਣੀ ਮਰਯਾਦਾ ਨ ਤੋੜੀ ਜਾਵੇ।' ਸ: ਗ਼ੋਪਾਲ ਸਿੰਘ ਨੂੰ ਇਸ ਹੁਕਮ ਦੇ ਮਿਲਣ ਤੇ ਅਤੇ ਮਿਹਨਤ ਨਾਲ ਕੀਤੇ ਸਮਝੌਤੇ ਤੇ ਪਾਣੀ ਫਿਰ ਜਾਣ ਤੇ ਬਹੁਤ ਕਸ਼ੋਭ ਹੋਇਆ। ਸ: ਗ਼ੋਪਾਲ ਸਿੰਘ ਜੀ ਚਾਹੁੰਦੇ ਸਨ ਕਿ ਪੰਥ ਦੀ ਵਿਦਵਾਨ ਸੰਪ੍ਰਦਾਇ ਨਿਰਮਲ ਪੰਥ ਨੂੰ ਦੂਰ ਨਾ ਕੀਤਾ ਜਾਵੇ। ਇਸ ਵਾਸਤੇ ਆਪ ਜੀ ਨੇ ਹੌਂਸਲਾ ਨਾ ਛਡਿਆ

ਤੇ ਇਕ ਪੱਤ੍ਰਕਾ ਨਿਰਮਲ ਪੰਚਾਇਤੀ ਅਖਾੜੇ ਦੇ ਸ੍ਰੀ ਮਹੰਤ ਪੰਡਿਤ ਜੀਵਨ ਸਿੰਘ ਜੀ ਨੂੰ ਲਿਖ ਕੇ ਭੇਜੀ।

ਮੁਹਰ

ਦਫਤ੍ਰ ਗ਼ੁਰਦਵਾਰਾ

ੴ ਸਤਿਗੁਰ ਪ੍ਰਸਾਦਿ॥

**.ਗੁਰਦਵਾਰਾ ਸਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਨਾਂਦੇੜ (ਦਖਣ)**

੩ ਮਈ ਸੰਨ ੧੯੩੧ ਨੰਬਰ ੪੭੮

ਸੇਵਾ ਵਿਖੇ

ਸ੍ਰੀਮਾਨ ਸ੍ਰੀ ਮਹੰਤ ਪੰਡਿਤ ਜੀਵਨ ਸਿੰਘ ਸਾਹਿਬ ਜੀਓ !

ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹਿ ਪ੍ਰਵਾਨ ਹੋਵੇ।

ਸ੍ਰੀਮਾਨ ਜੀ, ਯੇਹ ਆਪ ਕੋ ਮਾਲੂਮ ਹੈ ਕਿ ਗੁਰਦ੍ਵਾਰਾ ਸਚੁਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਮੇਂ ਏਕ ਅਰਸਾ ਸੇ ਨਿਰਮਲੇ ਸੰਤੋਂ ਕੀ ਅਰਦਾਸ ਨਹੀਂ ਹੋਤੀ ਹੈ। ਇਸ ਵਜ੍ਹਾ ਸੇ ਨਿਰਮਲਾ ਸੰਤ ਬਲਵੰਤ ਸਿੰਘ ਸਾਹਿਬ ਨੇ ਜੋ ਬ.ਗਰਜ਼ ਦਰਸ਼ਨ ਗੁਰਦਵਾਰਾ ਸਚੁਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਆਏ ਹੂਏ ਥੇ ਅਰਸਾ ਦੋ ਸਾਲ ਕਾ ਹੋਤਾ ਹੈ, ਏਕ ਦਰਖਾਸਤ ਮੁੰਤਜ਼ਮੀਂ ਗੁਰਦਵਾਰਾ ਕੇ ਪਾਸ ਪੇਸ਼ ਕੀ ਥੀ ਕਿ ਜੈਸੇ ਔਰ ਤਖਤ ਸਾਹਿਬ ਪਰ ਨਿਰਮਲੇ ਸੰਤੋਂ ਕੀ ਅਰਦਾਸ ਹੋਤੀ ਹੈ ਉਸੀ ਤਰ੍ਹਾਂ ਯਹਾਂ ਪਰ ਭੀ ਹੋਣਾ ਚਾਹੀਏ। ਇਸ ਦਰਖਾਸਤ ਕੇ ਮੁਤੱਲਕ ਮਜ਼ਹਬੀ ਕਮੇਟੀ ਔਰ ਕਦੀਮ ਨਿਵਾਸੀ ਸਿੰਘ ਸਾਹਿਬਾਨ ਕੀ ਰਾਇ ਲੀ ਗਈ, ਔਰ ਨਿਹੰਗ ਸਿੰਘ ਸਾਹਿਬਾਨ ਕੋ ਯਿਹ ਇਤਰਾਜ਼ ਹੈ ਕਿ ਜੈਸੇ ਔਰ ਸਿੰਘ ਅੰਮ੍ਰਿਤ ਧਾਰਨ ਕਰਨੇ ਕੇ ਬਾਅਦ ਪੰਜ ਕਕਾਰ ਕੀ ਰਹਿਤ ਰਖੇਂ ਔਰ ਭਗਵੇ ਕਪੜੇ ਪਹਿਨਨਾ ਛੋੜ ਦੇਂ ਤੋਂ ਅਰਦਾਸ ਹੋਨੀ ਚਾਹੀਏ ਵਰਨਾ ਨਹੀਂ।

ਇਸ ਮੁਆਮਲਾ ਕੇ ਤਸਫੀਆ ਕੇ ਲੀਏ ਜੋ ਕਮੇਟੀ ਮੁਨਅਕਦ ਹੋਈ ਥੀ ਉਸ ਮੈਂ ਯੇਹ ਤੈ ਪਾਇਆ ਕਿ ਸਿਰਫ ਇਕ ਨਿਰਮਲੇ ਸੰਤ ਬਲਵੰਤ ਸਿੰਘ ਸਾਹਿਬ ਕੀ ਦਰਖਾਸਤ ਪਰ ਇਸ ਆਮ ਰਿਵਾਜ ਕੋ ਜੋ ਸਾਲਹਾ ਸਾਲ ਕਾ ਅਮਲ ਇਸ ਵਕਤ ਗੁਰਦਵਾਰਾ ਸਚੁਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਨਾਂਦੇੜ ਮੇਂ ਹੈ ਨਾ ਹਟਨਾ ਚਾਹੀਏ। ਇਸ ਲੀਏ ਇਸ ਮੁਆਮਲਾ ਮੇਂ ਏਕ ਦਰਖਾਸਤ ਮਹੰਤ ਕੀ ਜਾਨਬ ਸੇ ਪੇਸ਼ ਹੁਈ ਹੈ, ਆਮ ਤਖਤ ਸਾਹਿਬੋਂ ਕੀ ਰਾਇ ਲੀ ਜਾਇ ਔਰ ਜੋ ਰਾਇ ਬਾ ਗਲਬਾ ਆਵਰ ਹੋ ਉਸ ਕੀ ਤਾਮੀਲ ਕੇ ਲੀਏ ਨਿਹੰਗ ਸਿੰਘ ਸਾਹਿਬਾਨ ਰਜ਼ਾਮੰਦ ਹੈਂ। ਇਸ ਲੀਏ ਆਪ ਕੀ ਸੇਵਾ ਮੇਂ ਇਤਲਾਹ ਦੀ ਜਾਤੀ ਹੈ ਕਿ ਨਿਰਮਲੇ ਸੰਤੋਂ ਕੀ ਅਰਦਾਸ ਕੇ ਲੀਏ ਏਕ ਦਰਖਾਸਤ ਆਪ ਆਪਣੀ ਜਾਨਬ ਸੇ ਗੁਰਦਵਾਰਾ ਸਚੁਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਕੇ ਨਾਮ ਦਫਤ੍ਰ ਹਿਜ਼ਾ ਪਰ ਰਵਾਨਾ ਫਰਮਾਈਏ। ਇਸ ਕੇ ਬਾਅਦ ਹਸਬ ਤਸਫੀਆ ਕਮੇਟੀ ਦੀਗਰ ਸ੍ਰੀ ਤਖਤ ਸਾਹਿਬਾਨ ਸੇ ਰਾਇ ਲੀ ਜਾ ਕਰ ਨਿਰਮਲੇ ਸੰਤੋਂ ਕੀ ਅਰਦਾਸ ਕੇ ਮੁਤਅੱਲਕ ਤਸਫੀਆ ਕੀਆ ਜਾਇਗਾ। ਔਰ ਜੋ ਤਸਫੀਆ ਹੋਗਾ ਵੁਹ ਆਪ ਜੀ ਕੀ ਸੇਵਾ ਮੇਂ ਇਤਲਾਹ ਦੀ ਜਾਏਗੀ ਫਕਤ।

ਮੁਹਤਮਿਮ

ਵ ਸਰਬਰਾਹ ਗੁਰਦਵਾਰਾ ਸ੍ਰੀ ਹਜ਼ੂਰ ਸਾਹਿਬ

ਸ੍ਰੀ ਮਹੰਤ ਜੀ ਮਹਾਰਾਜ ਤਾਂ ਪ੍ਰਸੰਨ ਸਨ ਕਿ ਨਿਰਮਲ ਪੰਥ ਦੀ ਅਰਦਾਸ ਖੁਲ੍ਹ ਚੁਕੀ ਹੈ, ਪਰ ਇਹ ਪੱਤ੍ਰਕਾ

ਮਿਲਣ ਤੇ ਨਿਹੰਗਾਂ ਅਤੇ ਪੁਜਾਰੀਆਂ ਦੀ ਹਠ ਧਰਮੀ ਤੇ ਬਹੁਤ ਅਫਸੋਸ ਹੋਇਆ।

ਇਸ ਵਾਸਤੇ ਸ੍ਰੀ ਮਹੰਤ ਜੀ ਮਹਾਰਾਜ ਨੇ ਇਸ ਪੱਤ੍ਰਕਾ ਦਾ ਜਵਾਬ ਦੇਣ ਵਿਚ ਉਪਰਾਮਤਾ ਧਾਰਨ ਕਰ ਲਈ। ਕੋਈ ਜਵਾਬ ਨਾ ਦਿੱਤਾ।

ਤਿੰਨ ਮਹੀਨੇ ਬਾਅਦ ਸ: ਗੋਪਾਲ ਸਿੰਘ ਜੀ ਨੇ ਫਿਰ ਪੱਤ੍ਰਕਾ ਭੇਜੀ। ਨਾਲ ਹੀ ਸ਼ੀਘ੍ਰ ਹੀ ਉਤਰ ਦੇਣ ਦੀ ਪ੍ਰਾਰਥਨਾ ਕੀਤੀ। ਭੇਜੀ ਗਈ ਚਿਠੀ ਦਾ ਉਤਾਰਾ ਹੇਠਾਂ ਦਿੱਤਾ ਜਾਂਦਾ ਹੈ:

ਨੰਬਰ ੬੩੫ ਯਕਮ ਜੁਲਾਈ ਸੰਨ ੧੯੩੧

**ਗੁਰਦਵਾਰਾ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਨਾਂਦੇੜ (ਦਖਣ)**

ਮਿਨ ਜਨਾਬ ਗੋਪਾਲ ਸਿੰਘ ਮੁਹਤਮਿਮ ਗੁਰਦਵਾਰਾ ਸਿਖਾਨ ਨਾਂਦੇੜ

ਸ੍ਰੀਮਾਨ ਸ੍ਰੀ ਮਹੰਤ ਪੰਡਿਤ ਜੀਵਨ ਸਿੰਘ ਜੀ ਸਾਹਿਬ,

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹਿ ਪ੍ਰਵਾਨ ਹੋਵੇ।

ਬਸਿਲਸਲਾ ਅਜਰਾਇ ਮੁਰਾਸਲਾ ਨੰਬਰ ੪੭੮ ਮੁਰਖਾ ੨੮ ਖੁਰਦਰਦ ਸੰਨ ੫੦, ਅਰਜ਼ ਹੈ ਕਿ ਆਪ ਨੇ ਇਸ ਵਕਤ ਤਕ ਤਹਰੀਰ ਮੁਰਾਸਲਾ ਮੁਤਜ਼ਕਰਹ ਬਾਲਾ ਕਾਮਿਲ ਗ਼ੌਰ ਫ਼ਰਮਾ ਲੀਆ ਹੋਗਾ, ਬਰਾਹਿ ਕਰਮ ਏਕ ਦਰਖ਼ਾਸਤ ਤਸਫ਼ੀਆ ਅਰਦਾਸ ਨਿਰਮਲੇ ਸੰਤੋਂ ਕੇ ਮੁਤਅੱਲਕ ਰਵਾਨਾ ਫਰਮਾਈਏ, ਫਕਤ।

ਮੁਹਤਮਿਮ ਗ਼ੁਰਦਵਾਰਾ

ਉਤਰ ਵਿਚ ਸ੍ਰੀ ਮਹੰਤ ਪੰਡਿਤ ਜੀਵਨ ਸਿੰਘ ਜੀ ਨੇ ਪੱਤ੍ਰਕਾ ਲਿਖਕੇ ਭੇਜੀ ਕਿ 'ਸਾਰੇ ਗੁਰਦ੍ਵਾਰੇ (ਸ੍ਰੀ ਨਨਕਾਣਾ ਸਾਹਿਬ ਤੋਂ ਲੈ ਕੇ ਸਚਖੰਡ ਹਜ਼ੂਰ ਸਾਹਿਬ ਤਕ) ਸਾਡੇ ਇਸ਼ਟ ਹਨ, ਜਿਨ੍ਹਾਂ ਦਾ ਦਰਸ਼ਨ ਅਸੀਂ ਸਾਖਿਆਤ ਦਸਾਂ ਗੁਰੂਆਂ ਤੁਲ ਮੰਨਦੇ ਹਾਂ। ਨਿਰਮਲ ਸਾਧੂਆਂ ਵਿਚ ਗੁਰਦ੍ਵਾਰਿਆਂ ਵਾਸਤੇ ਅਪਾਰ ਸ਼ਰਧਾ ਹੈ। ਇਸ ਵਾਸਤੇ ਜਿਸ ਤਰ੍ਹਾਂ ਸ੍ਰੀ ਅੰਮ੍ਰਿਤਸਰ (ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਤੇ ਸ਼੍ਰੋ: ਗੁ: ਪ੍ਰ: ਕਮੇਟੀ) ਦੇ ਗੁਰਦ੍ਵਾਰਿਆਂ ਵਿਚ ਅਰਦਾਸ ਦੀ ਖੁਲ੍ਹ ਹੈ, ਇਸੀ ਤਰ੍ਹਾਂ ਸਚਖੰਡ ਹਜ਼ੂਰ ਸਾਹਿਬ ਵੀ ਅਰਦਾਸ ਹੋਣੀ ਚਾਹੀਦੀ ਹੈ ਪਰ ਇਸ ਵਿਚ ਭਗਵੇ ਕਪੜਿਆਂ ਬਾਰੇ ਕਿਸੇ ਤਰ੍ਹਾਂ ਦਾ ਪ੍ਰਤਿਬੰਧ ਨਹੀਂ ਹੋਣਾ ਚਾਹੀਦਾ।'

ਇਸ ਤੋਂ ਥੋੜ੍ਹਾ ਚਿਰ ਮਗਰੋਂ ਸੰਮਤ ੧੯੮੯ ਵਿਚ ਤ੍ਰਿਯੰਬਕ (ਨਾਸਿਕ) ਦਾ ਕੁੰਭ ਆ ਗਿਆ। ਇਸ ਕੁੰਭ ਦਾ ਇਸ਼ਨਾਨ ਕਰਕੇ ਬਹੁਤ ਸਾਰੇ ਨਿਰਮਲੇ ਸੰਤ ਸੱਚਖੰਡ ਹਜ਼ੂਰ ਸਾਹਿਬ ਦੇ ਦਰਸ਼ਨ ਵਾਸਤੇ ਵੀ ਪੁਜੇ। ਪੂਜਾ ਭੇਟਾ, ਅਰਦਾਸ ਬਾਰੇ ਪਤਾ ਲਗਾ, ਹਾਲੀ ਵੀ ਖੁਲ੍ਹ ਨਹੀਂ ਮਿਲੀ। ਨਿਰਮਲੇ ਸੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨਨਯ ਸ਼ਰਧਾਲੂ ਹਨ ਪਰ ਸ: ਗੋਪਾਲ ਸਿੰਘ ਜੀ ਨੇ ਮਜਬੂਰੀ ਜ਼ਾਹਰ ਕੀਤੀ। ਉਨ੍ਹਾਂ ਨੇ ਨਿਰਮਲੇ ਸੰਤਾਂ ਨਾਲ ਹਮਦਰਦੀ ਵੀ ਪ੍ਰਗਟ ਕੀਤੀ। ਪੁਜਾਰੀਆਂ-ਨਿਹੰਗਾਂ ਦੀ ਹਠਧਰਮੀ ਤੇ ਅਫਸੋਸ ਵੀ ਕੀਤਾ।

ਸੰਤਾਂ ਨੇ ਵੀ ਸ: ਗੋਪਾਲ ਸਿੰਘ ਜੀ ਨੂੰ ਕਿਹਾ, "ਤੁਸੀਂ ਏਕਤਾ ਦੇ ਹਮਾਇਤੀ ਹੋ, ਨਿਰਮਲ ਭੇਖ ਵਾਸਤੇ ਤੁਹਾਡੇ ਹਿਰਦੇ ਵਿਚ ਹਮਦਰਦੀ ਹੈ। ਇਕ ਵਾਰ ਜ਼ੋਰਦਾਰ ਯਤਨ ਕਰੋ, ਸਤਿਗੁਰੂ ਸਭ ਨੂੰ ਸੁਮੱਤ ਬਖਸ਼ਣਗੇ।"

ਇਸ ਵਿਚਾਰ ਤੋਂ ਉਪਰੰਤ ਸ: ਗੋਪਾਲ ਸਿੰਘ ਜੀ ਨੇ ਵੇਰਵੇ ਸਹਿਤ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੋਂ

ਰੀਕਾਰਡ (ਨਿਰਮਲ ਪੰਥ ਦੀ ਅਕਾਲ ਤਖਤ ਤੇ ਅਰਦਾਸ ਖੁਲ੍ਹਣ ਦਾ ਵੇਰਵਾ, ਮਤੇ, ਅਕਾਲ ਤਖਤ ਦਾ ਐਲਾਨ ਆਦਿਕ) ਮੰਗਵਾਇਆ। ਇਸ ਦੇ ਉਤਰ ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਹੇਠ ਲਿਖੀ ਪੱਤ੍ਰਕਾ ਸੱਚਖੰਡ ਹਜ਼ੂਰ ਸਾਹਿਬ ਨੂੰ ਭੇਜੀ :

ਤਾਰ ਗੁਰਦ੍ਵਾਰਾ ] ੧ੴ ਸਤਿਗੁਰ ਪ੍ਰਸਾਦਿ॥ [ ਟੈਲੀਫੋਨ ੩੬੭

**ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਜੀ**

ਨੰ: ੩੧੧੩/੯ ਏ ਤਾਰੀਖ ੧੭-੯-੩੨

ਸ੍ਰੀ ਮਾਨ ਮੁਹਤਮਿਮ ਸਾਹਿਬ

ਗੁਰਦਵਾਰਾ ਸ੍ਰੀ ਹਜ਼ੂਰ ਸਾਹਿਬ ਨਾਂਦੇੜ :

ਪਰਮ ਕ੍ਰਿਪਾਲੂ ਜੀ,

ਆਪ ਜੀ ਦੀ ਪੱਤ੍ਰਕਾ ਨੰ : ੫੯੬ ਮਿਤੀ ੬ ਸਤੰਬਰ ੧੯੩੨ ਦੇ ਸੰਬੰਧ ਵਿਚ ਬੇਨਤੀ ਹੈ ਕਿ ਨਿਰਮਲੇ ਸੰਤਾਂ ਦੇ ਅਰਦਾਸੇ ਬਾਬਤ ਕੋਈ ਵਖਰਾ ਨਿਯਮ ਬਣੌਣਾ ਬਿਲਕੁਲ ਅਯੋਗ ਪ੍ਰਤੀਤ ਹੁੰਦਾ ਹੈ। ਭਾਵੇਂ ਸ਼੍ਰੋਮਣੀ ਕਮੇਟੀ ਵਿਚ ਅਜੇ ਖਰੜਾ ਪੇਸ਼ ਨਹੀਂ ਹੋਇਆ ਪਰ ਯਕੀਨ ਹੈ ਕਿ ਅਰਦਾਸੇ ਸੰਬੰਧੀ ਨਿਯਮ ਬਿਲਕੁਲ ਓਹੋ ਜਾਂ ਤਕਰੀਬਨ ਓਹ ਪਾਸ ਹੋਵੇਗਾ ਜੋ ਕਿ ਰਹੁ ਰੀਤ ਸਬ ਕਮੇਟੀ ਦੇ ਖਰੜੇ ਵਿਚ ਸਫਾ ੧੦ ਦੇ ਅੰਕ (ਠ) ਵਿਚ ਦਰਜ ਹੈ ਅਤੇ ਜਿਸ ਦੀ ਨਕਲ ਆਪ ਨੂੰ ਅਗੇ ਭੇਜੀ ਜਾ ਚੁਕੀ ਹੈ। ਇਹ ਤਾਂ ਹੋ ਨਹੀਂ ਸਕਦਾ ਕਿ ਕੋਈ ਭੇਖ ਯਾ ਸ਼੍ਰੇਣੀ ਸਾਰੀ ਹੀ ਤਨਖਾਹੀਏ ਹੋਵੇ ਯਾ ਸਾਰੀ ਤਿਆਰ ਬਰ ਤਿਆਰ ਹੋਵੇ। ਇਹ ਵਿਸ਼ੇਸਣ ਇਕੱਲੇ-ਇਕੱਲੇ ਸਿਖ ਉਤੇ ਵਰਤਿਆ ਜਾ ਸਕਦਾ ਹੈ, ਸੋ ਜਿਹੜਾ ਸਿਖ (ਨ ਕਿ ਜਿਹੜੀ ਸ਼੍ਰੇਣੀ) ਪਤੱਤ ਜਾਂ ਤਨਖਾਹੀਆ ਹੋਵੇ ਕੇਵਲ ਉਸੇ ਦਾ ਅਰਦਾਸਾ ਬੰਦ ਹੋਣਾ ਚਾਹੀਦਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਜਾਂ ਸੰਬੰਧਤ ਸਾਰੇ ਗੁਰਦ੍ਵਾਰਿਆਂ ਅਤੇ ਤਖਤਾਂ ਪੁਰ ਅਗੇ ਹੀ ਇਹੋ ਰਿਵਾਜ ਹੈ। ਆਪ ਖਾਹ-ਮਖਾਹ ਇਸ ਮਾਮਲੇ ਨੂੰ ਲਮਕਾਈ ਨਾ ਜਾਵੋ ਅਤੇ ਹਰੇਕ ਪ੍ਰਾਣੀ ਦੇ ਅਰਦਾਸੇ ਬਾਬਤ ਫੈਸਲਾ ਕੀਤਾ ਕਰੋ ਨ ਕਿ ਕਿਸੇ ਸ਼੍ਰੇਣੀ ਜਾਂ ਭੇਖ ਲਈ। ਨਿਰਮਲੇ ਸੰਤਾਂ ਲਈ ਤਾਂ ਪੰਥਕ ਜਥਿਆਂ ਦੇ ਦਿਲਾਂ ਵਿਚ ਖਾਸ ਸਤਿਕਾਰ ਹੈ ਕਿਉਂਕਿ ਉਹ ਪੰਥ ਦੀ ਹਰ ਔਕੜ ਸਮੇਂ ਪੰਥ ਦਾ ਸਾਥ ਦੇਂਦੇ ਰਹੇ ਹਨ। ਆਸ ਹੈ ਕਿ ਆਪ ਉਹਨਾਂ ਦੇ ਅਰਦਾਸੇ ਸੰਬੰਧੀ ਸਾਰੀਆਂ ਰੁਕਾਵਟਾਂ ਹਟਾ ਦਿਉਗੇ। ਸ਼ਾਇਦ ਆਪ ਦੀ ਚਿੱਠੀ ਦਾ ਉਤ੍ਰ ਖਰੜੇ ਦੇ ਅੰਤਮ ਫੈਸਲੇ ਤੇ ਹੀ ਦਿਤਾ ਜਾਂਦਾ ਪਰ ਉਤ੍ਰ ਹੁਣੇ ਦੇਣਾ ਜ਼ਰੂਰੀ ਪ੍ਰਤੀਤ ਹੋਇਆ ਹੈ ਤਾ ਕਿ ਨਿਰਮਲੇ ਸੰਤਾਂ ਮਹੰਤਾਂ ਨੂੰ ਕੁੰਭ ਸਮੇਂ ਕੋਈ ਤਕਲੀਫ ਨਾ ਹੋਵੇ ਕਿਉਂਕਿ ਇਹ ਮਾਮਲਾ ਐਸਾ ਸਪਸ਼ਟ ਹੈ, ਜਿਸ ਬਾਬਤ ਦੋ ਰਾਵਾਂ ਹੋਣ ਦੀ ਕੋਈ ਆਸ ਨਹੀਂ।

ਦਾਸ-ਲਾਲ ਸਿੰਘ, ਮੀਤ ਸਕੱਤ੍ਰ
ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਇਹ ਪੱਤ੍ਰਕਾ ਪੜ੍ਹਕੇ ਮੋਹਤਮਿਮ (ਸ੍ਰ: ਗੋਪਾਲ ਸਿੰਘ ਜੀ) ਸਾਹਿਬ ਬੜੇ ਪ੍ਰਸੰਨ ਹੋਏ। ਆਪ ਜੀ ਨੇ ਇਹ ਪੱਤ੍ਰਕਾ, ਸ਼੍ਰੋ: ਗੁ: ਪ੍ਰ: ਕਮੇਟੀ ਦੇ ਪਹਿਲੇ ਮਤੇ, ਸ੍ਰੀ ਅਕਾਲ ਤਖਤ ਦਾ ਐਲਾਨ

ਆਦਿਕ ਸਾਰਾ ਰੀਕਾਰਡ ਇਕੱਤਰ ਕਰਕੇ ਡਿਪਟੀ ਕਮਿਸ਼ਨਰ ਨਾਂਦੇੜ ਨੂੰ ਭੇਜਿਆ। ਨਾਲ ਹੀ ਆਪਣੀ ਰਾਏ ਲਿਖਕੇ ਨੱਥੀ ਕੀਤੀ ਜਿਸ ਵਿਚ ਨਿਰਮਲ ਪੰਥ ਦੀ ਅਰਦਾਸ ਖੁਲ੍ਹ ਜਾਣ ਦੀ ਜ਼ੋਰਦਾਰ ਸਿਫਾਰਸ਼ ਕੀਤੀ। ਇਸ ਰਿਕਾਰਡ ਦੇ ਆਧਾਰ ਤੇ ਰਿਆਸਤ ਹੈਦਰਾਬਾਦ ਨੇ ਕਮਿਸ਼ਨ ਕਾਇਮ ਕੀਤਾ ਜਿਸ ਨੇ ਪੰਜਾਬ ਵਿਚ ਪੁਜਕੇ ਸਾਰੀ ਜਾਣਕਾਰੀ ਇਕੱਤਰ ਕੀਤੀ। ਪੰਜਾਬ ਦੇ ਪੰਥਕ ਨੇਤਾਵਾਂ, ਸੰਤਾਂ, ਮਹੰਤਾਂ, ਸਿੰਘ ਸਭਾਵਾਂ ਨੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨਾਲ ਆਪਣੀ ਸੰਮਤੀ ਜ਼ਾਹਰ ਕੀਤੀ ਅਤੇ ਕਿਹਾ, **"ਨਿਰਮਲ ਪੰਥ ਸਿਖ ਧਰਮ ਦੀ ਮੁਖ ਸ਼ਾਖਾ ਹੈ ਇਸ ਵਾਸਤੇ ਅਸੀਂ ਚਾਹੁੰਦੇ ਹਾਂ ਕਿ ਸੱਚਖੰਡ ਹਜ਼ੂਰ ਸਾਹਿਬ ਵਿਖੇ ਨਿਰਮਲੇ ਸੰਤਾਂ ਦੀ ਅਰਦਾਸ ਹੋਣੀ ਚਾਹੀਦੀ ਹੈ।"** ਇਹੀ ਰਿਪੋਰਟ ਕਮਿਸ਼ਨ ਨੇ ਦਿਤੀ ਕਿ ਪੰਜਾਬ ਦੇ ਸਮੂਹ ਸਿਖ ਨਿਰਮਲੇ ਸੰਤਾਂ ਦੀ ਅਰਦਾਸ ਖੁਲ੍ਹਣ ਦੇ ਹੱਕ ਵਿਚ ਹਨ। ਇਸ ਰਿਪੋਰਟ ਦੇ ਆਧਾਰ ਤੇ ਨਵਾਬ ਹੈਦਾਰਾਬਾਦ ਨੇ ਹੁਕਮ ਸੁਣਾਇਆ, "ਸ੍ਰੀ ਅਕਾਲ ਤਖਤ ਸ੍ਰੀ ਅੰਮ੍ਰਿਤਸਰ ਵਿਖੇ ਨਿਰਮਲੇ ਸੰਤਾਂ ਦੀ ਅਰਦਾਸ ਬਿਨਾਂ ਕਿਸੇ ਈਨ ਸ਼ਰਤ ਮਨਾਏ ਦੇ ਹੁੰਦੀ ਹੈ। ਇਸ ਵਾਸਤੇ ਗੁਰਦਵਾਰਾ ਨਾਂਦੇੜ (ਸੱਚਖੰਡ ਹਜ਼ੂਰ ਸਾਹਿਬ) ਵਿਖੇ ਵੀ ਨਿਰਮਲੇ ਸੰਤਾਂ ਦੀ ਬਿਨਾਂ ਸ਼ਰਤ ਦੇ ਅਰਦਾਸ ਹੋਣੀ ਚਾਹੀਦੀ ਹੈ।" ਇਸ ਹੁਕਮ ਅਨੁਸਾਰ ਪੂਰਣ ਰੂਪ ਵਿਚ ਅਰਦਾਸ ਖੁਲ੍ਹ ਗਈ। ਹੁਣ ਕਦੋਂ ਵੀ ਕੋਈ ਨਿਰਮਲਾ ਸੰਤ ਜਾਏ, ਕਿਸੇ ਉਤੇ ਕੋਈ ਟੀਕਾ-ਟਿਪਣੀ ਨਹੀਂ ਕੀਤੀ ਜਾਂਦੀ। ਇਹ ਹਜ਼ੂਰ ਸਾਹਿਬ ਨਾਲ ਸਬੰਧਤ ੬੦ ਸਾਲਾਂ ਦਾ ਅਖਾੜੇ ਦਾ ਇਤਿਹਾਸ ਵਰਣਨ ਕੀਤਾ ਹੈ। ਇਹ ਝਗੜਾ ਸ੍ਰੀ ਮਾਨ ਪੰਡਿਤ ਰਾਮ ਸਿੰਘ ਕਬੇਰੀਏ (ਦੂਸਰੇ ਸ੍ਰੀ ਮਹੰਤ) ਦੇ ਸਮੇਂ ਸੰਮਤ ੧੯੨੯ ਬਿ: (ਸੰਨ ੧੮੭੨ ਈ:) ਵਿਚ ਆਰੰਭ ਹੋਇਆ ਅਤੇ ਸ੍ਰੀ ਮਹੰਤ ਪੰਡਿਤ ਜੀਵਨ ਸਿੰਘ ਜੀ ਦੇ ਸਮੇਂ ਸੰਨ ੧੯੩੨ ਈ: ਵਿਚ ਸਮਾਪਤ ਹੋਇਆ ਸੀ।

ਸ੍ਰੀਮਾਨ ਪੰਡਿਤ ਰਾਮ ਸਿੰਘ ਜੀ ਕਬੇਰੀਏ ਨਾਮ ਬਾਣੀ ਦੇ ਅਭਿਆਸੀ ਸਿਮਰਨ ਵਿਚ ਅਧਿਕ ਸਮਾਂ ਬਤੀਤ ਕਰਦੇ ਸਨ। ਸੱਚਖੰਡ ਹਜ਼ੂਰ ਸਾਹਿਬ ਦੇ ਮੁਕੱਦਮੇ ਅਤੇ ਬਾਕੀ ਵਾਦ-ਵਿਵਾਦ ਵਲ ਵੀ ਸਮਾਂ ਦੇਣਾ ਪੈਂਦਾ ਸੀ। ਅਖਾੜੇ ਦੇ ਕੰਮਾਂ ਨੂੰ ਚਲਾਉਣ ਵਾਸਤੇ ਆਪ ਜੀ ਨੇ ਉਸ ਸਮੇਂ ਦੇ ਪ੍ਰਸਿਧ ਵਿਦਵਾਨ ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਨੂੰ ਨਾਇਬ ਸ੍ਰੀ ਮਹੰਤ ਨਿਯਤ ਕੀਤਾ ਜੋ ਅਖਾੜੇ ਦੇ ਸਾਰੇ ਕਾਰ ਵਿਹਾਰ ਸਫਲਤਾ ਪੂਰਬਕ ਚਲਾਉਂਦੇ ਰਹੇ। ਫਿਰ ਵੀ ਕਬੇਰੀਏ ਸ੍ਰੀ ਮਹੰਤ ਜੀ ਅਖਾੜੇ ਦੀ ਉਨਤੀ ਵਾਸਤੇ ਪ੍ਰਯਤਨ ਸ਼ੀਲ ਰਹਿੰਦੇ ਸਨ।

ਮਾਘ ਸੰਮਤ ੧੯੩੩ (੩੧ ਜਨਵਰੀ ੧੮੭੭) ਵਿਚ ਆਪ ਜੀ ਨੇ ਕਨਖਲ ਵਿਖੇ ਭਵਨਾ ਵਾਲੀ ਹਵੇਲੀ ਅਤੇ ਬਹਿਲਖਾਨੇ ਵਾਲੀ ਹਵੇਲੀ ਨੀਲਾਮੀ ਵਿਚ ਲਈਆਂ। ਕੁਠਾਰ ਵਾਲੀ ਹਵੇਲੀ ੧੯੩੪ ਬਿ. (੫ ਅਪ੍ਰੈਲ ੧੮੭੮ ਈ: ਵਿਚ ੭੨੫੦/- ਰੁਪਏ ਨੂੰ ਖਰੀਦੀ। ਸੰਮਤ ੧੯੩੭ ਬਿ. (ਸੰਨ ੧੮੮੧ ਈ:) ਨੂੰ ਵਰਤਮਾਨ ਨਿਰਮਲ ਛਾਵਣੀ (ਸਟੇਸ਼ਨ ਤੋਂ ਪਾਰ) ਹਰਿਦ੍ਵਾਰ ਵਿਚ ਖਰੀਦੀ। ਇਸੇ ਵਰਸ਼ ਪ੍ਰਯਾਗਰਾਜ (ਇਲਾਹਾਬਾਦ) ਵਿਖੇ ਕੀਟਗੰਜ ਪੀਲੀ ਕੋਠੀ ਖਰੀਦੀ।

ਅਸੂ ਵਦੀ ੧੦ ਸੰਮਤ ੧੯੩੮ (੧੮੮੧ ਈ:) ਵਿਚ ੫੧੭੭੭=) ॥ ਵਿਚ ਵੱਡੀ ਏਕੜ ਛੋਟੀ ਏਕੜ, ਸੁਖਰਾਸਾ, ਅੰਬੂਵਾਲਾ, ਝਾਬਰੀ, ਬਹਾਦਰਪੁਰ, ਰਾਇਪੁਰ ਦਾ ਕੁਝ ਹਿੱਸਾ ਖਰੀਦਿਆ। ਸੰਮਤ ੧੯੪੬ (੨੪ ਫਰਵਰੀ ੧੮੯੦ ਈ:) ਨੂੰ ਕਨਖਲ ਵਿਖੇ ਦੁਕਾਨਾਂ ਵਾਲੀ ਥਾਂ ਖਰੀਦੀ। ਸੰਮਤ ੧੯੪੭ (੧੨ ਦਸੰਬਰ ੧੮੯੦ ਈ:) ਨੂੰ ਰਿਸ਼ੀਕੇਸ਼ ਵਾਲੀਆਂ ਦੁਕਾਨਾਂ ਭਰਤ ਮੰਦਰ ਦੇ ਮਹੰਤ ਰਾਮ ਰਤਨ ਤੋਂ ਮੁਲ ਲਈਆਂ। ਸ੍ਰੀਮਾਨ ਸੰਤ ਸ਼ੇਰ ਸਿੰਘ ਨੇ ਸੰਮਤ ੧੮੮੭ ਬਿ: (੪ ਨਵੰਬਰ ੧੮੩੦) ਵਿਚ ੨੪੫੦/- ਰੁਪਏ ਵਿਚ ਮਹੰਤ ਸ਼ੇਰ ਸਿੰਘ ਵਾਲੀ ਜਗਾ ਕਾਸ਼ੀ ਜੀ ਵਿਚ ਖਰੀਦੀ ਜੋ ਅਖਾੜੇ ਦੇ ਪ੍ਰਬੰਧ ਵਿਚ ਆ ਗਈ। ਇਸੀ ਤਰ੍ਹਾਂ ਸੰਗਤ ਵੀਰ ਸਿੰਘ (ਕਾਸ਼ੀ ਹੜਾ) ਵੀ ਸੰਮਤ ੧੯੫੦ ਵਿਚ ਅਖਾੜੇ ਦੇ ਅਧਿਕਾਰ ਵਿਚ ਆ ਗਈ। ਹਰਿਦ੍ਵਾਰ ਵਿਖੇ ਸਟੇਸ਼ਨ ਦੇ ਨਾਲ ਵਾਲੀ

ਹਵੇਲੀ ਅਤੇ ਜਵਾਲਾਪੁਰ ਵਾਲੀ ਜ਼ਮੀਨ ਵੀ ਆਪ ਜੀ ਦੇ ਸਮੇਂ ਵਿਚ ਖਰੀਦੀ ਗਈ ਹੈ।

ਆਪ ਸ੍ਵੈ-ਮਾਨੀ, ਸ੍ਵੈ-ਵਿਸ਼ਵਾਸੀ, ਸੱਤਿ-ਵਾਦੀ, ਸਤਿ-ਪੁਰਸ਼ ਸਨ। ਆਪ ਜੀ ਨੇ ਕਦੇ ਮਿਥਿਆ ਵਾਕ ਨਹੀਂ ਸੀ ਬੋਲਿਆ। ਆਪ ਜੀ ਨੂੰ ਭੇਖ ਵਿਚ ਜੋਗੀਰਾਜ ਜਤੀ, ਸਿੱਧਪੁਰਖ ਅਤੇ ਬ੍ਰਹਮਗਿਆਨੀ ਮੰਨਿਆ ਜਾਂਦਾ ਹੈ। ਆਪ ਜੀ ਦੇ ਜੀਵਨ ਨਾਲ ਸਬੰਧਤ ਕਈ ਚਮਤਕਾਰੀ ਘਟਨਾਵਾਂ ਪ੍ਰਚਲਤ ਹਨ, ਪਰ ਆਪ ਜੀ ਦੇ ਉਚੇ ਆਚਰਨ ਦੀਆਂ ਅਸੀਂ ਦੋ ਇਤਿਹਾਸਿਕ ਘਟਨਾਵਾਂ ਵਰਣਨ ਕਰਦੇ ਹਾਂ :

ਇਕ ਵਾਰ ਮਹਾਰਾਜਾ ਬਿਕ੍ਰਮ ਸਿੰਘ ਜੀ ਫਰੀਦਕੋਟ ਵਾਲੇ ਹਰਿਦ੍ਵਾਰ ਇਸ਼ਨਾਨ ਕਰਨ ਗਏ। ਨਾਲ ਹੀ ਖਟ ਦਰਸ਼ਨ ਸਾਧੂ ਸਮਾਜ ਨੂੰ ਭੰਡਾਰਾ ਕਰਨ ਦੀ ਇੱਛਾ ਪ੍ਰਗਟ ਕੀਤੀ। ਜਿਸ ਦਿਨ ਮਹਾਰਾਜਾ ਭੰਡਾਰਾ ਕਰਨਾ ਚਾਹੁੰਦਾ ਸੀ ਇਸ ਦਿਨ ਕਿਸੇ ਹੋਰ ਪ੍ਰੇਮੀ ਦਾ ਭੰਡਾਰਾ ਮੰਨਿਆ ਜਾ ਚੁੱਕਾ ਸੀ। ਇਸ ਵਾਸਤੇ ਹਰਿਦ੍ਵਾਰ ਦੇ ਸਾਰੇ ਸਾਧੂ ਮਹਾਰਾਜੇ ਅੱਗੇ ਸਪੱਸ਼ਟ ਤਾਂ ਨ ਕਹਿ ਸਕੇ ਕਿ ਇਸ ਸਮੇਂ ਭੰਡਾਰਾ ਮੰਨਿਆ ਜਾ ਚੁੱਕਾ ਹੈ। ਇਸਦੀ ਬਜਾਏ ਮਹਾਰਾਜੇ ਨੂੰ ਇਹ ਕਹਿ ਦਿਤਾ ਕਿ ਨਿਰਮਲ ਪੰਚਾਇਤੀ ਅਖਾੜੇ ਦੇ ਸ੍ਰੀ ਮਹੰਤ ਜੀ ਮਹਾਰਾਜ ਭੰਡਾਰਾ ਪਰਵਾਨ ਕਰ ਲੈਣਗੇ ਤਾਂ ਬਾਕੀ ਹਰਿਦ੍ਵਾਰ ਦੇ ਸੰਤ ਵੀ ਆ ਜਾਣਗੇ। ਰਿਆਸਤ ਫਰੀਦਕੋਟ ਨੇ ਨਿਰਮਲ ਪੰਚਾਇਤੀ ਅਖਾੜੇ ਨੂੰ ਇਕ ਪਿੰਡ ਚੰਬੇਲੀ ਦਾਨ ਕੀਤਾ ਹੋਇਆ ਸੀ। ਇਸ ਵਾਸਤੇ ਮਹਾਰਾਜੇ ਨੂੰ ਮਾਣ ਸੀ ਕਿ ਸ੍ਰੀ ਮਹੰਤ ਜੀ ਮੇਰਾ ਨਿਮੰਤ੍ਰਣ ਕਿਵੇਂ ਨਹੀਂ ਪਰਵਾਨ ਕਰਨਗੇ ? ਮਹਾਰਾਜਾ ਨਿਰਮਲ ਪੰਚਾਇਤੀ ਅਖਾੜੇ ਵਿਚ ਆਇਆ ਅਤੇ ਨਿਮੰਤ੍ਰਣ ਦਿਤਾ, ਪਰ ਸ੍ਰੀ ਮਹੰਤ ਜੀ ਮਹਾਰਾਜ ਨੇ ਕਿਹਾ, "ਕਲ ਇਕ ਪ੍ਰੇਮੀ ਦਾ ਭੰਡਾਰਾ ਮੰਨ ਚੁਕੇ ਹਾਂ। ਆਪ ਕੋਈ ਹੋਰ ਸਮਾਂ ਰਖ ਲਉ।" ਮਹਾਰਾਜਾ ਸੁਣਕੇ ਵਾਪਸ ਆ ਗਿਆ।

ਮਗਰੋਂ ਸ੍ਰੀ ਮਹੰਤ ਜੀ ਮਹਾਰਾਜ ਨੂੰ ਦਸਿਆ ਗਿਆ ਕਿ ਮਹਾਰਾਜਾ ਸਾਹਿਬ ਨਾਰਾਜ਼ ਹੋਕੇ ਗਏ ਹਨ। ਸ੍ਰੀ ਮਹੰਤ ਜੀ ਨੇ ਆਖਿਆ, 'ਭਾਈ ਅਸੀਂ ਮਹਾਰਾਜੇ ਨੂੰ ਕਿਉਂ ਨਾਰਾਜ਼ ਕਰਨਾ ਹੈ ? ਜੋ ਸੰਤ ਫਰੀਦਕੋਟ ਦੀ ਧਰਮ ਧੁਜਾ ਵਿਚ ਰਹਿੰਦਾ ਹੈ ਉਸ ਨੂੰ ਵਾਪਸ ਬੁਲਾ ਲਉ।' ਇਸੀ ਤਰ੍ਹਾਂ ਹੋਇਆ। ਫਰੀਦਕੋਟ ਧਰਮ ਧੁਜਾ ਦਾ ਮੁਕਾਮੀ ਮਹੰਤ ਵਾਪਸ ਬੁਲਾ ਲਿਆ ਗਿਆ। ਮਗਰੋਂ ਜਾਗੀਰ ਜ਼ਬਤ ਹੋ ਗਈ।

ਇਕ ਵਾਰ ਇਕ ਬਾਣੀਆਂ ਆਪ ਜੀ ਕੋਲੋਂ ਉਧਾਰ ਲੈਣ ਵਾਸਤੇ ਆਇਆ। ਆਪ ਜੀ ਨੇ ਰੁਪਿਆ ਦੇਣ ਦੀ ਕੁਠਾਰੀ ਮਹੰਤ ਕਪੂਰ ਸਿੰਘ ਜੀ ਨੂੰ ਆਗਿਆ ਕਰ ਦਿਤੀ। ਰੁਪਏ ਦੇਣ ਉਪਰੰਤ ਕੁਠਾਰੀ ਕੋਲੋਂ ਕੋਈ ਕਾਨੂੰਨੀ ਤਰੁਟੀ ਰਹਿ ਗਈ ਜਿਸ ਕਰਕੇ ਬਾਣੀਆਂ ਸਾਫ ਮੁੱਕਰ ਗਿਆ। ਅਦਾਲਤ ਵਿਚ ਕੇਸ ਚਲਿਆ। ਅਦਾਲਤ ਨੂੰ ਵੀ ਨਿਸ਼ਚੇ ਹੋ ਗਿਆ ਕਿ ਬਾਣੀਏ ਨੇ ਰੁਪਏ ਤਾਂ ਲਏ ਹਨ, ਪਰ ਦੇਣ ਤੋਂ ਮੁੱਕਰ ਰਿਹਾ ਹੈ। ਇਸ ਵਾਸਤੇ ਜੱਜ ਨੇ ਵੀ ਬਾਣੀਏ ਨੂੰ ਸਮਝਾਇਆ। ਅੰਤ ਬਾਣੀਏ ਨੇ ਇਥੋਂ ਤਕ ਕਹਿ ਦਿਤਾ ਕਿ, 'ਸ੍ਰੀ ਮਹੰਤ ਜੀ ਕਹਿ ਦੇਣ ਕਿ ਸਾਡੇ ਸਾਮ੍ਹਣੇ ਰੁਪਏ ਦਿਤੇ ਗਏ ਹਨ ਮੈਂ ਪੈਸੇ ਦੇ ਦੇਵਾਂਗਾ।' ਜੱਜ ਨੇ ਕੁਠਾਰੀ ਨੂੰ ਕਿਹਾ, 'ਹੁਣ ਗਲ ਬਣਦੀ ਹੈ ਸ੍ਰੀ ਮਹੰਤ ਜੀ ਨਾਲ ਸਮਾਂ ਨਿਯਤ ਕਰਕੇ ਲਿਆਉ।' ਜਦੋਂ ਸ੍ਰੀ ਮਹੰਤ ਜੀ ਨੂੰ ਪੁਛਿਆ ਤਾਂ ਉਨ੍ਹਾਂ ਨੇ ਸਾਫ ਜਵਾਬ ਦੇ ਦਿਤਾ ਅਤੇ ਆਖਿਆ, 'ਸਾਨੂੰ ਪਤਾ ਹੈ ਸਾਡੇ ਹੁਕਮ ਨਾਲ ਕੁਠਾਰੀ ਨੇ ਬਾਣੀਏ ਨੂੰ ਰੁਪਏ ਦੇ ਦਿਤੇ ਹਨ ਪਰ ਸਾਮ੍ਹਣੇ ਨਹੀਂ ਦਿਤੇ। ਇਸ ਵਾਸਤੇ ਅਸੀਂ ਝੂਠ ਨਹੀਂ ਬੋਲ ਸਕਦੇ।'

ਅਜੇਹੇ ਉਚੇ ਜੀਵਨ ਅਤੇ ਆਚਰਨ ਵਾਲੇ ਸ੍ਰੀ ਮਾਨ ਪੰਡਿਤ ਰਾਮ ਸਿੰਘ ਜੀ ਕਬੇਰੀਏ ਸਨ। ਆਪ ਜੀ ਦੇ ਸਮੇਂ ਵਿਚ ਖਟਦਰਸ਼ਨ ਸਾਧੂ ਸਮਾਜ ਵਿਚ ਆਪ ਜੀ ਦਾ ਤਪ-ਤੇਜ ਅਤੇ ਪ੍ਰਭਾਵ ਅਕਥਨੀਯ ਸੀ।

## ਨਾਇਬ ਸ੍ਰੀ ਮਹੰਤ

# ਸ੍ਰੀਮਾਨ ੧੦੮ ਪੰਡਿਤ ਤਾਰਾ ਸਿੰਘ ਜੀ 'ਨਰੋਤਮ'

ਸ੍ਰੀਮਾਨ ੧੦੮ ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਦੇਸ਼ ਦੇ ਪ੍ਰਸਿੱਧ ਵਿਦਵਾਨਾਂ ਵਿਚੋਂ ਇਕ ਸਨ। ਰਾਜੇ, ਮਹਾਰਾਜੇ, ਖਟ ਦਰਸ਼ਨ ਸਾਧੂ ਸਮਾਜ ਅਤੇ ਜਨ ਸਾਧਾਰਨ ਵਿਚ ਆਪ ਜੀ ਦਾ ਪਰਮ ਸਤਿਕਾਰ ਸੀ। ਆਪ ਜਿਥੇ ਮਹਾਨ ਵਿਦਵਾਨ ਸਨ, ਵਿਵਹਾਰ ਕੁਸ਼ਲ ਵੀ ਸਨ। ਇਸ ਵਾਸਤੇ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੇ ਦੂਸਰੇ ਸ੍ਰੀ ਮਹੰਤ ਸ੍ਰੀਮਾਨ ਪੰਡਿਤ ਰਾਮ ਸਿੰਘ ਜੀ ਕਬੇਰੀਏ ਨੇ ਨਿਰਮਲ ਭੇਖ ਨਾਲ ਵਿਚਾਰ-ਵਿਮਰਸ਼ ਕਰਕੇ ਸ੍ਰੀਮਾਨ ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਨੂੰ ਨਾਇਬ ਸ੍ਰੀ ਮਹੰਤ ਨਿਯਤ ਕੀਤਾ ਸੀ।

'ਨਰੋਤਮ' ਜੀ ਦਾ ਜਨਮ ਪਿੰਡ ਕਾਲਮਾਂ ਜ਼ਿਲਾ ਗੁਰਦਾਸਪੁਰ ਵਿਖੇ ਸੰਮਤ ੧੮੭੯ ਬਿ: (ਸੰਨ ੧੮੨੨ ਈ:) ਵਿਚ ਹੋਇਆ। ਇਹ ਪਿੰਡ ਕਾਦੀਆਂ (ਰੇਲਵੇ ਸਟੇਸ਼ਨ) ਤੋਂ ੩ ਕਿਲੋ ਮੀਟਰ ਤੇ ਹੈ। ਭਾਵੇਂ ਨਰੋਤਮ ਜੀ ਦੇ ਮਾਤਾ ਪਿਤਾ ਬਾਰੇ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ, ਫਿਰ ਵੀ ਇਹ ਪਤਾ ਲਗਦਾ ਹੈ ਕਿ ਆਪ ੧੮-੧੯ ਸਾਲ ਦੀ ਆਯੂ ਤੱਕ ਆਪਣੇ ਪਿਤਾ ਨਾਲ ਖੇਤੀ ਵਿਚ ਸਹਿਯੋਗ ਦਿੰਦੇ ਰਹੇ ਸਨ। ਇਹ ਵੀ ਪਤਾ ਮਿਲਦਾ ਹੈ ਕਿ ਆਪ ਜੀ ਦੇ ਪਿਤਾ ਧਾਰਮਿਕ ਰੁਚੀਆਂ ਦੇ ਧਾਰਨੀ, ਗੁਰਬਾਣੀ ਦੇ ਪ੍ਰੇਮੀ ਗੁਰਮੁਖੀ ਪੜ੍ਹੇ ਸਨ। ਨਰੋਤਮ ਜੀ ਨੂੰ ਗੁਰਮੁਖੀ ਦੇ ਅੱਖਰ ਇਨ੍ਹਾਂ ਦੇ ਪਿਤਾ ਜੀ ਨੇ ਹੀ ਪੜ੍ਹਾਏ ਸਨ। ਗੁਰਮਤਿ ਦਾ ਅਧਿਐਨ ਕਰਨ ਦੀ ਪ੍ਰੇਰਨਾ ਵੀ ਪਿਤਾ ਜੀ ਨੇ ਹੀ ਦਿਤੀ ਸੀ। ਇਸ ਵਾਸਤੇ ਨਰੋਤਮ ਜੀ ਵੀ ਖੇਤੀ ਕਰਦੇ ਹੋਏ, ਕਥਾ-ਕੀਰਤਨ ਅਤੇ ਸਤਿਸੰਗ ਵਿਚ ਅਵੱਸ਼ਜ ਪੁਜਦੇ ਸਨ। ਇਸ ਤਰ੍ਹਾਂ ਉਨ੍ਹਾਂ ਨੇ ਅਨੇਕ ਮਹਾਂਪੁਰਖਾਂ ਦੀ ਸੰਗਤ ਕੀਤੀ। ੨੦ ਵਰਸ਼ ਦੀ ਅਵਸਥਾ ਵਿਚ ਇਕ ਦਿਨ ਬਿਆਸ ਨਦੀ ਦਾ ਭਟਾਂ ਵਾਲਾ ਪੱਤਣ ਪਾਰ ਕਰਕੇ ਪਿੰਡ ਕਰਾਲਾ ਜ਼ਿਲਾ ਹੁਸ਼ਿਆਰਪੁਰ ਵਿਖੇ ਸ੍ਰੀਮਾਨ ਪੰਡਿਤ ਗੁਲਾਬ ਸਿੰਘ ਜੀ ਦੇ ਚਰਨਾਂ ਵਿਚ ਪੁਜ ਗਏ। ਪੰਡਿਤ ਜੀ ਦਾ ਗਿੜਵੜੀ ਨਦੀ ਕਿਨਾਰੇ ਆਸ਼੍ਰਮ ਸੀ ਜਿਸ ਵਿਚ ੩੦-੩੫ ਸਾਧੂ ਹਰ ਸਮੇਂ ਕਥਾ-ਕੀਰਤਨ, ਸੇਵਾ-ਸਿਮਰਨ, ਵਿਦਿਆ ਅਧਿਐਨ ਕਰਦੇ ਸਨ। ਇਥੇ ਪਹੁੰਚ ਕੇ ਨਰੋਤਮ ਜੀ ਰਾਤ-ਦਿਨ ਆਸ਼੍ਰਮ ਦੀ ਸੇਵਾ ਕਰਦੇ ਸੇਵਾ ਦਾ ਰੂਪ ਹੋ ਗਏ ਅਤੇ ਪੰਡਿਤ ਗੁਲਾਬ ਸਿੰਘ ਜੀ ਦੇ ਸ਼ਿਸ਼ ਬਣ ਗਏ।

ਇਕ ਦਿਨ ਪੰਡਿਤ ਗੁਲਾਬ ਸਿੰਘ ਜੀ ਨੇ ਪ੍ਰਸੰਨ ਮੁਖ ਆਖਿਆ, 'ਸ੍ਰੀ ਅੰਮ੍ਰਿਤਸਰ ਜਾਕੇ ਵਿਦਿਆ ਪ੍ਰਾਪਤ ਕਰੋ।' ਅੰਮ੍ਰਿਤਸਰ ਪਹੁੰਚਕੇ ਗੁਰਬਾਣੀ, ਗੁਰ-ਇਤਿਹਾਸ ਦਾ ਅਧਿਐਨ ਕੀਤਾ। ਇਥੋਂ ਸੰਸਕ੍ਰਿਤ ਵਿਦਿਆ ਦੀ ਪ੍ਰਾਪਤੀ ਵਾਸਤੇ ਵਾਰਾਣਸ਼ੀ (ਕਾਸ਼ੀ) ਜੀ ਜਾਕੇ ਸੰਸਕ੍ਰਿਤ ਵਿਦਿਆ ਪ੍ਰਾਪਤ ਕੀਤੀ। ਪਾਣਨੀਯ ਵਿਆਕਰਣ ਅਤੇ ਸਾਰਸ੍ਵਤ ਵਿਆਕਰਣ ਦਾ ਵਿਚਾਰ ਪੂਰਬਕ ਅਧਿਐਨ ਕਰਕੇ ਬੰਗਾਲ ਦੇ ਪ੍ਰਸਿਧ ਵਿਦਿਆ ਕੇਂਦਰ 'ਨਦੀਆ', 'ਸ਼ਾਂਤੀ ਦੀਪ ਆਸ਼੍ਰਮ' ਵਿਖੇ ਚਲੇ ਗਏ। ਇਥੇ ਵੇਦਾਂ, ਸ਼ਾਸਤ੍ਰਾਂ, ਉਪਨਿਸ਼ਦਾਂ, ਵੇਦਾਂਤ, ਕਾਵ੍ਯ, ਬੁਧ ਅਤੇ ਜੈਨ ਧਰਮ ਦੇ ਸ਼ਾਸਤ੍ਰਾਂ ਦਾ ਅਧਿਐਨ ਕੀਤਾ। ਇਸ ਤਰ੍ਹਾਂ ਆਪ ਆਪਣੇ ਸਮੇਂ ਦੇ ਵਿਦਿਆ ਵਾਚਸਪਤੀ, ਵਿਦਿਆ ਭੂਸ਼ਨ, ਵਿਦਿਆ ਮਾਰਤੰਡ, ਸਰਵ-ਸ਼ਾਸਤ੍ਰ ਨਿਸ਼ਣਾਤ, ਧੁਰੰਧਰ ਪੰਡਿਤ ਬਣ ਗਏ। 'ਨਦੀਆ' ਤੋਂ ਵਿਦਿਆ

ਅਧਿਐਨ ਕਰਕੇ ੧੯੧੮ ਬਿ: (੧੮੬੧ ਈ:) ਦੀ ਅਰਧ ਕੁੰਭੀ ਤੇ ਹਰਿਦ੍ਵਾਰ ਪੁਜੇ। ਆਪ ਜੀ ਦੀ ਮਹਾਨ ਵਿਦਵਤਾ ਅਤੇ ਨਿਮ੍ਰਤਾ ਦੀ ਖਟ ਦਰਸ਼ਨ ਵਿਚ ਧਾਕ ਪੈ ਗਈ। ਨਿਰਮਲ ਭੇਖ ਮਾਣ ਨਾਲ ਪ੍ਰਸੰਨ ਹੋ ਰਿਹਾ ਸੀ। ਆਪ ਜੀ ਦੀ ਵਿਦਵਤਾ ਦੀ ਸਾਰੇ ਚਰਚਾ ਸੀ। ਇਸ ਸਮੇਂ ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾਪਤੀ ਵੀ ਕੁੰਭ ਤੇ ਇਸ਼ਨਾਨ ਕਰਨ ਆਏ ਹੋਏ ਸਨ। ਮਹਾਰਾਜੇ ਨੇ ਵੀ ਨਰੋਤਮ ਜੀ ਦੀ ਪ੍ਰਸ਼ੰਸਾ ਸੁਣੀ ਤਾਂ ਦਰਸ਼ਨ ਕਰਨ ਆਏ। ਦਰਸ਼ਨ ਕਰਕੇ, ਧਾਰਮਿਕ ਵਿਚਾਰ-ਵਿਮਰਸ਼ ਕਰਕੇ ਪਰਮ ਪ੍ਰਸੰਨ ਹੋਏ। ਪੰਡਿਤ ਜੀ ਇਕ-ਇਕ ਵਿਸ਼ੇ ਨੂੰ ਸਪਸ਼ਟ ਕਰਨ ਵਾਸਤੇ ਵੇਦਾਂ, ਉਪਨਿਸ਼ਦਾਂ ਦੇ ਮੰਤ੍ਰ, ਗੀਤਾ, ਮਹਾਂਭਾਰਤ, ਰਾਮਾਇਣ ਅਤੇ ਪੁਰਾਣਾਂ ਦੇ ਸ਼ਲੋਕ, ਕਾਦੰਬਰੀ, ਸ਼ਕੁੰਤਲਾ, ਵਿਕ੍ਰਮੋਉਰਵਸ਼ੀ ਨਾਟਕ ਆਦਿ ਦੇ ਛੰਦਾਂ ਦੀ ਝੜੀ ਲਾ ਦਿੰਦੇ ਸਨ। ਵਿਸ਼ੇਸ਼ਤਾ ਇਹ ਸੀ ਕਿ ਗੁਰਮਤਿ ਦਾ ਨਿਰੂਪਣ ਗੁਰਬਾਣੀ ਅਤੇ ਦਸਾਂ ਗੁਰੂਆਂ ਦਾ ਗੌਰਵ ਪ੍ਰਗਟ ਕਰਦੇ ਸਨ। ਅਤਿ ਨਿਮ੍ਰਤਾ ਪੂਰਬਕ ਬੋਲਦੇ ਸਨ। ਸ਼ਰੀਰਕ ਤੌਰ ਤੇ ਵੀ ਦਰਸ਼ਨੀ ਸਨ, ਇਸ ਵਾਸਤੇ ਮਹਾਰਾਜਾ ਨਰਿੰਦਰ ਸਿੰਘ ਆਪ ਜੀ ਦੇ ਚਰਨਾਂ ਦਾ ਭੌਰਾ ਬਣ ਗਿਆ। ਸਾਰੇ ਭੇਖ ਤੋਂ ਮੰਗਕੇ ਆਪ ਜੀ ਨੂੰ ਪਟਿਆਲੇ ਲੈ ਆਇਆ। ਰਿਹਾਇਸ਼ ਵਾਸਤੇ 'ਧਰਮਗੜ੍ਹ ਕੋਠੀ' ਭੇਟ ਕਰਕੇ, ਜਾਗੀਰ ਅਤੇ ਰਸਦਾਂ ਲਾ ਦਿਤੀਆਂ। ਰਿਆਸਤ ਅਤੇ 'ਰਾਜ ਘਰਾਣੇ' ਦੇ 'ਰਾਜ ਗੁਰੂ' ਨਿਯੁਕਤ ਕੀਤੇ ਗਏ। ਇਥੇ ਪੰਡਿਤ ਜੀ ਨੂੰ ਹਰ ਤਰ੍ਹਾਂ ਸੁਵਿਧਾ ਅਤੇ ਸੁਖ-ਸਾਧਨ ਪ੍ਰਾਪਤ ਸਨ। ਇਸ ਵਾਸਤੇ ਆਪ ਜੀ ਨੇ ਸਮੇਂ ਦਾ ਲਾਭ ਉਠਾਕੇ ਗੁਰਮਤਿ ਸਬੰਧੀ ਦਾਰਸ਼ਨਿਕ ਅਤੇ ਇਤਿਹਾਸਿਕ ਆਕਰ ਗ੍ਰੰਥਾਂ ਦੀ ਰਚਨਾ ਕਰਨੀ ਆਰੰਭ ਕੀਤੀ।

ਆਪ ਜੀ ਨੇ 'ਨਾਇਬ ਸ੍ਰੀ ਮਹੰਤ' ਹੁੰਦਿਆਂ ਨਿਵਾਸ ਪਟਿਆਲੇ ਵਿਚ ਹੀ ਰਖਿਆ। ਲਿਖਣ-ਪੜ੍ਹਣ ਦਾ ਕੰਮ ਕਰਦੇ ਹੋਏ ਵੀ ਅਖਾੜੇ ਦੇ ਕੰਮਾਂ ਵਿਚ ਪੂਰੀ ਨਿਗਾਹ ਰਖਦੇ ਸਨ। ਰਾਜ ਦਰਬਾਰ ਵਿਚ ਵੀ ਆਪ ਜੀ ਦੇ ਵਿਚਾਰਾਂ ਨੂੰ ਪ੍ਰਮੁੱਖਤਾ ਦਿਤੀ ਜਾਂਦੀ ਸੀ। ਖਾਸ ਕਰਕੇ ਧਾਰਮਿਕ ਸਲਾਹ ਆਪ ਜੀ ਦੀ ਮੰਨੀ ਜਾਂਦੀ ਸੀ। ੧੬ ਸਾਲ ਆਪ ਜੀ 'ਨਾਇਬ ਸ੍ਰੀ ਮਹੰਤ' ਬਣਕੇ ਸੇਵਾ ਕਰਦੇ ਰਹੇ। ਸੰਮਤ ੧੯੪੮ ਦਾ ਹਰਿਦ੍ਵਾਰ ਕੁੰਭ ਮੇਲਾ ਆਪ ਜੀ ਦੇ ਸੁਯੋਗ ਪ੍ਰਬੰਧ ਵਿਚ ਹੋਇਆ। ਇਸ ਵਾਸਤੇ ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਕਬੇਰੀਏ ਆਪਣੇ ਮਨ ਵਿਚ ਵਿਚਾਰ ਬਣਾ ਚੁਕੇ ਸਨ ਕਿ ਨਰੋਤਮ ਜੀ ਨੂੰ 'ਸ੍ਰੀ ਮਹੰਤ' ਦੀ ਪਦਵੀ ਤੇ ਵਿਭੂਸ਼ਤ ਕਰ ਦਿਤਾ ਜਾਵੇ ਪਰ ਕੁੰਭ ਤੋਂ ਥੋੜ੍ਹਾ ਸਮਾਂ ਮਗਰੋਂ ਪੰਡਿਤ ਜੀ ਪਟਿਆਲੇ ਵਿਚ ਸੰਮਤ ੧੯੪੮ (੧੮੯੧ ਈ:) ਵਿਚ ਬ੍ਰਹਮਲੀਨ ਹੋ ਗਏ ਜਿਸ ਨੂੰ ਸੁਣ ਕੇ ਸਾਰੇ ਦੇਸ਼ ਵਿਚ ਸ਼ੋਕ ਦੀ ਲਹਿਰ ਫੈਲ ਗਈ। ਖਾਸ ਕਰਕੇ ਨਿਰਮਲ ਭੇਖ, ਪਟਿਆਲਾ ਰਾਜ ਘਰਾਣੇ ਵਿਚ ਅਤਿ ਕਸ਼ੋਭ ਹੋਇਆ। ਪਟਿਆਲਾ ਰਿਆਸਤ ਵਿਚ ਰਾਜਕੀਯ ਤੌਰ ਤੇ ਇਕ ਸਪਤਾਹ ਸ਼ੋਕ ਮਨਾਇਆ ਗਿਆ। ਸ਼ਵ-ਯਾਤ੍ਰਾ ਸਮੇਂ ਸਾਰੀ ਫੌਜ ਹਥਿਆਰ ਪੁਠੇ ਕਰਕੇ ਸ਼ੋਕ ਵਿਚ ਚਲ ਰਹੀ ਸੀ। ਰਾਜਕੀਯ ਅਧਿਕਾਰੀਆਂ ਦੇ ਕਾਲੇ ਬਿਲੇ ਲੱਗੇ ਹੋਏ ਸਨ। ਰਿਆਸਤ ਦੇ ਸਾਰੇ ਦਫਤਰ ਬੰਦ ਸਨ।

ਸਤ੍ਹਾਰੀ ਵਾਲੇ ਦਿਨ ਬੜਾ ਭਾਰੀ ਇਕੱਠ ਹੋਇਆ। ਨਿਰਮਲ ਭੇਖ ਤੇ ਖਟ ਦਰਸ਼ਨ ਸਾਧੂ ਸਮਾਜ ਇਕੱਤਰ ਹੋਇਆ। ਸ੍ਰੀ ਮਹੰਤ ਪੰਡਤ ਰਾਮ ਸਿੰਘ ਜੀ ਕਬੇਰੀਏ ਹਰਿਦ੍ਵਾਰ ਤੋਂ ਪੁਜੇ ਹੋਏ ਸਨ। ਰਿਆਸਤ ਦੇ ਸਮੂਹ ਅਧਿਕਾਰੀਆਂ ਸਮੇਤ ਮਹਾਰਾਜਾ ਸਾਹਿਬ ਜੀ ਉਪਸਥਿਤ ਸਨ। ਅੰਤਿਮ ਅਰਦਾਸ ਤੋਂ ਉਪਰੰਤ ਸ੍ਰੀ ਮਹੰਤ ਜੀ ਮਹਾਰਾਜ ਨੇ ਭੇਖ ਦੀ ਵਿਚਾਰ ਅਨੁਸਾਰ ਸ੍ਰੀਮਾਨ ਪੰਡਿਤ ਦੀਵਾਨ ਸਿੰਘ ਜੀ ਠੀਕਰੀ ਵਾਲਿਆਂ ਨੂੰ 'ਨਾਇਬ ਸ੍ਰੀ ਮਹੰਤ' ਨਿਯੁਕਤ ਕੀਤਾ। ਸ੍ਰੀਮਾਨ ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਸੰਨ ੧੮੭੫ ਤੋਂ ੧੮੯੧ ਈ: ਤਕ ੧੬ ਵਰਸ਼ 'ਨਾਇਬ ਸ੍ਰੀ ਮਹੰਤ' ਰਹੇ, ਕੁਲ ਆਯੂ ੬੯ ਵਰਸ਼ ਸੀ।

## ਨਾਇਬ ਸ੍ਰੀ ਮਹੰਤ

# ਸ੍ਰੀਮਾਨ ੧੦੮ ਪੰਡਿਤ ਦੀਵਾਨ ਸਿੰਘ ਜੀ ਠੀਕਰੀ ਵਾਲੇ

ਆਪ ਜੀ ਦਾ ਜਨਮ ਸੰਮਤ ੧੮੮੮ ਬਿ: (੧੮੩੧ ਈ:) ਵਿਚ ਪਿੰਡ ਠੀਕਰੀ ਵਾਲਾ ਜ਼ਿਲਾ ਬਰਨਾਲਾ ਵਿਚ ਹੋਇਆ। ਬਾਲ ਅਵਸਥਾ ਵਿਚ ਘਰ ਰਹੇ। ਦਸ ਬਾਰਾਂ ਸਾਲ ਦੀ ਆਯੂ ਵਿਚ ਪਿੰਡ ਦੇ ਡੇਰੇ ਸ੍ਰੀਮਾਨ ਮਹੰਤ ਹੀਰਾ ਸਿੰਘ ਜੀ ਦੇ ਚਰਨਾਂ ਵਿਚ ਆਉਣ ਲੱਗੇ। ਧੀਰੇ-ਧੀਰੇ ਪ੍ਰੇਮ ਵਧ ਗਿਆ ਤਾਂ ਇਕ ਦਿਨ ਘਰ ਤੋਂ ਪੱਕੇ ਤੌਰ ਤੇ ਡੇਰੇ ਆਣ ਰਹੇ। ਹਰ ਸਮੇਂ ਸੇਵਾ ਵਿਚ ਲੱਗੇ ਰਹਿੰਦੇ। ਨਿਮ੍ਰ ਸੁਸ਼ੀਲ ਸੁਭਾਅ ਸੀ, ਨਾਲ ਹੀ ਗੁਰਮੁਖੀ ਅਤੇ ਹਿੰਦੀ ਪੜ੍ਹਦੇ ਰਹੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਬਣਕੇ ਭਾਸ਼ਾ ਵਿਚ ਵੇਦਾਂਤ ਅਤੇ ਨੀਤੀ ਦੇ ਗ੍ਰੰਥਾਂ ਦਾ ਅਧਿਐਨ ਕੀਤਾ। ਵਿਵੇਕ-ਬੁਧੀ ਵੇਖਕੇ ਮਹਾਂਪੁਰਖਾਂ ਨੇ ਕਾਸ਼ੀ ਸੰਸਕ੍ਰਿਤ ਵਿਦਿਆ ਪੜ੍ਹਨ ਵਾਸਤੇ ਭੇਜ ਦਿਤਾ ਜਿਥੇ ਆਪ ਜੀ ੧੪ ਵਰਸ਼ ਮਨ ਲਾਕੇ ਵਿਆਕਰਣ, ਸਾਹਿਤ੍ਯ, ਵੇਦਾਂ ਸ਼ਾਸਤ੍ਰਾਂ ਦਾ ਦੀਰਘ ਅਧਿਐਨ ਕਰਕੇ ਪ੍ਰਕਾਂਡ ਪੰਡਿਤ ਬਣ ਗਏ। ਸਾਰੇ ਭੇਖ ਵਿਚ ਆਪ ਜੀ ਦੀ ਪ੍ਰਸਿਧੀ ਅਤੇ ਜਸ ਫੈਲ ਗਿਆ।

ਸੰਮਤ ੧੯੨੮ (੧੮੭੧ ਈ:) ਵਿਚ ਰਮਤ ਅਖਾੜਾ ਪ੍ਰਚਾਰ ਕਰਦਾ ਹੋਇਆ ਬੰਬਈ ਪੁਜਿਆ। ਅੰਤਰ ਰਾਸ਼ਟਰੀ ਪ੍ਰਸਿਧਤਾ ਦਾ ਸ਼ਹਿਰ ਹੋਣ ਕਰਕੇ ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਨੇ ਭੇਖ ਦੇ ਸਾਰੇ ਪ੍ਰਸਿੱਧ ਵਿਦਵਾਨਾਂ ਨੂੰ ਬੰਬਈ ਰਮਤ ਅਖਾੜੇ ਵਿਚ ਕਥਾ-ਵਿਆਖਿਆਨ ਕਰਨ ਲਈ ਬੁਲਾ ਲਿਆ। ਸਾਰੇ ਵਿਦਵਾਨਾਂ ਨੇ ਬੰਬਈ ਪੁਜਕੇ ਰਮਤ ਅਖਾੜੇ ਵਿਚ ਕਥਾ ਕੀਰਤਨ, ਵਿਆਖਿਆਨ ਕਰਨੇ ਆਰੰਭ ਕੀਤੇ। ਪੰਡਿਤ ਦੀਵਾਨ ਸਿੰਘ ਜੀ ਠੀਕਰੀ ਵਾਲੇ ਵੀ ਪੁਜੇ ਹੋਏ ਸਨ। ਗੁਰੂ ਨਾਨਕ ਸਿਧਾਂਤ ਅਤੇ ਗੁਰਬਾਣੀ ਉਪਰ ਸੁਬਹ ਸ਼ਾਮ ਕਥਾ-ਵਿਆਖਿਆਨ ਹੁੰਦੇ। ਬੰਬਈ ਨਿਵਾਸੀ ਜਨ ਸਾਧਾਰਣ ਜਨਤਾ, ਨਾਨਕ ਪੰਥੀ ਹਜ਼ਾਰਾਂ ਦੀ ਗਿਣਤੀ ਵਿਚ ਦੀਵਾਨ ਵਿਚ ਹਾਜ਼ਿਰੀ ਭਰਦੇ। ਕਈ ਮਹੀਨੇ ਰਮਤ ਅਖਾੜਾ ਬੰਬਈ ਵਿਚ ਰਿਹਾ। ਗੁਰਮਤਿ ਦਾ ਅਤਿ ਪ੍ਰਚਾਰ ਹੋਇਆ। ਪੰਡਿਤ ਦੀਵਾਨ ਸਿੰਘ ਜੀ ਦੇ ਵਿਆਖਿਆਨ/ਸਦ-ਉਪਦੇਸ਼ ਨਾਲ ਸੈਂਕੜਿਆਂ ਨੇ ਗੁਰਸਿੱਖੀ ਧਾਰਨ ਕੀਤੀ। ਵਿਸ਼ੇਸ਼ ਕਰਕੇ ਦਖਣੀ ਭਾਰਤ ਅਤੇ ਦੂਰ-ਦੂਰ ਦੇ ਪ੍ਰਾਂਤਾਂ ਦੇ ਹਿੰਦੂ ਪ੍ਰੇਮੀ ਗੁਰਬਾਣੀ ਦੇ ਰਸੀਏ ਬਣੇ। ਇਸ ਤਰ੍ਹਾਂ ਨਿਰਮਲ ਰਮਤ ਅਖਾੜੇ ਦਾ ਬੰਬਈ ਅਤੇ ਦਖਣ ਵਿਚ ਉਲੇਖਨੀਯ ਪ੍ਰਭਾਵ ਪਿਆ।

ਸੰਮਤ ੧੯੨੯ ਬਿ: (੧੮੭੨ ਈ:) ਵਿਚ ਤ੍ਰਿਯੰਬਕੇਸ੍ਵਰ (ਨਾਸਿਕ) ਦਾ ਕੁੰਭ ਮੇਲਾ ਆ ਗਿਆ ਤਾਂ ਨਿਰਮਲ ਰਮਤ ਅਖਾੜਾ ਸਜ-ਧਜ ਨਾਲ ਤ੍ਰਿਯੰਬਕ ਪੁਜਿਆ। ਹਰਿਦ੍ਵਾਰ ਤੋਂ ਸ੍ਰੀ ਮਹੰਤ ਜੀ ਵੀ ਪੁਜ ਗਏ। ਇਸ ਸਮੇਂ ੪੦-੫੦ ਨਿਰਮਲੇ ਸੰਤ ਸੰਸਕ੍ਰਿਤ ਦੇ ਧੁਰੰਧਰ ਪੰਡਿਤ ਪੁਜੇ ਹੋਏ ਸਨ। ਰਣਸਿੰਘਿਆਂ, ਸੰਖਾਂ ਅਤੇ ਜੈਕਾਰਿਆਂ ਦੀ ਧ੍ਵਨੀ ਵਿਚ ਅਖਾੜੇ ਨੇ ਪ੍ਰਵੇਸ਼ ਕੀਤਾ। ਲੰਗਰ ਲਗ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡਪਾਠ ਆਰੰਭ ਹੋ ਗਏ ਅਤੇ ਕਥਾ-ਕੀਰਤਨ ਦਾ ਪ੍ਰਵਾਹ ਚੱਲ ਪਿਆ।

ਪੁਰਬੀ ਦੇ ਸਮੇਂ ਪੰਡਿਤ ਰਾਮ ਸਿੰਘ ਜੀ ਕਬੇਰੀਆਂ ਦੀ ਅਧਿਅਕਸ਼ਤਾ ਹੇਠ ਸ੍ਰੀ ਨਿਰਮਲ ਪੰਚਾਇਤੀ

ਅਖਾੜਾ ਕੁਸ਼ਾਵ੍ਰਤ ਤੀਰਥ ਵਿਚ ਸ਼ਨਾਨ ਕਰਕੇ ਤ੍ਰਿਯੰਬਕੇਸ਼੍ਵਰ ਮਹਾਂਦੇਵ-ਮੰਦਰ ਦੇ ਦਰਸ਼ਨ ਅਤੇ ਪੂਜਾ ਕਰਨ ਗਿਆ। ਨਿਯਮ ਅਨੁਸਾਰ ਸੰਨਿਆਸੀਆਂ, ਬੈਰਾਗੀਆਂ, ਉਦਾਸੀਆਂ ਦੇ ਸਾਰੇ ਅਖਾੜੇ ਕੁਸ਼ਾਵ੍ਰਤ ਤੀਰਥ 'ਚ ਇਸ਼ਨਾਨ ਕਰਕੇ ਤ੍ਰਿਯੰਬਕੇਸ਼੍ਵਰ ਮਹਾਂਦੇਵ ਦੇ ਦਰਸ਼ਨ ਕਰਦੇ ਹਨ। ਇਸ ਕੁੰਭ ਦਾ ਏਹੀ ਮਹਾਤਮ ਹੈ। ਇਸ ਵਾਸਤੇ ਨਿਰਮਲ ਅਖਾੜਾ ਵੀ ਇਸ ਮੰਦਿਰ ਵਿਚ ਪੁਜਿਆ ਪਰ ਨਿਰਮਲ ਅਖਾੜੇ ਨੂੰ ਪੁਜਾਰੀ ਬ੍ਰਾਹਮਣਾਂ ਨੇ ਮੰਦਿਰ ਵਿਚ ਜਾਣ ਤੋਂ ਰੋਕ ਦਿਤਾ ਅਤੇ ਆਖਿਆ, 'ਆਪ ਮੰਦਿਰ ਦੇ ਅੰਦਰ ਨਹੀਂ ਜਾ ਸਕਦੇ।' ਪੁੱਛਣ ਤੇ ਦਸਿਆ, 'ਤੁਸੀਂ ਪੰਜਾਬ ਦੇ ਨਾਨਕ ਪੰਥੀ ਜੱਟ ਸਰਦਾਰ ਹੋ, ਨਾ ਹੀ ਤੁਹਾਡਾ ਅਖਾੜਾ ਅਗੇ ਕਦੇ ਆਇਆ ਹੈ, ਨਾ ਹੀ ਤੁਹਾਡੇ ਵਿਚ ਕੋਈ ਵਿਦਵਾਨ ਹੈ।' ਕੁਝ ਸੰਤ ਵਾਦ-ਵਿਵਾਦ ਕਰਨ ਲਗੇ ਅਤੇ ਜਬਰੀ ਮੰਦਿਰ ਵਿਚ ਜਾਣ ਦਾ ਯਤਨ ਕਰਨ ਲੱਗੇ। ਦੂਜੇ ਪਾਸਿਓਂ ਬ੍ਰਾਹਮਣ ਰੋਕਣ ਲਗੇ ਤਾਂ ਰੌਲਾ ਪੈ ਗਿਆ। ਮੇਲਾ ਅਫਸਰ, ਪੁਲਿਸ, ਅਨਯ ਅਧਿਕਾਰੀ ਪੁਜ ਗਏ। ਮੇਲਾ ਅਫਸਰ ਨੇ ਦੋਨਾਂ ਧਿਰਾਂ ਦੇ ਵਿਚਾਰ ਸੁਣਕੇ ਬ੍ਰਾਹਮਣਾਂ ਅਤੇ ਨਿਰਮਲ ਅਖਾੜੇ ਦੇ ੧੫-੧੫ ਵਿਅਕਤੀ ਬੁਲਾਏ। ਬ੍ਰਾਹਮਣਾਂ ਦਾ ਇਹ ਇਤਰਾਜ਼ ਨਿਰਮਲੇ ਸੰਤਾਂ ਨੂੰ ਸੁਣਾਇਆ ਗਿਆ ਕਿ 'ਤੁਸੀਂ ਪੰਜਾਬ ਦੇ ਨਾਨਕ ਪੰਥੀ ਸਾਧਾਰਣ ਜੱਟ ਸਰਦਾਰ ਹੋਂ। ਗੁਰੂ ਨਾਨਕ ਦੇਵ ਜੀ ਵੀ ਅਵਤਾਰ ਨਹੀਂ ਸਨ, ਇਸ ਵਾਸਤੇ ਤੁਹਾਨੂੰ ਤ੍ਰਿਯੰਬਕੇਸ਼੍ਵਰ ਮਹਾਂਦੇਵ ਦੇ ਦਰਸ਼ਨ ਤੋਂ ਰੋਕਿਆ ਗਿਆ ਹੈ। ਹੁਣ ਤੁਸੀਂ ਆਪਣਾ ਪੱਖ ਸਿੱਧ ਕਰੋ।'

ਮੇਲਾ ਅਫਸਰ ਦੇ ਜਵਾਬ ਵਿਚ ਨਿਰਮਲੇ ਸੰਤਾਂ ਨੇ ਆਖਿਆ, 'ਸ੍ਰੀ ਗੁਰੂ ਨਾਨਕ ਦੇਵ ਜੀ ਪੂਰਨ ਈਸ਼੍ਵਰ ਅਵਤਾਰ ਸਨ। ਉਹ ਜਗਤ ਦੇ ਉਧਾਰ ਵਾਸਤੇ ਪ੍ਰਗਟ ਹੋਏ ਸਨ। ਸਤਿਗੁਰੂ ਨਾਨਕ ਦੇਵ ਜੀ ਦੇ ਪਾਵਨ ਉਪਦੇਸ਼ ਨੂੰ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਭਾਰਤ ਵਿਚ ਭ੍ਰਮਣ ਕਰਕੇ ਪ੍ਰਚਾਰ ਰਿਹਾ ਹੈ। ਨਿਰਮਲ ਪੰਚਾਇਤੀ ਅਖਾੜਾ ਵੇਦਾਂ/ਸ਼ਾਸਤ੍ਰਾਂ/ਪੁਰਾਣਾ/ਉਪਨਿਸ਼ਦਾਂ ਦਾ ਬ੍ਰਾਹਮਣਾਂ ਨਾਲੋ ਵਧ ਸਤਿਕਾਰ ਕਰਦਾ ਹੋਇਆ ਪਠਨ-ਪਾਠਨ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡਾ ਮੁਖ ਇਸ਼ਟ ਹੈ ਜਿਸ ਦੀ ਬਾਣੀ ਪ੍ਰਾਣੀ ਮਾਤ੍ਰ ਨੂੰ ਸ਼ਾਂਤੀ ਤੇ ਕਲਿਆਣ ਬਖਸ਼ਦੀ ਹੈ। ਇਸ ਵਾਸਤੇ ਨਿਰਮਲ ਪੰਚਾਇਤੀ ਅਖਾੜਾ ਗੁਰਬਾਣੀ ਦੇ ਅਰਥ/ਪਰਮਾਰਥ ਨਾਲ ਸਾਰੇ ਸੰਸਾਰ ਨੂੰ ਉਪਦੇਸ਼ ਦੇ ਰਿਹਾ ਹੈ। ਜੇਕਰ ਬ੍ਰਾਹਮਣਾਂ ਨੂੰ ਆਪਣੀ ਵਿਦਵਤਾ ਉਤੇ ਅਭਿਮਾਨ ਹੈ ਤਾਂ ਇਨ੍ਹਾਂ ਸੰਤਾਂ ਵਿਚੋਂ ਕਿਸੇ ਨਾਲ ਵੀ ਸ਼ਾਸਤ੍ਰਾਰਥ ਕਰਕੇ ਨਿਰਣੈ ਕਰ ਸਕਦੇ ਹਨ।'

ਬ੍ਰਾਹਮਣ ਸ਼ਾਸਤ੍ਰਾਰਥ ਕਰਨ ਲਈ ਤਿਆਰ ਹੋ ਗਏ। ਮੇਲਾ ਅਫਸਰ ਵੀ ਸਹਿਮਤ ਹੋ ਗਿਆ ਅਤੇ ਪੁਛਿਆ, 'ਕਿਹੜੇ ਸੰਤ ਨਾਲ ਸ਼ਾਸਤ੍ਰਾਰਥ ਕੀਤਾ ਜਾਵੇ ?' ਨਿਰਮਲੇ ਸੰਤਾਂ ਨੇ ਕਿਹਾ, 'ਅਸੀਂ ਆਪਣੇ-ਆਪ ਕਿਸੇ ਸੰਤ ਨੂੰ ਨਿਯਤ ਨਹੀਂ ਕਰਾਂਗੇ। ਸਾਡੇ ਜਿਸ ਸੰਤ ਤੇ ਬ੍ਰਾਹਮਣ ਹੱਥ ਰਖਣਗੇ ਓਹੀ ਗੋਸ਼ਟੀ ਕਰੇਗਾ।' ਮੇਲਾ ਅਫਸਰ ਹੋਰ ਵੀ ਪ੍ਰਭਾਵਿਤ ਹੋਇਆ।

ਇਸ ਸਮੇਂ ੧੫ ਪ੍ਰਤਿਨਿਧਾਂ ਵਿਚ ਸ੍ਰੀਮਾਨ ਪੰਡਿਤ ਦੀਵਾਨ ਸਿੰਘ ਜੀ ਗਾਤੀ ਲਾਈ ਚਿਪੀ ਲਈ, ਸਿਰ ਤੇ ਕੇਵਲ ਚੌਗੁਠਾ ਤਹਿ ਕੀਤਾ ਹੋਇਆ ਵਸਤਰ ਰਖੀ, ਸਭ ਤੋਂ ਮਗਰ ਬੈਠੇ ਸਨ। ਕਮਜ਼ੋਰ ਜਿਹਾ ਸ਼ਰੀਰ ਸੀ। ਸਾਦੀ ਰਹਿਤ ਅਤੇ ਵ੍ਰਿਤੀ ਸੀ। ਬ੍ਰਾਹਮਣਾਂ ਨੇ ਸਮਝਿਆ, 'ਇਹ ਅਨਪੜ੍ਹ ਸੰਤ ਹੋਵੇਗਾ। ਇਨ੍ਹਾਂ ਵਲ ਸੰਕੇਤ ਕਰਕੇ ਆਖਿਆ, 'ਇਹ ਸੰਤ ਸਾਡੇ ਨਾਲ ਸ਼ਾਸਤ੍ਰਾਰਥ ਕਰ ਲਵੇ।'

ਇਸ ਗੱਲ ਦੀ ਸਾਰੇ ਕੁੰਭ ਮੇਲੇ ਵਿਚ ਵੀ ਚਰਚਾ ਫੈਲ ਗਈ ਕਿ ਨਾਨਕ ਪੰਥੀ ਨਿਰਮਲੇ ਸੰਤਾਂ ਅਤੇ ਪੁਜਾਰੀ ਬ੍ਰਾਹਮਣਾਂ ਦਾ ਬੜਾ ਭਾਰੀ ਸ਼ਾਸਤ੍ਰਾਰਥ ਹੋ ਰਿਹਾ ਹੈ। ਬੜੇ-ਬੜੇ ਵਿਦਵਾਨ ਉੱਚ ਅਧਿਕਾਰੀ ਅਤੇ ਕਈ ਰਿਆਸਤਾਂ ਦੇ ਰਾਜੇ, ਮਹਾਰਾਜੇ (ਜੋ ਇਸ਼ਨਾਨ ਕਰਨ ਲਈ ਆਏ ਹੋਏ ਸਨ।) ਸੁਣਕੇ ਸ਼ਾਸਤ੍ਰਾਰਥ ਵੇਖਣ, ਸੁਣਨ ਵਾਸਤੇ ਸਭਾ ਵਿਚ ਪੁਜ ਗਏ।

ਸ੍ਰੀਮਾਨ ਪੰਡਿਤ ਦੀਵਾਨ ਸਿੰਘ ਜੀ ਨੇ ਸਿੰਘ ਗਰਜਣਾਂ ਦੁਆਰਾ ਸੰਸਕ੍ਰਿਤ ਵਿਚ ਭਾਸ਼ਨ ਆਰੰਭ ਕਰਦਿਆਂ ਹੋਇਆਂ ਫੁਰਮਾਇਆ :

"ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਸ੍ਵਯੰ ਈਸ਼੍ਵਰ ਦਾ ਅਵਤਾਰ ਸਨ। ਸਾਰੇ ਵਿਸ਼੍ਵ ਦੇ ਕਲਿਆਣ ਵਾਸਤੇ ਸਤਿਗੁਰੂ ਜੀ ਨੇ ਭ੍ਰਮਣ ਕੀਤਾ ਹੈ। ਸਾਰੇ ਸੰਸਾਰ ਦੀ ਮਨੁੱਖਤਾ ਨੂੰ ਬਿਨਾਂ ਜਾਤ, ਵਰਣ, ਭੇਦ ਦੇ ਉਹ ਈਸ਼੍ਵਰ ਦੀ ਅੰਸ਼ ਮੰਨਦੇ ਸਨ। ਉਹ ਨਾ ਕਿਸੇ ਨੂੰ ਛੋਟਾ ਮੰਨਦੇ ਸਨ, ਨਾ ਵੱਡਾ ਮੰਨਦੇ ਸਨ। ਭਾਰਤੀ ਸਭ੍ਯਤਾ ਦੀ ਰਖਿਆ ਵਾਸਤੇ ਸਮੇਂ ਦੇ ਰਾਜਿਆਂ, ਅਤਿਆਚਾਰੀਆਂ ਨਾਲ ਲੋਹਾ ਲੈਂਦੇ ਰਹੇ ਸਨ। ਇਸ ਆਦਰਸ਼ ਵਾਸਤੇ ਉਨ੍ਹਾਂ ਨੇ ਦਸ ਸਰੂਪ ਧਾਰਨ ਕੀਤੇ। ਗੁਰੂ ਜੀ ਦੇ ਪੰਚਮ ਸਰੂਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕੀਤੀ। ਛੇਵੇਂ ਸਰੂਪ ਵਿਚ ਰਖਿਆ ਵਾਸਤੇ ਜੰਗ ਕੀਤੇ। ਨੌਵੇਂ ਸਰੂਪ ਵਿਚ ਬ੍ਰਾਹਮਣਾਂ/ਹਿੰਦੂਆਂ ਦੇ ਤਿਲਕ, ਜੰਞੂ, ਧਰਮ ਦੀ ਰਖਿਆ ਵਾਸਤੇ ਸ੍ਵੈ ਬਲੀਦਾਨ ਕੀਤਾ। ਦਸਵੇਂ ਸਰੂਪ ਵਿਚ ਧਰਮ ਦੀ ਰਖਿਆ ਵਾਸਤੇ ਮਾਤਾ, ਪਿਤਾ-ਪੁਤਰ ਔਰ ਅਨੇਕ ਸ਼ਿਸ਼ਾਂ ਦਾ ਬਲੀਦਾਨ ਕਰਕੇ ਮੁਗਲ ਰਾਜ ਦੀਆਂ ਜੜਾਂ ਪੁੱਟ ਦਿਤੀਆਂ। ਧਰਮ ਪ੍ਰਚਾਰ, ਵਿਦਿਆ ਪ੍ਰਚਾਰ ਵਾਸਤੇ ਨਿਰਮਲ ਪੰਥ ਦੀ ਸਥਾਪਨਾ ਕੀਤੀ। ਸਤਿਗੁਰੂ ਜੀ ਦੀ ਕਿਰਪਾ ਦ੍ਰਿਸ਼ਟੀ ਨਾਲ ਨਿਰਮਲੇ ਮਹਾਂਪੁਰਖ ਸੰਸਕ੍ਰਿਤ ਦੇ ਪ੍ਰਕਾਂਡ ਪੰਡਿਤ ਬਣੇ। ਦਸਮ ਸਤਿਗੁਰੂ ਜੀ ਨੇ ਨਿਰਮਲ ਪੰਥ ਨੂੰ ਵਿਦਿਆ ਦਾ ਵਰਦਾਨ ਬਖਸ਼ਿਆ ਹੈ। ਜਦੋਂ ਮੁਗਲਾਂ ਦੇ ਅਸਰ ਕਰਕੇ ਸਾਰਾ ਦੇਸ਼ ਅਰਬੀ-ਫਾਰਸੀ ਪੜ੍ਹਦਾ ਸੀ ਨਿਰਮਲੇ ਸੰਤ ਉਸ ਵੇਲੇ ਸੰਸਕ੍ਰਿਤ ਦੇ ਧੁਰੰਧਰ ਪੰਡਿਤ ਸਨ। ਵਾਸਤਵ ਵਿਚ ਉਤਰੀ ਭਾਰਤ 'ਚ ਸੰਸਕ੍ਰਿਤ ਨੂੰ ਜੀਵਤ ਰਖਣ ਵਾਲੇ ਹੀ ਨਿਰਮਲੇ ਸੰਤ ਹਨ। ਇਸ ਵਾਸਤੇ ਵੇਦਾਂ, ਸ਼ਾਸਤ੍ਰਾਂ, ਉਪਨਿਸ਼ਦਾਂ ਦੇ ਭਾਸ਼੍ਯਕਾਰ, ਟੀਕਾਕਾਰ, ਨਿਰਮਲੇ ਸੰਤ ਹੋਏ ਹਨ। ਦੇਸ ਭ੍ਰਮਣ ਕਰਕੇ ਜਨ ਸਾਧਾਰਨ ਨੂੰ ਸਦ ਉਪਦੇਸ਼ ਦੇਕੇ ਸਦ-ਮਾਰਗ ਪਾ ਰਹੇ ਹਨ। ਪੁਰਾਤਨ ਭਾਰਤੀ ਰਿਸ਼ੀਆਂ ਦੇ ਦੱਸੇ ਉਪਦੇਸ਼ਾਂ ਨੂੰ ਕ੍ਰਿਆਤਮਿਕ ਰੂਪ ਵਿਚ ਭਾਰਤ ਦੇਸ਼ ਨੂੰ ਦ੍ਰਿੜ੍ਹ ਕਰਵਾ ਰਹੇ ਹਨ। ਪੁਰਾਤਨ ਧਰਮ ਦੇ ਤਤ੍ਵ ਦਾ ਨਿਰੂਪਣ ਕਰਕੇ ਜਨ ਸਾਧਾਰਣ ਨੂੰ ਭਾਰਤੀ ਸਭਿਆਚਾਰ/ਸੰਸਕ੍ਰਿਤੀ ਨਾਲ ਜੋੜ ਰਹੇ ਹਨ। ਇਸੇ ਉਦੇਸ਼/ਉਪਦੇਸ਼ ਵਾਸਤੇ ਨਿਰਮਲ ਪੰਚਾਇਤੀ ਅਖਾੜਾ ਤ੍ਰਿਯੰਬਕੇਸ਼੍ਵਰ ਦੀ ਯਾਤ੍ਰਾ ਤੇ ਆਇਆ ਹੈ।"

ਇਸ ਤਰ੍ਹਾਂ ਪੰਡਿਤ ਜੀ ਇਕ ਘੰਟਾ ਲਗਾਤਾਰ ਇਕ ਰਸ ਸੰਸਕ੍ਰਿਤ ਵਿਚ ਵਿਆਖਿਆਨ ਦਿੰਦੇ ਰਹੇ। ਅੰਤ ਵਿਚ ਬੋਲੇ 'ਇਹ ਕੇਵਲ ਆਰੰਭ ਮਾਤ੍ਰ ਸ਼ਬਦ ਹਨ, ਹੁਣ ਅਸੀਂ ਸ਼ਾਸਤ੍ਰਾਰਥ ਕਰਦੇ ਹਾਂ। ਬ੍ਰਾਹਮਣ ਕੋਈ ਵੀ ਪ੍ਰਸ਼ਨ ਕਰਨ ਜਿਸਦਾ ਯਥਾ-ਯੋਗ ਉਤਰ ਦੇਣ ਦਾ ਯਤਨ ਕੀਤਾ ਜਾਵੇਗਾ।'

ਪੰਡਿਤ ਜੀ ਦੇ ਇਹ ਸ਼ਬਦ ਕਹਿਣ ਨਾਲ ਪੁਜਾਰੀ ਅਤੇ ਅਨ੍ਯ ਬ੍ਰਾਹਮਣ ਵਰਗ ਦੇ ਹੱਥ ਜੁੜ ਗਏ। ਸਿਰ ਝੁਕ ਗਏ ਅਤੇ ਨਿਮ੍ਰਤਾ ਨਾਲ ਬੋਲੇ, 'ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਜੈ ਹੋਵੇ। ਆਪ ਸਤਿਵਾਦੀ, ਸੱਚੇ ਸੰਤ ਹੋਂ, ਜੋ ਅਸੀਂ ਅਗਿਆਨਤਾ ਵਿਚ ਤਰਕ ਉਠਾਈ ਹੈ ਖਿਮਾਂ ਕੀਤੀ ਜਾਵੇ।' ਪਰ ਨਾਲ ਹੀ ਸੁਨਿਮ੍ਰ ਪ੍ਰਾਰਥਨਾ ਹੈ, 'ਸਤਿਗੁਰੂ ਨਾਨਕ ਦੇਵ ਜੀ ਈਸ਼੍ਵਰ ਅਵਤਾਰ ਅਤੇ ਨਿਰਮਲੇ ਸੰਤ ਸਨਾਤਨ ਧਰਮਾਂਵਲੰਬੀ ਹਨ ਉਪਦੇਸ਼ ਰੂਪ ਵਿਚ ਵਿਆਖਿਆਨ ਦੇਕੇ ਸਾਡੇ ਗਿਆਨ ਵਿਚ ਵਾਧਾ ਕਰਨ ਦੀ ਕਿਰਪਾ ਕਰੋ।'

ਇਸ ਵਿਸ਼ੇ ਤੇ ਪੰਡਿਤ ਜੀ ਨੇ ਇਕ ਘੰਟਾ ਫਿਰ ਸੰਸਕ੍ਰਿਤ ਵਿਚ ਗਿਆਨ ਪ੍ਰਵਾਹ ਕੀ ਗੰਗੋਤਰੀ ਚਲਾ ਦਿਤੀ। ਸਤਿਗੁਰੂ ਜੀ ਦੇ ਉਪਕਾਰਾਂ ਦੁਆਰਾ ਐਸਾ ਸਿਧ ਕੀਤਾ ਕਿ ਸ਼ਿਰੋਮਣੀ ਅਵਤਾਰ ਕੇਵਲ ਸਤਿਗੁਰੂ ਨਾਨਕ ਦੇਵ ਜੀ ਹਨ। ਸਨਾਤਨ ਧਰਮ ਦੇ ਤਤ੍ਵ ਨੂੰ ਜਾਨਣ ਵਾਲੇ ਕੇਵਲ ਨਿਰਮਲੇ ਸੰਤ ਹਨ। ਪੰਡਿਤ ਜੀ ਦਾ ਸ਼ਾਂਤ ਗੰਭੀਰ, ਇਕ ਰਸ, ਗਿਆਨ ਭਰਿਆ ਵਿਆਖਿਆਨ ਹੋ ਰਿਹਾ ਸੀ। ਦਖਣ ਦਾ ਬ੍ਰਾਹਮਣ ਵਰਗ ਹੱਥ ਜੋੜਕੇ

ਇਕ-ਇਕ ਸ਼ਬਦ ਤੇ ਸਮਰਥਨ ਤਥਾ ਅਨਮੋਦਨ ਕਰ ਰਿਹਾ ਸੀ। ਭਾਸ਼ਨ ਚਲ ਹੀ ਰਿਹਾ ਸੀ ਕਿ ਸਾਰੇ ਬ੍ਰਾਹਮਣ ਹੱਥ ਜੋੜਕੇ ਖੜ੍ਹੇ ਹੋ ਗਏ ਬੋਲੇ, 'ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਜੈ ! ਆਪ ਪੂਰਣ ਸੰਤ ਹੋ', ਆਪ ਜੀ ਦਾ ਭੇਖ ਧਰਮ ਦੇ ਤਤ੍ਵ ਨੂੰ ਜਾਨਣ ਵਾਲਾ ਸਨਾਤਨ ਧਰਮਾਵਲੰਭੀ ਹੈ। ਆਪ ਜੀ ਨੂੰ ਆਪਣੇ ਧਰਮ, ਆਪਣੇ ਸਿਧਾਂਤ, ਮਰਯਾਦਾ ਅਨੁਸਾਰ ਤ੍ਰਿਯੰਬਕੇਸ਼੍ਵਰ ਨਾਥ ਜੀ ਵਿਖੇ ਪੂਜਾ ਕਰਨ ਦਾ ਪੂਰਣ ਅਧਿਕਾਰ ਹੈ।'

ਮੁਖ ਪੁਜਾਰੀ ਨੇ ਮੁੜ ਪੰਡਿਤ ਜੀ ਅਤੇ ਨਿਰਮਲ ਭੇਖ ਤੋਂ ਖਿਮਾ ਮੰਗਦੇ ਹੋਏ ਫੁਰਮਾਇਆ, "ਭਾਰਤ ਖੰਡ ਦਾ ਬ੍ਰਾਹਮਣ ਤੇ ਹਿੰਦੂ ਵਰਗ ਤ੍ਰਿਯੰਬਕੇਸ਼੍ਵਰ ਦੇ ਦਰਸ਼ਨ ਤੇ ਪੂਜਾ ਅਣ ਸੀਤੇ ਕੇਵਲ ਊਨੀ ਤੇ ਰੇਸ਼ਮ ਦੇ ਵਸਤਰਾਂ ਵਿਚ ਕਰ ਸਕਦਾ ਹੈ, ਇਹ ਪ੍ਰਾਚੀਨ ਨਿਯਮ ਚਲਿਆ ਆ ਰਿਹਾ ਹੈ। ਇਸ ਨੂੰ ਕੋਈ ਬਦਲ ਨਹੀਂ ਸਕਦਾ ਹੈ ਪਰ ਗੁਰੂ ਨਾਨਕ ਦੇਵ ਜੀ ਦਾ ਨਿਰਮਲ ਭੇਖ ਸ੍ਵਤੰਤ੍ਰ ਹੈ, ਇਸ ਉਤੇ ਕੋਈ ਵੀ ਪ੍ਰਤਿਬੰਧ ਨਹੀਂ ਲਗਾਇਆ ਜਾ ਸਕਦਾ। ਨਿਰਮਲੇ ਸੰਤ, ਨਿਰਮਲ ਪੰਚਾਇਤੀ ਅਖਾੜਾ ਖੱਦਰ ਆਦਿਕ ਦੇ ਸੀਤੇ ਹੋਏ ਕਪੜਿਆਂ, ਕਛਹਿਰੇ ਅਤੇ ਪਗੜੀ ਸਹਿਤ ਪੂਜਾ ਕਰਨ ਦੇ ਅਧਿਕਾਰੀ ਹਨ।" ਨਿਰਮਲੇ ਸੰਤਾਂ ਵਲੋਂ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਜੈ, ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਜੈ, ਅਤੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਆਕਾਸ਼ ਗੂੰਜ ਉਠਿਆ।

ਇਸ ਸਮੇਂ ਰਾਜਿਆਂ, ਮਹਾਰਾਜਿਆਂ, ਪੁਜਾਰੀਆਂ, ਮੇਲਾ ਅਫਸਰ ਅਤੇ ਅਨਯ ਅਧਿਕਾਰੀਆਂ ਦ੍ਵਾਰਾ ਲਿਖਤ ਕੀਤੀ ਗਈ ਕਿ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਅਤੇ ਨਿਰਮਲ ਭੇਖ ਨੂੰ ਖੱਦਰ ਆਦਿਕ ਸਭ ਤਰ੍ਹਾਂ ਦੇ ਸੀਤੇ ਕਪੜਿਆਂ ਵਿਚ ਹਰ ਸਮੇਂ ਤ੍ਰਿਯੰਬਕੇਸ਼੍ਵਰ ਨਾਥ ਦੀ ਪੂਜਾ ਤੇ ਦਰਸ਼ਨ ਕਰਨ ਦਾ ਪੂਰਣ ਅਧਿਕਾਰ ਹੈ। ਇਸ ਲਿਖਤ ਤੇ ਹੁਣ ਤਕ ਅਮਲ ਹੋ ਰਿਹਾ ਹੈ। ਤ੍ਰਿਯੰਬਕੇਸ਼੍ਵਰ ਦੇ ਮੰਦਿਰ ਵਿਚ ਬ੍ਰਾਹਮਣ, ਸੰਨਿਆਸੀ, ਬੈਰਾਗੀ, ਉਦਾਸੀ, ਖਟ ਦਰਸ਼ਨ ਸਾਧੂ ਸਮਾਜ, ਰੇਸ਼ਮ ਜਾਂ ਉਨ ਦੇ ਅਣ ਸੀਤੇ ਵਸਤਰ ਪਾਕੇ ਹੀ ਪੂਜਾ, ਦਰਸ਼ਨ ਕਰ ਸਕਦਾ ਹੈ ਪਰ ਨਿਰਮਲੇ ਸੰਤ ਸਭ ਤਰ੍ਹਾਂ ਦੇ ਸੀਤੇ ਚੋਗੇ, ਕਛਹਿਰੇ, ਭਗਵੇਂ ਅਤੇ ਸਫੈਦ ਵਸਤਰ ਪਾਕੇ, ਦਸਤਾਰੇ ਸਜਾਕੇ ਦਰਸ਼ਨ ਕਰਦੇ ਹਨ।

ਇਸ ਤਰ੍ਹਾਂ ਨਿਰਮਲ ਭੇਖ ਦੇ ਮਹਾਂਪੁਰਖਾਂ ਨੇ ਆਪਣੇ ਤਪ-ਤਿਆਗ, ਸਿਮਰਨ ਅਤੇ ਵਿਦਿਆ ਨਾਲ ਅਜਿਹੇ ਅਨੇਕ ਥਾਵਾਂ ਤੇ ਵਿਜੈ ਪ੍ਰਾਪਤ ਕਰਕੇ ਗੁਰਮਤਿ ਦਾ ਪ੍ਰਚਾਰ ਕੀਤਾ ਹੈ।

ਇਸ ਸ਼ਾਸਤ੍ਰਾਰਥ ਦੀ ਵਿਜੈ ਨਾਲ ਪੰਡਿਤ ਦੀਵਾਨ ਸਿੰਘ ਜੀ ਦਾ ਸਾਰੇ ਨਿਰਮਲ ਭੇਖ ਵਿਚ ਅਤਿ ਸਤਿਕਾਰ ਵਧ ਗਿਆ। ਨਿਰਮਲ ਭੇਖ ਦੇ ਸੰਤ ਆਪ ਜੀ ਨੂੰ 'ਗੁਰੂ ਜੀ' ਕਹਿਕੇ ਬੁਲਾਉਂਦੇ ਸਨ। ਦੂਸਰੇ ਭੇਖਾਂ ਵਿਚ ਇਸ ਸ਼ਾਸਤ੍ਰਾਰਥ ਦੀ ਖਬਰ ਵਾਯੂ ਦੀ ਤਰ੍ਹਾਂ ਫੈਲ ਗਈ। ਇਸ ਤਰ੍ਹਾਂ ਉਦਾਸੀ, ਸੰਨਿਆਸੀ, ਬੈਰਾਗੀ, ਦਾਦੂ ਪੰਥੀ ਅਨੇਕ ਸੰਪ੍ਰਦਾਵਾਂ ਦੇ ਮੁਖੀਏ ਸੰਤ, ਮਹੰਤ, ਮੰਡਲੇਸ਼੍ਵਰ ਅਤੇ ਵਿਦਵਾਨ ਨਿਰਮਲ ਭੇਖ ਦੇ ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਮਹਾਰਾਜ ਕਬੇਰੀਆਂ ਨੂੰ ਵਧਾਈ ਦੇਣ ਅਤੇ ਪੰਡਿਤ ਦੀਵਾਨ ਸਿੰਘ ਜੀ ਦੇ ਦਰਸ਼ਨ ਕਰਨ ਆਏ। ਇਸ ਤਰ੍ਹਾਂ ਨਿਰਮਲ ਭੇਖ ਅਤੇ ਪੰਡਿਤ ਜੀ ਦਾ ਸਾਰੇ ਜਸ ਫੈਲ ਗਿਆ।

ਪੰਡਿਤ ਦੀਵਾਨ ਸਿੰਘ ਜੀ ਨੇ ਚਤ੍ਰਮਾਸਾ ਤ੍ਰਿਯੰਬਕੇਸ਼੍ਵਰ ਕੁੰਭ ਮੇਲੇ ਉਤੇ ਹੀ ਕਟਿਆ। ਕੁੰਭ ਦੀ ਸਮਾਪਤੀ ਤੋਂ ਬਾਅਦ ਪੰਡਿਤ ਜੀ ਕਾਸ਼ੀ ਜੀ ਚਲੇ ਗਏ। ਕਾਸ਼ੀ ਜੀ ਤੋਂ ੧੯੩੮ ਬਿ: ਦੇ ਪ੍ਰਯਾਗਰਾਜ ਦੇ ਕੁੰਭ ਮੇਲੇ ਤੇ ਆਏ। ਏਥੇ ਕਈ ਮਹੀਨੇ ਰਹਿਕੇ ਕਥਾ-ਕੀਰਤਨ, ਸਤਿਸੰਗ ਦ੍ਵਾਰਾ ਸੰਗਤਾਂ ਨੂੰ ਸਦ-ਉਪਦੇਸ਼ ਦਿੰਦੇ ਰਹੇ। ਪ੍ਰਯਾਗਰਾਜ ਦੇ ਕੁੰਭ ਤੋਂ ਸਿਧੇ ਪੰਜਾਬ ਆਪਣੇ ਡੇਰੇ ਠੀਕਰੀਵਾਲੇ ਪੁਜ ਗਏ। ਸਭ ਮਹਾਂਪੁਰਖਾਂ ਨੂੰ ਮਿਲਕੇ ਸੁਖ ਪੂਰਬਕ ਰਹਿਣ ਲੱਗੇ।

ਆਪ ਜੀ ਦੇ ਗੁਰੂ ਮਹੰਤ ਹੀਰਾ ਸਿੰਘ ਜੀ ਦਾ ਪਟਿਆਲਾ ਰਾਜ-ਘਰਾਣੇ ਵਿਚ ਅਤਿ ਸਤਿਕਾਰ ਸੀ। ਆਪ ਜੀ ਦੀ ਵਿਦਵਤਾ ਤੋਂ ਵੀ ਰਾਜ-ਘਰਾਣਾ ਪ੍ਰਭਾਵਿਤ ਸੀ। ਜਦੋਂ ਮਹੰਤ ਹੀਰਾ ਸਿੰਘ ਜੀ ਸੁਰਗਵਾਸ ਹੋ ਗਏ ਤਾਂ ਰਿਆਸਤ ਵਲੋਂ ਆਪ ਜੀ ਨੂੰ ਉਹੀ ਸਤਿਕਾਰ ਦਿਤਾ ਗਿਆ। ਪੰਡਿਤ ਤਾਰਾ ਸਿੰਘ ਜੀ ਨਰੋਤਮ ਦੀ ਸਤ੍ਹਾਰੀ ਸਮੇਂ ਉਚੇਚੇ ਪਟਿਆਲੇ ਪੁਜੇ। ਸਤ੍ਹਾਰੀ ਦੇ ਭੋਗ ਤੋਂ ਮਗਰੋਂ ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਕਬੇਰੀਏ ਨੇ ਨਵਾਂ 'ਨਾਇਬ ਸ੍ਰੀ ਮਹੰਤ' ਸਥਾਪਨ ਕਰਨ ਦਾ ਸੁਝਾਅ ਰਖਿਆ ਤਾਂ ਸਾਰੇ ਭੇਖ ਨੇ ਆਪ ਜੀ ਦਾ ਨਾਉਂ ਤਜਵੀਜ਼ ਕੀਤਾ। ਆਪ ਜੀ ਨੇ ਭਾਵੇਂ ਇਨਕਾਰ ਵੀ ਕੀਤਾ ਪਰ ਆਪ ਜੀ ਨੂੰ ਇਸ ਪਦਵੀ ਤੇ ਵਿਭੂਸ਼ਤ ਕੀਤਾ ਗਿਆ। ਜਿਥੇ ਸਾਰੇ ਭੇਖ ਨੇ ਸਿਰੋਪਾਉ ਭੇਟ ਕੀਤੇ ਉਥੇ ਰਿਆਸਤ ਪਟਿਆਲਾ ਵਲੋਂ ਪੂਜਾ/ਪੱਗ/ਦੁਸ਼ਾਲਾ ਆਇਆ। ਪਰ ਸ਼ੋਕ ! ਆਪ ਜੀ ਕੇਵਲ ੩ ਵਰਸ਼ ਇਸ ਪਦਵੀ ਤੇ ਰਹਿਕੇ ਸੰਮਤ ੧੯੫੦ ਬਿ: ਨੂੰ ਬ੍ਰਹਮਲੀਨ ਹੋ ਗਏ।

ਪੰਡਿਤ ਦੀਵਾਨ ਸਿੰਘ ਜੀ ਠੀਕਰੀਵਾਲਾ ਸੰਨ ੧੮੯੧ ਈ: ਤੋਂ ੧੮੯੩ ਈ: ਤਕ ੩ ਵਰਸ਼ 'ਨਾਇਬ ਸ੍ਰੀ ਮਹੰਤ' ਰਹੇ। ਕੁਲ ਆਯੂ ੬੨ ਵਰਸ਼ ਸੀ।

ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਕਬੇਰੀਏ ਬਹੁਤਾ ਸਮਾਂ ਸਿਮਰਨ ਭਜਨ ਵਿਚ ਲਾਉਣਾ ਚਾਹੁੰਦੇ ਸਨ। ਇਹ ਵੀ ਚਾਹੁੰਦੇ ਸਨ ਕਿ ਕੋਈ ਵਿਵਹਾਰ ਕੁਸ਼ਲ ਸਿਆਣਾ ਵਿਦਵਾਨ ਸੰਤ 'ਨਾਇਬ ਸ੍ਰੀ ਮਹੰਤ' ਬਣਕੇ ਅਖਾੜੇ ਦਾ ਕੰਮ ਚਲਾਏ। ਇਸ ਵਿਚਾਰ ਅਧੀਨ ਪੰਡਿਤ ਊਧਵ ਸਿੰਘ ਜੀ ਨਯਾਯਕ ਕਾਸ਼ੀ ਵਾਲਿਆਂ ਨੂੰ ਸਾਰੇ ਭੇਖ ਦੀ ਸੰਮਤੀ ਨਾਲ 'ਨਾਇਬ ਸ੍ਰੀ ਮਹੰਤ' ਦੀ ਪਦਵੀ ਤੇ ਨਿਯੁਕਤ ਕਰ ਦਿਤਾ ਅਤੇ ਅਖਾੜੇ ਦਾ ਸਭ ਕੰਮ ਇਨ੍ਹਾਂ ਨੂੰ ਸੰਭਾਲ ਦਿਤਾ ਗਿਆ।

ਇਸ ਸਮੇਂ ਤ੍ਰਿਯੰਬਕ (ਨਾਸਿਕ) ਦੇ ਕੁੰਭ ਵਿਚ ਅਠ ਦਸ ਮਹੀਨੇ ਸਨ, ਇਸ ਲਈ 'ਨਾਇਬ ਸ੍ਰੀ ਮਹੰਤ' ਜੀ ਨੂੰ ਪ੍ਰਬੰਧ ਕਰਨ ਵਾਸਤੇ ਤ੍ਰਿਯੰਬਕੇਸ਼ੂਰ (ਨਾਸਿਕ) ਭੇਜ ਦਿਤਾ ਗਿਆ। ਇਸ ਸਮੇਂ ਆਪ ਜੀ ਨੇ ਬਹੁਤ ਹੀ ਯੋਗਤਾ ਨਾਲ ਮੇਲੇ ਦਾ ਪ੍ਰਬੰਧ ਕੀਤਾ। ਖਟ ਦਰਸਨ ਸਾਧੂ ਸਮਾਜ ਅਤੇ ਨਿਰਮਲ ਭੇਖ ਪ੍ਰਬੰਧ ਵੇਖਕੇ ਪਰਮ ਪ੍ਰਸੰਨ ਹੋਇਆ ਪਰ ਮੇਲੇ ਦੇ ਦਿਨਾਂ ਵਿਚ ਹੀ 'ਸ੍ਰੀ ਮਹੰਤ' ਪੰਡਿਤ ਰਾਮ ਸਿੰਘ ਜੀ ਕਬੇਰੀਏ ਬੀਮਾਰ ਹੋ ਗਏ। ਤ੍ਰਿਯੰਬਕੇਸ਼ੂਰ ਖਬਰ ਪੁਜੀ ਤਾਂ 'ਨਾਇਬ ਸ੍ਰੀ ਮਹੰਤ' ਜੀ ਸਾਰਾ ਪ੍ਰਬੰਧ ਮੁਖੀਏ ਮਹੰਤਾਂ ਨੂੰ ਸੰਭਾਲਕੇ ਹਰਿਦ੍ਵਾਰ ਆਏ ਕਿੰਤੂ ਸ੍ਰੀ ਮਹੰਤ ਜੀ ਦਾ ਸਰੀਰ ਕਮਜ਼ੋਰ ਹੁੰਦਾ ਗਿਆ ਅਤੇ ਬੀਮਾਰੀ ਵਧਦੀ ਗਈ। ਅੰਤ ਸਾਵਨ ਵਦੀ ੧੫ ਪ੍ਰਵਿਸ਼ਟੇ ੨੬ ਸਾਵਨ ੧੯੫੩ ਬਿ: ਨੂੰ ਬ੍ਰਹਮਲੀਨ ਹੋ ਗਏ। ਪੰਚਪੁਰੀ ਵਿਚ ਸ਼ੋਕ ਵਰਤ ਗਿਆ। ਸਤ੍ਹਾਰੀ ਤੇ ਸਾਰਾ ਨਿਰਮਲ ਭੇਖ ਹਰਿਦ੍ਵਾਰ ਵਿਖੇ ਇਕੱਤਰ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਪਿਆ। ਅੰਤਿਮ ਅਰਦਾਸ ਹੋਈ।

ਇਸੇ ਦਿਨ ੮ ਭਾਦਰੋਂ ਸੰਮਤ ੧੯੫੩ ਬਿ. ਨੂੰ ਪੰਡਿਤ ਊਧਵ ਸਿੰਘ ਜੀ ਮਹਾਰਾਜ ਨੂੰ 'ਸ੍ਰੀ ਮਹੰਤ' ਨਿਯਤ ਕੀਤਾ ਗਿਆ। ਸਾਰੇ ਭੇਖ ਨੇ ਪੱਗਾਂ, ਦੁਸ਼ਾਲੇ ਭੇਟ ਕੀਤੇ। ਮਹਾਰਾਜਾ ਪਟਿਆਲਾ ਪਤੀ ਵਲੋਂ ਪੂਜਾ, ਪੱਗ ਦੁਸ਼ਾਲਾ ਆਇਆ।

ਸ੍ਰੀਮਾਨ ਪੰਡਿਤ ਰਾਮ ਸਿੰਘ ਜੀ ਕਬੇਰੀਏ ਸੰਨ ੧੮੭੧ ਤੋਂ ੧੮੯੬ ਈ: ਤਕ ੨੫ ਵਰਸ਼ 'ਸ੍ਰੀ ਮਹੰਤ' ਰਹੇ। ਕੁਲ ਆਯੂ ੮੧ ਵਰਸ਼ ਸੀ।

## ਤੀਜੇ ਸ੍ਰੀ ਮਹੰਤ

# ਸ੍ਰੀਮਾਨ ੧੦੮ ਪੰਡਿਤ ਊਧਵ ਸਿੰਘ ਜੀ ਨਯਾਯਕ

ਸ੍ਰੀਮਾਨ ਪੰਡਿਤ ਊਧਵ ਸਿੰਘ ਜੀ ਨਯਾਯਕ ਦਾ ਜਨਮ ਪਿੰਡ ਕੱਲ੍ਹਾ ਜ਼ਿਲਾ ਅੰਮ੍ਰਿਤਸਰ ਵਿਖੇ ਸ੍ਰ. ਲਹਿਣਾ ਸਿੰਘ ਦੇ ਘਰ ਸੰਮਤ ੧੯੯੭ ਬਿ: (੧੯੪੦ ਈ:) ਨੂੰ ਹੋਇਆ। ਆਪ ਪੰਜ ਵਰਸ਼ ਦੇ ਹੋਏ ਤਾਂ ਪਿਤਾ ਜੀ ਸੰਤ ਵ੍ਰਿਤੀ ਧਾਰਨ ਕਰਕੇ ਘਰ ਤਿਆਗ ਗਏ ਪਰ ਰਹੇ ਪਿੰਡ ਦੇ ਡੇਰੇ ਵਿਚ ਹੀ। ਇਸ ਵਾਸਤੇ ਮੁਢਲੀ ਗੁਰਮੁਖੀ ਦੀ ਵਿਦਿਆ ਆਪ ਜੀ ਨੇ ਆਪਣੇ ਪਿਤਾ ਜੀ ਕੋਲੋਂ ਹੀ ਪ੍ਰਾਪਤ ਕੀਤੀ। ਬਾਰਾਂ ਵਰਸ਼ ਦੀ ਆਯੂ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਬਣ ਗਏ। ਭਾਸ਼ਾ ਦੇ ਅਨੇਕ ਗ੍ਰੰਥਾਂ ਦਾ ਅਧਿਐਨ ਕਰ ਲਿਆ। ਆਪ ਜੀ ਦੀ ਵਿਵੇਕ ਬੁਧੀ ਨੂੰ ਵੇਖਕੇ ਕਈ ਸਿਆਣਿਆਂ ਨੇ ਸੰਸਕ੍ਰਿਤ ਪੜ੍ਹਨ ਦੀ ਰਾਏ ਦਿਤੀ। ਹੋਣਹਾਰ ਵੇਖਕੇ ਪਿਤਾ ਨੇ ਵੀ ਆਗਿਆ ਦੇ ਦਿਤੀ। ਵਿਦਿਆ ਪ੍ਰਾਪਤੀ ਵਾਸਤੇ ਆਪ ਕਾਸ਼ੀ ਜੀ ਵਿਚ ਚਲੇ ਗਏ। ਇਸ ਸਮੇਂ ਕਾਸ਼ੀ ਵਿਚ ਪੰਡਿਤ ਗੁਲਾਬ ਸਿੰਘ ਜੀ ਰਹਿੰਦੇ ਸਨ। ਆਪ ਇਨ੍ਹਾਂ ਮਹਾਂਪੁਰਖਾਂ ਦੇ ਚਰਨਾਂ ਵਿਚ ਪੁਜਕੇ ਸ਼ਿਸ਼ ਬਣਕੇ ਪੜ੍ਹਨ ਲੱਗੇ। ਆਪ ਜੀ ਨੇ ਕਿਸੇ ਸ਼ੁਭ ਲਗਨ ਵਿਚ ਵਿਦਿਆ ਆਰੰਭ ਕੀਤੀ। ਆਪ ਜੀ ਤੇ ਸਰਸ੍ਵਤੀ ਅਜੇਹੀ ਪ੍ਰਸੰਨ ਹੋਈ ਕਿ ਜਿਸ ਗ੍ਰੰਥ ਨੂੰ ਵੀ ਆਰੰਭ ਕੀਤਾ, ਵਿਆਖਿਆ ਭਾਵਰਥ ਸਹਿਤ ਹਿਰਦੇ ਵਿਚ ਧਾਰਨ ਕਰ ਲਿਆ। ਵਿਦਿਆ ਅਧਿਐਨ ਵਿਚ ਅਜੇਹੀ ਰੁਚੀ ਲੱਗੀ ਕਿ ਬਿਨਾਂ ਪੜ੍ਹਨ-ਪੜ੍ਹਾਉਣ ਬਿਨਾਂ ਤੋਂ ਹੋਰ ਕੋਈ ਕੰਮ ਚੰਗਾ ਨਹੀਂ ਸੀ ਲਗਦਾ। ੧੫-੧੬ ਸਾਲ ਅਜੇਹਾ ਅਭਿਆਸ ਕੀਤਾ, ਆਪ ਕਾਸ਼ੀ ਦੇ ਚੁਣਵੇਂ ਪੰਡਿਤਾਂ ਵਿਚ ਗਿਣੇ ਜਾਣ ਲੱਗੇ। ਅਤਿਅੰਤ ਕਠਿਨ ਸੂਤ੍ਰ ਜਾਂ ਪੰਕਤੀ ਕਾਸ਼ੀ ਦੇ ਵਿਦਿਆਰਥੀ ਆਪ ਜੀ ਕੋਲੋਂ ਪੁਛਦੇ ਤੇ ਅਰਥ ਵਿਆਖਿਆ ਸਮਝਦੇ ਸਨ। ਸ਼ਾਸਤ੍ਰਾਂ ਦੇ ਗੁਹਝ ਪਦ-ਪਦਾਰਥਾਂ ਨੂੰ ਆਪ ਜੀ ਹੀ ਪ੍ਰਗਟ ਕਰਦੇ ਸਨ। ਆਪ ਜੀ ਦੇ ਅਨੁਭਵੀ ਗਿਆਨ ਦੀ ਕਾਸ਼ੀ ਵਿਚ ਪ੍ਰਸਿੱਧੀ ਹੋ ਗਈ। ਜਿਹੜੇ ਪੰਡਿਤ ਜਾਂ ਵਿਦਿਆਰਥੀ ਆਪ ਜੀ ਕੋਲੋਂ ਸੂਤ੍ਰਾਂ ਅਤੇ ਅਨੇਕ ਸ਼ਾਸਤ੍ਰਾਂ ਦੇ ਗੋਹਝ ਰਹਸਜ ਸਮਝਦੇ ਸਨ ਉਨ੍ਹਾਂ ਦੇ ਮਨ ਕਮਲ ਦੀ ਤਰ੍ਹਾਂ ਪ੍ਰਫੁਲੱਤ ਅਤੇ ਪ੍ਰਸੰਨ ਹੋ ਜਾਂਦੇ ਸਨ।

ਕਾਸ਼ੀ ਦੇ ਵੱਡੇ-ਵੱਡੇ ਬ੍ਰਾਹਮਣ, ਸੰਨਿਆਸੀ ਅਤੇ ਉਦਾਸੀ ਆਪ ਜੀ ਕੋਲੋਂ ਵਿਦਿਆ ਅਧਿਐਨ ਕਰਨ ਵਿਚ ਮਾਣ ਸਮਝਦੇ ਸਨ। ਵਿਆਕਰਣ ਦੇ ਟੀਕੇ, ਖਟ ਸ਼ਾਸਤ੍ਰਾਂ ਦਾ ਪਠਨ-ਪਾਠਨ, ਵੇਦਾਂਤ ਦੇ ਮਹਾਨ ਗ੍ਰੰਥ 'ਚਿੱਤ ਸੁਖੀ', 'ਮੀਮਾਂਸਾ' ਆਦਿ ਸ਼ਾਸਤ੍ਰਾਂ ਵਿਚ ਪੂਰਣ ਨਿਪੁੰਣਤਾ ਪ੍ਰਾਪਤ ਕੀਤੀ ਸੀ। ਨਯਾਯ ਦੇ 'ਪੰਚ ਵਾਦ' ਦਾ ਤਾਂ ਆਪ ਨੇ ਇਨ੍ਹਾਂ ਅਧਿਐਨ ਕੀਤਾ ਹੋਇਆ ਸੀ ਕਿ ਕਾਸ਼ੀ ਦੇ ਵਿਦਵਾਨ ਪੰਡਿਤ ਇਕਮੱਤ ਆਪ ਜੀ ਨੂੰ 'ਗੋਤਮ' ਦਾ 'ਅਵਤਾਰ' ਮੰਨਦੇ ਸਨ। ਸਾਰੀਆਂ ਸੰਪ੍ਰਦਾਵਾਂ ਦੇ ਵਿਦਿਆਰਥੀ ਆਪ ਜੀ ਕੋਲ ਵਿਦਿਆ ਅਧਿਐਨ ਕਰਦੇ ਸਨ। ਪੜ੍ਹਾਉਣ ਦੀ ਸ਼ੈਲੀ ਅਜੇਹੀ ਸੁੰਦਰ ਸੀ ਜੋ ਵਿਦਿਆਰਥੀ ਸ਼ਰਵਨ ਕਰ ਲੈਂਦਾ ਕਦੀ ਵੀ ਭੁਲਦਾ ਨਹੀਂ ਸੀ। ਪ੍ਰਸਿੱਧ ਵਿਦਵਾਨ ਸ੍ਵਾਮੀ ਅਦ੍ਵੈਤਾਨੰਦ, ਸ੍ਵਾਮੀ ਭਾਸਕਰਾਨੰਦ ਆਪ ਜੀ ਦੇ ਵਿਦਿਆਰਥੀ ਸਨ। ਖਟ ਦਰਸ਼ਨ

ਸਾਧੂ ਸਮਾਜ ਵਿਚ ਆਪ ਜੀ ਦਾ ਇਨ੍ਹਾਂ ਸਤਿਕਾਰ ਸੀ ਕਿ ਵਯਾਸ ਆਸਨ ਉਤੇ ਕੇਵਲ ਆਪ ਜੀ ਨੂੰ ਹੀ ਬਿਠਾਇਆ ਜਾਂਦਾ ਸੀ। ਸੰਨਿਆਸੀਆਂ ਵਿਚ ਇਕ ਪਰੰਪਰਾ ਹੈ। ਉਹ ਵਿਦਵਾਨ ਪੰਡਿਤ ਮੰਡਲੇਸ਼੍ਵਰ ਨੂੰ ਆਪਣਾ ਇਸ਼ਟ ਮੰਨਕੇ ਮੁਖ ਗੱਦੀ ਤੇ ਬੈਠਾਕੇ ਪੂਜਨ ਕਰਦੇ ਅਤੇ ਆਰਤੀ ਉਤਾਰਦੇ ਹਨ। ਉਸ ਦੇ ਬਰਾਬਰ ਕਿਸੀ ਅਨਯ ਭੇਖ ਦੇ ਸੰਤ, ਮਹੰਤ, ਵਿਦਵਾਨ ਦੀ ਗੱਦੀ ਨਹੀਂ ਲਗਣ ਦਿੰਦੇ, ਪਰ ਆਪ ਜੀ ਦੀ ਮਹਾਨ ਵਿਦਵਤਾ ਨੂੰ ਮੁਖ ਰਖਕੇ ਸੰਨਿਆਸੀ ਮੰਡਲੇਸ਼੍ਵਰ ਵੀ ਆਪ ਜੀ ਦੀ ਗੱਦੀ ਬਰਾਬਰ ਲਵਾਉਂਦੇ ਸਨ। ਆਪ ਜੀ ਦੇ ਤਪ-ਤੇਜ, ਵਿਦਿਆ ਬਲ ਅੱਗੇ ਸੰਨਿਆਸੀਆਂ ਦੀ ਪਰੰਪਰਾ ਟੁਟ ਗਈ ਸੀ। ਵਿਦਵਾਨ ਮੰਡਲ ਵਿਚ ਆਪ ਜੀ ਦਾ ਮਹਾਨ ਸਤਿਕਾਰ ਸੀ।

ਕਾਸ਼ੀ ਦੇ ਵਿਦਵਾਨ ਵਰਗ ਵਿਚ 'ਗੁਰੂਦੇਵ' ਕਰਕੇ ਪੂਜੇ ਜਾਣ ਵਾਲੇ ਸੰਸਕ੍ਰਿਤ ਦੇ ਪ੍ਰਕਾਂਡ ਪੰਡਿਤ ਹੋਕੇ ਵੀ ਗੁਰਬਾਣੀ ਵਿਚ ਪਰਮ ਸ਼ਰਧਾ ਰਖਦੇ ਸਨ। ਨਿਤਨੇਮ ਗੁਰਬਾਣੀ ਦਾ ਹੀ ਕਰਦੇ ਸਨ। ਗੁਰਮਤਿ ਦਾ ਪ੍ਰਚਾਰ ਕਰਦੇ ਸਨ। ਸਾਦਾ ਖਾਣ-ਪਾਣ, ਸਾਦਾ ਪਹਿਰਾਵਾ, ਸਾਦੀ ਜ਼ਿੰਦਗੀ ਰਖਦੇ ਸਨ। ਨਿਮ੍ਰਤਾ ਦੇ ਅਵਤਾਰ ਸਨ।

ਕਾਸ਼ੀ ਵਿਖੇ ਪਹਿਲਾਂ ਕਿਸੇ ਦੇ ਮਕਾਨ ਵਿਚ ਵਿਦਿਆਰਥੀਆਂ ਨੂੰ ਪੜ੍ਹਾਇਆ ਕਰਦੇ ਸਨ। ਫਿਰ ਆਪ ਜੀ ਦੇ ਸੇਵਕ ਰਾਏ ਬਰੇਲੀ ਵਾਲੇ ਸਰਦਾਰਾਂ ਨੇ ਆਪ ਜੀ ਦੇ ਵਾਸਤੇ ਸੁੰਦਰ ਮਕਾਨ ਲੈਕੇ ਦੇ ਦਿਤਾ ਜਿਸ ਦਾ ਵਰਤਮਾਨ ਨਾਉਂ "ਚੌਖੰਭਾ ਸੰਗਤ ਸ੍ਰੀ ਮਹੰਤ ਊਧਵ ਸਿੰਘ ਜੀ" ਪ੍ਰਸਿੱਧ ਹੈ। ਆਪ ਨੇ ਸੰਸਕ੍ਰਿਤ ਵਿਦਿਆਲਯ ਨੂੰ ਇਸ ਮਕਾਨ ਵਿਚ ਖੋਲ੍ਹ ਦਿਤਾ। ਇਹ ਕਾਸ਼ੀ ਦੇ ਸਾਰੇ ਵਿਦਿਆਲਯ ਵਿਚੋਂ ਪ੍ਰਸਿਧ ਹੋਇਆ। ਇਨ੍ਹਾਂ ਦਿਨਾਂ ਵਿਚ ਪਟਿਆਲੇ 'ਚ 'ਨਾਇਬ ਸ੍ਰੀ ਮਹੰਤ' ਪੰਡਿਤ ਦੀਵਾਨ ਸਿੰਘ ਜੀ ਗੁਰਪੁਰੀ ਸਿਧਾਰ ਗਏ ਤਾਂ ਪੂਜਯ ਸ੍ਰੀ ਮਹੰਤ ਜੀ ਮਹਾਰਾਜ ਕਬੇਰੀਏ ਬਹੁਤ ਉਪਰਾਮ ਰਹਿਣ ਲਗੇ। ਉਨ੍ਹਾਂ ਨੂੰ ਆਪਣਾ ਉਤਰਾਧਿਕਾਰੀ ਦ੍ਰਿਸ਼ਟੀ ਨਹੀਂ ਸੀ ਆ ਰਿਹਾ ਜਿਸ ਨੂੰ ਅਖਾੜੇ ਦਾ ਕਾਰਜ ਭਾਰ ਸੌਂਪ ਸਕਣ। ਇਕ ਦਿਨ ਭੇਖ ਦੇ ਸੰਤਾਂ, ਮਹੰਤਾਂ ਵਿਚ ਗਲ ਚਲੀ ਤਾਂ ਕਿਸੀ ਸੰਤ ਨੇ ਪੰਡਿਤ ਊਧਵ ਸਿੰਘ ਜੀ ਦਾ ਨਾਉਂ ਲਿਆ। ਸੁਣਕੇ ਪੂਜਯ ਸ੍ਰੀ ਮਹੰਤ ਜੀ ਸਮੇਤ ਸਾਰੇ ਪ੍ਰਸੰਨ ਹੋ ਗਏ। ਪੂਜਯ ਸ੍ਰੀ ਮਹੰਤ ਜੀ ਨੇ ਪ੍ਰੇਮ ਭਰੀ ਪਤ੍ਰਕਾ ਲਿਖਕੇ ਇਕ ਵਿਸ਼ੇਸ਼ ਸੰਤ ਨੂੰ ਵਾਰਾਣਸੀ ਭੇਜਿਆ। ਪਤ੍ਰਕਾ ਪੜ੍ਹਕੇ ਪੰਡਿਤ ਊਧਵ ਸਿੰਘ ਜੀ ਹਰਿਦ੍ਵਾਰ ਪੁਜ ਗਏ। ਇਥੇ ਆਪ ਜੀ ਨੂੰ ਭੇਖ ਦੀ ਸੰਮਤੀ ਨਾਲ ਸੰਮਤ ੧੯੫੨ ਨੂੰ 'ਨਾਇਬ ਸ੍ਰੀ ਮਹੰਤ' ਨਿਯੁਕਤ ਕਰ ਦਿਤਾ। ਕੁੱਝ ਸਮਾਂ ਨਾਇਬ ਸ੍ਰੀ ਮਹੰਤ ਰਹੇ। ੨੬ ਸਾਵਨ ਸੰਮਤ ੧੯੫੩ (੧੮੯੬ ਈ:) ਨੂੰ ਪੂਜਯ 'ਸ੍ਰੀ ਮਹੰਤ ਜੀ ਕਬੇਰੀਏ' ਬੈਕੁੰਠ ਸਿਧਾਰ ਗਏ ਤਾਂ ੮ ਭਾਦਰੋਂ ਸੰਮਤ ੧੯੫੩ ਨੂੰ ਪੂਰੇ ਨਿਰਮਲ ਭੇਖ ਨੇ ਆਪ ਜੀ ਨੂੰ 'ਸ੍ਰੀ ਮਹੰਤ' ਦੇ ਆਸਨ ਤੇ ਆਸੀਨ ਕਰ ਦਿਤਾ। ਸਾਰੇ ਨਿਰਮਲ ਭੇਖ ਅਤੇ ਖਟ ਦਰਸ਼ਨ ਨੇ ਪੱਗਾਂ-ਦੁਸ਼ਾਲੇ ਭੇਟ ਕਰਕੇ ਪੂਜਾ ਕੀਤੀ। ਮਹਾਰਾਜਾ ਪਟਿਆਲਾਪਤੀ ਨੇ ਵੀ ਦੁਸ਼ਾਲਾ ਅਤੇ ਪੂਜਾ ਭੇਜ ਕੇ ਪ੍ਰਸੰਨਤਾ ਪ੍ਰਗਟ ਕੀਤੀ।

ਕਨਖਲ ਵਿਚ ਸਭ ਕੰਮ ਸੰਭਾਲਕੇ ਮੁੜ ਤ੍ਰਿਯੰਬਕੇਸ਼੍ਵਰ (ਨਾਸਿਕ) ਕੁੰਭ ਦੇ ਸਮਾਗਮ ਵਿਚ ਜਾ ਸ਼ਾਮਲ ਹੋਏ। ਤ੍ਰਿਯੰਬਕੇਸ਼੍ਵਰ ਵਿਚ ਕੁੰਭ ਪਰਵ ਤੇ ਸਾਰਾ ਚਤ੍ਰਮਾਸਾ ਹਰ ਸਮੇਂ ਵਰਖਾ ਹੁੰਦੀ ਰਹਿੰਦੀ ਹੈ। ਇਸ ਕੁੰਭ ਤੇ ਆਪਣੇ ਮਕਾਨ ਤੋਂ ਬਿਨਾਂ ਰਹਿਣਾ ਬਹੁਤ ਔਖਾ ਹੈ। ਇਸ ਸਮੇਂ ਨਿਰਮਲ ਅਖਾੜੇ ਦਾ ਆਪਣਾ ਕੋਈ ਮਕਾਨ ਨਹੀਂ ਸੀ। ਇਸ ਘਾਟ ਨੂੰ ਅਨੁਭਵ ਕਰਕੇ ਆਪ ਜੀ ਨੇ ਕਾਫੀ ਦੁੱਖ ਮਨਾਇਆ। ਇਥੇ ਮੁਖੀਏ ਮਹੰਤਾਂ/ਸੰਤਾਂ/ਕਾਰਕੁਨਾਂ ਨਾਲ ਵਿਚਾਰ ਕਰਕੇ ਇਕ ਜਗਾ ਮੁੱਲ ਲਈ ਜਿਸ ਦੀ ਰਜਿਸਟਰੀ ੯ ਪੋਹ ਸੰਮਤ ੧੯੫੩ (੨੩ ਦਸੰਬਰ ੧੮੯੬ ਈ: ਨੂੰ) ਕਰਵਾਈ। ਕੁਝ ਦਿਨ ਅਰਾਮ ਕਰਕੇ ਰਮਤ ਅਖਾੜਾ ਦੇਸ਼ਾਟਨ (ਗੁਰਮਤਿ ਪ੍ਰਚਾਰ) ਵਾਸਤੇ ਤੋਰ ਦਿਤਾ। ਆਪ ਅਖਾੜੇ ਦੇ ਕੰਮਾਂ ਵਲ ਧਿਆਨ ਦੇਣ ਲਗੇ। ਸੰਤ ਗੰਗਾ ਸਿੰਘ ਜੀ ਕੁਠਾਰੀ, ਮੁਕਾਮੀ ਮਹੰਤ ਕਪੂਰ ਸਿੰਘ ਅਤੇ

ਮਹੰਤ ਨਿਹਾਲ ਸਿੰਘ ਜੀ ਦੀ ਸੰਮਤੀ ਨਾਲ ਆਪ ਜੀ ਨੇ ਆਪਣੇ ਸਮੇਂ ਹੇਠ ਲਿਖੇ ਪ੍ਰਸਿਧ ਕੰਮ ਕੀਤੇ :

ਏਕੜ ਨਾਲ ਮਿਲਵਾਂ ਪਿੰਡ ਬਹਾਦਰਪੁਰ ਅਤੇ ਮਿਰਜਾਪੁਰ ਹਾੜ ਵਦੀ ੮ ਸੰਮਤ ੧੯੫੪ (੧੮੯੭ ਈ:) ਵਿਚ ਖਰੀਦਿਆ। ਰਾਮਨਾਥ ਰਤਨਰਾਮ ਬ੍ਰਾਹਮਣ ਜਵਾਲਾਪੁਰ ਤੋਂ ਬਹਾਦਰਪੁਰ ਦਾ ਰਹਿੰਦਾ ਚੌਥਾ ਹਿੱਸਾ ਵੀ ਸੰਮਤ ੧੯੫੭ ਵਿਚ ਮੁਲ ਖ੍ਰੀਦ ਲਿਆ। ਕੁਰੁਕਸ਼ੇਤ੍ਰ ਵਿਚ ਸਿੰਘਪੁਰੀਆਂ ਹਵੇਲੀ ਅਤੇ ਬਾਗ ਹਾੜ ਸੁਦੀ ੧੩ ਸੰਮਤ ੧੯੫੯ (੧੯੦੩ ਈ:) ਨੂੰ ਪੰਡਿਤ ਦੇਵੀ ਦਿਆਲ ਤੋਂ ਮੁੱਲ ਖ੍ਰੀਦੇ।

ਸੰਮਤ ੧੯੬੦ ਬਿ: (੧੯੦੩ ਈ:) ਦਾ ਹਰਿਦੁਆਰ ਦਾ ਕੁੰਭ ਸਜ-ਧਜ ਨਾਲ ਮਨਾਇਆ। ਸਿਆਲ ਵਿਚ ਪ੍ਰਯਾਗਰਾਜ ਚਲੇ ਗਏ। ਇਥੇ ਮਹੰਤ ਬੁਢਾ ਸਿੰਘ ਜੀ ਮੁਕਾਮੀ ਮਹੰਤ, ਮਹੰਤ ਲਾਲ ਸਿੰਘ ਜੀ (ਕੁਠਾਰੀ), ਮਹੰਤ ਨਾਰਾਇਣ ਸਿੰਘ ਜੀ 'ਮੁਸਾਫਰ' (ਕਾਰਬਾਰੀ) ਦੀ ਸਲਾਹ ਨਾਲ ੨੦ ਫਰਵਰੀ ੧੯੦੪ ਈ: ਵਿਚ ਪਿੰਡ ਭਰੇਤਾ, ਕੁਨੇਠੀ, ਤਿਸੌਰਾ, ਕਲਿਆਣਪੁਰ (ਉਰਫ) ਲੌਨਾਰੀ, ਮਨੇਥੂ, ਚੈਮਲਪੁਰ ਅਤੇ ਤੇਜਪੁਰ ਇਹ ਸੱਤ ਪਿੰਡ ੫੬੯੬੦/- ਰੁਪਏ ਨਾਲ ਖਰੀਦੇ। ਅਖਾੜੇ ਦੀ ਅਪਾਰ ਜਾਇਦਾਦ ਵਧਾਈ। ਅਖਾੜੇ ਦੇ ਸਤਿਕਾਰ ਸਨਮਾਨ ਵਿਚ ਹੋਰ ਅਨੇਕ ਵਾਧੇ ਕੀਤੇ। ਸ੍ਰੀ ਹਜ਼ੂਰ ਸਾਹਿਬ ਜੀ ਦੀ ਘਟਨਾ ਦੇ ਸਬੰਧ ਵਿਚ ਅਖਾੜੇ ਦੇ ਸਤਿਕਾਰ ਸਨਮਾਨ ਨੂੰ ਘਟਣ ਨਹੀਂ ਦਿੱਤਾ। ਸਚਖੰਡ ਵਾਸੀ 'ਸ੍ਰੀ ਮਹੰਤ ਜੀ ਕਬੇਰੀਆਂ' ਦੀ ਨੀਤੀ ਨੂੰ ਹੀ ਮੁੱਖ ਰਖਿਆ।

ਮਹੀਨਾ ਮੱਘਰ ਸੰਮਤ ੧੯੬੧ (੨੩ ਨਵੰਬਰ ੧੯੦੪ ਈ:) ਨੂੰ ਪ੍ਰਯਾਗਰਾਜ ਵਿਖੇ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਰਜਿਸਟਰਡ ਹੋਇਆ। ਉਸ ਵੇਲੇ ਜੋ ਮੈਮੋਰੰਡਮ ਲਿਖਿਆ ਗਿਆ ਸ੍ਰੀ ਮਹੰਤ ਜੀ ਉਸ ਨਾਲ ਸਹਿਮਤ ਨਹੀਂ ਸਨ। ਭੇਖ ਵਿਚ ਵੀ ਵਿਵਾਦ ਪੈਦਾ ਹੋਇਆ।[੧] ੨੩ ਨਵੰਬਰ ੧੯੦੪ ਈ: ਵਿਚ ਇਸ ਕਮੇਟੀ ਵਿਚ ਹੇਠ ਲਿਖੇ ਮੁਖੀਏ ਮਹੰਤ ਅਤੇ ਮੁਕਾਮੀ ਕਾਰਕੁਨਾਂ ਦੀ ਚੋਣ ਕੀਤੀ ਗਈ ਸੀ।

| ਨਾਮ | ਗੁਰੂ ਦਾ ਨਾਂ | ਅਹੁਦਾ ਮੁਕਾਮ |
|---|---|---|
| ਮਹੰਤ ਜਵਾਲਾ ਸਿੰਘ (ਲਿਧੜਾਂ) | ਸੰਤ ਪਰਸ਼ੋਤਮ ਸਿੰਘ ਜੀ | ਮੁਖੀਏ ਰਮਤ |
| ਮ: ਨਿਹਾਲ ਸਿੰਘ ਸਿੰਘ (ਬਰਨਾਲਾ) | ਮਹੰਤ ਆਤਮਾ ਸਿੰਘ ਜੀ | ਮੁਖੀਏ ਰਮਤ |
| ਮਹੰਤ ਮੇਹਰ ਸਿੰਘ ਜੀ | ਸੰਤ ਮੋਹਰ ਸਿੰਘ ਜੀ | ਮੁਖੀਏ ਰਮਤ |
| ਮ: ਹਰਦਿਤ ਸਿੰਘ ਜੀ (ਚੀਮਾ) | ਮ: ਬੂਟਾ ਸਿੰਘ ਜੀ | ਮੁਖੀਏ ਰਮਤ |
| ਪੰ: ਜੀਵਨ ਸਿੰਘ ਜੀ (ਲਾਹੌਰ) | ਸੰਤ ਲਾਲ ਸਿੰਘ ਜੀ ਹੋਤੀ | ਮੁਖੀਏ ਰਮਤ |
| ਮ: ਬੁਢਾ ਸਿੰਘ ਜੀ (ਰਿਸ਼ੀਕੇਸ਼) | ਬਾਬਾ ਧਰਮ ਸਿੰਘ ਜੀ | ਮੁਖੀਏ ਰਮਤ |
| ਮ: ਹੀਰਾ ਸਿੰਘ ਜੀ | ਸੰਤ ਨਰੈਣ ਸਿੰਘ ਜੀ | ਮਹੰਤ ਪ੍ਰਯਾਗਰਾਜ |
| ਮ: ਪ੍ਰੀਤਮ ਸਿੰਘ ਜੀ | ਸੰਤ ਕਰਤਾਰ ਸਿੰਘ ਜੀ | ਕੁਠਾਰੀ ਪ੍ਰਯਾਗਰਾਜ |
| ਮ: ਲਾਲ ਸਿੰਘ ਜੀ | ਸੰਤ ਮੋਨੀ ਜੀ ਖਾਰਾ ਬਰਨਾਲਾ | ਕੁਠਾਰੀ ਪ੍ਰਯਾਗਰਾਜ |
| ਮ: ਚੇਤ ਸਿੰਘ ਜੀ (ਸੁਹਾਵਾ) | ਮ: ਲਾਲ ਸਿੰਘ ਜੀ | ਮਹੰਤ ਪਟਿਆਲਾ |

*੧. ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਹਰੀਕਿਆਂ ਦੇ ਸਮੇਂ ਵਿਚ ਸਾਰੇ ਭੇਖ ਦੀ ਸੰਮਤੀ ਨਾਲ ਸੰਨ ੧੯੧੪ ਈ: ਨੂੰ ਸੋਧ ਕਰਕੇ, ਨਵੀਂ ਕਮੇਟੀ ਬਣਾਈ ਗਈ ਸੀ ਜਿਸ ਨੂੰ ਸਾਰੇ ਨਿਰਮਲ ਭੇਖ ਨੇ ਪਰਵਾਨ ਕੀਤਾ ਸੀ।*

| | | |
|---|---|---|
| ਇੰਦਰ ਸਿੰਘ ਜੀ | ਰਾਏ ਹਰੀ ਜੀ | ਕੁਠਾਰੀ ਪਟਿਆਲਾ |
| ਮੁ: ਸੁਧਾ ਸਿੰਘ ਜੀ | ਮ: ਗੁਰਮੁਖ ਸਿੰਘ ਜੀ | ਮਹੰਤ ਕਨਖਲ |
| ਗਿਆਨ ਸਿੰਘ ਜੀ | ਮ: ਜੱਸਾ ਸਿੰਘ ਜੀ | ਕਾਰਬਾਰੀ ਕਨਖਲ |
| ਬੀਰ ਸਿੰਘ ਜੀ | ਮ: ਗੁਲਾਬ ਸਿੰਘ ਜੀ | ਮਹੰਤ ਸੰਗਰੂਰ |
| ਹਰਨਾਮ ਸਿੰਘ ਜੀ | ਮ: ਚੰਦਾ ਸਿੰਘ ਜੀ | ਮਹੰਤ ਫਰੀਦਕੋਟ |
| ਸਰੂਪ ਸਿੰਘ ਜੀ | ਸੰਤ ਮਈਆ ਸਿੰਘ ਜੀ | ਮਹੰਤ ਸੰਗਤ ਕਾਸ਼ੀ |
| ਮੇਹਰ ਸਿੰਘ ਜੀ | ਮ: ਹਰੀ ਸਿੰਘ ਜੀ | ਮ: ਨਾਸਿਕ ਤ੍ਰਿਬੰਕੇਸ਼੍ਵਰ |
| ਪ੍ਰਤਾਪ ਸਿੰਘ ਜੀ | ਸੰਤ ਦੀਵਾਨ ਸਿੰਘ ਜੀ | ਕੁਠਾਰੀ ਨਾ. ਤ੍ਰਿਬੰਕੇਸ਼੍ਵਰ |
| ਮੇਹਰ ਸਿੰਘ ਜੀ | ਮ: ਗੋਪਾਲ ਸਿੰਘ ਜੀ | ਮਹੰਤ ਕੁਰੂਕਸ਼ੇਤ੍ਰ |
| ਈਸ਼ਰ ਸਿੰਘ ਜੀ | ਮ: ਵਸਾਵਾ ਸਿੰਘ ਜੀ | ਕੁਠਾਰੀ ਕੁਰੂਕਸ਼ੇਤ੍ਰ |
| ਵਸਾਵਾ ਸਿੰਘ ਜੀ | ਮ: ਹਰਿਦਆਲ ਸਿੰਘ ਜੀ | ਮਹੰਤ ਰਿਸ਼ੀਕੇਸ਼ |
| ਸੰਤੋਖ ਸਿੰਘ ਜੀ | ਮ: ਸੁੰਦਰ ਸਿੰਘ ਜੀ | ਮਹੰਤ ਨਾਭਾ |
| ਸ਼ਾਮ ਸਿੰਘ ਜੀ | ਮ: ਦੂਲਾ ਸਿੰਘ ਜੀ | ਮਹੰਤ ਉਜੈਨ |
| ਬਦਨ ਸਿੰਘ ਜੀ | ਮ: ਧਰਮ ਸਿੰਘ ਜੀ | ਮਹੰਤ ਕੇਸਰੀ |
| ਕਾਲਾ ਸਿੰਘ ਜੀ | ਮ: ਲਾਲ ਸਿੰਘ ਜੀ | ਮਹੰਤ ਛਛਰੌਲੀ |

ਸੰਮਤ ੧੯੬੨ ਬਿ: (੧੯੦੫ ਈ:) ਵਿਚ ਪ੍ਰਯਾਗਰਾਜ ਦਾ ਕੁੰਭ ਪਰਵ ਆ ਗਿਆ ਜਿਸ ਦੇ ਪ੍ਰਬੰਧ ਵਾਸਤੇ ਕਾਰਕੁਨਾਂ ਸਮੇਤ ਸ੍ਰੀ ਮਹੰਤ ਜੀ ਮਹਾਰਾਜ ਪਹਿਲੇ ਪੁਜ ਗਏ ਸਨ। ਇਸ ਵੇਲੇ ਆਪ ਜੀ ਦੀ ਆਯੂ ੬੫ ਵਰਸ਼ ਹੋ ਗਈ ਸੀ। ਸਰੀਰ ਕੁਝ ਬੀਮਾਰ ਰਹਿਣ ਲਗ ਪਿਆ ਸੀ। ਕੁੰਭ ਦੇ ਆਰੰਭ ਹੋਣ ਤੋਂ ਦਸ ਦਿਨ ਪਹਿਲਾਂ ੨੦ ਪੋਹ ਨੂੰ ਆਪ ਜੀ ਸਚਖੰਡ ਸਿਧਾਰ ਗਏ ਜਿਸ ਨਾਲ ਸਾਰੇ ਨਿਰਮਲ ਭੇਖ ਵਿਚ ਸ਼ੋਕ ਦੀ ਲਹਿਰ ਫੈਲ ਗਈ। ਆਪ ਜੀ ਦੀ ਅਚਾਨਕ ਮ੍ਰਿਤੂ ਤੇ ਖਟ ਦਰਸ਼ਨ ਸਾਧੂ ਸਮਾਜ ਨੇ ਵੀ ਦੁਖ ਮਨਾਇਆ। ਸੰਨਿਆਸੀ, ਉਦਾਸੀ, ਮਹਾਂਮੰਡਲੇਸ਼੍ਵਰ, ਵਿਦਵਾਨ ਇਹ ਕਹਿਕੇ ਸ਼ੋਕ ਕਰ ਰਹੇ ਸਨ ਕਿ, 'ਨਿਰਮਲ ਭੇਖ ਵਿਚੋਂ ਗਿਆਨ ਦਾ ਸੂਰਜ ਅਲੋਪ ਹੋ ਗਿਆ।' 'ਨਿਰਮਲ ਭੇਖ ਦਾ ਵਿਦਿਆ ਮਾਰਤੰਡ ਚਲਾ ਗਿਆ।' 'ਵਿਦਿਆ ਮੁਕਟਮਣੀ ਅਲੋਪ ਹੋ ਗਿਆ।' "ਭਾਰਤ ਦਾ ਨਯਾਯ ਗੌਤਮ" ਬ੍ਰਹਮਲੀਨ ਹੋ ਗਿਆ। ਆਦਿ ਵਾਕਾਂ ਦੁਆਰਾ ਸ਼ਰਧਾਂਜਲੀ ਸਮਰਪਣ ਕਰ ਰਹੇ ਸਨ। ਆਪ ਜੀ ਦੇ ਪਾਠ ਦਾ ਭੋਗ ਸਤ੍ਰਾਰੀ ਤੇ ਪਾਇਆ ਗਿਆ। ਪੂਜਯ ਸ੍ਰੀ ਮਹੰਤ ਜੀ ਦੀ ਅੰਤਮ ਅਰਦਾਸ ਤੇ ਕੁੰਭ ਮੇਲਾ ਹੋਣ ਕਰਕੇ ਸਾਰਾ ਨਿਰਮਲ ਭੇਖ ਇਕੱਤਰ ਹੋਇਆ ਸੀ। ਇਸ ਵਾਸਤੇ ੪ ਮਾਘ ਨੂੰ ਸਾਰੇ ਭੇਖ ਦੀ ਮੁੜ ਇਕੱਤ੍ਰਤਾ ਹੋਈ ਜਿਸ ਵਿਚ ਸ੍ਰੀਮਾਨ ਪੰਡਿਤ ਸਾਧੂ ਸਿੰਘ ਜੀ ਪਟਿਆਲੇ ਵਾਲੇ 'ਸ੍ਰੀ ਮਹੰਤ' ਚੁਣੇ ਗਏ।

ਸ੍ਰੀਮਾਨ ੧੦੮ ਪੰਡਿਤ ਊਧਵ ਸਿੰਘ ਜੀ ਨਯਾਯਕ ਸੰਨ ੧੮੯੬ ਤੋਂ ੧੯੦੫ ਈ: ਤਕ ੯ ਸਾਲ 'ਸ੍ਰੀ ਮਹੰਤ' ਰਹੇ। ਕੁਲ ਆਯੂ ੬੪ ਵਰਸ਼ ਸੀ।

## ਚੌਥੇ ਸ੍ਰੀ ਮਹੰਤ

# ਸ੍ਰੀਮਾਨ ੧੦੮ ਪੰਡਿਤ ਸਾਧੂ ਸਿੰਘ ਜੀ ਪਟਿਆਲੇ ਵਾਲੇ

ਪੰਡਿਤ ਸਾਧੂ ਸਿੰਘ ਜੀ ਦਾ ਜਨਮ ਪਿਤਾ ਸ੍ਰ: ਸੋਭਾ ਸਿੰਘ, ਮਾਤਾ ਸ਼੍ਰੀ ਦੇਵੀ ਜੀ ਦੇ ਘਰ ਪਿੰਡ ਸਰਲੀਆਂ ਕਲ੍ਹਾਂ ਜ਼ਿਲਾ ਅੰਮ੍ਰਿਤਸਰ ਵਿਖੇ ਸੰਮਤ ੧੮੯੮ (੧੮੪੧ ਈ:) ਵਿਚ ਹੋਇਆ। ਆਪ ਜੀ ਨੂੰ ਸਤਿਸੰਗ ਦਾ ਪ੍ਰੇਮ ਛੋਟੀ ਅਵਸਥਾ ਤੋਂ ਲਗ ਗਿਆ ਸੀ। ੧੬ ਸਾਲ ਦੀ ਆਯੂ ਵਿਚ ਤਾਂ ਘਰ ਦਾ ਤਿਆਗ ਕਰ ਦਿਤਾ ਸੀ। ਗ੍ਰਿਵੜੀ ਆਸ਼੍ਰਮ ਪਿੰਡ ਕੁਨਾਲਾ ਜ਼ਿਲਾ ਹੁਸ਼ਿਆਰਪੁਰ ਵਿਖੇ ਪੁਜਕੇ ਪੰਡਿਤ ਗੁਲਾਬ ਸਿੰਘ ਜੀ ਦੇ ਸ਼ਿਸ਼ ਬਣ ਚੁਕੇ ਸਨ। ਡੇਰੇ ਵਿਚ ਸਾਧ ਸੰਗਤ ਦੀ ਸੇਵਾ ਕਰਨੀ ਅਤੇ ਵਿਦਿਆ ਪੜ੍ਹਨੀ ਆਪ ਜੀ ਦੇ ਦੋ ਹੀ ਕੰਮ ਸਨ।

੧੨ ਵਰਸ਼ ਡੇਰੇ ਵਿਚ ਸੇਵਾ ਕਰਕੇ ਭਾਸ਼ਾ ਦੇ ਅਨੇਕ ਗ੍ਰੰਥ ਪੜ੍ਹੇ। ਇਥੋਂ ਤਰਨ ਤਾਰਨ ਜਾਕੇ ਗੁਰਮਤਿ ਦਾ ਉੱਚ ਅਧਿਐਨ ਕੀਤਾ ਅਤੇ ਨਾਲ ਹੀ ਸੰਸਕ੍ਰਿਤ ਵੀ ਪੜ੍ਹਦੇ ਰਹੇ। ਗੁਰਬਾਣੀ, ਗੁਰ-ਇਤਿਹਾਸ ਦਾ ਦੀਰਘੁ ਅਭਿਆਸ ਕੀਤਾ। ਗੁਰਮਤਿ ਸਬੰਧੀ ਬਹੁਤ ਸਾਰੇ ਲੇਖ ਲਿਖੇ। ਕਾਫੀ ਸਮਾਂ 'ਨਿਰਮਲ ਰਮਤ ਅਖਾੜੇ' ਦੇ ਮੁਖੀਏ ਬਣਕੇ ਰਮਤ ਅਖਾੜਾ ਵੀ ਫੇਰਦੇ ਰਹੇ। ਇਸ ਸਮੇਂ ਅਨੇਕ ਪਦ-ਪਦਾਰਥਾਂ ਦਾ ਪ੍ਰਯੋਗ ਕਰਦੇ ਸਨ। ਪ੍ਰਮਾਣ/ ਦ੍ਰਿਸ਼ਟਾਂਤ ਬਾ-ਦਲੀਲ ਹੁੰਦੇ ਸਨ। ਸ਼ੈਲੀ ਗੰਭੀਰ ਤੇ ਰਸ ਪੂਰਣ ਹੁੰਦੀ ਸੀ। ਵਿਆਖਿਆ ਦਾ ਅਕਹਿ ਪ੍ਰਭਾਵ ਪੈਂਦਾ ਸੀ। ਇਸ ਸਮੇਂ ਸੈਂਕੜੇ ਲੋਕ ਗੁਰਮਤਿ ਦੇ ਧਾਰਨੀ ਬਣੇ, ਸੈਂਕੜਿਆਂ ਨੇ ਅੰਮ੍ਰਿਤਪਾਨ ਕੀਤਾ। ਸੈਂਕੜਿਆਂ ਨੇ ਸ਼ਰਾਬ, ਮਾਸ, ਤੰਬਾਕੂ ਦਾ ਪਰਿਤਿਆਗ ਕੀਤਾ। ਆਪ ਜੀ ਦੀ ਰਹਿਣੀ ਬਹਿਣੀ, ਆਚਰਨ, ਵਿਅਕਤੀਤ੍ਵ ਦਾ ਅਕਹਿ ਪ੍ਰਭਾਵ ਪੈਂਦਾ ਸੀ।

ਕੁਝ ਸਮੇਂ ਤੋਂ ਬਾਅਦ ਰਮਤ ਅਖਾੜੇ ਦੀ ਸੇਵਾ ਛਡਕੇ ਪਟਿਆਲੇ ਆਪਣੇ ਗੁਰਭਾਈ ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਕੋਲ 'ਧਰਮਗੜ੍ਹ' ਕੋਠੀ ਵਿਚ ਚਲੇ ਗਏ। ਨਰੋਤਮ ਜੀ ਦੇ ਸੰਪਰਕ ਨਾਲ ਆਪ ਜੀ ਦਾ ਵੀ ਰਾਜ-ਦਰਬਾਰ ਵਿਚ ਪਰਿਚਯ ਹੋ ਗਿਆ। ਗੁਰਬਾਣੀ ਦੀ ਕਥਾ/ਵਿਆਖਿਆਨ ਸ਼ਰਵਨ ਕਰਕੇ ਮਹਾਰਾਜਾ ਮਹਿੰਦਰ ਸਿੰਘ ਜੀ ਅਤੇ ਅਨ੍ਯ ਰਾਜ ਅਧਿਕਾਰੀ ਪਰਮ ਪ੍ਰਸੰਨ ਹੋਏ। ਰਾਜ ਦਰਬਾਰ ਵਿਚ ਨਰੋਤਮ ਜੀ ਵਾਲੇ ਸਾਰੇ ਸਨਮਾਨ/ਵਿਧਾਨ (ਰਸਦ ਆਦਿਕ) ਆਪ ਜੀ ਨੂੰ ਦੇ ਦਿਤੇ ਗਏ। ਆਪ ਜੀ ਵਾਸਤੇ ਬਹੇੜਾ ਰੋਡ ਕੋਲ ਵਿਸ਼ੇਸ਼ ਸਥਾਨ ਬਣਾਕੇ ਦਿਤਾ ਗਿਆ ਜਿਸ ਉਤੇ ਉਸ ਵੇਲੇ ਮਹਾਰਾਜਾ ਪਟਿਆਲਾ ਪਤੀ ਦਾ ੧੧੦੧੧।-) ਰੁਪਿਆ ਖਰਚ ਹੋਇਆ ਸੀ। ਹੁਣ ਇਸ ਸਥਾਨ ਦਾ ਨਾਉਂ 'ਮਹੰਤ ਸਾਧੂ ਸਿੰਘ ਵਾਲਾ ਡੇਰਾ' ਪ੍ਰਸਿੱਧ ਹੈ।

ਇਸ ਏਕਾਂਤ ਸਥਾਨ ਵਿਚ ਨਿਵਾਸ ਕਰਕੇ ਆਪ ਜੀ ਨੇ ਗੁਰਮਤਿ ਦੇ ਕਈ ਦਾਰਸ਼ਨਿਕ (ਆਕਰ) ਗ੍ਰੰਥਾਂ ਦੀ ਰਚਨਾ ਕੀਤੀ।

ਡੇਰੇ ਵਿਚ ਆਏ ਸਮੂੰਹ ਸੰਤਾਂ, ਮਹੰਤਾਂ, ਮਹਾਂਪੁਰਖਾਂ ਦੀ ਸੇਵਾ ਕਰਕੇ ਪ੍ਰਸੰਨ ਹੁੰਦੇ ਸਨ। ਆਮ ਗੱਲਾਂ ਬਾਤਾਂ ਵਿਚ ਵਾਧੂ ਸਮਾਂ ਖਰਚ ਨਹੀਂ ਕਰਦੇ ਸਨ। ਕੇਵਲ ਲਿਖਣ/ਪੜ੍ਹਨ ਅਤੇ ਸਿਮਰਨ ਵਿਚ ਲੱਗੇ ਰਹਿੰਦੇ ਸਨ।

ਪ੍ਰਯਾਗਰਾਜ ਦੇ ਕੁੰਭ ਮੇਲੇ ਵਿਚ ੨੦ ਪੋਹ ੧੯੬੨ (੧੯੦੫ ਈ:) ਨੂੰ ਪੂਜਯ ਸ੍ਰੀ ਮਹੰਤ ਪੰਡਿਤ ਊਧਵ ਸਿੰਘ ਜੀ ਗੁਰਪੁਰੀ ਸਿਧਾਰ ਗਏ। ਉਨ੍ਹਾਂ ਦੀ ਸਤ੍ਹਾਰੀ ਦੇ ਭੋਗ ਤੋਂ ਬਾਅਦ ਨਿਰਮਲ ਭੇਖ ਨੇ ੪ ਮਾਘ ਸੰਮਤ ੧੯੬੨ ਨੂੰ ਆਪ ਜੀ ਨੂੰ 'ਸ੍ਰੀ ਮਹੰਤ' ਚੁਣ ਲਿਆ। ਬ੍ਰਿਧ ਅਵਸਥਾ ਹੋਣ ਕਰਕੇ ਆਪ ਜੀ ਨੇ ਕਾਫੀ ਇਨਕਾਰ ਵੀ ਕੀਤਾ, ਪਰ ਆਪ ਜੀ ਦੀ ਸਹਾਇਤਾ ਵਾਸਤੇ ਮਹੰਤ ਨਿਹਾਲ ਸਿੰਘ ਜੀ ਪਟਿਆਲਾ ਅਤੇ ਮਹੰਤ ਮਿਹਰ ਸਿੰਘ ਜੀ ਨੂੰ ਸਹਾਇਕ ਨਿਯਤ ਕੀਤਾ ਗਿਆ। ਪ੍ਰਯਾਗਰਾਜ ਦਾ ਕੁੰਭ ਮੇਲਾ ਧੂਮ-ਧਾਮ ਨਾਲ ਮਨਾਇਆ। ਸਮਾਪਤੀ ਤੇ ਆਪ ਅਖਾੜੇ ਦੇ ਕੇਂਦਰ ਕਨਖਲ (ਹਰਿਦ੍ਵਾਰ) ਪੁਜ ਗਏ। ਪਟਿਆਲੇ ਡੇਰੇ ਆਪਣੇ ਸ਼ਿਸ਼ ਮਹੰਤ ਮੋਹਰ ਸਿੰਘ ਜੀ ਨੂੰ ਭੇਜ ਦਿਤਾ। ਸਹਾਇਕਾਂ ਅਤੇ ਅਨਯ ਕਰਮਚਾਰੀਆਂ ਨਾਲ ਮਿਲਕੇ ਅਖਾੜੇ ਦਾ ਪ੍ਰਬੰਧ ਕਰਦੇ ਰਹੇ।

ਸੰਮਤ ੧੯੬੪ (੧੯੦੭ ਈ:) ਵਿਚ ਆਪ ਪਟਿਆਲੇ ਆਏ ਜਿਥੇ ਕੁਝ ਦਿਨ ਬੀਮਾਰ ਰਹਿਕੇ ਮਾਘ ਵਦੀ ੧੫ ਸੰਮਤ ੧੯੬੪ ਬਿ: (੨ ਫਰਵਰੀ ੧੯੦੮ ਈ:) ਨੂੰ ਗੁਰਪੁਰੀ ਸਿਧਾਰ ਗਏ। ਸਤ੍ਹਾਰੀ ਦਾ ਭੋਗ ਪਟਿਆਲੇ ਵਿਚ ਹੀ ਪਾਇਆ ਗਿਆ।

ਆਪ ਗੁਰਮਤਿ, ਗੁਰਬਾਣੀ ਦੇ ਮਹਾਨ ਵਿਦਵਾਨ ਸਨ। ਏਕਾਂਤ ਰਹਿਣ ਵਾਲੇ ਸਨ। ਘੱਟ ਬੋਲਦੇ ਸਨ। ਸੱਤਿ-ਸੰਤੋਖ, ਸ਼ਾਂਤੀ, ਨਿਮ੍ਰਤਾ, ਗੰਭੀਰਤਾ ਆਦਿ ਗੁਣਾਂ ਦੇ ਧਾਰਨੀ ਸਨ। ਪਰਉਪਕਾਰੀ, ਸੇਵਾ ਦੀ ਭਾਵਨਾ ਵਾਲੇ ਸਨ। ਮਹਾਨ ਲੈਕਚਰਾਰ, ਕਥਾ ਵਾਚਕ, ਲੇਖਕ ਅਤੇ ਖੋਜੀ ਸਨ। ਆਪ ਜੀ ਦੇ ਲਿਖੇ ਗ੍ਰੰਥਾਂ ਦਾ ਅਧਿਐਨ ਕਰਨ ਨਾਲ ਗੁਰਮਤਿ ਗੁਹਝ ਦੇ ਅਨੇਕਾਂ ਰਹਸਯ ਖੁਲਦੇ ਹਨ।

ਆਪ ਜੀ ਦੇ ਸਚਖੰਡ ਚਲੇ ਜਾਣ ਤੋਂ ਮਗਰੋਂ ੮-੯ ਮਹੀਨੇ ਦੋਨੋਂ ਸਹਾਇਕ (ਮਹੰਤ ਨਿਹਾਲ ਸਿੰਘ ਜੀ ਅਤੇ ਮਹੰਤ ਮਿਹਰ ਸਿੰਘ ਜੀ) ਅਖਾੜੇ ਦਾ ਪ੍ਰਬੰਧ ਕਰਦੇ ਰਹੇ ਸਨ ਪਰ ੧੯੬੫ ਬਿ: (੧੯੦੮ ਈ:) ਵਿਚ ਤ੍ਰਿਯੰਬਕੇਸ਼੍ਵਰ (ਨਾਸਿਕ) ਗੋਦਾਵਰੀ ਦੇ ਕੁੰਭ ਮੇਲੇ ਦੇ ਆਉਣ ਕਰਕੇ 'ਸ੍ਰੀ ਮਹੰਤ' ਦੀ ਚੋਣ ਵਾਸਤੇ ਭੇਖ ਦਾ ਇਕੱਠ ਹੋਇਆ ਜਿਸ ਵਿਚ ਦੀਰਘੁ ਵਿਚਾਰ ਤੋਂ ਉਪਰੰਤ ਸ੍ਰੀਮਾਨ ਪੰਡਿਤ ਰਾਮ ਸਿੰਘ ਜੀ ਹਰੀਕੇ ਵਾਲੇ 'ਸ੍ਰੀ ਮਹੰਤ' ਸਥਾਪਨ ਕੀਤੇ ਗਏ।

ਸ੍ਰੀਮਾਨ ੧੦੮ ਪੰਡਿਤ ਸਾਧੂ ਸਿੰਘ ਜੀ ਸੰਨ ੧੯੦੫ ਈ: ਤੋਂ ੧੯੦੮ ਈ: ਤਕ ੩ ਸਾਲ ਸ੍ਰੀ ਮਹੰਤ ਰਹੇ। ਕੁਲ ਆਯੂ ੬੮ ਵਰਸ਼ ਸੀ।

## ਪੰਜਵੇਂ ਸ੍ਰੀ ਮਹੰਤ

# ਸ੍ਰੀਮਾਨ ੧੦੮ ਪੰਡਿਤ ਰਾਮ ਸਿੰਘ ਜੀ ਹਰੀਕੇ ਵਾਲੇ

ਪੰਡਿਤ ਰਾਮ ਸਿੰਘ ਜੀ ਦਾ ਜਨਮ ਪਿੰਡ ਹਰੀਕੇ ਜ਼ਿਲਾ ਮੁਕਤਿਸਰ ਵਿਖੇ ਪ੍ਰਤਿਸ਼ਠਤ ਜੱਟ ਸਿਖ ਪਰਿਵਾਰ ਵਿਚ ਸੰਮਤ ੧੯੧੮ ਬਿ. (ਸੰਨ ੧੮੬੧ ਈ:) ਨੂੰ ਹੋਇਆ। ਬਚਪਨ ਘਰ ਵਿਚ ਹੀ ਗੁਜ਼ਾਰਿਆ। ਛੇਤੀ ਹੀ ਪਿੰਡ ਦੇ ਡੇਰੇ ਸੰਤ ਮਸਤਾਨ ਸਿੰਘ ਜੀ ਦੇ ਚਰਨਾਂ ਵਿਚ ਪੁਜਕੇ ਸੇਵਾ ਕਰਦੇ, ਪੜ੍ਹਦੇ ਰਹੇ ਅਤੇ ਸ਼ਿਸ਼ ਬਣ ਗਏ। ਪਿੰਡ ਵਿਚ ਰਹਿੰਦੇ ਹੋਏ ਵੀ ਘਰ ਤੋਂ ਉਪਰਾਮ ਹੋ ਗਏ। ਬਸ ਸੇਵਾ, ਸਿਮਰਨ ਤੇ ਪੜ੍ਹਾਈ ਤੋਂ ਬਿਨਾਂ ਹੋਰ ਕਿਸੇ ਪਾਸੇ ਰੁਚੀ ਨਹੀਂ ਸੀ। ਗੁਰਬਾਣੀ, ਗੁਰਇਤਿਹਾਸ ਦਾ ਵੀ ਅਧਿਐਨ ਕਰ ਲਿਆ। ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਭਾਸ਼ਾ ਦੇ ਮੁਢਲੇ ਵੇਦਾਂਤ, ਨੀਤੀ ਦੇ ਗ੍ਰੰਥ ਪੜ੍ਹ ਲਏ। ਆਪ ਜੀ ਦੀ ਵਿਵੇਕ ਬੁਧੀ ਵੇਖਕੇ ਮਹਾਂਪੁਰਖਾਂ ਨੇ ਆਪ ਜੀ ਨੂੰ ਸੰਸਕ੍ਰਿਤ ਪੜ੍ਹਨ ਦੇ ਵਾਸਤੇ ਕਾਸ਼ੀ ਭੇਜ ਦਿਤਾ। ਕਾਸ਼ੀ ਵਿਚ ਆਪ ਜੀ ਨੇ ਮਨ ਲਾਕੇ ਪੜ੍ਹਿਆ ਅਤੇ ਅਜੇਹਾ ਅਭਿਆਸ ਕੀਤਾ, ਕਾਸ਼ੀ ਦੇ ਪ੍ਰਸਿਧ ਪੰਡਿਤਾਂ ਵਿਚ ਮੰਨੇ ਗਏ। ਕਾਸ਼ੀ ਵਿਚ ਰਹਿਕੇ ਵਿਦਿਆਰਥੀਆਂ ਨੂੰ ਪੜ੍ਹਾਉਣ ਲਗ ਪਏ। ਆਪ ਜੀ ਤੋਂ ਸੰਨਿਆਸੀ, ਉਦਾਸੀ, ਦਾਦੂ ਪੰਥੀ ਅਤੇ ਬ੍ਰਾਹਮਣ ਆਦਿਕ ਸਭ ਸ਼੍ਰੇਣੀਆਂ ਦੇ ਵਿਦਿਆਰਥੀ ਵਿਦਿਆ ਪ੍ਰਾਪਤ ਕਰਦੇ ਸਨ।

ਪਿਛੋਂ ਪਿੰਡ ਹਰੀਕੇ ਡੇਰੇ ਆਪ ਜੀ ਦੇ ਗੁਰੂਦੇਵ ਸੰਤ ਮਸਤਾਨ ਸਿੰਘ ਜੀ ਆਪਣੇ ਗੁਰਭਾਈ ਸੰਤ ਗੁਰਮੁਖ ਸਿੰਘ ਜੀ ਨੂੰ ਡੇਰੇ ਦਾ ਪ੍ਰਬੰਧ ਸੰਭਾਲਕੇ ਸੱਚਖੰਡ ਸਿਧਾਰ ਗਏ। ਪਤਾ ਲੱਗਣ ਤੇ ਆਪ ਹਰੀਕੇ ਆਏ ਤਾਂ ਆਪ ਜੀ ਦੇ ਚਾਚਾ ਗੁਰੂ ਸੰਤ ਗੁਰਮੁਖ ਸਿੰਘ ਜੀ ਨੇ ਪ੍ਰਸੰਨਤਾ ਪੂਰਬਕ ਆਪ ਜੀ ਦਾ ਸ੍ਵਾਗਤ ਕੀਤਾ। ਸੰਤ ਮਸਤਾਨ ਸਿੰਘ ਦੇ ਸ਼ੋਕ/ਵੈਰਾਗ ਵਿਚ ਬਚਨ-ਬਿਲਾਸ ਕਰਦੇ ਰਹੇ। ਕੁਝ ਦਿਨ ਬਾਅਦ ਆਪ ਜੀ ਦੇ ਚਾਚਾ ਗੁਰੂ ਸੰਤ ਗੁਰਮੁਖ ਸਿੰਘ ਜੀ ਨੇ ਆਪਣੇ ਗੁਰਭਾਈ ਸੰਤ ਮਸਤਾਨ ਸਿੰਘ ਜੀ ਦੀ ਇੱਛਾ ਅਨੁਸਾਰ ਆਪ ਜੀ ਨੂੰ ਡੇਰੇ ਦੀ ਮਹੰਤੀ ਦੀ ਪੱਗ ਦੇ ਦਿੱਤੀ ਪਰ ਆਪ ਜੀ ਨੇ ਆਪਣੇ ਚਾਚਾ ਗੁਰੂ ਦੀ ਹਾਜ਼ਿਰੀ ਵਿਚ ਡੇਰੇ ਦਾ ਮਹੰਤ ਬਣਨਾ ਯੋਗ ਨਹੀਂ ਸਮਝਿਆ। ਡੇਰਾ ਸੰਤ ਗੁਰਮੁਖ ਸਿੰਘ ਜੀ ਨੂੰ ਸੰਭਾਲਕੇ ਆਪ ਪਿੰਡ ਤੋਂ ਬਾਹਰ ਕੁਟੀਆ ਪਾਕੇ ਰਹਿਣ ਲਗੇ। ਆਪ ਜੀ ਕੋਲ ਅਨੇਕਾਂ ਸਾਧੂ, ਬ੍ਰਾਹਮਣ ਆਕੇ ਪੜ੍ਹਨ ਲਗੇ। ਆਪ ਸਭ ਨੂੰ ਪ੍ਰੇਮ/ਨਿਮ੍ਰਤਾ ਪੂਰਬਕ ਪੜ੍ਹਾਉਂਦੇ ਸਨ। ਲੰਗਰ, ਵਸਤਰ, ਪੁਸਤਕ ਸਭ ਨੂੰ ਕੋਲੋਂ ਹੀ ਦਿੰਦੇ ਸਨ। ਇਸ ਤਰ੍ਹਾਂ ਆਪ ਜੀ ਦਾ ਦੂਰ-ਦੂਰ ਤਕ ਜਸ ਹੋ ਰਿਹਾ ਸੀ।

ਸੰਮਤ ੧੯੬੫ (੧੯੦੮ ਈ:) ਵਿਚ ਤ੍ਰਿਯੰਬਕੇਸ਼੍ਵਰ (ਨਾਸਿਕ) ਦਾ ਕੁੰਭ ਪਰਵ ਆ ਗਿਆ। ਇਸ ਕੁੰਭ ਤੋਂ ਪਹਿਲਾਂ ਮਾਘ ੧੯੬੪ (੧੯੦੮ ਈ:) ਵਿਚ ਸ੍ਰੀ ਮਹੰਤ ਸ੍ਰੀਮਾਨ ਪੰਡਿਤ ਸਾਧੂ ਸਿੰਘ ਜੀ ਬੈਕੁੰਠ ਸਿਧਾਰ ਗਏ ਸਨ। ਸਾਰਾ ਭੇਖ ਤ੍ਰਿਯੰਬਕੇਸ਼੍ਵਰ ਕੁੰਭ ਮੇਲੇ ਤੇ ਇਕੱਠਾ ਹੋਇਆ। ਪ੍ਰਵੇਸ਼ ਸ਼ਾਹੀ ਤੋਂ ਪਹਿਲਾਂ ਸ੍ਰੀ ਮਹੰਤ ਦੀ ਚੋਣ ਕਰਨੀ ਜ਼ਰੂਰੀ ਸੀ। ਕਈ ਦਿਨ ਵਿਚਾਰਾਂ ਹੁੰਦੀਆਂ ਰਹੀਆਂ, ਅੰਤ ਸਾਰੇ ਭੇਖ ਦੀ ਨਿਗਾਹ ਆਪ ਜੀ ਤੇ ਗਈ।

ਇਕ ਉਚੇਚਾ ਸੰਤ ਭੇਜਕੇ ਆਪ ਜੀ ਨੂੰ ਨਾਸਿਕ ਬੁਲਾਇਆ ਗਿਆ। ਆਪ ਸਮੇਂ ਸਿਰ ਨਾਸਿਕ ਪੁਜ ਗਏ। ਆਪ ਜੀ ਦੇ ਨਾਉਂ ਦੀ ਪ੍ਰਵਾਨਗੀ ਤਾਂ ਪਹਿਲਾਂ ਹੀ ਹੋ ਚੁਕੀ ਸੀ, ਇਸ ਵਾਸਤੇ ਆਪ ਜੀ ਨੂੰ 'ਸ੍ਰੀ ਮਹੰਤ' ਦੀ ਪਦਵੀ ਤੇ ਵਿਭੂਸ਼ਤ ਕਰਕੇ ਰਣਸਿੰਘਿਆਂ ਅਤੇ ਜੈਕਾਰਿਆਂ ਦੀ ਗੂੰਜ ਵਿਚ ਪੱਗ ਦਿਤੀ ਗਈ। ਪ੍ਰਸਿਧ ਵਿਦਵਾਨ ਮਹੰਤ ਗਣੇਸ਼ਾ ਸਿੰਘ ਜੀ ਸਕੱਤਰ ਚੁਣੇ ਗਏ। ਤ੍ਰਿਯੰਬਕੇਸ਼੍ਵਰ (ਨਾਸਿਕ) ਦਾ ਕੁੰਭ ਮੇਲਾ ਬਹੁਤ ਹੀ ਉਤਸ਼ਾਹ ਤੇ ਪ੍ਰਸੰਨਤਾ ਨਾਲ ਮਨਾਇਆ ਗਿਆ। ਕੁੰਭ ਮੇਲਾ ਸਮਾਪਤ ਹੋਣ ਤੋਂ ਬਾਅਦ 'ਸ੍ਰੀ ਮਹੰਤ' ਜੀ ਮਹਾਰਾਜ ਕਨਖਲ (ਹਰਿਦ੍ਵਾਰ) ਆ ਗਏ।

ਜਦੋਂ ਆਪ ਜੀ ਕਨਖਲ ਅਖਾੜੇ ਦੇ ਸਦਰ ਮੁਕਾਮ ਵਿਚ ਪੁਜੇ ਤਾਂ ਹਰਿਦ੍ਵਾਰ ਵਿਚ ਪ੍ਰਸੰਨਤਾ ਦੀ ਲਹਿਰ ਦੌੜ ਗਈ। ਆਪ ਜੀ ਦੇ ਆਗਮਨ ਨਾਲ ਅਖਾੜੇ ਵਾਲੀ ਹਵੇਲੀ ਸੁਭਾਇਮਾਨ ਹੋ ਗਈ। ਕਨਖਲ, ਹਰਿਦ੍ਵਾਰ, ਜਵਾਲਾਪੁਰ ਆਦਿਕ ਸ਼ਹਿਰਾਂ ਦੇ ਚੌਧਰੀ ਤੇ ਅਨਜ ਪਤਿਵੰਤੇ ਅਨੇਕ ਤਰ੍ਹਾਂ ਦੀ ਭੇਟਾ ਸਹਿਤ ਚਰਨਾਂ ਵਿਚ ਹਾਜ਼ਿਰ ਹੋਏ। ਅਨੇਕ ਭੇਖਾਂ ਦੇ ਸਾਧੂ, ਸੰਤ, ਮਹੰਤ, ਮੰਡਲੇਸ਼੍ਵਰ, ਵਿਦਵਾਨ ਦਰਸ਼ਨ ਕਰਨ ਆਏ। ਆਪ ਜੀ ਦੀ ਚੋਣ ਤੇ ਸਾਰੇ ਹੀ ਪ੍ਰਸੰਨਤਾ ਪ੍ਰਗਟ ਹੋ ਰਹੀ ਸੀ।

ਅਖਾੜੇ ਦੇ ਕੇਂਦਰ ਵਿਚ ਪਹੁੰਚਕੇ ਆਪ ਜੀ ਨੇ ਪ੍ਰਬੰਧ ਵਲ ਧਿਆਨ ਦਿਤਾ। ਸਾਰੇ ਪ੍ਰਬੰਧ ਨੂੰ ਬੜੀ ਯੋਗਤਾ ਨਾਲ ਚਲਾਇਆ। ਆਪ ਜੀ ਨੇ ਅਖਾੜੇ ਦੀ ਸੰਪਤੀ ਵਿਚ ਮਹਾਨ ਵਾਧਾ ਕੀਤਾ। ਇਸ ਸਮੇਂ ਆਪ ਜੀ ਨੇ ਬਹਾਦਰਪੁਰ ਅਤੇ ਮਿਰਜ਼ਾਪੁਰ ਦੇ ਰਹਿੰਦੇ ਹਿੱਸੇ ਵੀ ਖਰੀਦੇ। ਰਾਏਪੁਰ ਦਾ ਹਿੱਸਾ ਵੀ ਮੁੱਲ ਲੈ ਲਿਆ। ਇਸ ਸਮੇਂ ਮਹੰਤ ਇੰਦਰ ਸਿੰਘ ਜੀ ਪੱਕੀ ਸੰਗਤ ਪ੍ਰਯਾਗਰਾਜ ਨੇ ਆਪਣੀ ਸਾਰੀ ਸੰਪਤੀ ੬ ਹਾੜ ੧੯੬੬ (੧੯ ਜੂਨ ੧੯੦੯) ਨੂੰ ਅਖਾੜੇ ਦੇ ਨਾਉਂ ਲਗਵਾ ਦਿਤੀ। ਸੰਮਤ ੧੯੬੮ (੧੯੧੨ ਈ:) ਵਿਚ ਕੜਛ ਦੀ ਜ਼ਮੀਨ ਵੀ ਖਰੀਦੀ ਗਈ।

ਸ੍ਰੀ ਮਹੰਤ ਪੰਡਿਤ ਊਧਵ ਸਿੰਘ ਨਯਾਯਕ ਜੀ ਦੇ ਜੀਵਨ ਸਮੇਂ ਵਿਚ ਪਾਠਕ ਪੜ੍ਹ ਆਏ ਹਨ ਕਿ ੨੩ ਨਵੰਬਰ ੧੯੦੪ ਈ: ਵਿਚ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਰਜਿਸਟਰਡ ਹੋਇਆ ਸੀ। ਉਸ ਸਮੇਂ ਕਈ ਤਰੁਟੀਆਂ ਰਹਿ ਗਈਆਂ ਸਨ ਜਿਵੇਂ ਸ੍ਰੀ ਮਹੰਤ ਦੀ ਪਦਵੀ ਦਾ ਜ਼ਿਕਰ ਨਾ ਹੋਣਾ, ਅਖਾੜੇ ਦਾ ਸਦਰ ਮੁਕਾਮ ਕਨਖਲ ਦੀ ਬਜਾਏ ਪ੍ਰਯਾਗਰਾਜ ਹੋਣਾ ਆਦਿ, ਜਿਸ ਕਰਕੇ ਭੇਖ ਵਿਚ ਕਈ ਤਰ੍ਹਾਂ ਦੇ ਸ਼ੰਕੇ/ਚਰਚੇ ਚਲ ਰਹੇ ਸਨ। ਇਹ ਮੈਮੋਰੰਡਮ ਠਾਕਰਾਂ ਦੇ ਡੇਰੇ ਸ੍ਰੀ ਅੰਮ੍ਰਿਤਸਰ ਵਿਚ ਲਿਖਿਆ ਗਿਆ ਸੀ ਜਿਸ ਉਤੇ ਲਾਲਾ ਜਗਤ ਨਾਰਾਇਣ ਅਤੇ ਲਾਲਾ ਸ਼ਾਮ ਦਾਸ ਮਿਉਂਸਪਿਲ ਕਮਿਸ਼ਨਰ ਦੇ ਹਸਤਾਖਰ ਸਨ।

ਜਦੋਂ ਪੰਡਿਤ ਰਾਮ ਸਿੰਘ ਜੀ ਹਰੀਕੇ ਵਾਲਿਆਂ ਨੂੰ 'ਸ੍ਰੀ ਮਹੰਤ' ਬਣਿਆ ੫-੬ ਮਹੀਨੇ ਹੋ ਗਏ ਤਾਂ ਚੇਤ੍ਰ ੧੯੬੬ (੪ ਅਪ੍ਰੈਲ ੧੯੦੯) ਨੂੰ ਨਿਰਮਲ ਭੇਖ ਨੇ ਇਕ ਮੁੱਖ ਸਮਿਤੀ (ਜਨਰਲ ਕਮੇਟੀ) ਚੁਣੀ ਜਿਸ ਵਿਚ ੧੩ ਮੈਂਬਰ (ਸੰਤ) ਲਏ ਗਏ। ੬ ਦਿਨਾਂ ਮਗਰੋਂ (੧੦ ਅਪ੍ਰੈਲ ੧੯੦੯) ਨੂੰ ਕੁਝ ਹੋਰ ਮੈਂਬਰ ਸ਼ਾਮਲ ਕਰਕੇ ਕੁਲ ੩੧ ਮੈਂਬਰ ਬਣਾਏ ਗਏ। ਇਸ ਕਮੇਟੀ ਦੇ ਪ੍ਰਧਾਨ ਮਹੰਤ ਬੁਢਾ ਸਿੰਘ ਜੀ ਰਿਸ਼ੀਕੇਸ਼ ਵਾਲਿਆਂ ਨੂੰ ਬਣਾਇਆ ਗਿਆ ਪਰ ਭੇਖ ਵਿਚ ੧੯੦੪ ਈ: ਵੇਲੇ ਤੋਂ ਹੀ ਭ੍ਰਾਂਤੀ ਪੈਦਾ ਹੋ ਗਈ ਸੀ ਜਿਸਦੇ ਕਾਰਨ ਗੁਪਤ ਵਾਦ-ਵਿਵਾਦ ਜਾਰੀ ਰਿਹਾ।

ਅੰਤ ਮਹੰਤ ਗਣੇਸ਼ਾ ਸਿੰਘ ਜੀ ਨੇ ਦੀਰਘੁ ਦ੍ਰਿਸ਼ਟੀ ਨਾਲ ਸੋਚ ਵਿਚਾਰ ਕਰਕੇ ੧੯੦੪ ਈ: ਵਾਲਾ ਮੈਮੋਰੰਡਮ ਅਤੇ ਉਪ੍ਰੋਕਤ ੩੧ ਮੈਂਬਰੀ ਕਮੇਟੀ ਦੀ ਸੋਧ ਕਰਕੇ ਸੰਮਤ ੧੯੭੧ (੩ ਦਸੰਬਰ ੧੯੧੪ ਈ:) ਨੂੰ

ਤਰਮੀਮਾਂ ਸਹਿਤ ਨਵਾਂ ਮੈਮੋਰੰਡਮ ਪ੍ਰਵਾਨ ਕਰਕੇ ਹੇਠ ਲਿਖੇ ਮਹੰਤਾਂ, ਸੰਤਾਂ ਦੀ ਮੁੱਖ ਸਮਿਤੀ (ਜਨਰਲ ਕਮੇਟੀ) ਬਣਾਈ ਜਿਸ ਨੂੰ ਸਾਰੇ ਭੇਖ ਵਲੋਂ ਪ੍ਰਵਾਨਗੀ ਦਿਤੀ ਗਈ :

| ਨਾਮ | ਗੁਰੂ ਦਾ ਨਾਮ | ਮੁਕਾਮ |
|---|---|---|
| ਮ: ਨਿਹਾਲ ਸਿੰਘ | ਮ: ਆਤਮਾ ਸਿੰਘ ਬਰਨਾਲਾ | (ਪਟਿਆਲਾ) |
| ਮ: ਮੇਹਰ ਸਿੰਘ | ਮ: ਤਾਰਾ ਸਿੰਘ ਮਾਂਗਟ | (ਗੁਜਰਾਤ) |
| ਮ: ਜਵਾਲਾ ਸਿੰਘ | ਮ: ਪ੍ਰਸ਼ੋਤਮ ਸਿੰਘ ਲਿਦੜ | (ਲਾਹੌਰ) |
| ਮ: ਰਤਨ ਸਿੰਘ | ਮ: ਮਿਸ਼ਰਾ ਸਿੰਘ ਲਛਮਨਸਰ | (ਅੰਮ੍ਰਿਤਸਰ) |
| ਪੰ: ਗੁਰਮੁਖ ਸਿੰਘ | ਮ: ਮੂਲ ਸਿੰਘ ਲੰਮੇ ਜਾਗੀਰ | (ਲਾਹੌਰ) |
| ਪੰ: ਬਸੰਤ ਸਿੰਘ | ਪੰ: ਦੀਵਾਨ ਸਿੰਘ ਠੀਕਰੀ ਵਾਲਾ | (ਬਰਨਾਲਾ) |
| ਮ: ਕਿਸ਼ਨ ਸਿੰਘ | ਠਾ: ਭਗਤ ਸਿੰਘ ਚੌਕ ਮੋਨੀ | (ਅੰਮ੍ਰਿਤਸਰ) |
| ਮ: ਹਰਦਿਤ ਸਿੰਘ | ਮ: ਰਾਮ ਸਿੰਘ ਸਭਰਾਏ | (ਲਾਹੌਰ) |
| ਮ: ਹਮੀਰ ਸਿੰਘ | ਮ: ਹੀਰਾ ਸਿੰਘ ਖੁੱਡਾ | (ਹੁਸ਼ਿਆਰਪੁਰ) |
| ਮ: ਮੋਹਰ ਸਿੰਘ | ਸ੍ਰੀ ਮ: ਸਾਧੂ ਸਿੰਘ ਮ: ਬਹੇੜਾ | (ਪਟਿਆਲਾ) |
| ਮ: ਨਰੈਣ ਸਿੰਘ | ਮ: ਦਿਆਲ ਸਿੰਘ ਨੀਲਪੁਰ | (ਪਟਿਆਲਾ) |
| ਮ: ਬੁਧ ਸਿੰਘ | ਮ: ਦੀਵਾਨ ਸਿੰਘ ਮੰਗਵਾਲ | (ਜੇਹਲਮ) |
| ਪੰ: ਹਰਭਜਨ ਸਿੰਘ | ਮ: ਬੁਧ ਸਿੰਘ ਨਿਰਮਲ ਛੇਤ੍ | (ਅੰਮ੍ਰਿਤਸਰ) |
| ਪੰ: ਦਯਾ ਸਿੰਘ | ਮ: ਮਲੂਕ ਸਿੰਘ ਉਗੋ | (ਪਟਿਆਲਾ) |
| ਮ: ਲਾਲ ਸਿੰਘ | ਮ: ਸੇਵਾ ਸਿੰਘ ਵਰਪਾਲ | (ਅੰਮ੍ਰਿਤਸਰ) |
| ਮ: ਜਵਾਲਾ ਸਿੰਘ | — | ਭਾਗੋਵਾਲ (ਹੁਸ਼ਿਆਰਪੁਰ) |
| ਮ: ਰਤਨ ਸਿੰਘ | ਮ: ਨਰਾਇਣ ਸਿੰਘ | ਚੇਤਨਮਠ ਕਾਂਸ਼ੀ |
| ਮ: ਰਘੁਬੀਰ ਸਿੰਘ | ਮ: ਜੈ ਰਾਮ ਸਿੰਘ | ਲਾਹੌਰੀ ਟੋਲਾ ਕਾਂਸ਼ੀ |
| ਮ: ਚੰਦਨ ਸਿੰਘ | ਮ: ਮਲੂਕ ਸਿੰਘ | ਬ੍ਰਹਮਕੁਟੀ ਕਾਂਸ਼ੀ |
| ਮ: ਬਿਸ਼ਨ ਸਿੰਘ | ਮ: ਗੁਲਾਬ ਸਿੰਘ | ਜਲਾਲ, ਰਿਆਸਤ ਨਾਭਾ |
| ਮ: ਨੰਦ ਸਿੰਘ | ਮ: ਸੇਵਾ ਸਿੰਘ | ਲੋਹਗੜ੍ਹ (ਪਟਿਆਲਾ) |
| ਮ: ਈਸ਼ਰ ਸਿੰਘ | ਮ: ਸੁਨੇਤ ਸਿੰਘ | ਬਾਸਰਕੀ (ਅੰਮ੍ਰਿਤਸਰ) |

| | | |
|---|---|---|
| ਮ: ਕੇਹਰ ਸਿੰਘ | ਮ: ਖੜਗ ਸਿੰਘ | ਗੋਲੇਵਾਲਾ (ਫਰੀਦਕੋਟ) |
| ਮ: ਜੈਮਲ ਸਿੰਘ | ਮ: ਖੜਗ ਸਿੰਘ | ਰਣੀਆਂ ਫਿਰੋਜ਼ਪੁਰ) |
| ਮ: ਹੀਰਾ ਸਿੰਘ ਜੀ ਵਿਰਕਤ | ਪੰ: ਈਸ਼ਰ ਸਿੰਘ | ਰਿਸ਼ੀਕੇਸ਼ (ਡੇਹਰਾਦੂਨ) |
| ਮ: ਮੂਲ ਸਿੰਘ | ਮ: ਨਿਹਾਲ ਸਿੰਘ | — |
| ਮ: ਲਾਲ ਸਿੰਘ | — | ਸੁਹਾਵਾ (ਗੁਜਰਾਤ) |
| ਮ: ਨੰਦ ਸਿੰਘ | ਸਾਈਂਲੋਕ ਸੁਖਾ ਸਿੰਘ | ਰਾਵਲਪਿੰਡੀ |
| ਮ: ਰਾਮ ਸਿੰਘ | ਮ: ਚਰਨ ਸਿੰਘ | ਮਸਤਗੜ੍ਹ (ਹੁਸ਼ਿਆਰਪੁਰ) |
| ਮ: ਚੇਤ ਸਿੰਘ | ਮ: ਨਿਹਾਲ ਸਿੰਘ | ਡਾ: ਪੁਰਾਣਾ ਵਾਘਾ (ਫਿਰੋਜ਼ਪੁਰ) |
| ਮ: ਧਰਮ ਸਿੰਘ | ਮ: ਫਤਹ ਸਿੰਘ | ਕੋਹਾਲਾ (ਅੰਮ੍ਰਿਤਸਰ) |
| ਪੰ: ਨਾਰਾਇਣ ਸਿੰਘ | — | ਰਿਸ਼ੀਕੇਸ਼ (ਦੇਹਰਾਦੂਨ) |
| ਮ: ਰਾਏ ਸਿੰਘ | ਮ: ਮੋਹਰ ਸਿੰਘ | ਜਲਾਲ ਵਾਲਾ (ਫਰੀਦਕੋਟ) |

ਇਹੀ ਜਨਰਲ ਕਮੇਟੀ ਕੁਝ ਵਰਸ਼ ਬਾਅਦ 'ਨਿਰਮਲ ਮਹਾਂਮੰਡਲ' ਦੇ ਰੂਪ ਵਿਚ ਪ੍ਰਸਿਧ ਹੋਈ।

ਵਿਸਾਖ ਵਦੀ ਤ੍ਰਿਯੋਦਸੀ ਸੰਮਤ ੧੯੭੭ (੧੬ ਅਪ੍ਰੈਲ ੧੯੨੦ ਈ:) ਨੂੰ ਸ੍ਰੀਮਾਨ ਮਹੰਤ ਪੰਡਿਤ ਮੋਹਰ ਸਿੰਘ ਜੀ ਪਟਿਆਲੇ ਵਾਲਿਆਂ ਨੂੰ 'ਨਾਇਬ ਸ੍ਰੀ ਮਹੰਤ' ਨਿਯਤ ਕੀਤਾ। ਇਸ ਸਮੇਂ ਹੀ ਮਹੰਤ ਹਰਨਾਮ ਸਿੰਘ ਜੀ ਪਟਿਆਲਾ, ਮਹੰਤ ਮੀਹਾਂ ਸਿੰਘ ਜੀ ਪ੍ਰਯਾਗਰਾਜ ਅਤੇ ਮਹੰਤ ਲਾਲ ਸਿੰਘ ਜੀ ਕਨਖਲ ਵਿਖੇ ਤਿੰਨੋ ਵਖ-ਵਖ ਸਕੱਤਰ ਬਣਾਏ ਗਏ।

## ਨਾਇਬ ਸ੍ਰੀ ਮਹੰਤ

# ਸ੍ਰੀਮਾਨ ੧੦੮ ਪੰਡਿਤ ਮੋਹਰ ਸਿੰਘ ਜੀ ਪਟਿਆਲੇ ਵਾਲੇ

ਪੰਡਿਤ ਮੋਹਰ ਸਿੰਘ ਜੀ ਦਾ ਜਨਮ ਪਿਤਾ ਸ੍ਰ. ਬਿਸ਼ਨ ਸਿੰਘ (ਜੱਟ ਸਿੱਖ), ਮਾਤਾ ਜੀਵੀ ਜੀ ਪਿੰਡ ਸਰਹਾਲਾ ਜ਼ਿਲਾ ਹੁਸ਼ਿਆਰਪੁਰ ਵਿਖੇ ਸੰਮਤ ੧੯੨੦ (੧੮੬੩ ਈ:) ਵਿਚ ਹੋਇਆ। ੨੫ ਵਰਸ ਤਕ ਘਰ ਦੇ ਕੰਮ ਕਰਦੇ ਰਹੇ। ਇਕ ਵਾਰ ਆਪ ਜੀ ਦੇ ਪਿੰਡ 'ਸ੍ਰੀ ਮਹੰਤ' ਪੰਡਿਤ ਸਾਧੂ ਸਿੰਘ ਜੀ ਆਏ ਤਾਂ ਕਥਾ ਉਪਦੇਸ਼ ਸੁਣ ਕੇ ਸੇਵਾ ਵਿਚ ਲਗ ਗਏ ਅਤੇ ਵਿਦਿਆ ਪੜ੍ਹਨੀ ਸ਼ੁਰੂ ਕਰ ਦਿਤੀ। ਗੁਰਮਤਿ ਅਤੇ ਸੰਸਕ੍ਰਿਤ ਦੋਹਾਂ ਵਿਦਿਆ ਨੂੰ ਪੂਰੀ ਲਗਨ ਨਾਲ ਪੜ੍ਹਿਆ। ਨਾਲ ਹੀ ਪੰਡਿਤ ਜੀ ਤੋਂ ਗੁਰਮੰਤ੍ਰ ਲੈਕੇ ਸ਼ਿਸ਼ ਬਣ ਗਏ। ਸੰਮਤ ੧੯੬੨ (੧੯੦੫ ਈ:) ਵਿਚ ਪੰਡਿਤ ਸਾਧੂ ਸਿੰਘ ਜੀ ਨੂੰ ਪ੍ਰਯਾਗਰਾਜ ਵਿਖੇ 'ਸ੍ਰੀ ਮਹੰਤ' ਸਥਾਪਨ ਕਰ ਦਿਤਾ ਗਿਆ ਤਾਂ ਪੰਡਿਤ ਜੀ ਦੀ ਆਗਿਆ ਨਾਲ ਆਪ ਪਟਿਆਲੇ ਵਾਲੇ ਸਥਾਨ ਵਿਚ ਰਹਿਣ ਲਗੇ। ਸੰਮਤ ੧੯੬੪ (੧੯੦੭ ਈ:) ਵਿਚ ਪੰਡਿਤ ਜੀ ਦੇ ਗੁਰਪੁਰੀ ਸਿਧਾਰ ਜਾਣ ਤੋਂ ਪਿਛੋਂ ਪਟਿਆਲੇ ਵਾਲੇ ਡੇਰੇ ਦੇ ਮਹੰਤ ਬਣਾਏ ਗਏ। ਇਸ ਸਮੇਂ ਮਹਾਰਾਜਾ ਪਟਿਆਲਾ ਪਤੀ ਵਲੋਂ ਵੀ ਪੱਗ/ਦੁਸ਼ਾਲਾ ਪੁਜਿਆ। ਸਾਰੇ ਸਰਕਾਰੀ ਵਿਧਾਨ ਜਾਰੀ ਰਹੇ। ਆਪ ਸੇਵਾ ਕਰਨ ਵਾਲੇ ਨਿਮ੍ਰ ਮਹਾਂਪੁਰਖ ਸਨ।

ਸੰਮਤ ੧੯੭੭ (੧੯੨੦ ਈ:) ਵਿਚ ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਹਰੀਕਿਆਂ ਵਾਲੇ ਅਤੇ ਸਾਰੇ ਭੇਖ ਦੇ ਵਿਚਾਰ ਨਾਲ ਆਪ ਜੀ ਨੂੰ 'ਨਾਇਬ ਸ੍ਰੀ ਮਹੰਤ' ਚੁਣ ਲਿਆ ਗਿਆ। ਆਪ ਬਹੁਤ ਸਿਆਣੇ ਅਤੇ ਵਿਵਹਾਰ ਕੁਸ਼ਲ ਸਨ। ਹਰ ਕੰਮ ਦੇ ਨਤੀਜੇ ਨੂੰ ਸਮਝਦੇ ਸਨ ਪਰ ਬਾਕੀ ਕਾਰਕੁਨਾਂ ਨਾਲ ਆਪ ਜੀ ਦਾ ਮਿਲਵਰਤਨ ਨਾ ਰਹਿ ਸਕਿਆ। ਹਰ ਸਮੇਂ ਵਾਦ-ਵਿਵਾਦ ਚਲਦਾ ਰਹਿੰਦਾ ਸੀ। ਕੰਮ ਦੀ ਦੇਖ ਭਾਲ ਅਤੇ ਬਿਰਧ ਅਵਸਥਾ ਹੋਣ ਕਰਕੇ ਆਪ ਜੀ ਨੇ ਚੇਤ੍ਰ ਸੁਦੀ ੫ ਸੰਮਤ ੧੯੭੮ (੧੯੨੧ ਈ:) ਵਿਚ 'ਨਾਇਬ ਸ੍ਰੀ ਮਹੰਤ' ਦੀ ਪਦਵੀ ਤੋਂ ਤਿਆਗ ਪੱਤਰ ਦੇ ਦਿਤਾ ਅਤੇ ਪਟਿਆਲੇ ਆਪਣੇ ਸਥਾਨ ਤੇ ਚਲੇ ਗਏ। ਅਖਾੜੇ ਦੇ ਸਾਰੇ ਕੰਮਾਂ ਦਾ ਬੋਝ ਮੁੜ ਪੰਡਿਤ ਰਾਮ ਸਿੰਘ ਜੀ ਹਰੀਕਿਆਂ ਵਾਲਿਆਂ ਉਪਰ ਹੀ ਆ ਪਿਆ।

ਪੰਡਿਤ ਮੋਹਰ ਸਿੰਘ ਜੀ ਨੇ ਸੰਨ ੧੯੨੦ ਤੋਂ ੧੯੨੧ ਈ: ਤਕ ੧ ਸਾਲ 'ਨਾਇਬ ਸ੍ਰੀ ਮਹੰਤ' ਦੀ ਪਦਵੀ ਤੇ ਰਹਿਕੇ ਸੇਵਾ ਕੀਤੀ। ਕੁਲ ਆਯੂ ੬੪ ਵਰਸ਼ ਸੀ।

ਪੰਡਿਤ ਦਇਆ ਸਿੰਘ ਜੀ ਉਗੋ ਵਾਲਿਆਂ ਨੂੰ 'ਨਾਇਬ ਸ੍ਰੀ ਮਹੰਤ' ਬਣਾਇਆ ਗਿਆ।

ਇਕ ਵਾਰ ਪੰਡਿਤ ਰਾਮ ਸਿੰਘ ਜੀ ਹਰੀਕਿਆਂ ਵਾਲੇ ਅਖਾੜੇ ਦੇ ਸਬੰਧ ਵਿਚ ਪਟਿਆਲੇ ਆਏ ਤਾਂ ਆਪ ਜੀ ਨੂੰ ਸਖਤ ਬੁਖਾਰ ਹੋ ਗਿਆ। ਕੁਝ ਦਿਨ ਪਟਿਆਲੇ ਇਲਾਜ਼ ਚਲਦਾ ਰਿਹਾ ਪਰ ਆਪ ਜੀ ਦੀ ਇੱਛਾ ਅਨੁਸਾਰ ਆਪ ਜੀ ਨੂੰ ਕਨਖਲ ਵਿਖੇ ਲਿਆਂਦਾ ਗਿਆ। ਇਥੇ ਆਪ ੨੫ ਮੱਘਰ ਸੰਮਤ ੧੯੮੪ (੧੦ ਦਸੰਬਰ ੧੯੨੭ ਈ:) ਨੂੰ ਸਚਖੰਡ ਸਿਧਾਰ ਗਏ। ਸਤ੍ਹਾਰੀ ਤੇ ਭੋਗ ਪਿਆ। ਭੇਖ ਦਾ ਬੜਾ ਭਾਰੀ ਇਕੱਠ ਹੋਇਆ।

ਮਗਰੋਂ 'ਨਾਇਬ ਸ੍ਰੀ ਮਹੰਤ' ਪੰਡਿਤ ਦਇਆ ਸਿੰਘ ਜੀ ਉਗੋ ਵਾਲੇ ਅਖਾੜੇ ਦਾ ਪ੍ਰਬੰਧ ਕਰਦੇ ਰਹੇ।

ਸ੍ਰੀਮਾਨ ੧੦੮ ਪੰਡਿਤ ਰਾਮ ਸਿੰਘ ਜੀ ਹਰੀਕਿਆਂ ਵਾਲੇ ੧੯੦੮ ਤੋਂ ੧੯੨੭ ਈ: ਤਕ ੧੯ ਸਾਲ 'ਸ੍ਰੀ ਮਹੰਤ' ਦੀ ਪਦਵੀ ਤੇ ਰਹੇ। ਕੁਲ ਆਯੂ ੬੬ ਵਰਸ਼ ਸੀ।

## ਛੇਵੇਂ ਸ੍ਰੀ ਮਹੰਤ

# ਸ੍ਰੀਮਾਨ ੧੦੮ ਪੰਡਿਤ ਦਇਆ ਸਿੰਘ ਜੀ ਉਗੋ

ਪੰਡਿਤ ਦਇਆ ਸਿੰਘ ਜੀ ਦਾ ਜਨਮ ਪਿੰਡ ਹੀਰੋ ਖੁਰਦ ਵਿਚ ਸੰਮਤ ੧੯੨੫ ਬਿਕ੍ਰਮੀ (੧੮੬੮ ਈ:) ਵਿਚ ਹੋਇਆ। ਬਚਪਨ ਘਰ ਵਿਚ ਹੀ ਬੀਤਿਆ। ਸੰਤ ਮਲੂਕ ਸਿੰਘ ਜੀ ਗੋਦੜੀਏ ਆਪ ਜੀ ਦੇ ਮਾਮੇ ਸਨ। ਇਸ ਵਾਸਤੇ ਆਪ ਬਚਪਨ ਤੋਂ ਹੀ ਇਨ੍ਹਾਂ ਦੀ ਸੇਵਾ ਵਿਚ ਰਹਿਣ ਲਗ ਪਏ। ਪ੍ਰੇਮ ਪੂਰਬਕ ਮਹਾਂਪੁਰਖਾਂ ਅਤੇ ਸਾਧ ਸੰਗਤ ਦੀ ਸੇਵਾ ਕਰਦੇ ਹੋਏ ਪੜ੍ਹਦੇ ਰਹੇ। ਗੁਰਮਤਿ ਅਤੇ ਵੇਦਾਂਤ ਦੇ ਗ੍ਰੰਥਾਂ ਦਾ ਅਧਿਐਨ ਕੀਤਾ। ਭਾਸ਼ਾ ਦੇ ਛੋਟੇ-ਛੋਟੇ ਸਾਰੇ ਗ੍ਰੰਥ ਪੜ੍ਹ ਲਏ। ਸੰਤ ਮਲੂਕ ਸਿੰਘ ਜੀ ਦੀ ਮੰਡਲੀ ਵਿਚ ਪੜ੍ਹਦੇ ਸਮੇਂ ਸੇਵਾ ਕਰਦੇ ਹੋਏ ਉਨ੍ਹਾਂ ਦੇ ਸ਼ਿਸ਼ ਬਣ ਗਏ। ਮਹਾਂਪੁਰਖਾਂ ਦੀ ਆਗਿਆ ਅਨੁਸਾਰ ਉਚ ਵਿਦਿਆ ਦੀ ਪ੍ਰਾਪਤੀ ਲਈ ਕਾਸ਼ੀ ਜੀ ਜਾ ਰਹੇ। ਕਈ ਸਾਲ ਮਨ ਲਾਕੇ ਸੰਸਕ੍ਰਿਤ ਦੀ ਪੜ੍ਹਾਈ ਕੀਤੀ। ਭਾਰਤੀ ਦਰਸ਼ਨ ਦੇ ਪ੍ਰਕਾਂਡ ਪੰਡਿਤ ਬਣ ਗਏ।

ਕਾਂਸ਼ੀ ਜੀ ਪੜ੍ਹਕੇ ਡੇਰੇ ਉਗੋ ਆਏ। ਇਥੇ ਵੀ ਹਰ ਸਮੇਂ ਵਿਦਿਆ ਅਧਿਐਨ ਵਿਚ ਹੀ ਲਗੇ ਰਹਿੰਦੇ ਸਨ। ਅਨੇਕ ਵਿਦਿਆਰਥੀ ਆਪ ਜੀ ਕੋਲ ਪੜ੍ਹਣ ਲਗ ਪਏ। ਭੇਖ ਵਿਚ ਵੀ ਆਪ ਜੀ ਦੀ ਬੜੀ ਪ੍ਰਸਿਧੀ ਹੋ ਗਈ ਸੀ। ਵਿਦਿਅਕ ਗੁਣਾਂ ਦੇ ਆਪ ਭੂਸ਼ਨ ਸਨ। ਇਸ ਵਾਸਤੇ ੮ ਮਾਘ ਸੰਮਤ ੧੯੮੦ (੨੧ ਜਨਵਰੀ ੧੯੨੪ ਈ:) ਵਿਚ ਆਪ ਜੀ ਨੂੰ ਪ੍ਰਯਾਗਰਾਜ ਦੀ ਅਰਧ ਕੁੰਭੀ ਤੇ 'ਨਾਇਬ ਸ੍ਰੀ ਮਹੰਤ' ਨਿਯਤ ਕੀਤਾ ਗਿਆ। ਪੰਡਿਤ ਰਾਮ ਸਿੰਘ ਜੀ ਹਰੀਕੇ ਆਪ ਜੀ ਦੇ ਸਹਿਪਾਠੀ ਸਨ। ਦੋਹਾਂ ਵਿਚ ਅਥਾਹ ਪ੍ਰੇਮ ਸੀ। ਇਸ ਵਾਸਤੇ ਅਖਾੜੇ ਦਾ ਬਹੁਤ ਹੀ ਅੱਛਾ ਪ੍ਰਬੰਧ ਚਲਿਆ। ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਹਰੀਕਿਆਂ ਦੇ ਸੱਚਖੰਡ ਸਿਧਾਰ ਜਾਣ ਤੋਂ ਬਾਅਦ ੨੬ ਕਤੱਕ ਸੰਮਤ ੧੯੮੫ ਬਿ: (੧੯੨੮ ਈ:) ਨੂੰ ਕੁਰੂਕਸ਼ੇਤ੍ਰ ਸੂਰਜ ਗ੍ਰਹਿਣ ਤੇ ਆਪ ਜੀ ਨੂੰ ਨਿਰਮਲ ਭੇਖ ਨੇ 'ਸ੍ਰੀ ਮਹੰਤ' ਚੁਣ ਲਿਆ। ਆਪ ਜੀ ਦੇ ਸਮੇਂ ਦੀ ਕੋਈ ਵਿਸ਼ੇਸ਼ ਘਟਨਾ ਪ੍ਰਸਿਧ ਨਹੀਂ। ਆਪ ਨਿਮ੍ਰਤਾ ਦੇ ਅਵਤਾਰ ਸਨ। ਸਾਹਿਤਕ ਬ੍ਰਿਤੀ ਵਾਲੇ ਸਨ। ਆਪ ਜੀ ਦੇ ਸਮੇਂ ਵਿਚ ਸਾਰੇ ਕਾਰਕੁਨ ਮਿਲਕੇ ਪ੍ਰੇਮ ਪੂਰਬਕ ਅਖਾੜੇ ਦਾ ਕੰਮ ਚਲਾਉਂਦੇ ਰਹੇ।

ਸੰਮਤ ੧੯੮੬ (੧੯੨੯ ਈ:) ਨੂੰ ਪ੍ਰਯਾਗਰਾਜ ਦਾ ਕੁੰਭ ਵੀ ਆਪ ਜੀ ਸਰਪ੍ਰਸਤੀ ਹੇਠ ਸਫਲਤਾ ਪੂਰਬਕ ਸੰਪੰਨ ਹੋਇਆ। ਇਸ ਸਮੇਂ ਆਪ ਜੀ ਦੀ ਆਗਿਆ ਨਾਲ ਪੰਡਿਤ ਬੇਲਾ ਸਿੰਘ ਸੈਕਟਰੀ ਅਤੇ ਮਹੰਤ ਬ੍ਰਹਮ ਸਿੰਘ ਕੁਠਾਰੀ ਸਨ ਜਿਨ੍ਹਾਂ ਨੇ ਯੋਗਤਾ ਨਾਲ ਕੁੰਭ ਦੇ ਸਾਰੇ ਕੰਮ-ਕਾਜ ਨੂੰ ਸੰਭਾਲਿਆ ਪਰ ਥੋੜ੍ਹਾ ਚਿਰ ਮਗਰੋਂ ਹੀ ਪੰਡਿਤ ਬੇਲਾ ਸਿੰਘ ਜੀ ਨੇ ਤਿਆਗ ਪੱਤਰ ਦੇ ਦਿਤਾ। ਇੰਨ੍ਹਾਂ ਦੀ ਥਾਉਂ ਤੇ ਸੰਤ ਕਿਸ਼ਨ ਸਿੰਘ ਜੀ ਵਿਰਕਤ (ਚੇਲਾ ਮਹੰਤ ਨੱਥਾ ਸਿੰਘ) ਨੂੰ ਸੈਕਟਰੀ ਬਣਾਇਆ ਗਿਆ। ਇਕ ਵਾਰ ਆਪ ਜੀ ਨੇ 'ਸ੍ਰੀ ਮਹੰਤ' ਪਦ ਤੋਂ ਤਿਆਗ ਪੱਤ੍ਰ ਦੇਣ ਦੀ ਇੱਛਾ ਵੀ ਕੀਤੀ ਪਰ ਸਾਰੇ ਨਿਰਮਲ ਭੇਖ ਨੇ ਪ੍ਰਾਰਥਨਾ ਕਰਕੇ ਅਜਿਹਾ ਕਰਨ ਤੋਂ ਰੋਕ ਦਿੱਤਾ। ਕੁੰਭ ਦੀ ਸਮਾਪਤੀ ਤੋਂ ਮਗਰੋਂ ਕੁਝ ਸਮਾਂ ਹਰਿਦ੍ਵਾਰ ਆਰਾਮ ਕਰਕੇ (ਆਪਣੇ ਡੇਰੇ) ਉਗੋ ਆਏ ਅਤੇ ਬੀਮਾਰ ਹੋ ਗਏ। ਚੰਗੇ ਤੋਂ ਚੰਗੇ ਵੈਦਾਂ (ਡਾਕਟਰਾਂ) ਨੇ ਇਲਾਜ ਕੀਤਾ ਪਰ ਆਰਾਮ ਨਹੀਂ ਆਇਆ। ਅੰਤ ੩ ਪੋਹ ਸੰਮਤ ੧੯੮੭ ਦਿਨ ਬੁਧਵਾਰ ਨੂੰ ਸਚਖੰਡ ਸਿਧਾਰ ਗਏ। ਆਪ ਜੀ ਦੇ ਅਕਾਲ ਚਲਾਣੇ ਦੀ ਖਬਰ ਹਵਾ ਵਾਂਗ ਫੈਲ ਗਈ। ਨਿਰਮਲ ਭੇਖ ਵਿਚ ਸ਼ੋਕ ਪੈ ਗਿਆ। ਆਪ ਜੀ ਦੀ ਸਤ੍ਹਾਰੀ ਕਨਖਲ (ਹਰਿਦ੍ਵਾਰ) ਵਿਖੇ ੨੨ ਪੋਹ (੧੯੮੭ ਬਿ:) (੧੯੩੦ ਈ:) ਨੂੰ ਮਨਾਈ ਗਈ। ਨਿਰਮਲ ਭੇਖ ਅਤੇ ਖਟ ਦਰਸ਼ਨ ਸਾਧੂ ਸਮਾਜ ਇਕੱਤਰ ਹੋਇਆ।

ਭੋਗ ਤੋਂ ਮਗਰੋਂ ਸ਼ਾਮ ਨੂੰ 'ਸ੍ਰੀ ਮਹੰਤ' ਦੀ ਚੋਣ ਵਾਸਤੇ ਭੇਖ ਦਾ ਇਕੱਠ ਹੋਇਆ ਜਿਸ ਵਿਚ ਸਰਬ ਸੰਮਤੀ ਨਾਲ ਸ੍ਰੀਮਾਨ ਪੰਡਿਤ ਜੀਵਨ ਸਿੰਘ ਜੀ ਕਾਸ਼ੀ ਵਾਲਿਆਂ ਨੂੰ ਚੁਣਿਆ ਗਿਆ।

## ਸਤਵੇਂ ਸ੍ਰੀ ਮਹੰਤ

# ਸ੍ਰੀਮਾਨ ੧੦੮ ਪੰਡਿਤ ਜੀਵਨ ਸਿੰਘ ਜੀ ਕਾਂਸ਼ੀ ਵਾਲੇ

ਸ੍ਰੀਮਾਨ ਪੰਡਿਤ ਜੀਵਨ ਸਿੰਘ ਜੀ ਦਾ ਜਨਮ ਪਿਤਾ ਗੁਰਦਾਸ ਛੱਤ੍ਰੀ, ਮਾਤਾ ਲੱਛਮੀ ਦੇ ਘਰ ਪਿੰਡ ਗੋਂਦਵਾਲ ਜ਼ਿਲਾ ਸਰਗੋਧਾ (ਪਾਕਿਸਤਾਨ) ਵਿਖੇ ਸੰਮਤ ੧੯੩੨ (੧੮੭੫ ਈ:) ਵਿਚ ਹੋਇਆ। ੬ ਵਰਸ਼ ਦੀ ਉਮਰ ਵਿਚ ਪਿੰਡ ਦੇ ਗੁਰਦੁਆਰੇ ਗੁਰਮੁਖੀ ਪੜ੍ਹਣ ਬੈਠਾਏ ਗਏ। ੯ ਸਾਲ ਦੀ ਉਮਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਬਣ ਗਏ। ਫਿਰ ਪਿੰਡ ਦੇ ਮਦਰਸੇ (ਸਕੂਲ) ਵਿਚ ਤਿੰਨ ਸਾਲ ਉਰਦੂ/ਫ਼ਾਰਸੀ ਪੜ੍ਹੀ। ਉਪ੍ਰੰਤ ਪਿਤਾ ਨਾਲ ਘਰ ਦੇ ਕੰਮ-ਕਾਜ ਵਿਚ ਸਹਾਇਤਾ ਕਰਨ ਲਗੇ।

ਸੰਮਤ ੧੯੫੦ ਬਿਕ੍ਰਮੀ (੧੮੯੨ ਈ:) ਵਿਚ ਆਪਣੇ ਪਿਤਾ ਜੀ ਨਾਲ ਕਿਸੇ ਕੰਮ ਵਾਸਤੇ ਲੂਣ-ਮਿਆਣੀ ਗਏ। ਇਥੇ ਸੰਤ ਮੱਖਣ ਸਿੰਘ ਜੀ ਵਿਰਕਤ (ਸੰਤ ਰੋਚਾ ਸਿੰਘ ਜੀ ਦੇ ਚੇਲੇ) ਆਏ ਹੋਏ ਸਨ। ਸਤਿ-ਸੰਗ ਜਾਰੀ ਸੀ। ਆਪ ਜੀ ਨੇ ਵੀ ਕਥਾ ਵਾਰਤਾ ਸੁਣੀ। ਸਦ-ਉਪਦੇਸ਼ ਸੁਣਕੇ ਮਹਾਂਪੁਰਖਾਂ ਦੇ ਚਰਨਾਂ ਦੇ ਭੌਰੇ ਬਣ ਗਏ। ਵਿਰਕਤ ਜੀ ਦੇ ਚਰਨਾਂ ਵਿਚ ਰਹਿਣ ਦੀ ਪਿਤਾ ਕੋਲੋਂ ਆਗਿਆ ਲੈ ਲਈ। ਸੇਵਾ ਵਿਚ ਲਗ ਗਏ ਅਤੇ ਵਿਦਿਆ ਪੜ੍ਹਣ ਲਗੇ। ਇਲਾਕੇ ਵਿਚ ਦੌਰਾ ਕਰਕੇ ਵਿਰਕਤ ਜੀ ਆਪਣੇ ਆਸ਼੍ਰਮ ਮਾਂਗਟ ਪੁਜ ਗਏ ਤਾਂ ਆਪ ਜੀ ਨੇ ਇਥੇ ਮਰਯਾਦਾ ਅਨੁਸਾਰ ਗੁਰਮੰਤ੍ਰ ਲੈ ਲਿਆ ਅਤੇ ਸ਼ਿਸ਼ ਬਣ ਗਏ। ਨਾਉਂ 'ਜੀਵਨ ਸਿੰਘ' ਰਖਿਆ ਗਿਆ।

ਗੁਰੂ ਜੀ ਨੇ ਵਿਦਿਆ ਪੜ੍ਹਣ ਦੀ ਆਗਿਆ ਕੀਤੀ ਤਾਂ ਰਿਸ਼ੀਕੇਸ਼ ਚਲੇ ਗਏ। ਵਿਆਕਰਣ ਇਥੇ ਹੀ ਪੜ੍ਹਿਆ। ਕਿੰਨੇ ਹੀ ਹੋਰ ਗ੍ਰੰਥਾਂ ਦਾ ਅਧਿਐਨ ਕੀਤਾ। ਉਚ ਵਿਦਿਆ ਦੀ ਪ੍ਰਾਪਤੀ ਵਾਸਤੇ ਸੰਮਤ ੧੯੫੯ ਬਿਕ੍ਰਮੀ ਨੂੰ ਕਾਸ਼ੀ ਜੀ ਵਿਚ ਲਾਹੌਰੀ ਟੋਲੇ ਜਾ ਠਹਿਰੇ। ਇਸ ਸਮੇਂ ਲਾਹੌਰੀ ਟੋਲੇ ਦੇ ਮਹੰਤ ਰਘੁਬੀਰ ਸਿੰਘ ਜੀ ਸਨ। ਇਨ੍ਹਾਂ ਕੋਲ ਰਹਿਕੇ ਵਿਦਿਆ ਅਧਿਐਨ ਆਰੰਭ ਕੀਤਾ। ਪੂਰੀ ਲਗਣ ਨਾਲ ੧੫-੧੬ ਸਾਲ ਪਠਨ-ਪਾਠਨ ਕੀਤਾ ਅਤੇ ਭੇਖ ਵਿਚ ਉਘੇ ਵਿਦਵਾਨ ਬਣ ਗਏ। ਆਪ ਜੀ ਦੇ ਗੁਰੂ ਸੰਮਤ ੧੯੭੦ (੧੯੧੩ ਈ:) ਵਿਚ ਪ੍ਰਲੋਕ ਸਿਧਾਰ ਗਏ ਪਰ ਆਪ ੧੯੭੬ ਈ: ਤਕ ਕਾਸ਼ੀ ਵਿਚ ਪੜ੍ਹਦੇ ਰਹੇ।

ਭਾਵੇਂ ਲਾਹੌਰੀ ਟੋਲਾ ਨਿਰਮਲ ਭੇਖ ਦਾ ਆਸ਼੍ਰਮ ਸੀ, ਇਥੇ ਵਿਦਿਆ ਪੜ੍ਹਣ ਵਾਲੇ ਨਿਰਮਲੇ ਸੰਤ ਵਿਦਿਆਰਥੀ ਆਰਾਮ ਪੂਰਬਕ ਰਹਿੰਦੇ ਸਨ। ਫਿਰ ਵੀ ਭੇਖ ਦਾ ਆਪਣਾ ਵਿਦਿਆਲਯ ਨਾ ਹੋਣ ਕਰਕੇ ਨਿਰਮਲ ਭੇਖ ਦੇ ਵਿਦਿਆਰਥੀਆਂ ਨੂੰ ਪੜ੍ਹਣ ਸਮੇਂ ਅਨਯਮਤੀਆਂ ਕੋਲੋਂ ਤਰਕਾਂ ਸਹਿਣੀਆਂ ਪੈਂਦੀਆਂ ਸਨ। ਰੋਜ਼-ਰੋਜ਼ ਦਾ ਮਾਨਸਿਕ ਦੁਖ ਵਿਦਿਆਰਥੀ ਦੇ ਮਨ ਵਿਚ ਹੀਣ ਭਾਵਨਾ ਪੈਦਾ ਕਰਦਾ ਸੀ। ਵਿਦਿਆਰਥੀ ਦੀ ਅਣਖ ਗੈਰਤ ਘਟਦੀ ਸੀ। ਨਿਰਮਲੇ ਵਿਦਿਆਰਥੀ ਇਸ ਕਸ਼ਟ ਨੂੰ ਅਨੁਭਵ ਕਰਦੇ ਹੋਏ ਵਿਦਿਆ ਦੇ ਲਾਲਚ ਵਿਚ ਭੁਲਣ ਦਾ ਯਤਨ ਕਰਦੇ ਸਨ। ਇਸ ਵਿਸ਼ੇ ਉਤੇ ਆਪ ਜੀ ਨੇ ਸੰਮਤ ੧੯੭੮ ਦੀ ਹਰਿਦੁਆਰ ਅਰਧ ਕੁੰਭੀ ਤੇ ਵਿਦਵਤਾ

ਭਰਿਆ ਹਲੂਣਾ ਦੇਣ ਵਾਲਾ ਵਿਆਖਿਆਨ ਦਿਤਾ। ਕਾਸ਼ੀ ਵਿਚ ਜੋ ਨਿਰਮਲੇ ਵਿਦਿਆਰਥੀਆਂ ਨੂੰ ਕਸ਼ਟ ਭੋਗਣੇ ਪੈਂਦੇ ਸਨ। ਦੁੱਖਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਬ੍ਰਾਹਮਣਾਂ ਅਤੇ ਅਨਜਮਤੀਆਂ ਕੋਲੋਂ ਕਬੋਲ ਸਹਿਣੇ ਪੈਂਦੇ ਸਨ। ਵਿਆਖਿਆ ਪੂਰਬਕ ਵਰਣਨ ਕਰਕੇ 'ਨਿਰਮਲ ਸੰਸਕ੍ਰਿਤ ਵਿਦਿਆਲਯ' ਖੋਲ੍ਹਣ ਤੇ ਜ਼ੋਰ ਦਿਤਾ। ਆਪ ਜੀ ਦੀ ਨਿਮ੍ਰਤਾ, ਵਿਦਵਤਾ ਦੇ ਕਾਰਣ ਵਿਆਖਿਆਨ ਦਾ ਅਜੇਹਾ ਪ੍ਰਭਾਵ ਪਿਆ ਕਿ ਭੇਖ ਦੇ ਸਮੂੰਹ ਸੰਤਾਂ, ਮਹੰਤਾਂ ਨੇ ਵਿਦਿਆਲਜ ਵਾਸਤੇ ਖੁਲ੍ਹੇ ਦਿਲ ਨਾਲ ਦਾਨ ਦਿਤਾ। ਹਜ਼ਾਰਾਂ ਰੁਪਏ ਸਟੇਜ ਉਪਰ ਹੀ ਇਕੱਠੇ ਹੋ ਗਏ। ਆਪ ਜੀ ਦਾ ਵੀ ਉਤਸ਼ਾਹ ਵਧ ਗਿਆ। ਇਸ ਵਾਸਤੇ ਅਰਧ ਕੁੰਭੀ ਦੀ ਸਮਾਪਤੀ ਹੋਣ ਸਾਰ ਹੀ ਲਾਹੌਰ, ਗੁਜਰਾਤ, ਅੰਮ੍ਰਿਤਸਰ ਆਦਿਕ ਸ਼ਹਿਰਾਂ ਅਤੇ ਪ੍ਰਾਂਤਾਂ ਦਾ ਦੌਰਾ ਕੀਤਾ। ਇਸ ਸਮੇਂ ਵੀ ਮਹੰਤਾਂ, ਸੰਤਾਂ, ਸਦ ਗ੍ਰਿਹਸਥੀਆਂ ਨੇ ਵਿਦਿਆਲਯ ਵਾਸਤੇ ਖੁਲ੍ਹੇ ਦਿਲ ਨਾਲ ਦਾਨ ਦੇ ਅਰਦਾਸੇ ਕਰਵਾਏ। ਜਦੋਂ ਲੋੜ ਅਨੁਸਾਰ ਕਾਫ਼ੀ ਰੁਪਏ ਹੋ ਗਏ ਤਾਂ ਆਪ ਜੀ ਨੇ ਕਾਸ਼ੀ ਵਿਚ 'ਨਿਰਮਲ ਸੰਸਕ੍ਰਿਤ ਵਿਦਿਆਲਯ' ਲਾਹੌਰੀ ਟੌਲਾ ਵਿਖੇ ਆਰੰਭ ਕਰ ਦਿੱਤਾ। ਇਕ ਕਮੇਟੀ ਸੰਗਠਿਤ ਕੀਤੀ ਗਈ ਜਿਸਦੇ ਪ੍ਰਧਾਨ ਆਪ ਜੀ ਹੀ ਸਨ। ਇਸ ਤਰ੍ਹਾਂ ਆਪ ਵਿਦਿਆਲਯ ਦੇ ਵਿਕਾਸ ਅਤੇ ਵਿਦਿਆ ਦੇ ਪ੍ਰਚਾਰ ਵਿਚ ਰਾਤ-ਦਿਨ ਤੱਤਪਰ ਰਹਿਣ ਲਗੇ।

ਨਿਮ੍ਰਤਾ ਅਤੇ ਤਿਆਗ ਆਪ ਜੀ ਵਿਚ ਏਨਾ ਸੀ ਜਿਸਦਾ ਇਸ ਗਲ ਤੋਂ ਪਤਾ ਲਗਦਾ ਹੈ ਕਿ ਸੰਮਤ ੧੯੮੬ ਨੂੰ ਪ੍ਰਯਾਗ ਦੇ ਕੁੰਭ ਤੇ ਸ੍ਰੀ ਮਹੰਤ ਪੰਡਿਤ ਦਇਆ ਸਿੰਘ ਜੀ ਉਗੋ ਵਾਲੇ ਕੁਝ ਸਿਹਤ ਦੀ ਕਮਜ਼ੋਰੀ ਕਰਕੇ, ਕੁਝ ਸੰਪ੍ਰਦਾਈ ਮਹਾਂਪੁਰਖਾਂ ਦੇ ਕਹਿਣ ਕਰਕੇ 'ਸ੍ਰੀ ਮਹੰਤ' ਪਦ ਤੋਂ ਤਿਆਗ ਪਤ੍ਰ ਦੇਣ ਲਈ ਤਿਆਰ ਹੋ ਗਏ। ਇਸ ਨਿਰਣੈ ਦੇ ਨਿਪਟਾਰੇ ਵਾਸਤੇ ਪ੍ਰਯਾਗਰਾਜ ਵਿਚ ਬੜੀ ਭਾਰੀ ਇਕੱਤਰਤਾ ਹੋਈ। ਭੇਖ ਦੇ ਮਾਨਨੀਯ ਮਹਾਂਪੁਰਖਾਂ ਨੇ ਸ੍ਰੀ ਮਹੰਤ ਜੀ ਮਹਾਰਾਜ ਦੀ ਥਾਂ 'ਸ੍ਰੀ ਮਹੰਤ' ਦੀ ਪਦਵੀ ਸ੍ਵੀਕਾਰ ਕਰ ਲੈਣ ਲਈ ਆਪ ਜੀ ਨੂੰ ਪ੍ਰੇਰਿਆ। ਉਤਰ ਵਿਚ ਆਪ ਜੀ ਨੇ ਖੜ੍ਹੇ ਹੋਕੇ ਨਿਮ੍ਰਤਾ ਪੂਰਬਕ ਫਰਮਾਇਆ, "ਮੇਰੇ ਗੁਰਭਾਈ ਸੰਤ ਜੀਵਨ ਸਿੰਘ ਵਿਰਕਤ ਦਾ ਸਰੀਰ ਸਖਤ ਬੀਮਾਰ ਹੈ ਜਿਨ੍ਹਾਂ ਦੀ ਕੇਵਲ ਅਸੀਂ ਹੀ ਸੇਵਾ ਕਰਦੇ ਹਾਂ। ਇਹ ਸੇਵਾ ਅਸੀਂ ਛੱਡਣੀ ਨਹੀਂ ਚਾਹੁੰਦੇ। ਦੂਸਰਾ ਇਹ ਮੈਂ ਕਦੀ ਵੀ ਅਵੱਗਿਆ ਨਹੀਂ ਕਰ ਸਕਦਾ ਕਿ ਪੂਜਯ ਸ੍ਰੀ ਮਹੰਤ ਜੀ ਮਹਾਰਾਜ ਕੋਲੋਂ ਤਿਆਗ ਪੱਤ੍ਰ ਲੈਕੇ ਉਨ੍ਹਾਂ ਦੀ ਗੱਦੀ ਸੰਭਾਲੀਏ।" ਇਹ ਕਹਿਕੇ ਆਪ ਸਭਾ ਵਿਚੋਂ ਉਠਕੇ ਬਾਹਰ ਚਲੇ ਗਏ।

ਆਪ ਜੀ ਦੇ ਇਸ ਕਥਨ ਤੋਂ ਪ੍ਰਭਾਵਿਤ ਹੋਕੇ ਸਾਰੇ ਭੇਖ ਨੇ ਸਰਬਸੰਮਤੀ ਨਾਲ ਪ੍ਰਸਤਾਵ ਪਾਸ ਕਰ ਦਿਤਾ ਕਿ ਸ੍ਰੀ ਮਹੰਤ ਜੀ ਤੋਂ ਨਾ ਤਿਆਗ ਪੱਤ੍ਰ ਲਿਆ ਜਾਵੇਗਾ ਅਤੇ ਨਾ ਹੀ ਪ੍ਰਵਾਨ ਕੀਤਾ ਜਾਵੇਗਾ।

ਜਦੋਂ ਸ੍ਰੀ ਮਹੰਤ ਪੰਡਿਤ ਦਇਆ ਸਿੰਘ ਜੀ ਸਚਖੰਡ ਸਿਧਾਰ ਗਏ ਤਾਂ ਸਤ੍ਰਾਰੀ ਤੋਂ ਮਗਰੋਂ ਮਾਘ ਵਦੀ ਏਕਮ ਸੰਮਤ ੧੯੮੭ ਬਿ: (੫ ਜਨਵਰੀ ੧੯੩੧ ਈ:) ਨੂੰ ਕਨਖਲ ਵਿਖੇ ਮਹਾਨ ਇਕੱਠ ਹੋਇਆ ਜਿਸ ਵਿਚ ਸਰਬ ਸੰਮਤੀ ਨਾਲ ਆਪ ਜੀ ਨੂੰ 'ਸ੍ਰੀ ਮਹੰਤ' ਨਿਯਤ ਕੀਤਾ ਗਿਆ। ਆਪ ਜੀ ਨੇ 'ਸ੍ਰੀ ਮਹੰਤ' ਬਣਕੇ ਪੂਰਨ ਯੋਗਤਾ ਨਾਲ ਸਾਰੇ ਪ੍ਰਬੰਧ ਨੂੰ ਆਪਣੇ ਅਧੀਨ ਕਰ ਲਿਆ।

ਆਪ ਜੀ ਦੇ ਸਮੇਂ ਵਿਚ ਅਹੀਆਪੁਰ (ਪ੍ਰਯਾਗਰਾਜ) ਦੀ ਪੱਕੀ ਸੰਗਤ ਦਾ ਮੁਕੱਦਮਾ ਇਕ ਵਰਸ਼ ਤਕ ਚਲਦਾ ਰਿਹਾ ਜਿਸ ਦਾ ਫੈਸਲਾ ਸੰਮਤ ੧੯੯੧ ਬਿ: (੨੬-੪-੧੯੩੪ ਈ:) ਨੂੰ ਅਖਾੜੇ ਦੇ ਹੱਕ ਵਿਚ ਹੋਇਆ। ਇਸ ਘਟਨਾ ਦੇ ਪਿਛੋਕੜ ਦਾ ਇਤਿਹਾਸ ਇਸ ਤਰ੍ਹਾਂ ਹੈ :

ਪੂਰਬ ਦੀ ਸਿੱਖੀ ਦੇ ਦੌਰੇ ਅਤੇ ਤੀਰਥ ਯਾਤ੍ਰਾ ਸਮੇਂ, ਸੰਮਤ ੧੭੨੩ (੧੬੬੬ ਈ:) ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ, ਤ੍ਰਿਵੇਣੀ (ਪ੍ਰਯਾਗ) ਵੀ ਪੁਜੇ ਅਤੇ ਕਾਫੀ ਸਮਾਂ ਰਹਿਕੇ ਸੰਗਤਾਂ ਨੂੰ ਸਦ ਉਪਦੇਸ਼ ਦਿੰਦੇ ਰਹੇ ਸਨ। ਸਤਿਗੁਰੂ ਜੀ ਦੇ ਪ੍ਰਯਾਗ ਨਿਵਾਸ ਦੀ ਵਾਰਤਾ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ

'ਬਚਿੱਤਰ ਨਾਟਕ' ਵਿਚ ਸ੍ਵਯੰ ਲਿਖਿਆ ਹੈ :

*ਜਬ ਹੀ ਜਾਤ ਤ੍ਰਿਵੇਣੀ ਭਏ॥ ਪੁੰਨ ਦਾਨ ਦਿਨ ਕਰਤ ਬਤਏ॥*

ਇਸ ਯਾਦ ਵਿਚ ਇਥੇ ਗੁਰਦੁਆਰਾ ਸਾਹਿਬ (ਸੰਗਤ) ਕਾਇਮ ਹੈ। ਪੂਰਬ ਵਿਚ ਗੁਰਦੁਆਰਾ ਸਾਹਿਬ ਨੂੰ 'ਸੰਗਤ' ਕਹਿੰਦੇ ਹਨ।

ਪੁਰਾਣਾ ਰਿਕਾਰਡ ਦਸਦਾ ਹੈ ਕਿ ਸੰਮਤ ੧੯੨੦ (੧੮੬੩ ਈ:) ਵਿਚ ਸੰਤ ਰਾਮ ਸਿੰਘ ਜੀ (ਰਾਮਦਾਸ) ਇਸ ਸਥਾਨ ਦੇ ਮਹੰਤ ਸਨ। ਇਹ ਬੜੇ ਉਚੇ ਜੀਵਨ ਵਾਲੇ ਨਾਮ ਬਾਣੀ ਦੇ ਰਸੀਏ, ਸਤਿ ਪੁਰਖ ਸਨ। ਇਲਾਕੇ ਵਿਚ ਆਪ ਜੀ ਦੇ ਸੈਂਕੜੇ ਸ਼ਰਧਾਲੂ ਸਨ ਜਿਨ੍ਹਾਂ ਵਿਚੋਂ ਨੌਲਖਾ ਨਾਮੀਂ ਜ਼ਿਮੀਂਦਾਰ ਆਪ ਜੀ ਦਾ ਅਨਨਯ ਸੇਵਕ ਸੀ। ਉਸ ਨੇ ਪਿੰਡ ਖਾਨਪੁਰ ਆਪ ਜੀ ਨੂੰ ਭੇਟ ਕਰਕੇ ਆਪ ਜੀ ਦੇ ਨਾਉਂ ਦਾਖਲ ਖਾਰਜ ਕਰਵਾ ਦਿੱਤਾ ਸੀ। ਆਪ ਜੀ ਤੋਂ ਬਾਅਦ ਆਪ ਜੀ ਦਾ ਚੇਲਾ ਸੰਤ ਨਿਹਾਲ ਸਿੰਘ ਮਹੰਤ ਬਣਿਆ। ੨੪ ਮੱਘਰ ਸੰਮਤ ੧੯੨੬ (੭ ਦਸੰਬਰ ਸੰਨ ੧੮੬੯ ਈ:) ਨੂੰ ਪਿੰਡ ਖਾਨਪੁਰ ਮੁੜ ਆਪ ਜੀ ਦੇ ਨਾਉਂ ਦਾਖਲ ਖਾਰਜ ਹੋਇਆ। ਆਪ ਜੀ ਕਾਫੀ ਸਮਾਂ ਮਹੰਤ ਰਹੇ। ਬ੍ਰਿਧ ਅਵਸਥਾ ਵਿਚ ਸੰਤ ਗੁਲਾਬ ਸਿੰਘ ਦੇ ਚੇਲੇ ਸੰਤ ਕਾਨ੍ਹ ਸਿੰਘ ਜੀ (ਸ਼ਿਵਜੀ ਸਿੰਘ ਸੰਪ੍ਰਦਾਇ ਰਾਮਤੀਰਥ) ਨੂੰ ਮਹੰਤ ਬਣਾ ਦਿਤਾ। ੧੧ ਪੋਹ ੧੯੪੭ ਬਿ: (੨੪ ਦਸੰਬਰ, ੧੮੯੦ ਨੂੰ ਮਹੰਤ ਕਾਨ੍ਹ ਸਿੰਘ ਜੀ (ਸ਼ਿਵਜੀ ਸਿੰਘ) ਸੁਰਗ ਸਿਧਾਰ ਗਏ ਤਾਂ ਆਪ ਜੀ ਦੇ ਗੁਰਭਾਈ ਸੰਤ ਤਾਰਾ ਸਿੰਘ ਜੀ ਮਹੰਤ ਬਣੇ। ਫਿਰ ਸੰਤ ਜੈਮਲ ਸਿੰਘ ਜੀ ਮਹੰਤ ਹੋਏ। ਮਹੰਤ ਜੈਮਲ ਸਿੰਘ ਜੀ ਨੇ ਸੰਮਤ ੧੯੬੨ (੧੦ ਫਰਵਰੀ ੧੯੦੬) ਦੇ ਪ੍ਰਯਾਗ ਕੁੰਭ ਉਤੇ ਸੰਤ ਰਾਏ ਸਿੰਘ ਜੀ ਵਰਸਾਵੇ ਵਾਲਿਆਂ ਦੇ ਸ਼ਿਸ਼ ਸੰਤ ਇੰਦਰ ਸਿੰਘ ਜੀ ਨੂੰ ਆਪਣਾ ਉਤਰਾਧਿਕਾਰੀ ਬਣਾਇਆ। ਇਨ੍ਹਾਂ ਨੇ ਵੀ ਕੁਝ ਸਮਾਂ ਮਹੰਤੀ ਕੀਤੀ। ਮਹੰਤ ਇੰਦਰ ਸਿੰਘ ਜੀ ਨੇ ਆਪਣੇ ਸਮੇਂ ਵਿਚ ਸ੍ਰੀ ਮਹੰਤ ਪੰਡਿਤ ਰਾਮ ਸਿੰਘ ਜੀ ਹਰੀਕਿਆਂ ਵਾਲਿਆਂ ਅਤੇ ਭੇਖ ਦੇ ਅਨਯ ਮੁਖੀਆਂ, ਮਹੰਤਾਂ, ਸੰਤਾਂ ਨਾਲ ਵਿਚਾਰ-ਵਿਮਰਸ਼ ਕਰਕੇ ਨੌਵੇਂ ਸਤਿਗੁਰੂ ਜੀ ਦਾ 'ਗੁਰਦੁਆਰਾ ਪੱਕੀ ਸੰਗਤ' ਨਿਰਮਲ ਪੰਚਾਇਤੀ ਅਖਾੜਾ ਕਨਖਲ ਨੂੰ ਸੰਭਾਲ ਦਿਤਾ। ੬ ਹਾੜ ੧੯੬੬ ਬਿ: (੧੯ ਮਈ ੧੯੦੯ ਈ:) ਨੂੰ ਪਿੰਡ ਖਾਨਪੁਰ ਦਾਖਲ ਖਾਰਜ ਕਰਨ ਵਾਸਤੇ ਅਦਾਲਤ ਵਿਚ ਬਿਨੈ ਪੱਤਰ ਦਿਤਾ ਗਿਆ।

ਇਸ ਦਿਨ ਤੋਂ 'ਗੁਰਦੁਆਰਾ ਪੱਕੀ ਸੰਗਤ' ਦਾ ਪ੍ਰਬੰਧ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਕੋਲ ਹੈ। ਜਦੋਂ ਤੋਂ ਇਹ ਸਥਾਨ ਅਖਾੜੇ ਦੇ ਪ੍ਰਬੰਧ ਵਿਚ ਆਇਆ ਹੈ, ਬਹੁਤ ਹੀ ਰੌਣਕ ਹੋਈ ਹੈ। ਪੋਹ ਸੁਦੀ ਸਪਤਮੀ ਦਾ ਗੁਰਪਰਵ ਅਤੇ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਦਾ ਪਰਵ ਇਸ ਸਥਾਨ ਤੇ ਅਖਾੜੇ ਵਲੋਂ ਸਜ ਧੱਜ ਨਾਲ ਮਨਾਇਆ ਜਾਂਦਾ ਹੈ।

ਸੰਮਤ ੧੯੯੦ (੧੯੩੩ ਈ:) ਵਿਚ ਸੰਤ ਸੁੰਦਰ ਸਿੰਘ ਜੀ ਕੁਠਾਰੀ ਪੀਲੀਕੋਠੀ ਦੇ ਮਹੰਤ ਸਨ। ਉਨ੍ਹਾਂ ਨੇ ਆਪਣੇ ਦਿਆਲੂ ਸੁਭਾਅ ਅਨੁਸਾਰ ਲੋਕਲ ਗ੍ਰਹਿਸਥੀ ਸਿੱਖਾਂ ਨੂੰ ਕਈ ਵਿਸ਼ੇਸ਼ ਸਹੂਲਤਾਂ ਦੇ ਦਿਤੀਆਂ ਜਿਸ ਦਾ ਉਨ੍ਹਾਂ ਨੇ ਨਾਜਾਇਜ ਲਾਭ ਉਠਾਕੇ ਇਸ ਇਤਿਹਾਸਕ ਪੱਕੀ ਸੰਗਤ (ਗੁਰਦੁਆਰਾ ਸਾਹਿਬ) ਉਤੇ ਆਪਣਾ ਕਬਜ਼ਾ ਕਰਨ ਦਾ ਯਤਨ ਕੀਤਾ। ਪਰਸਪਰ ਵਿਚਾਰ-ਵਿਮਰਸ ਨਾਲ ਇਹ ਲੋਕ ਮੰਨੇ ਨਹੀਂ, ਤਾਂ ਅਦਾਲਤ ਵਿਚ ਕੇਸ ਚਲਿਆ। 'ਸ੍ਰੀ ਮਹੰਤ' ਪੰਡਿਤ ਜੀਵਨ ਸਿੰਘ ਜੀ ਅਤੇ ਮਹੰਤ ਕੇਹਰ ਸਿੰਘ ਜੀ ਸਕੱਤਰ ਨੇ ਅਣਥੱਕ ਯਤਨ ਨਾਲ ਕੇਸ ਲੜਿਆ। ਕਈ ਮਹੀਨੇ ਮੁਕੱਦਮਾ ਚਲਦਾ ਰਿਹਾ ਅਤੇ ਅਖਾੜੇ ਦਾ ਕਾਫੀ ਖਰਚਾ ਹੋਇਆ। ਅੰਤ ਮਿਤੀ ੨੬-੪-੧੯੩੪ ਈ: ਨੂੰ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੇ ਹੱਕ ਵਿਚ ਫੈਸਲਾ ਹੋਇਆ। ਫੈਸਲੇ ਦੀ ਨਕਲ ਅਸੀਂ ਹੇਠ ਅੰਕਿਤ ਕਰਦੇ ਹਾਂ :

## ਫੈਸਲਾ

ਇਲਾਹਾਬਾਦ ਪਕੀ ਸੰਗਤ ਦਾ ਜੋ ਸਿਟੀ ਮੈਜਿਸਟ੍ਰੇਟ ਦਰਜਾ ਨੰ: ੧ ਲੈਡ ਸਾਹਿਬ ਨੇ ਮੁਕਦਮਾ ਨੰਬਰ ੧੨ ਦਾ ਸੰਨ ੧੯੩੪ ਅਪਰੈਲ ੨੬ ਨੂੰ ਦਿਤਾ।

ਸਰਕਾਰ ਬਨਾਮ ਠਾਕੁਰ ਸਿੰਘ ਵਗੈਰਾ ਮੁਲਜ਼ਮ
ਜੁਰਮ ਦਫਾ ੧੪੫ ਤਾਜ਼ੀਰਾਤ ਹਿੰਦ

ਇਹ ਮੁਕੱਦਮਾ ਦੋਹਾਂ ਪਾਰਟੀਆਂ ਪੰਚਾਇਤੀ ਅਖਾੜਾ ਨਿਰਮਲਾ ਤੇ ਗੁਰੂ ਨਾਨਕ ਸਿੰਘ ਸਭਾ ਦੇ ਵਿਚਕਾਰ ਹੋ ਪਿਆ ਸੀ। ਸਰਕਾਰ ਨੇ ੧੦੭ ਤਾਜ਼ੀਰਾਤ ਹਿੰਦ ਅਨੁਸਾਰ ਦੋਹਾਂ ਧਿਰਾਂ ਦੀਆਂ ਜ਼ਮਾਨਤਾਂ ਲੈ ਲਈਆਂ ਸਨ। ਇਹ ਮੁਆਮਲਾ ਠੀਕ ਤੌਰ ਤੇ ਤਦ ਤਕ ਨਜਿਠਿਆ ਨਹੀਂ ਜਾ ਸਕਦਾ ਜਦ ਤਕ ਕਿਸੇ ਸਿਵਲ ਕੋਰਟ ਤੋਂ ਫੈਸਲਾ ਨਾ ਦਿਤਾ ਜਾਏ। ਇਸ ਲਈ ਛੇਤੀ ਤੋਂ ਛੇਤੀ ੧੪੫ ਦੀ ਕਾਰਵਾਈ ਠੀਕ ਹੈ, ਬਿਨਾਂ ਦੇਰ ਦੇ ਮੁਕੱਦਮੇ ਨੂੰ ਨਜਿਠਿਆ ਜਾਏ। ਸਾਧੂਆਂ ਦੀ ਏਹ ਸ਼ਿਕਾਇਤ ਸੀ ਕਿ ਮੁਕੱਦਮਾ ਚਲਨ ਤੋਂ ਪਹਿਲਾਂ ਕਬਜ਼ਾ ਕਿਸ ਦਾ ਸੀ।

(੧) ਕੋਤਵਾਲੀ ਦੇ ਥਾਨੇਦਾਰ ਰਾਜਕੁਮਾਰ ਸਿੰਘ ਜਿਸ ਨੇ ਇਸ ਅਦਾਲਤ ਦੇ ਹੁਕਮ ਨਾਲ ਪਕੀ ਸੰਗਤ ਨੂੰ ਕੁਰਕ ਕੀਤਾ ਸੀ ਤੇ ਸਾਧੂ ਹਰੀ ਸਿੰਘ ਹਥੋਂ ਕੁੰਜੀਆਂ ਮਿਲੀਆਂ ਸਨ। ਇਕ ਕਮਰੇ ਤੋਂ ਛੁਟ ਹੋਰ ਸਾਰੇ ਕਮਰਿਆਂ ਵਿਚ ਸਾਧਾਂ ਦੀ ਜਾਇਦਾਦ ਮਿਲੀ ਤੇ ਉਸ ਤੋਂ ਪਹਿਲਾਂ ਭੀ ਥਾਣੇਦਾਰ ਨੇ ਵੇਖਿਆ ਸੀ ਕਿ ਪਕੀ ਸੰਗਤ ਵਿਚ ਕੇਵਲ ਸਾਧੂ ਹੀ ਰਹਿੰਦੇ ਸਨ। ਇਸ ਗਲ ਦੀ ਤਸਦੀਕ ਉਸ ਹਲਕੇ ਦੇ ਨਾਇਕ ਰਾਮ ਪ੍ਰਸ਼ਾਦਿ ਨੇ ਭੀ ਕੀਤੀ ਸੀ। ਮੇਰੀ ਰਾਇ ਵਿਚ ਸਿਖਾਂ ਦੀ ਕੋਸ਼ਿਸ਼ ਜੋ ਪੁਲਸ ਪਰ ਇਲਜ਼ਾਮ ਲਾਉਣ ਦੀ ਹੈ ਬਿਲਕੁਲ ਝੂਠ ਹੈ।

(੨) ਮਹਾਂਦੇਵ ਨਾਮ ਇਕ ਸੁਨਾਰ ਕਰਾਇਆ ਸਾਧੂਆਂ ਨੂੰ ਹੀ ਦਿੰਦਾ ਰਿਹਾ ਹੈ, ਜਿਸ ਦੀਆਂ ਰਸੀਦਾਂ ਮਿਸਲ ਨਾਲ ਹਨ।

(੩) ਪਕੀ ਸੰਗਤ ਦੇ ਵਾਟਰ ਟੈਕਸ ਦੀਆਂ ਰਸੀਦਾਂ ਸਾਧੂ ਦੇਂਦੇ ਰਹੇ ਹਨ।

(੪) ਮਿਊਂਸਿਪਲ ਬੋਰਡ ਦੇ ਸਬੰਧ ਵਿਚ ਰੀਕਾਰਡ ਸਾਧੂਆਂ ਦਾ ਕਬਜਾ ਦਸਦਾ ਹੈ। ਸੁੰਦਰ ਸਿੰਘ ਨੇ ਸੰਨ ੧੯੩੩ ਵਿਚ ਇਤਰਾਜ਼ ਕੀਤਾ ਸੀ, ਭਾਵੇਂ ਇਸ ਦਾ ਲਿਖਿਆ ਦੋਹਾਂ ਧਿਰਾਂ ਦਾ ਸੰਬੰਧ ਚੰਗਾ ਨਹੀਂ ਦਸਦਾ ਸੀ; ਪਰ ਦਾਖਲ ਖਾਰਜ ਰਦ ਨਹੀਂ ਹੋ ਗਿਆ।

(੫) ਮਹੰਤ ਸੋਹਣ ਸਿੰਘ ਪਕੀ ਸੰਗਤ ਦੇ ਪੁਜਾਰੀ ਸੰਨ ੧੯੨੦ ਤੋਂ ੧੯੨੭ ਤਕ ਸੀ, ਉਸ ਨੇ ਕੁਝ ਮਕਾਨ ਵੀ ਬਨਾਏ ਸਨ। ਇਹ ਮਿਉਂਸਿਪਲ ਬੋਰਡ ਦੇ ਕਾਗਜ਼ਾਤ ਤੇ ਇਕ ਸਿਖ ਲੀਡਰ ਠਾਕੁਰ ਸਿੰਘ ਦੇ ੧੪੬ ਦਫਾ ਦੇ ਮੁਕੱਦਮਾ ਦੀਵਾਨੀ ਜੋ ਕਿ ੧੯੨੬ ਵਿਚ ਸਹਾਰਨਪੁਰ ਦੇ ਸਬ ਜਜ ਦੇ ਹੋਇਆ ਸੀ।

(੬) ਮਹੰਤ ਕੇਹਰ ਸਿੰਘ ਜੀ ਸਕੱਤ੍ਰ ਨਿਰਮਲ ਅਖਾੜਾ ਦੇ ਬਿਆਨ ਸੁਣਨ ਤੋਂ ਮੈਨੂੰ ਇਸ ਗੱਲ ਦਾ ਸ਼ਕ ਬਿਲਕੁਲ ਨਹੀਂ ਹੈ ਕਿ ਕੁਠਾਰੀ ਤੋਂ ਪਹਿਲਾਂ ਪਕੀ ਸੰਗਤ ਤੇ ਸਾਧੂਆਂ ਦਾ ਕਬਜ਼ਾ ਸੀ, ਇਹ ਚੰਗੀ ਤਰ੍ਹਾਂ ਸਾਬਤ ਹੋ ਗਿਆ ਹੈ ਤੇ ਇਸ ਦੇ ਮੁਤਾਬਿਕ ਮੈਂ ਹੁਕਮ ਦੇਂਦਾ ਹਾਂ ਕਿ ਕੁਰਕੀ ਹਟਾ ਦਿਤੀ ਜਾਏ ਤੇ ਉਨ੍ਹਾਂ ਦੇ ਹਵਾਲੇ ਕਰ ਦਿਤਾ ਜਾਏ। ਇਸ ਹੁਕਮ ਦਾ ਅਸਰ ਉਨ੍ਹਾਂ ਲੋਕਾਂ ਪੁਰ ਨਹੀਂ ਪਵੇਗਾ, ਜੋ ਮੁਨਾਸਿਬ ਤੌਰ ਪਰ ਗੁਰਦਵਾਰੇ ਵਿਚ ਪੂਜਾ ਦੇ ਵਾਸਤੇ ਆਉਣਗੇ।

ਦਸਤਖਤ ਲੈਡ ੨੬-੪-੩੪
ਲ: ਗ:

੨੩ ਅਸੂ ਸੰਮਤ ੧੯੯੧ (੧੯੩੪ ਈ:) ਵਿਚ ਸੋਮਾਵਤੀ ਅਮਾਵਸ ਦਾ ਮੇਲਾ ਫਲਗੂ ਵਿਚ ਮਨਾਇਆ ਗਿਆ ਜਿਸ ਵਿਚ ਗੁਰਬਾਣੀ ਕਥਾ ਕੀਰਤਨ ਦਾ ਕਈ ਦਿਨ ਪ੍ਰਵਾਹ ਚਲਦਾ ਰਿਹਾ। ਇਥੇ ਸ੍ਰੀ ਮਹੰਤ ਜੀ ਬੀਮਾਰ ਹੋ ਗਏ। ਬੀਮਾਰੀ ਦੀ ਹਾਲਤ ਵਿਚ ਹੀ ਆਪ ਜੀ ਨੂੰ ਪਟਿਆਲੇ ਲਿਆਂਦਾ ਗਿਆ ਪਰ ਆਪ ਜੀ ਨੂੰ ਇਥੇ ਵੀ ਆਰਾਮ ਨ ਹੋਇਆ ਬਲਕਿ ਤੇਜ਼ ਨਮੂਨੀਆਂ ਹੋ ਗਿਆ। ਪਟਿਆਲੇ ਤੋਂ ਵੀ ਬੀਮਾਰੀ ਦੀ ਹਾਲਤ ਵਿਚ ਹੀ ਕਨਖਲ ਲਿਆਂਦਾ ਗਿਆ। ੩ ਕੱਤਕ ਦਿਨ ਸ਼ੁਕਰਵਾਰ ਸੰਮਤ ੧੯੯੧ ਬਿ: (੧੯੩੪ ਈ:) ਨੂੰ ਕੁਠਾਰ ਵਾਲੀ ਹਵੇਲੀ ਵਿਚ ਪ੍ਰਵੇਸ਼ ਸਮੇਂ ਹੀ ਆਪ ਗੁਰਪੁਰੀ ਸਿਧਾਰ ਗਏ। ਭੇਖ ਵਿਚ ਸ਼ੋਕ ਦੀ ਲਹਿਰ ਫੈਲ ਗਈ। ਮਹੰਤ ਕੇਹਰ ਸਿੰਘ ਜੀ ਸਕੱਤਰ ਅਤੇ ਭੇਖ ਦੇ ਮੁਖੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਰਖ ਕੇ ਸਤ੍ਹਾਰੀ ਦਾ ਦਿਨ ੨੯ ਕੱਤਕ ਨਿਯਤ ਕੀਤਾ।

ਸਤ੍ਹਾਰੀ ਦੇ ਭੋਗ ਤੋਂ ਪਹਿਲਾਂ ਹੀ ਭੇਖ ਵਿਚ ਸ੍ਰੀ ਮਹੰਤ ਦੀ ਚੋਣ ਬਾਰੇ ਵਿਚਾਰ-ਵਿਮਰਸ਼ ਹੋਣ ਲਗ ਪਿਆ ਸੀ। ਅੰਤ ਸਾਰੇ ਭੇਖ ਦੀ ਸੰਮਤੀ ਨਾਲ ਸ੍ਰੀ ੧੦੮ ਪੰਡਿਤ ਸੁੱਚਾ ਸਿੰਘ ਜੀ ਪਿੰਡੀਘੇਬ ਵਾਲੇ 'ਸ੍ਰੀ ਮਹੰਤ' ਸਥਾਪਨ ਕੀਤੇ ਗਏ।

੨੯ ਕੱਤਕ ਨੂੰ ਸਾਰੇ ਦੇਸ਼ ਵਿਚੋਂ ਨਿਰਮਲ ਭੇਖ ਇਕੱਤਰ ਹੋਇਆ। 'ਸ੍ਰੀ ਮਹੰਤ' ਪੰਡਿਤ ਜੀਵਨ ਸਿੰਘ ਜੀ ਮਹਾਰਾਜ ਦੀ ਯਾਦ ਵਿਚ ਭੋਗ ਪਿਆ। ਅੰਤਿਮ ਅਰਦਾਸ ਹੋਈ। ਉਪ੍ਰੰਤ ਭੇਖ ਨੇ ਸਤਿਕਾਰ ਪੂਰਬਕ ਸ੍ਵਾਮੀ ਸੁੱਚਾ ਸਿੰਘ ਜੀ ਮਹਾਰਾਜ ਨੂੰ 'ਸ੍ਰੀ ਮਹੰਤ' ਦੀ ਗੱਦੀ ਤੇ ਬਿਠਾਇਆ। ਸਿਰੋਪਾਉ ਤੇ ਦਸਤਾਰਾਂ ਭੇਟ ਕੀਤੀਆਂ ਅਤੇ ਮਰਿਆਦਾ ਪੂਰਬਕ ਵਿਧੀਵਤ 'ਸ੍ਰੀ ਮਹੰਤ' ਨਿਯੁਕਤ ਕੀਤੇ ਗਏ।

ਪੰਡਿਤ ਜੀਵਨ ਸਿੰਘ ਜੀ ਕਾਸ਼ੀ ਸੰਨ ੧੯੩੧ ਤੋਂ ੧੯੩੪ ਤਕ ੪ ਸਾਲਾਂ ਤਕ ਸ੍ਰੀ ਮਹੰਤ ਦੀ ਪਦਵੀ ਤੇ ਰਹੇ। ਕੁਲ ਆਯੂ ੫੮ ਵਰਸ਼ ਸੀ।

## ਅਠਵੇਂ ਸ੍ਰੀ ਮਹੰਤ

# ਸ੍ਰੀਮਾਨ ੧੦੮ ਪੰਡਿਤ ਸੁੱਚਾ ਸਿੰਘ ਜੀ ਪਿੰਡੀਘੇਬ ਵਾਲੇ

ਪੰਡਿਤ ਸੁੱਚਾ ਸਿੰਘ ਜੀ ਮਹਾਰਾਜ ਦਾ ਜਨਮ ਮਾਤਾ ਮਹਿਤਾਬ ਕੌਰ, ਪਿਤਾ ਸ੍. ਨੱਥਾ ਸਿੰਘ 'ਤੂਰ', ਪਿੰਡ ਭਿੰਡਰਕਲਾਂ, ਜ਼ਿਲਾ ਮੋਗਾ ਵਿਖੇ ਸੰਨ ੧੯੮੬ ਈਃ ਨੂੰ ਹੋਇਆ। ਬਚਪਨ ਘਰ ਵਿਚ ਹੀ ਬੀਤਿਆ। ਆਪ ਜੀ ਦੀ ਆਯੂ ਛੇ ਵਰਸ਼ ਦੀ ਸੀ ਜਦੋਂ ਮਾਤਾ-ਪਿਤਾ ਸ੍ਵਰਗਵਾਸ ਹੋ ਗਏ। ਆਪ ਜੀ ਦਾ ਪਾਲਣ ਆਪ ਜੀ ਦੇ ਚਾਚੇ ਸ੍. ਅਤਰ ਸਿੰਘ ਜੀ ਨੇ ਕੀਤਾ। ਆਪ ਜੀ ਨੂੰ ਸੰਤ ਕੇਸ਼ੋਦਾਸ ਜੀ ਦੇ ਡੇਰੇ ਪੜ੍ਹਣ ਲਈ ਪਾ ਦਿੱਤਾ। ਡੇਰੇ ਗੁਰਮੁਖੀ, ਗੁਰਬਾਣੀ ਅਤੇ ਭਾਸ਼ਾ ਦੇ ਛੋਟੇ-ਛੋਟੇ ਗ੍ਰੰਥਾਂ ਦਾ ਅਧਿਐਨ ਕੀਤਾ। ਸੰਤ ਕੇਸ਼ੋਦਾਸ ਜੀ ਦੇ ਡੇਰੇ ਵਿਚ ਚਲ ਰਹੇ ਸਤਿਸੰਗ ਦੇ ਪ੍ਰਵਾਹ ਨੇ ਆਪ ਜੀ ਦੀ ਵ੍ਰਿਤੀ ਵੀ ਧਾਰਮਿਕ ਬਣਾ ਦਿਤੀ। ਆਪ ਵਿਦਿਆ ਪੜ੍ਹਦੇ, ਸੇਵਾ ਕਰਦੇ, ਸਤਿਸੰਗ ਸੁਣਦੇ ਸ਼ੁਭ ਗੁਣਾਂ ਨਾਲ ਭਰਪੂਰ ਹੁੰਦੇ ਰਹੇ।

ਸੰਨ ੧੮੯੯ ਈਃ ਵਿਚ ਤਪੋਨਿਧੀ ਸ੍ਵਾਮੀ ਭਗਤ ਸਿੰਘਜੀ ਮਹਾਰਾਜ ਪਿੰਡੀਘੇਬ ਵਾਲੇ ਭਿੰਡਰ ਕਲਾਂ ਵਿਖੇ ਸ੍ਵਾਮੀ ਕੇਸ਼ੋਦਾਸ ਜੀ ਦੇ ਡੇਰੇ ਵਿਚ ਆਏ। ਸੁਬਹ-ਸ਼ਾਮ ਨੂੰ ਗੁਰਪ੍ਰਤਾਪ ਸੂਰਜ ਦੀ ਕਥਾ ਵੀ ਕਰਦੇ ਸਨ। ਬਾਲਕ ਸੁੱਚਾ ਸਿੰਘ ਪ੍ਰੇਮ ਪੂਰਬਕ ਕਥਾ ਨੂੰ ਸ਼ਰਵਨ ਕਰਨ ਲਗੇ। ਸ੍ਵਾਮੀ ਜੀ ਦੇ ਤਪ ਤਿਆਗ, ਨਾਮ ਸਿਮਰਨ ਦਾ ਪ੍ਰਭਾਵ, ਪ੍ਰਭਾ ਮੰਡਲ ਦਾ ਪ੍ਰਕਾਸ਼, ਦਰਸ਼ਨ ਕਰਕੇ ਬਾਲਕ ਸ੍ਰੀ ਸ੍ਵਾਮੀ ਜੀ ਮਹਾਰਾਜ ਦੇ ਚਰਨ ਕਮਲਾਂ ਦਾ ਭੌਰਾ ਬਣ ਗਿਆ।

***'ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ।***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ।'***

*(ਪੰਨਾ ੨੦੪)*

ਕਾਫੀ ਦਿਨ ਕਥਾ ਕੀਰਤਨ, ਸਤਿਸੰਗ ਦਾ ਪ੍ਰਵਾਹ ਚਲਦਾ ਰਿਹਾ ਜਿਸ ਵਿਚ ਇਹ ਬਾਲਕ ਆਤਮਿਕ ਆਨੰਦ ਪ੍ਰਾਪਤ ਕਰਦਾ ਰਿਹਾ। ਇਕ ਦਿਨ ਸ੍ਵਾਮੀ ਭਗਤ ਸਿੰਘ ਜੀ ਮਹਾਰਾਜ ਭਿੰਡਰਕਲਾਂ ਤੋਂ ਵਾਪਸ ਆਪਣੇ ਆਸ਼੍ਰਮ ਥੇਹ ਸਾਹਿਬ ਪਿੰਡ ਧੂੰਦਾ (ਗੋਇੰਦਵਾਲ ਸਾਹਿਬ) ਚਲੇ ਗਏ। ਬਾਲਕ ਸੁਚਾ ਸਿੰਘ ਨੂੰ ਪਤਾ ਲਗਾ ਕਿ ਸ੍ਵਾਮੀ ਜੀ ਤਾਂ ਚਲੇ ਗਏ ਹਨ। ਆਪ ਜੀ ਨੇ ਕਿਸੇ ਸਿਆਣੇ ਪਾਸੋਂ 'ਸੰਤਪੁਰਾ ਥੇਹ ਸਾਹਿਬ ਧੂੰਦਾ' ਦਾ ਪੂਰਾ ਪਤਾ ਲੈ ਲਿਆ। ਬਿਨਾਂ ਕਿਸੇ ਨੂੰ ਦੱਸੇ ਬਿਆਸ ਨਦੀ ਪਾਰ ਕਰਕੇ ਥੇਹ ਸਾਹਿਬ ਸ੍ਵਾਮੀ ਜੀ ਮਹਾਰਾਜ ਦੇ ਪਾਵਨ ਚਰਨਾਂ ਵਿਚ ਪੁਜ ਗਏ। ਸ਼ਸ਼ਟਾਂਗ ਡੰਡਾਉਤ ਕਰਕੇ ਚਰਨਾਂ ਵਿਚ ਪੈ ਗਏ। **'ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ, ਬੁਧ ਕੀ ਨ ਬੁਧ ਰਹੀ ਮਤਿ ਮੇਂ ਨ ਮਤਿ ਹੈ।'** ਵਾਲੀ ਅਵਸਥਾ ਹੋ ਗਈ। ਪ੍ਰੇਮ ਅੰਸੂਆਂ ਨਾਲ ਸ੍ਰੀ ਚਰਨ ਧੋ ਦਿਤੇ। ਸ੍ਵਾਮੀ ਜੀ ਨੇ ਆਸ਼ਰੀਵਾਦ ਦਿੱਤਾ ਅਤੇ ਪੁਛਿਆ, 'ਕਿਥੋਂ ਆਏ ?'

'ਜੀ ਭਿੰਡਰਾਂ ਤੋਂ', 'ਕਿਸ ਵਾਸਤੇ ?' 'ਜੀ ਦਰਸ਼ਨ ਵਾਸਤੇ।' 'ਦਰਸ਼ਨ ਤਾਂ ਹੋ ਗਏ' ਸ੍ਵਾਮੀ ਜੀ ਬੋਲੇ।

'ਆਪ ਜੀ ਦੇ ਚਰਨਾਂ ਵਿਚ ਰਹਿਣ ਦੀ ਇੱਛਾ ਹੈ।' ਸੁੱਚਾ ਸਿੰਘ ਨੇ ਹੱਥ ਜੋੜਕੇ ਆਖਿਆ।

'ਇਹ ਭਿਆਨਕ ਜੰਗਲ ਹੈ, ਸਰਪ ਆਦਿਕ ਭਿਆਨਕ ਜੀਵਾਂ ਦਾ ਹਰ ਸਮੇਂ ਡਰ ਹੈ, ਕੀ ਤੇਰਾ ਮਨ ਇਥੇ ਲਗ ਜਾਏਗਾ ?' ਸੁਾਮੀ ਜੀ ਨੇ ਪੁਛਿਆ।

'ਜੀ ! ਆਪ ਜੀ ਦੇ ਪਾਵਨ ਚਰਨਾਂ ਵਿਚ ਲਗ ਜਾਏਗਾ।' ਸੁੱਚਾ ਸਿੰਘ ਨੇ ਹੱਥ ਜੋੜਕੇ ਆਖਿਆ। ਸੁਾਮੀ ਜੀ ਨੇ ਬਾਲਕ ਦੇ ਮਸਤਕ ਵਲ ਵੇਖਿਆ ਅਤੇ ਇਕ ਟੱਕ ਕਾਫੀ ਸਮਾਂ ਵੇਖਦੇ ਹੀ ਰਹੇ। ਜਾਣ ਲਿਆ ਕਿ ਇਹ ਤਾਂ ਮਹਾਨ ਤਪੱਸ੍ਵੀ ਆਤਮਾ ਹੈ, ਅਤੇ **'ਪੂਰਬ ਜਨਮ ਕੇ ਸੰਜੋਗੀ ਹਨ।'** ਭਵਿੱਸ਼ਜ ਵਿਚ ਲਖਾਂ ਵਿਅਕਤੀਆਂ ਨੂੰ ਸਦ-ਮਾਰਗ ਪਾਉਣਗੇ। ਇਕ ਸੰਤ ਨੂੰ ਆਵਾਜ਼ ਦੇਕੇ ਫਰਮਾਇਆ, 'ਤਿਆਰੀ ਕਰੋ, ਇਸ ਬਾਲਕ ਨੂੰ ਅੰਮ੍ਰਿਤਪਾਣ ਕਰਵਾਉਣਾ ਹੈ।' ਤੁਰੰਤ ਪ੍ਰਬੰਧ ਹੋ ਗਿਆ। ਸੁਾਮੀ ਜੀ ਨੇ ਪੰਜ ਪਿਆਰਿਆਂ ਰਾਹੀਂ ਬਾਲਕ ਨੂੰ ਅੰਮ੍ਰਿਤ ਦੀ ਦਾਤ ਬਖਸ਼ਕੇ ਗੁਰਮੰਤ੍ਰ ਦਿੱਤਾ ਅਤੇ ਮਰਯਾਦਾ ਅਨੁਸਾਰ ਸ਼ਿਸ਼ ਬਣਾ ਲਿਆ।

ਬਸ ! ਹੁਣ ਆਪ ਘਾਲ ਵਿਚ ਲਗ ਗਏ। ਰਾਤ ਨੂੰ ਅੰਮ੍ਰਿਤ ਵੇਲੇ ਦੋ ਵਜੇ ਉਠਣ ਦਾ ਅਭਿਆਸ ਬਣਾਇਆ। ਸ਼ੌਚ ਇਸ਼ਨਾਨ ਕਰਕੇ ਸ਼ਬਦ ਦਾ ਅਭਿਆਸ ਕਰਦੇ; ਫਿਰ ਨਿਤਨੇਮ ਕਰਕੇ ਡੇਰੇ ਦੀ ਸੇਵਾ ਵਿਚ ਲਗ ਜਾਂਦੇ। ਝਾੜੂ ਫੇਰਦੇ, ਖੂਹ ਵਿਚੋਂ ਲੰਗਰ ਲਈ ਪਾਣੀ ਕਢਦੇ, ਸਾਰੇ ਲੰਗਰ ਦੇ ਬਰਤਨ ਸਾਫ ਕਰਦੇ, ਲੰਗਰ ਵਾਸਤੇ ਲਕੜੀ ਲਿਆਉਂਦੇ, ਡੇਰੇ ਅਤੇ ਸੁਾਮੀ ਜੀ ਦੀ ਸੇਵਾ ਵਿਚ ਆਪਣਾ ਆਪ ਹੀ ਭੁਲੇ ਰਹਿੰਦੇ। ਕੁਝ ਸਮਾਂ ਸੰਥਿਆ ਦੁਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦੇ। ਕੁਝ ਸਮਾਂ ਸੁਾਮੀ ਜੀ ਭਾਸ਼ਾ, ਵੇਦਾਂਤ ਤੇ ਨੀਤੀ ਦੇ ਨਿੱਕੇ-ਨਿੱਕੇ ਗ੍ਰੰਥ ਪੜ੍ਹਾਉਂਦੇ। ਜਦੋਂ ਗੁਰਬਾਣੀ ਦਾ ਸ਼ੁਧ ਪਾਠ ਹੋ ਗਿਆ। ਅਰਥ-ਬੋਧ ਵਾਸਤੇ ਸੁਾਮੀ ਨੇ ਆਪ ਜੀ ਨੂੰ ਗਿਆਨੀ ਨਾਰਾਇਣ ਸਿੰਘ ਪਾਸ ਪਿੰਡ ਕੋਟਲੀ ਜ਼ਿਲਾ ਗੁਜਰਾਤ (ਪਾਕਿਸਤਾਨ) ਵਿਖੇ ਭੇਜ ਦਿਤਾ। ਇਥੇ ਗੁਰਬਾਣੀ ਦਾ ਅਰਥ-ਬੋਧ, ਸਿਖਿਆ ਅਤੇ ਵੇਦਾਂਤ ਦਾ ਅਧਿਐਨ ਕੀਤਾ। ਮਗਰੋਂ ਸੁਾਮੀ ਜੀ ਨੇ ਰਿਸ਼ੀਕੇਸ਼ ਵਿਚ ਪ੍ਰਸਿਧ ਵਿਦਵਾਨ ਸਰਵ ਦਰਸ਼ਨਾਚਾਰਯ ਬਾਬਾ ਪ੍ਰੇਮ ਸਿੰਘ ਜੀ ਕੋਲ ਉੱਚ ਵਿਦਿਆ ਵਾਸਤੇ ਭੇਜ ਦਿੱਤਾ। ਇਥੇ ਆਪ ਜਿਥੇ ਵਿਦਿਆ ਅਧਿਐਨ ਕਰਦੇ ਸਨ, ਨਾਲ ਹੀ ਸਿਮਰਨ ਤੇ ਮਹਾਨ ਤਪੱਸਿਆ ਵੀ ਕਰਦੇ ਸਨ। ਦੋ ਵਜੇ ਉੱਠਕੇ ਗੰਗਾ ਜੀ ਵਿਚ ਇਸ਼ਨਾਨ ਕਰਕੇ ਗੁਰਮੰਤ੍ਰ ਦਾ ਅਭਿਆਸ ਕਰਦੇ ਸਨ। ਮੁੜ ਗੁਰਬਾਣੀ ਦਾ ਨਿਤਨੇਮ ਕਰਕੇ ਪਠਨ-ਪਾਠਨ ਕਰਦੇ ਸਨ। ਆਪ ਜੀ ਦੀ ਬੁਧੀ ਅਤਿ ਤੀਖਣ ਸੀ। ਇਥੇ ਆਪ ਜੀ ਨੇ ਵਿਦਿਆ ਅਭਿਆਸ ਸਮੇਂ ਸੰਸਕ੍ਰਿਤ ਦੇ ਕਾਫੀ ਗ੍ਰੰਥ ਲਘੂਕੌਮੁਦੀ, ਮਧਯਕੌਮੁਦੀ, ਤਰਕ ਸੰਗ੍ਰਹਿ, ਨਯਾਯ ਸਿਧਾਂਤ ਮੁਕਤਾਵਲੀ, ਰਘੂਵੰਸ਼ (ਮਹਾਂਕਾਵਿ) ਪੰਚਦਸੀ, ਗੀਤਾ ਆਦਿਕ ਗ੍ਰੰਥ ਕੰਠਸਥ ਕਰ ਲਏ ਸਨ।

ਬਾਬਾ ਪ੍ਰੇਮ ਸਿੰਘ ਜੀ ਨੇ ਹਰ ਤਰ੍ਹਾਂ ਦੀ ਦਾਰਸ਼ਨਿਕ ਉੱਚ ਵਿਦਿਆ ਵਾਸਤੇ ਕਾਸ਼ੀ ਜੀ ਭੇਜ ਦਿਤਾ। ਇਥੇ ਆਪ ਜੀ ਨੇ 'ਸੰਗਤ ਲਾਹੌਰੀ ਟੋਲਾ' ਵਿਚ ਨਿਵਾਸ ਰਖਿਆ ਅਤੇ ਵੇਦ, ਵੇਦਾਂਤ, ਖਟਦਰਸ਼ਨਾਂ, ਉਪਨਿਸ਼ਦਾਂ, ਬੋਧ, ਜੈਨ ਆਦਿ ਸ਼ਾਸਤ੍ਰਾਂ ਦਾ ਦੀਰਘੁ ਦ੍ਰਿਸ਼ਟੀ ਨਾਲ ਪਠਨ-ਪਾਠਨ ਕੀਤਾ। ਧੁਰੰਧਰ ਵਿਦਵਾਨ ਬਣ ਗਏ। ਆਪ ਜੀ ਦੀ ਮਹਾਨ ਵਿਦਵਤਾ ਦੀ ਜਿਥੇ ਸਾਰੇ ਦੇਸ਼ ਵਿਚ ਖਿਆਤੀ ਹੋ ਗਈ ਉਥੇ ਨਿਰਮਲ ਭੇਖ ਤਾਂ ਆਪ ਜੀ ਦੀ ਵਿਦਿਆ ਤੇ ਅਤਿ ਮਾਣ ਕਰਨ ਲਗਾ। ਆਪ ਜੀ ਦੀ ਸਾਧੂਤਾ, ਪਰਖਰ ਬੁਧੀ, ਪਾਵਨ ਆਚਰਨ, ਨਿਰਮਲ ਜੀਵਨ ਦੀ ਸਾਰੇ ਪ੍ਰਸ਼ੰਸਾ ਹੋਣ ਲਗੀ। ਆਪ ਜੀ ਦੇ ਵਿਅਕਤੀਤ੍ਵ ਤੇ ਭੇਖ ਮਹਾਨ ਗੌਰਵ ਕਰਦਾ ਸੀ।

ਆਪ ਸੁਾਮੀ ਜੀ ਮਹਾਰਾਜ ਦੇ ਸਾਰੇ ਸ਼ਿਸ਼ਾਂ ਵਿਚੋਂ ਛੋਟੀ ਉਮਰ ਦੇ ਸਨ ਅਤੇ ਕਾਸ਼ੀ ਜੀ ਵਿਚ ਪੜ੍ਹ ਰਹੇ ਸਨ। ਆਪ ਜੀ ਦੇ ਮਹਾਨ ਗੁਣਾਂ ਨੂੰ ਵੇਖਕੇ ਆਪ ਜੀ ਦੀ ਗੈਰ ਹਾਜ਼ਰੀ ਵਿਚ ਹੀ ਸੁਾਮੀ ਜੀ ਨੇ 'ਡੇਰਾ ਸੰਤਪੁਰਾ

ਥੇਹਸਾਹਿਬ ਧੂੰਦਾ' ਅਤੇ 'ਸੰਤਪੁਰਾ ਪਿੰਡੀਘੇਬ' ਜ਼ਿਲ੍ਹਾ ਕੈਮਲਪੁਰਾ (ਪਾਕਿਸਤਾਨ) ਦੀ ਵਸੀਅਤ ਆਪ ਜੀ ਦੇ ਨਾਉਂ ਕਰਵਾ ਦਿੱਤੀ ਸੀ। ਆਪ ਸ੍ਵਾਮੀ ਜੀ ਪੰਚਭੂਤਕ ਸਰੀਰ ਤਿਆਗ ਗਏ।

ਆਪ ਜੀ ਨੂੰ ਕਾਸ਼ੀ ਜੀ ਤੋਂ ਬੁਲਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਆਰੰਭ ਕਰਕੇ ਸਤ੍ਹਾਰੀ ਦਾ ਦਿਨ ਨਿਯਤ ਕੀਤਾ ਗਿਆ। ਭੋਗ ਦੇ ਸਮੇਂ ਸਾਰਾ ਨਿਰਮਲ ਭੇਖ ਇਕੱਤਰ ਹੋਇਆ। ਅੰਤਮ ਅਰਦਾਸ ਹੋਈ। ਉਪਰੰਤ ਸਾਰੇ ਗੁਰਭਾਈਆਂ, ਡੇਰਾ ਬਾਬਾ ਮਿਸ਼ਰਾ ਸਿੰਘ ਅੰਮ੍ਰਿਤਸਰ ਤੋਂ ਸ੍ਰੀਮਾਨ ਮਹੰਤ ਰਤਨ ਸਿੰਘ ਜੀ, ਨਿਰਮਲ ਪੰਚਾਇਤੀ ਅਖਾੜੇ ਅਤੇ ਪ੍ਰੇਮੀ ਭਗਤਾਂ ਵਲੋਂ ਪੱਗਾਂ ਦਿੱਤੀਆਂ ਗਈਆਂ। ਸਾਰੇ ਭੇਖ ਦੇ ਪੁਜੇ ਮਹੰਤਾਂ ਸੰਤਾਂ ਨੇ ਵੀ ਪੱਗਾਂ ਦਿੱਤੀਆਂ ਅਤੇ ਪੂਜਾ ਕੀਤੀ। ਆਪ ਜੀ ਨੂੰ ਪਿੰਡੀਘੇਬ ਅਤੇ ਥੇਹਸਾਹਿਬ ਧੂੰਦਾ ਦਾ ਮਹੰਤ ਸਥਾਪਨ ਕੀਤਾ ਗਿਆ।

ਗੱਦੀ ਉਤੇ ਬੈਠਕੇ ਆਪ ਜੀ ਨੇ ਆਪਣੀ ਰਿਹਾਇਸ਼ ਦਾ ਮੁਖ ਕੇਂਦਰ 'ਸੰਤਪੁਰਾ ਪਿੰਡੀਘੇਬ' ਨੂੰ ਰਖਿਆ। ਇਸ ਇਲਾਕੇ ਵਿਚ ਆਪ ਜੀ ਦੀ ਸਿੱਖੀ-ਸੇਵਕੀ ਹਜ਼ਾਰਾਂ ਦੀ ਗਿਣਤੀ ਵਿਚ ਸੀ। ਸੁਬਹ-ਸ਼ਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੀਰਤਨ ਹੁੰਦਾ, ਕਥਾ ਕਰਦੇ, ਸਦ-ਉਪਦੇਸ਼ ਦਿੰਦੇ। ਸਤਿਸੰਗ ਦਾ ਪ੍ਰਵਾਹ ਸ੍ਵਾਮੀ ਜੀ ਦੀ ਤਰ੍ਹਾਂ ਜਾਰੀ ਰਿਹਾ। ਸਤਿਸੰਗ ਹੋਣ ਕਾਰਣ ਸੰਤਪੁਰਾ ਪਿੰਡੀਘੇਬ ਵਿਖੇ ਹਰ ਸਮੇਂ ਮੇਲਾ ਲਗਿਆ ਰਹਿੰਦਾ। ਇਕੱਠ ਵੇਖਕੇ ਪ੍ਰੇਮੀਆਂ ਨੇ ਪ੍ਰਾਰਥਨਾ ਕੀਤੀ, 'ਮਹਾਰਾਜ ! ਸਤਿਸੰਗ ਵਾਸਤੇ ਹਾਲ ਦੀ ਲੋੜ ਅਨੁਭਵ ਹੋ ਰਹੀ ਹੈ।' ਆਪ ਜੀ ਨੇ ਸੁਭਾਵਿਕ ਹੀ ਫਰਮਾਇਆ, 'ਬਣ ਜਾਏਗਾ।' ਬਸ ! ਸ੍ਰੀ ਗੁਰੂ ਗ੍ਰੰਥ ਸਾਹਿਬ ਵਾਸਤੇ ਸੁੰਦਰ ਗੁਰਦ੍ਵਾਰਾ ਅਤੇ ਹਾਲ ਸ਼ੀਘ੍ਰ ਹੀ ਤਿਆਰ ਹੋ ਗਿਆ। ਲੰਗਰ ਦੀ ਭਵ ਇਮਾਰਤ ਬਣ ਗਈ। ਮਹੰਤਾਂ, ਸੰਤਾਂ, ਅਤਿਥੀਆਂ ਅਤੇ ਭਗਤਾਂ ਲਈ ਕਿੰਨੇ ਹੀ ਕਮਰੇ ਬਣ ਗਏ। ਵਿਦਵਾਨਾਂ ਵਾਸਤੇ ਉਪਰ ਚੁਬਾਰੇ ਬਣਾਏ ਗਏ। ਸ਼ੀਲ ਨਦੀ ਵਲ ਹੇਠ ਡੰਗਰਾਂ ਲਈ ਕਮਰੇ ਬਣ ਗਏ। ਆਸ਼੍ਰਮ ਦੇ ਵਿਹੜੇ ਵਿਚ ਸੜਕਾਂ ਕਢਕੇ ਗੁਲਾਬ ਦੇ ਫੁਲ ਲਾਏ ਗਏ। ਉਪਰ ਦੀ ਚਾਰ ਦੀਵਾਰੀ ਕੀਤੀ ਗਈ। ਡਿਉਢੀ ਬਣਾਈ ਗਈ। ਸੰਤਪੁਰਾ ਇਲਾਕੇ ਦਾ ਦਰਸ਼ਨੀਯ ਸਥਾਨ ਬਣ ਗਿਆ।

ਸੰਤਪੁਰੇ ਵਿਚ ਹੀ ਇਕ ਗੁਫਾ ਬਣਾਈ ਗਈ ਜਿਸ ਵਿਚ ਸਿਮਰਨ/ਤਪੱਸਿਆ ਕਰਦੇ ਸਨ। ਸਿਮਰਨ ਦਾ ਰਸ ਆਪ ਜੀ ਨੂੰ ਗੁਰਦੇਵ ਸ੍ਵਾਮੀ ਜੀ ਕੋਲੋਂ ਹੀ ਪ੍ਰਾਪਤ ਹੋ ਗਿਆ ਸੀ।

ਕੁਝ ਸਮੇਂ ਤੋਂ ਬਾਅਦ ਆਪ ਜੀ ਸੰਤਪੁਰੇ ਵਾਲੀ ਗੁਫਾ ਛਡਕੇ ਸ਼ੀਲ ਨਦੀ ਦੀ ਦੂਜੀ ਤਰਫ ਪਹਾੜੀ ਗੁਫਾਵਾਂ ਵਿਚ ੩ ਵਜੇ ਚਲੇ ਜਾਂਦੇ ਅਤੇ ੯ ਵਜੇ ਵਾਪਸ ਆਕੇ ਸਤਿਸੰਗ ਵਿਚ ਸ਼ਾਮਲ ਹੋਕੇ ਸਦ ਉਪਦੇਸ਼ ਦਿੰਦੇ। ਸੰਤਪੁਰੇ ਦਾ ਨਵ ਨਿਰਮਾਣ ਅਤੇ ਪ੍ਰਬੰਧ ਕਰਕੇ ਤੀਰਥ ਯਾਤ੍ਰਾ ਵਾਸਤੇ ਚਲੇ ਗਏ।

ਇਸ ਸਮੇਂ ਆਪ ਜੀ ਨੇ ਚਾਰੇ ਧਾਮ, ਪੰਜੇ ਤਖਤਾਂ ਅਤੇ ਸੱਤਾਂ ਪੁਰੀਆਂ ਦੀ ਯਾਤ੍ਰਾ ਕੀਤੀ। ਕਸ਼ਮੀਰ ਤੋਂ ਲੈ ਕੇ ਕੰਨਿਆਕੁਮਾਰੀ ਤਕ ਭ੍ਰਮਣ ਕੀਤਾ। ਇਸ ਯਾਤ੍ਰਾ ਸਮੇਂ ਪੰਡਿਤ ਕਲਿਆਣ ਸਿੰਘ ਜੀ, ਪੰਡਿਤ ਸੰਪੂਰਨ ਸਿੰਘ ਜੀ ਨਾਲ ਸਨ। ਕੁਝ ਸਮਾਂ ਬਾਬਾ ਜਵੰਧ ਸਿੰਘ ਜੀ ਖਵਾਸਪੁਰ ਵਾਲੇ, ਮਹੰਤ ਨਿਰੰਜਨ ਸਿੰਘ ਜੀ ਗਿਆਨੀ ਅੰਮ੍ਰਿਤਸਰ ਵਾਲੇ ਵੀ ਨਾਲ ਰਹੇ।

ਸੁਬਹ-ਸ਼ਾਮ ਦੈਨਿਕ ਅਤੇ ਮਾਸਿਕ ਸਤਿਸੰਗ ਤਾਂ ਹੁੰਦੇ ਹੀ ਰਹਿੰਦੇ ਸਨ ਪਰ ਆਪ ਜੀ ਨੇ ਨਵੇਂ (ਬਿਕ੍ਰਮੀ) ਸੰਮਤ ਵਾਲੇ ਦਿਨ ਸਾਲਾਨਾ ਯਗਯ ਦਾ ਆਰੰਭ ਕੀਤਾ ਜਿਸ ਵਿਚ ਨਿਰਮਲ ਭੇਖ ਦੇ ਵਿਦਵਾਨ, ਖਟ ਦਰਸ਼ਨ ਸਾਧੂ ਸਮਾਜ, ਪ੍ਰੇਮੀ, ਸਦ-ਗ੍ਰਿਹਸਥੀ, ਗੁਣੀ, ਗਿਆਨੀ, ਵਿਦਵਾਨ ਇਕੱਤਰ ਹੁੰਦੇ ਸਨ। ਤਿੰਨ ਦਿਨ ਸ਼ੀਲ

ਨਦੀ ਦੀ ਰਤੀਲੀ ਜ਼ਮੀਨ ਤੇ ਗੁਰੂ ਕੇ ਲੰਗਰ ਦੀਆਂ ਪੰਗਤਾਂ ਲਗਦੀਆਂ ਜਿਸ ਵਿਚ ਹਿੰਦੂ, ਮੁਸਲਮਾਨ, ਸਿੱਖ ਸਭ ਸ਼ਾਮਲ ਹੁੰਦੇ। ਕਥਾ-ਕੀਰਤਨ ਸ਼ਰਵਨ ਕਰਕੇ ਜਨਮ ਸਫਲ ਕਰਦੇ।

ਸ੍ਰੀ ਮਹੰਤ ਪੰਡਿਤ ਜੀਵਨ ਸਿੰਘ ਜੀ ਕਾਸ਼ੀ ਦੇ ਬ੍ਰਹਮਲੀਨ ਹੋਣ ਤੋਂ ਮਗਰੋਂ ਸੰਮਤ ੧੯੯੧ (੧੯੩੪ ਈ:) ਵਿਚ ਕਨਖਲ ਵਿਖੇ ਭੇਖ ਦਾ ਮਹਾਨ ਸੰਮੇਲਨ ਹੋਇਆ ਜਿਸ ਵਿਚ 'ਸ੍ਰੀ ਮਹੰਤ' ਦੀ ਚੋਣ ਤੇ ਵਿਚਾਰ ਹੋਈ। ਇਸ ਸਮੇਂ ਵਿਚ ਆਪ ਜੀ ਦੇ ਸ਼ੁਭ ਗੁਣਾਂ/ਵਿਦਿਆ ਦੀ ਖਿਆਤੀ ਸਾਰੇ ਦੇਸ਼ ਵਿਚ ਫੈਲ ਚੁਕੀ ਸੀ। ਸਾਰੇ ਭੇਖ ਵਿਚ ਆਪ ਜੀ ਦਾ ਯਸ਼ ਹੋ ਰਿਹਾ ਸੀ। ਇਸ ਵਾਸਤੇ ਨਿਰਮਲ ਭੇਖ ਵਲੋਂ ਸਮਿਲਤ ਹੋਕੇ 'ਸ੍ਰੀ ਮਹੰਤ' ਦੇ ਆਸਨ ਨੂੰ ਸਸ਼ੋਭਿਤ ਕਰਨ ਦਾ ਅਨੁਰੋਧ ਕੀਤਾ ਗਿਆ। ਭੇਖ ਦੀ ਪ੍ਰਾਰਥਨਾ ਸ੍ਵੀਕਾਰ ਕਰਕੇ 'ਸ੍ਰੀ ਮਹੰਤ' ਦੇ ਕਾਰਯਭਾਰ ਨੂੰ ਸੁਦ੍ਰਿੜ੍ਹ ਹਥਾਂ ਵਿਚ ਲਿਆ। ਸਾਰੇ ਭੇਖ ਨੇ ਸਿਰੋਪਾਉ, ਪੱਗਾਂ ਭੇਟ ਕਰਕੇ ਵਿਧੀਵਤ ਪੂਜਾ ਕੀਤੀ। ਮਹਾਰਾਜਾ ਨਰਿੰਦਰ ਸਿੰਘ ਜੀ ਦੀ ਵੱਧੀ ਮਰਯਾਦਾ ਅਨੁਸਾਰ ੭ ਜੁਲਾਈ ੧੯੩੭ ਈ: ਨੂੰ ਮਹਾਰਾਜਾ ਭੂਪਿੰਦਰ ਸਿੰਘ ਜੀ ਪਟਿਆਲਾ ਪਤੀ ਨੇ ਰਿਆਸਤ ਵਲੋਂ ਰੇਸ਼ਮੀ ਸਿਰੋਪਾ, ਪੂਰੀ ਵਰਦੀ ਅਤੇ ਪੂਜਾ ਭੇਜੀ। 'ਸ੍ਰੀ ਮਹੰਤ' ਦੀ ਪਦਵੀ ਤੇ ਆਪ ੫੧ ਵਰਸ਼ ਸਸ਼ੋਭਿਤ ਰਹੇ ਅਤੇ ਅਨੇਕ ਉਪਕਾਰ ਕੀਤੇ। ਵਿਸ਼ੇਸ਼ ਕਰਕੇ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੀ ਮਹਾਨ ਵ੍ਰਿਧੀ ਹੋਈ।

ਆਪ ਜੀ ਦੇ ਸਮੇਂ ਵਿਚ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੀ ਸਥਾਪਨਾ ਦਾ ਸੌ ਸਾਲਾ ਸ਼ਤਾਬਦੀ ਦਿਹਾੜਾ ਆਇਆ ਜਿਸ ਨੂੰ ਆਪ ਜੀ ਦੇ ਪਰਿਸ਼੍ਰਮ ਨਾਲ ਨਿਰਮਲ ਭੇਖ ਨੇ ਸੰਨ ੧੯੬੨ ਈ: ਨੂੰ ਹਰਿਦ੍ਵਾਰ ਦੇ ਕੁੰਭ ਤੇ ਸਜ-ਧੱਜ ਨਾਲ ਮਨਾਇਆ। ਇਸ ਖੁਸ਼ੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡਪਾਠ ਦਾ ਭੋਗ ਪਾਇਆ ਗਿਆ। ਖਟ ਦਰਸ਼ਨ ਸਾਧੂ ਸਮਾਜ ਨੂੰ ਨਿਮੰਤ੍ਰਤ ਕੀਤਾ ਗਿਆ। ਰਾਤ ਨੂੰ ਦੀਪਮਾਲਾ ਤੇ ਆਤਸ਼ਬਾਜੀ ਛੱਡੀ ਗਈ। ਨਿਰਮਲ ਭੇਖ ਦੇ ਚੁਣਵੇਂ ਮਹਾਂਪੁਰਖ ਪੁਜੇ ਹੋਏ ਸਨ। ਮਹਾਰਾਜਾ ਯਾਦਵਿੰਦਰ ਸਿੰਘ ਜੀ ਪਟਿਆਲਾ (ਰਾਜ ਪ੍ਰਮੁੱਖ ਪੈਪਸੂ) ਉਚੇਚੇ ਤੌਰ ਤੇ ਪੁਜੇ ਸਨ। ਇਹ ਸ਼ਤਾਬਦੀ ਸਮਾਰੋਹ ਜਿਥੇ ਪੂਰਣ ਰੂਪ ਵਿਚ ਸਫਲ ਰਿਹਾ ਉਥੇ ਭੇਖ ਦੇ ਗੌਰਵ ਵਿਚ ਵੀ ਅਪਾਰ ਵਾਧਾ ਹੋਇਆ। ਇਸ ਕੁੰਭ ਤੇ ਸ੍ਰੀਮਾਨ ਗਿਆਨੀ ਚੰਨਣ ਸਿੰਘ ਜੀ ਗੁਰਨੇ ਕਲਾਂ ਵਾਲਿਆਂ ਨੇ ਇਕ ਮਹੀਨਾ ਕਥਾ ਕੀਤੀ।

ਆਪ ਜੀ ਦੇ ਸਮੇਂ ਸ੍ਰੀ ਅੰਮ੍ਰਿਤਸਰ ਦਾ ਚਾਰ ਸੌ ਸਾਲਾ ਸਮਾਗਮ ਹੋਇਆ ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਨੇਕ ਤਰ੍ਹਾਂ ਦੇ ਸਮਾਗਮਾਂ ਦਾ ਆਯੋਜਨ ਕੀਤਾ। 'ਸੰਤ ਸਮਾਗਮ' ਦਾ ਆਰੰਭ ਆਪ ਜੀ ਕੋਲੋਂ ਹੀ ਕਰਵਾਇਆ ਗਿਆ। ਇਸ ਸਮਾਗਮ ਵਿਚ ਉਦਾਸੀਨ, ਸੇਵਾ ਪੰਥੀ, ਕਲੇਰਾਂ ਵਾਲੇ, ਰਾੜੇ ਵਾਲੇ, ਮਸਤੂਆਣੇ ਵਾਲੇ ਅਤੇ ਭਿੰਡਰਾਂ ਵਾਲੇ ਅਨੇਕ ਸੰਤ ਸਮਿਲਤ ਹੋਏ ਸਨ।

ਆਪ ਜੀ ਦੇ ਸਮੇਂ ਵਿਚ ੨੮, ੨੯, ੩੦ ਮਾਰਚ ੧੯੭੬ ਈ: ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਗੁਰੂ ਨਾਨਕ ਅਧਿਐਨ ਵਿਭਾਗ ਦੇ ਮੁਖੀ ਪ੍ਰੋ: ਪ੍ਰੀਤਮ ਸਿੰਘ ਜੀ ਦੇ ਪ੍ਰਬੰਧ ਹੇਠ ਨਿਰਮਲ ਪੰਥ ਦੀ ਵਿਦਵਤਾ, ਸਾਹਿਤਯ ਅਤੇ ਪ੍ਰਚਾਰ ਉਪਰ ਗੋਸ਼ਟੀ ਕਰਵਾਈ, ਜਿਸ ਦਾ ਵਿਸ਼ਾ ਸੀ 'ਨਿਰਮਲਾ ਪੰਥ ਦੀ ਪੰਜਾਬ ਦੇ ਧਰਮ ਦਰਸ਼ਨ ਤੇ ਸਾਹਿਤ ਨੂੰ ਦੇਣ।' ਇਸ ਵਿਚ ਦੇਸ਼ ਦੇ ਪ੍ਰਸਿਧ ਵਿਦਵਾਨਾਂ, ਦਿੱਲੀ, ਜੰਮੂ ਅਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਪ੍ਰੋਫੈਸਰਾਂ ਨੇ ਉਤਸ਼ਾਹ ਨਾਲ ਭਾਗ ਲੈਕੇ ਨਿਰਮਲ ਪੰਥ ਦੇ ਵਿਦਵਾਨਾਂ, ਸਾਹਿੱਤਯਕਾਰਾਂ ਅਤੇ ਲੇਖਕਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ ਸੀ।

ਨਿਰਮਲੇ ਵਿਦਵਾਨਾਂ ਵਿਚੋਂ ਪੰਡਿਤ ਗੁਰਦੀਪ ਸਿੰਘ ਜੀ ਕੇਸਰੀ, ਪੰਡਿਤ ਹਕੀਕਤ ਸਿੰਘ ਜੀ 'ਅਰਵਿੰਦ',

ਪੰਡਿਤ ਬਲਬੀਰ ਸਿੰਘ ਜੀ 'ਵਿਯੋਗੀ' ਅਤੇ ਲੇਖਕ (ਗਿਆਨੀ ਬਲਵੰਤ ਸਿੰਘ ਕੋਠਾ ਗੁਰੂ) ਨੇ ਪੇਪਰ ਪੜ੍ਹੇ ਸਨ। ਦੇਸ਼ ਦੀਆਂ ਸਾਧੂ ਸੰਪ੍ਰਦਾਵਾਂ ਵਿਚੋਂ ਨਿਰਮਲ ਭੇਖ ਹੀ ਇਕ ਅਜਿਹਾ ਭੇਖ ਹੈ ਜਿਸ ਉਤੇ ਕਿਸੇ ਰਾਜਕੀਯ ਯੂਨੀਵਰਸਿਟੀ ਨੇ ਸੈਮੀਨਾਰ ਕਰਵਾਇਆ ਹੈ। ਇਸ ਸੈਮੀਨਾਰ ਵਿਚ ਪੜ੍ਹੇ ਗਏ ਪੱਤ੍ਰਾਂ ਦੇ ਸੰਗ੍ਰਹਿ ਦੀ ਪੁਸਤਕ 'ਨਿਰਮਲ ਸੰਪ੍ਰਦਾਇ' ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਬਹੁਤ ਹੀ ਸੁੰਦਰ ਰੂਪ ਵਿਚ ਪ੍ਰਕਾਸ਼ਤ ਕੀਤੀ ਹੈ। ਇਸ ਗ੍ਰੰਥ ਦੇ ਸੰਪਾਦਕ ਪ੍ਰੋਫੈਸਰ ਪ੍ਰੀਤਮ ਸਿੰਘ ਜੀ ਪਟਿਆਲਾ ਹਨ।

ਆਪ ਜੀ ਨੇ ਸਲਾਨਾ ਤਿੰਨ ਸਮਾਗਮ 'ਸੰਤਪੁਰਾ ਥੇਹਸਾਹਿਬ ਪਿੰਡ ਧੂੰਦਾ' ਜ਼ਿਲਾ ਅੰਮ੍ਰਿਤਸਰ, 'ਸੰਤਆਸ਼੍ਰਮ ਮੋਦੀਨਗਰ' (ਉਤਰ ਪ੍ਰਦੇਸ਼) ਅਤੇ 'ਸੰਤਪੁਰਾ ਮਾਡਲ ਟਾਊਨ ਦਿੱਲੀ' ਵਿਖੇ ਆਰੰਭ ਕੀਤੇ ਹਨ।

ਇਨ੍ਹਾਂ ਸਮਾਗਮਾਂ ਸਮੇਂ ਅਖੰਡਪਾਠਾਂ ਦੀਆਂ ਲੜੀਆਂ, ਕਥਾ ਕੀਰਤਨ ਦੇ ਪ੍ਰਚਾਰ ਦਾ ਪ੍ਰਵਾਹ, ਅੰਮ੍ਰਿਤ ਪ੍ਰਚਾਰ, ਨਾਮ-ਬਾਣੀ ਦੀ ਅੰਮ੍ਰਿਤ ਵਰਖਾ ਹੁੰਦੀ ਹੈ ਅਤੇ ਦੇਸ਼ ਦੇ ਕੋਨੇ-ਕੋਨੇ ਵਿਚੋਂ ਸੰਗਤਾਂ ਇਕੱਤਰ ਹੁੰਦੀਆਂ ਹਨ।

ਹਿਰਦੇ ਦੇ ਆਪ ਅਤੀ ਕੋਮਲ ਸਨ। ਦੀਨ-ਦੁਖੀ, ਜਨ ਸਾਧਾਰਣ ਦੇ ਦੁਖ (ਕਸ਼ਟ) ਸੁਣਕੇ ਦ੍ਰਵੀਭੂਤ ਹੋ ਜਾਂਦੇ ਸਨ। ਜਥਾਯੋਗ ਸਹਾਇਤਾ ਅਤੇ ਸਾਂਤਵਨਾ ਦਿੰਦੇ ਸਨ। ਦੇਸ਼ ਦੇ ਦੁਖਾਂ ਕਲੇਸ਼ਾਂ ਅਤੇ ਆਈ ਬਿਪਤਾ ਸਮੇਂ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਸਨ। ੧੯੭੭ ਈ: ਵਿਚ ਆਂਧਰਾ ਪ੍ਰਦੇਸ਼ ਵਿਚ ਆਏ ਭਿਆਨਕ ਸਮੁੰਦਰੀ ਤੂਫਾਨ/ਪ੍ਰਲਯ ਸਮੇਂ ਹਜ਼ਾਰਾਂ ਲੋਕ ਮੌਤ ਦਾ ਸ਼ਿਕਾਰ ਹੋ ਗਏ ਸਨ। ਹਜ਼ਾਰਾਂ ਬੇ ਘਰ ਹੋ ਗਏ ਸਨ। ਇਸ ਸਮੇਂ ਆਪ ਜੀ ਨੇ ੨੦,੦੦੦/- ਰੁਪਏ ਦੁਖੀਆਂ ਦੀ ਸਹਾਇਤਾ ਵਾਸਤੇ ਪ੍ਰਧਾਨ ਮੰਤਰੀ ਸ੍ਰੀ ਮੁਰਾਰਜੀ ਦੇਸਾਈ ਰਾਹੀਂ ਭੇਜੇ ਸਨ।

ਆਪ 'ਸ੍ਰੀ ਮਹੰਤ' ਦੇ ਪਵਿੱਤਰ ਪਦ ਤੇ ੫੧ ਵਰਸ਼ ਸੁਭਾਇਮਾਨ ਰਹੇ। ਆਪ ਜੀ ਦੇ ਇਸ ਸਮੇਂ ਦੌਰਾਨ ਚਾਰ ਕੁੰਭ (ਹਰਿਦ੍ਵਾਰ, ਪ੍ਰਯਾਗਰਾਜ, ਉਜੈਨ ਅਤੇ ਤ੍ਰਿਯੰਬਕੇਸ਼੍ਵਰ ਚਾਰ-ਚਾਰ ਵਾਰ ਹੋਏ ਹਨ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

| ਹਰਿਦ੍ਵਾਰ | ਪ੍ਰਯਾਗ | ਤ੍ਰਿਯੰਬਕ | ਉਜੈਨ |
|---|---|---|---|
| ੧੯੩੯ | ੧੯੪੧ | ੧੯੪੪ | ੧੯੪੪ |
| ੧੯੫੧ | ੧੯੫੩ | ੧੯੫੬ | ੧੯੫੬ |
| ੧੯੬੨ | ੧੯੬੫ | ੧੯੬੮ | ੧੯੬੮ |
| ੧੯੭੪ | ੧੯੭੬ | ੧੯੮੦ | ੧੯੮੦ |

ਆਪ ਜੀ ਦੇ ਸਮੇਂ ਵਿਚ ਹੇਠ ਲਿਖੇ ਮਹਾਂਪੁਰਖ ਸੈਕਟਰੀ ਪਦ ਤੇ ਸੇਵਾ ਕਰਦੇ ਰਹੇ :

ਮਹੰਤ ਕੇਹਰ ਸਿੰਘ ਜੀ ਜਲਾਲ, ਮਹੰਤ ਮਾਨ ਸਿੰਘ ਜੀ, ਮਹੰਤ ਜੋਰਾਵਰ ਸਿੰਘ ਜੀ ਸ਼ਾਸਤ੍ਰੀ ਕਾਸ਼ੀ, ਮਹੰਤ ਮੂਲ ਸਿੰਘ ਜੀ ਅੰਮ੍ਰਿਤਸਰ, ਮਹੰਤ ਜੋਰਾ ਸਿੰਘ ਜੀ, ਮਹੰਤ ਸੁਰਮੁਖ ਸਿੰਘ ਜੀ ਸੇਖਵਾਂ, ਮਹੰਤ ਸੁੰਦਰ ਸਿੰਘ ਜੀ, ਮਹੰਤ ਉਤਮ ਸਿੰਘ ਜੀ।

ਹੇਠ ਲਿਖੇ ਮਹਾਂਪੁਰਖ ਕੁਠਾਰੀ ਰਹੇ :

ਮਹੰਤ ਉਤਮ ਸਿੰਘ ਜੀ, ਮਹੰਤ ਪ੍ਰਤਾਪ ਸਿੰਘ ਜੀ, ਮਹੰਤ ਜਵਾਲਾ ਸਿੰਘ ਜੀ, ਮਹੰਤ ਮੇਹਰ ਸਿੰਘ ਜੀ

ਬਰਨਾਲਾ, ਮਹੰਤ ਦਲੀਪ ਸਿੰਘ ਜੀ ਸੇਖਵਾਂ, ਮਹੰਤ ਭੂਪਾਲ ਸਿੰਘ ਜੀ, ਮਹੰਤ ਹਰਿਭਜਨ ਸਿੰਘ ਜੀ ਬਰਨਾਲਾ, ਮਹੰਤ ਗਿਆਨੀ ਨਿਰੰਜਨ ਸਿੰਘ ਜੀ ਅੰਮ੍ਰਿਤਸਰ, ਮਹੰਤ ਪੰਡਿਤ ਹਕੀਕਤ ਸਿੰਘ ਜੀ 'ਅਰਵਿੰਦ', ਮਹੰਤ ਗਿਆਨੀ ਗੁਰਦਾਸਾ ਸਿੰਘ ਜੀ, ਮਹੰਤ ਸੁਰਮੁਖ ਸਿੰਘ ਜੀ ਸੇਖਵਾਂ।

ਇਸ ਤਰ੍ਹਾਂ ਆਪ ਜੀ ਨੇ ੮੦ ਵਰਸ਼ ਨਾਮ ਬਾਣੀ, ਕਥਾ ਕੀਰਤਨ ਦੀ ਅੰਮ੍ਰਿਤ ਵਰਖਾ ਕੀਤੀ। ਇਕ ਸੌ ਵਰਸ਼ ਪੰਚਭੂਤਕ ਸਰੀਰ ਵਿਚ ਦਰਸ਼ਨ ਦਿੰਦੇ ਰਹੇ। ੫੧ ਵਰਸ਼ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ (ਹਰਿਦੁਆਰ) ਦੇ 'ਸ੍ਰੀ ਮਹੰਤ' ਪਦ ਤੇ ਸੁਸ਼ੋਭਿਤ ਰਹੇ। ਅੰਤ ਵਡੇਰੀ ਆਯੂ ਹੋਣ ਦੇ ਕਾਰਨ ਕੁਝ ਦਿਨ ਮਾਮੂਲੀ ਬੀਮਾਰ ਰਹਿਕੇ ੨੮ ਦਸੰਬਰ ੧੯੮੫ ਨੂੰ ਸਾਯੰਕਾਲ ਬ੍ਰਹਮਲੀਨ ਹੋ ਗਏ।

ਇਹ ਸ਼ੋਕ ਸਮਾਚਾਰ ਕਨਖਲ ਦੇ ਘਰ-ਘਰ ਬਿਜਲੀ ਦੀ ਤਰ੍ਹਾਂ ਫੈਲ ਗਿਆ ਕਿ ਪੂਜਯ ਸ੍ਰੀ ਮਹੰਤ ਜੀ ਮਹਾਰਾਜ ਸਾਡੇ ਕੋਲੋਂ ਚਲੇ ਗਏ ਹਨ। ਸਾਰੇ ਸ਼ੋਕ ਦੀ ਲਹਿਰ ਫੈਲ ਗਈ ਅਤੇ ਕਨਖਲ ਦੇ ਸਾਰੇ ਬਾਜ਼ਾਰ ਸ਼ੋਕ ਵਿਚ ਬੰਦ ਹੋ ਗਏ।

ਸਾਰੇ ਦੇਸ਼ ਵਿਚ ਟੈਲੀਫੋਨ, ਵਾਇਰਲੈਸ ਰਾਹੀਂ ਖਬਰਾਂ ਭੇਜੀਆਂ ਗਈਆਂ। ਲਖਨਊ ਰੇਡੀਉ ਸਟੇਸ਼ਨ ਤੋਂ ਸ਼ੋਕ ਸਮਾਚਾਰ ਪ੍ਰਸਾਰਨ ਹੋਇਆ। ਦੂਸਰੇ ਦਿਨ ਉਤਰ ਪ੍ਰਦੇਸ਼ ਦੇ ਅਖਬਾਰਾਂ ਨੇ ਕਾਲੇ ਹਾਸ਼ੀਏ ਲਾਕੇ ਦੁਖ ਭਰੀ ਖਬਰ ਪ੍ਰਕਾਸ਼ਤ ਕੀਤੀ।

੩੦ ਦਸੰਬਰ ੧੯੮੫ ਈ: ਨੂੰ ਨਿਰਮਲ ਭੇਖ ਅਤੇ ਨਿਰਮਲ ਮਹਾਂਮੰਡਲ ਦੀ ਸ਼ੋਕ ਸਭਾ ਹੋਈ ਜਿਸ ਵਿਚ ੧੩ ਜਨਵਰੀ ੧੯੮੬ ਈ: ਨੂੰ ਸਤ੍ਹਾਰੀ ਦਾ ਦਿਨ ਨਿਯਤ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੧੪੧ ਅਖੰਡਪਾਠਾਂ ਦੀ ਲੜੀ ਆਰੰਭ ਕੀਤੀ ਗਈ।

ਪੰਡਿਤ ਸੁੱਚਾ ਸਿੰਘ ਜੀ ਸੰਨ ੧੯੩੪ ਤੋਂ ੧੯੮੬ ਈ: ਤਕ ੫੧ ਵਰਸ਼ 'ਸ੍ਰੀ ਮਹੰਤ' ਰਹੇ। ਕੁਲ ਆਯੂ ੧੦੦ ਵਰਸ਼ ਸੀ।

## ਨੌਵੇਂ ਸ੍ਰੀ ਮਹੰਤ

# ਸ੍ਰੀਮਾਨ ੧੦੮ ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ

ਬਾਬਾ ਕਾਲਾ ਸਿੰਘ ਜੀ 'ਸੰਧੂ' ਤਥਾ ਪੂਜਯ ਮਾਤਾ ਪ੍ਰਤਾਪ ਕੌਰ ਦੇ ਘਰ ਸ਼ਹਿਰ ਮੁਕਤਿਸਰ ਵਿਖੇ ਸੰਮਤ ੧੯੮੨ ਬਿ: (੧੯੨੫ ਈ:) ਨੂੰ ਪੰਡਿਤ ਬਲਬੀਰ ਸਿੰਘ ਜੀ ਮਹਾਰਾਜ ਦਾ ਜਨਮ ਹੋਇਆ। ਬਚਪਨ ਘਰ ਵਿਚ ਹੀ ਲੰਘਿਆ। ਸ੍ਰੀ ਮੁਕਤਿਸਰ ਗੁਰੂ ਕਾ ਮਹਾਨ ਤੀਰਥ ਹੋਣ ਕਰਕੇ ਚਾਰ ਚੁਫੇਰਾ ਧਾਰਮਿਕ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਇਸ ਪਾਵਨ ਤੀਰਥ ਤੇ ਗੁਰਬਾਣੀ, ਕਥਾ ਕੀਰਤਨ ਦਾ ਪ੍ਰਵਾਹ ਹਰ ਸਮੇਂ ਜਾਰੀ ਰਹਿੰਦਾ ਹੈ ਜੋ ਬਚਪਨ ਵਿਚ ਪੰਡਿਤ ਬਲਬੀਰ ਸਿੰਘ ਜੀ ਦੇ ਹਿਰਦੇ ਵਿਚ ਸੁਭਾਵਿਕ ਹੀ ਸਿੰਚਤ ਹੁੰਦਾ ਰਿਹਾ। ਇਸ ਵਾਸਤੇ ਆਪ ਜੀ ਦੀ ਵ੍ਰਿਤੀ ਬਚਪਨ ਵਿਚ ਹੀ ਧਾਰਮਿਕ ਬਣ ਗਈ। ਆਪ ਸੰਸਾਰਕ, ਵਿਹਾਰਿਕ ਕੰਮਾਂ ਦੀ ਬਜਾਏ ਸ੍ਰੀ ਦਰਬਾਰ ਸਾਹਿਬ ਅਤੇ ਆਪਣੇ ਗੁਰੂਦੇਵ ਪੰਡਿਤ ਹਰਦੇਵ ਸਿੰਘ ਜੀ ਦੇ ਡੇਰੇ ਕਥਾ ਕੀਰਤਨ ਸੁਣਨ, ਸੇਵਾ ਕਰਨ ਵਿਚ ਸਮਾਂ ਬਤੀਤ ਕਰਦੇ ਸਨ। ਡੇਰੇ ਵਿਚ ਹੀ ਗੁਰਮੁਖੀ ਅੱਖਰ ਪੜ੍ਹਕੇ ਗੁਰਬਾਣੀ ਦਾ ਪਾਠ ਕੀਤਾ। ਨਾਲ ਹੀ ਪੰਡਿਤ ਜੀ ਤੋਂ ਹਿੰਦੀ ਦਾ ਅਧਿਐਨ ਕਰਨ ਲਗੇ। ਇਥੇ ਗੁਰਮਤਿ ਦੇ ਉਚ ਪੁਸਤਕ, ਭਾਸ਼ਾ ਅਤੇ ਵੇਦਾਂਤ ਦੇ ਗ੍ਰੰਥਾਂ ਦਾ ਅਧਿਐਨ ਵੀ ਕੀਤਾ। ਪੰਡਿਤ ਹਰਦੇਵ ਸਿੰਘ ਜੀ ਨੇ ਹੋਣਹਾਰ ਵੇਖਕੇ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਦੇ ਸੰਸਕ੍ਰਿਤ ਵਿਦਿਆਲਯ ਵਿਚ ਵਿਦਿਆ ਅਧਿਐਨ ਲਈ ਭੇਜ ਦਿੱਤਾ। ਸ੍ਰੀ ਮਹੰਤ ਪੂਜਯ ਸ੍ਵਾਮੀ ਸੁੱਚਾ ਸਿੰਘ ਜੀ ਮਹਾਰਾਜ ਦੀ ਛਤਰ ਛਾਇਆ ਹੇਠ ਰਹਿਣ ਲਗੇ। ਨਿਰਮਾਣਤਾ, ਸ਼ੁਭ ਗੁਣਾਂ ਦੇ ਕਾਰਣ ਪੂਜਯ ਸ੍ਰੀ ਮਹੰਤ ਜੀ ਮਹਾਰਾਜ ਦੀ ਕ੍ਰਿਪਾ ਦੇ ਪਾਤ੍ਰ ਬਣ ਗਏ। ਸੰਸਕ੍ਰਿਤ ਦੇ ਲਘੂਕੌਮੁਦੀ ਆਦਿਕ ਮੁੱਢਲੇ ਗ੍ਰੰਥਾਂ ਦਾ ਅਭਿਆਸ ਕੀਤਾ। ਕਨਖਲ ਤੋਂ ਵਿਦਿਆ ਸਮਾਪਤ ਕਰਕੇ ਕਾਸ਼ੀ ਜੀ ਵਿਖੇ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੇ ਵਿਦਿਆਲਯ 'ਸੰਗਤ ਲਾਹੌਰੀ ਟੋਲਾ' ਵਿਖੇ ਵਿਦਿਆ ਅਧਿਐਨ ਕਰਨ ਲਗੇ। ਇਥੇ ਸੰਨ ੧੯੪੫ ਈ: ਵਿਚ ਸ਼ਾਸਤ੍ਰੀ ਵਿਚ ਉਤੀਰਣ ਹੋਏ ਅਤੇ ਗੌਰਮਿੰਟ ਸੰਨਿਆਸੀ ਕਾਲਜ ਵਾਰਾਣਸੀ ਤੋਂ ੧੯੪੮ ਈ: ਵਿਚ 'ਵੇਦਾਂਤਾਚਾਰਯ' ਦੀ ਉਪਾਧੀ ਫਸਟ ਡਵੀਜ਼ਨ ਵਿਚ ਪ੍ਰਾਪਤ ਕੀਤੀ।

ਸ੍ਵਾਮੀ ਸੁੱਚਾ ਸਿੰਘ ਜੀ ਮਹਾਰਾਜ ਜਦੋਂ ਵੀ ਆਪ ਜੀ ਨੂੰ ਵਿਦਿਆ ਅਧਿਐਨ ਸਮੇਂ ਆਪਣੀ ਸੇਵਾ ਵਿਚ ਬੁਲਾਉਂਦੇ ਸਨ ਆਪ ਸਾਰੇ ਕੰਮ ਅਤੇ ਵਿਦਿਆ ਅਧਿਐਨ ਤਿਆਗ ਕੇ ਸ੍ਰੀ ਮਹੰਤ ਜੀ ਮਹਾਰਾਜ ਦੀ ਸੇਵਾ ਵਿਚ ਹਾਜ਼ਿਰ ਹੋ ਜਾਂਦੇ ਰਹੇ। ਵਿਦਿਆ ਦੀ ਸਮਾਪਤੀ ਕਰਕੇ ਕੁਝ ਸਮਾਂ ਗੁਰੂ ਚਰਨਾ ਵਿਚ ਸ੍ਰੀ ਮੁਕਤਿਸਰ ਵਿਖੇ ਰਹੇ। ਉਪ੍ਰੰਤ ਹਰਿਦ੍ਵਾਰ ਵਿਖੇ (ਨਿਰਮਲ ਛਾਉਣੀ ਦੇ ਨਜ਼ਦੀਕ) 'ਸ਼ਾਸਤ੍ਰੀ ਨਿਵਾਸ' ਨਿਜ ਦਾ ਸੁੰਦਰ ਸਥਾਨ ਬਣਾਇਆ ਪਰ ਪੂਜਯ ਸ੍ਰੀ ਮਹੰਤ ਜੀ ਮਹਾਰਾਜ ਨੇ ਆਪ ਜੀ ਦੇ ਮਹਾਨ ਗੁਣਾਂ ਨੂੰ ਪਰਖਕੇ ਸ੍ਰੀ ਪਟਨਾ ਸਾਹਿਬ ਵਿਖੇ 'ਗੁਰਦ੍ਵਾਰਾ ਬਾਲ ਲੀਲ੍ਹਾ ਮੈਨੀ ਸੰਗਤ' ਦੇ ਮਹੰਤ ਨਿਯੁਕਤ ਕਰਕੇ ਭੇਜ ਦਿੱਤਾ। ਗੁਰਦ੍ਵਾਰਾ ਬਾਲ ਲੀਲਾ ਦੀ ਇਮਾਰਤ ਬੜੀ ਪੁਰਾਣੀ ਸੀ ਜੋ ਖੰਡਰਾਤ ਬਣ ਗਈ ਸੀ। ਵਾਸਤਵ ਵਿਚ ਇਹ ਉਹੀ ਅਸਲੀ ਮਹਿਲ ਸੀ ਜਿਸ

ਵਿਚ ਰਾਜਾ ਫਤਹਚੰਦ ਮੈਣੀ ਅਤੇ ਉਸਦੀ ਰਾਣੀ (ਵਿਸੰਭਰਾ ਦੇਵੀ) ਦਾ ਨਿਵਾਸ ਸਥਾਨ ਸੀ। ਇਸ ਰਾਜੇ ਦੀ ਜਾਤੀ ਖੱਤਰੀ ਗੋਤ ਮੈਣੀ ਹੋਣ ਕਰਕੇ ਰਾਣੀ ਨੂੰ ਵੀ 'ਮੈਣੀ ਰਾਣੀ' ਹੀ ਕਹਿੰਦੇ ਸਨ। ਇਸੇ ਮੈਣੀ ਰਾਣੀ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਲਾ ਪ੍ਰੀਤਮ ੩-੪ ਵਰਸ਼ ਦੀ ਅਵਸਥਾ ਵਿਚ ਧਰਮ ਪੁੱਤਰ ਬਣਕੇ ਰੋਜ਼ਾਨਾ ਮਹਿਲਾਂ ਵਿਚ ਜਾਕੇ ਛੋਲੇ ਪੂਰੀਆਂ ਛਕਿਆ ਕਰਦੇ ਸਨ।

ਇਸ ਸਥਾਨ ਦੇ ਮਹੰਤ ਬਣਕੇ ਸ਼ਾਸਤ੍ਰੀ ਜੀ ਨੇ ਆਪਣੀ ਵਿਦਿਆ, ਸਿਮਰਨ, ਤਪੱਸਿਆ, ਤਪ-ਤੇਜ ਨਾਲ ਇਸ ਗੁਰ ਸਥਾਨ ਦੀ ਅਦੁਭੁਤ ਦਰਸ਼ਨੀਯ ਇਮਾਰਤ ਬਣਵਾਈ ਜਿਸ ਉੱਤੇ ਲਗਭਗ ੬੦-੭੦ ਲੱਖ ਰੁਪਏ ਖਰਚ ਹੋਏ ਸਨ।

ਗੁਰੂ ਮਹਾਰਾਜ ਜੀ ਦਾ ਹਰਿਮੰਦਰ, ਤਖਤ ਹਾਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਤ ਦੇ ਵਿਸ਼ਰਾਮ ਲਈ ਬਣਾਏ ਸ਼ੀਸ਼ ਮਹਿਲ, ਕੇਵਲ ਵੇਖਣ ਨਾਲ ਹੀ ਸਬੰਧ ਰਖਦੇ ਹਨ। ਇਸ ਹਰਿਮੰਦਰ ਦੀ ਸ਼ੋਭਾ ਕਲਮ ਵਰਣਨ ਕਰਨ ਤੋਂ ਅਸਮਰਥ ਹੈ। ਵਿਸ਼ੇਸ਼ ਗੱਲ ਇਹ ਹੈ ਕਿ ਰਾਜਾ ਫਤਹਚੰਦ ਦੇ ਆਪਣੇ ਲਾਏ ਪੁਰਾਤਨ ਲਾਲ ਪੱਥਰ ਦੇ ਛੇ ਥਮਲੇ/ਸਤੰਬ ਅਤੇ ਸ਼ੀਸ਼ ਮਹਿਲ ਤੇ ਪਾਲਸ਼ ਕਰਕੇ ਲਾਈ ਹੋਈ ਪੁਰਾਤਨ ਇਤਿਹਾਸਕ ਚੁਗਾਠ ਉਚ ਪਵਿਤਰ ਸਰਮਾਇਆ ਹੈ, ਜਿਸਨੂੰ ਦਸਮ ਪਾਤਸ਼ਾਹ ਸਤਿਗੁਰੂ ਜੀ ਬਚਪਨ ਵਿਚ ਵਾਰ-ਵਾਰ ਸਪਰਸ਼ ਕਰਦੇ ਰਹੇ ਹਨ। ਪੁਰਾਤਨ ਥਮਲਿਆਂ ਅਤੇ ਚੁਗਾਠਾਂ ਨੂੰ ਮੁੜ ਪਾਲਸ਼ ਕਰਕੇ ਉਸੇ ਰੂਪ ਵਿਚ ਉਥੇ ਹੀ ਲਾ ਦੇਣਾ, ਸਾਸ਼ਤ੍ਰੀ ਜੀ ਦੇ ਰੌਸ਼ਨ ਦਿਮਾਗ, ਵਿਵੇਕ ਬੁਧੀ ਦਾ ਪਰਿਚਯ ਹੈ। ਸੰਗਤਾਂ ਭਵਿਸ਼ਯ ਵਿਚ ਇਨ੍ਹਾਂ ਅਮੁੱਲ ਇਤਿਹਾਸਿਕ ਵਸਤੂਆਂ ਦੇ ਸਦੀਆਂ ਤੀਕ ਦਰਸ਼ਨ ਕਰਦੀਆਂ ਰਹਿਣਗੀਆਂ।

ਇਸ ਤੋਂ ਬਿਨਾਂ ਯਾਤਰੀਆਂ ਲਈ ਬਣਾਏ ਸੈਂਕੜੇ ਕਮਰੇ ਅਤੇ ਲੰਗਰ ਦੀ ਇਮਾਰਤ ਵੇਖਣ ਯੋਗ ਹੈ। ਇਸ ਸਥਾਨ ਦੇ ਦਰਸ਼ਨ ਕਰਨ ਤੋਂ ਬਾਅਦ ਆਪ ਜੀ ਦੀ ਦ੍ਰਿੜ੍ਹਤਾ, ਸੇਵਾ, ਸਿੱਖੀ ਪ੍ਰੇਮ, ਦਸਮ ਸਤਿਗੁਰੂ ਜੀ ਪ੍ਰਤਿ ਸ਼ਰਧਾ ਭਗਤੀ ਦਾ ਪਤਾ ਲਗਦਾ ਹੈ। ਇਹ ਇਮਾਰਤ ਸਦੀਆਂ ਤੀਕ ਆਪ ਜੀ ਦੀ ਕੀਰਤੀ ਨੂੰ ਪ੍ਰਗਟ ਕਰਦੀ ਰਹੇਗੀ।

ਤਕਰੀਰ ਅਤੇ ਤਹਿਰੀਰ ਦੇ ਵੀ ਧਨੀ ਸਨ। ਆਪ ਜੀ ਦੇ ਮਨੋਹਰ ਵਿਆਖਿਆਨ ਨੂੰ ਉਹੀ ਵਿਅਕਤੀ ਸਮਝ ਅਤੇ ਅਨੁਭਵ ਕਰ ਸਕਦੇ ਹਨ ਜੋ ਸ਼ਰਵਨ ਕਰਦੇ ਸਨ। ਵਿਆਖਿਆਨ ਸਮੇਂ ਕੋਈ ਸ਼ਬਦ ਅਗੜਾ-ਦੁਗੜਾ ਨਹੀਂ ਹੁੰਦਾ ਸੀ। ਪਦ-ਪਦਾਰਥ ਅਗੇ ਪਿਛੇ ਨਹੀਂ ਹੁੰਦਾ ਸੀ। ਕੋਈ ਵੀ ਸ਼ਬਦ ਨਿਰਾਰਥਕ ਨਹੀਂ ਹੁੰਦਾ ਸੀ। ਵਿਆਖਿਆਨ ਵਿਚ ਕਦੇ ਵੀ ਫਿੱਕਾਪਨ, ਬੇਤਰਤੀਬੀ ਨਹੀਂ ਸੁਣੀ ਵੇਖੀ ਸੀ। ਗੁਰਬਾਣੀ ਦੇ ਦ੍ਰਿਸ਼ਟਾਂਤ, ਵੇਦਾਂ, ਉਪਨਿਸ਼ਦਾਂ ਦੇ ਮੰਤ੍ਰਾਂ, ਗੀਤਾ, ਰਾਮਾਇਣ, ਮਹਾਂਭਾਰਤ ਅਤੇ ਪੁਰਾਣਾਂ ਦੇ ਸ਼ਲੋਕਾਂ ਦਾ ਅਜਿਹਾ ਗੁੰਥਨ ਹੁੰਦਾ ਸੀ ਜੋ ਅੰਮ੍ਰਿਤ ਦੇ ਘੁਟ ਪ੍ਰਤੀਤ ਹੁੰਦੇ ਸਨ। ਹਾਜ਼ਿਰ ਜਵਾਬੀ ਅਤੇ ਦਲੀਲ ਕਮਾਲ ਦੀ ਸੀ।

ਇਸੀ ਤਰ੍ਹਾਂ ਆਪ ਜੀ ਪੰਜਾਬੀ ਅਤੇ ਹਿੰਦੀ ਦੇ ਮੰਨੇ ਲੇਖਕ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਬਦਾਰਥ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਹੇਠ ਚਾਰ ਜਿਲਦਾਂ ਵਿਚ ਪ੍ਰਕਾਸ਼ਿਤ ਹੋਇਆ ਹੈ। ਇਸ ਸ਼ਬਦਾਰਥ ਦਾ ਹਿੰਦੀ ਵਿਚ ਅਨੁਵਾਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਆਪ ਜੀ ਦੀ ਸੇਵਾ ਪ੍ਰਾਪਤ ਕਰਕੇ ਉਚੇਚੇ ਤੌਰ ਤੇ ਤਿਆਰ ਕਰਵਾਇਆ ਹੈ। ਇਸ ਤਰ੍ਹਾਂ ਆਪ ਹਰ ਸਮੇਂ ਉਪਕਾਰ ਵਿਚ ਲਗੇ ਰਹਿੰਦੇ ਸਨ।

੨੮ ਦਸੰਬਰ ੧੯੮੫ ਈ: ਨੂੰ ਸ੍ਰੀ ਮਹੰਤ ਸ੍ਵਾਮੀ ਸੁੱਚਾ ਸਿੰਘ ਜੀ ਮਹਾਰਾਜ ਬ੍ਰਹਮਲੀਨ ਹੋ ਗਏ ਤਾਂ ਉਨ੍ਹਾਂ ਦੀ

ਸਤ੍ਹਾਗੀ ਦੇ ਸਮੇਂ ੧੩ ਜਨਵਰੀ ੧੯੮੬ ਈ: ਨੂੰ ਸਰਬ ਸੰਮਤੀ ਨਾਲ ਆਪ ਜੀ ਦਾ ਨਾਂ 'ਸ੍ਰੀ ਮਹੰਤ' ਦੀ ਪਦਵੀ ਲਈ ਪ੍ਰਵਾਨ ਹੋਇਆ। ਪੂਜਯ ਸ੍ਰੀ ਮਹੰਤ ਸ੍ਵਾਮੀ ਸੁੱਚਾ ਸਿੰਘ ਜੀ ਦੀ ਅੰਤਿਮ ਅਰਦਾਸ ਤੋਂ ਬਾਅਦ ੧੩ ਜਨਵਰੀ ੧੯੮੬ ਈ: ਨੂੰ 'ਸ੍ਰੀ ਮਹੰਤ' ਦੀ ਗੱਦੀ ਤੇ ਨਿਰਮਲ ਭੇਖ ਦੀ ਮਰਯਾਦਾ ਨਾਲ ਸੁਸ਼ੋਭਿਤ ਕੀਤਾ ਗਿਆ। ਇਸ ਸਮੇਂ ਨਿਰਮਲ ਭੇਖ ਵਲੋਂ ਪੱਗਾਂ ਤੇ ਸਿਰੋਪਾਉ ਭੇਟ ਕੀਤੇ ਗਏ। ਪੂਜਾ ਕੀਤੀ ਗਈ। ਇਸ ਤਰ੍ਹਾਂ ਖਟ ਦਰਸ਼ਨ ਸਾਧੂ ਸਮਾਜ ਨੇ ਪੂਜਾ ਕਰਕੇ ਪੱਗਾਂ ਦਿਤੀਆਂ। ਸ੍ਰੀ ਹਰਿਮੰਦਰ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਵਲੋਂ ਸਿਰਪਾਉ ਦਿਤੇ ਗਏ। ਨਾਮਧਾਰੀ ਦਰਬਾਰ, ਅਨੇਕ ਹੋਰ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸਭਾ ਸੋਸਾਇਟੀਆਂ ਵਲੋਂ ਪੱਗਾਂ ਤੇ ਪੂਜਾ ਭੇਟ ਕੀਤੀ ਗਈ।

ਆਪ ਇਸ ਸਤਿਕਾਰਯੋਗ ਪਦਵੀ ਤੇ ੭ ਵਰਸ਼ ੯ ਮਹੀਨੇ ਸੁਸ਼ੋਭਿਤ ਰਹੇ। ਆਪ ਜੀ ਨੇ ਅਖਾੜੇ ਦੇ ਵਿਕਾਸ ਅਤੇ ਸੰਗਠਨ ਨੂੰ ਵਿਸ਼ੇਸ਼ ਰੂਪ ਵਿਚ ਸੰਗਠਤ ਕੀਤਾ। ਵ੍ਰਿਧ ਹੋ ਚੁਕੇ ਸੈਕਟਰੀ ਮਹੰਤ ਉਤਮ ਸਿੰਘ ਜੀ ਦੀ ਥਾਂ ਮਹੰਤ ਨਾਜ਼ਰ ਸਿੰਘ ਜੀ ਪੰਜਗਰਾਈ ਕਲ੍ਹਾਂ ਸੈਕਟਰੀ ਅਤੇ ਮਹੰਤ ਮਿਤ੍ਰਪ੍ਰਕਾਸ਼ ਸਿੰਘ ਜੀ ਨੂੰ ਕੁਠਾਰੀ ਨਿਯਤ ਕੀਤਾ। ਅਖਾੜੇ ਦੀ ਕੇਂਦ੍ਰੀਯ ਇਮਾਰਤ ਅਤੇ ਸੰਸਕ੍ਰਿਤ ਵਿਦਿਆਲਯ ਕਨਖਲ ਦੀ ਮੁਰੰਮਤ ਕੀਤੀ। ਸੰਸਕ੍ਰਿਤ ਵਿਦਿਆਲਯ ਦੇ ਸਾਹਮਣੇ ਨਵਾਂ ਮਕਾਨ ਖਰੀਦਿਆ। ਜ਼ਮੀਨਾਂ ਦੀ ਨਿਸ਼ਾਨ ਦੇਹੀ ਲੈਕੇ ਨਿਸ਼ਾਨ ਕਾਇਮ ਕੀਤੇ। 'ਨਿਰਮਲ ਆਸ਼੍ਰਮ' ਪੁਸ਼ਕਰ ਰਾਜ (ਰਾਜਿਸਥਾਨ) ਦਾ ਪ੍ਰਬੰਧ ਅਖਾੜੇ ਦੇ ਅਧੀਨ ਕੀਤਾ ਅਤੇ ਇਹ ਕ੍ਰੋੜਾਂ ਰੁਪਏ ਦੀ ਸੰਪਤੀ ਅਨਯਮਤੀਆਂ ਕੋਲ ਜਾਣ ਤੋਂ ਦ੍ਰਿੜ੍ਹਤਾ, ਤਪ-ਤੇਜ ਨਾਲ ਬਚਾਈ। ਭੇਖ ਪ੍ਰਤੀ ਆਪ ਜੀ ਦੀ ਨਿਰਮਾਣ ਸੇਵਾ ਨੂੰ ਵੇਖਕੇ ਸੰਤ ਗੋਬਿੰਦ ਸਿੰਘ ਜੀ ਨੇ ਹਰਿਦ੍ਵਾਰ ਵਾਲਾ ਆਪਣਾ ਸਥਾਨ 'ਗੋਵਿੰਦ ਨਿਵਾਸ' ਅਖਾੜੇ ਨੂੰ ਸਮਰਪਣ ਕਰ ਦਿਤਾ ਜਿਸ ਦੀ ਮੁਰੰਮਤ ਕਰਕੇ ਆਪ ਜੀ ਨੇ ਮੁੜ ਸੁੰਦਰ ਸਥਾਨ ਬਣਾ ਦਿੱਤਾ। ਭਾਵੇਂ ਕੁਝ ਸ੍ਵਾਰਥੀ ਲੋਕ ਆਪ ਜੀ ਦੀ ਅਣ ਹੋਈ ਅਲੋਚਨਾ ਵੀ ਕਰਦੇ ਰਹੇ ਪਰ ਆਪ ਉਸਤਤਿ-ਨਿੰਦਾ ਤੋਂ ਉਪਰ ਉਠਕੇ ਭੇਖ ਦੀ ਸੇਵਾ ਵਿਚ ਰਾਤ-ਦਿਨ ਲਗੇ ਰਹੇ। ਇਸ ਤਰ੍ਹਾਂ ਆਪ ਅਨੇਕ ਉਪਕਾਰ ਕਰਦੇ ਹੋਏ ੧੮ ਸਤੰਬਰ ੧੯੯੩ ਈ: ਨੂੰ ਦਿਨ ਦੇ ੧੦-੩੦ ਵਜੇ ਸੱਚਖੰਡ ਸਿਧਾਰ ਗਏ।

ਸ੍ਰੀ ਮਹੰਤ ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ ਸੰਨ ੧੯੮੬ ਤੋਂ ੧੯੯੩ ਈ: ਤਕ ੭ ਵਰਸ਼ ੮ ਮਹੀਨੇ 'ਸ੍ਰੀ ਮਹੰਤ' ਰਹੇ। ਕੁਲ ਆਯੂ ੬੮ ਵਰਸ਼ ਸੀ।

## ਦਸਵੇਂ ਸ੍ਰੀ ਮਹੰਤ

# ਸ੍ਰੀਮਾਨ ੧੦੮ ਪੰਡਿਤ ਗਿਆਨਦੇਵ ਸਿੰਘ ਜੀ ਮਹਾਰਾਜ

ਪੰਡਿਤ ਗਿਆਨਦੇਵ ਸਿੰਘ ਜੀ ਧੁਰੰਧਰ ਵਿਦਵਾਨ, ਮਹਾਨ ਪਵਿਤ੍ਰ ਆਤਮਾ, ਜਤਿੰਦਰੇਯ, ਤਤ੍ਵੇਤਾ ਸੱਤਿਪੁਰਖ ਹਨ। ਆਪ ਜੀ ਦਾ ਜੀਵਨ ਵਿਦਿਆ ਅਧਿਐਨ, ਵਿਦਿਆ ਦਾਨ, ਧਰਮ ਪ੍ਰਚਾਰ, ਸਦ ਉਪਦੇਸ਼, ਪਰਉਪਕਾਰ ਕਰਨ ਵਿਚ ਹੀ ਬਤੀਤ ਹੋ ਰਿਹਾ ਹੈ।

ਆਪ ਜੀ ਦਾ ਜਨਮ ਪੂਜਯ ਮਾਤਾ-ਗੰਗਾ ਦੇਵੀ ਜੀ, ਪਿਤਾ ਸ੍ਰੀ ਦਰਿਆਵ ਸਿੰਘ ਜੀ, ਪਿੰਡ ਬਹਿਲੋਲਪੁਰ (ਨੇੜੇ ਕਿਲਾ ਪ੍ਰੀਛਤਗੜ੍ਹ) ਜ਼ਿਲਾ ਮੇਰਠ (ਉਤਰ ਪ੍ਰਦੇਸ) ਵਿਚ ਪਹਿਲੀ ਮਾਰਚ ੧੯੪੦ ਈ: ਨੂੰ ਹੋਇਆ। ਬਚਪਨ ਘਰ ਵਿਚ ਲੰਘਿਆ। ਚਾਰ ਵਰਸ਼ ਦੀ ਆਯੂ ਵਿਚ ਸਕੂਲ ਵਿਚ ਪੜ੍ਹਨ ਬਿਠਾਏ। ਸਕੂਲ ਦੀ ਵਿਦਿਆ ਮੈਟ੍ਰਿਕ ਤਕ ਪਾਸ ਕੀਤੀ ਪਰ ਆਪ ਬਚਪਨ ਸਮੇਂ ਪਿੰਡ ਦੀਆਂ ਗਲੀਆਂ ਵਿਚ ਖੇਡਦੇ ਹੋਏ, ਸਕੂਲ ਵਿਚ ਪੜ੍ਹਦੇ ਹੋਏ, ਸੰਸਾਰੀ ਵਰਤਾਓ ਤੋਂ ਉਪਰਾਮ ਰਹਿੰਦੇ ਸਨ। ਪੜ੍ਹਾਈ ਸਮੇਂ ਵੀ ਏਕਾਂਤ ਸੇਵੀ, ਨਾਮ ਚਿੰਤਨ ਅਤੇ ਧਾਰਮਿਕ ਗ੍ਰੰਥ ਪੜ੍ਹਨ ਵਿਚ ਵਿਸ਼ੇਸ਼ ਰੁਚੀ ਰਖਦੇ ਸਨ। ਪਿੰਡ ਅਤੇ ਇਲਾਕੇ ਵਿਚ ਆਏ ਸਾਧੂ-ਸੰਤ ਦਾ ਪਤਾ ਲਗਦਾ ਤਾਂ ਦਰਸ਼ਨ ਕਰਨ ਜਾਂਦੇ। ਸੇਵਾ ਤੇ ਉਪਦੇਸ਼ ਸ਼ਰਵਨ ਕਰਕੇ ਪ੍ਰਸੰਨ ਹੁੰਦੇ ਸਨ।

ਇਕ ਵਾਰ ਬ੍ਰਹਮਨਿਸ਼ਠ ਮਹਾਂਮੰਡਲੇਸ਼੍ਵਰ ਸ੍ਵਾਮੀ ਲਾਲ ਸਿੰਘ (ਨਿਰਮਲ ਸ੍ਵਾਮੀ) ਜੀ ਮਹਾਰਾਜ ਦੇ ਚਰਨਾਂ ਵਿਚ ਉਪਸਥਿਤ ਹੋਏ, ਗੁਰਮੰਤ੍ਰ ਦੀ ਯਾਚਨਾ ਕੀਤੀ। ਭਵਿਸ਼ਯ ਦ੍ਰਿਸਟੇਤਾ ਪੂਜਯ ਸ੍ਵਾਮੀ ਜੀ ਨੇ ਅਧਿਕਾਰੀ ਜਾਣਕੇ, ਮਰਯਾਦਾ ਪੂਰਬਕ ਗੁਰਮੰਤ੍ਰ ਦੇਕੇ ਸ਼ਿਸ਼ ਬਣਾ ਲਿਆ। ਕੁਝ ਸਮਾਂ ਸੇਵਾ ਵਿਚ ਰਹੇ। ਭਾਸ਼ਾ ਦੇ ਧਾਰਮਿਕ ਅਤੇ ਵੇਦਾਂਤ ਦੇ ਗ੍ਰੰਥ ਪੜ੍ਹਦੇ ਰਹੇ। ਇਸ ਸਮੇਂ ਆਪ ਜੀ ਨੇ ਹਿੰਦੀ/ਪ੍ਰਭਾਕਰ ਦਾ ਇਮਤਿਹਾਨ ਵੀ ਪਾਸ ਕਰ ਲਿਆ। ਆਪ ਜੀ ਦੀ ਵਿਦਿਆ ਪ੍ਰਾਪਤੀ ਦੀ ਲਗਨ ਵੇਖਕੇ ਸੰਸਕ੍ਰਿਤ ਦੀ ਉੱਚ ਵਿਦਿਆ ਪ੍ਰਾਪਤੀ ਵਾਸਤੇ ਕਾਸ਼ੀ ਜੀ ਭੇਜ ਦਿਤਾ। ਇਥੇ ਆਪ ਜੀ ਨੇ 'ਨਿਰਮਲ ਸੰਸਕ੍ਰਿਤ ਵਿਦਿਆਲਯ ਸੰਗਤ ਲਾਹੌਰੀ ਟੋਲਾ' ਵਿਚ ਵਿਦਿਆ ਅਧਿਐਨ ਆਰੰਭ ਕੀਤਾ। ਇਸ ਵੇਲੇ ਇਸ ਵਿਦਿਆਲਯ ਦੇ ਪ੍ਰਮੁਖ ਪ੍ਰਬੰਧਕ (ਅਧਿਅਕਸ਼) ਪੰਡਿਤ ਗੁਰਦੀਪ ਸਿੰਘ ਜੀ ਵੇਦਾਂਤ ਕੇਸਰੀ ਸਨ। ਇਥੋਂ ਆਪ ਜੀ 'ਸ਼ਾਸਤ੍ਰੀ' ਪਾਸ ਕਰਨ ਉਪਰੰਤ 'ਵੇਦਾਂਤਾਚਾਰਯ' ਵਿਚ ਉਤੀਰਣ ਹੋਏ।

੧੮ ਸਤੰਬਰ ੧੯੯੩ ਨੂੰ ੧੦-੩੦ ਵਜੇ ਸ੍ਰੀ ਮਹੰਤ ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ ਬ੍ਰਹਮਲੀਨ ਹੋ ਗਏ। ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਦੇ ਸੈਕਟਰੀ ਸ੍ਰੀਮਾਨ ਮਹੰਤ ਨਾਜ਼ਰ ਸਿੰਘ ਜੀ ਨੇ ਨਿਰਮਲ ਭੇਖ ਦੇ ਵਿਚਾਰ ਵਿਮਰਸ਼ ਅਨੁਸਾਰ ੩ ਅਕਤੂਬਰ ੧੯੯੩ ਨੂੰ 'ਸ੍ਰੀ ਮਹੰਤ' ਦੀ ਚੋਣ ਦਾ ਸਮਾਂ ਨਿਯਤ ਕੀਤਾ ਅਤੇ ੪ ਅਕਤੂਬਰ ਨੂੰ ੮-੩੦ ਵਜੇ ਸੱਚਖੰਡ ਵਾਸੀ 'ਸ੍ਰੀ ਮਹੰਤ' ਜੀ ਮਹਾਰਾਜ ਦੀ ਯਾਦ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡਪਾਠ ਦੇ ਭੋਗ ਦਾ ਸਮਾਂ ਰਖਿਆ।

'ਸ੍ਰੀ ਮਹੰਤ' ਦੀ ਚੋਣ ਸਮੇਂ ਆਪ ਜੀ ਦਾ ਨਾਮ ਪੂਰੇ ਨਿਰਮਲ ਭੇਖ ਨੇ ਸਰਬਸੰਮਤੀ ਨਾਲ ਪਰਵਾਨ ਕੀਤਾ। ੬ ਅਕਤੂਬਰ ਨੂੰ ੧੦ ਵਜੇ ਦਸਤਾਰਬੰਦੀ ਦਾ ਸਮਾਂ ਨਿਯਤ ਕੀਤਾ ਗਿਆ। ਸ੍ਰੀ ਨਿਰਮਲ ਭੇਖ ਤੇ ਖਟ ਦਰਸ਼ਨ ਸਾਧੂ ਸਮਾਜ ਇਕੱਤਰ ਹੋ ਗਿਆ। ਅਖਾੜੇ ਦੀਆਂ ਸਾਰੀਆਂ ਛੱਤਾਂ ਸਮੂੰਹ ਸੰਤ ਜਨਾਂ ਨਾਲ ਭਰੀਆਂ ਹੋਈਆਂ ਸਨ। ਕੁਠਾਰ ਅਤੇ ਗੱਦੀ ਵਾਲੇ ਕਮਰੇ ਦੇ ਕੋਲ ਰੇਸ਼ਮੀ ਚਾਂਦਨੀ ਹੇਠ ਸੁਨਹਿਰੀ ਪਾਲਕੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਸਨ। ਹਜ਼ੂਰੀ ਵਿਚ ਸ੍ਰੀ ਹਰਿਮੰਦਰ ਸਾਹਿਬ ਜੀ (ਦਰਬਾਰ ਸਾਹਿਬ) ਅੰਮ੍ਰਿਤਸਰ ਦੇ ਸੀਨੀਅਰ ਗ੍ਰੰਥੀ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ 'ਵੇਦਾਂਤੀ' ਚਵਰ ਕਰ ਰਹੇ ਸਨ। ਮੰਚ ਦਾ ਸੰਚਾਲਨ ਲੇਖਕ (ਗਿਆਨੀ ਬਲਵੰਤ ਸਿੰਘ ਕੋਠਾ ਗੁਰੂ) ਕਰ ਰਿਹਾ ਸੀ। ਇਸ ਸਮੇਂ ਸੰਤ ਮੰਡਲੀ ਸਹਿਤ ਪੂਜਯ ਸ੍ਰੀ ਮਹੰਤ ਜੀ ਮਹਾਰਾਜ ਆਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅਗੇ ਸ-ਸ਼ਟਾਂਗ ਪੈ ਗਏ। ਨਮਸਕਾਰ ਕਰਕੇ ਉੱਠੇ, ਭੇਖ ਭਗਵਾਨ ਨੂੰ ਪ੍ਰਣਾਮ ਕੀਤੀ। ਸਤਿ ਸ੍ਰੀ ਅਕਾਲ ਦੇ ਜੈਕਾਰਿਆਂ, ਰਣਸਿੰਘਿਆਂ ਦੀ ਗੂੰਜ ਵਿਚ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ 'ਵੇਦਾਂਤੀ' ਨੇ ਗੁਰਵਾਕ ਲਿਆ, ਤਾਂ ਇਹ ਮਹਾਂਵਾਕ ਆਇਆ :

***ਸੋਰਠ ਮਹਲਾ 5 ॥***

***"ਜਿਤੁ ਪਾਰਬ੍ਰਹਮ ਚਿਤਿ ਆਇਆ ॥ ਸੋ ਘਰੁ ਦਯਿ ਵਸਾਇਆ ॥"***

*(ਪੰਨਾ ੬੨੬)*

ਇਸ ਸਮੇਂ ਭਾਰਤ ਦੇ ਕੋਨੇ-ਕੋਨੇ ਵਿਚੋਂ ਪੁਜੇ ਨਿਰਮਲ ਭੇਖ ਦੇ ਹਜ਼ਾਰਾਂ ਮਹੰਤਾਂ, ਸੰਤਾਂ, ਵਿਰਕਤਾਂ, ਵਿਦਵਾਨਾਂ, ਮੰਡਲੇਸ਼ੂਰਾਂ ਅਤੇ ਉਦਾਸੀਨ, ਸੰਨਿਆਸੀ, ਬੈਰਾਗੀ, ਸੇਵਾ ਪੰਥੀ, ਖਟ-ਦਰਸ਼ਨ ਸਾਧੂ ਸਮਾਜ ਨੇ ਪੱਗਾਂ ਭੇਟ ਕੀਤੀਆਂ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਲੋਂ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ 'ਵੇਦਾਂਤੀ' ਪੱਗ ਅਤੇ ਦੁਸ਼ਾਲਾ ਲੈ ਕੇ ਪੁਜੇ। ਪਰੰਪਰਾ ਅਨੁਸਾਰ ਮਹਾਰਾਜਾ ਅਮਰਿੰਦਰ ਸਿੰਘ ਜੀ ਪਟਿਆਲਾ ਪਤੀ ਵਲੋਂ ਵੀ ਪੱਗ, ਦੁਸ਼ਾਲਾ ਤੇ ੫੦੧ ਰੁਪਏ ਪੂਜਾ ਆਈ। ਕਾਰਜ ਦੀ ਸੰਪੰਨਤਾ ਦੀ ਅਰਦਾਸ ਮਹਾਂਮੰਡਲੇਸ਼ੂਰ ਮਹੰਤ ਰਘੁਬੀਰ ਸਿੰਘ ਜੀ ਵੇਦਾਂਤ ਸ਼ਾਸਤ੍ਰੀ ਨਿਰਮਲ ਸੰਤਪੁਰਾ ਕਨਖਲ ਵਾਲਿਆਂ ਨੇ ਕੀਤੀ। ਸਮਾਪਤੀ ਸਮੇਂ ਹੇਠ ਲਿਖਿਆ ਗੁਰਵਾਕ ਆਇਆ।

***ਸੋਰਨ ਮਹਲਾ 5 ॥***

***ਸੋਈ ਕਰਾਇ ਜੋ ਤੁਧੁ ਭਾਵੈ ॥ ਮੋਹਿ ਸਿਆਣਪ ਕਛੂ ਨ ਆਵੈ ॥***

*(ਪੰਨਾ ੬੨੬)*

ਇਸ ਤੋਂ ਮਗਰੋਂ ਨਿਰਮਲ ਭੇਖ ਦੇ ਹਰਿਦੂਾਰ ਦੇ ਸਾਰੇ ਡੇਰਿਆਂ ਵਿਚ 'ਸ੍ਰੀ ਮਹੰਤ' ਜੀ ਮਹਾਰਾਜ ਨੂੰ ਨਿਮੰਤ੍ਰਣ ਦੇਕੇ ਚਰਨ ਪਵਾਏ ਗਏ ਅਤੇ ਪੂਜਾ ਕੀਤੀ ਗਈ

# ਸੰਪ੍ਰਦਾਇ ਭਾਗ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਨਿਰਮਲ ਪੰਥ ਦੀ ਪੂਰਨਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੁਆਰਾ ਸੰਪੰਨ ਕੀਤੀ ਜਿਨ੍ਹਾਂ ਦੇ ਸ਼ੁਭ ਨਾਮ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ ਅਤੇ ਭਾਈ ਸਾਹਿਬ ਸਿੰਘ ਜੀ ਹਨ। ਇਨ੍ਹਾਂ ਪੰਜਾਂ ਵਿਚੋਂ ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਤੋਂ ਨਿਰਮਲੇ ਮਹਾਂਪੁਰਖਾਂ ਨੇ ਅੰਮ੍ਰਿਤਪਾਨ ਕਰਕੇ ਗੁਰਮੰਤ੍ਰ ਦੀ ਪ੍ਰਾਪਤੀ ਕੀਤੀ ਸੀ। ਇਸੀ ਵਾਸਤੇ ਨਿਰਮਲ ਭੇਖ ਦੀਆਂ ਸਮੂੰਹ ਸੰਪ੍ਰਦਾਵਾਂ ਇਨ੍ਹਾਂ ਦੋਨਾਂ ਪਿਆਰਿਆਂ ਤੋਂ ਚਲਦੀਆਂ ਹਨ।

ਅਸੀਂ ਕ੍ਰਮਵਾਰ ਨਿਰਮਲ ਪੰਥ ਦੇ ਉਪਦੇਸ਼ ਦਾਤਾ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਜੀ ਦੇ ਜੀਵਨ, ਉਪਕਾਰ ਸੰਖੇਪ ਵਿਚ ਅੰਕਿਤ ਕਰਦੇ ਹਾਂ। ਇਹ ਦੋਨੋਂ ਮਹਾਂਪੁਰਖ ਅੰਮ੍ਰਿਤ ਪਾਨ ਕਰਨ ਤੋਂ ਬਾਅਦ ਜਤਿੰਦ੍ਰੇਯ ਰਹਿ ਕੇ ਸਦਾ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅੰਗ ਸੰਗ ਰਹੇ ਹਨ।

## ਭਾਈ ਦਇਆ ਸਿੰਘ

ਜਨਮ—ਪਿਤਾ ਭਾਈ ਪਾਰੋ (ਸੋਫਤੀ ਖਤ੍ਰੀ), ਮਾਤਾ ਦਿਆਲੀ ਦੇ ਘਰ ੧੧ ਭਾਦਰੋਂ ਦਿਨ ਵੀਰਵਾਰ ਸੰਮਤ ੧੭੧੮ ਨੂੰ ਲਾਹੌਰ ਵਿਚ ਹੋਇਆ। ਆਪ ਜੀ ਦੇ ਪਿਤਾ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਸਿੱਖੀ ਧਾਰਨ ਕੀਤੀ ਸੀ। ਸੰਮਤ ੧੭੩੪ ਵਿਚ ਸ੍ਰੀ ਆਨੰਦਪੁਰ ਦਸਮ ਸਤਿਗੁਰੂ ਦੇ ਚਰਨਾਂ ਵਿਚ ਆਏ। ਵਿਸਾਖ ਸੰਕ੍ਰਾਂਤ ਸੰਮਤ ੧੭੫੬ (੧੬੯੯ ਈ:) ਨੂੰ ਸਤਿਗੁਰੂ ਜੀ ਨੂੰ ਸੀਸ ਭੇਟ ਕੀਤਾ, ਅੰਮ੍ਰਿਤ ਛਕਿਆ ਅਤੇ ਸਦਾ ਵਾਸਤੇ ਸਤਿਗੁਰੂ ਜੀ ਦੇ ਅੰਗ ਸੰਗ ਰਹਿਣ ਲਗੇ। ਸੰਮਤ ੧੭੬੨ ਵਿਚ ਪਿੰਡ ਦੀਨੇ ਤੋਂ 'ਜ਼ਫਰਨਾਮਾ' ਲੈ ਕੇ ਦਖਣ ਵਿਚ ਔਰੰਗਜ਼ੇਬ ਕੋਲ ਗਏ। ਆਪ ਫ਼ਾਰਸੀ ਦੇ ਮਹਾਨ ਵਿਦਵਾਨ ਸਨ, ਇਸ ਵਾਸਤੇ ਗੁਰੂ ਜੀ ਨੇ ਆਪ ਜੀ ਨੂੰ ਬਾਦਸ਼ਾਹ ਕੋਲ ਭੇਜਿਆ ਸੀ। ਦੱਖਣ ਤੋਂ ਵਾਪਸ ਦਿੱਲੀ ਨੇੜੇ ਗੁਰੂ ਜੀ ਨੂੰ ਆਣ ਮਿਲੇ। ਸਤਿਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਮਗਰੋਂ ਸਚਖੰਡ ਹਜ਼ੂਰ ਸਾਹਿਬ ਵਿਚ ਸੇਵਾ ਕਰਦੇ ਹੋਏ ੧੧ ਅਸੂ ਦਿਨ ਸੋਮਵਾਰ ਸੰਮਤ ੧੭੬੫ ਨੂੰ ਗੁਰਪੁਰੀ ਸਿਧਾਰ ਗਏ।

ਅੰਮ੍ਰਿਤ ਛਕਣ ਤੋਂ ਬਾਅਦ ਆਪ ਸਦਾ ਸਤਿਗੁਰੂ ਜੀ ਕੋਲ ਰਹੇ। ਘਰ ਪਰਿਵਾਰ ਨਾਲ ਕੋਈ ਸੰਪਰਕ ਨਹੀਂ ਰਖਿਆ। ਆਪ ਜੀ ਦੀ ਉਪਮਾ ਵਿਚ ਪੰਡਿਤ ਨਿਹਾਲ ਸਿੰਘ ਜੀ ਨੇ ਹੇਠ ਲਿਖਿਆ ਕਬਿਤ ਅੰਕਿਤ ਕੀਤਾ ਹੈ।

*'ਦੀਨੋ ਸੀਸ ਭੇਟ ਆਛੇ ਅਧਿਕ ਆਨੰਦ ਹ੍ਵੈ ਕੇ*
*ਪੁਸ਼ਪ ਸੌਂ ਜਸੋਂ ਸੁਗੰਧ ਮਨ ਧਨ ਤਜੌਂ ਦਏ।*
*ਬਿਮਲ ਬੀਚਾਰੀ ਸਦਾ ਪਰਉਪਕਾਰੀ ਭਾਰੀ,*
*ਸੰਪ੍ਰਦਾ ਕੇ ਹੇਤ ਕੀਨੋ ਕੌਤਕ ਮਹਾਨ ਏ।*

*ਮੈਂ ਤੋ ਦਾਸ ਤਿੰਨ ਕੋ ਨਿਹਾਲ ਸਿੰਘ ਦਾਸ ਕਹੇ,*
*ਜਾ ਕੇ ਜਸ ਚਾਰੋ ਓਰ ਛਬ ਸੋਂ ਛਿਤੇ ਛਏ,*
*ਸ੍ਰੀ ਗੁਰੂ ਗੋਬਿੰਦ ਸਿੰਘ ਸੁਾਮੀ ਕੇ ਪਰਮ ਸਿੱਖ,*
*ਪੰਚਨ ਮੈ ਮੁਖ ਐਸੇ ਦਯਾ ਸਿੰਘ ਜੀ ਭਏ।'*

ਆਪ ਜੀ ਤੋਂ ਨਿਰਮਲ ਪੰਥ ਦੀਆਂ ਹੇਠ ਲਿਖੀਆਂ ਸੰਪ੍ਰਦਾਵਾਂ ਪ੍ਰਚਲਤ ਹੋਈਆਂ ਹਨ।

ਨੌਰੰਗਾਬਾਦ, ਮਹਿਮਾ ਸ਼ਾਹ, ਅਯੁਧਿਆ, ਡਰੋਲੀ, ਰਾਮ ਤੀਰਥ, ਮੁਕਤਿਸਰ, ਗਿਰਵੜੀ, ਦੌਧਰ, ਮੰਗਵਾਲ ਸੇਖਵਾਂ, ਦੁਭੇਰਨ, ਗੁਰੂ ਸਰ, ਕਾਦੀਆਂ, ਜਲਾਲ।

## ਭਾਈ ਧਰਮ ਸਿੰਘ ਜੀ

ਜਨਮ—ਪਿਤਾ ਭਾਈ ਸੰਤ ਰਾਮ, ਮਾਤਾ ਜਸੀ (ਜਾਂ ਸਾਵੋ) ਦੇ ਘਰ ਪਿੰਡ ਜਟਵਾੜਾ (ਜ਼ਿਲਾ ਸਹਾਰਨਪੁਰ) ਵਿਖੇ ੭ ਕਤਕ ਸੰਮਤ ੧੭੨੪/੧੬੬੭ ਈਃ ਨੂੰ ਜੱਟ ਪਰਿਵਾਰ ਵਿਚ ਹੋਇਆ। ਸੰਮਤ ੧੭੩੫/੧੬੭੮ ਈਃ ਨੂੰ ਸਤਿਗੁਰੂ ਜੀ ਦੇ ਚਰਨਾਂ ਵਿਚ ਆਏ। ਸੰਮਤ ੧੭੫੬/੧੬੯੯ ਈਃ ਵਿਚ ਸੀਸ ਭੇਟ ਦੇ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਿੰਘ ਸਜੇ। ਜੀਵਨ ਭਰ ਗੁਰੂ ਜੀ ਦੀ ਹਜ਼ੂਰੀ ਵਿਚ ਰਹੇ, ਦੀਨਾ-ਕਾਂਗੜ ਤੋਂ ਗੁਰੂ ਜੀ ਵਲੋਂ ਲਿਖਿਆ 'ਜ਼ਫਰਨਾਮਾ' ਲੈ ਕੇ ਭਾਈ ਦਇਆ ਸਿੰਘ ਜੀ ਦੇ ਨਾਲ ਜਾ ਕੇ ਔਰੰਗਜੇਬ ਨੂੰ ਦਿੱਤਾ। ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ੧੭੦੮ ਵਿਚ ਨਾਂਦੇੜ ਵਿਖੇ ਸੱਚਖੰਡ ਸਿਧਾਰ ਗਏ, ਆਪ ਜੀ ਬ੍ਰਜ ਭਾਸ਼ਾ ਅਤੇ ਫਾਰਸੀ ਦੇ ਵਿਦਵਾਨ ਸਨ। ਆਪ ਜੀ ਦੀ ਉਸਤਤੀ ਵਿਚ ਪੰਡਿਤ ਨਿਹਾਲ ਸਿੰਘ ਜੀ ਨੇ ਲਿਖਿਆ ਹੈ।

*'ਸ੍ਰੀ ਗੁਰੂ ਗੋਬਿੰਦ ਸਿੰਘ ਅੰਘ੍ਰਨਿ ਸਮੀਪਤਾ ਜੋ,*
*ਫਲੀ ਭੂਤ ਭਈ ਕ੍ਰਿਯਾ ਪ੍ਰਾਕ ਕੇ ਕਰਮ ਕੀ।*
*ਤਾਮੈ ਗੁਰੂ ਬੈਨ ਬੋਧ ਐਨ ਚਿਤ ਦੈਨ ਦੈਨ,*
*ਧਾਰ ਕਰ ਲੀਨੀ ਦੇਹ ਜਨਮ ਚਰਮ ਕੀ।*
*ਸੰਤ ਕਵਿ ਸੁਨ ਮਹਾਂਵਾਕ ਕੇ ਮਰਮ ਦਵਾਰਾ,*
*ਭੇਦੀ ਭੇਦ ਬੁਧਿ ਮਹਾਂ ਭੀੜ ਜੋ ਭਰਮ ਕੀ।*
*ਦੁਰਜਨ ਬਿਦਾਰ ਕੇ ਉਬਾਰੇ ਜਾਂ ਸੁਜੱਨ ਪੁੰਜ,*
*ਐਸੇ ਸ੍ਰੀ ਧਰਮ ਸਿੰਘ ਮੂਰਤੀ ਧਰਮ ਕੀ।'*

ਆਪ ਜੀ ਤੋਂ ਨਿਰਮਲ ਪੰਥ ਵਿਚ ਹੇਠ ਲਿਖੀਆਂ ਸੰਪ੍ਰਦਾਵਾਂ ਪ੍ਰਚਲਤ ਹੋਈਆਂ ਹਨ।

ਠਾਕਰ ਦਿਆਲ ਸਿੰਘ ਜੀ, ਕਬੇਰ, ਨਗਾਲੀ ਸਾਹਿਬ, ਕਟਈ (ਅੰਤ੍ਰਜਾਮੀ), ਗੁਰੂ ਮਾਂਗਟਗੰਧੀਆਂ, ਖਡੂਰ ਸਾਹਿਬ, ਠੀਕਰੀ ਵਾਲਾ, ਬਲੌਂਗੀ, ਬਰਨਾਲਾ, ਕਾਸ਼ੀ, ਗਿੜਵੜੀ, ਕੋਇਰ ਸਿੰਘ।

ਨਿਰਮਲ ਭੇਖ ਦੀਆਂ ਕੁਝ ਅਜੇਹੀਆਂ ਸੰਪ੍ਰਦਾਵਾਂ ਹਨ ਜੋ ਦਸਮ ਸਤਿਗੁਰੂ ਜੀ ਦੇ ਹਜ਼ੂਰੀ ਸਿੱਖਾਂ ਤੋਂ ਹੋਂਦ ਵਿਚ ਆਈਆਂ ਹਨ ਜਿਵੇਂ ਸੰਪ੍ਰਦਾਇ ਦਮਦਮਾ ਸਾਹਿਬ, ਪੰਡੋਰੀ ਨਿਝਰਾਂ, ਬਾਬਾ ਕੂਮਾ ਸਿੰਘ, ਬਹਾਲ ਸਿੰਘ, ਵਿਹਾਰ ਵ੍ਰਿੰਦਾਵਨ ਆਦਿਕ ਪ੍ਰਸਿਧ ਹਨ।

# ਸ੍ਰੀ ਮਾਨ ੧੦੮ ਮਹੰਤ ਬਲਵੰਤ ਸਿੰਘ ਜੀ ਸੈਕਟਰੀ ਦੀ ਨਾਦੀ ਬੰਸ

ਸ੍ਰੀ ਮਾਨ ੧੦੮ ਮਹੰਤ ਬਲਵੰਤ ਸਿੰਘ ਜੀ ਸੈਕਟਰੀ ਪੰਚਾਇਤੀ ਅਖਾੜਾ ਨਿਰਮਲਾ ਕਨਖਲ (ਹਰਿਦਵਾਰ) ਵਾਲੇ ਵਿਦਵਾਨ, ਵਿਚਾਰਸ਼ੀਲ, ਦ੍ਰਿੜਤਾ ਵਾਲੇ, ਸਪੱਸ਼ਟਵਾਦੀ ਆਲਸ ਤੋਂ ਰਹਿਤ, ਉਤਸ਼ਾਹੀ ਨੀਤੀ ਨਿਪੁੰਨ, ਵਿਵਹਾਰ ਕੁਸ਼ਲ, ਮਹਾਂ ਪੁਰਖ ਹਨ। ਆਪ ਜੀ ਦੇ ਡੇਰੇ ਦੇ ਪੂਰਵ ਮਹਾਂ ਪੁਰਖਾਂ ਵਾਲੇ ਸਾਰੇ ਗੁਣ ਆਪ ਜੀ ਵਿਚ ਵਿਦਮਾਨਜ ਹਨ। ਨਾਲ ਹੀ ਪੂਰਵ ਮਹਾਂ ਪੁਰਖਾਂ ਦਾ ਸਿਮਰਨ ਤਪ ਤਿਆਗ ਆਪ ਜੀ ਦੇ ਕੰਮ ਆ ਰਿਹਾ ਹੈ। ਆਪ ਜੀ ਦੇ ਪੂਰਵ ਮਹਾਂ ਪੁਰਖਾਂ ਦਾ ਬੰਸ ਬ੍ਰਿਕਸ਼ ਇਸ ਤਰ੍ਹਾਂ ਹੈ :

ਸ੍ਰੀ ਗੁਰੂ ਗੋਬਿੰਦ ਸਿੰਘ ਜੀ

↓

ਭਾਈ ਧਰਮ ਸਿੰਘ ਜੀ (ਪਿਆਰੇ)

↓

ਭਾਈ ਫੇਰੂ ਸਿੰਘ ਜੀ

↓

ਭਾਈ ਪੰਜਾਬ ਸਿੰਘ ਜੀ

↓

ਠਾਕੁਰ (ਸੰਤ) ਰੋਚਾ ਸਿੰਘ ਜੀ

↓

ਠਾਕੁਰ ਬਲਾ ਸਿੰਘ ਜੀ

↓

ਸੰਤ ਰਾਮ ਸਿੰਘ ਜੀ ਪਿੰਡ ਚੀਮੇ

ਸ੍ਰੀਮਾਨ ੧੦੮ ਸੰਤ ਰਾਮ ਸਿੰਘ ਜੀ ਚੀਮਿਆਂ ਵਾਲਿਆਂ ਦੇ ਸ਼ਿਸ਼ ਸ੍ਰੀਮਾਨ ੧੦੮ ਸੰਤ ਹਰਦਿੱਤ ਸਿੰਘ ਜੀ (ਜਨਮ ਪਿੰਡ ਚੀਮੇ ਜ਼ਿਲ੍ਹਾ ਸੰਗਰੂਰ ਵਾਲੇ ਨਾਮ ਅਭਿਆਸੀ ਸਿਮਰਨ ਵਾਲੀ ਆਤਮਾ) ਸਨ। ਪੰਜ ਗ੍ਰੰਥੀ ਪੋਥੀ ਆਪ ਜੀ ਦੇ ਕੰਠਸਥ ਸੀ, ਜਿਸ ਦਾ ਰੋਜ਼ਾਨਾ ਪਾਠ ਕਰਦੇ ਸਨ। ਅਖਾੜੇ ਵਿਚ ਕੁਠਾਰੀ ਅਤੇ ਮੁਖੀਏ ਮਹੰਤ ਰਹੇ। ਪਿੰਡ ਢਿਪਾਲੀ ਜ਼ਿਲ੍ਹਾ ਬਠਿੰਡਾ ਵਿਚ ਡੇਰਾ ਕਾਇਮ ਕੀਤਾ। ਸੰਮਤ ੧੯੭੨ ਬਿ: ਵਿਚ ਕਨਖਲ ਵਿਖੇ ਕੁਟੀਆ ਬਣਾਈਆਂ। ਮਹੰਤ ਸੰਤ ਸਿੰਘ ਜੀ ਆਪ ਜੀ ਦੇ ਸ਼ਿਸ਼ ਸਨ।

## ਸ੍ਰੀਮਾਨ ਮਹੰਤ ਸੰਤ ਸਿੰਘ ਜੀ

ਸ੍ਰੀਮਾਨ ਮਹੰਤ ਸੰਤ ਸਿੰਘ ਜੀ ਦਾ ਜਨਮ ਪਿੰਡ ਚੀਮੇ, ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਸੰਤ ਹਰਦਿੱਤ ਸਿੰਘ

ਜੀ ਦੇ ਸ਼ਿਸ਼ ਸਨ। ਆਪ ਜੀ ਨੇ ੩੦-੩੫ ਵਰਸ਼ ਰਮਤ ਫੇਰ ਕੇ ਸਾਰੇ ਦੇਸ਼ ਵਿਚ ਗੁਰਮਤਿ ਪ੍ਰਚਾਰ ਕੀਤਾ। ਆਪ ਜੀ ਬੜੇ ਤਪ ਤੇਜ ਵਾਲੇ ਮਹਾਂਪੁਰਖ ਸਨ।

ਮਹੰਤ ਸੰਤ ਸਿੰਘ ਜੀ ਦੇ ਸ਼ਿਸ਼ ਪ੍ਰੋਫੈਸਰ ਸ਼ੇਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਸੰਤ ਦਲੀਪ ਸਿੰਘ ਜੀ ਵਿਰਕਤ ਅਤੇ ਸੰਤ ਲਾਭ ਸਿੰਘ ਜੀ ਸਨ। ਮਹੰਤ ਲਾਭ ਸਿੰਘ ਜੀ ਕੁਟੀਆ ਕਨਖਲ (ਹਰਿਦਵਾਰ) ਅਤੇ ਪਿੰਡ ਬਸੀਆਂ, ਜ਼ਿਲ੍ਹਾ ਲੁਧਿਆਣਾ ਦੇ ਡੇਰੇ ਦੇ ਮਹੰਤ ਨਿਯਤ ਹੋਏ। ਮਹੰਤ ਲਾਭ ਸਿੰਘ ਜੀ ਮਗਰੋਂ ਸ੍ਰੀਮਾਨ ਮਹੰਤ ਸੰਤ ਸਿੰਘ ਜੀ ਨੇ ਸੰਤ ਰਤਨ ਸਿੰਘ ਜੀ ਨੂੰ ਸੰਨ ੧੯੫੦-੫੧ ਈ: ਵਿਚ ਆਪ ਕੁਟੀਆਂ ਦੇ ਮਹੰਤ ਨਿਯਤ ਕਰਕੇ **ਸਤਿਗੁਰੁ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥ (ਪੰਨਾ ੪੯੮)** ਗੁਰਬਾਣੀ ਦੇ ਕਥਨ ਅਨੁਸਾਰ ਫੁਰਮਾਇਆ ਕਿ 'ਕਨਖਲ' ਵਾਲੀ ਕੁਟੀਆ ਦਾ ਸਾਧੂ ਮਰਯਾਦਾ ਅਨੁਸਾਰ ਹਰ ਪੱਖ ਤੋਂ ਵਿਕਾਸ ਕਰੋ ਅਤੇ ਆਏ ਸਾਧੂਆਂ, ਵਿਦਿਆਰਥੀਆਂ ਦੀ ਸੇਵਾ ਕਰੋ।[੧] ਪਹਿਲੇ ਕੁਟੀਆਂ ਦਾ ਨਾਮ 'ਸੰਤ ਨਿਵਾਸ' ਸੀ। ਇਸ ਨਾਮ ਨਾਲ ਮਿਲਦੇ ਕਨਖਲ-ਹਰਿਦਵਾਰ ਵਿਚ ਹੋਰ ਵੀ ਬਹੁਤ ਸਾਰੇ ਆਸ਼੍ਰਮ ਸਨ, ਇਸ ਭੁਲੇਖੇ ਨੂੰ ਦੂਰ ਕਰਨ ਵਾਸਤੇ ਸ੍ਰੀਮਾਨ ਮਹੰਤ ਸੰਤ ਸਿੰਘ ਜੀ ਨੇ ਇਹ ਵੀ ਫੁਰਮਾਇਆ, 'ਕੁਟੀਆ ਦਾ ਨਾਮ ਆਪਣੇ ਨਾਮ ਤੇ ਰੱਖ ਕੇ ਪ੍ਰਸਿਧੀ ਦਿਉ।' ਸ੍ਰੀਮਾਨ ਮਹੰਤ ਰਤਨ ਸਿੰਘ ਜੀ ਨੇ ਪੂਜਜ ਗੁਰੂਦੇਵ ਜੀ ਦੀ ਆਗਿਆ ਅਨੁਸਾਰ ਕੁਟੀਆ ਦੇ ਮਹੰਤ ਬਣਕੇ ਕੁਟੀਆ ਦਾ ਨਾਮ ਆਪਣੇ ਨਾਮ ਪਰ 'ਰਤਨ ਬਾਗ' ਰੱਖਿਆ। ਆਪ ਜੀ ਵਿਚ ਸੇਵਾ ਦੀ ਅਕਹਿ ਲਗਨ ਸੀ। ਆਪ ਜੀ ਕੋਲ ਜਿਥੇ ਮਹਾਂਪੁਰਖ ਮਹਾਤਮਾ, ਸੰਤ, ਮਹੰਤ ਅਤੇ ਯਾਤ੍ਰੀ ਆ ਕੇ ਰਹਿਣ ਲੱਗੇ, ਬਹੁਤ ਸਾਰੇ ਵਿਦਿਆਰਥੀ ਵੀ ਪੱਕੇ ਤੌਰ ਤੇ ਰਤਨ ਬਾਗ ਵਿਚ ਰਹਿ ਕੇ ਵਿਦਿਆ ਅਧਿਐਨ ਕਰਨ ਲੱਗੇ। ਇਨ੍ਹਾਂ ਕਿਤਨੇ ਹੀ ਵਿਦਿਆਰਥੀਆਂ ਵਿਚੋਂ ਸ੍ਰੀਮਾਨ ਗਿਆਨੀ ਦੀਦਾਰ ਸਿੰਘ ਜੀ ਇਲਾਹਾਬਾਦ ਵਾਲੇ, ਸ੍ਰੀਮਾਨ ਮਹੰਤ ਲਾਲ ਸਿੰਘ ਜੀ ਭਗਤੇ ਵਾਲੇ, ਸ੍ਰੀਮਾਨ ਮਹੰਤ ਸਾਧੂ ਸਿੰਘ ਜੀ ਚੱਕ ਵੇਂਹਡਲ ਵਾਲੇ ਆਦਿਕ ਪ੍ਰਸਿੱਧ ਹਨ। ਰਤਨ ਬਾਗ ਵਿਚ ਆਮਦਨ ਦਾ ਕੋਈ ਸਾਧਨ ਨਹੀਂ ਸੀ। ਪਰ ਮਹੰਤ ਰਤਨ ਸਿੰਘ ਜੀ ਫਿਰ ਵੀ ਆਏ ਮਹੰਤਾਂ, ਸੰਤਾਂ, ਯਾਤ੍ਰੀਆਂ, ਵਿਦਿਆਰਥੀਆਂ ਦਾ ਪ੍ਰਸੰਨ ਮੁਖ 'ਅਤਿਥੀ ਦੇਵੋ ਭਵ' ਕਹਿਕੇ ਸਵਾਗਤ ਕਰਦੇ ਸਨ। ਰੋਜ਼ਾਨਾ ਪੰਚਪੁਰੀ ਵਿਚੋਂ ਭਿਖਿਆ ਕਰਕੇ ਆਏ ਮਹਾਂਪੁਰਖਾਂ, ਸਾਧ ਸੰਗਤ ਅਤੇ ਵਿਦਿਆਰਥੀਆਂ ਲਈ ਭੋਜਨ ਦਾ ਪ੍ਰਬੰਧ ਕਰਕੇ ਲੰਗਰ ਚਲਾਉਂਦੇ ਸਨ। ਹੱਥੀਂ ਹੱਲ ਵਾਹ ਕੇ ਵੀ ਲੰਗਰ ਲਈ ਸਾਧੂਆਂ ਵਿਦਿਆਰਥੀਆਂ ਨੂੰ ਅਨੁਭਵ ਨਹੀਂ ਹੋਣ ਦਿੰਦੇ ਸਨ। ਬਸ ! ਪ੍ਰਸੰਨ ਮੁਖ ਸੇਵਾ ਵਿਚ ਤੱਤਪਰ ਰਹਿੰਦੇ ਸਨ। ਮਹੰਤ ਰਤਨ ਸਿੰਘ ਜੀ ਇਸ ਤਰ੍ਹਾਂ ਸਾਲਾਂ ਵਧੀ ਅਣਥੱਕ ਨਿਸ਼ਕਾਮ ਸੇਵਾ ਕਰਦੇ ਰਹੇ, ਜਿਨ੍ਹਾਂ ਦੇ ਪਰਿਸ਼੍ਰਮ ਨਾਲ ਵਿਦਿਆਰਥੀ ਪੜ੍ਹ ਕੇ, ਆਪਣਾ ਜੀਵਨ ਸਫਲ ਬਣਾ ਕੇ ਦੇਸ਼ ਅਤੇ ਸਾਧੂ ਸਮਾਜ ਦੀ ਸੇਵਾ ਕਰਦੇ ਰਹੇ ਅਤੇ ਮਹਾਨ ਵਿਦਵਾਨ ਬਣਕੇ ਪ੍ਰਸਿੱਧੀ ਵਾਲੇ ਬਣੇ। ਮਹੰਤ ਰਤਨ ਸਿੰਘ ਜੀ ਦੀ ਨਿਸ਼ਕਾਮ ਕੀਤੀ ਸੇਵਾ ਅੱਜ ਫਲੀਭੂਤ ਹੋ ਰਹੀ ਹੈ। ਹਰ ਤਰ੍ਹਾਂ ਸੰਪਤੀ ਸੰਪੰਨ ਰਤਨ ਬਾਗ, ਕਨਖਲ ਹਰਿਦਵਾਰ ਵਿਚ ਮਹੰਤ ਰਤਨ ਸਿੰਘ ਜੀ ਦੀ ਕੀਰਤੀ ਨੂੰ ਪ੍ਰਗਟ ਕਰ ਰਿਹਾ ਹੈ। ਵਰਤਮਾਨ ਸਥਾਨਾਂਪਤੀ ਸ੍ਰੀਮਾਨ ਮਹੰਤ ਬਲਵੰਤ ਸਿੰਘ ਜੀ ਸੈਕਟਰੀ ਹਨ।

ਸ੍ਰੀਮਾਨ ੧੦੮ ਮਹੰਤ ਰਤਨ ਸਿੰਘ ਜੀ ਕੀਰਤਨ ਦੇ ਧਨੀ ਸਨ। ਸ੍ਰੀ ਮਾਨ ਮਹੰਤ ਰਤਨ ਸਿੰਘ ਜੀ ਵਿਚ ਇਹ ਵੀ ਇਕ ਵਿਸ਼ੇਸ਼ਤਾ ਸੀ ਕਿ ਕੁੰਭ ਪਰਵਾਂ ਦੀ ਸ਼ਾਹੀ ਵਿਚ ਇਕੋ ਵਾਰ ਇਕੱਠੇ ਦੋ ਰਣਸਿੰਘੇ ਵਜਾਉਣ ਦੀ

---

*੧. ਸ੍ਰੀਮਾਨ ਮਹੰਤ ਰਤਨ ਸਿੰਘ ਜੀ ੧੯੫੦-੫੧ ਵਿਚ ਪਿੰਡ ਢਪਾਲੀ ਜ਼ਿਲ੍ਹਾ ਬਠਿੰਡਾ ਦੇ ਵੀ ਮਹੰਤ ਨਿਯਤ ਹੋਏ। ਸੰਨ ੧੯੮੦ ਵਿਚ ਡੇਰਾ ਬਲੀਆਂ ਜ਼ਿਲ੍ਹਾ ਲੁਧਿਆਣਾ ਦੇ ਮਹੰਤ ਬਣਾਏ ਗਏ। ਇਨ੍ਹਾਂ ਸਥਾਨਾਂ ਦੇ ਵਰਤਮਾਨ ਮਹੰਤ ਸ੍ਰੀਮਾਨ ਮਹੰਤ ਬਲਵੰਤ ਸਿੰਘ ਜੀ ਸੈਕਟਰੀ ਹਨ।*

ਸਮਰਥਾ ਰੱਖਦੇ ਸਨ। ਕਈ ਵਰਸ ਰਮਤ ਫੇਰੀ। ਆਪ ਜੀ ਦੇ ਸਮੇਂ ਕਨਖਲ ਵਾਲੀਆਂ ਕੁਟੀਆ ਦਾ ਨਾਮ 'ਰਤਨ ਬਾਗ' ਪ੍ਰਸਿੱਧ ਹੋਇਆ।

## ਮਹੰਤ ਬਲਵੰਤ ਸਿੰਘ ਜੀ ਸੈਕਟਰੀ

ਪਿਤਾ ਸ੍ਰ. ਚੰਨਣ ਸਿੰਘ ਜੀ "ਸਿੱਧੂ", ਮਾਤਾ ਗੁਲਾਬ ਕੌਰ ਦੇ ਘਰ ਪਿੰਡ ਮਾਨ ਬੀਬੜੀਆਂ ਜ਼ਿਲ੍ਹਾ ਮਾਨਸਾ ਵਿਚ ਜਨਮ ਹੋਇਆ। ਧਾਰਮਿਕ ਵਿਚਾਰ ਹੋਣ ਕਰਕੇ ਬਚਪਨ ਵਿਚ ਹੀ ਮਹੰਤ ਰਤਨ ਸਿੰਘ ਦੇ ਸ਼ਿਸ਼ ਬਣ ਗਏ। ਵਿਦਿਆ ਪ੍ਰਾਪਤੀ ਦੀ ਆਪ ਜੀ ਨੂੰ ਅਕਹਿ ਲਗਨ ਸੀ। ਸੰਤ ਬਣਨ ਤੋਂ ਬਾਅਦ ਮੈਟ੍ਰਿਕ ਪਾਸ ਕੀਤੀ। ਮੇਰਠ ਯੂਨੀਵਰਸਿਟੀ ਤੋਂ ਬੀ.ਏ. ਦੀ ਡਿਗਰੀ ਪ੍ਰਾਪਤ ਕੀਤੀ। ਗਿਆਨੀ ਦੀਦਾਰ ਸਿੰਘ ਜੀ ਇਲਾਹਾਬਾਦ ਵਾਲਿਆਂ ਤੋਂ ਗੁਰਬਾਣੀ ਦਾ ਅਰਥ ਬੋਧ ਪ੍ਰਾਪਤ ਕੀਤਾ। ਗੁਰ ਇਤਿਹਾਸ ਅਰਥਾਂ ਸਾਹਿਤ ਪੜ੍ਹਿਆ। ਪ੍ਰਯਾਗ ਵਿਦਿਆ ਪੀਠ ਤੋਂ ਆਯੁਰਵੈਦਿਕ ਰਤਨ ਦੀ ਪਰੀਖਿਆ ਵਿਚ ਉਤੀਰਣ ਹੋਏ। ਇਥੇ ਹੀ ਸੰਸਕ੍ਰਿਤ ਪੜ੍ਹਦੇ ਰਹੇ। ਸੰਨ ੧੯੬੯ ਤੋਂ ੧੯੭੪ ਤੱਕ ਦੇਸ਼ ਵਿਚ ਰਮਤ ਫੇਰ ਕੇ ਧਰਮ ਪ੍ਰਚਾਰ ਕੀਤਾ। ਸੰਨ ੧੯੮੧ ਤੋਂ ੧੯੯੦ ਤੱਕ ਪਿੰਡ ਵਿਲੀ ਜ਼ਿਲ੍ਹਾ ਜਲੰਧਰ ਵਿਚ ਕਾਰ ਸੇਵਾ ਦੁਆਰਾ ਗੁਰਦਵਾਰਾ ਸਾਹਿਬ ਦੀ ਇਮਾਰਤ ਬਣਾਈ। ੧੦ ਜਨਵਰੀ ੧੯੯੦ ਵਿਚ ਏਕੜ ਦੇ ਮੁਕਾਮੀ ਮਹੰਤ ਨਿਯਤ ਹੋਏ। ੯ ਦਸੰਬਰ ੧੯੯੭ ਨੂੰ ਜੀਵਨ ਕੋਠੀ ਪਟਿਆਲਾ ਅਤੇ ਸੁਕਦੇਵ ਕੁਟੀ ਦੇ ਮਹੰਤ ਬਣਾਏ ਗਏ। ਸ੍ਰੀਮਾਨ ਮਹੰਤ ਰਤਨ ਸਿੰਘ ਜੀ ਤੋਂ ਬਾਅਦ ੧੩ ਮਾਰਚ ੧੯੯੯ ਨੂੰ ਰਤਨ ਬਾਗ ਕਨਖਲ (ਹਰਿਦਵਾਰ) ਅਤੇ ਪਿੰਡ ਬਸੀਆਂ, ਜ਼ਿਲ੍ਹਾ ਲੁਧਿਆਣਾ ਦੇ ਮਹੰਤ ਨਿਯਤ ਹੋਏ।

੨੭ ਅਗਸਤ ੨੦੦੪ ਨੂੰ ਪੰਚਾਇਤੀ ਅਖਾੜਾ ਨਿਰਮਲਾ ਕਨਖਲ/ਹਰਿਦਵਾਰ ਦੇ ਸੈਕਟਰੀ ਚੁਣੇ ਗਏ। ਆਪ ਜੀ ਅਖਾੜੇ ਦੀ ਅਣਥੱਕ ਸੇਵਾ ਕਰ ਰਹੇ ਹਨ। ਸੰਗਤ ਲਾਹੌਰੀ ਟੋਲਾ ਵਾਰਾਣਸੀ ਆਪ ਜੀ ਦੇ ਪਰਿਸ਼੍ਰਮ ਨਾਲ ਅਖਾੜੇ ਦੇ ਪ੍ਰਬੰਧ ਵਿਚ ਆਇਆ ਹੈ। ਇਸ ਕਾਰਜ ਦੀ ਸਫਲਤਾ ਵਾਸਤੇ ਸੰਤ ਦਰਸ਼ਨ ਸਿੰਘ ਜੀ ਸ਼ਾਸਤ੍ਰੀ ਵਾਰਾਣਸੀ ਅਤੇ ਮਹੰਤ ਕਮਲਜੀਤ ਸਿੰਘ ਜੀ ਸ਼ਾਸਤ੍ਰੀ ਡੇਰਾ ਪਿੰਡ ਸੁਖਾਨੰਦ, ਜ਼ਿਲ੍ਹਾ ਮੋਗਾ ਵਾਲਿਆਂ ਨੇ ਵੀ ਅਕਹਿ ਯੋਗਦਾਨ ਪਾਇਆ ਹੈ। ਇਸ ਮਕਾਨ ਵਿਚ ਬਹੁਤ ਸਮਾਂ ਪਹਿਲਾਂ ਤੋਂ ਨਿਰਮਲ ਸੰਸਕ੍ਰਿਤ ਵਿਦਿਆਲਯ ਚੱਲ ਰਿਹਾ ਹੈ। ਆਪ ਜੀ ਇਸ ਪੁਰਾਤਨ ਇਮਾਰਤ ਦਾ ਸ਼ੀਘ੍ਰ ਹੀ ਜੀਰਨ ਉਧਾਰ ਕਰਨ ਦੇ ਯਤਨ ਵਿਚ ਹਨ। ਨਿਰਮਲ ਪੰਥ ਨੂੰ ਆਪ ਜੀ ਤੇ ਅਤਿਅੰਤ ਮਾਣ ਹੈ। ਆਪ ਸਰਬ ਗੁਣ ਸੰਪੰਨ, ਨਿਮ੍ਰਤਾ ਵਾਲੇ ਉੱਚ ਜੀਵਨ ਵਾਲੇ, ਸਮ ਦ੍ਰਿਸ਼ਟੀ ਵਾਲੇ, ਭੇਖ ਹਿਤੈਸ਼ੀ ਮਹਾਂ ਪੁਰਖ ਹਨ। (ਇਤੀ)

# ਪੂਜਯ ਸ੍ਰੀ ਮਹੰਤ ਜੀ ਮਹਾਰਾਜ

## ਸ੍ਰੀਮਾਨ ੧੦੮ ਮਹੰਤ ਬਲਵੰਤ ਸਿੰਘ ਸੈਕਟਰੀ
## ਪੰਚਾਇਤੀ ਅਖਾੜਾ ਨਿਰਮਲਾ ਕਨਖਲ ਹਰਿਦਵਾਰ ਦੀ ਲੇਖਣੀ ਅੰਕਿਤ

*ਸ੍ਰੀਮਾਨ ੧੦੮ ਮਹੰਤ ਬਲਵੰਤ ਸਿੰਘ ਜੀ ਸੈਕਟਰੀ ਵਿਚਾਰ ਸ਼ੀਲ ਵਿਦਵਾਨ ਸਾਰ ਗ੍ਰਹੀ ਮਹਾਂਪੁਰਖ ਹਨ। ਆਪ ਜੀ ਪੰਚਾਇਤੀ ਅਖਾੜਾ ਨਿਰਮਲਾ ਵਿੱਚ ਸੈਕਟਰੀ ਦੇ ਉੱਚ ਪਦ ਉੱਪਰ ਸਸ਼ੋਭਿਤ ਹਨ। ਹਰ ਸਮੇਂ ਨਿਰਮਲ ਭੇਖ ਦੀ ਤਰੱਕੀ ਲਈ ਯਤਨ ਸ਼ੀਲ ਹਨ। ਖਟ ਦਰਸ਼ਨ ਸਾਧੂ ਸਮਾਜ ਵਾਸਤੇ ਵੀ ਅਥਾਹ ਪ੍ਰੇਮ ਰੱਖਦੇ ਹਨ। ਨਿਰਮਲ ਭੇਖ ਵਿੱਚ ਜੋ ਮਹਾਂਪੁਰਖ ਪਰ-ਉਪਕਾਰ ਦੇ ਕਾਰਜ ਕਰ ਰਹੇ ਹਨ, ਉਨ੍ਹਾਂ ਮਹਾਂਪੁਰਖਾਂ ਦਾ ਆਪ ਜੀ ਅਥਾਹ ਸਤਿਕਾਰ ਕਰਦੇ ਹਨ। ਆਪ ਜੀ ਇਹ ਵੀ ਵਿਚਾਰ ਰੱਖਦੇ ਹਨ ਕਿ ਨਿਰਮਲ ਭੇਖ ਦੇ ਪੁਰਾਤਨ ਮਹਾਂਪੁਰਖਾਂ ਦੀ ਸੇਵਾ ਦਾ ਪ੍ਰਚਾਰ ਵੀ ਹੋਣਾ ਚਾਹੀਦਾ ਹੈ। ਪੁਰਾਣੀਆਂ 'ਬਾਬਾਣੀਆਂ ਕਹਾਣੀਆਂ' ਦੇ ਪ੍ਰਚਾਰ ਨਾਲ ਨਿਰਮਲ ਭੇਖ ਦੇ ਸਤਿਕਾਰ ਵਿਚ ਅਤੇ ਜਨ ਸਾਧਾਰਨ/ਦੇਸ਼ ਵਾਸੀਆਂ ਦੇ ਗਿਆਨ ਵਿਚ ਵਾਧਾ ਹੋਵੇਗਾ। ਆਪ ਜੀ ਨੇ ਹੇਠ ਲਿਖੇ ਲੇਖ ਨਿਰਮਲ ਪੰਥ ਦੀ ਗੌਰਵ ਗਾਥਾ ਵਿੱਚ ਸ਼ਾਮਲ ਕਰਨ ਲਈ ਦਾਸ ਨੂੰ ਭੇਜੇ ਸਨ। ਅਸੀਂ ਇਨ੍ਹਾਂ ਲੇਖਾਂ ਦੇ ਭੇਜਣ ਤੇ ਸ੍ਰੀਮਾਨ ਮਹੰਤ ਬਲਵੰਤ ਸਿੰਘ ਜੀ ਸੈਕਟਰੀ ਪੰਚਾਇਤੀ ਅਖਾੜਾ ਨਿਰਮਲਾ ਕਨਖਲ (ਹਰਿਦਵਾਰ) ਦਾ ਧੰਨਵਾਦ ਕਰਦੇ ਹਾਂ, ਨਾਲ ਹੀ ਇਨ੍ਹਾਂ ਸਾਰੇ ਲੇਖਾਂ ਨੂੰ ਮਾਨਯੋਗ ਸੈਕਟਰੀ ਜੀ ਦੇ ਨਾਮ ਹੇਠ ਹੀ ਪ੍ਰਕਾਸ਼ਤ ਕਰਦੇ ਹਾਂ। ਨਿਰਮਲ ਭੇਖ ਦੇ ਮਹਾਂਪੁਰਖਾਂ ਵਾਸਤੇ ਆਪ ਜੀ ਦੇ ਮਨ ਵਿਚ ਕਿਤਨਾ ਪ੍ਰੇਮ, ਸਤਿਕਾਰ ਹੈ, ਇਹ ਆਪ ਜੀ ਦੇ ਇਨਾਂ ਲੇਖਾਂ ਤੋਂ ਪ੍ਰਗਟ ਹੈ।*

*ਬਲਵੰਤ ਸਿੰਘ ਕੋਠਾ ਗੁਰੂ*

ਪੰਚਾਇਤੀ ਅਖਾੜਾ ਨਿਰਮਲਾ ਕਨਖਲ (ਹਰਿਦ੍ਵਾਰ) ਦੇ ਵਰਤਮਾਨ ਸ੍ਰੀ ਮਹੰਤ ਵਿਦਿਆ ਮਾਰਤੰਡ ਸ੍ਰੀਮਾਨ ੧੦੮ ਪੂਜਯ ਸ੍ਵਾਮੀ ਗਿਆਨ ਦੇਵ ਸਿੰਘ ਜੀ ਮਹਾਰਾਜ ਹਨ ਜਿਨ੍ਹਾਂ ਦੀ ਯੋਗ ਅਗਵਾਈ ਹੇਠ ਨਿਰਮਲ ਭੇਖ ਅਤੇ ਨਿਰਮਲ ਪੰਚਾਇਤੀ ਅਖਾੜਾ ਦਿਨ-ਪ੍ਰਤਿ-ਦਿਨ ਤਰੱਕੀ ਕਰ ਰਿਹਾ ਹੈ। ਪੂਜਯ ਸ੍ਰੀ ਮਹੰਤ ਜੀ ਦੀ ਪਰਉਪਕਾਰੀ ਵ੍ਰਿਤੀ, ਸਿਮਰਨ, ਸਮਦ੍ਰਿਸ਼ਟੀ, ਸਰਬਤ ਨਾਲ ਪ੍ਰੇਮ-ਪਿਆਰ ਬਾਰੇ ਕੁਝ ਸ਼ਬਦ ਮੈਂ ਆਪਣੀ ਵਲੋਂ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕਰਦਾ ਹਾਂ।

ਪੂਜਯ ਸ੍ਰੀ ਮਹੰਤ ਜੀ ਮਹਾਰਾਜ ਪਰਮ ਸ੍ਰੇਸ਼ਟ ਜੀਵਨ ਵਾਲੇ ਮਹਾਂਪੁਰਖ ਹਨ। ਮਨ ਬਾਣੀ, ਕਰਮ ਕਰਕੇ, ਖਟ ਦਰਸ਼ਨ ਸਾਧੂ ਸਮਾਜ ਦੀਆਂ ਸਰਬ ਸੰਪ੍ਰਦਾਵਾਂ ਦਾ ਪਰਮ ਸਤਿਕਾਰ ਕਰਦੇ ਹਨ। ਆਪ ਜੀ ਦੀ ਮੰਡਲੀ ਵਿਚ ਉਦਾਸੀ, ਸੰਨਿਆਸੀ, ਬੈਰਾਗੀ, ਦਾਦੂ ਪੰਥੀਏ, ਗਰੀਬ ਦਾਸੀਏ ਆਦਿਕ ਸਰਬ ਸੰਪ੍ਰਦਾਵਾਂ ਦੇ ਸਾਧੂਆਂ ਦਾ ਨਿਵਾਸ ਰਹਿੰਦਾ ਹੈ। ਆਪ ਜੀ ਸਾਰੇ ਸਾਧੂਆਂ ਨਾਲ ਅਕਹਿ ਪ੍ਰੇਮ ਸਤਿਕਾਰ ਰੱਖਦੇ ਹਨ। ਸੁਬਹ-ਸ਼ਾਮ ਇਕ-ਇਕ ਸੰਤ ਨੂੰ ਮਿਲਦੇ ਹਨ। ਸਭ ਦੀ ਸੁਖ ਸੁਵਿਧਾ ਦਾ ਪੂਰਾ-ਪੂਰਾ ਖਿਆਲ ਰੱਖਦੇ ਹਨ। ਸਭ ਤਰ੍ਹਾਂ ਦੀਆਂ ਲੋੜਾਂ ਦੀ ਪੂਰਤੀ ਕਰਦੇ ਹਨ। ਮੰਡਲੀ ਸਹਿਤ ਸਾਰੇ ਭਾਰਤ ਵਿਚ ਧਰਮ ਪ੍ਰਚਾਰ ਲਈ ਭ੍ਰਮਣ ਜਾਰੀ ਰਹਿੰਦਾ ਹੈ। ਆਪ ਜੀ

ਦਾ ਇਕ-ਇਕ ਸਵਾਸ ਪਰਉਪਕਾਰ ਵਿਚ ਬਤੀਤ ਹੁੰਦਾ ਹੈ।

ਮੰਡਲੀ ਦੀ ਤਰ੍ਹਾਂ ਅਖਾੜੇ ਦੇ ਪ੍ਰਬੰਧ ਨੂੰ ਵੀ ਕੁਸ਼ਲਤਾ ਨਾਲ ਚਲਾ ਰਹੇ ਹਨ। ਅਖਾੜੇ ਦੇ ਇਕ-ਇਕ ਕਾਰਕੁਨ ਨਾਲ ਅਥਾਹ ਪ੍ਰੇਮ ਕਰਦੇ ਹਨ। ਸਾਰੇ ਕਾਰਕੁਨ ਇਹ ਸਮਝਦੇ ਹਨ ਕਿ ਪੂਜਯ ਸ੍ਰੀ ਮਹੰਤ ਜੀ ਦੀ ਮੇਰੇ ਤੇ ਵਿਸ਼ੇਸ਼ ਕ੍ਰਿਪਾ ਹੈ। ਪੰਚਾਇਤੀ ਅਖਾੜਾ ਨਿਰਮਲਾ ਬਹੁਤ ਵੱਡੀ ਇਤਿਹਾਸਿਕ ਰਜਿਸਟ੍ਰਡ ਸੰਸਥਾ ਹੈ। ਸਾਧੂ ਸਮਾਜ ਅਤੇ ਜਨ ਸਾਧਾਰਨ ਵਾਸਤੇ ਕੁੰਭ ਮੇਲਿਆਂ ਉੱਤੇ ਅਖਾੜੇ ਵੱਲੋਂ ਧਰਮ ਪ੍ਰਚਾਰ, ਅਖੰਡ ਪਾਠ, ਕਥਾ-ਕੀਰਤਨ, ਲੰਗਰ, ਰਿਹਾਇਸ਼ ਸਭ ਤਰ੍ਹਾਂ ਦਾ ਪੂਰਨ ਪ੍ਰਬੰਧ ਹੁੰਦਾ ਹੈ। ਇਹ ਸਰਬ ਕਾਰਜ ਪੂਜਯ ਸ੍ਰੀ ਮਹੰਤ ਜੀ ਦੀ ਸਰ ਪ੍ਰਸਤੀ ਹੇਠ ਸੰਪੰਨ ਹੁੰਦੇ ਹਨ।

ਇਸ ਸਮੇਂ ਦੇ ਆਪ ਜੀ ਪੂਰਨ ਮਹਾਂ ਪੁਰਖ ਹਨ। ਨਾਮ ਅਭਿਆਸੀ, ਨਾਮ ਚਿੰਤਨ, ਧਰਮ ਪ੍ਰਚਾਰ, ਉਪਦੇਸ਼, ਪਰਉਪਕਾਰ, ਸੰਤ ਸੇਵਾ, ਵਿਦਿਆ ਦਾਨ, ਆਪ ਜੀ ਦੇ ਜੀਵਨ ਦਾ ਲਕਸ਼ ਹੈ। ਆਪ ਜੀ ਸਮਦਰਸ਼ੀ, ਸਮਦ੍ਰਿਸ਼ਟੀ, ਅਦ੍ਵੈਤ ਵਾਦੀ ਹਨ। ਨਿਮਰਤਾ ਦੇ ਅਵਤਾਰ, ਦ੍ਵੈਤ ਤੋਂ ਕੋਹਾਂ ਦੂਰ, ਦੈਵੀ ਗੁਣ ਸੰਪੰਨ ਮਹਾਨ ਆਤਮਾ ਹਨ। ਆਪ ਜੀ ਦੀ ਯੋਗ ਅਗਵਾਈ ਹੇਠ ਨਿਰਮਲ ਭੇਖ ਦਾ ਭਵਿਸ਼ਯ ਉੱਜਲ ਪ੍ਰਤੀਤ ਹੋ ਰਿਹਾ ਹੈ।

# ਨਿਰਮਲ ਆਸ਼੍ਰਮ ਰਿਸ਼ੀਕੇਸ਼ ਦਾ ਪਰਉਪਕਾਰੀ ਇਤਿਹਾਸ

ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ, ਪੰਜਾਂ ਪਿਆਰਿਆਂ ਵਿਚੋਂ ਪਿਆਰੇ ਭਾਈ ਧਰਮ ਸਿੰਘ ਜੀ ਤੋਂ ਚੱਲੀ ਨਿਰਮਲ ਸੰਤ ਪਰੰਪਰਾ ਵਿੱਚ ਅੱਗੇ ਜਾਕੇ ਇੱਕ ਮਹਾਨ ਤਪੱਸਵੀ, ਸਿੱਧ-ਪੁਰਖ, ਸ੍ਰੀਮਾਨ ੧੦੮ ਸੰਤ ਠਾਕੁਰ ਦਿਆਲ ਸਿੰਘ ਜੀ ਹੋਏ। ਇਨ੍ਹਾਂ ਦਾ ਡੇਰਾ ਅੰਮ੍ਰਿਤਸਰ ਸ਼ਹਿਰ ਦੇ ਮੋਨੀ ਚੌਂਕ ਵਿੱਚ ਹੈ। ਸ੍ਰੀ ਸੰਤ ਠਾਕੁਰ ਦਿਆਲ ਸਿੰਘ ਜੀ ਦੇ ਨਾਮ ਤੋਂ ਨਿਰਮਲ ਭੇਖ ਵਿਚ 'ਸੰਪ੍ਰਦਾਇ ਠਾਕੁਰਾਂ' ਪ੍ਰਸਿੱਧ ਹੋਈ। ਸ੍ਰੀਮਾਨ ਠਾਕੁਰ ਦਿਆਲ ਜੀ ਦੇ ਸੇਵਕਾਂ ਵਿੱਚੋਂ ਬੜੇ ਕਰਨੀ ਵਾਲੇ ਮਹਾਂਪੁਰਸ਼ ਸੰਤ ਧਰਮ ਸਿੰਘ ਜੀ 'ਸਮਾਧੀ ਵਾਲੇ' ਸਨ। ਸੰਤ ਬੁੱਢਾ ਸਿੰਘ ਜੀ ਆਪ ਜੀ ਦੇ ਸ਼ਿਸ ਸਨ।

**ਮਹੰਤ ਬੁੱਢਾ ਸਿੰਘ ਜੀ**

ਆਪ ਦਾ ਜਨਮ ਪਿੰਡ ਹੱਲੋਵਾਲ, ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਵਿੱਚ ਹੋਇਆ। ਪਿਤਾ ਸਰਦਾਰ ਪ੍ਰਤਾਪ ਸਿੰਘ ਜੀ ਅਤੇ ਮਾਤਾ ਸ੍ਰੀਮਤੀ ਸ਼ਾਂਤੀ ਦੇਵੀ ਜੀ, ਬਹੁਤ ਹੀ ਧਾਰਮਿਕ ਵਿਚਾਰਾਂ ਵਾਲੇ ਸਨ। ਆਪ ਜੀ ਮਿੱਠ-ਬੋਲੜੇ, ਸ ਕੁਸ਼ਲ-ਪ੍ਰਬੰਧਕ, ਸ਼ਾਸਤ੍ਰ-ਗਿਆਤਾ, ਉੱਚ ਕੋਟੀ ਦੇ ਵਿਆਖਿਆਕਾਰ ਅਤੇ ਪ੍ਰਤਿਭਾਸ਼ਾਲੀ ਸ਼ਖਸ਼ੀਅਤ ਦੇ ਮਾਲਕ ਸਨ। ਸਰਬ-ਗੁਣ ਸੰਪੰਨ ਹੋਣ ਕਰਕੇ, ਨਿਰਮਲ ਸੰਤ ਸਮਾਜ ਨੇ ਆਪ ਜੀ ਨੂੰ ਨਿਰਮਲ ਪੰਚਾਇਤੀ ਅਖਾੜਾ, ਕਨਖਲ (ਹਰਿਦਵਾਰ) ਦਾ ਸਕੱਤਰ ਨਿਯੁਕਤ ਕੀਤਾ। ਇਹ ਸੇਵਾ, ਆਪ ਜੀ ਨੇ ਕੁਸ਼ਲਤਾ, ਜ਼ੁੰਮੇਵਾਰੀ ਅਤੇ ਮਿਹਨਤ ਨਾਲ ਨਿਭਾਈ। ਕੁਝ ਸਮੇਂ ਬਾਅਦ ਨਿਰਮਲ ਪੰਚਾਇਤੀ ਅਖਾੜਾ, ਕਨਖਲ ਵੱਲੋਂ ਆਪ ਜੀ ਨੂੰ ਰਮਤ ਪ੍ਰਚਾਰ-ਮੰਡਲੀ ਦਾ ਪ੍ਰਧਾਨ ਥਾਪਿਆ ਗਿਆ। ਦੇਸ਼ ਦੇ ਪ੍ਰਮੁੱਖ ਤੀਰਥਾਂ ਦਾ ਭ੍ਰਮਣ ਕਰਦੇ ਹੋਏ, ਆਪ ਜੀ ਨੂੰ ਇਹ ਸ਼ੁਭ ਸੰਕਲਪ ਹੋਇਆ ਕਿ ਉਤਰਾਖੰਡ (ਰਿਸ਼ੀਕੇਸ਼) ਵਿਖੇ ਵੀ ਗੁਰੂ ਘਰ ਦਾ ਇੱਕ ਵਿਸ਼ੇਸ਼ ਸਥਾਨ ਹੋਣਾ ਚਾਹੀਦਾ ਹੈ। ਗੰਗਾ ਕਿਨਾਰੇ 'ਝਾੜੀ' ਵਿਖੇ ਜਪ-ਤਪ ਕਰਦੇ ਹੋਏ ਸਾਧੂਆਂ, ਸੰਤਾਂ ਦੇ ਰਹਿਣ-ਸਹਿਣ ਅਤੇ ਭੋਜਨ ਦਾ ਪ੍ਰਬੰਧ ਕੀਤਾ ਜਾਵੇ। ਇਨ੍ਹਾਂ ਸੰਕਲਪਾਂ ਨੂੰ ਸਾਕਾਰ ਕਰਨ ਲਈ ਆਪ ਜੀ ਨੇ ਸੰਨ ੧੯੦੦ ਈ. ਦੇ ਕਰੀਬ ਗੰਗਾ ਦੇ ਨਜ਼ਦੀਕ ਇੱਕ ਜਗ੍ਹਾ ਲੈ ਕੇ ਨਿਰਮਲ ਆਸ਼ਰਮ ਦੀ ਨੀਂਹ ਰੱਖੀ। ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਇੱਕ ਕਮਰਾ ਅਤੇ ਦੋ ਕੁ ਹੋਰ ਕਮਰਿਆਂ ਦਾ ਨਿਰਮਾਣ ਹੋਇਆ। ਸਾਧੂਆਂ ਦੇ ਨਿਵਾਸ ਲਈ ਕੁਝ ਝੌਂਪੜੀਆਂ ਵੀ ਬਣਵਾਈਆਂ ਅਤੇ ਲੰਗਰ ਦਾ ਪ੍ਰਬੰਧ ਕੀਤਾ ਗਿਆ। ਕੁਝ ਸਮੇ ਉਪਰੰਤ ਸ਼ਰਧਾਲੂਆਂ ਦਾ ਆਉਣ-ਜਾਣ ਸ਼ੁਰੂ ਹੋ ਗਿਆ। ਸਿੰਧ ਪ੍ਰਾਂਤ (ਹੁਣ ਪਾਕਿਸਤਾਨ) ਤੋਂ ਸਿੰਧੀ ਪ੍ਰੇਮੀ ਬੜੀ ਭਰਵੀਂ ਗਿਣਤੀ ਵਿੱਚ ਆਉਣ ਲੱਗੇ। ਇਸੇ ਦੌਰਾਨ ਕਨਖਲ (ਹਰਿਦਵਾਰ) ਵਿਖੇ ਵੀ ਇੱਕ ਜਗ੍ਹਾ ਲੈ ਕੇ ਕਮਰਿਆਂ ਦੇ ਨਿਰਮਾਣ ਦਾ ਕਾਰਜ ਆਰੰਭ ਕੀਤਾ। ਇਹ ਸਥਾਨ ਅੱਜ ਕਲ੍ਹ 'ਨਿਰਮਲ ਬਾਗ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇੱਥੇ ਗੁਰਬਾਣੀ ਪਾਠ, ਕੀਰਤਨ, ਸ਼ਾਸਤ੍ਰ-ਅਧਿਐਨ ਤੋਂ ਇਲਾਵਾ ਰਹਾਇਸ਼ ਅਤੇ ਗੁਰੂ ਕੇ ਲੰਗਰ ਦਾ ਸੁਚੱਜਾ ਪ੍ਰਬੰਧ ਹੈ। ਆਪ ਜੀ ਨੇ ਕਾਸ਼ੀ ਵਿੱਚ ਵੀ ਇੱਕ ਸਥਾਨ 'ਸੰਗਤ ਗਿਆਨ ਗੁਫਾ' ਦੇ ਨਾਮ ਤੇ ਸਥਾਪਿਤ ਕੀਤਾ ਤਾਂ ਕਿ ਬਾਹਰੋਂ ਪੜ੍ਹਨ ਗਏ ਵਿਦਿਆਰਥੀ ਅਤੇ ਸਾਧੂਆਂ ਨੂੰ ਰਹਿਣ-ਸਹਿਣ ਦੀ ਕਠਿਨਾਈ ਨਾ ਹੋਵੇ। ਪੂਜਨੀਕ ਮਹੰਤ

ਬਾਬਾ ਬੁੱਢਾ ਸਿੰਘ ਜੀ ਦਾ ਆਪਣਾ ਸਮੁੱਚਾ ਜੀਵਨ, ਗੁਰਬਾਣੀ ਰਾਹੀਂ ਗੁਰਮਿਤ ਦੇ ਪ੍ਰਚਾਰ-ਪ੍ਰਸਾਰ ਨੂੰ ਸਮਰਪਿਤ ਸੀ। ਇਲਾਹੀ ਹੁਕਮ ਅਨੁਸਾਰ, ਆਪ ਜੀ ਅੱਸੂ ਵਦੀ ੧੨ ਸੰਮਤ ਬਿਕ੍ਰਮੀ ੧੯੯੩/੧੯੩੭ ਈਃ ਨੂੰ ਨਿਰਮਲ ਬਾਗ ਕਨਖਲ (ਹਰਿਦਵਾਰ) ਵਿਖੇ ਸੱਚਖੰਡ ਸਿਧਾਰ ਗਏ। ਅਤੇ ਸੰਤ ਆਤਮਾ ਸਿੰਘ ਜੀ ਮਹਾਰਾਜ ਨੇ ਮਹੰਤ ਪਦਵੀ ਤੇ ਸਸ਼ੋਭਿਤ ਹੋਕੇ ਆਸ਼ਰਮ ਦੀ ਸੇਵਾ ਸੰਭਾਲੀ। ਪਰਮ ਸੰਤ ਸ੍ਰੀਮਾਨ ੧੦੮ ਮਹੰਤ ਬੁੱਢਾ ਸਿੰਘ ਜੀ ਮਹਾਰਾਜ ਦੇ ਅਨੇਕ ਸ਼ਿਸ਼ ਸੰਤ ਰੂਪ ਵਿੱਚ ਸਨ। ਇਨ੍ਹਾਂ ਵਿੱਚੋਂ ਸੰਤ ਜੈਮਲ ਸਿੰਘ ਜੀ 'ਅਵਧੂਤ', ਸੰਤ ਗਿਆਨੀ ਬਲਵੰਤ ਸਿੰਘ ਜੀ, ਮਹੰਤ ਦੇਵਾ ਸਿੰਘ ਜੀ (ਸ੍ਰੀ ਹਰਿਮੰਦਰ ਸਾਹਿਬ ਜੀ ਅਤੇ ਅਕਾਲ ਤਖਤ ਵਿਚ ਸੋਨਾ ਲਾਉਣ ਦੀ ਸੇਵਾ ਕਰਨ ਵਾਲੇ) ਸੰਤ ਅਰਜਨ ਸਿੰਘ ਜੀ ਭਿਖਸ਼ੂ ਅਤੇ ਸ੍ਰੀਮਾਨ ਸੰਤ ਬਾਬਾ ਨਿੱਕਾ ਸਿੰਘ ਜੀ ਵਿਰਕਤ ਦਾ ਨਾਮ ਵਿਸ਼ੇਸ ਤੌਰ ਤੇ ਵਰਣਨ ਯੋਗ ਹੈ।

## ਸ੍ਰੀਮਾਨ ਮਹੰਤ ਆਤਮਾ ਸਿੰਘ ਜੀ

ਆਪਦਾ ਜਨਮ ਪਿੰਡ ਪੱਤੋ ਹੀਰਾ ਸਿੰਘ ਜ਼ਿਲ੍ਹਾ ਮੋਗਾ (ਪੰਜਾਬ) ਵਿਖੇ ਹੋਇਆ। ਛੋਟੀ ਉਮਰੇ (੧੯੦੮ ਈ.) ਹੀ ਆਪ ਜੀ ਮਹੰਤ ਬੁੱਢਾ ਸਿੰਘ ਜੀ ਦੀ ਸ਼ਰਨ ਵਿੱਚ ਆਏ ਅਤੇ ਉਨ੍ਹਾਂ ਦੇ ਹੀ ਹੋਕੇ ਰਹਿ ਗਏ। ਉਦਾਰਚਿੱਤ ਅਤੇ ਦਿਆਲੂ ਮਹੰਤ ਆਤਮਾ ਸਿੰਘ ਜੀ ਨੇ ਆਪਣੇ ਪੂਜਨੀਕ ਗੁਰੂਦੇਵ ਮਹੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ ਦੀ ਪਵਿੱਤਰ ਯਾਦ ਵਿੱਚ ਸੋਨੇ-ਚਾਂਦੀ ਦੇ ਪੱਤਰੇ ਦੀ ਬਣੀ ਹੋਈ ਇੱਕ ਸੁੰਦਰ ਪਾਲਕੀ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਨੂੰ ਸ਼ਰਧਾ ਸਹਿਤ ਭੇਟਾ ਕੀਤੀ। ਆਪ ਜੀ ਨੇ ਆਸ਼ਰਮ ਪ੍ਰਤੀ ਉਤਰਾਧਿਕਾਰੀ ਵਾਲੇ ਫਰਜ਼ ਅੰਤਿਮ ਸਮੇਂ ਤੱਕ ਬੜੀ ਕੁਸ਼ਲਤਾ ਨਾਲ ਨਿਭਾਏ ਅਤੇ ਇਸ ਸੇਵਾ ਕਾਲ (੧੯੩੭ ਤੋਂ ੧੯੭੩ ਈ.) ਦੌਰਾਨ ਆਸ਼ਰਮ ਨੇ ਬਹੁਪੱਖੀ ਤਰੱਕੀ ਕੀਤੀ। ਆਪ ਜੀ ਨੇ ਆਪਣੇ ਅਤੀ ਪਿਆਰੇ ਸੇਵਕ ਸੰਤ ਨਾਰਾਇਣ ਸਿੰਘ ਜੀ ਨੂੰ, ਉਨ੍ਹਾਂ ਦੀ ਅਣਥੱਕ ਸੇਵਾ, ਵਿਦਵਤਾ, ਸ਼ਹਿਣਸ਼ੀਲਤਾ ਅਤੇ ਹਰ ਪੱਖੋਂ ਯੋਗ ਸਮਝਕੇ, ਪੂਜਯ ਸੰਤ ਬਾਬਾ ਨਿੱਕਾ ਸਿੰਘ 'ਵਿਰੱਕਤ' ਜੀ ਦੀ ਆਗਿਆ ਅਨੁਸਾਰ ਉੱਤਰਾਧਿਕਾਰੀ ਥਾਪਿਆ। ਆਸ਼ਰਮ ਦੀ ਸੇਵਾ ਸੰਭਾਲ ਲੰਬੇ ਸਮੇਂ ਤੱਕ ਕਰਦੇ ਹੋਏ ਅੰਤ ਸਾਵਣ ਸੁਦੀ ੧੧, ਸੰਮਤ ਬਿਕ੍ਰਮੀ ੨੦੩੦, (੯ ਅਗਸਤ ਸੰਨ ੧੯੭੩ ਈ.) ਵਿੱਚ ਪੰਜ ਭੌਤਿਕ ਸ਼ਰੀਰ ਤਿਆਗ ਕੇ ਬ੍ਰਹਮਲੀਨ ਹੋ ਗਏ।

## ਮਹੰਤ ਨਾਰਾਇਣ ਸਿੰਘ ਜੀ

ਜਿਵੇਂ ਉੱਪਰ ਦਸ ਆਏ ਹਾਂ ਕਿ ਮਹੰਤ ਆਤਮਾ ਸਿੰਘ ਜੀ ਤੋਂ ਬਾਅਦ ਉੱਤਰਾਧਿਕਾਰੀ ਹੋਣ ਦੇ ਨਾਤੇ, ਆਸ਼ਰਮ ਦੇ ਸਾਰੇ ਸੇਵਾ ਕਾਰਜ ਆਪ ਜੀ ਨੇ ਸੰਭਾਲੇ। ਪੰਜਾਬ ਦੇ ਹੁਸ਼ਿਆਰਪੁਰ ਸ਼ਹਿਰ ਤੋਂ ਸੰਤ ਨਾਰਾਇਣ ਸਿੰਘ ਜੀ ਸੰਨ ੧੯੨੨ ਈ. ਵਿੱਚ ਨਿਰਮਲ ਆਸ਼ਰਮ ਵਿਖੇ ਆਏ। ਇੱਥੇ ਹੀ ਵਿੱਦਿਆ ਅਧਿਐਨ, ਸਿਮਰਨ, ਸਤਿਸੰਗ ਅਤੇ ਗੁਰੂ ਸੇਵਾ ਕਰਦੇ ਰਹੇ। ਆਪ ਜੀ ਪਰਮ ਪੂਜਨੀਕ ਸੰਤ ਬਾਬਾ ਨਿੱਕਾ ਸਿੰਘ 'ਵਿੱਰਕਤ' ਜੀ ਮਹਾਰਾਜ ਨੂੰ ਆਪਣੇ ਗੁਰੂਦੇਵ ਸ੍ਰੀਮਾਨ ਮਹੰਤ ਆਤਮਾ ਸਿੰਘ ਜੀ ਦੇ ਸਾਮਾਨ ਹੀ ਸਤਿਕਾਰਦੇ ਸਨ ਅਤੇ ਸਾਰੇ ਕਾਰਜ ਉਨ੍ਹਾਂ ਦੀ ਆਗਿਆ ਅਨੁਸਾਰ ਹੀ ਕਰਦੇ ਸਨ। ਆਪ ਜੀ ਦੇ ਸੇਵਾ ਕਾਲ (੧੯੭੪-੧੯੮੨) ਦੌਰਾਨ ਆਸ਼ਰਮ ਵਿੱਚ ਹਰ ਪੱਖੋਂ ਉੱਨਤੀ ਹੋਈ। ਆਪ ਜੀ ਕੋਮਲ-ਹਿਰਦੇ ਵਾਲੇ, ਮਿਠਬੋਲੜੇ, ਸਹਿਣਸ਼ੀਲ ਅਤੇ ਸ਼ਾਤ ਸੁਭਾਅ ਵਾਲੇ ਸਨ। ਗੁਰਬਾਣੀ ਅਤੇ ਹੋਰ ਧਰਮ ਸ਼ਾਸ਼ਤ੍ਰਾਂ ਦੇ ਗਿਆਤਾ ਹੋਣ ਦੇ ਨਾਲ-ਨਾਲ ਆਯੁਰਵੈਦਿਕ ਵਿੱਦਿਆ ਵਿਚ ਵੀ ਪਰੂਨ ਸਨ। ਸਿੰਧੀ ਪ੍ਰੇਮੀ ਆਪ ਜੀ ਦੀ ਕਥਾ ਸ਼ੈਲੀ ਅਤੇ ਨਿੰਮ੍ਰਤਾ ਵਾਲੇ ਸੁਭਾਅ ਤੋਂ ਬਹੁਤ ਹੀ ਪ੍ਰਭਾਵਿਤ ਸਨ। ਇੱਕ ਸਮੇਂ ਆਪ ਜੀ ਨੇ ਪਰਮ ਪੂਜਨੀਕ ਸੰਤ ਬਾਬਾ ਨਿੱਕਾ ਸਿੰਘ 'ਵਿੱਰਕਤ' ਜੀ ਦੇ ਚਰਨਾਂ ਵਿੱਚ ਬੇਨਤੀ

ਕੀਤੀ ਕਿ 'ਮਹਾਰਾਜ, ਮੇਰਾ ਸਰੀਰ ਹੁਣ ਮੇਰਾ ਸਾਥ ਨਹੀਂ ਦਿੰਦਾ ਆਪ ਜੀ ਕਿਰਪਾ ਕਰਕੇ ਆਸ਼ਰਮ ਦਾ ਸੰਚਾਲਨ ਕਿਸੇ ਯੋਗ ਪੁਰਖ ਨੂੰ ਸੌਂਪ ਦੇਵੋ।' ਕੁਝ ਸਮੇਂ ਬਾਅਦ ਵਿਰੱਕਤ 'ਮਹਾਰਾਜ'! ਜੀ ਨੇ ਆਪਣੇ ਪਰਮ ਸੇਵਕ ਭਾਈ ਰਾਮ ਸਿੰਘ ਜੀ ਨੂੰ ਨਿਰਮਲ ਆਸ਼ਰਮ ਦੀ ਗੱਦੀ ਦਾ ਉੱਤਰਾਧਿਕਾਰੀ ਥਾਪਣ ਲਈ ਮਹੰਤ ਨਾਰਾਇਣ ਸਿੰਘ ਜੀ ਨੂੰ ਆਗਿਆ ਦੇ ਦਿੱਤੀ। ਆਗਿਆ ਅਨੁਸਾਰ ਮਹੰਤ ਨਾਰਾਇਣ ਸਿੰਘ ਜੀ ਨੇ ਭਾਈ ਰਾਮ ਸਿੰਘ ਜੀ ਨੂੰ ਆਪਣਾ ਉੱਤਰਾਧਿਕਾਰੀ ਥਾਪਕੇ ਨਿਰਮਲ ਆਸ਼ਰਮ ਦੀ ਸੰਪੂਰਨ ਸੇਵਾ ਸੌਂਪ ਦਿੱਤੀ। ਅਕਾਲ ਪੁਰਖ ਦੇ ਹੁਕਮ ਅਨੁਸਾਰ ੨੫ ਅਕਤੂਬਰ ੧੯੮੨ ਈ. ਨੂੰ ਮਹੰਤ ਨਾਰਾਇਣ ਸਿੰਘ ਜੀ ਨੇ ਆਪਣਾ ਸ਼ਰੀਰ ਤਿਆਗ ਦਿੱਤਾ ਅਤੇ ੧੦ ਨਵੰਬਰ ੧੯੮੨ ਈ. ਨੂੰ ਸਤਾਰ੍ਹਵੀਂ ਦੇ ਮੌਕੇ ਤੇ ਸਮੂਹ ਨਿਰਮਲ ਸੰਤ ਸਮਾਜ ਨੇ 'ਵਿੱਰਕਤ' ਜੀ ਦੀ ਆਗਿਆ ਲੈ ਕੇ ਨਿਰਮਲ ਸੰਪ੍ਰਦਾਇ ਦੀ ਮਰਿਆਦਾ ਅਨੁਸਾਰ ਸੰਤ ਰਾਮ ਸਿੰਘ ਜੀ ਨੂੰ ਮਹੰਤੀ ਦੀ ਪੱਗ ਬੰਨ੍ਹਣ ਦੀ ਰਸਮ ਅਦਾ ਕੀਤੀ।

**ਸ੍ਰੀਮਾਨ ੧੦੮ ਸੰਤ ਬਾਬਾ ਨਿੱਕਾ ਸਿੰਘ ਜੀ ਵਿੱਰਕਤ**

ਗੁਰੂ-ਸੇਵਾ ਅਤੇ ਪ੍ਰੇਮਾ-ਭਗਤੀ ਵਿੱਚ ਨਿਸ਼ਚੇਵਾਨ, ਉੱਚ ਕੋਟੀ ਦੇ ਵਿਦਵਾਨ, ਮਹਾਨ ਤਪਸੱਵੀ ਅਤੇ ਸੰਜੀਦਗੀ ਭਰਪੂਰ, ਸਰਲ ਜੀਵਨ ਵਾਲੇ ਸ਼੍ਰੋਮਣੀ ਸੰਤ ਸਨ। ਆਪ ਜੀ ਵਿਸ਼ਾਲ ਨਿਰਮਲ ਪੰਥ ਦੀ ਉਪ-ਸੰਪ੍ਰਦਾਇ 'ਸੰਪ੍ਰਦਾਇ ਠਾਕਰਾਂ' ਵਿੱਚ ਇੱਕ ਵਿਲੱਖਣ ਵਿਅਕਤੀਤਵ ਦੇ ਰੂਪ ਵਿੱਚ ਪ੍ਰਸਿੱਧ ਹੋਏ। 'ਸੰਤ' ਸ਼ਬਦ ਉਸ ਵਿਅਕਤੀ ਦਾ ਬੋਧ ਕਰਾਉਂਦਾ ਹੈ, ਜਿਸਨੇ ਸਤਿ-ਰੂਪੀ ਪਰਮ-ਤੱਤ ਦਾ ਅਨੁਭਵ ਕਰ ਲਿਆ ਹੋਵੇ। ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ ਇੱਕ ਅਜਿਹੀ ਹੀ ਪਵਿੱਤਰ ਆਤਮਾ ਸਨ ਜੋ ਪਰਮ ਤੱਤ ਦਾ ਅਨੁਭਵ ਕਰਕੇ ਉਸ ਪਾਰਬ੍ਰਹਮ ਪਰਮੇਸ਼ਰ ਨਾਲ ਪੂਰਨ ਤੌਰ ਤੇ ਲਿਵਲੀਨ ਹੋਏ। ਨਾਮ ਸਿਮਰਣ, ਸੇਵਾ ਅਤੇ ਉਪਾਸਨਾ ਆਦਿ ਸ਼ੁਭ ਕਰਮਾਂ ਨਾਲ, ਆਪ ਜੀ ਦਾ ਅੰਤਹਕਰਣ ਸ਼ੁੱਧ ਹੋ ਚੁੱਕਿਆ ਸੀ। ਆਪ ਜੀ ਉਸ ਪਦਵੀ ਤੇ ਪਹੁੰਚ ਚੁੱਕੇ ਸਨ ਜਿੱਥੇ ਗਿਆਤਾ, ਗੇਅ ਅਤੇ ਗਿਆਨ ਆਦਿ ਤ੍ਰਿਪਟੀਆਂ ਦਾ ਸਾਖਸ਼ੀ ਚੇਤਨ ਦ੍ਰਸ਼ਟਾ ਰੂਪ ਵਿੱਚ ਕੇਵਲ ਆਪਣੇ ਆਪੇ ਦਾ ਹੀ ਅਨੁਭਵ ਹੁੰਦਾ ਹੈ। ਇਸੇ ਅਵਸਥਾ ਨੂੰ ਜੀਵਨ-ਮੁਕਤਿ, ਨਿਰਬਾਣ-ਪਦ, ਤੁਰੀ-ਅਵਸਥਾ ਅਥਵਾ ਚੌਥਾ ਪਦ ਕਿਹਾ ਜਾਂਦਾ ਹੈ। ਆਪ ਜੀ ਦਾ ਜਨਮ ਪਿੰਡ ਸੀਹਾਂ ਦੌਦ ਜਿਲ੍ਹਾ ਲੁਧਿਆਣਾ (ਪੰਜਾਬ) ਦੇ ਜੱਟ-ਸਿੱਖ ਘਰਾਣੇ ਵਿੱਚ ਸੰਨ ੧੮੯੪ ਈ. ਦੇ ਕਰੀਬ ਹੋਇਆ। ਬਚਪਨ ਇਸੇ ਪਿੰਡ ਵਿੱਚ ਬੀਤਿਆ ਅਤੇ ਗੁਰਬਾਣੀ ਦੀ ਮੁੱਢਲੀ ਵਿਦਿਆ ਇਸੇ ਨਗਰ ਵਿੱਚ ਰਹਿੰਦੇ ਹੋਏ ਉਦਾਸੀ ਸੰਤਾਂ ਤੋਂ ਪ੍ਰਾਪਤ ਕੀਤੀ। ਜਵਾਨੀ ਵਿੱਚ ਖੇਤੀਬਾੜੀ ਅਤੇ ਫ਼ੌਜ ਦੀ ਨੌਕਰੀ ਕੀਤੀ। ਸੰਨ ੧੯੧੪ ਈ. ਦੇ ਪਹਿਲੇ ਵਿਸ਼ਵ-ਯੁੱਧ ਵਿੱਚ ਭਾਗ ਲਿਆ ਅਤੇ ਯੁੱਧ ਬੰਦ ਹੁੰਦਿਆਂ ਹੀ ਸੰਸਾਰ ਤੋਂ ਉਪ੍ਰਾਮ ਹੋ ਕੇ ਨੌਕਰੀ ਤੋਂ ਤਿਆਗ-ਪੱਤਰ ਦੇ ਦਿੱਤਾ। ਪੂਰਬਲੇ ਸੰਸਕਾਰਾਂ ਦੇ ਫਲਸਰੂਪ ਹਰਿਦਵਾਰ ਪੁਹੰਚ ਗਏ। ਇੱਥੇ ਨਿਰਮਲ ਬਾਗ ਕਨਖਲ (ਹਰਿਦਵਾਰ) ਦੇ ਮਹੰਤ, ਪਰਮ ਪੂਜਨੀਕ ਸੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ ਦੇ ਚਰਨਾਂ ਵਿਚ ਪੁੱਜ ਗਏ ਅਤੇ ਤਨ, ਮਨ ਅਰਪਣ ਕਰ ਦਿੱਤਾ। ਕੁਝ ਸਮੇਂ ਬਾਅਦ ਗੁਰੂਦੇਵ ਜੀ ਦੇ ਆਦੇਸ਼ ਅਨੁਸਾਰ, ਸੰਸਕ੍ਰਿਤ ਅਤੇ ਵੇਦ-ਵਿੱਦਿਆ ਪੜ੍ਹਨ ਲਈ ਕਾਸ਼ੀ ਚਲੇ ਗਏ। ਕਾਸ਼ੀ ਵਿੱਚ ਆਪ ਜੀ ਨੇ ਬ੍ਰਹਮ ਵਿੱਦਿਆ ਅਤੇ ਨਾਮ ਸਿਮਰਨ ਦੀ ਵੀ ਅਕਹਿ ਘਾਲਣਾ ਘਾਲੀ ਜਿਸ ਨਾਲ ਆਪ ਜੀ ਨੂੰ ਅਸਲੀ ਮਨੋਰਥ 'ਪਰਮ ਪਦ' ਦੀ ਪ੍ਰਾਪਤੀ ਹੋਈ। ਪੂਰਨ ਵਿਦਵਾਨ ਅਤੇ ਬ੍ਰਹਮ ਵਿਦਿਆ ਦੇ ਗਿਆਤਾ ਬਣ ਕੇ ਵਾਪਸ ਗੁਰੂਦੇਵ ਜੀ ਦੇ ਚਰਨਾਂ ਵਿੱਚ, 'ਹਰਿਦੁਆਰ' ਪਹੁੰਚ ਗਏ। ਇੱਥੇ ਰਹਿ ਕੇ ਆਪ ਜੀ ਨੇ ਜੋ ਘੋਰ ਤੱਪਸਿਆ, ਸਾਧਨਾ ਕੀਤੀ ਉਹ ਵਿਰਲੇ ਹੀ ਸਾਧੂਆਂ ਨੂੰ ਪ੍ਰਾਪਤ ਹੁੰਦੀ ਹੈ। ਸੰਤ ਬਾਬਾ ਨਿੱਕਾ ਸਿੰਘ ਜੀ ਦੇ ਜੀਵਨ ਦਾ ਮਨੋਰਥ, ਸੰਸਾਰ ਦੇ ਭੁੱਲੇ ਭਟਕੇ ਜੀਵਾਂ ਦਾ ਮਾਰਗ ਦਰਸ਼ਨ ਕਰਨਾ ਰਿਹਾ। ਆਪ ਜੀ ਦੇ ਦੈਵੀ ਗੁਣਾਂ ਨਾਲ

ਭਰਪੂਰ ਜੀਵਨ ਤੋਂ ਪ੍ਰਰਿਤ ਹੋਕੇ ਅਨੇਕਾਂ ਪ੍ਰਾਣੀਆਂ ਦੇ ਅਗਿਆਨਮਈ ਜੀਵਨ ਵਿੱਚ ਗਿਆਨ ਦਾ ਪ੍ਰਕਾਸ਼ ਹੋਇਆ ਅਤੇ ਉਨ੍ਹਾਂ ਨੇ ਸਦਾ ਦੇ ਸੁਖ ਨੂੰ ਮਾਣਿਆ।

ਇਸ ਸਮੇਂ ਦੌਰਾਨ ਆਪ ਜੀ ਨੇ ਪੂਰੇ ਭਾਰਤਵਰਸ਼ ਦੇ ਮੁੱਖ ਤੀਰਥ ਸਥਾਨਾਂ ਦਾ ਭ੍ਰਮਣ ਕੀਤਾ ਅਤੇ ਸੰਪਰਕ ਵਿੱਚ ਆਏ ਅਨੇਕਾਂ ਜਗਿਆਸੂ ਜਨਾਂ ਨੂੰ ਪ੍ਰਮਾਰਥਕ ਗਿਆਨ ਦੀ ਸੋਝੀ ਦਿੱਤੀ। ਇਸੇ ਵਿੱਰਕਤੀ ਠਾਠ ਵਿੱਚ ਵਿਚਰਦੇ ਹੋਏ ਆਪ ਜੀ ਨੇ ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼ ਅਤੇ ਬਿਹਾਰ ਆਦਿ ਪ੍ਰਦੇਸ਼ਾਂ ਦੀਆਂ ਪ੍ਰੇਮੀ ਸੰਗਤਾਂ ਨੂੰ ਗੁਰਬਾਣੀ ਕਥਾ ਰਾਹੀਂ ਨਾਮ ਨਿਸ਼ਕਾਮ ਸੇਵਾ ਅਤੇ ਸ਼ੁਭ ਕਰਮਾਂ ਨਾਲ ਜੋੜਿਆ। ਗੁਰੂ ਹੁਕਮ ਅਨੁਸਾਰ ੨੨ ਜੁਲਾਈ ੧੯੮੩ ਈ., ਦਿਨ ਸ਼ੁੱਕਰਵਾਰ ਨੂੰ ਸ਼ਾਮ ਦੇ ੭ ਵਜੇ ਦੇ ਕਰੀਬ ਨਿਰਮਲ ਕੁਟੀਆ, ਗੋਰਾਇਆ (ਪੰਜਾਬ) ਵਿਖੇ ਆਪ ਜੀ ਨੇ ਪੰਜ ਭੌਤਿਕ ਸਰੀਰ ਤਿਆਗ ਦਿੱਤਾ।

### ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ

ਪਰਮ ਪੂਜਯ ਬ੍ਰਹਮ ਗਿਆਨੀ ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ ਜੀ ਦੀ ਕ੍ਰਿਪਾ ਦੇ ਪਾਤਰ ਹਨ। ਪੂਜਯ ਮਹੰਤ ਨਾਰਾਇਣ ਸਿੰਘ ਜੀ ਮਹਾਰਾਜ ਦੇ ਨਾਦੀ ਵੰਸ਼ਜ ਉੱਤਰਾਧਿਕਾਰੀ ਨਿਰਮਲ ਆਸ਼ਰਮ ਦੇ ਵਰਤਮਾਨ ਗੱਦੀ ਨਸ਼ੀਨ ਪੂਜਨੀਕ ਸ੍ਰੀਮਾਨ ੧੦੮ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਦਾ ਜਨਮ ੧੭ ਅਕਤੂਬਰ ਸੰਨ ੧੯੫੦ ਈ. ਨੂੰ ਪਿਤਾ ਸ੍ਰੀ ਅਰੂੜ ਚੰਦ 'ਉੱਪਲ' ਅਤੇ ਮਾਤਾ ਸ੍ਰੀਮਤੀ ਵਿਮਲਾ ਦੇਵੀ ਜੀ ਦੇ ਗ੍ਰਹਿ ਵਿਖੇ ਹੋਇਆ। ਸ਼ੁਭ ਕਰਮਾਂ ਦੇ ਫਲਸਰੂਪ ਭਗਤੀ ਦੇ ਸੰਸਕਾਰਾਂ ਕਾਰਨ, ਬਚਪਨ ਤੋਂ ਹੀ ਸੰਤ-ਸੇਵਾ ਵਿੱਚ ਰੁਚੀ ਰੱਖਦੇ ਸਨ। ਸਕੂਲ ਤੋਂ ਆਉਂਦਿਆਂ ਹੀ ਨਿਰਮਲ ਕੁਟੀਆ ਕਰਨਾਲ ਵਿਖੇ ਸੰਤਾਂ-ਮਹਾਂਪੁਰਖਾਂ ਦੇ ਚਰਨਾਂ ਵਿੱਚ ਜਾ ਕੇ ਨਮਸਕਾਰ ਕਰਦੇ ਅਤੇ ਲੰਗਰ ਸੇਵਾ ਵਿੱਚ ਜੁੱਟ ਜਾਂਦੇ। ਇਸ ਪ੍ਰਕਾਰ ਸੰਤਾਂ ਦੇ ਦਰਸ਼ਨ, ਸਤਿਸੰਗ ਅਤੇ ਸੇਵਾ ਦੇ ਨਾਲ-ਨਾਲ ਸੰਸਾਰੀ ਵਿਦਿਆ ਪੂਰੀ ਕਰ ਲਈ। ਪ੍ਰੰਤੂ ਆਪ ਜੀ ਦਾ ਮਨ ਤਾਂ 'ਅਪਰਾ' (ਸੰਸਾਰੀ) ਵਿਦਿਆ ਤੋਂ ਉਚਾਰਣ ਹੋ ਚੁੱਕਿਆ ਸੀ। ਕਦੀ ਕਦਾਈ ਇੱਕ-ਅੱਧ ਵਾਰ ਘਰ ਚੱਕਰ ਲਾ ਆਉਂਦੇ ਬਾਕੀ ਪੂਰਾ ਸਮਾਂ ਕੁਟੀਆ ਵਿਖੇ ਹੀ ਮਹਾਂਪੁਰਖਾਂ ਦੇ ਚਰਨਾਂ ਵਿੱਚ ਸੇਵਾ ਕਰਦੇ। ਲੰਗਰ ਦੀ ਸੇਵਾ ਕਰਨੀ, ਬਸਤਰ ਧੌਣੇ ਅਤੇ ਵਿਸ਼ਰਾਮ ਸਮੇਂ ਪੂਜਯ ਗੁਰੂਦੇਵ ਸੰਤ ਬਾਬਾ ਨਿੱਕਾ ਸਿੰਘ 'ਵਿੱਰਕਤ' ਜੀ ਦੇ ਚਰਨਾਂ ਵਿੱਚ ਹੀ ਆਸਣ ਲਾ ਲੈਂਦੇ। ਗੁਰੂ-ਹੁਕਮ ਅਨੁਸਾਰ, ਕੁਝ ਸਮਾਂ ਪੰਜਾਬ ਐਂਡ ਸਿੰਧ ਬੈਂਕ ਦੀ 'ਬਰਨਾਲਾ' ਸ਼ਾਖਾ (ਪੰਜਾਬ) ਵਿੱਚ ਨੌਕਰੀ ਕੀਤੀ ਪ੍ਰੰਤੂ ਮਨ ਤਾਂ ਹਮੇਸ਼ਾਂ ਹੀ ਗੁਰੂ ਦਰਸ਼ਨਾਂ ਦੀ ਤਾਂਘ ਵਿੱਚ ਰਹਿੰਦਾ ਸੀ। ਮਈ ੧੯੮੧ ਦੇ ਇੱਕ ਵਡਭਾਗੇ ਦਿਨ ਜਦੋਂ ਆਪ ਜੀ ਬੈਂਕ ਤੋਂ ਛੁੱਟੀ ਲੈ ਕੇ ਪੂਜਨੀਕ ਗੁਰੂਦੇਵ ਜੀ ਦੇ ਦਰਸ਼ਨਾਂ ਹਿਤ ਨਿਰਮਲ ਬਾਗ ਕਨਖਲ (ਹਰਿਦੁਆਰ) ਵਿਖੇ ਆਏ ਹੋਏ ਸੀ ਤਦ ਆਪ ਜੀ ਦੀ ਸੇਵਾ ਤੇ ਤਰੁੱਠ ਕੇ ਵਿੱਰਕਤ ਮਹਾਰਾਜ ਜੀ ਨੇ ਆਪ ਜੀ ਨੂੰ ਸੰਨਿਆਸ ਦੇ ਕੇ ਸੰਤ ਸਾਜ ਦਿੱਤਾ ਅਤੇ ਆਗਿਆ ਕੀਤੀ ਕਿ ਮਹੰਤ ਨਾਰਾਇਣ ਸਿੰਘ ਜੀ ਦੀ ਆਗਿਆ ਵਿੱਚ ਰਹਿਕੇ ਨਿਰਮਲ ਆਸ਼ਰਮ ਵਿਖੇ ਹਰ ਪ੍ਰਕਾਰ ਦੀ ਸੇਵਾ ਕਰੋ। ਅਕਾਲ ਪੁਰਖ ਦੇ ਹੁਕਮ ਅਨੁਸਾਰ ਬਖ਼ਸ਼ੀ ਸੇਵਾ ਨਿਭਾਉਂਦੇ ਹੋਏ ਪੂਜਯ ਮਹੰਤ ਨਾਰਾਇਣ ਸਿੰਘ ਜੀ ੨੫ ਅਕਤੂਬਰ ਸੰਨ ੧੯੮੨ ਈ. ਨੂੰ ਸੱਚਖੰਡ ਪਿਆਨਾ ਕਰ ਗਏ। ੧੦ ਨਵੰਬਰ ੧੯੮੨ ਈ. ਵਾਲੇ ਦਿਨ ਸਤ੍ਹਾਰਵੀ ਦੇ ਭੋਗ ਸਮੇਂ ਨਿਰਮਲ ਆਸ਼ਰਮ ਵਿਖੇ ਸਾਧੂ-ਸਮਾਜ ਅਤੇ ਪ੍ਰੇਮੀ ਸੰਗਤਾਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਰਦਾਸ ਕਰਕੇ ਪੱਗ ਦੀ ਰਸਮ ਅਦਾ ਕੀਤੀ ਗਈ। ਪਰਮ ਪੂਜਨੀਕ ਸ੍ਰੀਮਾਨ ੧੦੮ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਨਿਰਸੰਦੇਹ ਨਿਰਮਲ ਅੰਤਹਕਰਣ ਦੇ ਮਾਲਕ ਹਨ। ਆਪ ਜੀ ਦੇ ਚਿਹਰੇ ਦਾ ਨੂਰ, ਕਮਲ ਨੈਣਾਂ ਦੀ ਚਮਕ ਆਪ ਜੀ ਦੀ ਰੂਹਾਨੀ ਸ਼ਕਤੀ ਦਾ ਪ੍ਰਤੱਖ ਪ੍ਰਮਾਣ ਹੈ। ਆਪ ਜੀ ਆਤਮ-ਆਨੰਦ ਗੁਰੂ ਭਾਣੇ ਅਤੇ ਪ੍ਰਭੂ ਦੀ ਮਹਿਮਾ ਵਿੱਚ ਸਦਾ ਹੀ

ਲੀਨ ਰਹਿੰਦੇ ਹਨ। ਆਪ ਜੀ ਦੇ ਨਿਰਮਲ ਹਿਰਦੇ ਵਿੱਚ ਸੱਚ ਦਾ ਗਿਆਨ ਪ੍ਰਚੰਡ ਹੈ। ਇਸੇ ਸਦਕਾ ਸੱਚ ਦਾ ਗਿਆਨ ਦੁਨੀਆਂ ਭਰ ਵਿੱਚ ਫੈਲਾਉਣ ਲਈ ਦ੍ਰਿੜ੍ਹ ਸੰਕਲਪ ਹਨ।

**ਸੰਤ ਬਾਬਾ ਜੋਧ ਸਿੰਘ ਜੀ**

ਆਪ ਜੀ ਦਾ ਜਨਮ ੧੪ ਅਗਸਤ ਸੰਨ ੧੯੪੮ ਈ. ਨੂੰ ਸ. ਲਛਮਣ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਇੱਕ ਪ੍ਰਭਾਵਸ਼ਾਲੀ ਸ਼ਖਸੀਅਤ ਦੇ ਮਾਲਿਕ ਹਨ। ਆਪ ਸੰਸਾਰਿਕ ਰਿਸ਼ਤੇ ਵਜੋਂ ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ ਦੇ ਭਤੀਜੇ ਹਨ। ਭਾਵੇਂ ਪ੍ਰਮਾਰਥਕ ਲਗਨ ਦੇ ਸੰਸਕਾਰ ਜ਼ਿਆਦਾ ਕਰਕੇ ਪੂਰਬਲੇ ਕਰਮਾਂ ਦੇ ਫਲ ਅਨੁਸਾਰ ਹੀ ਹੋਇਆ ਕਰਦੇ ਹਨ ਪ੍ਰੰਤੂ ਆਪ ਜੀ ਨੂੰ ਵਿੱਰਕਤ ਮਹਾਰਾਜ ਜੀ ਦੀ ਪਵਿੱਤ੍ਰ ਕੁਲ ਵਿੱਚ ਪੈਦਾ ਹੋਣ ਕਰਕੇ ਇਹ ਸ਼ੁਭ ਸੰਸਕਾਰ ਵਿਰਾਸਤ ਵਿੱਚ ਵੀ ਮਿਲੇ। ਮਾਤਾ ਜੀ ਦਾ ਜੀਵਨ ਧਾਰਮਿਕ ਵਿਚਾਰਾਂ ਵਾਲਾ ਅਤੇ ਸੰਤ ਸੇਵੀ ਹੋਣ ਕਰਕੇ ਆਪ ਜੀ ਦੇ ਬਚਪਨ ਵਿੱਚ ਹੀ ਸ਼ੁਭ ਸੰਸਕਾਰ ਰੂਪੀ ਬੀਜ ਪੁੰਘਰਨੇ ਸ਼ੁਰੂ ਹੋ ਗਏ ਸਨ। ਆਪ ਜੀ ਨੂੰ ਨਾਮ ਦੀ ਦਾਤ ਸ੍ਰੀਮਾਨ ਸੰਤ ਗੋਪਾਲ ਸਿੰਘ ਜੀ ਮਹਾਰਾਜ ਤੋਂ ਪ੍ਰਾਪਤ ਹੋਈ। ਸੰਸਾਰਿਕ ਵਿੱਦਿਆ ਪ੍ਰਾਪਤ ਕਰਨ ਦੇ ਨਾਲ-ਨਾਲ ਗੁਰੂ ਕ੍ਰਿਪਾ ਦੁਆਰਾ ਪ੍ਰਮਾਰਥ ਅਤੇ ਗੁਰਬਾਣੀ ਵਿਦਿਆ ਵਿਚ ਗੋਹਝ ਗਿਆਨ ਪ੍ਰਾਪਤਾ ਕੀਤਾ। ਕੁਝ ਸਮਾਂ ਆਪ ਜੀ ਨੇ ਪੰਜਾਬ ਐਂਡ ਸਿੰਧ ਬੈਂਕ ਦੀ ਗੁਜ਼ਰਾਂਵਾਲਾ ਟਾਊਨ ਸ਼ਾਖਾ (ਦਿੱਲੀ) ਵਿੱਚ ਨੌਕਰੀ ਕੀਤੀ ਪ੍ਰੰਤੂ ਸੰਸਾਰੀ ਨੌਕਰੀ ਕਰਨਾ ਤਾਂ ਆਪ ਜੀ ਦੇ ਜੀਵਨ ਦਾ ਲਕਸ਼ ਨਹੀਂ ਸੀ। ਆਪ ਜੀ ਦਾ ਸੰਤ ਸੇਵੀ ਸੁਭਾਅ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਅਨਿੰਨ ਸ਼ਰਧਾ ਅਤੇ ਹੋਰ ਪ੍ਰਮਾਰਥਕ ਰੁਚੀਆਂ ਨੂੰ ਦੇਖਦੇ ਹੋਏ ਪੂਜਨੀਕ ਸੰਤ ਬਾਬਾ ਨਿੱਕਾ ਸਿੰਘ ਮਹਾਰਾਜ ਜੀ ਨੇ ਕ੍ਰਿਪਾ ਕਰਕੇ ੩ ਅਪ੍ਰੈਲ ੧੯੯੩ ਨੂੰ ਸੰਤ ਥਾਪਕੇ ਸੰਸਾਰੀ ਬੰਧਨਾਂ ਤੋ ਮੁਕਤ ਕਰ ਦਿੱਤਾ। ਅਨੇਕ ਆਸ਼ੀਰਵਾਦ ਦੇਕੇ ਮਹੰਤ ਬਾਬਾ ਰਾਮ ਸਿੰਘ ਮਹਾਰਾਜ ਜੀ ਦੇ ਨਾਲ ਸੇਵਾ ਕਰਨ ਲਈ ਨਿਰਮਲ ਆਸ਼ਰਮ ਰਿਸ਼ੀਕੇਸ਼ ਜਾਣ ਦੀ ਆਗਿਆ ਕੀਤੀ। ਪੂਜਨੀਕ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਅਕਸਰ ਗੁਰਮਿਤ ਪ੍ਰਚਾਰ, ਪ੍ਰਸਾਰ ਅਤੇ ਮਾਨਵ ਕਲਿਆਣ ਹਿੱਤ ਦੇਸ਼, ਪ੍ਰਦੇਸ਼ ਦੀਆਂ ਸੰਗਤਾਂ ਵਿੱਚ ਵਿਚਰਦੇ ਰਹਿੰਦੇ ਹਨ। ਉਨ੍ਹਾਂ ਦੀ ਅਗਵਾਈ ਹੇਠ ਸਮੇਂ ਦੇ ਨਾਲ-ਨਾਲ ਵਧਦੀਆਂ ਜ਼ੁੰਮੇਵਾਰੀਆਂ ਨੂੰ ਆਪ ਜੀ ਗੁਰੂ ਕ੍ਰਿਪਾ ਦੁਆਰਾ ਬੜੀ ਸੂਝ-ਬੂਝ ਅਤੇ ਦੂਰ ਦ੍ਰਿਸ਼ਟੀ ਨਾਲ ਨਿਭਾਉਂਦੇ ਹਨ। ਨਿਰਮਲ ਆਸ਼ਰਮ ਦੀਆਂ ਸਾਰੀਆਂ ਸੇਵਾ ਸੰਸਥਾਵਾਂ (ਨਿਰਮਲ ਆਸ਼ਰਮ ਹਸਪਤਾਲ, ਐਨ.ਡੀ.ਐਸ. ਸਕੂਲ ਐਨ.ਏ. ਫਰੀ ਸਕੂਲ ਅੱਖਾਂ ਦਾ ਹਸਪਤਾਲ, ਮੋਬਾਇਲ ਹਸਪਤਾਲ, ਸਿਲਾਈ ਕੇਂਦਰ ਆਦਿ) ਦਾ ਹਰ ਸਮੇਂ ਹਰ ਪੱਖੋ ਮਾਰਗ ਦਰਸ਼ਨ ਦੇਖ-ਰੇਖ ਅਤੇ ਪ੍ਰਬੰਧ ਕਰਦੇ ਹਨ। ਆਸ਼ਰਮ ਦੀ ਹਰੇਕ ਗਤੀਵਿਧੀ ਆਪ ਜੀ ਦੇ ਇਰਦ-ਗਿਰਦ ਘੁੰਮ ਰਹੀ ਹੈ। ਇਸ ਤੋਂ ਇਲਾਵਾ ਨਵੀਆਂ ਸੇਵਾਵਾਂ ਨਾਲ ਸੰਬੰਧਿਤ ਇਮਾਰਤਾਂ ਦਾ ਨਵੀਨੀਕਰਣ ਆਸ਼ਰਮ ਦੇ ਸਾਲਾਨਾ ਅਤੇ ਹੋਰ ਸਮਾਗਮਾਂ ਦਾ ਆਯੋਜਨ ਵਿਰਾਸਤ ਦੀ ਸੰਭਾਲ ਅਤੇ ਨਿਰਮਲ ਸੰਪ੍ਰਦਾਇ ਦੇ ਇਤਿਹਾਸ ਦੀ ਜਾਣਕਾਰੀ ਇੱਕਠਾ ਕਰਨਾ ਆਦਿ ਸੇਵਾਵਾਂ ਨੂੰ ਬੜੀ ਲਗਨ ਅਤੇ ਸੁਚੱਜੇ ਢੰਗ ਨਾਲ ਨਿਭਾ ਰਹੇ ਹਨ। ਇਹੀ ਕਾਰਨ ਹੈ ਕਿ ਅੱਜ ਨਿਰਮਲ ਆਸ਼ਰਮ ਕੇਵਲ ਇੱਕ ਧਾਰਮਿਕ ਆਦਾਰਾ ਹੀ ਨਹੀਂ ਬਲਕਿ ਉੱਤਰਾਂਚਲ ਪ੍ਰਾਂਤ ਦਾ ਇੱਕ ਵਿਸ਼ਾਲ ਸਮਾਜਿਕ, ਵਿੱਦਿਅਕ ਅਤੇ ਚਿਕਿਤਸਕ ਸੇਵਾ ਸੰਸਥਾਨ ਬਣ ਚੁੱਕਿਆ ਹੈ।

**ਨਿਰਮਲ ਆਸ਼ਰਮ ਦੀ ਪਰਉਪਕਾਰੀ ਸੇਵਾ**

ਨਿਰਮਲ ਆਸ਼ਰਮ ਰਿਸ਼ੀਕੇਸ਼ ਇਸੇ ਨਿਰਮਲ ਮਾਰਗ ਦੀ ਖੋਜ ਅਤੇ ਪਰਮ-ਸ਼ਾਂਤੀ ਦੇ ਲਕਸ਼ ਦੀ ਪ੍ਰਾਪਤੀ ਲਈ ਨਿਰਸੰਦੇਹ ਇੱਕ ਪਵਿੱਤਰ ਸਥਾਨ ਹੈ। ਨਿੱਤ ਕਰਮ, ਜੀਵਨ ਦੇ ਉਪਰੋਕਤ ਪਰਮ ਉਦੇਸ਼ ਨੂੰ ਸਨਮੁੱਖ ਰੱਖਕੇ

ਹੀ ਆਸ਼ਰਮ 'ਚ ਸਾਰੇ ਕਾਰ-ਵਿਹਾਰ ਚਲਦੇ ਹਨ। ਸਵੇਰ ਤੋਂ ਰਾਤ ਤੱਕ ਪਰੋਕਸ਼-ਅਪਰੋਕਸ਼ ਕਿਸੇ ਨਾ ਕਿਸੇ ਰੂਪ ਵਿੱਚ ਤੱਤਵ ਗਿਆਨ ਦੇ ਵਿਚਾਰਾਂ ਦਾ ਪ੍ਰਵਾਹ ਨਿਰੰਤਰ ਚਲਦਾ ਰਹਿੰਦਾ ਹੈ। ਅੰਮ੍ਰਿਤ ਵੇਲੇ ਗੁਰਬਾਣੀ ਦਾ ਪਾਠ ਸ਼ਬਦ ਕੀਰਤਨ ਅਤੇ ਦਰਬਾਰ ਸਾਹਿਬ ਦੇ ਨਿੱਤ-ਕਰਮ ਦੀ ਸਮਾਪਤੀ ਹੁੰਦੀ ਹੈ। ਉਪਰੰਤ ਭਿਕਸ਼ਾ ਲੈਣ ਆਏ ਭਿਖਸੂ ਸੰਤਾਂ ਦਾ ਸਨਮਾਨ ਫੁੱਲਾਂ ਦੀ ਵਰਖਾ ਕਰਕੇ ਕੀਤਾ ਜਾਂਦਾ ਹੈ। ਸੰਤਾਂ ਮਹਾਤਮਾਂ ਅਤੇ ਲੋੜਵੰਦ ਗਰੀਬਾਂ ਲਈ ਅੰਨ ਛੇਤ੍ਰ (ਲੰਗਰ) ਵਰਤਾਇਆ ਜਾਂਦਾ ਹੈ। ਇਸ ਸਮੇਂ ਲਗਭਗ ੭੦੦ ਪ੍ਰਾਣੀ ਹਰ ਰੋਜ਼-ਭੋਜਨ ਪ੍ਰਾਪਤ ਕਰਦੇ ਹਨ। ਇਸਦੇ ਨਾਲ-ਨਾਲ ਕੀਰਤਨ, ਭਜਨ ਵੀ ਹੁੰਦਾ ਰਹਿੰਦਾ ਹੈ। ਇਸ ਸਮੇਂ ਡੇਰੇ ਵਿੱਚ ਠਹਿਰੀ ਹੋਈ ਸਾਧ ਸੰਗਤ ਵੀ ਲੰਗਰ (ਨਾਸ਼ਤਾ) ਛਕਦੀ ਹੈ। ਦੁਪਹਿਰ ਦੇ ਲੰਗਰ ਅਤੇ ਸ਼ਾਮ ਵੇਲੇ ਦੀ ਚਾਹ ਤੋਂ ਉਪਰੰਤ ਗੁਰਬਾਣੀ ਅਤੇ ਹੋਰ ਸ਼ਾਸਤ੍ਰਾਂ ਦਾ ਪੜ੍ਹਨ ਪੜ੍ਹਾਉਣ ਹੁੰਦਾ ਹੈ। ਜਿਨ੍ਹਾਂ ਦਿਨਾਂ ਵਿੱਚ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਜੀ ਦੀ ਪਵਿੱਤਰ ਰਸਨਾ ਤੋਂ ਬਾਣੀ ਦਾ ਜੋ ਪ੍ਰਵਾਹ ਚਲਦਾ ਹੈ, ਉਹ ਮਾਰੂਥਲ ਵਿੱਚ ਝਰਨੇ ਦੀ ਠੰਡੀ ਫੁਹਾਰ ਦੀ ਨਿਆਈ; ਸੁਖਦਾਈ ਹੁੰਦਾ ਹੈ। ਇਸੇ ਤਰ੍ਹਾਂ ਰਾਤ ਦੇ ਲੰਗਰ ਤੋਂ ਬਾਅਦ ਫਿਰ ਸੰਗਤ ਜੁੜਦੀ ਹੈ ਜਿਸ ਵਿੱਚ ਨਿਰੋਲ ਸ਼ਬਦ ਕੀਰਤਨ ਹੀ ਹੁੰਦਾ ਹੈ। ਗੁਰਬਾਣੀ ਦੇ ਕੀਰਤਨ ਦੀ ਸਿੱਖਿਆ ਲੈ ਰਹੇ ਬੱਚਿਆਂ ਨੂੰ ਵੀ ਸ਼ਬਦ ਪੜ੍ਹਨ ਲਈ ਹਾਜ਼ਰੀ ਭਰਨ ਦਾ ਮੌਕਾ ਮਿਲਦਾ ਹੈ। ਸਾਧ ਸੰਗਤ ਪੂਜਯ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਦੇ ਦਰਸ਼ਨਾਂ ਲਈ ਅਤੇ ਆਸ਼ਰਮ ਦੀਆਂ ਨਿਸ਼ਕਾਮ ਸੇਵਾਵਾਂ ਦੇ ਵਿੱਚ ਯਥਾ ਯੋਗ ਹਿੱਸਾ ਪਾਉਣ ਲਈ ਨਿਰੰਤਰ ਆਉਂਦੀ ਰਹਿੰਦੀ ਹੈ। ਵਿਸ਼ੇਸ਼ ਕਰਕੇ ਮਈ ਅਤੇ ਜੂਨ ਦੇ ਮਹੀਨਿਆਂ ਵਿੱਚ ਸੰਗਤ ਦਾ ਪ੍ਰਭਾਵ ਵਧੇਰੇ ਹੋ ਜਾਂਦਾ ਹੈ। ਇਸ ਸਮੇਂ ਦੌਰਾਨ ਸ੍ਰੀਮਾਨ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਜ਼ਿਆਦਾ ਕਰਕੇ ਰਿਸ਼ੀਕੇਸ਼ ਹੀ ਹੁੰਦੇ ਹਨ। ਗੁਰਦਵਾਰਾ ਸ੍ਰੀ ਹੇਮਕੁੰਟ ਸਾਹਿਬ ਅਤੇ ਚਾਰ ਧਾਮਾਂ ਦੀ ਯਾਤਰਾ ਦੌਰਾਨ ਸੰਗਤ ਦੀ ਆਵਾਜਾਈ ਨਾਲ ਆਸ਼ਰਮ ਭਰਿਆ ਰਹਿੰਦਾ ਹੈ। ਸ਼ਰਧਾਲੂ ਜਿਥੇ ਆਸ਼ੀਰਵਾਦ ਪ੍ਰਾਪਤ ਕਰਦੇ ਹਨ, ਰਿਸ਼ੀਆਂ ਦੀ ਇਸ ਨਗਰੀ ਦੇ ਅਧਿਆਤਮਕ ਪ੍ਰਕਿਤਕ ਅਤੇ ਸਾਤਵਿਕ ਵਾਤਾਵਰਣ ਦਾ ਆਨੰਦ ਵੀ ਮਾਣਦੇ ਹਨ। ਇਸ ਪ੍ਰਕਾਰ ਉਹ ਨਿਸ਼ਕਾਮ ਸੇਵਾ ਅਤੇ ਸਿਮਰਨ 'ਚ ਲੀਨ ਰਹਿਕੇ ਆਪਣੇ ਜੀਵਨ ਦੇ ਸੁਆਸਾਂ ਦੀ ਪੂੰਜੀ ਨੂੰ ਸੰਭਾਲਦੇ ਹਨ।

**ਸਮਾਗਮਾਂ ਦਾ ਆਯੋਜਨ**

ਨਿਰਮਲ ਆਸ਼ਰਮ ਵੱਲੋਂ ਸਮੇਂ-ਸਮੇਂ ਧਾਰਮਿਕ ਸਮਾਗਮਾਂ ਦਾ ਵਿਸ਼ਾਲ ਆਯੋਜਨ ਕੀਤਾ ਜਾਂਦਾ ਹੈ। ਪ੍ਰਮੁੱਖ ਤੌਰ ਤੇ ਨਿਰਮਲ ਬਾਗ, ਕਨਖਲ ਅਤੇ ਨਿਰਮਲ ਆਸ਼ਰਮ, ਰਿਸ਼ੀਕੇਸ਼ ਵਿਖੇ ਸਤੰਬਰ/ਅਕਤੂਬਰ ਦੇ ਮਹੀਨੇ ਵਿੱਚ ਵੱਡੇ ਮਹਾਂਪੁਰਖਾਂ ਦੀ ਪਵਿੱਤਰ ਯਾਦ ਨਮਿਤ ਬਰਸੀ ਸਮਾਗਮ ਮਨਾਏ ਜਾਂਦੇ ਹਨ। ਇਨ੍ਹਾਂ ਸਮਾਗਮਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩੧ ਸ੍ਰੀ ਅਖੰਡਪਾਠਾਂ ਦੇ ਨਾਲ-ਨਾਲ ਨਿਰੰਤਰ ਸ਼ਬਦ ਕੀਰਤਨ, ਸੰਤ ਸਮਾਗਮ ਅਤੇ ਗੁਰੂ ਕੇ ਲੰਗਰ ਦਾ ਅਤੁੱਟ ਪ੍ਰਵਾਹ ਚਲਦਾ ਰਹਿੰਦਾ ਹੈ। ਸੇਵਾ ਸਤਿਸੰਗਤ ਅਤੇ ਸਿਮਰਨ ਦੇ ਇਨ੍ਹਾਂ ਮਹਾਨ-ਯੱਗਾਂ ਵਿੱਚ ਦੇਸ਼-ਵਿਦੇਸ਼ ਤੋਂ ਹਜ਼ਾਰਾਂ ਸ਼ਰਧਾਲੂ ਬੜੀ ਸ਼ਰਧਾ ਅਤੇ ਪ੍ਰੇਮ ਨਾਲ ਸ਼ਾਮਲ ਹੋ ਕੇ ਪੂਜਨੀਕ ਮਹਾਂਪੁਰਸ਼ਾਂ ਦਾ ਆਸ਼ੀਰਵਾਦ ਪ੍ਰਾਪਤ ਕਰਦੇ ਹਨ। ਨਵੇਂ ਸਾਲ (ਅੰਗਰੇਜ਼ੀ ਕੈਲੰਡਰ) ਦੇ ਸ਼ੁਭ ਆਗਮਨ ਤੇ ਵੀ ਆਸ਼ਰਮ ਵਿਚ, ਹਸਪਤਾਲ ਅਤੇ ਸਕੂਲ ਦਾ ਸਥਾਪਨਾ ਦਿਵਸ ਮਨਾਉਣ ਲਈ ਇੱਕ ਵਿਸ਼ਾਲ ਸਮਾਗਮ ਕੀਤਾ ਜਾਂਦਾ ਹੈ। ਇਸ ਸਮਾਗਮ ਵਿੱਚ ਹਰ ਨਵੇਂ ਸਾਲ ਤੋਂ ਪਹਿਲੀ ਸ਼ਾਮ ਵੇਲੇ ੩੧ ਸ੍ਰੀ ਅਖੰਡਪਾਠਾਂ ਦੇ ਭੋਗ ਤੋਂ ਬਾਅਦ ਅੱਧੀ ਰਾਤ ਤੱਕ ਪੂਰੀ ਤਰ੍ਹਾਂ ਧਾਰਮਿਕ ਵਾਤਾਵਰਣ ਵਿੱਚ ਸ਼ਬਦ ਕੀਰਤਨ ਅਤੇ ਸਤਿਸੰਗ ਹੁੰਦਾ ਹੈ। ਆਰਤੀ ਤੋਂ ਬਾਅਦ ਨਵੇਂ ਸਾਲ ਦੇ ਮੰਗਲਮਈ ਹੋਣ ਲਈ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਅਰਦਾਸ ਕੀਤੀ ਜਾਂਦੀ ਹੈ। ਉਪਰੰਤ ਸ੍ਰੀਮਾਨ ਪੂਜਯ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਸ਼ਰਧਾਲੂਆਂ ਨੂੰ ਆਪਣੇ ਕਰ-ਕਮਲਾਂ ਦੁਆਰਾ ਪ੍ਰਸ਼ਾਦ ਬਖਸ਼ਸ਼

ਕਰਕੇ ਭਵਿੱਖ ਵਿੱਚ ਵੀ ਜੁੜੇ ਰਹਿਣ ਦਾ ਅਸ਼ੀਰਵਾਦ ਦਿੰਦੇ ਹਨ। ਇਸ ਤੋਂ ਇਲਾਵਾ ਆਸ਼ਰਮ ਦੀਆਂ ਵਿਭਿੰਨ ਸ਼ਾਖਾਵਾਂ ਤੇ ਹੀ ਨਿਧਾਰਤ ਸਮੇਂ ਅਨੁਸਾਰ ਸਮਾਗਮ ਆਯੋਜਿਤ ਕੀਤੇ ਜਾਂਦੇ ਹਨ। ਸਮਾਗਮਾਂ ਸਮੇਂ ਸਭ ਥਾਵਾਂ ਤੇ ਪੂਜਨੀਕ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਸੰਗਤਾਂ ਨੂੰ ਦਰਸ਼ਨ ਦੇਕੇ ਨਿਹਾਲ ਕਰਦੇ ਹਨ।

**ਸ਼ਤਾਬਦੀ ਸਮਾਰੋਹ**

ਨਿਰਮਲ ਆਸ਼ਰਮ ਰਿਸ਼ੀਕੇਸ਼ ਦਾ ਸੌ ਸਾਲਾ ਸਥਾਪਨਾ ਦਿਵਸ (੨੧ ਤੋਂ ੨੩ ਸਤੰਬਰ ੨੦੦੩), ਨਿਰਮਲ ਆਸ਼ਰਮ ਦੇ ਸੰਸਥਾਪਕ ਪੂਜਯ ਮਹੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ ਅਤੇ ਬ੍ਰਹਮ ਗਿਆਨੀ ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ ਦੇ ਬਰਸੀ ਸਮਾਗਮ ਮੌਕੇ ਤੇ ਬੜੀ ਧੂਮ-ਧਾਮ ਅਤੇ ਸ਼ਰਧਾ ਸਹਿਤ ਮਨਾਇਆ ਗਿਆ। ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩੧ ਪਾਵਨ ਸਰੂਪਾਂ ਦਾ ਪ੍ਰਕਾਸ਼ ਕਰਕੇ ਸ੍ਰੀ ਦਰਬਾਰ ਸਾਹਿਬ ਭਵਨ ਦੀ ਨਵੀ ਇਮਾਰਤ ਦਾ ਉਦਘਾਟਨ ਕੀਤਾ ਗਿਆ। ਮਹਾਨ ਕੀਰਤਨ ਦਰਬਾਰ, ਵਿਸ਼ਾਲ ਨਗਰ ਕੀਰਤਨ (ਸ਼ੋਭਾ ਯਾਤਰਾ), ਮਹਾਂਪੁਰਸ਼ਾਂ ਲਈ ਭੰਡਾਰੇ, ਗੁਰੂ ਕਾ ਲੰਗਰ 'ਸਹਜ ਕਥਾ' ਪੋਥੀ ਤੀਜੀ ਛਾਪ (ਸੰਤ ਨਿੱਕਾ ਸਿੰਘ ਜੀ ਦੇ ਪ੍ਰਵਚਨ) ਦਾ ਵਿਮੋਚਨ ਅਤੇ ਨਵੇ ਖੋਲ੍ਹੇ ਮੁਫਤ ਸਕੂਲ ਨਿਰਮਲ ਆਸ਼ਰਮ ਗਿਆਨਦਾਨ ਅਕੈਡਮੀ (NGA) ਖੈਰੀਕਲਾਂ (ਰਿਸ਼ੀਕੇਸ਼) ਦੀ ਨੀਂਹ ਪੱਥਰ ਰੱਖਣਾ ਉਸ ਸਮਾਗਮ ਦੀਆਂ ਮਹਾਨ ਸੇਵਾਵਾਂ ਸਨ। ਆਸ਼ਰਮ ਦੇ ਇਸ ਇਤਿਹਾਸਿਕ ਦਿਹਾੜੇ ਦੇ ਮੌਕੇ ਤੇ ਹੀ ਰਿਸ਼ੀਕੇਸ਼ ਸ਼ਹਿਰ ਵਿਖੇ ਹਰਿਦੁਆਰ ਲਛਮਣ ਝੂਲਾ ਮੁੱਖ ਮਾਰਗ ਤੋਂ ਆਸ਼ਰਮ ਵੱਲ ਨੂੰ ਜਾਣ ਵਾਲੇ ਮਾਰਗ ਉੱਤੇ ਇੱਕ ਅਤੀ ਸੁੰਦਰ ਸ਼ਤਾਬਦੀ ਦੁਆਰ ਦੀ ਸਥਾਪਨਾ ਕੀਤੀ ਗਈ ਹੈ।

**ਸਾਹਿਤ ਪ੍ਰਕਾਸ਼ਨ**

ਨਿਰਮਲ ਆਸ਼ਰਮ ਵੱਲੋਂ ਸੰਤਾਂ, ਮਹਾਂਪੁਰਖਾਂ ਦੇ ਅੰਮ੍ਰਿਤਮਈ ਬਚਨਾਂ ਨੂੰ ਇੱਕਤ੍ਰਿਤ ਕਰਕੇ ਪ੍ਰਕਾਸ਼ਿਤ ਕਰਨ ਦਾ ਉਪਰਾਲਾ ਜਾਰੀ ਹੈ। ਪੂਜਯ ਬ੍ਰਹਮਲੀਨ ਮਹੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ ਦੇ ਕੁਝ ਪ੍ਰਵਚਨਾਂ ਨੂੰ ਸਿੰਧੀ ਸੇਵਕਾਂ ਦੁਆਰਾ ਪਹਿਲੇ ਪਹਿਲ ਸਿੰਧੀ ਭਾਸ਼ਾ ਵਿੱਚ ਛਪਵਾਇਆ ਗਿਆ ਸੀ ਜਿਸਦਾ ਪਹਿਲਾ ਨਾਮ 'ਗੁਰਮੁਖ ਅਤੇ ਮਨਮੁਖ ਦੇ ਲੱਛਣ ਤੇ ਨਿਰਮਲ ਉਪਦੇਸ਼' ਸੀ। ਹੁਣ ਇਹ ਪੋਥੀ 'ਨਿਰਮਲ ਉਪਦੇਸ਼' ਦੇ ਨਾਮ ਨਾਲ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਉਪਲੱਭਧ ਹੈ। ਸ੍ਰੀਮਾਨ ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ ਦੇ ਕਥਾ ਰੂਪੀ ਪ੍ਰਵਚਨਾਂ ਨੂੰ ਕੁਝ ਸ਼ਰਧਾਲੂਆਂ ਨੇ ਰਿਕਾਰਡ ਕਰ ਲਿਆ ਸੀ। ਇਨ੍ਹਾਂ ਉਪਯੋਗੀ, ਅਨਮੋਲ ਪ੍ਰਵਚਨਾਂ ਦਾ ਸੰਕਲਨ 'ਸਹਜ ਕਥਾ' ਪੋਥੀ ਦੇ ਰੂਪ ਵਿਚ ਪੰਜਾਬੀ ਅਤੇ ਹਿੰਦੀ ਭਾਸ਼ਾ ਵਿੱਚ ਉਪਲੱਭਧ ਹੈ। ਮਹੰਤ ਬਾਬਾ ਰਾਮ ਸਿੰਘ ਮਹਾਰਾਜ ਜੀ ਦੀ ਪ੍ਰੇਰਣਾ ਸਦਕਾ 'ਅਸਚਰਜ ਵਸਤੂ' ਨਾਮਕ ਪੋਥੀ ਦਾ ਪ੍ਰਕਾਸ਼ਨ ਹੋਇਆ ਜਿਸ ਵਿੱਚ ਨਿਰਮਲ ਸੰਪ੍ਰਦਾਇ ਠਾਕਰਾਂ ਦੇ ਸੰਖੇਪ ਇਤਿਹਾਸ ਤੋਂ ਇਲਾਵਾ ਆਸ਼ਰਮ ਨਾਲ ਸੰਬੰਧਿਤ ਸਾਰੇ ਮਹਾਂਪੁਰਖਾਂ ਦੇ ਪਰਉਪਕਾਰੀ ਜੀਵਨ ਵਿਸਤਾਰ ਪੂਰਬਕ ਲਿਖੇ ਗਏ ਹਲ। ਇਹ ਪੁਸਤਕ ਕੇਵਲ ਆਸ਼ਰਮ ਦੀ ਨਹੀਂ ਬਲਕਿ ਸਮੂਹ ਨਿਰਮਲ ਸੰਪਦਾਇ ਦੀ ਅਨਮੋਲ ਪੂੰਜੀ ਹੈ। ਪੂਜਨੀਕ ਵਿੱਰਕਤ ਮਹਾਰਾਜ ਜੀ ਦੇ ਪ੍ਰਵਚਨਾਂ ਵਿਚੋਂ ਕੁਝ ਕੁ ਸੱਚ ਦੇ ਮੋਤੀ ਚੁਣ ਕੇ ਅੰਗ੍ਰੇਜੀ ਵਿਚ ਪਰਲਜ਼ ਆਫ ਟਰੁੱਥ (pearl of truth) ਦੇ ਨਾਮ ਹੇਠ ਇੱਕ ਪੋਥੀ ਛਾਪੀ ਗਈ ਹੈ। ਡੂੰਘੇ ਦਾਰਸ਼ਨਿਕ ਵਿਚਾਰਾਂ ਨੂੰ ਸਰਲ ਭਾਸ਼ਾ ਅਤੇ ਸ਼ੈਲੀ ਵਿੱਚ ਪੇਸ਼ ਕਰਨਾ ਇਨ੍ਹਾਂ ਪੋਥੀਆਂ ਦੀ ਵਿਸ਼ੇਸ਼ਤਾ ਹੈ। ਨਿਰਮਲ ਸੰਤ ਬਾਣੀ ਦੀਆਂ ਇਹ ਪੋਥੀਆਂ ਜਗਿਆਸੂ ਜਨਾਂ ਨੂੰ ਨਿਰਮਲ ਆਸ਼ਰਮ ਰਿਸ਼ੀਕੇਸ਼ ਤੋਂ ਹਮੇਸ਼ਾ ਹੀ ਪ੍ਰਸ਼ਾਦ ਰੂਪ ਵਿੱਚ ਮਿਲਦੀਆਂ ਹਨ। ਮਾਨਵਤਾ ਦੀ ਸੇਵਾ ਦੇ ਨਿਸ਼ਕਾਮ ਕੰਮਾਂ ਵਿੱਚ ਨਿਰਮਲ ਆਸ਼ਰਮ ਵਧ ਚੜ੍ਹਕੇ ਹਿੱਸਾ ਲੈ ਰਿਹਾ ਹੈ। ਇਸੇ ਉਦੇਸ਼ ਨੂੰ ਮੁੱਖ ਰੱਖ ਕੇ ਨਿਰਮਲ ਆਸ਼ਰਮ ਹਸਪਤਾਲ, ਨਿਰਮਲ ਆਸ਼ਰਮ ਦੀਪਮਾਲਾ ਪਬਲਿਕ

ਸਕੂਲ (ਐਨ.ਡੀ.ਐਸ.), ਗਿਆਨ ਦਾਨ ਅਕੈਡਮੀ (ਐਨ.ਜੀ.ਏ.) ਅਤੇ ਅੱਖਾਂ ਦੇ ਰੋਗਾਂ ਦਾ ਇਲਾਜ ਕਰਨ ਲਈ ਵੱਖਰਾ ਵਿਭਾਗ ਆਦਿ ਵਿਸ਼ਾਲ ਸੇਵਾ ਕੇਂਦਰਾਂ ਦਾ ਨਿਰਮਾਣ ਹੋਇਆ। ਨਿਰਮਲ ਆਸ਼ਰਮ ਆਈ ਇੰਸਟੀਚਿਊਟ (ਅੱਖਾਂ ਦੇ ਹਸਪਤਾਲ) ਦੀ ਇਮਾਰਤ ਵੀ ਦਰਸ਼ਨੀਯ ਬਣਾਈ ਗਈ ਹੈ। ਇਸਤੋਂ ਇਲਾਵਾ ਪੰਜਾਬ ਅਤੇ ਹਰਿਆਣਾ ਵਿੱਚ ਬਹੁਤ ਥਾਵਾਂ ਤੇ ਸੇਵਾ ਚਲਦੀਆਂ ਹਨ। ਮੁੰਬਈ, ਬਨਾਰਸ, ਮਸੂਰੀ ਆਦਿ ਸ਼ਹਿਰਾਂ ਵਿੱਚ ਵੀ ਨਿਰਮਲ ਆਸ਼ਰਮ ਦੇ ਸਥਾਨ ਹਨ। ਜਿੱਥੇ ਨਿਰਮਲ ਆਸ਼ਰਮ ਹਸਪਤਾਲ ਹਰ ਪ੍ਰਕਾਰ ਦੀ ਚਿਕਿਤਸਾ ਸੁਵਿਧਾ, ਸੇਵਾ ਭਾਵਨਾ ਨਾਲ ਸਮਾਜ ਨੂੰ ਦਿੰਦਾ ਆ ਰਿਹਾ ਹੈ ਉੱਥੇ ਇਸੇ ਹੀ ਹਸਪਤਾਲ ਵਿਖੇ ਪੂਜਯ ਮਹੰਤ ਬਾਬਾ ਰਾਮ ਸਿੰਘ ਜੀ ਦੀ ਸਰਪ੍ਰਸਤੀ ਹੇਠ 'ਨਿਰਮਲ ਮਿਸ਼ਨ ਫਾਰ ਵਿਜ਼ਨ' ਦੇ ਆਸ਼ੇ ਮੁਤਾਬਿਕ, ਅੱਖਾਂ ਦੇ ਹਰ ਪ੍ਰਕਾਰ ਦੇ ਰੋਗਾਂ ਦੀ ਜਾਂਚ, ਇਲਾਜ ਅਤੇ ਅਪ੍ਰੇਸ਼ਨਾਂ ਦੁਆਰਾ ਲੈਂਜ਼ ਪਾ ਕੇ, ਦ੍ਰਿਸਟੀ ਵਿਹੂਣੇ ਪ੍ਰਾਣੀਆਂ ਨੂੰ ਨਜ਼ਰ ਦੇਣ ਦੀ ਸੇਵਾ ਮੁਫਤ ਤੌਰ ਤੇ ਚੱਲ ਰਹੀ ਹੈ। ਸੁਦੂਰ ਗ੍ਰਾਮੀਣ ਮੈਦਾਨੀ ਅਤੇ ਪਹਾੜੀ ਖੇਤ੍ਰਾਂ ਵਿੱਚ ਅਨੇਕਾਂ ਥਾਵਾਂ ਤੇ ਮੈਡੀਕਲ ਅਤੇ ਅੱਖਾਂ ਦੀ ਜਾਂਚ ਲਈ ਮੁਫਤ ਕੈਂਪ ਲਗਾਏ ਜਾਂਦੇ ਹਨ। ਅੱਖਾਂ ਦੇ ਅਪ੍ਰੇਸ਼ਨ ਹੋਣ ਯੋਗ ਮਰੀਜ਼ਾਂ ਨੂੰ, ਉਨ੍ਹਾਂ ਦੇ ਘਰਾਂ ਤੋਂ ਲਿਆਉਣ ਅਤੇ ਵਾਪਸ ਛੱਡਣ ਦਾ ਉਪਰਾਲਾ ਵੀ ਹਸਪਤਾਲ ਦੀ ਗੱਡੀ/ਬੱਸਾਂ ਰਾਹੀਂ ਮੁਫਤ ਕੀਤਾ ਜਾਂਦਾ ਹੈ। ਨਿਰਮਲ ਆਸ਼ਰਮ ਦੁਆਰਾ ਕੀਤੀ ਜਾ ਰਹੀ ਸਮਾਜ ਦੀ ਇਸ ਮਹਾਨ ਸੇਵਾ ਨੂੰ ਬੜੀ ਆਧੁਨਿਕ ਤਕਨੀਕ ਨਾਲ ਉੱਚੀ ਪੱਧਰ ਤੇ ਲੈ ਜਾਣ ਲਈ, ਪਿੰਡ ਖੈਰੀ ਕਲਾਂ ਵਿਖੇ, ਫਰੀ ਸਕੂਲ (ਐਨ.ਜੀ.ਏ.) ਦੇ ਨੇੜੇ ਇਸ ਹਸਪਤਾਲ ਦੀ ਇਮਾਰਤ ਦਾ ਨਿਰਮਾਣ ਕੀਤਾ ਗਿਆ ਹੈ। ਥੋੜੇ ਹੀ ਸਮੇਂ ਵਿੱਚ ਨਿਰਮਲ ਭੇਖ ਭੂਸ਼ਨ, ਮਹਾਨ ਪਰਉਪਕਾਰੀ ਸ੍ਰੀਮਾਨ ਮਹੰਤ ਬਾਬਾ ਰਾਮ ਸਿੰਘ ਜੀ ਦੇ ਪਵਿੱਤ੍ਰ, ਕੋਮਲ ਅਤੇ ਦਿਆਲੂ ਹਿਰਦੇ ਵਿੱਚੋਂ ਲੋੜਵੰਦਾਂ ਦੀ ਸੇਵਾ ਅਤੇ ਸਮਾਜਿਕ ਕਲਿਆਣ ਦੀਆਂ ਅਨੇਕ ਯੋਜਨਾਵਾਂ ਦਾ ਆਰੰਭ ਹੋਇਆ। ਸਮਾਜਿਕ ਪ੍ਰਾਣੀਆਂ ਦੇ ਬੀਮਾਰ ਅਤੇ ਉਦਾਸ ਚਿਹਰਿਆਂ ਉੱਤੇ ਮੁਸਕਰਾਹਟ ਦੇਖਣ ਲਈ, ਰਿਸ਼ੀਕੇਸ਼ ਵਿੱਚ 'ਨਿਰਮਲ ਆਸ਼ਰਮ ਹਸਪਤਾਲ' ਦਾ ਨੀਂਹ ਪੱਥਰ ੧੬ ਅਪ੍ਰੈਲ ਸੰਨ ੧੯੮੬ ਈ. ਨੂੰ ਰੱਖਿਆ ਗਿਆ। ਹਸਪਤਾਲ ਵਿਖੇ ਸੇਵਾ ਕਰਨ ਦੀ ਆਰੰਭਤਾ ਸੰਨ ੧੯੯੦ ਵਿਚ ਕੀਤੀ ਗਈ ਦੂਰ-ਦੁਰਾਡੇ ਤੋਂ ਅਨੇਕਾਂ ਪ੍ਰਾਣੀ ਇਸ ਹਸਪਤਾਲ ਦੀ ਸੇਵਾ ਦਾ ਲਾਭ ਉਠਾ ਰਹੇ ਹਨ। ਆਧੁਨਿਕ ਸਹੂਲਤਾਂ ਯੁਕਤ ਇਹ ਹਸਪਤਾਲ ਸਮਾਜ ਦੇ ਸਾਰੇ ਵਰਗਾਂ ਲਈ ਇੱਕ ਵਰਦਾਨ ਸਿੱਧ ਹੋਇਆ ਹੈ। ਬਿਨ੍ਹਾਂ ਕਿਸੇ ਭੇਦ ਭਾਵ ਤੋਂ ਇੱਕ ਸੋ ਪੱਚੀ ਬਿਸਤਰਿਆਂ ਦਾ ਇਹ ਹਸਪਤਾਲ ਹਰ ਤਰ੍ਹਾਂ ਦੀਆਂ ਸਿਹਤ ਸਹੂਲਤਾਂ ਪ੍ਰਦਾਨ ਕਰ ਰਿਹਾ ਹੈ। [੧]

ਆਧੁਨਿਕ ਚਿਕਿਤਸਾ ਪ੍ਰਣਾਲੀਆਂ ਨਾਲ ਇਕ ਸਿਹਤਮੰਦ ਸਮਾਜ ਦੀ ਸਿਰਜਣਾ ਕਰਨ ਲਈ ਯਤਨਸ਼ੀਲ ਹੈ। ਕੁਲ ਮਿਲਾ ਕੇ ਲਗਪਗ ੧੫੦ ਸਟਾਫ ਮੈਂਬਰਾਂ (ਡਾਕਟਰ, ਨਰਸਾਂ ਅਤੇ ਸਹਾਇਕ ਕਰਮਚਾਰੀ) ਦੁਆਰਾ ਮਰੀਜਾਂ ਦੀ ਪ੍ਰੇਮ ਨਾਲ ਸੇਵਾ ਕੀਤੀ ਜਾਂਦੀ ਹੈ। ਬੀਮਾਰਾਂ ਦੀ ਸਹੂਲਤ ਲਈ ਤਿੰਨ ਐਂਬੂਲੈਂਸ ਉਪਲੱਬਧ ਹਨ। ਹਰ ਐਤਵਾਰ ਨੂੰ ਗ੍ਰਾਮੀਣ ਇਲਾਕਿਆਂ 'ਚ ਮੁਫਤ ਕੈਂਪ ਲਗਾਏ ਜਾਂਦੇ ਹਨ ਜਿਨ੍ਹਾਂ ਤੋਂ ਹਜ਼ਾਰਾਂ ਗਰੀਬ ਲੋਕ ਲਾਭ ਉਠਾਉਂਦੇ ਹਨ। ਦਿਲ ਦੀ ਬੀਮਾਰੀ ਦੇ ਰੋਗੀਆਂ ਦੀ ਜਾਂਚ ਵੀ ਮੁਫਤ ਕੀਤੀ ਗਈ। ਮੁਰਾਦਾਬਾਦ ਤੋਂ ਆਕੇ

---

*੧. ਮੁਰਾਦਾਬਾਦ ਵਾਲੇ ਮਹਾਂਪੁਰਖ ਮਹੰਤ ਭਗਤ ਸਿੰਘ ਜੀ ਅਤੇ ਉਨ੍ਹਾਂ ਦੇ ਸਪੁਤ੍ਰ/ਸ਼ਿਸ਼ ਸੰਤ ਗੁਰਵਿੰਦਰ ਸਿੰਘ ਜੀ ਬੀ.ਐਸ.ਸੀ. ਅਤੇ ਹੋਮਿਓਪੈਥਿਕ ਡਾਕਟਰ (ਮਹੰਤ ਭਗਤ ਸਿੰਘ ਜੀ ਦੇ ਉਤਰਾਧਿਕਾਰੀ) ਸੰਤ ਹਰਿਵਿੰਦਰ ਸਿੰਘ ਜੀ ਬੀ.ਏ., ਐਲ.ਐਲ.ਬੀ. ਆਪਣੇ (ਨਿੱਜ) ਦੇ ਆਸ਼੍ਰਮ ਮੁਰਾਦਾਬਾਦ ਦੇ ਸਥਾਨਾਪਤੀ ਹੁੰਦੇ ਹੋਏ ਵੀ 'ਨਿਰਮਲ ਆਸ਼੍ਰਮ' ਵਿਚ ਅਥਾਹ ਸੇਵਾ ਕਰਦੇ ਹਨ। ਵਿਸ਼ੇਸ਼ ਕਰਕੇ ਸਾਲਾਨਾ ਸਮਾਗਮਾਂ ਸਮੇਂ ਮੁਰਾਦਾਬਾਦ ਤੋਂ ਆਕੇ ਕਈ ਕਈ ਦਿਨ ਹਰ ਤਰ੍ਹਾਂ ਦੀ ਸੇਵਾ ਕਰਦੇ ਸਮਾਗਮਾਂ ਨੂੰ ਸਫਲ ਬਣਾਉਂਦੇ ਹਨ। 'ਨਿਰਮਲ ਆਸ਼੍ਰਮ' ਰਿਸ਼ੀਕੇਸ਼ ਤੇ ਤਿੰਨਾਂ ਮਹਾਂਪੁਰਖਾਂ ਮਹੰਤ ਭਗਤ ਸਿੰਘ ਜੀ, ਸੰਤ ਹਰਿਵਿੰਦਰ ਸਿੰਘ ਜੀ ਅਤੇ ਸੰਤ ਗੁਰਵਿੰਦਰ ਸਿੰਘ ਜੀ ਦੀ ਪਰਮ ਸ਼ਰਧਾ ਹੈ।*

Plastic Surgery ਦੇ ਅਨੁਭਵ ਡਾਕਟਰਾਂ ਦੁਆਰਾ ਹਸਪਤਾਲ ਵਿੱਚ ਲਗਾਏ ਕੈਂਪ ਦੌਰਾਨ ਕਾਫੀ ਮਰੀਜ਼ਾਂ ਦਾ ਮੁਫ਼ਤ ਇਲਾਜ ਕੀਤਾ ਗਿਆ। ਦੀਨ ਦੁਖੀਆਂ, ਗਰੀਬਾਂ ਅਪਾਹਜਾਂ ਅਤੇ ਸਾਧੂ-ਸੰਤਾਂ ਦੀ ਮੁਫਤ ਸੇਵਾ ਹੁੰਦੀ ਹੈ। ਸਾਫ ਸੁਥਰੇ ਵਾਤਾਵਰਣ ਵਾਲਾ, ਇਹ ਮਾਨਵ ਸੇਵਾ ਕੇਂਦਰ, ਆਸ਼ਰਮ ਤੋਂ ਥੋੜੀ ਹੀ ਦੂਰੀ ਤੇ ਮਾਇਆ ਕੁੰਡ ਵਿਖੇ ਸਥਿਤ ਹੈ।

## ਨਿਰਮਲ ਆਸ਼ਰਮ ਦੀਪਮਾਲਾ ਪਬਲਿਕ ਸਕੂਲ (N.D.S.) ਸ਼ਿਆਮਪੁਰ (ਰਿਸ਼ੀਕੇਸ਼)

ਹਿੰਦਸਤਾਨ ਦੀ ਪੂਰੀ ਸਿੱਖਿਆ ਪ੍ਰਣਾਲੀ ਮੁੱਖ ਰੂਪ ਵਿੱਚ ਜਾਂ ਤਾਂ ਪੰਰਪਰਾਵਾਦੀ ਹੈ ਜਾਂ ਕੇਵਲ ਆਧੁਨਿਕਤਾ ਅਪੂਰਣ ਹੈ। ਇਸੇ ਕਰਕੇ ਪਰੰਪਰਾ ਤੋਂ ਬਿਨ੍ਹਾਂ ਅਤੇ ਆਧੁਨਿਕਤਾ ਅਥਵਾ ਧਰਮ ਅਤੇ ਵਿਗਿਆਨ ਦੋਵੇਂ ਨਾਲ-ਨਾਲ ਹੀ ਸਵੀਕਾਰੇ ਜਾਣੇ ਚਾਹੀਦੇ ਹਨ। ਧਰਮ ਤੋਂ ਬਿਨ੍ਹਾਂ ਵਿਗਿਆਨ ਦੀ ਹੋਂਦ ਨਹੀਂ ਮੰਨੀ ਜਾ ਸਕਦੀ। ਰਿਸ਼ੀਕੇਸ਼ ਹਰਿਦੁਆਰ ਮਾਰਗ ਤੇ ਸਥਿਤ ਨਿਰਮਲ ਆਸ਼ਰਮ ਦੀਪਮਾਲਾ ਪਬਲਿਕ ਸਕੂਲ (ਐਨ.ਡੀ.ਐਸ.) ਇੱਕ ਅਜਿਹਾ ਹੀ ਉਪਰਾਲਾ ਕਰ ਰਿਹਾ ਹੈ। ਇਸ ਸੰਸਥਾ ਦਾ ਨੀਂਹ ਪੱਥਰ ਮਹੰਤ ਬਾਬਾ ਰਾਮ ਸਿੰਘ ਜੀ ਦੁਆਰਾ ਸੰਨ ੧੯੯੪ ਈ. ਨੂੰ ਵਿਸਾਖੀ ਦੇ ਸ਼ੁਭ ਦਿਹਾੜੇ ਤੇ ਰੱਖਿਆ ਗਿਆ। ਸਕੂਲ ਦੀ ਇਸ ਵਿਸ਼ਾਲ ਇਮਾਰਤ ਦਾ ਉਦਘਾਟਨ ਸੰਨ ੧੯੯੭ ਈ. ਦੇ ਪਹਿਲੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩੧ ਸ੍ਰੀ ਅਖੰਡ ਪਾਠਾਂ ਦੇ ਭੋਗ ਤੋਂ ਉਪਰੰਤ ਸੰਤਾਂ ਮਹਾਂਪੁਰਖਾਂ ਦੇ ਆਸ਼ੀਰਵਾਦ ਨਾਲ ਕੀਤਾ ਗਿਆ। ਇਹ ਸਕੂਲ ਆਰੰਭ ਤੋਂ ਹੀ ਇਲਾਕੇ ਅਤੇ ਦੂਰ-ਦੁਰਾਡੇ ਦੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚ ਰਿਹਾ ਹੈ। ਸੀ.ਬੀ.ਐਸ.ਈ. ਦੁਆਰਾ ਮਾਨਤਾ ਪ੍ਰਾਪਤ ਇਹ ਸੀਨੀਅਰ ਸੈਕੰਡਰੀ ਸਕੂਲ ਅੰਗਰੇਜ਼ੀ ਰਾਹੀਂ ਆਧੁਨਿਕ ਸਿੱਖਿਆ ਦੇਣ ਦਾ ਸੁਚੱਜਾ ਪ੍ਰਬੰਧ ਕਰ ਰਿਹਾ ਹੈ। ਇਸਦੇ ਨਾਲ-ਨਾਲ ਯੋਗ ਸਾਧਨਾ ਸਾਂਸਕ੍ਰਿਤਕ ਗਤੀ ਵਿਧੀਅ, ਖੇਡਾਂ, ਨੈਤਿਕ ਸਿੱਖਿਆ ਅਤੇ ਬੱਚਿਆਂ ਦੇ ਚਰਿੱਤਰ ਨਿਰਮਾਣ ਵੱਲ ਵੀ ਪੂਰਾ ਧਿਆਨ ਦਿੱਤਾ ਜਾਂਦਾ ਹੈ। ਦੇਸ਼ ਵਿਦੇਸ਼ ਤੋਂ ਸਿੱਖਿਆ ਗ੍ਰਹਿਣ ਕਰਨ ਆਏ ਵਿਦਿਆਰਥੀਆਂ ਲਈ ਗੁਰੂਕੁਲ ਪ੍ਰਣਾਲੀ ਨੂੰ ਸਜੀਵ ਰਖਦੇ ਹੋਏ ਪ੍ਰਦੂਸ਼ਣ ਰਹਿਤ ਵਾਤਾਵਰਣ ਵਿੱਚ ਸ਼ੁੱਧ ਵੈਸ਼ਨੂੰ ਭੋਜਨ ਸਹਿਤ ਬੋਰਡਿੰਗ ਹਾਊਸ (ਹੋਸਟਲ) ਦੀ ਸਹੂਲਤ ਵੀ ਹੈ। ਨਿਰਮਲ ਆਸ਼ਰਮ ਗਿਆਨ ਦਾਨ ਅਕੈਡਮੀ ਖੈਰੀਕਲਾਂ (ਰਿਸ਼ੀਕੇਸ਼) ਨਿਰਮਲ ਆਸ਼ਰਮ ਦੇ ਸ਼ਤਾਬਦੀ ਸਮਾਰੋਹ ਸਮੇਂ ਨਿਰਮਲ ਆਸ਼ਰਮ ਗਿਆਨ ਦਾਨ ਅਕੈਡਮੀ ਦੀ ਇਮਾਰਤ ਦਾ ਨੀਂਹ ਪੱਥਰ ਪਿੰਡ ਖੈਰੀ ਕਲਾਂ (ਰਿਸ਼ੀਕੇਸ਼) ਵਿਖੇ ੨੧ ਸਤੰਬਰ ਸੰਨ ੨੦੦੩ ਈ. ਨੂੰ ਰੱਖਿਆ ਗਿਆ। ਗਰੀਬਾਂ, ਬੇਸਹਾਰਾ, ਲੋੜਵੰਦਾਂ ਅਤੇ ਸਮਾਜ ਦੇ ਆਰਥਿਕ ਤੌਰ ਤੇ ਪਿਛੜੇ ਵਰਗ ਦੇ ਬੱਚਿਆਂ ਨੂੰ ਆਧੁਨਿਕ ਵਿੱਦਿਆ ਨਾਲ ਸੰਬੰਧਿਤ ਕੁੱਲ ਸਹੂਲਤਾਂ ਮੁਫਤ ਦੇਣ ਦੇ ਸੰਕਲਪ ਅਨੁਸਾਰ ਸੁੰਦਰ ਇਮਾਰਤ ਤਿਆਰ ਕਰਕੇ ੨ ਅਪ੍ਰੈਲ ਸੰਨ ੨੦੦੪ ਈ. ਤੋਂ ਪੜ੍ਹਾਈ ਦਾ ਪਹਿਲਾ ਸਤਰ ਸ਼ੁਰੂ ਕਰ ਦਿੱਤਾ ਗਿਆ। ਅੰਗ੍ਰੇਜ਼ੀ ਮਾਧਿਅਮ ਦੀ ਸਿੱਖਿਆ, ਵਰਦੀਆਂ ਪੁਸਤਕਾਂ, ਲੇਖਣ ਸਾਮਗਰੀ ਅੱਧੀ ਛੁੱਟੀ ਵੇਲੇ ਦੁੱਧ ਨਾਲ ਨਾਸ਼ਤਾ, ਸਕੂਲ ਬੱਸਾਂ ਆਦਿ ਸਭ ਸੁਵਿਧਾਵਾਂ ਮੁਫਤ ਹੀ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

*ਮਹੰਤ ਬਲਵੰਤ ਸਿੰਘ ਸੈਕਟਰੀ*

# ਸ੍ਰੀਮਾਨ ੧੦੮ ਸੰਤ ਸ੍ਵਾਮੀ ਨਿੱਕਾ ਸਿੰਘ ਜੀ ਮਹਾਰਾਜ ਦਾ ਤਪ ਸਥਾਨ

## ਨਿਰਮਲ ਆਸ਼੍ਰਮ ਰਿਸ਼ੀਕੇਸ਼ ਦੀ ਸ਼ਾਖਾ ਨਿਰਮਲ ਕੁਟੀਆ ਕਰਨਾਲ

ਇਸ ਸਥਾਨ ਵਿਖੇ ਸ੍ਵਾਮੀ ਜੀ ਨੇ ਨਾਮ ਸਿਮਰਨ ਜਪੁ ਤਪੁ ਦੀ ਅਕਹਿ ਘਾਲਣਾ ਘਾਲੀ ਹੈ। ਨਾਮ ਸਿਮਰਨ ਦੇ ਨਾਲ ਹੀ ਸਤਿਸੰਗ ਕਥਾ ਕੀਰਤਨ ਗੁਰਬਾਣੀ ਦਾ ਅਰਥ ਬੋਧ ਸਤਿ ਸ਼ਾਸਤ੍ਰਾਂ ਦਾ ਪਠਨ ਪਾਠਨ ਵੀ ਜਾਰੀ ਰੱਖਿਆ। ਸੇਵਾ ਨੂੰ ਵੀ ਆਪ ਜੀ ਪ੍ਰਮੁਖਤਾ ਦਿੰਦੇ ਸਨ। ਕੋਹੜੀਆਂ ਅਪੰਗਾਂ, ਵਿਧਵਾਵਾਂ, ਗਰੀਬਾਂ ਸਭ ਤਰ੍ਹਾਂ ਦੇ ਮਜ਼ਦੂਰਾਂ ਦੀ ਮਿਸ਼ਟਾਨ ਸਹਿਤ ਅੰਨਛੇਤ੍ਰ (ਲੰਗਰ) ਅਤੇ ਵਸਤਰ ਆਦਿਕ ਨਾਲ ਸਭ ਤਰ੍ਹਾਂ ਦੀ ਸੇਵਾ ਕਰਕੇ ਪ੍ਰਸੰਨ ਹੁੰਦੇ ਸਨ। ਵਧੀਆ ਨਸਲ ਦੀਆਂ ਗਊਆਂ ਪਾਲ ਕੇ ਸਾਰਾ ਦੁੱਧ ਲੰਗਰ ਵਿਚ ਪਾਇਆ ਜਾਂਦਾ ਸੀ। ਸ਼ਰਧਾਲੂ ਸੰਗਤਾਂ ਦੀ ਆਵਾਜਾਈ ਰਾਤ-ਦਿਨ ਆਰੰਭ ਰਹਿੰਦੀ ਹੈ। ਇਹ ਪਰੰਪਰਾ ਹੁਣ ਵੀ ਉਸੇ ਤਰ੍ਹਾਂ ਹੀ ਚੱਲ ਰਹੀ ਹੈ। ਹਜ਼ਾਰਾਂ ਪ੍ਰਾਣੀਆਂ ਲਈ ਲੰਗਰ ਬਣਾਉਣਾ, ਅਖੰਡ ਪਾਠ ਕਰਨੇ, ਕੀਰਤਨ ਕਰਨਾ, ਸਫਾਈ ਕਰਨੀ ਜੋੜਾ ਘਰ, ਜੂਠੇ ਬਰਤਨ ਮਾਂਜਣੇ ਆਦਿਕ ਸਭ ਸੇਵਾ ਪ੍ਰੇਮੀਆਂ ਵਲੋਂ ਨਿਸ਼ਕਾਮ ਪ੍ਰੇਮ ਪੂਰਬਕ ਨਿਭਾਈ ਜਾਂਦੀ ਹੈ।

ਇਸ ਆਸ਼੍ਰਮ ਵਿਚ ਵਿਸਾਖੀ ਨੂੰ ਨਾਨਕ ਦਰਬਾਰ ਦਾ ਸਥਾਪਨਾ ਦਿਵਸ, ਜੁਲਾਈ ਦੇ ਮਹੀਨੇ (ਹਾੜ ਸੁਦੀ ੧੪) ਨੂੰ ਸ੍ਰੀਮਾਨ ੧੦੮ ਸ੍ਵਾਮੀ ਨਿਕਾ ਸਿੰਘ ਜੀ ਦੀ ਬਰਸੀ, ਅਤੇ ਕਤੱਕ ਪੂਰਨਮਾਸ਼ੀ ਦਾ ਪਰਵ, ਇਹ ਤਿੰਨ ਸਮਾਗਮ ਵਿਸ਼ੇਸ਼ ਅਤੇ ਵਿਸ਼ਾਲਰੂਪ ਵਿਚ ਮਨਾਏ ਜਾਂਦੇ ਹਨ। ਸੰਨ ੧੯੯੩ ਈ: ਵਿਚ ਦੀਵਾਲੀ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਕੱਠੇ ਇਕ ਪੰਡਾਲ ਵਿਚ ੨੫੧ ਅਖੰਡ ਪਾਠ ਰੱਖੇ ਗਏ ਸਨ। ਇਹ ਅਲੌਕਿਕ ਨਜ਼ਾਰਾ ਇਕ ਵੱਖਰੇ ਲੇਖ ਦਾ ਵਿਸ਼ਾ ਹੈ)

ਪੂਜਯ ਸ੍ਵਾਮੀ ਨਿਕਾ ਸਿੰਘ ਜੀ ਵਿਰਕਤ ਦਾ ਪਵਿਤ੍ਰ ਸਰੀਰ, ਜਿਸ ਥਾਂ ਤੇ ਸੰਸਕਾਰ ਕੀਤਾ ਗਿਆ ਸੀ ਉਥੇ ਅਤਿਅੰਤ ਸੁੰਦਰ ਥੜ੍ਹਾ ਬਣਾਇਆ ਗਿਆ ਹੈ। ਉੱਪਰ ਪਾਲਕੀ ਸਾਹਿਬ ਹੈ ਨਾਲ ਅਤਿਅੰਤ ਸੁੰਦਰ ਦਰਸ਼ਨੀਯ ਭਵ ਹਾਲ ਬਣਾਇਆ ਹੈ। ਇਸ ਥੜ੍ਹੇ ਉੱਪਰ ਵੀ ਹਰ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਅਖੰਡ ਚਲਦੇ ਰਹਿੰਦੇ ਹਨ।

### ਸ੍ਰੀਮਾਨ ੧੦੮ ਸ੍ਵਾਮੀ ਨਿੱਕਾ ਸਿੰਘ ਜੀ ਮਹਾਰਾਜ ਜੀ ਦੀ ਸਿਮ੍ਰਿਤੀ ਵਿਚ ਪਰਉਪਕਾਰੀ ਯਾਦਗਾਰਾਂ

(੧) ਸੰਤ ਨਿੱਕਾ ਸਿੰਘ ਪਬਲਿਕ ਮਿਡਲ ਸਕੂਲ ਕਰਨਾਲ ਸ਼ਹਿਰ ਦੇ ਅੰਦਰ ਸਦਰ ਬਾਜ਼ਾਰ ਵਿਚ ਚੱਲ ਰਿਹਾ ਹੈ। ਜਿਸ ਦੀ ਦਰਸ਼ਨੀ ਇਮਾਰਤ ਖੇਲ ਮੈਦਾਨ, ਪੁਸਤਕਾਲਯ ਸਭ ਤਰ੍ਹਾਂ ਦੀ ਸੁਵਿਧਾ ਹੈ। ਇਹ ਇਲਾਕਾ ਗਰੀਬ ਪਰਿਵਾਰਾਂ ਨਾਲ ਸੰਬੰਧਿਤ ਹੈ। ਤਕਰੀਬਨ ੧੨੫੦ ਬੱਚੇ-ਬੱਚੀਆਂ ਵਿਦਿਆ ਪ੍ਰਾਪਤ ਕਰ ਰਹੇ ਹਨ।

(੨) ਸੰਤ ਨਿੱਕਾ ਪਬਲਿਕ ਸਕੂਲ ੧੨ਵੀਂ ਜਮਾਤ ਤਕ ਹੈ। ਗਰੀਬ ਪਰਿਵਾਰਾਂ ਦੇ ਕੁੜੀਆਂ ਮੁੰਡੇ ਇਕੱਠੇ

ਪੜ੍ਹਦੇ ਹਨ। ਅੰਗ੍ਰੇਜ਼ੀ ਮਾਧਯਮ ਹੈ ਗਰੀਬ ਪਰਵਾਰ ਵੇਖ ਕੇ ਚੌਣ ਕੀਤੀ ਜਾਂਦੀ ਹੈ। ਇਸ ਸਕੂਲ ਦੀ ਇਮਾਰਤ, ਖੇਡ ਮੈਦਾਨ, ਖੁੱਲ੍ਹੇ ਵਾਤਾਵਰਣ ਵਿਚ ਸ਼ਹਿਰ ਤੋਂ ਬਾਹਰ ਹੈ। ਇਸ ਸਕੂਲ ਵਿਚ ਵੀ ੨੩੦੦ ਬੱਚੇ-ਬੱਚੀਆਂ ਵਿਦਿਆ ਪ੍ਰਾਪਤ ਕਰਦੇ ਹਨ। ਵਿਸ਼ੇਸ਼ਤਾ ਇਹ ਹੈ ਇਹ ਸਕੂਲ, ਸੀ.ਬੀ.ਐਸ.ਈ. ਬੋਰਡ ਨਵੀਂ ਦਿੱਲੀ ਨਾਲ ਸੰਬੰਧਤ ਹੈ।

## ਨਿਰਮਲ ਧਾਮ ਕਰਨਾਲ

(੩) ਇਸ ਵਿਸ਼ਾਲ ਇਮਾਰਤ ਦੇ ੫੦੦ ਕਮਰੇ ਹਨ। ਇਸ ਭਵਨ ਦੇ ਇਕ ਹਿਸੇ ਵਿਚ ਸੰਤ ਨਿੱਕਾ ਸਿੰਘ ਸੀਨੀਅਰ ਸੈਕੰਡਰੀ ਸਕੂਲ ਚਲ ਰਿਹਾ ਹੈ। ਜੋ ਗਰੀਬ ਲੜਕੀਆਂ ਲਈ ਹੈ। ਲੜਕੀਆਂ ਦੀ ਗਿਣਤੀ ੧੧੦੦ ਹੈ।

(੪) ਕੇਵਲ ਗਰੀਬ ਲੜਕੀਆਂ ਵਾਸਤੇ ਮੁਫ਼ਤ ਆਈ.ਟੀ.ਆਈ. ਸੈਂਟਰ ਵੀ ਚਲਦਾ ਹੈ। ਜਿਸ ਵਿਚ ਸਲਾਈ ਕਢਾਈ ਦੀ ਸਿਖਿਆ ਦਿੱਤੀ ਜਾਂਦੀ ਹੈ। ਕੰਪਿਊਟਰ, ਸਾਇੰਸ ਲੈਬਾਟਰੀ ਆਦਿ ਦੀ ਵੀ ਮੁਫ਼ਤ ਸਿੱਖਿਆ ਹੈ।

(੫) ਇਸੇ ਭਵਨ (ਨਿਰਮਲ ਧਾਮ) ਵਿਚ ਬ੍ਰਿਧ ਆਸ਼੍ਰਮ ਬਣਾਇਆ ਗਿਆ ਹੈ। ਜਿਸ ਵਿਚ ਬ੍ਰਿਧ ਪੁਰਸ਼ ਅਤੇ ਇਸਤ੍ਰੀਆਂ ਸੈਂਕੜਿਆਂ ਦੀ ਸੰਖਯਾ ਵਿਚ ਰਹਿੰਦੇ ਹਨ। ਲੰਗਰ, ਰਿਹਾਇਸ਼ ਆਦਿਕ ਸਭ ਸਹੂਲਤਾਂ ਆਸ਼੍ਰਮ ਵਲੋਂ ਮਿਲਦੀਆਂ ਹਨ। ਦੋਨੋ ਵੇਲੇ ਕਥਾ ਕੀਰਤਨ ਸਤਿਸੰਗ ਹੁੰਦਾ ਹੈ।

(੬) ਅਨਾਥ ਬੱਚੇ-ਬੱਚੀਆਂ ਵੀ ਨਿਰਮਲ ਧਾਮ ਵਿਚ ਰਹਿੰਦੇ ਹਨ ਇਹ ਵੀ ਸਾਰੇ ਵਿਦਿਆ ਪੜ੍ਹ ਰਹੇ ਹਨ।

ਕੁਝ ਅਪੰਗ/ਬੇਸਹਾਰਾ ਲੋਕਾਂ ਨੂੰ ਮਾਸਿਕ ਪੈਨਸ਼ਨ ਦੇ ਰੂਪ ਵਿਚ ਮਾਸਿਕ ਰਾਸ਼ੀ ਵੀ ਦਿੱਤੀ ਜਾਂਦੀ ਹੈ।

ਉੱਪਰ ਦਸੇ ਸਾਰੇ ਸਕੂਲਾਂ ਵਿਚ ਬੱਚਿਆਂ ਨੂੰ ਕਿਤਾਬਾਂ ਲੇਖ ਸਮੱਗਰੀ ਵਰਦੀ ਸਕੂਲ ਬੈਗ, ਸਾਈਕਲ ਆਦਿਕ ਸਹੂਲਤ ਆਸ਼੍ਰਮ ਵਲੋਂ ਮੁਫਤ ਦਿੱਤੀ ਜਾਂਦੀ ਹੈ। ਸਾਰੇ ਸਕੂਲਾਂ ਵਿਚ ਬੱਚਿਆਂ ਨੂੰ ਲਿਆਉਣ ਅਤੇ ਵਾਪਸ ਛੱਡਣ ਲਈ ਬੱਸਾਂ ਦਾ ਪ੍ਰਬੰਧ ਵੀ ਮੁਫ਼ਤ ਹੈ।

ਕਰਨਾਲ ਵਿਚ ਸ੍ਰੀਮਾਨ ਸੰਤ ਨਿਰਭਿੰਦਰ ਸਿੰਘ ਜੀ 'ਸਰਪੰਚ' ਅਤੇ ਸਹਿਯੋਗੀ ਸੰਤ ਕੰਵਲਇੰਦਰ ਸਿੰਘ ਜੀ, ਸ੍ਰੀ ਮਾਨ ੧੦੮ ਮਹੰਤ ਰਾਮ ਸਿੰਘ ਜੀ ਨਿਰਮਲ ਆਸ਼੍ਰਮ ਰਿਸ਼ੀਕੇਸ਼ ਦੀ ਆਗਿਆ, ਸ੍ਰੀਮਾਨ ੧੦੮ ਸੰਤ ਜੋਧ ਸਿੰਘ ਜੀ ਦੀ ਮੈਨੇਜਮਿੰਟ ਅਨੁਸਾਰ ਸੇਵਾ ਕਰ ਰਹੇ ਹਨ। ਸੰਤ ਨਿਰਭਿੰਦਰ ਸਿੰਘ ਜੀ ਨੇ ਰਿਸ਼ੀਕੇਸ਼ ਆਸ਼੍ਰਮ ਦਾ ਇਤਿਹਾਸ 'ਅਸਚਰਜ ਵਸਤੂ ਗ੍ਰੰਥ' ਵੀ ਲਿਖਿਆ ਹੈ।

# ਨਿਰਮਲ ਆਸ਼੍ਰਮ ਮੁਰਾਦਾਬਾਦ ਦੀ ਪਰਉਪਕਾਰੀ ਸੇਵਾ

ਸ੍ਰੀਮਾਨ ੧੦੮ ਮਹੰਤ ਭਗਤ ਸਿੰਘ ਜੀ ਮੁਰਾਦਾਬਾਦ (ਉੱਤਰ ਪ੍ਰਦੇਸ਼) ਵਾਲਿਆਂ ਦਾ ਆਸ਼੍ਰਮ ਸਾਹਿਤਯ ਸੁਸਥ (ਸਿਹਤ) ਨਾਮ ਦਾਨ ਵਿਦਿਆ ਜੰਤਾ ਜਨਾਰਦਨ ਨੂੰ ਸਰਵ ਪੱਖੀ ਦਾਨ ਦਾ ਪ੍ਰਵਾਹ ਚਲਾ ਰਿਹਾ ਹੈ। ਸ੍ਰੀਮਾਨ ਮਹੰਤ ਭਗਤ ਸਿੰਘ ਜੀ ਅਤਿਅੰਤ ਸੁਨਿਮ੍ਰ ਕੋਮਲ ਵਿਰਤੀ ਵਾਲੇ ਪਰਉਪਕਾਰੀਆਂ ਮਹਾਂਪੁਰਖ ਹਨ। **ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥** ਗੁਰਬਾਣੀ ਦੇ ਕਥਨ ਅਨੁਸਾਰ ਲੋੜਵੰਦਾਂ ਦੀ ਪੂਰਤੀ ਲਈ ਰਾਤ-ਦਿਨ ਤੱਤਪਰ ਰਹਿੰਦੇ ਹਨ। ਸ਼ਾਸਤ੍ਰਾਂ ਵਿਚ ਜੋ ਸੰਤਾਂ ਦੀ ਪਰਉਪਕਾਰੀ ਵ੍ਰਿਤੀ ਦਾ ਵਰਣਨ ਕੀਤਾ ਮਿਲਦਾ ਹੈ। ਸ੍ਰੀਮਾਨ ਸੰਤ ਭਗਤ ਸਿੰਘ ਜੀ ਉਨ੍ਹਾਂ ਸਾਰੇ ਲਕਸ਼ਣਾਂ ਵਿਚ ਪੂਰੇ ਉਤਰਦੇ ਹਨ। ਕੋਈ ਇਕ ਦਿਨ ਨਹੀਂ ਹਰ ਸਮੇਂ ਮਨੁੱਖਤਾ ਦੀ ਸੇਵਾ ਲਈ ਹਾਜ਼ਿਰ ਰਹਿੰਦੇ ਹਨ। ਨੇਤ੍ਰ ਆਦਿਕ ਦੇ ਰੋਗਾਂ ਲਈ ਅਨੇਕ ਤਰ੍ਹਾਂ ਦੇ ਕੈਂਪ ਆਪ ਜੀ ਦੀ ਸਰਪ੍ਰਸਤੀ ਹੇਠ ਲਗਦੇ ਰਹਿੰਦੇ ਹਨ। ਇਕ ਵਾਰ ਕੈਂਪ ਸਮੇਂ ਭਾਵੇਂ ਆਪ ਜੀ ਬੀਮਾਰ ਸਨ, ਬੀਮਾਰੀ ਦੀ ਹਾਲਤ ਵਿਚ ਇਕ ਭਿਖਾਰੀ ਨੂੰ ਰਿਕਸ਼ੇ ਵਿਚ ਬੈਠਾ ਲਿਆਏ ਅਤੇ ਡਾਕਟਰਾਂ ਨੂੰ ਭਿਖਾਰੀ ਦਾ ਉਪਚਾਰ ਕਰਨ ਲਈ ਕਿਹਾ ਨਾਲ ਹੀ ਕਿਹਾ ਇਸ ਭਿਖਾਰੀ ਦਾ ਨੇਤ੍ਰ ਹਰ ਹਾਲਤ ਵਿਚ ਬਣਾਉਣਾ ਹੈ ਭਾਵੇਂ ਮੇਰਾ ਨੇਤ੍ਰ ਕੱਢਕੇ ਇਸ ਦੀ ਅੱਖ ਵਿਚ ਪਾ ਦਿਓ। ਇਸ ਤਰ੍ਹਾਂ ਕਰਨ ਨਾਲ ਮੈਨੂੰ ਅਪਾਰ ਪ੍ਰਸੰਨਤਾ ਹੋਵੇਗੀ। ਆਪ ਜੀ ਦੀ ਨਿਮਰਤਾ ਜਨ ਸਾਧਾਰਨ ਲਈ ਸਹਾਨਭੂਤੀ ਵੇਖ/ਸੁਣ ਕੇ ਡਾਕਟਰ ਅਤੇ ਅਨਯ ਲੋਕ ਅਸ਼ਚਰਜ ਹੋ ਗਏ। ਸ੍ਰੀਮਾਨ ਮਹੰਤ ਭਗਤ ਸਿੰਘ ਜੀ ਇਸ ਤਰ੍ਹਾਂ ਹਰ ਸਮੇਂ ਪਰਉਪਕਾਰ ਵਿਚ ਲੱਗੇ ਰਹਿੰਦੇ ਹਨ।

## ਮਹੰਤ ਗੁਰਵਿੰਦਰ ਸਿੰਘ ਜੀ

ਸ੍ਰੀਮਾਨ ਮਹੰਤ ਭਗਤ ਸਿੰਘ ਜੀ ਨੇ ਆਪਣੇ ਜੀਵਨ ਵਿਚ ਹੀ ਸ੍ਰੀਮਾਨ ਸੰਤ ਗੁਰਵਿੰਦਰ ਸਿੰਘ ਜੀ ਨੂੰ ਮਹੰਤ ਨਿਯਤ ਕਰ ਦਿੱਤਾ ਹੈ। ਮਹੰਤ ਗੁਰਵਿੰਦਰ ਸਿੰਘ ਜੀ ਮਹਾਨ ਵਿਦਵਾਨ ਹਨ, ਚਕਿਤਸਾ ਅਤੇ ਹੋਮੋਪੈਥੀ ਦੇ ਵਿਸ਼ੇਸ਼ਗ ਹਨ। ਪ੍ਰਮੁਖ ਗੱਲ ਇਹ ਹੈ ਆਪਣੇ ਗੁਰੂਦੇਵ ਮਹੰਤ ਭਗਤ ਸਿੰਘ ਜੀ ਵਾਲੇ ਸਰਵ ਗੁਣਾਂ ਨਾਲ ਵਿਭੂਸ਼ਤ ਹਨ। ਗਰੀਬਾਂ ਅਨਾਥਾਂ ਅਪੰਗਾਂ ਦੀ ਸਹਾਨਭੂਤੀ ਕਰਨ ਨੂੰ ਆਪ ਪਹਿਲ ਦਿੰਦੇ ਹਨ।

ਸ੍ਰੀ ਸੀ.ਐਲ. ਗੁਪਤਾ ਆਈ ਇੰਸੀਚਿਊਟ ਬਲੱਡ ਬੈਂਕ ਜੋ ਵਿਸ਼ਵ ਪੱਧਰ ਤੇ ਕੰਮ ਕਰ ਰਿਹਾ ਹੈ। ਇਹ ਬਹੁਤ ਵਿਸ਼ਾਲ ਅਦਾਰਾ ਹੈ। ਜੋ ਕਈ ਕਿਲ੍ਹਿਆਂ ਵਿਚ ਫੈਲਿਆ ਹੈ। ਇਸ ਦੀ ਮਹਾਨਤਾ ਦਾ ਇਸ ਅਦਾਰੇ ਦੇ ਵੇਖਣ ਨਾਲ ਹੀ ਪਤਾ ਲੱਗਦਾ ਹੈ ਕਿ ਕਿਤਨਾ ਮਹਾਨ, ਵਿਸ਼ਾਲ ਹੈ ਮਨੁੱਖਤਾ ਦੀ ਕਿਵੇਂ ਅਣਥੱਕ ਸੇਵਾ ਕਰ ਰਿਹਾ ਹੈ।

ਇਸ ਅਦਾਰੇ ਨੂੰ ਸਥਾਪਤ ਕਰਨ ਤੋਂ ਪਹਿਲਾਂ ਸੀ.ਐਲ. ਗੁਪਤਾ ਜੀ ਨੇ ਨਿਮਰਤਾ ਨਾਲ ਸ੍ਰੀਮਾਨ ਮਹੰਤ ਗੁਰਵਿੰਦਰ ਸਿੰਘ ਜੀ ਨੂੰ ਕਿਹਾ ਕਿ ਸੰਸਥਾ ਤਾਂ ਚੱਲ ਸਕੇਗੀ ਜੇਕਰ ਆਪ ਜੀ ਸਹਿਯੋਗ ਦੇਣ ਦੀ ਕਿਰਪਾ ਕਰੋਗੇ। ਇਸ ਸੰਸਥਾ ਦਾ ਸੰਗਠਨ ਸ੍ਰੀ ਸੀ.ਐਲ. ਗੁਪਤਾ ਦੀ ਬੇਨਤੀ ਮੰਨ ਕੇ ਮਹੰਤ ਗੁਰਵਿੰਦਰ ਸਿੰਘ ਜੀ ਨੇ ਪਰਵਾਨਗੀ

ਦੇ ਦਿੱਤੀ। ਸਚਾਰੂ ਰੂਪ ਚਲਾਉਣ ਵਾਸਤੇ ਸ੍ਰੀਮਾਨ ਮਹੰਤ ਗੁਰਵਿੰਦਰ ਸਿੰਘ ਜੀ ਨੇ ਆਨਰੇਰੀ ਸੇਵਾ ਸੰਭਾਲ ਲਈ ਅਦਾਰੇ ਵਲੋਂ ਆਪ ਜੀ ਨੂੰ ਇਸ ਸੰਸਥਾ ਦੇ ਸੈਕਟਰੀ ਨਿਯੁਕਤ ਕੀਤਾ ਗਿਆ। ਆਪ ਜੀ ਹਰ ਸਮੇਂ ਜਨ ਸਧਾਰਨ ਦੀ ਸੇਵਾ ਵਿਚ ਜੁੜੇ ਰਹਿੰਦੇ ਹਨ।

ਨਿਰਮਲ ਆਸ਼੍ਰਮ ਰਿਸ਼ੀ ਕੇਸ਼ ਨਾਲ ਵੀ ਮਹੰਤ ਗੁਰਵਿੰਦਰ ਸਿੰਘ ਜੀ ਦਾ ਅਤਿਅੰਤ ਪ੍ਰੇਮ ਹੈ। ਜਦ ਰਿਸ਼ੀਕੇਸ਼ ਆਉਂਦੇ ਹਨ ਨਿਰਮਲ ਆਸ਼੍ਰਮ ਦੀਆਂ ਸੰਸਥਾਵਾਂ ਵਿਚ ਰਾਤ-ਦਿਨ ਸੇਵਾ ਵਿਚ ਲੱਗੇ ਰਹਿੰਦੇ ਹਨ। ਸੇਵਾ ਸਿਮਰਨ ਹੀ ਆਪ ਜੀ ਦੇ ਜੀਵਨ ਦਾ ਲਕਸ਼ ਹੈ।

ਆਪ ਜੀ ਦੇ ਪੂਰਵ ਮਹਾਂਪੁਰਖਾਂ ਦਾ ਝੂਸੀ ਗੰਗਾ ਕਿਨਾਰੇ ਇਲਾਹਾਬਾਦ ਵਿਚ ਆਸ਼੍ਰਮ ਸੀ ਇਹ ਆਸ਼੍ਰਮ ਆਪ ਜੀ ਨੇ ਨਿਰਮਲ ਆਸ਼੍ਰਮ ਰਿਸ਼ੀਕੇਸ਼ ਨੂੰ ਦਾਨ ਵਿਚ ਸਮਰਪਣ ਕਰ ਦਿੱਤਾ ਹੈ। ਤਾਂ ਕਿ ਇਸ਼ ਆਸ਼੍ਰਮ ਦਾ ਨਵ ਨਿਰਮਾਣ ਕਰਕੇ ਇਲਾਹਾਬਾਦ ਵਿਚ ਵੀ ਕੋਈ ਪਰਉਪਕਾਰੀ ਸੰਸਥਾ ਸਥਾਪਨ ਕੀਤੀ ਜਾਵੇ।

## ਸੰਤ ਹਰਿਵਿੰਦਰ ਸਿੰਘ ਜੀ

ਸ੍ਰੀਮਾਨ ਸੰਤ ਹਰਿਵਿੰਦਰ ਸਿੰਘ ਜੀ ਸ੍ਰੀਮਾਨ ਮਹੰਤ ਭਗਤ ਸਿੰਘ ਜੀ ਦੇ ਛੋਟੇ ਸਪੁਤ੍/ਸ਼ਿਸ਼ ਹਨ। ਆਪ ਜੀ ਵੀ ਵਿਦਿਆ ਵਿਚ ਭਰਪੂਰ ਬੀ.ਏ.ਐਲ.ਐਲ.ਬੀ. ਹਨ। ਆਪਣੇ ਪਿਤਾ/ਗੁਰੂਦੇਵ ਅਤੇ ਆਪਣੇ ਭਰਾ/ਗੁਰ ਭਾਈ ਵਾਲੇ ਸਾਰੇ ਗੁਣਾਂ ਵਿਚ ਨਿਪੁੰਨ ਹਨ। ਸਾਹਿਤਜ ਵਿਚ ਅਕਹਿ ਲਗਨ ਹੈ। ਹਰ ਸਮੇਂ ਧਾਰਮਿਕ ਦਾਰਸ਼ਨਿਕ ਅਤੇ ਇਤਿਹਾਸਕ ਗ੍ਰੰਥਾਂ ਦਾ ਅਧਿਐਨ ਕਰਦੇ ਰਹਿੰਦੇ ਹਨ। ਵਿਸ਼ੇਸ਼ ਕਰਕੇ ਗੁਰਬਾਣੀ ਦਾ ਅਰਥ ਬੋਧ ਪ੍ਰਾਪਤ ਕਰਨ ਵਿਚ ਹਰ ਸਮੇਂ ਯਤਨਸ਼ੀਲ ਰਹਿੰਦੇ ਹਨ। ਇਨ੍ਹਾਂ ਦਿਨਾਂ ਵਿਚ ਆਪ ਜੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਠਨ ਪਦਾਂ/ਸ਼ਬਦਾਂ ਦੇ ਹਿੰਦੀ ਵਿਚ (ਪ੍ਰਯਾਯ ਦੀ ਤਰ੍ਹਾਂ) ਅਰਥ ਲਿਖਣ ਵਿਚ ਵਿਅਸਤ ਹਨ।

ਮੁਰਦਾਬਾਦ ਦਾ ਇਹ ਆਸ਼੍ਰਮ ਗੁਰੂ ਨਾਨਕ ਦੇਵ ਜੀ ਦੀ ਦਿੱਤੀ ਸਿੱਖਿਆ ਸੇਵਾ ਸਿਮਰਨ ਪਰਉਪਕਾਰ ਦਾ ਯਥਾਰਥ ਰੂਪ ਵਿਚ ਮੰਨਨ ਕਰਕੇ ਕਰਨੀ ਦਵਾਰਾ ਇਲਾਕੇ ਦੀ ਜਨਸਧਾਰਨ ਜੰਤਾ ਨੂੰ ਗੁਰਬਾਣੀ ਨਾਲ ਜੋੜ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਿਹਾ ਹੈ। ਤਿੰਨੇ ਮਹਾਂ ਪੁਰਖ ਇਕ ਜੋਤਿ, ਇਕ ਆਤਮਾ ਹਨ, ਸੇਵਾ ਸਿਮਰਨ ਪਰਉਪਕਾਰ ਕਰ ਰਹੇ ਹਨ। ਇਨ੍ਹਾਂ ਮਹਾਂਪੁਰਖਾਂ ਦੀ ਕਰਨੀ ਕਮਾਈ ਘਾਲਣਾ ਤੇ ਨਿਰਮਲ ਭੇਖ ਨੂੰ ਮਾਣ ਹੈ। ਦਾਸ ੧੯੭੧ ਵਿਚ ਰਮਤ ਫੇਰਨ ਸਮੇਂ ਮੁਰਾਦਾਬਾਦ ਮਹੰਤ ਭਗਤ ਸਿੰਘ ਜੀ ਦੇ ਆਸ਼੍ਰਮ ਵਿਚ ਪੁੱਜਿਆ। ਮਹੰਤ ਭਗਤ ਸਿੰਘ ਜੀ ਨੇ ਰਮਤ ਦਾ ਉਲੇਖਨੀਯ ਭਵ ਸ੍ਵਾਗਤ ਕੀਤਾ ਦਾਸ ਨੂੰ ਰਮਤ ਸਹਿਤ ਡੇਢ ਮਹੀਨਾ ਆਪਣੇ ਕੋਲ ਰੱਖਕੇ ਰਮਤ ਦੇ ਮਹਾਂਪੁਰਖਾਂ ਦੀ ਅਨੇਕ ਪ੍ਰਕਾਰ ਨਾਲ ਸੇਵਾ ਕਰਕੇ ਪ੍ਰਸੰਨ ਹੁੰਦੇ ਰਹੇ। ਸੰਤ ਦੀ ਕਰਤਵਜ਼ਸ਼ੀਲਤਾ ਵਾਲੇ ਇਸ ਆਸ਼੍ਰਮ ਵਿਚ ਪੂਰਨ ਗੁਣ ਹਨ। ਇਲਾਕੇ ਵਿਚ ਇਸ ਆਸ਼੍ਰਮ ਦਾ ਅਤੇ ਆਸ਼੍ਰਮ ਦੇ ਮਹਾਂਪੁਰਖਾਂ ਦਾ ਪਰਮ ਸਤਿਕਾਰ ਹੈ।

## ਮਹੰਤ ਹਾਕਮ ਸਿੰਘ ਜੀ [੧]

ਸ੍ਰੀਮਾਨ ਮਹੰਤ ਹਾਕਮ ਸਿੰਘ ਜੀ ਨਿਰਮਲ ਭੇਖ ਵਿਚ ਪ੍ਰਸਿੱਧ ਸਥਾਨ ਰੱਖਦੇ ਹਨ। ਨਿਰਮਲ ਭੇਖ ਦੇ ਪ੍ਰਸਿੱਧ

---

੧. *ਨਿਰਮਲ ਪੰਥ ਬੋਧ ਪੰਨਾ ੫੭੦ ਤੇ ਸ੍ਰੀਮਾਨ ਮਹੰਤ ਹਾਕਮ ਸਿੰਘ ਜੀ, ਡੇਰਾ ਪਿੰਡ ਗੰਡਾ ਸਿੰਘ ਵਾਲਾ ਜ਼ਿਲ੍ਹਾ ਸੰਗਰੂਰ ਬਾਰੇ ਭ੍ਰਾਂਤਜ (ਗਲਤ) ਲੇਖ ਛਪ ਗਿਆ ਸੀ। ਉਸ ਲੇਖ ਨੂੰ ਠੀਕ ਨਾ ਮੰਨਿਆ ਜਾਵੇ। ਮਹੰਤ ਹਾਕਮ ਸਿੰਘ ਜੀ ਕਾਨੂੰਨੀ ਤੌਰ ਤੇ ਡੇਰੇ ਤੇ ਕਾਬਜ ਅਤੇ ਮਹੰਤ ਹਨ। ਡੇਰਾ ਪਿੰਡ ਗੰਡਾ ਸਿੰਘ ਵਾਲਾ ਤੇ ਬਿਨ੍ਹਾਂ ਮਹੰਤ ਹਾਕਮ ਸਿੰਘ ਜੀ ਦੇ ਹੋਰ ਕਿਸੇ ਸਭਾ ਸੁਸਾਇਟੀ ਦਾ ਦਖਲ ਨਹੀਂ ਹੈ। ਇਹ ਹੱਥਲਾ ਲੇਖ ਸ਼ੁੱਧ, ਯਥਾਰਥ ਹੈ। ਜਿਸਨੂੰ ਸ੍ਰੀਮਾਨ ਮਹੰਤ ਬਲਵੰਤ ਸਿੰਘ ਸੈਕਟਰੀ ਨੇ ਪੂਰੀ ਖੋਜ ਕਰਕੇ ਲਿਖਿਆ ਹੈ। (ਗਿਆਨੀ ਬਲਵੰਤ ਸਿੰਘ ਕੋਠਾ ਗੁਰੂ)*

ਵਿਅਕਤੀਆਂ ਵਿਚੋਂ ਇਕ ਹਨ।

ਆਪ ਜੀ ਦਾ ਜਨਮ ਪਿਤਾ ਸ੍ਰ. ਜਰਨੈਲ ਸਿੰਘ, ਮਾਤਾ ਸਿਆਮ ਕੌਰ ਪਿੰਡ ਜੋਧਪੁਰ ਜ਼ਿਲ੍ਹਾ ਸੰਗਰੂਰ ਵਿਖੇ ੧੯੫੫ ਈ: ਨੂੰ ਪ੍ਰਤਿਸਰ ਪਰਿਵਾਰ ਵਿਹ ਹੋਇਆ। ਮੁੱਢਲੀ ਵਿਦਿਆ ਪਿੰਡ ਵਿਚ ਪੜ੍ਹ ਕੇ ਪਿੰਡ ਸੁਖਪੁਰ ਦੇ ਹਾਈ ਸਕੂਲ ਤੋਂ ਮੈਟਰਿਕ ਪਾਸ ਕੀਤੀ। ਪਰ ਆਪ ਜੀ ਨੇ ਛੇਤੀ ਘਰ ਦਾ ਤਿਆਗ ਕਰ ਦਿੱਤਾ ੧੯੭੨ ਈ: ਵਿਚ ਸ੍ਰੀਮਾਨ ਮਹੰਤ ਜੋਰਾ ਸਿੰਘ ਜੀ ਦੇ ਚਰਨਾਂ ਵਿਚ ਡੇਰਾ ਪਿੰਡ ਗੰਡਾ ਸਿੰਘ ਵਾਲੇ ਜਾ ਕੇ ਧਾਰਮਿਕ ਵਿਦਿਆ ਪੜ੍ਹਦੇ ਅਤੇ ਸੇਵਾ ਕਰਦੇ ਹੋਏ ਵਿਧੀਵਤ ਸ਼ਿਸ਼ ਬਣ ਗਏ। ੧੯੭੫ ਈ: ਡੇਰਾ ਪਿੰਡ ਗੰਡਾ ਸਿੰਘ ਵਾਲਾ ਦੇ ਮਹੰਤ ਨਿਯਤ ਕੀਤੇ ਗਏ।

ਆਪ ਜੀ ਪਰਉਪਕਾਰੀ ਵਿਰਤੀ ਵਾਲੇ ਮਹਾਂਪੁਰਖ ਹਨ। ਹਰ ਸਮੇਂ ਪਰਉਪਕਾਰ ਵਿਚ ਲੱਗੇ ਰਹਿੰਦੇ ਹਨ। ਕਈ ਵਿਦਿਅਕ ਸੰਸਥਾਵਾਂ ਕਾਇਮ ਕੀਤੀਆਂ ਹਨ। ਸਮਾਜ ਸੁਧਾਰ, ਅੰਮ੍ਰਿਤ ਪ੍ਰਚਾਰ ਸੰਚਾਰ ਵੀ ਇਲਾਕੇ ਵਿਚ ਕਰਦੇ ਰਹਿੰਦੇ ਹਨ। ਭਦੌੜ ਬਰਨਾਲਾ ਗੰਡਾ ਸਿੰਘ ਵਾਲਾ ਦੀਆਂ ਵਿਦਿਅਕ ਸੰਸਥਾਵਾਂ ਮੁਖ ਰੂਪ ਵਿਚ ਸੰਗਠਤ ਕਰਕੇ ਯੋਗਦਾਨ ਪਾ ਰਹੇ ਹਨ।

ਆਪ ਜੀ ਨੀਤੀ ਨਿਪੁੰਨ ਵਿਵਹਾਰ ਕੁਸ਼ਲ ਨਿਧੜਕ ਬੁਲਾਰੇ ਉਚ ਜੀਵਨ ਵਾਲੇ ਮਹਾਂਪੁਰਖ ਹਨ।

## ਮਹੰਤ ਪ੍ਰਭਜੋਤ ਸਿੰਘ ਜੀ ਮਰਾੜ੍ਹ

ਆਪ ਜੀ ਪਿੰਡ ਮਰਾੜ੍ਹ ਜ਼ਿਲ੍ਹਾਂ ਬਠਿੰਡਾ ਦੇ ਮਹੰਤ ਹਨ, ਵਿਦਵਾਨ, ਵਿਚਾਰਸ਼ੀਲ, ਧਾਰਮਿਕ ਵਿਚਾਰਾਂ ਵਾਲੇ ਹਨ। ਪਰਉਪਕਾਰੀ ਵ੍ਰਿਤੀ ਸੇਵਾ ਦੀ ਭਾਵਨਾ ਰੱਖਣ ਵਾਲੇ ਹਨ। ਆਪ ਜੀ ਨੇ ਪਿੰਡ ਮਰਾੜ੍ਹ ਵਿਚ ਨੇਤਰਾਂ ਦੇ ਉਪਚਾਰ ਬਾਰੇ ਆਈ ਹਸਪਤਾਲ ਦੀ ਸਥਾਪਨਾ ਕੀਤੀ ਹੈ। ਜਿਸ ਤੋਂ ਇਲਾਕਾ ਨਿਵਾਸੀ ਸਭ ਤਰ੍ਹਾਂ ਦੇ ਰੋਗੀ ਹੋਰ ਰੋਗਾਂ ਦਾ ਇਲਾਜ ਵੀ ਕਰਵਾ ਕੇ ਲਾਭ ਉਠਾ ਰਹੇ ਹਨ।

ਭਵਿਸਜ ਵਿਚ ਮੇਰਾ ਯਤਨ ਹੋਵੇਗਾ ਕਿ ਦੇਸ਼ ਦੇ ਸਾਰੇ ਨਿਰਮਲ ਭੇਖ ਦੇ ਮਹਾਂਪੁਰਖਾਂ ਦਾ ਪਰਉਪਕਾਰੀ ਇਤਿਹਾਸ ਜੋ ਵਰਤਮਾਨ ਸਮੇਂ ਵਿਚ ਮਹਾਂਪੁਰਖ ਸੇਵਾ ਕਰਦੇ ਹੋਏ ਯੋਗਦਾਨ ਪਾ ਰਹੇ ਹਨ, ਸ੍ਰੀਮਾਨ ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਤੋਂ ਵਿਸਤਾਰ ਪੂਰਬਕ ਅੰਕਿਤ ਕਰਾ ਕੇ ਪ੍ਰਕਾਸ਼ਤ ਕਰਾਂਗਾ।

*ਮਹੰਤ ਬਲਵੰਤ ਸਿੰਘ ਸੈਕਟਰੀ*

*ਪੰਚਾਇਤੀ ਅਖਾੜਾ ਨਿਰਮਲਾ ਕਨਖਲ ਹਰਿਦਵਾਰ*

# ਡੇਰਾ ਸੰਤ ਬਾਬਾ ਭਾਗ ਸਿੰਘ ਸੰਤਪੁਰਾ ਜਬੜ ਮਾਣਕੋ

ਸ੍ਰੀਮਾਨ ੧੦੮ ਸੰਤ ਮਲਕੀਅਤ ਸਿੰਘ ਜੀ ਸੰਤਪੁਰਾ ਜਬੜ ਮਾਣਕੋ ਵਾਲਿਆਂ ਦਾ ਨਾਦੀ ਬੰਸ ਵ੍ਰਿਕਸ਼

ਸ੍ਰੀ ਗੁਰੂ ਗੋਬਿੰਦ ਸਿੰਘ ਜੀ

↓

ਭਾਈ ਦਇਆ ਸਿੰਘ ਜੀ (ਪਿਆਰੇ)

↓

ਸੰਤ ਦੀਪ ਸਿੰਘ ਜੀ

↓

ਸੰਤ ਸੋਭਾ ਸਿੰਘ ਜੀ

↓

ਬਾਬਾ ਸਾਹਿਬ ਸਿੰਘ ਜੀ ਵੇਦੀ

↓

ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ | ਬਾਬਾ ਭਾਗ ਸਿੰਘ ਜੀ ਕੁਰੀਵਾਲੇ

↓ (ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ)

ਬਾਬਾ ਮਹਾਰਾਜ ਸਿੰਘ ਜੀ | ਬਾਬਾ ਖੁਦਾ ਸਿੰਘ ਜੀ

↓ (ਬਾਬਾ ਮਹਾਰਾਜ ਸਿੰਘ ਜੀ)

ਸੰਤ ਰਾਮ ਸਿੰਘ ਜੀ ਵਿਰਕਤ

↓

ਸੰਤ ਕਰਮ ਸਿੰਘ ਜੀ ਹੋਤੀ

↓

ਸੰਤ ਹਰਨਾਮ ਸਿੰਘ ਜੀ ਜਿਆਣ ਵਾਲੇ

↓

ਸੰਤ ਹਰੀ ਸਿੰਘ ਜੀ ਕਹਾਰ ਪੁਰੀਏ

↓

ਸੰਤ ਬਾਬਾ ਭਾਗ ਸਿੰਘ ਜੀ ਸੰਤਪੁਰਾ ਮਾਣਕੋ

↓

ਸੰਤ ਹਰਿਦਿਆਲ ਸਿੰਘ ਜੀ 'ਮੁਸਾਫਰ'

↓

ਮਹੰਤ ਮਲਕੀਅਤ ਸਿੰਘ ਜੀ (ਵਰਤਮਾਨ)

**ਸੰਤ ਬਾਬਾ ਭਾਗ ਸਿੰਘ ਜੀ (ਸੰਤਪੁਰਾ ਮਾਣਕੋ)**

ਸੰਤ ਭਾਗ ਸਿੰਘ ਜੀ ਨਾਮ ਸਿਮਰਨ ਵਾਲੇ ਤਪੋਨਿਧੀ, ਤਤ੍ਵੇਤਾ, ਬ੍ਰਹਮਗਿਆਨੀ ਮਹਾਂਪੁਰਖ ਹੋਏ ਹਨ। ਆਪ ਜੀ ਦਾ ਸ੍ਵਾਸ-ਸ੍ਵਾਸ ਸਿਮਰਨ ਵਿਚ ਬਤੀਤ ਹੁੰਦਾ ਸੀ। ਹਜ਼ਾਰਾਂ ਵਿਅਕਤੀਆਂ ਨੂੰ ਸਦ-ਉਪਦੇਸ਼ ਦੇ ਕੇ ਸਦਮਾਰਗ ਪਾਇਆ ਹੈ।

ਆਪ ਜੀ ਦਾ ਜਨਮ ਪਿੰਡ ਕੋਹਡੋਵਾਲ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੋਇਆ। ੧੮ ਵਰਸ਼ ਦੀ ਆਯੂ ਵਿਚ ਸੰਤ ਹਰੀ ਸਿੰਘ ਜੀ ਕੁਹਾਰਪੁਰ ਵਾਲਿਆਂ ਦੇ ਸ਼ਿਸ਼ ਬਣਕੇ ਸੇਵਾ ਸਿਮਰਨ ਵਿਚ ਲੱਗ ਗਏ। ਸਿਮਰਨ ਵਾਸਤੇ ਪਿੰਡ ਮਾਣਕੋ (ਜਬੜ) ਵਿਚ ਇਕ ਏਕਾਂਤ ਸਥਾਨ ਵਿਚ ਆਣ ਬੈਠੇ। ਇਥੇ ਆਪ ਜੀ ਨੇ ਸਿਮਰਨ ਦੀ ਮਹਾਨ ਘਾਲਣਾ ਘਾਲੀ। ਆਪ ਜੀ ਦੇ ਤਪ-ਤੇਜ, ਪ੍ਰਤਾਪ ਤੇ ਕਾਰਣ ਸਤਸੰਗੀ ਪ੍ਰੇਮੀ ਵੀ ਬਹੁ ਸੰਖਿਆ ਵਿਚ ਆਉਣ ਲਗੇ। ਸੰਨ ੧੯੨੮ ਈ. ਵਿਚ ਡੇਰਾ ਸੰਤਪੁਰਾ ਕਾਇਮ ਹੋ ਗਿਆ ਕਿੰਤੂ ਆਪ ਸੰਤ ਭਾਗ ਸਿੰਘ ਜੀ ਹੁਸ਼ਿਆਰਪੁਰ ਜਾ ਰਹੇ ਅਤੇ ਇਥੇ ਹੀ ੨੦ ਪੋਹ ਸੰਨ ੧੯੬੨ ਨੂੰ ਬ੍ਰਹਮਲੀਨ ਹੋ ਗਏ। ਆਪ ਜੀ ਦੇ ਪੰਜ ਸ਼ਿਸ਼ ਸਨ-ਮਹੰਤ ਹਰਦਿਆਲ ਸਿੰਘ ਜੀ 'ਮੁਸਾਫਰ', ਮਹੰਤ ਗੁਰਚਰਨ ਸਿੰਘ ਜੀ 'ਵਿਰਕਤ', ਸੰਤ ਗੁਰਬਚਨ ਸਿੰਘ ਜੀ 'ਰਿਖੀ', ਪੰਡਿਤ ਤਾਰਾ ਸਿੰਘ ਜੀ ਅਤੇ ਮਹੰਤ ਸੋਹਣ ਸਿੰਘ ਜੀ।

ਡੇਰਾ ਤਪ ਸਥਾਨ ਸੰਤਪੁਰਾ ਮਾਣਕੋ ਦੇ ਮਹੰਤ ਹਰਦਿਆਲ ਸਿੰਘ ਜੀ 'ਮੁਸਾਫਰ' ਨਿਯਤ ਹੋਏ। ਆਪ ਜੀ ਦੇ ਸਮੇਂ ਵਿਚ ਸੰਤਪੁਰੇ ਦਾ ਮਹਾਨ ਵਿਕਾਸ ਹੋਇਆ। ਆਪ ਜੀ ਵੀ ਸੇਵਾ ਸਿਮਰਨ ਵਾਲੀ ਸੁਨਿਮ੍ਰ ਆਤਮਾ ਸਨ। ਸੰਨ ੧੯੬੫ ਤੋਂ ੧੯੭੦ ਈ. ਤੱਕ ਸੰਤਪੁਰੇ ਦੀ ਸੇਵਾ ਕਰਦੇ ਰਹੇ। ਆਪ ਜੀ ਦੇ ਉਤਰਾਧਿਕਾਰੀ ਸੰਤ ਮਲਕੀਅਤ ਸਿੰਘ ਜੀ ਹਨ।

**ਮਹੰਤ ਮਲਕੀਅਤ ਸਿੰਘ ਜੀ**

ਜਨਮ, ਪਿਤਾ ਸ੍ਰ. ਹਜ਼ਾਰਾ ਸਿੰਘ ਜੀ, ਮਾਤਾ ਪ੍ਰੀਤਮ ਕੌਰ ਜੀ ਦੇ ਘਰ ੨੮ ਜਨਵਰੀ ਸੰਨ ੧੯੫੭ ਨੂੰ ਪਿੰਡ ਮਾਣਕੋ ਜ਼ਿਲ੍ਹਾ ਜਲੰਧਰ ਵਿਚ ਹੋਇਆ। ਕੁਝ ਸਮਾਂ ਸਕੂਲ ਵਿਚ ਪੜ੍ਹੇ। ੧੪ ਵਰਸ਼ ਦੀ ਆਯੂ ਵਿਚ ਮਹੰਤ ਹਰਦਿਆਲ ਸਿੰਘ ਜੀ ਦੇ ਚਰਨਾਂ ਵਿਚ ਸੰਤਪੁਰਾ ਵਿਖੇ ਆਣ ਰਹੇ। ਸ਼ਿਸ਼ ਬਣਕੇ ਸੇਵਾ ਕਰਦੇ ਵਿਦਿਆ ਪੜ੍ਹਦੇ ਰਹੇ। ਗੁਰਬਾਣੀ ਦਾ ਅਰਥ ਬੋਧ ਪ੍ਰਾਪਤ ਕੀਤਾ। ਇਤਿਹਾਸ/ਮਿਥਿਹਾਸ/ਨੀਤੀ ਕਾਵਿ ਅਤੇ ਵੇਦਾਂਤ ਪੜ੍ਹਿਆ। ਇਸ ਦੇ ਨਾਲ ਹੀ ਮਹਾਂਪੁਰਖਾਂ ਨੇ ਸੇਵਾ ਸਿਮਰਨ ਦਾ ਅਭਿਆਸ ਪਰਿਪੱਕ ਕਰਵਾਇਆ।

ਆਪ ਨਿਮਰਤਾ ਵਾਲੇ ਮਧੁਰ ਭਾਸ਼ੀ ਮਹਾਂਪੁਰਖ ਹਨ। ਗੁਰਬਾਣੀ, ਗੁਰਇਤਿਹਾਸ ਦੀ ਬਾ ਦਲੀਲ ਸੁੰਦਰ ਸ਼ੈਲੀ ਵਿਚ ਕਥਾ ਕਰਦੇ ਹਨ। ਸੰਤ ਗੁਰਦਿਆਲ ਸਿੰਘ ਜੀ ਦੇ ਸਚਖੰਡ ਸਿਧਾਰ ਜਾਣ ਤੋਂ ਕੁਝ ਸਮਾਂ ਮਗਰੋਂ ੧੯ ਅਕਤੂਬਰ ੧੯੮੨ ਨੂੰ ਆਪ ਜੀ ਨੂੰ ਡੇਰਾ ਸੰਤ ਪੁਰਾ ਦੇ ਮਹੰਤ ਨਿਯਤ ਕੀਤਾ ਗਿਆ। ਸ੍ਰੀਮਾਨ ਸੰਤ ਮਲਕੀਅਤ ਸਿੰਘ ਜੀ ਨੇ ਮਹੰਤ ਬਣ ਕੇ ਪੁਰਾਤਨ ਮਰਿਯਾਦਾ ਨੂੰ ਕਾਇਮ ਰੱਖਿਆ। ਸੇਵਾ ਸਿਮਰਨ, ਨਾਮ-ਬਾਣੀ, ਕੀਰਤਨ ਸਤਸੰਗ ਦੇ ਪ੍ਰਵਾਹ ਵਿਚ ਹੋਰ ਵੀ ਵਾਧਾ ਕੀਤਾ। ਬ੍ਰਹਮ ਗਿਆਨੀ ਸੰਤ ਬਾਬਾ ਭਾਗ ਸਿੰਘ ਜੀ ਨੇ ਸੰਤਪੁਰਾ ਕਾਇਮ ਕੀਤਾ ਸੀ। ਮਹੰਤ ਹਰਦਿਆਲ ਸਿੰਘ ਜੀ ਨੇ ਕਾਫੀ ਨਿਰਮਾਣ ਕੀਤਾ ਕਿੰਤੂ ਆਪ ਜੀ ਨੇ ਇਸ ਸਥਾਨ ਨੂੰ ਇਲਾਕੇ ਦਾ ਦਰਸ਼ਨੀਯ ਕੇਂਦਰ ਬਣਾ ਦਿੱਤਾ ਹੈ। ਪ੍ਰਕਾਸ਼ ਸਥਾਨ, ਮਹਾਂਪੁਰਖਾਂ ਦੀਆਂ ਸਮਾਧਾਂ, ਲੰਗਰ, ਰਿਹਾਇਸ਼ੀ ਕਮਰੇ ਵੇਖਣ ਯੋਗ ਹਨ। ਸੰਤਪੁਰੇ ਦਾ ਸਭਾਮੰਡਪ (ਹਾਲ) ਪੰਜਾਬ ਦਾ ਅਜੂਬਾ ਹੈ। ਇਸ ਦੀਵਾਨ ਸਥਾਨ ਦੀ ਸ਼ੋਭਾ ਨੂੰ ਕਲਮ ਅੰਕਿਤ ਕਰਨ ਤੋਂ ਅਸਮਰਥ ਹੈ। ਪੰਜਾਬ ਵਿਚ ਬੜੇ-ਬੜੇ ਦਰਸ਼ਨੀਯ ਹਾਲ ਹਨ ਪਰ

ਸੰਤਪੁਰਾ ਮਾਣਕੋ ਦਾ ਹਾਲ ਸਰਵੋਪਰੀ ਹੈ ਜਿਸ ਦੀ ਲੰਬਾਈ ਤੇ ਚੌੜਾਈ ੧੨੦×੭੫ ਫੁੱਟ ਹੈ। ਇਸ ਹਾਲ ਦਾ ਨੀਂਹ ਪੱਥਰ ੩ ਜਨਵਰੀ ੧੯੯੧ ਵਿਚ ਪੰਜ ਪਿਆਰਿਆਂ ਕੋਲੋਂ ਰਖਵਾਇਆ ਗਿਆ ਸੀ। ਹਾਲ ਵਿਚ ਬਣੇ ਮੰਚ ਦੀ ਸੁੰਦਰਤਾ, ਸਤੰਬਾਂ ਉੱਤੇ ਕੀਤੀ ਸ਼ੀਸ਼ੇ ਦੀ ਚਿਤਰਕਾਰੀ, ਚਾਨਣ ਵਾਸਤੇ ਸਰਚ ਲਾਈਟਾਂ, ਹਾਲ ਦਾ ਉਪਰਲਾ ਪਰਾਂਗਣ (ਗਰਾਉਂਡ) ਸਭ ਅਦੁੱਤੀ ਹੈ। ਹਾਲ ਦੇ ਵਿਚ ਅਤੇ ਉੱਪਰ ੧੫-੨੦ ਹਜ਼ਾਰ ਪ੍ਰੇਮੀ ਬੈਠ ਸਕਦੇ ਹਨ। ਹਾਲ ਤੇ ੧ ਕਰੋੜ ਰੁਪਏ ਖਰਚ ਹੋ ਚੁੱਕੇ ਹਨ, ਅੱਗੇ ਸੇਵਾ ਚਲ ਰਹੀ ਹੈ। ਇਥੇ ਹੇਠ ਲਿਖੇ ਵਾਰਸ਼ਿਕ ਦਿਨ ਮਨਾਏ ਜਾਂਦੇ ਹਨ :

(੧) ਬਰਸੀ ਸੰਤ ਬਾਬਾ ਭਾਗ ਸਿੰਘ ਜੀ ਅੰਮ੍ਰਿਤ ਪ੍ਰਚਾਰ ਸੰਤ ਸੰਮੇਲਨ ੧੬ ਮਾਰਚ।

(੨) ਬਰਸੀ ਸੰਤ ਹਰਦਿਆਲ ਸਿੰਘ ਜੀ 'ਮੁਸਾਫਰ' ੨੦ ਪੋਹ।

(੩) ਬਰਸੀ ਸੰਤ ਦੇਵਾ ਸਿੰਘ ਜੀ ੨ ਫਰਵਰੀ।

(੪) ਬਰਸੀ ਸੰਤ ਦਲੀਪ ਸਿੰਘ ਜੀ ੧੧ ਹਾੜ।

(੫) ਬਰਸੀ ਸੰਤ ਹਰਿਭਜਨ ਸਿੰਘ ਜੀ 'ਸ਼ਹੀਦ'।

(੬) ਮਾਸਿਕ ਸੰਕ੍ਰਾਂਤ ਦਾ ਦਿਹਾੜਾ ਮਨਾਇਆ ਜਾਂਦਾ ਹੈ।

ਮਹੰਤ ਮਲਕੀਅਤ ਸਿੰਘ ਜੀ ਨਿਮਰਤਾ ਵਾਲੇ, ਵਿਚਾਰਸ਼ੀਲ ਮਹਾਂਪੁਰਖ ਹਨ। ਸੰਤਪੁਰੇ ਵਿਚ ਗੁਰਮਤਿ ਪ੍ਰਚਾਰ ਖੋਜ, ਅੰਮ੍ਰਿਤ ਸੰਚਾਰ, ਧਰਮ ਪ੍ਰਚਾਰ, ਆਯੁਰਵੈਦਿਕ, ਇਤਿਹਾਸ ਅਤੇ ਔਸ਼ਧੀ ਦੁਆਰਾ ਜਨ ਸਧਾਰਣ ਦੀ ਸੇਵਾ ਕਰਦੇ ਹਨ। ਡੇਰੇ ਵੱਲੋਂ ਕਈ ਖੋਜ ਪੂਰਤ ਗ੍ਰੰਥ ਪ੍ਰਕਾਸ਼ਤ ਹੋਏ ਹਨ। ਆਪ ਜੀ ਦੀ ਕਰਨੀ ਕਮਾਈ ਤੇ ਨਿਰਮਲ ਭੇਖ ਨੂੰ ਮਾਣ ਹੈ। ਆਪ ਜੀ ਧਰਮ, ਦੇਸ਼ ਅਤੇ ਕੌਮ ਦੀ ਉਲੇਖਨੀਯ ਸੇਵਾ ਕਰ ਰਹੇ ਹਨ। ਆਪ ਜੀ ਨੇ ਇਸ ਡੇਰੇ ਦਾ ਨਾਮ ਕੇਵਲ ਭਾਰਤ ਵਿੱਚ ਹੀ ਨਹੀਂ, ਸਗੋਂ ਦੁਨੀਆਂ ਦੇ ਕੋਨੇ-ਕੋਨੇ ਵਿਚ ਰੌਸ਼ਨ ਕੀਤਾ। ਅੱਜ ਇਹ ਅਸਥਾਨ ਅਮਰੀਕਾ, ਕਨੇਡਾ, ਇੰਗਲੈਂਡ ਅਤੇ ਹੋਰ ਮੁਲਕਾਂ ਦੀਆਂ ਧਰਮ ਭੁਖੀਆਂ ਰੂਹਾਂ ਦਾ ਇੱਕ ਤੀਰਥ ਅਸਥਾਣ ਬਣ ਚੁੱਕਾ ਹੈ ਅਤੇ ਹਰ ਪ੍ਰਾਣੀ ਇਸ ਅਸਥਾਨ ਉੱਤੇ ਸਿਰ ਝੁਕਾਉਣਾ ਆਪਣਾ ਫਰਜ਼ ਸਮਝਦਾ ਹੈ। ਇਸ ਡੇਰੇ ਵੱਲੋਂ ਚਲਾਏ ਜਾ ਰਹੇ ਦੇਸ਼ ਅਤੇ ਸਮਾਜ ਭਲਾਈ ਦੇ ਕੰਮਾਂ ਦੀ ਸ਼ੋਭਾ ਸਾਰੇ ਸੰਸਾਰ ਵਿੱਚ ਫੈਲ ਚੁੱਕੀ ਹੈ। ਹਰ ਦਾਨੀ ਪੁਰਸ਼, ਇਥੇ ਸੇਵਾ ਕਰਕੇ ਆਪਣੀ ਕਮਾਈ ਸਫਲੀ ਕਰਨੀ ਆਪਣਾ ਸੁਭਾਗ ਸਮਝਦਾ ਹੈ।

### ਧਾਰਮਿਕ ਅਸਥਾਨਾਂ ਦੀ ਸੇਵਾ

ਸੰਤ ਬਾਬਾ ਮਲਕੀਅਤ ਜੀ ਨੇ ਲੁਕਾਈ ਨੂੰ ਗੁਰਬਾਣੀ ਨਾਲ ਜੋੜਨ ਲਈ ਅਨੇਕ ਗੁਰਦੁਆਰਾ ਸਾਹਿਬ ਵੀ ਬਣਵਾਏ ਹਨ ਜਿਨ੍ਹਾਂ ਵਿੱਚੋਂ ਪਿੰਡ ਘੜਿਆਲ, ਮਾਣਕੋ, ਮਸਾਣੀਆਂ, ਠਕੱਰਵਾਲ, ਕੁਕੜਾਂ ਅਤੇ ਤਾਰਾਗੜ੍ਹ ਵੀ ਸ਼ਾਮਿਲ ਹਨ। ਆਪਣੇ ਡੇਰੇ ਤੋਂ ਦੂਰ ਰਾਮਾ ਮੰਡੀ ਜ਼ਿਲ੍ਹਾ ਜਲੰਧਰ ਦੀ ਪ੍ਰੋਫੈਸਰ ਕਾਲੋਨੀ ਵਿਚ ਵੀ ਇਕ ਗੁਰਦੁਆਰਾ ਤਿਆਰ ਕੀਤਾ ਹੈ।

### ਅੰਮ੍ਰਿਤ ਸੰਚਾਰ

ਸ੍ਰੀ ੧੦੮ ਸੰਤ ਬਾਬਾ ਮਲਕੀਅਤ ਸਿੰਘ ਜੀ ਅੰਮ੍ਰਿਤ ਸੰਚਾਰ ਕਰਨ ਵਿੱਚ ਵੀ ਕਿਸੇ ਤੋਂ ਪਿਛੇ ਨਹੀਂ ਹਨ। ਅੱਜ ਤੱਕ ੨੦,੦੦੦ ਤੋਂ ਵੀ ਉੱਪਰ ਪ੍ਰਾਣੀਆਂ ਨੂੰ ਗੁਰੂ ਵਾਲੇ ਬਣਾ ਚੁੱਕੇ ਹਨ। ਹਰ ਸਾਲ ੨੦ ਪੋਹ ਅਤੇ ੧੬ ਮਾਰਚ ਨੂੰ ਅਨੇਕ ਪ੍ਰਾਣੀ ਅੰਮ੍ਰਿਤ ਪਾਨ ਕਰਕੇ, ਗੁਰੂ ਜੀ ਦੇ ਲੜ ਲੱਗਦੇ ਹਨ।

## ਵਿਦਿਆ ਪੀਠ ਅਤੇ ਚਕਿਤਸਾ ਕੇਂਦਰ

ਸ੍ਰੀਮਾਨ ੧੦੮ ਮਹੰਤ ਮਲਕੀਅਤ ਸਿੰਘ ਜੀ ਮਨ ਬਾਣੀ ਕਰਮ ਕਰਕੇ ਸ੍ਵਾਸ-ਸ੍ਵਾਸ ਪਰਉਪਕਾਰ ਵਿਚ ਬਤੀਤ ਕਰਨ ਵਾਲੇ ਮਹਾਂ ਪੁਰਖ ਹਨ। ਤਨ ਮਨ ਧਨ ਦੇ ਨਾਲ ਮਨੁੱਖਤਾ ਦੇ ਲਾਭ ਲਈ ਇਕ-ਇਕ ਵਿਅਕਤੀ ਨੂੰ ਸੁਸਥ ਜੀਵਨ, ਆਤਮ ਵਿਸ੍ਵਾਸ਼, ਸ਼ਕਤੀ-ਭਗਤੀ ਵਿਚ ਪੂਰਨ ਕਰਨ ਦੀ ਲੋਚਾ ਰੱਖਦੇ ਹਨ। 'ਗਯਾਨਹਿ ਕੀ ਬਢਨੀ' ਨਾਲ ਅੰਧਕਾਰ ਅਗਿਆਨ ਦਾ ਅੰਨ੍ਹੇਰਾ ਖਤਮ ਕਰਕੇ ਸਰਬੱਤ ਨੂੰ 'ਗਿਆਨ ਅੰਜਨੁ' ਨਾਲ ਗਿਆਨ ਵਿਚ ਭਰਪੂਰ ਵੇਖਣਾ ਚਾਹੁੰਦੇ ਹਨ। ਸਰਬ ਪੱਖੀ ਵਿਦਿਆ ਦਾ ਸੋਮਾ ਜਾਰੀ ਕਰਕੇ ਇਸ ਸਰਸ੍ਵਤੀ ਵਿਚੋਂ ਸਰਬ ਸੰਸਾਰ ਨੂੰ ਨਾਮ ਦਾਨ, ਸ਼ਨਾਨ, ਵਿਦਿਆ, ਗਿਆਨ, ਵਿਗਿਆਨ ਨੂੰ ਖੁਲ੍ਹਾ-ਡੁਲ੍ਹਾ ਵਰਤਨ ਦਾ ਹੋਕਾ ਦੇ ਰਹੇ ਹਨ। ਆਪ ਜੀ ਦੀ ਪਰਉਪਕਾਰੀ ਯੋਜਨਾ ਅਕਹਿ, ਵਿਸ਼ਾਲ ਅਤੇ ਉਲੇਖਨੀਯ ਹੈ। ਅਸੀਂ ਸੰਖੇਪ ਵਿਚ ਅੱਗੇ ਸੰਨ ਵਾਰ ਅੰਕਿਤ ਕਰਦੇ ਹਾਂ।

ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਚੈਰੀਟੇਬਲ ਟਰੱਸਟ ਸੰਨ ੨੦੦੦ ਈ: ਵਿਚ ਸਥਾਪਤ ਕੀਤਾ ਗਿਆ।

ਸੰਤ ਬਾਬਾ ਭਾਗ ਸਿੰਘ ਇੰਜਨੀਅਰ ਅਤੇ ਟੈਕਨੋਲਜੀ ਇੰਸਟੀਚਿਊਟ ਦੀ ਸਥਾਪਨਾ ਸੰਨ ੨੦੦੩ ਈ: ਵਿਚ ਹੋਈ, ਜਿਸ ਵਿਚ ਹੇਠ ਲਿਖੇ ਸ਼ੁਰੂਆਤੀ ਕੋਰਸ ਚਾਲੂ ਕੀਤੇ ਗਏ।

(੧) ਕੰਪਿਊਟਰ ਇੰਜੀਨੀਅਰਿੰਗ (Computer Engneering)

(੨) ਇਲੈਕਟ੍ਰੋਨਿਕਸ ਇੰਜੀਨੀਅਰਿੰਗ (Electronic Engneering)

(੩) ਮਕੈਨੀਕਲ ਇੰਜੀਨੀਅਰਿੰਗ (Mechenical Engneering)

(੪) ਐਮ. ਬੀ. ਏ. (M.B.A.)

ਇਸ ਤੋਂ ਬਿਨਾਂ ਹੋਰ ਜੋ ਨਵੇਂ ਕੋਰਸ ਸ਼ੁਰੂ ਕੀਤੇ ਗਏ, ਉਹ ਇਸ ਤਰ੍ਹਾਂ ਹਨ :

(੧) ਇਲੈਕਟ੍ਰੀਕਲ ਇੰਜੀਨੀਅਰਿੰਗ (Electrical Engneering)

(੨) ਸਿਵਲ ਇੰਜੀਨੀਅਰਿੰਗ (Civil Engneering)

(੩) ਆਈ. ਟੀ. (I.T.)

ਇਸੇ ਤਰ੍ਹਾਂ ਸੰਤ ਬਾਬਾ ਭਾਗ ਸਿੰਘ ਇੰਟਰਨੈਸ਼ਨਲ ਸਕੂਲ ਦੀ ਸਥਾਪਨਾ ਵੀ ਸੰਨ ੨੦੦੪ ਈ: ਵਿੱਚ ਕੀਤੀ ਗਈ।

ਸੰਤ ਬਾਬਾ ਭਾਗ ਸਿੰਘ ਜੀ, ਜੀ.ਐਨ.ਐਮ. (G.N.M.) ਅਤੇ ਬੀ.ਐਸ.ਈ. ਨਰਸਿੰਗ (B.Sc. Nursing) ਕਾਲਜ ਦੀ ਸ਼ੁਰੂਆਤ ਸੰਨ ੨੦੦੫ ਈ: ਵਿਚ ਹੋਈ।

ਸੰਤ ਬਾਬਾ ਭਾਗ ਸਿੰਘ ਬੀ.ਐਡ. ਕਾਲਜ ਦਾ ਆਰੰਭ ਵੀ ਸੰਨ ੨੦੦੫ ਈ: ਵਿਚ ਹੋਇਆ ਜਿਸ ਵਿਚ ਬੀ.ਐਡ. ਤੋਂ ਇਲਾਵਾ ਐਮ.ਸੀ.ਏ. (M.C.A.) ਵੀ ਕਰਵਾਈ ਜਾਂਦੀ ਹੈ।

ਮਾਤਾ ਸਾਹਿਬ ਕੌਰ ਖਾਲਸਾ ਕਾਲਜ ਜਗਪਾਲਪੁਰ ਵੀ ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਟਰੱਸਟ ਅਧੀਨ ਸੰਨ ੨੦੦੭ ਈ: ਤੋਂ ਚੱਲ ਰਿਹਾ ਹੈ ਜੋ ਕੇਵਲ ਲੜਕੀਆਂ ਲਈ ਹੈ। ਇਸ ਕਾਲਜ ਵਿਚ ਬੀ.ਬੀ.ਏ (B.B.A.) ਅਤੇ ਬੀ.ਸੀ.ਏ. (B.C.A.) ਦੇ ਕੋਰਸ ਕਰਵਾਏ ਜਾਂਦੇ ਹਨ।

ਗੁਰੂ ਨਾਨਕ ਹਸਪਤਾਲ ਸਾਧ ਸੰਗਤ ਚੈਰੀਟੇਬਲ ਜੋ ਪਿੰਡ ਕਾਲਰਾ ਵਿਖੇ ਹੈ, ਵੀ ਸੰਨ ੨੦੦੭ ਈ: ਨੂੰ ਹੋਂਦ ਵਿੱਚ ਆਇਆ ਹੈ।

ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦਾ ਨੀਂਹ ਪੱਥਰ ਸ੍ਰ. ਪ੍ਰਕਾਸ਼ ਸਿੰਘ ਬਾਦਲ ਮੁਖ ਮੰਤਰੀ ਪੰਜਾਬ ਵਲੋਂ ੧੧ ਸਿਤੰਬਰ ੨੦੦੮ ਈ: ਨੂੰ ਰੱਖਿਆ ਗਿਆ ਹੈ ਜਿਸਦੀ ਸੰਨ ੨੦੧੦ ਈ: ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ।

**ਹੋਰ ਭਵਿੱਖੀ ਯੋਜਨਾਵਾਂ**

੧) ੨੫੦ ਏਕੜ ਜ਼ਮੀਨ ਵਿਚ ਡੈਂਟਲ ਕਾਲਜ ਅਤੇ ਮੈਡੀਕਲ ਕਾਲਜ ਦੀ ਉਸਾਰੀ ਕਰਵਾਏ ਜਾਣ ਦੀ ਭਵਿੱਖੀ ਯੋਜਨਾ ਹੈ ਜਿਸ ਵਿੱਚ ੧੦੦੦ ਬੈੱਡ ਦਾ ਹਸਪਤਾਲ ਹੋਵੇਗਾ।

੨) ੭੫ ਏਕੜ ਜ਼ਮੀਨ ਟੈਕਨੋਲੋਜੀ ਅਤੇ ਆਈ.ਟੀ. ਪਾਰਕ ਲਈ ਰਿਜ਼ਰਵ ਰੱਖੀ ਗਈ ਹੈ।

੩) ਸੰਤ ਬਾਬਾ ਭਾਗ ਸਿੰਘ ਟਰੱਸਟ ਅਧੀਨ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਨਵਾਂ ਸ਼ਹਿਰ ਜਿਲ੍ਹਿਆਂ ਵਿਚ ਤਕਰੀਬਨ ੫੫੦ ਪਿੰਡਾਂ ਵਿਚ "ਵਿਦਿਆ ਅਤੇ ਸਿਹਤ ਸੰਭਾਲ ਪ੍ਰੋਗਰਾਮ" (Education and Health Care Programme) ਅਧੀਨ ਸਕੂਲ ਅਤੇ ਡਿਸਪੈਂਸਰੀਆਂ ਸਥਾਪਤ ਕੀਤੀਆਂ ਜਾਣਗੀਆਂ।

ਸੋ ਇਸ ਤਰ੍ਹਾਂ ਇਹ ਸਾਰਾ ਪ੍ਰੋਜੈਕਟ (Project) ਸੰਨ ੨੦੨੫ ਈ: ਤੱਕ ਤਿਆਰ ਕਰਨ ਦੀ ਯੋਜਨਾ ਹੈ ਜਿਸ ਉੱਪਰ ਤਕਰੀਬਨ ੨੫੦੦/- ਕਰੋੜ ਰੁਪਏ ਖਰਚ ਹੋਣਗੇ।

**ਪੁਲਾਂ ਦਾ ਨਿਰਮਾਣ**

ਬਾਬਾ ਜੀ ਦੇ ਪਰਉਪਕਾਰਾਂ ਦੀ ਸੂਚੀ ਤਾਂ ਬਹੁਤ ਲੰਬੀ ਹੈ ਅਤੇ ਕੀਤੇ ਗਏ ਕੰਮਾਂ ਦਾ ਆਕਾਰ ਵੀ ਬਹੁਤ ਵੱਡਾ ਹੈ। ਆਮ ਜਨਤਾ ਦੀ ਸਹੂਲਤ ਲਈ ਇੰਨ੍ਹਾਂ ਨੇ ਸ੍ਰੀ ੧੦੮ ਸੰਤ ਬਾਬਾ ਭਾਗ ਸਿੰਘ ਬ੍ਰਿਜ ਦੀ ਉਸਾਰੀ ਕੀਤੀ, ਜੋ ਇਨ੍ਹਾਂ ਦੀ ਨਿਰਮਾਣਕਾਰੀ ਦੀ ਸੋਚ ਅਤੇ ਸੂਝ-ਬੂਝ ਦੀ ਮੂੰਹ ਬੋਲਦੀ ਤਸਵੀਰ ਹੈ। ਇਹ ਪੁਲ ਜਿਸ ਦੀ ਕਦੀ ਵੀ ਸਰਕਾਰ ਨੇ ਲੋੜ ਮਹਿਸੂਸ ਨਹੀਂ ਕੀਤੀ, ਬਾਬਾ ਜੀ ਦਾ ਮਨੁਖਤਾ ਅਤੇ ਇਲਾਕੇ ਦੀ ਜਨਤਾ ਲਈ ਕੀਤਾ ਗਿਆ, ਬਹੁਤ ਵੱਡਾ ਪਰਉਪਕਾਰ ਹੈ। ਇਹ ਪੁਲ ਜਿਸ ਦੀ ਲੰਬਾਈ ੧੦੧੦ ਫੁੱਟ ਅਤੇ ੨੩ ਫੁੱਟ ਚੌੜਾ ਹੈ, ਪਿੰਡ ਮਾਣਕੋ ਅਤੇ ਡਰੋਲੀ ਵਿਚਕਾਰ ਹੈ। ਇਸ ਤੇ ਲਗਪਗ ੫ ਕਰੋੜ ਰੁਪਏ ਖਰਚ ਹੋਏ ਹਨ। ਇਹ ਵਿਸ਼ਾਲ ਬ੍ਰਿਜ ੪੦ ਫੁੱਟ ਡੂੰਘੀਆਂ, ਬਾਹਰੋਂ ੯ ਮੀਟਰ ਅਤੇ ਅੰਦਰੋਂ ੬ ਮੀਟਰ ਡਾਇਮੀਟਰ ਦੀਆਂ ੧੪ ਖੂਹੀਆਂ ਤੇ ਟਿੱਕਿਆ ਹੋਇਆ ਹੈ। ਅਜਿਹੇ ਕੰਮਾਂ ਨੂੰ ਸਰਕਾਰ ਜਿੱਥੇ ਕਈ-ਕਈ ਇੰਜੀਨੀਅਰ ਅਤੇ ਯੂਨੀਅਰ ਇੰਜੀਨੀਅਰ ਰੱਖ ਕੇ ਕਰਵਾਉਂਦੀ ਹੈ, ਉੱਥੇ ਇਸ ਦੀ ਉਸਾਰੀ, ਪੂਜਯ ਬਾਬਾ ਬ੍ਰਹਮ ਜੀ ਦੀ ਦੇਖ ਰੇਖ ਹੇਠ ਬਹੁਤ ਹੀ ਘੱਟ ਸਮੇਂ ਅਰਥਾਤ ੧੧ ਮਹੀਨੇ ਵਿੱਚ ਕੀਤੀ ਗਈ ਹੈ। ਮੈਂ ਤਾਂ ਕੀ ਕੋਈ ਵੀ ਜੋ ਇਸ ਪੁਲ ਨੂੰ ਦੇਖਦਾ ਹੈ, ਅਕਾਲਪੁਰਖ ਦੀ ਬਖਸ਼ਿਸ਼ ਹੀ ਸਮਝਦਾ ਹੈ, ਜਿਸ ਨੇ ਆਪ ਆਪਣੇ ਸੇਵਕਾਂ ਤੋਂ ਸੇਵਾ ਕਰਵਾਈ।

ਬਾਬਾ ਜੀ ਨੇ ਅਜਿਹਾ ਹੀ ਪੁਖਤਾ ਅਤੇ ਇਸੇ ਅਧਾਰ ਉੱਤੇ ੭੨ ਫੁੱਟ ਲੰਮਾ ਅਤੇ ੨੩ ਫੁੱਟ ਚੌੜਾ ਬ੍ਰਿਜ ਪਿੰਡ ਖਿਆਲਾ ਵਿਖੇ ਵੀ ਬਣਾਇਆ। ਇਸ ਤੇ ਲਗਪਗ ੧੦ ਲੱਖ ਰੁਪਏ ਖਰਚ ਆਏ ਅਤੇ ਇਸ ਦੀਆਂ ਕੇਵਲ ਦੋ ਖੂਹੀਆਂ ੪੦ ਫੁੱਟ ਡੂੰਘੀਆਂ ਹਨ। ਅਜਿਹਾ ਹੀ ਇਕ ਹੋਰ ਪੁਲ ਜਿਸ ਦੀ ਲੰਬਾਈ ੧੯੦ ਫੁੱਟ ਅਤੇ ਚੌੜਾਈ ੧੭ ਫੁੱਟ ਹੈ, ਪਿੰਡ ਲੁਟੇਰਾ ਵਿਖੇ ਬਣਿਆ, ੪੦ ਫੁੱਟ ਡੂੰਘੀ ਨੀਂਹ ਹੈ। ਇਥੇ ਪਾਣੀ ਨੂੰ ਕੰਟ੍ਰੋਲ ਕਰਨ ਲਈ ਸ਼ੀਟ

ਪਾਈਲਿੰਗ ਵੀ ਕਰਨੀ ਪਈ। ਇਸ ਪੁਲ ਤੇ ੫੦ ਲੱਖ ਰੁਪਏ ਖਰਚ ਆਏ ਹਨ।

**ਸੜਕਾਂ ਦਾ ਨਿਰਮਾਣ**

ਸ੍ਰੀ ੧੦੮ ਸੰਤ ਬਾਬਾ ਮਲਕੀਅਤ ਸਿੰਘ ਜੀ ਨੇ ਜਿਥੇ ਵੱਡੇ ਵੱਡੇ ਪੁਲਾਂ ਦਾ ਨਿਰਮਾਨ ਕਰਵਾਇਆ, ਉੱਥੇ ਲੰਬੀਆਂ ਲੰਬੀਆਂ ਸੜਕਾਂ ਵੀ ਬਣਵਾਈਆਂ ਹਨ। ਪਿੰਡਾਂ ਵਿੱਚ ਆਵਾਜਾਈ ਦੇ ਸਾਧਨਾਂ ਦੀ ਘਾਟ ਅਤੇ ਪੇਸ਼ ਆਉਣ ਵਾਲੀਆਂ ਔਕੜਾਂ ਨੂੰ ਮੁੱਖ ਰੱਖ ਕੇ ਆਪ ਜੀ ਨੇ ਸਭ ਤੋਂ ਪਹਿਲਾਂ ਪਿੰਡ ਖਿਆਲਾ ਤੋਂ ਭਦਿਆਣਾ ਤੱਕ, ੨੦੦੧ ਵਿੱਚ ੧.੭੫ ਕਿਲੋਮੀਟਰ ਲੰਬੀ ਪੱਕੀ ਸੜਕ ਬਣਵਾਈ, ਜਿਸ ਤੇ ੧੩ ਲੱਖ ਰੁਪਏ ਖਰਚ ਹੋਏ। ਕਾਲਜ ਦੀਆਂ ਵਿਦਿਆਰਥਣਾਂ ਦੀ ਸਹੂਲਤ ਲਈ ਇੱਕ ਸੜਕ, ੩ ਕਿਲੋਮੀਟਰ ਲੰਬੀ ਕਾਲਜ (ਭੁਦਿਆਣਾ) ਤੋਂ ਹਰਿਆਣਾ ਤੱਕ ੪੦ ਲੱਖ ਰੁਪਏ ਦੀ ਲਾਗਤ ਨਾਲ ਬਣਵਾਈ ਜਾ ਰਹੀ ਹੈ। ਇਸ ਦਾ ਨੀਂਹ ਪੱਥਰ ਬਾਬਾ ਜੀ ਨੇ ਆਪਣੇ ਕਰ ਕਮਲਾਂ ਨਾਲ ੧੦ ਅਪ੍ਰੈਲ ਨੂੰ ਰੱਖਿਆ।

ਸ੍ਰੀਮਾਨ ੧੦੮ ਮਹੰਤ ਮਲਕੀਅਤ ਸਿੰਘ ਜੀ ਆਪਣਾ ਸੁਖ ਆਰਾਮ ਤਿਆਗ ਕੇ, ਹਰ ਸਮੇਂ ਮਾਨਵ ਕਲਿਆਣ ਵਿਚ ਲੱਗੇ ਰਹਿੰਦੇ ਹਨ। ਪਰਉਪਕਾਰ ਆਪ ਜੀ ਦੀ ਵਿਭੂਤੀ ਹੈ ਜਿਸ ਨੂੰ ਅਮਲੀ ਰੂਪ ਵਿਚ ਜਨ ਸਾਧਾਰਨ ਨੂੰ ਵਰਤਾ ਰਹੇ ਹਨ। ਆਪ ਜੀ ਦੇ ਸਹਾਇਕ ਮਹਾਂਪੁਰਖ ਪੂਜਨ ਬ੍ਰਹਮ ਜੀ (ਸ੍ਰੀਮਾਨ ਸੰਤ ਦਲਾਵਰ ਸਿੰਘ ਜੀ) ਦਿਨ ਰਾਤ ਆਪ ਜੀ ਦੀ ਆਗਿਆ ਅਨੁਸਾਰ ਸੇਵਾ ਵਿਚ ਤੱਤਪਰ ਰਹਿੰਦੇ ਹਨ।

*ਮਹੰਤ ਬਲਵੰਤ ਸਿੰਘ ਸੈਕਟਰੀ*

# ਸ੍ਰੀਮਾਨ ੧੦੮ ਸੰਤ ਬਲਬੀਰ ਸਿੰਘ ਜੀ ਸੀਚੇਵਾਲ ਵਾਲੇ

ਨਿਰਮਲ ਭੇਖ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਦਾ ਹੀ ਆਸ਼ੀਰਵਾਦ ਰਿਹਾ ਹੈ। ਇਸ ਕਰਕੇ ਨਿਰਮਲ ਭੇਖ ਵਿਚ ਸਿਮਰਨ, ਤਪ-ਤਿਆਗ ਵਾਲੇ, ਬ੍ਰਹਮ ਗਿਆਨੀ, ਸੂਰਮੇ, ਭਗਤ, ਪਰਉਪਰਕਾਰੀ, ਧੁਰੰਧਰ ਵਿਦਵਾਨ, ਪ੍ਰਕਾਂਡ ਪੰਡਿਤ, ਲੇਖਕ ਲਿਖਾਰੀ, ਭਾਸ਼ਯਕਾਰ, ਟੀਕਾ ਕਾਰ, ਕਵੀ, ਚਕਿਸਤਕ, ਰਾਗੀ, ਸੰਗੀਤਕਾਰ, ਲੈਕਚਰਾਰ-ਵਕਤੇ, ਮੰਡਲੇਸ਼੍ਵਰ, ਸ਼ਾਸਤ੍ਰਾਂ ਵਿਚ ਵਿਜਈ, ਸ਼ਾਸਤ੍ਰ ਅਤੇ ਸ਼ਸਤ੍ਰ ਵਿਚ ਪ੍ਰਵੀਨ, ਸ਼ਾਸਤ੍ਰਾਂ ਦਵਾਰਾ ਸਤਿ ਦਾ ਨਿਰਣੈ ਕਰਕੇ, ਸ਼ਸਤ੍ਰ ਨਾਲ ਧਰਮ ਦੀ ਰੱਖਿਆ ਕਰਨ ਵਾਲੇ, ਅਨੇਕ ਮਹਾਂਪੁਰਖ ਹੋਏ ਹਨ।

ਪਰ ਉਪਕਾਰੀ ਜਨ, ਪਵਿਤ੍ਰ ਆਤਮਾ, ਰੌਸ਼ਨ ਦਮਾਗ ਰੌਸ਼ਨ ਜ਼ਮੀਰ ਵਾਲੇ, ਵਿਵੇਕ ਬੁੱਧੀ ਦੇ ਸ੍ਵਾਮੀ ਸ੍ਰੀ ਮਾਨ ੧੦੮ ਸੰਤ ਬਲਬੀਰ ਸਿੰਘ ਜੀ ਸੀਚੇਵਾਲ ਵਾਲੇ ਵੀ ਇਕ ਹਨ।[੧] ਆਪ ਜੀ ਸੰਸਾਰ ਦੇ ਕਣ-ਕਣ ਨੂੰ ਪਾਵਨ, ਸ੍ਵਛ ਵੇਖਣਾ ਲੋਚਦੇ ਹਨ। ਜਿਸ ਤਰ੍ਹਾਂ ਦੀ ਪ੍ਰਕ੍ਰਿਤੀ ਪਾਵਨ ਹੈ, ਉਸ ਦੀ ਪਾਵਨਤਾ ਨੂੰ ਪਾਵਨ ਰੱਖਣ ਲਈ ਯਤਨ ਕਰ ਰਹੇ ਹਨ। ਪਾਵਨਤਾ ਵਿਚ ਅਗਿਆਨਤਾ ਦਵਾਰਾ ਪਾਪਾਂ ਦੀ ਮਲ ਨੂੰ ਵੇਖ ਕੇ ਆਪ ਜੀ ਦਾ ਮਨ ਕਸ਼ੋਭ ਨਾਲ ਭਰ ਜਾਂਦਾ ਹੈ। ਕਿਸੇ ਖੜ ਜੰਤ੍ਰ ਅਧੀਨ ਇਤਿਹਾਸਕ ਨਦੀ ਵੇਈਂ ਵੀ ਪ੍ਰਦੂਸ਼ਨ ਦੀ ਮਲ ਨਾਲ ਭਰ ਦਿੱਤੀ ਹੈ। ਵੇਈਂ ਉਹ ਪਾਵਨ ਇਤਿਹਾਸਕ ਨਦੀ ਹੈ, ਜਿਸ ਵਿਚ ਆਪ ਨਿਰੰਕਾਰ ਕਲਾਧਾਰ ਕੇ ਰੋਜ਼ਾਨਾ ਇਸ਼ਨਾਨ ਕਰਦਾ ਰਿਹਾ। ਸਤਿਗੁਰਾਂ ਨੇ ਦਰਿਆਵਾਂ ਨਾਲ ਦੋਸਤੀ ਪਾਉਣ ਦਾ ਆਦੇਸ਼ ਦਿੱਤਾ ਹੈ। ਪਹਿਲੇ ਸਤਿਗੁਰਾਂ ਨੇ ਪਹਿਲੀ ਦੋਸਤੀ 'ਵੇਈਂ' ਨਾਲ ਪਾਈ ਹੈ ਅਤੇ 'ਵੇਈਂ' ਦਿਨ ਪ੍ਰਤੀ ਦਿਨ ਪਾਵਨਤਾ ਦੀ ਸਿਖਰ ਨੂੰ ਪਹੁੰਚਦੀ ਰਹੀ। ਵੇਈਂ ਦਾ ਜਲ ਅੰਮ੍ਰਿਤ ਬਣ ਗਿਆ। ਵੇਈਂ ਸੱਚਖੰਡ ਦਾ ਦਵਾਰ ਹੈ, ਪਰ ਸਰਕਾਰ ਅਤੇ ਜਨ ਸਾਧਾਰਨ ਦੀ ਅਣਗਹਿਲੀ ਦੇ ਕਾਰਣ ਵੇਈਂ ਪ੍ਰਦੂਸ਼ਨ ਦਾ ਸ਼ਿਕਾਰ ਹੋ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨਨ੍ਯ ਸਿੱਖ ਸ੍ਰੀਮਾਨ ਸੰਤ ਬਲਬੀਰ ਸਿੰਘ ਜੀ ਵੇਈਂ ਨੂੰ ਵੇਖ ਕੇ ਕਸ਼ੋਭ ਨਾਲ ਰੁਧਾ ਕੰਠ ਹੋ ਗਏ। ਜਿਸ ਵੇਈਂ

---

੧. *ਸ੍ਰੀਮਾਨ ਸੰਤ ਬਲਬੀਰ ਸਿੰਘ ਜੀ ਦੇ ਗੁਰੂਦੇਵ ਸ੍ਰੀਮਾਨ ਸੰਤ ਅਵਤਾਰ ਸਿੰਘ ਜੀ ਦਾ ਜਨਮ ਮਾਤਾ ਗੁਰਦਿਆਲ ਕੌਰ, ਪਿਤਾ ਸ੍ਰੀ ਦੁਰਗਾ ਦਾਸ ਜੀ ਦੇ ਘਰ ਪਿੰਡ ਕਾਉਂਕੇ ਕਲ੍ਹਾਂ ਜ਼ਿਲਾ ਮੋਗਾ ਵਿਖੇ ੧੦ ਫੱਗਣ ਦਿਨ ਐਤਵਾਰ ਸੰਨ ੧੯੫੩ ਈ: ਨੂੰ ਹੋਇਆ। ਆਪ ਜੀ ਬਚਪਨ ਵਿਚ ਹੀ ਸੰਤ ਬਣ ਕੇ ਹਰਿਦਵਾਰ ਚਲੇ ਗਏ। ਨਿਰਮਲ ਪੰਚਾਇਤੀ ਅਖਾੜਾ ਕਨਖਲ ਵਿਖੇ ਸੇਵਾ ਸਿਮਰਨ ਕਰਦੇ ਹੋਏ ਵਿਦਿਆ ਪੜ੍ਹਦੇ ਰਹੇ। ਇਕ ਵਾਰ ਸੀਚੇਵਾਲ ਦੀ ਸੰਗਤ ਨੇ ਹਰਿਦਵਾਰ ਜਾ ਕੇ ਸ੍ਰੀ ਮਹੰਤ ਸ੍ਵਾਮੀ ਸੁੱਚਾ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਸੀਚੇਵਾਲ ਦੀ ਨਿਰਮਲ ਕੁਟੀਆ ਦੀ ਸੇਵਾ ਸੰਭਾਲ ਲਈ ਕੋਈ ਸੰਤ ਦਿਉ। ਪੂਜਯ ਸ੍ਰੀ ਮਹੰਤ ਜੀ ਨੇ ਹਰ ਤਰ੍ਹਾਂ ਯੋਗ ਸਮਝਕੇ ਸੰਤ ਅਵਤਾਰ ਸਿੰਘ ਜੀ ਨੂੰ ਸੀਚੇਵਾਲ ਜਾਣ ਦੀ ਆਗਿਆ ਕੀਤੀ ਅਤੇ ਨਾਲ ਹੀ ਫਰਮਾਇਆ' 'ਇਸ ਕੁਟੀਆ ਦੇ ਜੀਰਨ ਉਧਾਰ ਦਾ ਸਮਾਂ ਆ ਗਿਆ ਹੈ, ਜਾਓ! ਗੁਰੂ ਨਾਨਕ ਦੇਵ ਜੀ ਅੰਗ-ਸੰਗ ਹਨ। ਨਾਮ ਬਾਣੀ ਸਿੱਖੀ ਦਾ ਪ੍ਰਚਾਰ ਕਰੋ।' ਸੰਤ ਅਵਤਾਰ ਸਿੰਘ ਜੀ ੧੯੮੧ ਵਿਚ ਸੀਚੇਵਾਲ ਆ ਗਏ। ਇਲਾਕੇ ਵਿਚ ਨਾਮ ਬਾਣੀ, ਕਥਾ ਕੀਰਤਨ ਦਾ ਪ੍ਰਵਾਹ ਤੋਰਿਆ। ਨਿਰਮਲ ਕੁਟੀਆ ਦਾ ਜੀਰਨ ਉਧਾਰ ਕਰਕੇ ਦਰਸ਼ਨੀਯ ਬਣਾ ਦਿੱਤਾ। ਕੇਵਲ ੭ ਵਰਸ਼ ਸੇਵਾ ਕਰਕੇ ਸੰਤ ਬਲਬੀਰ ਜੀ ਨੂੰ ਆਪਣਾ ਉਤਰਾਧਿਕਾਰੀ ਨਿਯਤ ਕਰਕੇ (੧੪ ਜੇਠ) ੨੭ ਮਈ ੧੯੮੮ ਈ: ਨੂੰ ਬ੍ਰਹਮਲੀਨ ਹੋ ਗਏ।*

ਵਿਚ ਸਤਿਗੁਰੂ ਜੀ ਇਸ਼ਨਾਨ ਕਰਦੇ ਰਹੇ ਹੋਣ, ਵੇਈਂ ਸਿੱਖੀ ਦਾ ਮਹਾਨ ਤੀਰਥ ਹੋਵੇ ਅਤੇ ਉਸਦੀ ਇਹ ਦਸ਼ਾ ਹੋਵੇ। ਸ੍ਰੀਮਾਨ ਸੰਤ ਬਲਬੀਰ ਸਿੰਘ ਜੀ ਨੇ ਵੇਈਂ ਨੂੰ ਆਪਣਾ ਆਪ ਸਮਰਪਣ ਕਰ ਦਿੱਤਾ।

ਇਕ ਦਿਨ ਵੇਈਂ ਦੀ ਪਵਿਤ੍ਰਤਾ ਲਈ ਗੁਰਦੁਆਰਾ ਸੰਤਘਾਟ ਸੁਲਤਾਨਪੁਰ ਲੋਧੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਸੰਪੰਨ ਕਰਕੇ ਨਿਰੰਕਾਰ/ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਅਤੇ ਵੇਈਂ ਦੀ ਕਾਰ ਸੇਵਾ ਆਰੰਭ ਕਰ ਦਿੱਤੀ।

***ਸੇਵਾ ਕਰਤ ਹੋਇ ਨਿਹ ਕਾਮੀ ॥ ਤਿਸ ਕਉ ਹੋਤ ਪ੍ਰਾਪਤਿ ਸੁਆਮੀ ॥***

*(ਪੰਨਾ ੨੮੬)*

ਮਹਾਂਪੁਰਖਾਂ ਨੂੰ ਸੇਵਾ ਵਿਚ ਲਗਿਆਂ ਵੇਖਕੇ ਸੰਗਤਾਂ ਦਾ ਤਾਤਾ ਲੱਗ ਗਿਆ। ਹਜ਼ਾਰਾਂ ਗੁਰਮੁਖ ਸੇਵਾ ਵਿੱਚ ਲੱਗ ਗਏ। ੧੬੦ ਕਿਲੋਮੀਟਰ ਲੰਮੀ ਨਦੀ ਆਪਣੇ ਪੁਰਾਤਨ ਰੂਪ ਵਿਚ ਸੁਭਾਏਮਾਨ ਹੋ ਗਈ। ਮੁੜ ਅੰਮ੍ਰਿਤ ਵਰਗਾ ਸ੍ਵਛ ਜਲ ਵਹਣ ਲੱਗਾ।

ਸ੍ਰੀਮਾਨ ਸੰਤ ਬਲਬੀਰ ਸਿੰਘ ਜੀ ਦੀ ਸੇਵਾ ਵਿਸ਼ਵ ਵਿਚ ਵਿਆਖਿਆਤ ਹੋ ਗਈ। ਆਪ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਹੋ ਗਈਆਂ। ਲੋਕ ਪ੍ਰਲੋਕ ਵਿਚ ਆਪ ਜੀ ਦੀ ਸੇਵਾ ਦੇ ਡੰਕੇ ਵਜ ਗਏ। ਆਪ ਜੀ ਗੁਰੂ ਜੀ ਦੀ ਕ੍ਰਿਪਾ ਦੇ ਪਾਤ੍ਰ ਬਣ ਗਏ। ਆਪ ਜੀ ਦੀ ਇਹ ਮਹਾਨ ਸੇਵਾ ਇਤਨੀ ਪ੍ਰਸਿੱਧ ਹੋਈ ਸਰਕਾਰਾਂ ਵਿਸ਼ਮਯ ਹੋ ਗਈਆਂ। ਇੰਜਨੀਅਰਾਂ ਦੇ ਦੰਦ ਜੁੜ ਗਏ, ਸਮਾਜ ਸੇਵਕਾਂ ਨੇ ਮੂੰਹ ਵਿਚ ਉਂਗਲਾਂ ਲੈ ਲਈਆਂ, ਧਾਰਮਿਕ ਸੰਸਥਾਵਾਂ ਸੁੰਨ ਹੋ ਗਈਆਂ। ਦੇਸ਼ ਦੇ ਲੋਕ ਅਸਚਰਜਤਾ ਵਿਚ ਪੈ ਗਏ, ਸੰਗਤਾਂ ਵਿਚ ਧੰਨ ਧੰਨ ਹੋ ਗਈ, ਪਰ ਆਪ ਜੀ ਉਸਤਤਿ ਨਿੰਦਾ ਤੋਂ ਉੱਚੇ

***ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮ ਪਦ ਪਾਈ ॥***

*(ਪੰਨਾ ੨੯੨)*

ਦੇ ਕਥਨ ਅਨੁਸਾਰ ਦੇਸ਼ ਦਾ ਰਾਸ਼ਟਰਪਤੀ ਮਾਨਯੋਗ ਸ੍ਰੀ ਕਲਾਮ ਸਾਹਿਬ ਵੇਈਂ ਦੀ ਕਾਰ ਸੇਵਾ ਵੇਖਣ ਆਇਆ ਅਤੇ ਵੇਈਂ ਦਾ ਕਾਇਆ ਕਲਪ ਵੇਖ ਕੇ ਅਜਿਹਾ ਪ੍ਰਭਾਵ ਲੈ ਕੇ ਗਿਆ, ਮਹਾਂਪੁਰਖਾਂ ਦਾ ਪ੍ਰਸ਼ੰਸਕ ਬਣ ਗਿਆ। ਯੂ. ਐਨ. ਓ. ਵਿਚ ਵੀ ਪ੍ਰਸ਼ੰਸਾ ਕਰਕੇ ਵਿਸ਼ਵ ਨੂੰ ਮਹਾਂਪੁਰਖਾਂ ਤੋਂ ਪ੍ਰੇਰਨਾ ਲੈਣ ਦਾ ਸੱਦਾ ਦਿੱਤਾ।

ਸ੍ਰੀ ਮਾਨ ਸੰਤ ਬਲਬੀਰ ਸਿੰਘ ਜੀ ਨੇ ਆਪਦੇ ਤਪ-ਤੇਜ, ਸਿਮਰਨ, ਸੇਵਾ ਨਾਲ ਵਿਸ਼ਵ ਭਰ ਦੇ ਆਗੂਆਂ ਨੂੰ ਸਾਵਧਾਨ ਕੀਤਾ ਹੈ ਕਿ ਵਿਸ਼ਵ ਪ੍ਰਦੂਸ਼ਤ ਹੋ ਰਿਹਾ ਹੈ। ਪ੍ਰਕ੍ਰਿਤੀ ਦੀ ਦਾਤ ਸਾਡੇ ਜੀਵਨ ਦਾ ਆਧਾਰ ਪਵਨ, ਪਾਣੀ, ਧਰਤੀ, ਆਕਾਸ਼ ਸਭ ਪ੍ਰਦੂਸ਼ਨ ਦੇ ਘੇਰੇ ਵਿਚ ਆ ਗਏ ਹਨ। ਪ੍ਰਦੂਸ਼ਨ ਨੇ ਆਕਾਸ਼ ਗੰਧਲਾ ਕਰ ਦਿੱਤਾ ਹੈ। ਮਾਤਾ ਧਰਤ ਮਹਤ ਵੀ ਪ੍ਰਦੂਸ਼ਨ ਦੀ ਜਕੜ ਵਿਚ ਹੈ। ਵਾਯੂ ਅਸ਼ੁੱਧ ਹੋ ਚੁੱਕੀ ਹੈ। ਸ਼ੁੱਧ ਪਾਣੀ ਦੁਰਲੱਭ ਹੋ ਗਿਆ ਹੈ। ਨਦੀਆਂ ਸੁੱਕ ਰਹੀਆਂ ਹਨ ਅਤੇ ਪ੍ਰਦੂਸ਼ਨ ਦੀ ਮਾਰ ਵਿਚ ਆ ਗਈਆਂ ਹਨ। ਜਲਚਰ (ਮੱਛੀਆਂ, ਡੱਡੂ, ਕੱਛੂ ਆਦਿਕ) ਖਤਮ ਹੋ ਰਹੇ ਹਨ। ਪੰਛੀਆਂ ਦੀ ਚਹਿਚਹਾਟ ਅਤੇ ਉਡਾਰੀਆਂ, ਦੁਰਲੱਭ ਹੋ ਗਈਆਂ ਹਨ। ਪਹੁਫੁੱਟੀ ਤੋਂ ਚਿੜੀਆਂ ਦਾ ਅਲਾਪ, ਮੂਕ ਹੋ ਗਿਆ ਹੈ। ਵਿਰਛ ਸੁੱਕ ਗਏ ਹਨ। ਗੁਰਬਾਣੀ ਵਿਚ ਕਥਨ ਕੀਤਾ ਇਹ ਦ੍ਰਿਸ਼ ਕਿਥੋਂ ਮਿਲੇਗਾ।

***ਬਿਰਖੈ ਹੇਠਿ ਸਭਿ ਜੰਤ ਇਕਠੇ ॥ ਇਕਿ ਤਤੇ ਇਕਿ ਬੋਲਨਿ ਮਿਠੇ ॥***
***ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆਂ ॥***

*(ਪੰਨਾ ੧੦੧੯)*

ਮਾਇਆ ਧਾਰੀ ਵਪਾਰੀਆਂ ਦਾ ਵੀ ਪ੍ਰਦੂਸ਼ਨ ਦੇ ਫੈਲਾਉਣ ਵਿਚ ਹਿਸਾ ਹੈ। ਸਰਕਾਰਾਂ ਵੀ ਬਰੀ ਨਹੀ ਹੋ ਸਕਦੀਆਂ। ਵਿਗਿਆਨ ਦੀਆਂ ਕਾਢਾਂ ਵੀ ਪ੍ਰਦੂਸ਼ਨ ਦਾ ਕਾਰਣ ਹਨ। ਪ੍ਰਦੂਸ਼ਨ ਮਨੁੱਖਤਾ ਦਾ ਅੰਤ ਕਰਨ ਵੱਲ ਵੱਧ ਰਿਹਾ ਹੈ। ਸ੍ਰੀ ਮਾਨ ਸੰਤ ਬਲਬੀਰ ਸਿੰਘ ਜੀ ਨੇ ਦੁਖਦ ਮਨ ਨਾਲ ਕਿਹਾ ਹੈ, 'ਇਕ ਗਰੀਬ ਜੋ ਅਧ ਕਿਲੋ ਦੁੱਧ ਮੁੱਲ ਨਹੀਂ ਖਰੀਦ ਸਕਦਾ, ਉਹ ਪੀਣ ਵਾਲਾ ਪਾਣੀ ਕਿਵੇਂ ਖਰੀਦੇਗਾ ?'

ਸੰਤ ਬਲਬੀਰ ਸਿੰਘ ਜੀ ਨੇ ਆਪਣੇ ਸੁਖ ਨੂੰ ਤਿਆਗ ਕੇ '**ਪਰਉਪਕਾਰ ਨਿਤ ਚਿਤਵਤੇ ਨਾਹੀ ਕਿਛੁ ਪੋਚ ॥** *(ਪੰਨਾ ੮੧੫)* ਪਰ ਹਿਤ ਵਾਸਤੇ ਰਾਜ ਸਥਾਨ ਤੱਕ ਦਾ ਭ੍ਰਮਣ ਕਰਕੇ ਪ੍ਰਦੂਸ਼ਨ ਰੋਗ ਨੂੰ ਖਤਮ ਕਰਨ ਲਈ ਵਿਸ਼ੇਸ਼ ਕਰਕੇ ਸ਼ੁੱਧ ਪਾਣੀ ਵਾਸਤੇ, ਸਭ ਨੂੰ ਸੁਚੇਤ ਹੋਣ ਦਾ ਹੋਕਾ ਦਿੱਤਾ ਹੈ। ਆਪ ਜੀ ਦਾ ਚਾਹੁੰਦੇ ਹਨ, ਗੁਰਬਾਣੀ ਦੇ ਕਥਨ ਅਨੁਸਾਰ ਸਾਰਾ ਵਿਸ਼ਵ 'ਧਰਤ ਸੁਹਾਵੀ ਤਾਲ ਸੁਹਾਵਾ' ਬਣ ਜਾਏ। ਸੰਤ ਬਲਬੀਰ ਸਿੰਘ ਜੀ ਦੀ ਕਰਣੀ ਘਾਲਣਾ ਮਹਾਨ ਹੈ। ਨਿਰਮਲ ਭੇਖ ਨੂੰ ਆਪ ਜੀ ਦੀ ਮਹਾਨ ਘਾਲਣਾ, ਨਿਸ਼ਕਾਮ ਸੇਵਾ ਅਤੇ ਵਿਅਕਤੀਤ੍ਵ ਤੇ ਅਤਿਅੰਤ ਮਾਣ ਹੈ।

*ਮਹੰਤ ਬਲਵੰਤ ਸਿੰਘ ਸੈਕਟਰੀ*